# ਸੰਵਾਦ ਸਮੀਖਿਆ

**ਇਸੇ ਕਲਮ ਤੋਂ:-**

- ਗ਼ੈਰਹਾਜ਼ਰ ਪੈੜਾਂ ਦੀ ਕਥਾ (ਕਵਿਤਾ) 2002
- ਕਾਇਆ ਦੇ ਹਰਫ਼ (ਕਵਿਤਾ) 2006, 2017
- ਬਿਨ ਸਿਰਲੇਖ (ਕਵਿਤਾ) 2011, 2014
- ਚਿੜੀਆਂ ਦਾ ਪਿੰਡ (ਹਾਇਕੂ) 2012, 2020
- ਸਵਾਲ ਨਾ ਕਰ (ਕਵਿਤਾ) 2014
- ਸੁਪਨਿਆਂ ਦਾ ਪਿੱਛਾ ਕਰਦਿਆਂ (ਕਵਿਤਾ) 2018
- ਫੁੱਲਝੜੀ (ਬਾਲ ਕਵਿਤਾ) 2019
- ਚੁੱਪ ਦੇ ਬਹਾਨੇ (ਕਵਿਤਾ) 2020
- ਚੁੱਪ ਦਾ ਮਰਮ ਪਛਾਣੀਏ (ਵਾਰਤਕ) 2023
- ਬਹਿਰ (ਕਵਿਤਾ) 2025
- ਪਰਵਾਸ ਦੇ ਸਰੋਕਾਰ 2025

# ਸੰਵਾਦ ਸਮੀਖਿਆ

ਮਲਵਿੰਦਰ

ਸਪਤਰਿਸ਼ੀ ਪਬਲੀਕੇਸ਼ਨ

# Samvad Samikheya

by

**MALWINDER**
*A-195 Lane Number12, Guru Amardas Avenue*
*Airport raod, Amritsar-143008*
*Mob: 97795-91344*
*Email: malwinderpoet@gmail.com*

**ISBN: 978-93-7407-638-5**

**Edition: 2026**

**© Author**

Published by
**Saptrishi Publication**
Plot No. 25/6, Industrial Area, Phase-2,
Near Tribune Chowk, Chandigarh.
E-mail-: sapatrishi94@gmail.com
**Visit us at: www.saptrishipublication.com**
94638-36591, 77174-65715
*All rights reserved. No part of this book may be reproduced or transmitted in any form or by any means, electronic or mechanical, including photocopying, recording or any information storage and retrieval system, without permission in writing from the Publisher and Author*
**Printed at Saptrishi Printers**

# ਤਤਕਰਾ

**ਸੰਵਾਦ**


- ਗੁਰਦੇਵ ਚੌਹਾਨ ਨਾਲ ਮੁਲਾਕਾਤ 7
- ਲਿਖਣ ਨੇ ਮੈਨੂੰ ਅੰਤਰ-ਰਾਸ਼ਟਰੀ ਪਛਾਣ ਦਿੱਤੀ ਪ੍ਰੋ. ਕੁਲਬੀਰ ਸਿੰਘ 20
- ਮੈਂ ਆਪਣੀਆਂ ਕਹਾਣੀਆਂ ਵਿੱਚ ਬਾਲਪਨ ਦੇ ਮਨ ਦੀਆਂ ਗੁੰਝਲਾਂ ਨੂੰ ਫੜਨ ਦੀ ਕੋਸ਼ਿਸ਼ ਕਰਦਾਂ- ਦੀਪ ਦਵਿੰਦਰ ਸਿੰਘ 43
- ਚੰਗਾ ਪਾਠਕ ਹੀ ਚੰਗਾ ਲੇਖਕ ਬਣਨ ਦੀ ਸਮਰੱਥਾ ਰੱਖਦਾ ਹੈ: ਨਿਰਮਲ ਅਰਪਨ 56
- ਸ਼ਬਦ ਦੀ ਬ੍ਰਹਿਮੰਡਤਾ ਨੂੰ ਸਾਕਾਰ ਕਰਦੀ ਕਵਿਤਰੀ ਸੁਰਜੀਤ (ਟੋਰਾਂਟੋ) 65
- ਡਾ. ਰਵਿੰਦਰ ਨਾਲ ਮੁਲਾਕਾਤ 90
- ਰੂ-ਬ-ਰੂ: ਅਰਤਿੰਦਰ ਸੰਧੂ 103
- ਕਵਿਤਾ ਮੇਰੀ ਰੂਹ ਦੀ ਤ੍ਰਿਪਤੀ ਹੈ: ਦਿਓਲ ਪਰਮਜੀਤ 121
- ਰੂਬਰੂ: ਪ੍ਰਭਜੋਤ ਕੌਰ ਸੰਧੂ 127


**ਸਮੀਖਿਆ**


- 'ਮੱਕੀ ਦਾ ਗੀਤ' ਵਾਲੇ ਗੁਰਦੇਵ ਚੌਹਾਨ ਦਾ ਕਲਮੀ ਗੁਲਾਬ 136
- ਮੀਡੀਆ ਆਲੋਚਕ ਪ੍ਰੋ. ਕੁਲਬੀਰ ਸਿੰਘ ਦੀ ਆਤਮ-ਕਥਾ ਪੜ੍ਹਦਿਆਂ 142
- ਸ਼ਮੀਲ ਰਚਿਤ ਧੂਫ਼ ਦੀ ਖ਼ੁਸ਼ਬੋ 'ਚ ਰਚੀ ਕਵਿਤਾ ਦਾ ਜਲੌਅ 149
- ਅਣ-ਫਿਰਿਆ ਮੱਕਾ ਵਿਚ ਰਮਿਆਂ ਉਂਕਾਰਪ੍ਰੀਤ 157
- ਅਮਰਜੀਤ ਕੌਰ ਪੰਛੀ ਦੀ ਪਰਵਾਜ਼ ਦਾ ਅੰਬਰ 162
- ਕੁਲਵਿੰਦਰ ਖਹਿਰਾ ਦੇ ਫ਼ਿਕਰ ਦੀ ਸ਼ਾਇਰੀ 'ਹਨੇਰੇ ਦੀ ਤਲ਼ੀ 'ਤੇ' 166
- ਮਲੂਕ ਸਿੰਘ ਦੀ ਗੁਹਾਰ: ਕੂਕ ਫ਼ਕੀਰਾ ਕੂਕ ਤੂੰ... 169
- ਸੁਖਿੰਦਰ: ਜੰਗਬਾਜ਼ਾਂ ਦੇ ਖਿਲਾਫ਼ 172
- ਚੁਣੌਤੀ-ਪੂਰਨ ਸਮਿਆਂ ਅੰਦਰ ਅੰਗੜਾਈ ਲੈਂਦੀ ਪ੍ਰੋ. ਕਵਲਜੀਤ ਮਹਿਰੋਕ ਦੀ ਕਵਿਤਾ: ਟਰਨਿੰਗ ਪੁਆਇੰਟ 176
- ਰਮਿੰਦਰ ਰਮੀ (ਰੰਮੀ) ਕਾਵਿ ਨੂੰ ਪੜ੍ਹਦਿਆਂ 181
- ਸੁਰਜੀਤ ਦੀ ਕਵਿਤਾ ਦੇ ਸੰਗ-ਸਾਥ 'ਚ 186
- ਅਰਤਿੰਦਰ ਦੇ 'ਘਰ ਘਰ ਤੇ ਘਰ' ਵਿਚ ਘਰ ਦੀ ਤਲਾਸ਼ 193

- ਗਲੋਬਲੀ ਸਰੋਕਾਰਾਂ ਦੀ ਬਾਤ ਪਾਉਂਦਾ ਸੁਰਜੀਤ ਦਾ ਕਹਾਣੀ ਸੰਗ੍ਰਹਿ 'ਪਾਰਲੇ ਪੁਲ਼' 197
- ਪੱਤੇ ਤੇ ਪ੍ਰਛਾਵੇਂ: (ਚੌਹਾਨ ਤੋਂ ਬਰੈਂਪਟਨ) ਪੜ੍ਹਦਿਆਂ 202
- ਡਾ. ਸੁਖਦੇਵ ਸਿੰਘ ਝੰਡ ਦੇ ਸਫ਼ਰਨਾਮੇ 'ਪੁਰਖ਼ਿਆ ਦਾ ਦੇਸ' ਸੰਗ ਸਫ਼ਰ ਕਰਦਿਆਂ 208
- ਡਾ. ਰਵਿੰਦਰ ਦੀ ਕਵਿਤਾ ਦਾ ਅਗਲਾ ਪੜਾਅ 'ਅੰਦਰ ਖੁੱਲ੍ਹਦੀ ਖਿੜਕੀ' 212
- ਜੰਗਲ ਦੀ ਵਕਾਲਤ ਕਰਦੀ ਬਲਵਿੰਦਰ ਸੰਧੂ ਦੀ ਮਧੂਕਰੀ 214
- ਮਹੀਨ ਸੂਝ ਦੀ ਸ਼ਾਇਰੀ: ਤੀਲਾ-ਤੀਲਾ, ਧਾਗਾ-ਧਾਗਾ: ਬਲਵਿੰਦਰ ਸੰਧੂ 217
- ਬਿਰਹਾ ਕੱਤਦੀ ਰਿਸ਼ਮ ਪਰਮਜੀਤ ਦਿਓਲ ਦਾ ਕਾਵਿ 220

# ਗੁਰਦੇਵ ਚੌਹਾਨ ਨਾਲ ਮੁਲਾਕਾਤ

**ਮੁਲਾਕਾਤੀ ਮਲਵਿੰਦਰ**

*ਕਵਿਤਾ ਕਿਸੇ ਪਰਿਭਾਸ਼ਾ ਵਿੱਚ ਨਹੀਂ ਬੰਨ੍ਹੀ ਜਾ ਸਕਦੀ। ਹਰ ਕਵਿਤਾ ਉਸ ਦੀ ਰਚਣ ਪ੍ਰਕਿਰਿਆ ਤੋਂ ਅੱਡ ਕਰਕੇ ਨਹੀਂ ਵੇਖੀ ਜਾ ਸਕਦੀ: **ਗੁਰਦੇਵ ਚੌਹਾਨ***

ਦਸ ਅਗਸਤ ਉਨੀਂ ਸੌ ਇਕਤਾਲੀ ਨੂੰ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਕੁਕੜਾਂ ਵਿੱਚ ਜਨਮੇਂ ਗੁਰਦੇਵ ਚੌਹਾਨ ਅੱਜ-ਕੱਲ੍ਹ ਕੈਨੇਡਾ ਦੇ ਸ਼ਹਿਰ ਬਰੈਂਪਟਨ ਵਿੱਚ ਵੱਸਦੇ ਹਨ। ਚੌਹਾਨ ਪੰਜਾਬੀ ਦਾ ਉਹ ਸ਼ਾਇਰ ਹੈ ਜਿਸ ਨੇ ਬਹੁਤ ਸਾਰਾ ਵਿਦੇਸ਼ੀ ਸਾਹਿਤ ਪੜ੍ਹਿਆ ਹੈ ਤੇ ਪੜ੍ਹ ਰਿਹਾ ਹੈ। ਗੁਰਦੇਵ ਬਹੁ-ਵਿਧਾਵੀ ਲੇਖਕ ਹੈ। ਅੰਗਰੇਜ਼ੀ ਵਿੱਚ ਅਨੁਵਾਦ ਵੀ ਕੀਤੇ ਹਨ। ਡਾ. ਹਰਿਭਜਨ ਸਿੰਘ ਨੇ ਗੁਰਦੇਵ ਚੌਹਾਨ ਨੂੰ ਲਿਖਤ ਕਾਵਿ ਦੇ ਯੁੱਗ ਦਾ ਪ੍ਰਮਾਣਿਕ ਹਸਤਾਖ਼ਰ ਕਿਹਾ ਸੀ। ਗੁਰਬਚਨ ਦਾ ਕਹਿਣਾ ਹੈ ਕਿ ਗੁਰਦੇਵ ਚੌਹਾਨ ਕਵਿਤਾ ਨੂੰ ਕਵੀਆਂ ਵਾਂਗ ਲਿਖਦਾ ਹੈ। ਖ਼ੁਦ ਗੁਰਦੇਵ ਦਾ ਕਹਿਣਾ ਹੈ ਕਿ ਮੈਂ ਨਜ਼ਮ ਲਿਖਦਾ ਨਹੀਂ ਉਗਾਉਂਦਾ ਹਾਂ। ਉਸ ਲਈ ਨਜ਼ਮ ਬਾਗ਼ ਵਿਚੋਂ ਧੁੰਦ ਵਾਂਗ ਨਿਕਲ਼ਦੀ ਹੈ ਅਤੇ ਹਰਿਆਵਲ ਉੱਤੇ ਸੰਝ ਵਾਂਗ ਫੈਲਦੀ ਹੈ। ਕਵਿਤਾ, ਕਾਵਿਕਤਾ, ਭਾਸ਼ਾ ਅਤੇ ਸਾਹਿਤ ਬਾਰੇ ਹੋਰ ਕੀ ਕੁਝ ਕਹਿੰਦਾ ਹੈ ਗੁਰਦੇਵ ਚੌਹਾਨ, ਜਾਣਨ ਲਈ ਉਸ ਨਾਲ ਗੱਲਾਂ ਕਰਦੇ ਹਾਂ:

**ਮਲਵਿੰਦਰ:** **ਗੁਰਦੇਵ ਜੀ, ਦਹਾਕੇ ਬੀਤ ਗਏ ਹਨ ਤੁਹਾਨੂੰ ਕਵਿਤਾ ਲਿਖਦਿਆਂ, ਪੜ੍ਹਦਿਆਂ। ਪਹਿਲਾ ਸਵਾਲ ਇਹੋ ਕਰਦੇ ਹਾਂ ਕਿ ਕਵਿਤਾ ਕੀ ਹੈ** ?

**ਗੁਰਦੇਵ:** ਮੇਰੀ ਸਮਝ ਵਿੱਚ ਕਵਿਤਾ ਕਿਸੇ ਇੱਕ ਪਰਿਭਾਸ਼ਾ ਵਿੱਚ ਨਹੀਂ ਬੰਨ੍ਹੀ ਜਾਣੀ ਚਾਹੀਦੀ ਅਤੇ ਨਾ ਹੀ ਬੰਨ੍ਹੀ ਜਾ ਸਕਦੀ। ਜੇਕਰ ਕੋਈ ਇਸ ਨੂੰ ਇਕਹਿਰੀ ਪਰਿਭਾਸ਼ਾ ਅਨੁਸਾਰ ਵੇਖਦਾ ਅਤੇ ਰਚਦਾ ਹੈ ਤਾਂ ਉਹ ਅਸਲੀ ਕਵਿਤਾ ਤੋਂ ਅਣਭਿਜ ਹੈ। ਹਰ ਕਵਿਤਾ ਆਪਣੀ ਨਵੀਂ ਰਚਨਾ ਸ਼ੈਲੀ ਸਿਰਜਦੀ ਹੈ। ਕਵਿਤਾ ਆਪਣਾ ਮੁਹਾਂਦਰਾ ਆਪਣੇ ਨਾਲ਼ ਲੈ ਕੇ ਆਉਂਦੀ ਹੈ ਅਤੇ ਹਰ ਕਵਿਤਾ ਉਸ ਦੀ ਰਚਣ ਪ੍ਰਕਿਰਿਆ ਤੋਂ ਅੱਡ ਕਰਕੇ ਨਹੀਂ ਵੇਖੀ ਜਾ ਸਕਦੀ। ਹਾਂ, ਇਹ ਜ਼ਰੂਰ ਕਿਹਾ ਜਾ ਸਕਦਾ ਹੈ ਕਿ ਕਵਿਤਾ ਮਨ ਦੀ ਸੋਚ ਨਾਲ਼ੋਂ ਦਿਲ ਜਾਂ ਅਨੁਭਵ ਦਾ ਵੱਧ ਪੱਖ ਰੱਖਦੀ ਹੈ। ਮੂਲ ਰੂਪ ਵਿੱਚ ਇਹ ਸ਼ਬਦਾਂ ਨੂੰ ਮਾਧਿਅਮ ਨਾਲੋਂ ਮੰਤਵ ਦੇ ਤੌਰ

'ਤੇ ਵੇਖਣ ਅਤੇ ਵਰਤੋਂ ਦਾ ਰੁਝੇਵਾਂ ਹੈ ਅਤੇ ਸ਼ਬਦਾਂ ਤੋਂ ਪਾਰ ਦੀ ਪੁਲਾਂਘ ਦੇ ਆਲਮ ਦਾ ਸਿਰਜਣ ਹੈ।

**ਮਲਵਿੰਦਰ:** **ਬਹੁਤ ਖ਼ੂਬ ਜੀ। ਕਵਿਤਾ ਦੀ ਬਿਲਕੁਲ ਸੱਜਰੀ ਪਰਿਭਾਸ਼ਾ। ਕਵਿਤਾ ਦੀ ਗੱਲ ਹੋ ਗਈ। ਕਵਿਤਾ ਦੇ ਪ੍ਰਸੰਗ ਵਿੱਚ ਹੀ ਇੱਕ ਸਵਾਲ ਹੈ ਕਿ ਕਾਵਿਕਤਾ ਕੀ ਹੈ** ?

**ਗੁਰਦੇਵ:** ਕਾਵਿਕਤਾ ਇੱਕ ਬੰਨੇ ਤਾਂ ਕਵਿਤਾ ਦੀ ਲੈਅ ਜਾਂ ਤਾਲ ਬੱਧਤਾ ਅਤੇ ਤੁਕਾਂਤ ਭਾਵ ਸੰਗੀਤਕ ਤੱਤ ਦਾ ਹੋਣਾ ਹੈ, ਦੂਜਾ ਕਾਵਿਕਤਾ ਦਾ ਬਹੁਤਾ ਗੁਣ ਇਸ ਦੇ ਅਰਥਾਂ ਦੀ ਡੂੰਘਾਈ ਮਿਥਦੀ ਹੈ ਅਤੇ ਇਸੇ ਵਿੱਚ ਹੈ। ਕਲਪਨਾ ਉਡਾਰੀ, ਪ੍ਰਤੀਕਾਤਮਿਕਤਾ, ਸੰਕੇਤਕਤਾ, ਮੁਹਾਵਰਾ-ਪ੍ਰਯੋਗ ਅਤੇ ਬਿੰਬ ਵਿਧਾਨ ਰਾਹੀਂ ਹੀ ਅਕਸਰ ਇਸ ਦਾ ਉਦਗਮ ਹੁੰਦਾ ਹੈ। ਕਾਵਿਕਤਾ ਦੇ ਹੋਰ ਉਚੇਰੇ ਮਾਪਦੰਡ ਹਨ: ਸਵੈ ਦੀ ਅੰਤਰ ਯਾਤਰਾ, ਚੀਜ਼ਾਂ ਵਸਤਾਂ ਦੀ ਅੰਤਰ ਆਤਮਾ ਵਿੱਚ ਉੱਤਰ ਜਾਣ ਦਾ ਅਮਲ ਅਤੇ ਸਭਿਆਚਾਰਕ ਜੜ੍ਹਾਂ ਨਾਲ ਡੂੰਘਾ ਸੁਮੇਲ। ਤੱਥਾਂ, ਤੱਤਾਂ, ਵਾਰਦਾਤਾਂ, ਵਿਵਰਣਾ, ਭਾਵਾਂ, ਵਿਚਾਰਾਂ, ਫ਼ਿਕਰਾਂ, ਜ਼ਿਕਰਾਂ, ਦਰਦਾਂ, ਉਦਰੇਵਿਆਂ, ਘਾਟਾਂ, ਵਿਰੋਧਾਂ, ਦਵੰਧਾਂ, ਸੁਮੇਲਾਂ, ਪਿਆਰ-ਛਿਣਾਂ, ਵਲਵਲਿਆਂ, ਵਿਛੋੜਿਆਂ, ਬਿਰਹੜਿਆਂ, ਯਾਦਾਂ ਦੀ ਪਕੜ ਦੇ ਅਹਿਸਾਸਾਂ ਦਾ ਲਿਖਤੀ ਰਚਨਾਤਮਿਕ ਪ੍ਰਤੀਕਰਮ। ਮੂਲ ਰੂਪ ਵਿੱਚ ਕਾਵਿਕਤਾ ਜ਼ਿੰਦਗੀ ਦੀ ਇਕੱਲਤਾ, ਇੱਕ ਦੂਜੇ ਨਾਲ ਸਹਾਨੁਭੂਤੀ, ਦੂਸਰੇ ਵਿੱਚ ਸਵੈ ਦੀ ਸਹਾਨੁਭੂਤੀ, ਦੂਸਰੇ ਦੀ ਸਵੈ ਦੀ ਪੜ੍ਹਤ ਅਤੇ ਪਹਿਚਾਣ ਦਾ ਅਮਲ ਅਤੇ ਆਲਮ ਹੈ।

**ਮਲਵਿੰਦਰ:** **ਮੈਨੂੰ ਲੱਗਦਾ ਕਾਵਿਕਤਾ ਦੀ ਇਸ ਨਾਲੋਂ ਸਟੀਕ ਵਿਆਖਿਆ ਨਹੀਂ ਹੋ ਸਕਦੀ। ਹੁਣ ਕਵਿਤਾ ਦੇ ਪ੍ਰਸੰਗ ਵਿੱਚ ਚਲਦੀ ਚਰਚਾ ਦੀ ਗੱਲ ਕਰੀਏ ਤਾਂ ਕੁਝ ਲੋਕ ਖੁੱਲ੍ਹੀ ਕਵਿਤਾ ਨੂੰ ਕਵਿਤਾ ਨਹੀਂ ਮੰਨਦੇ। ਕੁਝ ਛੰਦ-ਬੱਧ ਕਵਿਤਾ ਨੂੰ ਤੁਕਬੰਦੀ ਕਹਿ ਕੇ ਛੁਟਿਆਉਂਦੇ ਹਨ। ਤੁਸੀਂ ਇਸ ਬਾਰੇ ਕੀ ਕਹਿਣਾ ਚਾਹੁੰਦੇ ਹੋ** ?

**ਗੁਰਦੇਵ:** ਇਹ ਠੀਕ ਹੈ ਕਿ ਪ੍ਰਾਚੀਨ ਕਾਲ ਤੋਂ ਹਰ ਧਾਰਮਿਕ ਗ੍ਰੰਥ, ਮਹਾਂ-ਕਾਵਿ, ਚਕਿਤਸਕ, ਵਿਗਿਆਨਕ ਅਤੇ ਵਿਚਾਰਧਾਰਕ ਕ੍ਰਿਤਾਂ ਜਿਹੜੀਆਂ ਜ਼ੁਬਾਨੀ ਉਚਾਰੀਆਂ ਜਾਂਦੀਆਂ ਸਨ ਜਾਂ ਪੇੜਾਂ ਦੇ ਪੰਨਿਆਂ ਅਤੇ ਚਟਾਨਾਂ 'ਤੇ ਲਿਖੀਆਂ ਜਾਂ ਉਕਰੀਆਂ ਜਾਂਦੀਆਂ ਸਨ ਉਹ ਅਕਸਰ ਛੰਦਾਬੰਦੀ ਵਿੱਚ ਰਚੀਆਂ ਜਾਂਦੀਆਂ ਸਨ ਤਾਂ ਕਿ

ਅਸਾਨੀ ਨਾਲ ਜ਼ੁਬਾਨੀ ਕੰਠ ਕੀਤੀਆਂ ਜਾ ਸਕਣ। ਉਹ ਮੌਖਿਕ ਸਭਿਆਚਾਰ ਦੇ ਦਿਨ ਸਨ। ਹੁਣ ਅਸੀਂ ਲਿਖਤੀ ਭਾਵ ਅਖ਼ਬਾਰ, ਕਿਤਾਬ, ਆਡੀਉ ਕਿਤਾਬ, ਇੰਟਰਨੈੱਟ ਅਤੇ ਡਿਜੀਟਲ ਸਭਿਆਚਾਰ ਦੇ ਯੁੱਗ ਵਿੱਚ ਹਾਂ। ਸੋ ਹੁਣ ਕੇਵਲ ਕਵਿਤਾ ਹੀ ਛੰਦਾਬੰਦੀ ਵਿੱਚ ਲਿਖੀ ਜਾਂਦੀ ਹੈ ਭਾਵੇਂ ਇਹ ਕਵਿਤਾ ਦੇ ਕਿਸੇ ਵੀ ਰੂਪ ਵਿੱਚ ਹੋਵੇ, ਜਿਵੇਂ ਕਿੱਸੇ, ਮਹਾਂ-ਕਾਵਿ, ਗ਼ਜ਼ਲ਼, ਕਾਵਿ ਨਾਟਕ, ਨਾਵਲ ਆਦਿ। ਇਹ ਵੱਖਰੀ ਗੱਲ ਹੈ ਕਿ ਗ਼ਜ਼ਲ ਕਈ ਬਹਿਰਾਂ ਵਿੱਚ ਰਚੀ ਜਾਂਦੀ ਹੈ। ਇਸ ਤਰ੍ਹਾਂ ਕਵਿਤਾ ਵੀ ਦੋਹਰਿਆਂ, ਬੈਂਤਾਂ, ਕੋਟੜਾ ਛੰਦਾਂ, ਟੱਪਿਆਂ ਆਦਿ ਵਿੱਚ ਲਿਖਣ ਦਾ ਰਿਵਾਜ ਹੈ। ਪਰ ਛੰਦਬੰਦੀ ਤੋਂ ਬਗੈਰ ਵੀ ਵਜ਼ਨ ਜਾਂ ਤੋਲ-ਤੁਕਾਂਤ ਦਾ ਸਰੋਦੀ ਗੁਣ ਖੁੱਲ੍ਹੀ ਕਵਿਤਾ ਵਿੱਚ ਪੈਦਾ ਕੀਤਾ ਜਾ ਸਕਦਾ ਹੈ ਅਤੇ ਇਹ ਅਕਸਰ ਹੁੰਦਾ ਹੈ ਜਾਂ ਪੈਦਾ ਕੀਤਾ ਜਾਂਦਾ ਹੈ। ਸੋ ਨਾ ਤਾਂ ਛੰਦਾਬੰਦੀ ਵਾਲੀ ਕਵਿਤਾ ਨੂੰ ਨਿਰੀ ਤੁਕਬੰਦੀ ਦੀ ਸੰਗਿਆ ਦਿੱਤੀ ਜਾ ਸਕਦੀ ਹੈ ਅਤੇ ਨਾ ਹੀ ਖੁੱਲ੍ਹੀ ਕਵਿਤਾ ਨੂੰ ਅਕਵਿਤਾ ਕਹਿਣਾ ਠੀਕ ਹੈ। ਅਸਲ ਕਸੌਟੀ ਤਾਂ ਕਵਿਤਾ ਵਿੱਚ ਕਵਿਤਾ ਦੇ ਗੁਣਾਂ ਦਾ ਹੋਣਾ ਹੀ ਹੈ, ਭਾਵੇਂ ਇਹ ਖੁੱਲ੍ਹੀ ਹੋਵੇ ਜਾਂ ਛੰਦ-ਬੱਧ। ਪਰ ਖੁੱਲ੍ਹੀ ਕਵਿਤਾ ਇੱਕ ਹੋਰ ਤਰ੍ਹਾਂ ਵੀ ਮਹੱਤਵਪੂਰਨ ਹੈ। ਇਹ ਵਾਰਤਕੀ ਬਿਰਤਾਂਤ ਨੂੰ ਬਹੁਤ ਵਾਰ ਨਵੀਂ ਸਤਰ ਵੰਡ ਦੇ ਕੇ ਇੱਕ ਵੱਖਰੀ ਤਰ੍ਹਾਂ ਦਾ ਰੰਗ ਬੰਨ੍ਹ ਸਕਣ ਦੇ ਯੋਗ ਹੁੰਦੀ ਹੈ। ਕਈ ਵਾਰ ਕਵੀ ਖ਼ਾਲੀ ਸਪੇਸ ਨੂੰ ਭਰਨ ਲਈ ਪਾਠਕ ਲਈ ਛੱਡ ਦਿੰਦਾ ਹੈ ਅਤੇ ਇਸ ਤਰ੍ਹਾਂ ਕੁਝ ਅਣਕਿਹਾ ਵੀ ਪਾਠ ਦਾ ਭਾਗ ਬਣ ਜਾਂਦਾ ਹੈ। ਇਹ ਜਾਦੂਈ ਕ੍ਰਿਸ਼ਮਾ ਕੇਵਲ ਖੁੱਲ੍ਹੀ ਕਵਿਤਾ ਹੀ ਕਰ ਸਕਦੀ ਹੈ। ਸੋ ਜ਼ਾਹਰ ਹੈ ਕਿ ਅੱਜਕੱਲ੍ਹ ਸਾਰੇ ਵਿਸ਼ਵ ਵਿੱਚ ਖੁੱਲ੍ਹੀ ਕਵਿਤਾ ਲਿਖਣ ਦਾ ਦੌਰ ਹੈ ਅਤੇ ਅਜਿਹੀ ਕਵਿਤਾ ਨੂੰ ਅਕਸਰ ਨੋਬਲ ਇਨਾਮ ਵੀ ਦਿੱਤੇ ਜਾਂਦੇ ਹਨ। ਪਿਛਲੇ ਸਾਲ ਅਮਰੀਕੀ ਕਵੀ ਲੂਈਸ ਗਲੱਕ ਨੂੰ ਮਿਲਿਆ ਸੀ।

ਮਲਵਿੰਦਰ: **ਤੁਸੀਂ ਕੈਨੇਡਾ ਤੋਂ ਅੰਗਰੇਜ਼ੀ ਵਿੱਚ 'ਸਾਊਥ ਏਸ਼ੀਅਨ ਅਨਸਾਂਬਲ' ਪਰਚੇ ਦੀ ਸੰਪਾਦਨਾ ਕਰਦੇ ਰਹੇ ਹੋ। ਕੁਝ ਹਿੰਦੀ ਅਤੇ ਪੰਜਾਬੀ ਕਵਿਤਾਵਾਂ ਦੇ ਅੰਗਰੇਜ਼ੀ ਅਨੁਵਾਦ ਵੀ ਕੀਤੇ ਹਨ। ਅੰਗਰੇਜ਼ੀ ਵਿੱਚ ਬਹੁਤ ਸਾਰਾ ਸਾਹਿਤ ਵੀ ਪੜ੍ਹਿਆ ਹੈ ਅਤੇ ਨਿਰੰਤਰ ਪੜ੍ਹ ਰਹੇ ਹੋ। ਇਸ ਦਾ ਤੁਹਾਡੀ ਸਿਰਜਣਾ ਉੱਪਰ ਕਿਹੋ ਜਿਹਾ ਅਤੇ ਕਿੰਨਾ ਕੁ ਅਸਰ ਪਿਆ** ?

**ਗੁਰਦੇਵ:** ਚੰਗਾ ਲਿਖਣ ਲਈ ਚੰਗਾ ਤੇ ਵੱਖਰਾ ਪੜ੍ਹਨਾ ਬਹੁਤ ਜ਼ਰੂਰੀ ਹੈ। ਮੈਂ ਪੂਰਾ ਕਿਤਾਬੀ ਕੀੜਾ ਹਾਂ। ਮੇਰੇ ਦੋਸਤਾਂ ਵਿਚੋਂ ਸਿਰਫ ਪ੍ਰੋ. ਰਾਜੇਸ਼ ਸ਼ਰਮਾ, ਗੁਰਦਿਆਲ ਬੱਲ ਅਤੇ ਧਰਮਜੀਤ ਸਿੰਘ ਆਦਿ ਕੁਝ ਲੋਕ ਹੀ ਇਸ ਨਸਲ ਵਿਚੋਂ ਹਨ। ਭਾਵੇਂ ਮੈਂ ਅਧਿਕਤਰ ਫਿਲਾਸਫ਼ੀ, ਪਾਰ-ਮਾਰਕਸਵਾਦ ਅਤੇ ਆਧੁਨਿਕ ਆਲੋਚਨਾ ਪ੍ਰਣਾਲੀ ਬਾਰੇ ਅਧਿਕਤਰ ਪੜ੍ਹਿਆ ਹੈ, ਪਰ ਕਵਿਤਾ ਅਤੇ ਕੁਝ ਹੱਦ ਤੱਕ ਨਾਵਲ ਵੀ ਮੇਰੀ ਖ਼ਬਤ ਰਹੇ ਹਨ। ਖ਼ਾਸ ਕਰਕੇ ਹੈਮਿੰਗਵੇ, ਜੀ.ਐੱਮ. ਕੋਟਜੀ, ਜਾਂ ਫਿਰ ਵਿਅੰਗ ਹਾਸਰਸ ਦੇ ਲੇਖਕ ਜਿਵੇਂ ਮਿਕੇਸ਼, ਬੁਚਵਾਲਡ, ਮਾਰਕ ਟਵੈਨ, ਜੇਰੋਮ ਕੇ ਜੇਰੋਮ, ਸਟੀਫਨ ਲਿਕੋਕ ਆਦਿ। ਜਿਥੋਂ ਤੀਕ ਕਵਿਤਾ ਦਾ ਸਬੰਧ ਹੈ, ਮੈਂ ਵਿਸ਼ਵ ਕਵਿਤਾ ਦਾ ਚਹੇਤਾ ਪਾਠਕ ਰਿਹਾ ਹਾਂ। ਕਵਿਤਾ ਦੀਆਂ ਬਹੁਤ ਸਾਰੀਆਂ ਕਿਤਾਬਾਂ ਮੇਰੀ ਨਿੱਜੀ ਲਾਇਬ੍ਰੇਰੀ ਦਾ ਸ਼ਿੰਗਾਰ ਹਨ। ਹਰ ਕਵੀ ਆਪਣੇ ਪਸੰਦੀਦਾ ਕਵੀਆਂ ਕੋਲੋਂ ਸਿੱਖਦਾ ਹੈ। ਸਾਹਿਤ ਅੰਤਰ-ਪਾਠਕੀ ਸੁਭਾਅ ਰੱਖਦਾ ਹੈ। ਮੇਰੀ ਕਵਿਤਾ ਉੱਪਰ ਵੀ ਬਹੁ-ਪ੍ਰਕਾਰੀ ਪ੍ਰਭਾਵ ਹਨ। ਬਹੁਤ ਸਾਰੇ ਅਣਜਾਣੇ ਪ੍ਰਭਾਵ ਵੀ ਹੋ ਸਕਦੇ ਹਨ। ਆਧੁਨਿਕ ਪ੍ਰਭਾਵਾਂ ਵਿੱਚ ਐਡਮ ਜਗਕੇਵਸਕੀ, ਮੇਅਰੀ ਔਲੀਵਰ, ਪਾਬਲੋ ਨਰੂਦਾ, ਮੇਰੀਨਾ ਤਸਤਾਯੇਵਾ, ਯਵਤੂਸ਼ੰਕੂ, ਰੌਬਰਟ ਫਰੌਸਟ, ਆਦਿ ਨੂੰ ਮੰਨਦਾ ਹਾਂ। ਹਿੰਦੀ ਕਵੀ ਕਿਦਾਰਨਾਥ ਸਿੰਘ ਮੇਰਾ ਚਹੇਤਾ ਕਵੀ ਹੈ। ਪਰ ਮੇਰੀ ਕਵਿਤਾ ਸਿੱਧੇ ਤੌਰ 'ਤੇ ਕਿਸੇ ਕਵੀ ਅਤੇ ਕਿਸੇ ਕਵੀ ਦੀ ਕਵਿਤਾ ਤੋਂ ਪ੍ਰਭਾਵਿਤ ਹੋਈ ਹੋਵੇ, ਇਹ ਮੈਂ ਨਹੀਂ ਮੰਨਦਾ। ਮੈਂ ਹਰ ਕਵਿਤਾ ਆਪਣੇ ਅੰਦਰ ਬਹਿ ਅਤੇ ਲਹਿ ਕੇ ਲਿਖੀ ਹੈ।

**ਮਲਵਿੰਦਰ:** **ਤੁਸੀਂ ਆਪਣੀਆਂ ਲਿਖਤਾਂ ਵਿੱਚ ਅਕਸਰ ਦੂਜੀਆਂ ਭਾਸ਼ਾਵਾਂ ਦੇ ਲੇਖਕਾਂ, ਦਾਰਸ਼ਨਿਕਾਂ, ਵਿਦਵਾਨਾਂ ਦੇ ਹਵਾਲੇ ਦਿੰਦੇ ਹੋ। ਕੀ ਭਾਰਤੀ ਦਰਸ਼ਨ ਅਤੇ ਭਾਰਤੀ ਮਿਥਿਹਾਸ ਵਿੱਚ ਅਜਿਹੀ ਗਹਿਰਾਈ ਨਹੀਂ ਮਿਲਦੀ ਜਿਨ੍ਹਾਂ ਦਾ ਹਵਾਲਾ ਦਿੱਤਾ ਜਾ ਸਕੇ** ?

**ਗੁਰਦੇਵ:** ਮੈਂ ਬਹੁਤਾ ਪੱਛਮੀ ਸਾਹਿਤ ਹੀ ਪੜ੍ਹਿਆ ਹੈ। ਸੋ ਬਹੁਤੇ ਹਵਾਲੇ ਵੀ ਉਧਰੋਂ ਆਉਣੇ ਸਨ। ਪਰ ਮੈਂ ਬਹੁਤ ਸਾਰੇ ਵਾਰਤਕੀ ਨਿਬੰਧਾਂ ਵਿੱਚ ਕਾਲੀਦਾਸ, ਜੈ ਦੇਵ, ਟੈਗੋਰ, ਨਾਗਾਰਜੁਨ, ਬੁੱਧ, ਰੂਮੀ, ਗੁਰੂ ਨਾਨਕ ਦੇਵ, ਬੁੱਲ੍ਹੇ ਸ਼ਾਹ ਆਦਿ ਦੇ ਹਵਾਲੇ ਵੀ ਗਾਹੇ-ਬਗਾਹੇ ਦਿੱਤੇ ਹਨ। ਆਪਣੀ ਜਵਾਨੀ ਵਿੱਚ ਮੈਂ ਜੈ ਦੇਵ ਦੀ

ਸਾਰੀ ਪੁਸਤਕ 'ਗੀਤ ਗੋਬਿੰਦਾ' ਦਾ ਪੰਜਾਬੀ ਵਿੱਚ ਅਨੁਵਾਦ ਕੀਤਾ ਸੀ। ਮਹਾਤਮਾ ਬੁੱਧ ਦੇ ਜੀਵਨ ਫ਼ਲਸਫੇ ਬਾਰੇ ਤਾਂ ਮੈਂ ਪੂਰੀ ਕਿਤਾਬ ਲਿਖੀ ਹੈ।

**ਮਲਵਿੰਦਰ: ਖੁੱਲ੍ਹੀ ਕਵਿਤਾ ਦੇ ਪ੍ਰਸੰਗ ਵਿੱਚ ਅਕਸਰ ਇਹ ਕਿਹਾ ਜਾਂਦਾ ਹੈ ਕਿ ਕਵਿਤਾ ਲਿਖਦਿਆਂ ਕਵੀ ਨਵੀਂ ਭਾਸ਼ਾ ਵੀ ਸਿਰਜ ਰਿਹਾ ਹੁੰਦਾ ਹੈ। ਇਹ ਗੱਲ ਵਿਸਥਾਰ ਨਾਲ ਤੁਸੀਂ ਪਾਠਕਾਂ ਨੂੰ ਕਿੰਝ ਸਮਝਾਉਗੇ** ?

**ਗੁਰਦੇਵ:** ਨਵੀਂ ਭਾਸ਼ਾ ਦਾ ਅਸਲ ਭਾਵ ਭਾਸ਼ਾ ਦੇ ਚਲੰਤ ਮੁਹਾਵਰੇ ਜਾਂ ਸ਼ਬਦਾਂ ਅਤੇ ਵਾਕਾਂ ਦੀ ਰਵਾਇਤੀ ਤੋਰ ਅਤੇ ਵਰਤੋਂ ਨੂੰ ਬਦਲਣ ਤੋਂ ਹੈ। ਜਿਵੇਂ ਮੇਰੀ ਕਵਿਤਾ 'ਛਿਲਤਰ' ਦੇ ਵਿਚਕਾਰੇ ਅੰਸ਼ ਵਿੱਚ ਮੈਂ ਆਖਦਾ ਹਾਂ:

*ਛਿਲਤਰ ਸਿਰਫ ਸਹੀ ਜਾ ਸਕਦੀ ਹੈ*
*ਸਿਰਫ ਜੀਵੀ ਜਾ ਸਕਦੀ ਹੈ*
*ਇਹ ਛੂਹੀ ਵੀ ਨਹੀਂ ਜਾ ਸਕਦੀ*
*ਪਿਆਰ ਵਾਂਗ, ਨਦੀ ਵਿੱਚ ਉੱਤਰਦੀਆਂ ਤ੍ਰਕਾਲਾਂ ਵਾਂਗ*
*ਸਿਰਫ ਮਹਿਸੂਸ ਕੀਤੀ ਜਾ ਸਕਦੀ ਹੈ*

ਹੁਣ ਇਸ ਵਿੱਚ ਪਿਆਰ ਦੀ ਅਨੁਭੂਤੀ ਨੂੰ 'ਨਦੀ ਵਿੱਚ ਉੱਤਰਦੀਆਂ ਤ੍ਰਕਾਲਾਂ ਵਾਂਗ ਮਹਿਸੂਸ ਕਰਨ' ਦੀ ਸੰਗਿਆ ਦੇਣੀ ਭਾਸ਼ਾ ਦੀ ਚਲੰਤ ਤੋਰ ਨੂੰ ਵੱਖਰੇ ਰਾਹ 'ਤੇ ਤੋਰਨਾ ਅਤੇ ਇਸ ਜੁਗਤ ਨੂੰ ਅਗਰਭੂਮਿਤ ਕਰਨਾ ਹੈ ਜਿਹੜਾ ਨਵੀਂ ਭਾਸ਼ਾ ਸਿਰਜਣ ਜਿਹਾ ਆਭਾਸ ਦਿੰਦਾ ਹੈ। ਹਰ ਕਵਿਤਾ ਵਿੱਚ ਕੁਝ ਨਾ ਕੁਝ ਅਜਿਹਾ ਹੁੰਦਾ ਹੈ ਜਾਂ ਅਣਜਾਣੇ ਉਸ ਵਿੱਚ ਅਜਿਹੇ ਉੱਦਮ ਦੀ ਝਲਕ ਆ ਜਾਂਦੀ ਹੈ।

**ਮਲਵਿੰਦਰ: ਤੁਸੀਂ ਵਾਰਤਕ ਵੀ ਲਿਖੀ ਹੈ ਅਤੇ ਵਧੀਆ ਲਿਖੀ ਹੈ। ਕਵੀ ਦਾ ਵਾਰਤਕ ਵੱਲ ਜਾਣਾ ਕੀ ਕਵਿਤਾ ਦੀ ਕੋਈ ਸੀਮਾ ਹੈ ਜਾਂ ਕਵੀ ਦੀ ਸਿਰਜਣਾ ਦਾ ਹੀ ਕੋਈ ਅਗਲਾ ਪੜਾਅ** ?

**ਗੁਰਦੇਵ:** ਮੈਨੂੰ ਵਾਰਤਕ ਕਵਿਤਾ ਦਾ ਹੀ ਇੱਕ ਹੋਰ ਦਿਸ਼ਾਵਾਰ ਪੜਾਅ ਜਾਪਦਾ ਹੈ। ਇਸ ਵਿੱਚ ਕਵੀ ਆਪਣੇ ਭਾਵਾਂ, ਖ਼ਿਆਲਾਂ ਅਤੇ ਵਿਵਰਣ ਨੂੰ ਵੱਧ ਵਿਸਤਾਰ ਦੇ ਸਕਦਾ ਹੈ। ਮਿਸਾਲ ਲਈ ਸੁਰਜੀਤ ਪਾਤਰ ਦੀ ਵਾਰਤਕ ਦੀ ਪੁਸਤਕ 'ਸੂਰਜ ਮੰਡਲ ਦੀਆਂ ਪੌੜੀਆਂ' ਦੀ ਵਾਰਤਕ ਉਸ ਦੀ ਕਵਿਤਾ ਦੀ ਹੀ ਸਕੀ

ਭੈਣ ਲੱਗਦੀ ਹੈ। ਮੇਰੀ ਵਾਰਤਕ ਪੁਸਤਕ 'ਆਸ ਪਾਸ' ਬਾਰੇ ਵੀ ਤੁਸੀਂ ਅਤੇ ਕਈ ਹੋਰ ਤੁਹਾਡੇ ਜਿਹੇ ਪਾਠਕ ਅਕਸਰ ਇਹੀ ਆਖਦੇ ਹਨ।

**ਮਲਵਿੰਦਰ:** **'ਚਸ਼ਮਦੀਦ; ਤੁਹਾਡੀ ਵਾਰਤਕ ਦੀ ਪੁਸਤਕ ਹੈ ਜਿਸ ਵਿੱਚ ਕੁਝ ਨਾਮੀ ਲੇਖਕਾਂ ਬਾਰੇ ਵਿਸਥਾਰਤ ਲਿਖਤਾਂ ਹਨ। ਇਹ ਸ਼ਬਦ-ਚਿੱਤਰ ਤੁਸੀਂ ਉਨ੍ਹਾਂ ਦੀਆਂ ਲਿਖਤਾਂ ਪੜ੍ਹ ਕੇ ਲਿਖੇ ਹਨ ਜਾਂ ਉਨ੍ਹਾਂ ਸੰਗ ਹੰਢਾਈ ਨੇੜਤਾ ਕਰਕੇ** ?

**ਗੁਰਦੇਵ:** ਉਹਨਾਂ ਲੇਖਾਂ ਵਿੱਚ ਸਿਰਫ ਇੱਕ ਹੀ ਅਜਿਹਾ ਲੇਖਕ ਹੈ ਜਿਸ ਨਾਲ ਮੈਂ ਕਦੇ ਮਿਲ ਬੈਠਿਆ ਨਹੀਂ। ਸ਼ਿਵ ਕੁਮਾਰ, ਅੰਮ੍ਰਿਤਾ ਪ੍ਰੀਤਮ, ਨਵਤੇਜ ਭਾਰਤੀ, ਅਜਮੇਰ ਰੋਡੇ, ਸੁਖਪਾਲ, ਭੂਸ਼ਨ, ਗੁਰਬਚਨ, ਸ਼ਿਵ ਸਿੰਘ, ਅਮਿਤੋਜ਼, ਸਰੋਦ ਸੁਦੀਪ, ਅਮਰ ਗਿਰੀ, ਕਸ਼ਮੀਰ ਪੰਨੂੰ, ਹਰਭਜਨ ਹਲਵਾਰਵੀ, ਹਰਜੀਤ, ਰਾਮ ਸਰੂਪ ਅਣਖੀ, ਮੋਹਨ ਭੰਡਾਰੀ, ਦੇਵ ਭਾਰਦਵਾਜ ਆਦਿ ਸਾਰੇ ਮੇਰੇ ਜਾਣੇ ਪਹਿਚਾਣੇ ਰਹਿਬਰ ਸਨ ਜਾਂ ਦੋਸਤ ਜਾਂ ਦੋਵੇਂ। ਇਹਨਾਂ ਸਾਰਿਆਂ ਨਾਲ ਮੈਂ ਡੂੰਘੀ ਨੇੜਤਾ ਹੰਢਾਈ ਹੈ।

**ਮਲਵਿੰਦਰ:** **ਤੁਹਾਡੀਆਂ ਕਵਿਤਾ ਦੀਆਂ ਕਿਤਾਬਾਂ ਦੇ ਨਾਂ ਕੁਝ ਵਿਲੱਖਣ ਹਨ। ਕੀ ਨਾਵਾਂ ਦਾ ਵੀ ਕੋਈ ਰਹੱਸ ਹੁੰਦਾ ਹੈ** ?

**ਗੁਰਦੇਵ:** ਜ਼ਰੂਰ। ਮਿਸਾਲ ਲਈ 'ਦਿੱਭ ਦੇ ਸਿੱਟੇ' ਮੇਰੇ ਪਿੰਡ ਬਾਰੇ ਮੇਰੀਆਂ ਕਵਿਤਾਵਾਂ ਹਨ। ਅਸੀਂ ਦੀਵਾਲੀ ਨੂੰ ਜੰਗਲ ਵਿੱਚ ਉੱਗਦੀ ਦਿੱਭ ਦੇ ਬਾਜਰੇ ਵਰਗੇ ਸਿੱਟਿਆਂ ਨੂੰ ਦੀਵਾਲੀ ਤੋਂ ਕਈ ਦਿਨ ਪਹਿਲਾਂ ਸਰ੍ਹੋਂ ਦੇ ਤੇਲ ਵਿੱਚ ਭਿਗੋ ਦਿੰਦੇ ਸਾਂ। ਦੀਵਾਲੀ ਤੀਕ ਉਹ ਮਸ਼ਾਲ ਵਾਂਗ ਕਾਫ਼ੀ ਦੇਰ ਬਲਣਯੋਗ ਹੋ ਜਾਂਦੇ ਸਨ। ਸੋ ਇਹ ਨਾਂ ਉਥੋਂ ਆਇਆ। 'ਨਿੱਕੀਆਂ ਬੇੜੀਆਂ, ਨਿੱਕੇ ਚੱਪੂ' ਮੇਰੀਆਂ ਬਹੁਤ ਨਿੱਕੀਆਂ ਕਵਿਤਾਵਾਂ ਤੋਂ ਆਇਆ ਜਿਹੜੀਆਂ ਇਸ ਕਿਤਾਬ ਦੇ ਅੰਤਲੇ ਹਿੱਸੇ ਵਿੱਚ ਹਨ। ਮਿਸਾਲ ਲਈ ਮੇਰੀ ਇੱਕ ਕਵਿਤਾ ਕੇਵਲ ਇੱਕ ਲਾਈਨ ਦੀ ਹੀ ਸੀ, 'ਗਿੱਲੀਆਂ ਅੱਖਾਂ ਨਾਲ਼ ਤੂੰ ਬਹੁਤ ਦੂਰ ਤੱਕ ਨਹੀਂ ਵੇਖ ਸਕੇਂਗੀ'। ਸਪਤਕ ਮੈਂ ਅਗੇਅ ਦੀ ਹਿੰਦੀ ਕਾਵਿ–ਪੁਸਤਕ 'ਤਾਰ ਸਪਤਕ' ਤੋਂ ਚੁਰਾ ਲਿਆ। 'ਮੱਕੀ ਦਾ ਗੀਤ' ਪੁਸਤਕ ਦਾ ਨਾਂ ਇਸ ਪੁਸਤਕ ਦੀਆਂ ਦੋ ਵੱਡੀਆਂ ਕਵਿਤਾਵਾਂ ਕਾਰਨ ਹੋਂਦ ਵਿੱਚ ਆਇਆ। 'ਅਕਸਮਾਤ' ਦੀਆਂ ਕਵਿਤਾਵਾਂ

ਸੱਚੀਮੁੱਚੀ ਅਚਨਚੇਤ ਅਵਸਥਾ ਵਿੱਚ ਲਿਖੀਆਂ ਗਈਆਂ ਸਨ। ਬਗੈਰ ਕਿਸੇ ਤਰੱਦਦ ਅਤੇ ਪੂਰਵ ਅਗ੍ਰਹਿ ਦੇ, ਇਹ ਸਾਰੀਆਂ ਇੱਕ ਤਰ੍ਹਾਂ ਦੀ ਸਹਿਜਤਾ ਦੇ ਰੰਗ ਵਿੱਚ ਭਿੱਜੀਆਂ ਹਨ।

**ਮਲਵਿੰਦਰ:** **ਤੁਸੀਂ ਉਮਰ ਦੇ ਅੱਠ ਦਹਾਕੇ ਹੰਢਾ ਲਏ ਹਨ। ਸਾਹਿਤ ਸਿਰਜਣਾ ਨਾਲ ਸਬੰਧਤ ਤੁਸੀਂ ਬਹੁਤ ਕੰਮ ਕੀਤਾ ਹੈ। ਇਸ ਕੰਮ ਦੇ ਬਦਲੇ ਤੁਹਾਨੂੰ ਕੀ ਮਿਲਿਆ** ? **ਕੀ ਇਸ ਮਿਲੇ ਤੋਂ ਤੁਸੀਂ ਸੰਤੁਸ਼ਟ ਹੋ** ?

**ਗੁਰਦੇਵ:** ਮੇਰਾ ਹਾਸਲ ਇਨਾਮ ਨਹੀਂ ਤੁਹਾਡੇ ਵਰਗੇ ਮੇਰੇ ਕਵੀ ਮਿੱਤਰ ਹਨ ਜਿਹਨਾਂ ਵਿੱਚ ਅੰਮ੍ਰਿਤਾ ਪ੍ਰੀਤਮ ਤੋਂ ਲੈ ਕੇ ਨਵਤੇਜ ਭਾਰਤੀ, ਅਜਮੇਰ ਰੋਡੇ, ਨੀਰੂ ਅਸੀਮ, ਮਨਮੋਹਨ, ਸੁਖਪਾਲ, ਸੁਰਜੀਤ, ਜਸਪਾਲ ਸਿੰਘ, ਹਰਜੀਤ ਅਟਵਾਲ, ਸਿੱਧੂ ਦਮਦਮੀ ਅਤੇ ਗੁੱਲ ਚੌਹਾਨ ਆਦਿ ਲੇਖਕ ਆਉਂਦੇ ਹਨ। ਕਈ ਹੋਰਨਾਂ ਭਾਸ਼ਾਵਾਂ ਦੇ ਕਵੀ ਅਤੇ ਵਿਦਵਾਨ ਵੀ ਜਿਹਨਾਂ ਵਿੱਚ ਰਾਜੇਸ਼ ਸ਼ਰਮਾ, ਸਵਰਾਜ ਪਾਲ, ਧਰਮਜੀਤ ਸਿੰਘ, ਨਿਲੋਪਤਪਲ, ਨਿਰੂਪਮਾ ਦੱਤ ਅਤੇ ਕਈ ਵਿਦੇਸ਼ੀ ਲੇਖਕ ਸ਼ੌਨਾ ਸਿੰਘ ਬਾਲਵਿਨ, ਪਰਸਿਲਾ, ਸਾਸੇਨਾਰੀਨ, ਜੌਨ ਸਦੀਕ, ਜੌਨ ਬਰੈਂਡੀ, ਅੰਗਰੇਜ਼ੀ ਨਾਵਲਿਸਟ ਜਸਪ੍ਰੀਤ ਸਿੰਘ, ਰੌਜ਼ਾਲੀਆ ਸਕਾਲੀਆ, ਜ਼ੁਬੈਰ ਅਹਿਮਦ ਆਦਿ ਸ਼ਾਮਲ ਹਨ।

**ਮਲਵਿੰਦਰ:** **ਤੁਹਾਡੇ ਸਨਮਾਨਾਂ ਦੀ ਸੂਚੀ ਤਾਂ ਬੜੀ ਲੰਮੀ ਹੈ। ਹੁਣ ਥੋੜ੍ਹੀ ਚਰਚਾ ਕੈਨੇਡਾ ਵਿਚਲੀਆਂ ਸਾਹਿਤਕ ਸਰਗਰਮੀਆਂ ਬਾਰੇ ਕਰਦੇ ਹਾਂ। ਇਹ ਸਰਗਰਮੀਆਂ ਅਤੇ ਪੰਜਾਬ ਵਿਚਲੀਆਂ ਸਾਹਿਤਕ ਸਰਗਰਮੀਆਂ ਵਿੱਚ ਕੀ ਸਾਂਝ ਜਾਂ ਵੱਖਰਤਾ ਹੈ** ?

**ਗੁਰਦੇਵ:** ਇਥੇ ਦੇ ਪੰਜਾਬੀ ਸਾਹਿਤਕਾਰ ਵੀ ਉਹੀ ਹਨ ਜਿਹੜੇ ਪੰਜਾਬ ਤੋਂ ਕੁਝ ਵਰ੍ਹੇ ਪਹਿਲਾਂ ਆਏ ਸਨ। ਸੁਭਾਵਕ ਹੀ ਉਹ ਆਪਣੇ ਨਾਲ ਪੰਜਾਬ ਦੇ ਸੰਸਕਾਰ, ਆਦਤਾਂ, ਸੁਭਾ ਅਤੇ ਹੋਰ ਸਭ ਕੁਝ ਲੈ ਕੇ ਆਏ ਹਨ। ਸੋ ਬਹੁਤਾ ਫ਼ਰਕ ਨਹੀਂ ਹੈ। ਹਾਂ, ਇਹ ਗੱਲ ਵੱਖਰੀ ਹੈ ਕਿ ਇਥੇ ਅਧਿਕਤਰ ਸਾਹਿਤਕ ਇਕੱਤਰਤਾਵਾਂ ਗਰਮੀਆਂ ਜਾਂ ਵੀਕਐਂਡ 'ਤੇ ਹੀ ਹੁੰਦੀਆਂ ਹਨ ਅਤੇ ਅਕਸਰ ਸੀਮਤ ਸਮੇਂ ਲਈ ਹੀ ਚੱਲਦੀਆਂ ਹਨ ਕਿਉਂਕਿ ਇਥੇ ਮੀਟਿੰਗ ਰੂਮਾਂ ਦਾ ਕਿਰਾਇਆ ਦੇਣਾ ਪੈਂਦਾ ਹੈ। ਉਸ ਥਾਂ ਨੂੰ ਵਕਤ ਸਿਰ ਖ਼ਾਲੀ ਕਰਨਾ ਪੈਂਦਾ ਹੈ। ਸੋ ਇਥੇ ਫ਼ਜ਼ੂਲ ਵਕਤ ਨਹੀਂ ਗੁਆਇਆ ਜਾਂਦਾ ਅਤੇ ਕੰਮ ਦੀ ਗੱਲ ਹੀ ਹੁੰਦੀ ਹੈ ਅਤੇ ਉਹ ਵੀ ਮਿਥਵੇਂ ਸਮੇਂ ਵਿੱਚ ਸਮੇਟਣੀ ਪੈਂਦੀ ਹੈ।

**ਮਲਵਿੰਦਰ:** **ਤੁਹਾਡੀ ਅੰਗਰੇਜ਼ੀ ਵਿੱਚ ਕੋਈ ਮੌਲਿਕ ਰਚਨਾ ਵੀ ਹੈ ? ਜੇਕਰ ਨਹੀਂ ਤਾਂ ਕਿਉਂ ਨਹੀਂ ?**

**ਗੁਰਦੇਵ:** ਮੈਂ ਬਹੁਤ ਸਾਰੀਆਂ ਕਵਿਤਾਵਾਂ ਮੂਲ ਰੂਪ ਵਿੱਚ ਅੰਗਰੇਜ਼ੀ ਵਿੱਚ ਲਿਖੀਆਂ ਹਨ। ਕੁਝ ਲੇਖ ਅਤੇ ਕਲਾਕਾਰਾਂ ਨਾਲ਼ ਮੁਲਾਕਾਤਾਂ ਅਤੇ ਪੁਸਤਕ ਰੀਵਿਊ ਵੀ ਜਿਹੜੇ ਸਾਡੇ ਮੈਗਜ਼ੀਨ 'ਸਾਊਥ ਏਸ਼ੀਅਨ ਅਨਸਾਂਬਲ' ਵਿੱਚ ਛਪੇ ਹਨ। ਪਰ ਮੈਂ ਅਨੁਵਾਦ ਦਾ ਕੰਮ ਬਹੁਤ ਕੀਤਾ ਹੈ। ਅੰਮ੍ਰਿਤਾ ਪ੍ਰੀਤਮ ਦੀ ਹਿੰਦੀ ਪੁਸਤਕ ਦਾ ਅਨੁਵਾਦ ਜਿਹੜਾ 'ਲਾਈਫ਼ ਐਂਡ ਪੋਇਟਰੀ ਆਫ਼ ਸਾਰਾ ਸ਼ਗੁਫ਼ਤਾ' ਦੇ ਨਾਂ ਹੇਠ ਛਪੀ ਹੈ। 'ਸੱਗ ਆਫ਼ ਮੇਜ਼' ਮੇਰੀਆਂ ਪੰਜਾਬੀ ਕਵਿਤਾਵਾਂ ਦੀ ਪੁਸਤਕ ਦਾ ਨਾਂ ਹੈ ਅਤੇ ਨੀਰੂ ਅਸੀਮ ਦੀਆਂ ਕਵਿਤਾਵਾਂ ਦੇ ਅੰਗਰੇਜ਼ੀ ਅਨੁਵਾਦ ਦੀ ਪੂਰੀ ਕਿਤਾਬ ਵੀ ਜਿਹੜੀ 'ਇਫ਼' ਨਾਂ ਹੇਠ ਪ੍ਰਕਾਸ਼ਤ ਹੋਈ ਹੈ। ਕੁਝ ਪੁਸਤਕਾਂ ਸੰਪਾਦ ਵੀ ਕੀਤੀਆਂ ਹਨ।

**ਮਲਵਿੰਦਰ:** **ਵੱਡਾ ਕੰਮ ਹੈ ਤੁਹਾਡਾ ਅੰਗਰੇਜ਼ੀ ਵਿੱਚ ਵੀ। ਅੱਛਾ ਇੱਕ ਗੱਲ ਦੱਸੋ ਦੁਨੀਆਂ ਦੇ ਕੁਝ ਪਾਪੂਲਰ ਕਵੀ ਬਹੁਤ ਛੋਟੀ ਉਮਰ ਵਿੱਚ ਹੀ ਰੁਖ਼ਸਤ ਹੋ ਗਏ। ਉਹਨਾਂ ਦੀਆਂ ਲਿਖਤਾਂ ਦੀ ਅੱਜ ਵੀ ਚਰਚਾ ਹੁੰਦੀ ਹੈ। ਕਾਹਦੀ ਕਾਹਲੀ ਪਈ ਉਹਨਾਂ ਨੂੰ ਜਲਦੀ ਜਾਣ ਦੀ ? ਕੀ ਕਾਰਨ ਸਮਝਦੇ ਹੋ ਤੁਸੀਂ।**

**ਗੁਰਦੇਵ:** ਪੱਛਮ ਵਿੱਚ ਪੌਣ-ਪਾਣੀ ਵੱਖਰਾ ਹੈ। ਅੰਤਾਂ ਦੀ ਸਰਦੀ ਹੈ। ਪਹਿਲੀਆਂ ਸਦੀਆਂ ਵਿੱਚ ਲੱਕੜ ਜਾਂ ਕੋਲ਼ੇ ਦੀਆਂ ਭੱਠੀਆਂ ਨਾਲ਼ ਕਮਰੇ ਗਰਮ ਕੀਤੇ ਜਾਂਦੇ ਸਨ। ਧੂੰਏਂ ਅਤੇ ਧੁੰਦ ਦਾ ਸੁਮੇਲ ਹਵਾ ਨੂੰ ਗੰਧਲਾ ਕਰ ਦਿੰਦਾ ਸੀ ਜਿਸ ਨਾਲ ਸਾਹ ਆਦਿ ਦੀ ਬਿਮਾਰੀ ਆਮ ਸੀ ਅਤੇ ਟੀਬੀ ਦੀ ਵੀ। ਅਜਿਹੀਆਂ ਜਾਨ ਲੇਵਾ ਬਿਮਾਰੀਆਂ ਨਾਲ ਜੂਝਦੇ ਲੇਖਿਕਾਂ ਵਿੱਚ ਥੋੜ੍ਹੇ ਸਮੇਂ ਵਾਲੀ ਜਿੰਦਗੀ ਨੂੰ ਭਰਪੂਰਤਾ ਨਾਲ ਜੀਣ ਦੀ ਸ਼ਿੱਦਤ ਪੈਦਾ ਹੋ ਜਾਂਦੀ ਸੀ ਜਿਸ ਦੀ ਊਰਜਾ ਵਿਚੋਂ ਜਾਨਦਾਰ ਸਾਹਿਤ ਦੀ ਰਚਨਾ ਪੈਦਾ ਹੁੰਦੀ ਸੀ। ਕੀਟਸ, ਸ਼ੈਲੇ, ਐਮਲੀ ਬਰੌਂਟੇ, ਰੂਪਰਟ ਬਰੱਕ, ਸਲੇਵੀਆ ਪਲੈਥ, ਮਾਇਕੋਵਸਕੀ ਆਦਿ ਅਜਿਹੀ ਸ਼੍ਰੇਣੀ ਵਿੱਚ ਆਉਂਦੇ ਹਨ। ਦੂਸਰਾ ਸਾਹਿਤ ਦੇ ਪਾਠਕਾਂ ਦੀ ਗਿਣਤੀ ਵੱਧ ਹੋਣ ਕਾਰਨ ਪੁਸਤਕਾਂ ਦਾ ਲੱਖਾਂ ਦੀ ਗਿਣਤੀ ਵਿੱਚ ਪ੍ਰਕਾਸ਼ਤ ਹੋਣਾ ਅਤੇ ਇਸ ਤਰ੍ਹਾਂ ਦੀ ਚਕਾਚੌਂਧ ਵਾਲੀ ਪ੍ਰਸਿਧੀ ਵੀ ਚਰਚਾ ਦਾ ਕਾਰਨ ਬਣੀ ਹੈ।

**ਮਲਵਿੰਦਰ: ਖੁੱਲ੍ਹੀ ਕਵਿਤਾ ਵਿੱਚ ਸੰਚਾਰ ਦੀ ਸਮੱਸਿਆ ਦਾ ਚਰਚਾ ਹੁੰਦਾ ਹੈ। ਇਹ ਸਮੱਸਿਆ ਕਿਨ੍ਹਾਂ ਲੋਕਾਂ ਲਈ ਸਮੱਸਿਆ ਹੈ ?ਇਸ ਸਮੱਸਿਆ ਬਾਰੇ ਤੁਸੀਂ ਕੀ ਕਹਿਣਾ ਚਾਹੋਗੇ ?**

**ਗੁਰਦੇਵ:** ਅਸਲ ਵਿੱਚ ਖੁੱਲ੍ਹੀ ਕਵਿਤਾ ਵਿੱਚ ਸੰਚਾਰ ਦੀ ਸਮੱਸਿਆ ਇਸ ਲਈ ਹੁੰਦੀ ਹੈ ਕਿ ਇਸ ਵਿੱਚ ਗ਼ਜ਼ਲ ਅਤੇ ਸਾਹਿਤ ਦੇ ਹੋਰ ਰੂਪਾਂ ਦੇ ਮੁਕਾਬਲੇ ਅਜਿਹੀ ਕਵਿਤਾ ਦੀ ਮੁੱਖ ਪ੍ਰਵਿਰਤੀ ਅਤੇ ਸੁਭਾਅ ਸ਼ਬਦਾਂ ਨੂੰ ਵੱਧ ਭਾਰ ਚੁਕਾਉਣ ਦਾ ਹੁੰਦਾ ਹੈ। ਇਹ ਹੁੰਦਿਆਂ ਆਮ ਸੰਚਾਰ ਵਿਹਾਰ ਤੋਂ ਇਹ ਭਿੰਨਤਾ ਰੱਖਦਾ ਹੈ ਅਤੇ ਅਕਸਰ ਵਿਚਾਰ-ਸੰਘਣਤਾ ਕਾਰਨ ਗੁੰਝਲਦਾਰ ਦਾ ਪ੍ਰਭਾਵ ਦਿੰਦਾ ਹੈ। ਇਹ ਰਚਨਾਤਮਿਕ ਜਟਿਲਤਾ ਹੀ ਅਜੋਕੀ ਖੁੱਲ੍ਹੀ ਕਵਿਤਾ ਦਾ ਅਸਲ ਖਾਸਾ ਅਤੇ ਤਾਕਤ ਹੈ। ਇਹ ਕਲਪਨਾ ਅਤੇ ਸਥਿਤੀ ਵਿੱਚ ਡੂੰਘੇ ਖੁੱਭ ਜਾਣ ਤੋਂ ਪੈਦਾ ਹੋਈ ਹੁੰਦੀ ਹੈ। ਛੰਦਾਬੰਦੀ ਵਾਲੀ ਕਵਿਤਾ ਵਿੱਚ ਅਜਿਹੀ ਪੁਲਾਂਘ ਦੀ ਘੱਟ ਗੁਜਾਇਸ਼ ਰਹਿੰਦੀ ਹੈ। ਹਾਂ, ਕਿਸੇ ਖ਼ਾਸ  ਕਵੀ ਦੀਆਂ ਛੰਦਬੱਧ ਕਵਿਤਾਵਾਂ ਜਾਂ ਗ਼ਜ਼ਲਾਂ ਵਿੱਚ ਵੀ ਅਜਿਹੀ ਰਮਜ਼ ਦੀ ਝਲਕ ਬਾਖ਼ੂਬੀ ਮਿਲ ਸਕਦੀ ਹੈ। ਜਿਵੇਂ ਪੰਜਾਬੀ ਵਿੱਚ ਕਦੇ ਸ਼ਿਵ ਕੁਮਾਰ ਦੀਆਂ ਰਚਨਾਵਾਂ ਵਿੱਚ ਸੀ ਅਤੇ ਹੁਣ ਸੁਰਜੀਤ ਪਾਤਰ, ਸੁਖਵਿੰਦਰ ਅੰਮ੍ਰਿਤ ਜਾਂ ਕੁਝ ਹੋਰ ਸ਼ਾਇਰਾਂ ਦੀਆਂ ਰਚਨਾਵਾਂ ਵਿੱਚ ਮਿਲਦੀ ਹੈ।

**ਮਲਵਿੰਦਰ: ਪਿਛਲੇ ਪੰਜ ਦਹਾਕਿਆਂ ਵਿੱਚ ਸਾਡੇ ਰਹਿਣ-ਸਹਿਣ ਅਤੇ ਪ੍ਰਾਪਤ ਸੁਖ-ਸਹੂਲਤਾਂ ਵਿੱਚ ਵੱਡੀਆਂ ਤਬਦੀਲੀਆਂ ਆਈਆਂ ਹਨ। ਇਸ ਤਬਦੀਲੀ ਦਾ ਸਾਹਿਤ ਉੱਪਰ ਕਿਸ ਤਰ੍ਹਾਂ ਦਾ ਪ੍ਰਭਾਵ ਪਿਆ ਹੈ ?**

**ਗੁਰਦੇਵ:** ਇਹਨਾਂ ਸਹੂਲਤਾਂ ਨੇ ਅਯਾਸ਼ੀ, ਅਕੇਵੇਂ, ਇਕਲਾਪੇ ਅਤੇ ਥਕੇਵੇਂ ਵਾਲੇ ਸਾਹਿਤ ਦਾ ਆਲਮ ਵੱਧ ਪੈਦਾ ਕੀਤਾ ਹੈ। ਸਾਹਿਤਕ ਨਿੱਗਰਤਾ ਵਾਲਾ ਘੱਟ। ਪ੍ਰਾਪਤ ਸਥੂਲ ਯਥਾਰਥ ਦੀ ਧਰਾਤਲ ਤੋਂ ਪਾਪੂਲਰ ਜਾਂ ਭੀੜ ਦੇ ਰਿਵਾਜੀ ਅਤੇ ਸਤਹੀ ਯਥਾਰਥ ਵੱਲ ਖਿਸਕ ਜਾਣ ਦਾ। ਪਰ ਫਿਰ ਵੀ ਡਿਜੀਟਲ ਮੀਡੀਆ ਦੀ ਆਮਦ ਨੇ ਕੁਲ ਸਾਹਿਤ ਦੇ ਖੇਤਰ ਵਿੱਚ ਵਾਧਾ ਕੀਤਾ ਹੈ। ਪੰਜਾਬੀ ਵਿੱਚ ਕਿਤਾਬ-ਮੇਲਿਆਂ ਦੀ ਪਿਰਤ ਨੇ ਸਾਹਿਤ ਨੂੰ ਅਖਾੜਾ-ਨੁਮਾ ਭੀੜ-ਮੁਹਾਵਰੇ ਵਾਲੀ ਗੀਤ-ਨੁਮਾ ਸਾਹਿਤਕਾਰੀ ਤੋਂ ਨਿਜਾਤ ਦੁਆਉਣ ਦੀ ਕੋਸ਼ਿਸ਼ ਕੀਤੀ ਹੈ।

**ਮਲਵਿੰਦਰ: ਬਹੁਤ ਸਾਰੇ ਲੇਖਕ, ਕਵੀ ਅਤੇ ਹੋਰ ਬਹੁਤ ਸਾਰੇ ਮੁਲਕਾਂ ਸਮੇਤ ਇਥੇ ਕੈਨੇਡਾ ਵਿੱਚ ਵੱਸ ਗਏ ਹਨ। ਬਹੁਤ ਸਾਰੀਆਂ ਸਾਹਿਤ ਸਭਾਵਾਂ ਵੀ**

**ਹੋਂਦ ਵਿੱਚ ਆ ਗਈਆਂ ਹਨ। ਇਸ ਸਾਰੇ ਵਰਤਾਰੇ ਨੂੰ ਤੁਸੀਂ ਕਿਵੇਂ ਵੇਖਦੇ ਹੋ** ?

**ਗੁਰਦੇਵ:** ਮੇਰੇ ਖ਼ਿਆਲ ਵਿੱਚ ਇਸ ਰੁਝਾਨ ਨੇ ਪੰਜਾਬੀ ਦਾ ਘੇਰਾ ਵੱਡਾ ਕੀਤਾ ਹੈ, ਖ਼ਾਸ ਕਰਕੇ ਪੰਜਾਬੀ ਅਨੁਭਵ ਦਾ। ਨਵੇਂ ਲੋਕਾਂ, ਮੌਸਮਾਂ ਅਤੇ ਖਿੱਤਾ-ਸੁਹਜਤਾ ਦੇ ਤਜਰਬੇ ਦੇ ਵਿਸਥਾਰੀਕਰਨ ਨੇ ਪੰਜਾਬੀ ਸਾਹਿਤ ਨੂੰ ਵੱਖਰੇ ਢੰਗ ਨਾਲ ਅਮੀਰ ਕੀਤਾ ਹੈ। ਬੀਸੀ ਵਿੱਚ ਸਰੀ, ਅਨਟਾਰੀਉ ਵਿੱਚ ਬ੍ਰੈਂਪਟਨ ਅਤੇ ਅਲਬਰਟਾ ਵਿੱਚ ਐਡਮਨ ਪੰਜਾਬੀਆਂ ਦੇ ਗੜ੍ਹ ਬਣ ਗਏ ਹਨ।

**ਮਲਵਿੰਦਰ: ਪਰਵਾਸੀ ਸਾਹਿਤ ਕੀ ਹੈ** ? **ਇਹ ਬਾਕੀ ਸਾਹਿਤ ਨਾਲੋਂ ਕਿਵੇਂ ਭਿੰਨ ਹੈ** ?

**ਗੁਰਦੇਵ:** ਪਰਵਾਸੀ ਸਾਹਿਤ ਵਿੱਚ ਦੋ ਵਿਲੱਖਣ ਸੁਰ ਜਾਂ ਜ਼ਾਵੀਏ ਨਜ਼ਰ ਆਉਂਦੇ ਹਨ। ਇੱਕ ਹੈ ਪਿੱਛੇ ਰਹਿ ਗਏ ਵਤਨ ਦੇ ਵਿਗੋਚੇ, ਅਦਰੇਵੇਂ ਅਤੇ ਝੋਰੇ ਦਾ ਅਤੇ ਦੂਸਰਾ ਇਥੇ ਦੀਆਂ ਹਕੀਕਤਾਂ ਦੇ ਭੋਗ ਵਿਚੋਂ ਪੈਦਾ ਹੋਈ ਬੇਗਾਨਗੀ ਜਾਂ ਨਵੀਂ ਅਨੁਭਵੀ ਦ੍ਰਿਸ਼ਟੀ ਦਾ। ਇਹ ਦੋਵੇਂ ਰੁਝਾਨ ਕਈ ਰਚਨਾਵਾਂ ਵਿੱਚ ਰਲ਼ਗੱਡ ਹੋਏ ਵੀ ਮਿਲਦੇ ਹਨ। ਪਰ ਮੁੱਖ ਰੂਪ ਵਿੱਚ ਸਾਡਾ ਸਾਹਿਤ ਅਜੇ ਵੀ ਪੂਰੀ ਤਰ੍ਹਾਂ ਪੰਜਾਬ ਦਾ ਪਿੱਛਾ ਨਹੀਂ ਛੱਡ ਸਕਿਆ ਅਤੇ ਨਾ ਹੀ ਪਰਵਾਸ ਦੀ ਨਵੀਂ ਤਸਵੀਰ ਹੀ ਘੜ ਸਕਿਆ ਹੈ। ਹਾਂ, ਕੁਝ ਇਕਨਾ ਨੇ ਇਥੋਂ ਦੇ ਵਸਨੀਕਾਂ ਬਾਰੇ ਵੀ ਲਿਖਿਆ ਹੈ ਜਿਨ੍ਹਾਂ ਵਿੱਚ ਸਾਧੂ ਸਿੰਘ ਬਿਨਿੰਗ, ਨਦੀਮ ਪਰਮਾਰ, ਹਰਪ੍ਰੀਤ ਸੇਖਾ, ਹਰਕੀਰਤ ਕੌਰ ਚਾਹਲ, ਸੁਖਵੰਤ ਹੁੰਦਲ, ਕੁਲਜੀਤ ਮਾਨ, ਜਰਨੈਲ ਸਿੰਘ, ਵਰਿਆਮ ਸੰਧੂ, ਪ੍ਰਿੰ. ਸਰਵਣ ਸਿੰਘ, ਪਿਆਰਾ ਸਿੰਘ ਕੁਦੋਵਾਲ. ਮੰਗਾ ਬਾਸੀ, ਨਾਹਰ ਔਜਲਾ, ਬ੍ਰਜਿੰਦਰ ਗੁਲਾਟੀ, ਗੁਰਮੀਤ ਪੁਨਾਗ, ਦੀਆਂ ਕਹਾਣੀਆਂ, ਨਾਟਕ, ਨਾਵਲ, ਵਾਰਤਕ ਹਨ। ਕਵਿਤਾ ਜਾਂ ਗ਼ਜ਼ਲ ਦੇ ਖੇਤਰ ਵਿੱਚ ਅਜਮੇਰ ਰੋਡੇ, ਨਵਤੇਜ ਭਾਰਤੀ, ਰਵਿੰਦਰ ਰਵੀ, ਕ੍ਰਿਸ਼ਨ ਭਨੋਟ, ਅਮਰਜੀਤ ਸਾਥੀ, ਸੁਖਪਾਲ, ਸੁਰਜੀਤ, ਪ੍ਰਤੀਕ, ਸੁਰਿੰਦਰ ਗੀਤ, ਗੁਰਮਿੰਦਰ ਸਿੱਧੂ, ਸੁਰਿੰਦਰ ਧੰਜਲ, ਪਰਮਜੀਤ ਦਿਓਲ, ਅਮਨ ਸੀ ਸਿੰਘ, ਤਲਵਿੰਦਰ ਮੰਡ, ਬਲਰਾਜ, ਭੁਪਿੰਦਰ ਦੁਲੇ ਆਦਿ ਦੀਆਂ ਗ਼ਜ਼ਲਾਂ, ਗੀਤ, ਕਵਿਤਾਵਾਂ ਹਨ। ਇਹਨਾਂ ਲਿਖਤਾਂ ਦਾ ਮਸੌਦਾ ਅਤੇ ਵਿਸ਼ਾ-ਖੇਤਰ ਕੈਨੇਡਾ ਹੈ। ਮੇਰੀਆਂ ਕੁਝ ਕਵਿਤਾਵਾਂ ਅਤੇ ਵਾਰਤਕ ਨੂੰ ਵੀ ਸ਼ਾਮਲ ਕਰ ਸਕਦੇ ਹੋ। ਬਹੁਤ ਸਾਰੇ ਨਾਂ ਰਹਿ ਵੀ

ਗਏ ਹੋਣਗੇ। ਕੈਨੇਡਾ ਵਿਸ਼ਾਲ ਦੇਸ਼ ਹੈ। ਇਥੇ ਵੱਸਦੇ ਪੰਜਾਬੀ ਲੇਖਕਾਂ ਦੀ ਗਿਣਤੀ ਵੀ ਸੈਂਕੜਿਆਂ ਵਿੱਚ ਹੈ।

**ਮਲਵਿੰਦਰ: ਅੱਜ ਦੇ ਵਿਕਸਤ ਸਮਿਆਂ ਅੰਦਰ ਕਵਿਤਾ ਦਾ ਨਵਾਂ ਮੁਹਾਂਦਰਾ ਕਿਹੋ ਜਿਹਾ ਹੈ ਅਤੇ ਕੀ ਉਮੀਦਾਂ ਹਨ** ?

**ਗੁਰਦੇਵ:** ਕਵਿਤਾ ਮਨ ਨਾਲੋਂ ਦਿਲ ਦੇ ਅਧਿਕ ਨੇੜੇ ਹੁੰਦੀ ਹੈ, ਵਿਚਾਰ ਨਾਲੋਂ ਭਾਵ ਦੇ ਵੱਧ ਕਰੀਬ। ਇਸ ਲਈ ਸਮਾਜ ਦੇ ਵਿਕਾਸ ਨਾਲ ਇਸ ਦੀ ਤੋਰ ਅਤੇ ਮਰਮ ਵਿੱਚ ਬਹੁਤੀ ਤਬਦੀਲੀ ਨਹੀਂ ਆਉਂਦੀ। ਮਿਸਾਲ ਲਈ ਅੱਜ ਦੀ ਕਵਿਤਾ ਸ਼ੈਕਸਪੀਅਰ, ਬਾਸ਼ੋ, ਸ਼ੈਫੋ, ਕਾਲੀਦਾਸ ਅਤੇ ਰੂਮੀ ਦੀਆਂ ਕਵਿਤਾਵਾਂ ਨਾਲੋਂ ਵੱਧ ਜ਼ਹੀਨ ਅਤੇ ਡੂੰਘਾ ਸਫ਼ਰ ਨਹੀਂ ਕਰਦੀ। ਹਾਂ, ਇਹ ਵੀ ਸ਼ਾਇਦ ਹੀ ਕੋਈ ਪ੍ਰਾਚੀਨ ਕਵੀ ਟੈਗੋਰ ਜਾਂ ਪਾਬਲੋ ਨਾਰੂਦਾ ਜਿੰਨੀ ਆਧੁਨਿਕ ਅਤੇ ਪਕੜ ਵਾਲੀ ਕਵਿਤਾ ਰਚ ਸਕਿਆ ਹੋਵੇ।

**ਮਲਵਿੰਦਰ: ਸਾਹਿਤ ਵਿੱਚ ਮਿਲਦੇ ਸਨਮਾਨ ਹਮੇਸ਼ਾ ਵਿਵਾਦਾਂ ਵਿੱਚ ਘਿਰੇ ਰਹੇ ਹਨ। ਇਹ ਵਿਵਾਦ ਕਿਸੇ ਇੱਕ ਦੇਸ਼ ਜਾਂ ਭਾਸ਼ਾ ਤੀਕ ਸੀਮਤ ਨਹੀਂ ਹਨ। ਇਸ ਵਰਤਾਰੇ ਦੀ ਗੁੱਝੀ ਰਮਜ਼ ਕੀ ਹੈ** ?

**ਗੁਰਦੇਵ:** ਸਾਹਿਤਕ ਕਿਰਤਾਂ ਜਾਂ ਭਾਈਚਾਰਕ ਸੇਵਾਵਾਂ ਸਬੰਧੀ ਤਮਗੇ ਜਾਂ ਸਨਮਾਨ ਅਕਸਰ ਗੁੱਟਬੰਦੀ, ਰੁਤਬੇ ਜਾਂ ਸਿਫ਼ਾਰਸ਼ ਦਾ ਸ਼ਿਕਾਰ ਰਹੇ ਹਨ। ਪ੍ਰਤਿਭਾ ਅਕਸਰ ਅਣਗੌਲੀ ਰਹਿ ਜਾਂਦੀ ਹੈ। ਨੋਬਲ ਇਨਾਮ ਤੋਂ ਬੁੱਕਰ ਪ੍ਰਾਈਜ਼, ਸਾਹਿਤ ਅਕਾਦਮੀ ਅਵਾਰਡ, ਭਾਸ਼ਾ ਵਿਭਾਗੀ ਸਾਹਿਤ ਪੁਰਸਕਾਰ ਸਭਨਾਂ 'ਤੇ ਇਸ ਸਿਲਸਿਲੇ ਦੇ ਦੂਸ਼ਣ ਗਾਹੇ ਬਗਾਹੇ ਲਗਾਏ ਜਾਂਦੇ ਰਹੇ ਹਨ। ਮੈਂ ਇਸ ਨਿਘਾਰ ਬਾਰੇ 'ਸਾਹਿਤ ਦੇ ਆੜ੍ਹਤੀਏ' ਨਾਮਕ ਇੱਕ ਵਿਸਤ੍ਰਿਤ ਲੇਖ ਲਿਖਿਆ ਸੀ ਜਿਹੜਾ ਮੇਰੀ ਵਾਰਤਕ ਦੀ ਪੁਸਤਕ 'ਆਸ ਪਾਸ' ਵਿੱਚ ਸ਼ਾਮਿਲ ਹੈ।

**ਮਲਵਿੰਦਰ: ਡਾ. ਹਰਭਜਨ ਸਿੰਘ ਨੇ ਗੁਰਦੇਵ ਚੌਹਾਨ ਨੂੰ ਲਿਖਿਤ-ਕਾਵਿ ਦਾ ਪ੍ਰਮਾਣਿਕ ਹਸਤਾਖ਼ਰ ਕਿਹਾ ਸੀ। ਗੁਰਬਚਨ ਦਾ ਕਹਿਣਾ ਹੈ ਕਿ ਗੁਰਦੇਵ ਚੌਹਾਨ ਕਵਿਤਾ ਨੂੰ ਕਵਿਤਾ ਵਾਂਗ ਲਿਖਦਾ ਹੈ। ਤੁਸੀਂ ਕੀ ਕਹਿਣਾ ਚਾਹੋਗੇ** ?

**ਗੁਰਦੇਵ:** ਮੈਂ ਆਪਣੀ ਕਵਿਤਾ ਬਾਰੇ ਕਿਵੇਂ ਕਿਸੇ ਦੀ ਦਿੱਤੀ ਰਾਏ ਬਾਰੇ ਕੁਝ ਬੁਰਾ ਭਲਾ ਆਖਣ ਦੀ ਹਿਮਾਕਤ ਕਰ ਸਕਦਾ ਹਾਂ। ਮੈਂ ਤਾਂ ਇਹੀ ਆਖ ਸਕਦਾ ਹਾਂ ਕਿ ਹਰ ਵਾਰ ਹਰ ਕਵਿਤਾ ਮੇਰੇ ਲਈ ਚੁਣੌਤੀ

ਹੁੰਦੀ ਹੈ। ਇਹ ਵੀ ਕਿ ਹਰ ਕਵਿਤਾ ਲਿਖਣ ਬਾਅਦ ਮੇਰੀ ਨਹੀਂ ਰਹਿੰਦੀ। ਇਹ ਮੇਰੇ ਪਾਠਕਾਂ ਦੀ ਹੋ ਜਾਂਦੀ ਹੈ। ਉਹਨਾਂ ਦੀ ਹਰ ਰਾਏ ਮੇਰੇ ਸਿਰ ਮੱਥੇ।

**ਮਲਵਿੰਦਰ:** **ਤੁਸੀਂ ਸੁਹਿਰਦਤਾ ਨਾਲ ਇੱਕ ਉਮਰ ਸਾਹਿਤ ਸਿਰਜਣਾ ਦੇ ਲੇਖੇ ਲਾਈ ਹੈ। ਅੱਜ ਵੀ ਪੜ੍ਹ ਤੇ ਲਿਖ ਰਹੇ ਹੋ। ਭਵਿੱਖ ਦੀਆਂ ਕੀ ਯੋਜਨਾਵਾਂ ਹਨ** ?

**ਗੁਰਦੇਵ:** ਭਵਿੱਖ ਦੇ ਢਿੱਡ ਵਿੱਚ ਕੀ ਹੈ ? ਭਲਾ ਇਹ ਕੋਈ ਕਿਵੇਂ ਜਾਣ ਸਕਦਾ ਹੈ। ਹਾਂ ਜਿੱਥੋਂ ਤੀਕ ਯੋਜਨਾ ਬਣਾਉਣ ਦੀ ਗੱਲ ਹੈ, ਇਹ ਗੱਲ ਸਮੇਂ ਸਮੇਂ ਮੇਰੇ ਆਪਣੇ ਕਾਬੂ ਵਿੱਚ ਨਹੀਂ ਰਹਿੰਦੀ। ਹਾਂ ਹਾਲ ਵਿੱਚ ਮੇਰੀ ਇੱਕ ਕਾਵਿ-ਪੁਸਤਕ ਛਪਣ ਛਪਣ ਕਰਦੀ ਹੈ ਅਤੇ ਇੱਕ ਵਾਰਤਕ ਪੁਸਤਕ ਵੀ। ਇਸ ਤੋਂ ਇਲਾਵਾ ਕੈਨੇਡਾ ਬਾਰੇ ਹਾਸਰਸੀ ਲਹਿਜੇ ਵਿੱਚ ਰਚੀ ਇੱਕ ਹੋਰ ਕਿਤਾਬ ਵੀ ਕਮਰਕੱਸਾ ਕਰੀ ਤਿਆਰ ਬਰ ਤਿਆਰ ਬੈਠੀ ਹੈ। ਬੁੱਧ-ਦ੍ਰਿਸ਼ਟੀ ਨੂੰ ਸੋਧਣਾ ਚਾਹੁੰਦਾ ਹਾਂ। ਅੰਗਰੇਜ਼ੀ ਵਿੱਚ ਲਿਖੀਆਂ ਕਵਿਤਾਵਾਂ ਵੀ ਪੂਰੀ ਕਿਤਾਬ ਦਾ ਮਸੌਦਾ ਬਣ ਜਾਂਦੀਆਂ ਹਨ।

**ਮਲਵਿੰਦਰ:** **ਹੁਣ ਤੀਕ ਕੀਤੇ ਕੰਮ ਨੂੰ ਕਿਹੋ ਜਿਹਾ ਹੁੰਗਾਰਾ ਮਿਲਿਆ ਹੈ** ? **ਕੀ ਤੁਸੀਂ ਸੰਤੁਸ਼ਟ ਹੋ ਜਾਂ ਕੋਈ ਗਿਲਾ ਸ਼ਿਕਵਾ ਵੀ ਹੈ** ?

**ਗੁਰਦੇਵ:** ਪਾਠਕਾਂ ਦਾ ਹੁੰਗਾਰਾ ਵਾਹ ਵਾਹ ਰਿਹਾ। ਸ਼ਾਇਦ ਹੋਰ ਕੁਝ ਆਖਣਾ ਹੌਮੇ ਵਰਗੀ ਭਾਹ ਮਾਰਨ ਵਰਗਾ ਜਾਪੇਗਾ।

**ਮਲਵਿੰਦਰ:** **ਕੈਨੇਡਾ ਵਿੱਚ ਲਿਖੀ ਜਾ ਰਹੀ ਕਵਿਤਾ ਅਤੇ ਕਹਾਣੀ ਦੀਆਂ ਦੋ ਕਿਤਾਬਾਂ ਕੁਝ ਦੋਸਤਾਂ ਨੇ ਸੰਪਾਦ ਕੀਤੀਆਂ ਹਨ। ਬਰੈਂਪਟਨ ਵਿੱਚ ਹੀ ਪਿਛਲੇ ਦਿਨੀਂ ਕਵਿਤਾ ਦੀਆਂ ਅਜਿਹੀਆਂ ਦੋ ਕਿਤਾਬਾਂ ਰੀਲੀਜ਼ ਹੋਈਆਂ ਹਨ। ਜੇਕਰ ਤੁਹਾਡੀ ਨਿਗਾਹ ਵਿਚੋਂ ਗੁਜ਼ਰੀਆਂ ਹੋਣ ਤਾਂ ਤੁਹਾਡਾ ਪ੍ਰਤੀਕਰਮ ਜਾਣਨਾ ਚਾਹਾਂਗਾ।**

**ਗੁਰਦੇਵ:** ਕਵਿਤਾ ਬਾਰੇ ਸੁਰਜੀਤ ਦੀ ਸੰਪਾਦਿਤ ਕੀਤੀ ਕਿਤਾਬ 'ਲਵੈਂਡਰ' ਪੜ੍ਹੀ ਹੈ। ਇਸ ਬਾਰੇ ਮੇਰੀ ਰਾਏ ਇਹ ਹੀ ਹੈ ਕਿ ਇਸ ਦਾ ਨਾਂ ਕੁਝ ਅਟਪਟਾ ਜਿਹਾ ਲੱਗਿਆ ਹੈ। ਜਿਥੋਂ ਤੀਕ ਕਵਿਤਾਵਾਂ ਦੀ ਗੱਲ ਹੈ ਇਸ ਵਿੱਚ ਲੱਗਭੱਗ ਸਾਰੇ ਕਵੀ ਆ ਗਏ ਹਨ। ਇਹ ਸੁਰਜੀਤ ਦਾ ਹਾਸਲ ਹੈ। ਕੀ ਸਾਰਿਆਂ ਦਾ ਆਉਣਾ ਜ਼ਰੂਰੀ ਸੀ ਜਾਂ ਕੁਝ ਇੱਕ ਚੋਣਵਿਆਂ ਦੀਆਂ ਵੱਧ

ਕਵਿਤਾਵਾਂ ਦੇਣਾ ? ਇਹ ਪ੍ਰਸ਼ਨ ਮੇਰੀ ਨਿੱਜੀ ਰਾਏ ਲਈ ਵੀ ਹੈ ਅਤੇ ਸੁਰਜੀਤ ਲਈ ਵੀ।

**ਮਲਵਿੰਦਰ:** **ਪੰਜਾਬੀ ਭਾਸ਼ਾ ਬਾਰੇ, ਪੰਜਾਬੀ ਕਵਿਤਾ ਬਾਰੇ ਜਿਹੜੇ ਸ਼ੰਕੇ ਪਾਏ ਜਾ ਰਹੇ ਹਨ, ਉਹਨਾਂ ਬਾਰੇ ਵਿਆਪਕ ਪ੍ਰਸੰਗ ਵਿੱਚ ਕੀ ਕਹਿਣਾ ਚਾਹੋਗੇ** ?

**ਗੁਰਦੇਵ:** ਪੰਜਾਬੀ ਭਾਸ਼ਾ ਜਾਂ ਪੰਜਾਬੀ ਕਵਿਤਾ ਬਾਰੇ ਕੀ ਸ਼ੰਕਾ ਹੋ ਸਕਦਾ ਹੈ, ਇਹ ਮੇਰੀ ਸਮਝ ਤੋਂ ਬਾਹਰ ਹੈ। ਸ਼ੰਕਾ ਤਾਂ ਹਮੇਸ਼ਾ ਸ਼ੰਕਾ ਹੀ ਰਹਿੰਦਾ ਹੈ, ਕਦੀ ਯਕੀਨ ਦੇ ਵਸਤਰ ਨਹੀਂ ਪਾਉਂਦਾ। ਸੋ ਸ਼ੰਕੇ ਨੂੰ ਸ਼ੰਕੇ ਦੀ ਸੰਗਿਆ ਹੀ ਦੇਣੀ ਬਣਦੀ ਹੈ। ਤੁਹਾਡਾ ਬਹੁਤ ਬਹੁਤ ਧੰਨਵਾਦ।

*ਸੰਪਰਕ: +1-64786-62631*

❑❑❑

# ਲਿਖਣ ਨੇ ਮੈਨੂੰ ਅੰਤਰ-ਰਾਸ਼ਟਰੀ ਪਛਾਣ ਦਿੱਤੀ
# ਪ੍ਰੋ. ਕੁਲਬੀਰ ਸਿੰਘ

ਪ੍ਰੋ. ਕੁਲਬੀਰ ਸਿੰਘ ਉਸ ਪਰਿਵਾਰ ਨਾਲ਼ ਸਬੰਧ ਰੱਖਦਾ ਹੈ, ਜਿਸ ਪਰਿਵਾਰ ਦੀਆਂ ਰਗਾਂ 'ਚ ਪੰਜਾਬੀ ਭਾਸ਼ਾ ਤੇ ਪੰਜਾਬੀ ਸਾਹਿਤ ਵਹਿੰਦਾ ਹੈ। ਪਿਤਾ ਸ. ਚਾਨਣ ਸਿੰਘ ਦਿਲਗੀਰ ਹੋਰੀਂ ਪੰਜਾਬੀ ਦੇ ਅਧਿਆਪਕ ਸਨ। ਸਕੂਲ ਸਰਗਰਮੀਆਂ ਤੇ ਦੇਸ਼ ਭਗਤੀ ਨਾਲ਼ ਸਬੰਧਤ ਉਨ੍ਹਾਂ ਦੀਆਂ ਖ਼ੂਬਸੂਰਤ ਕਵਿਤਾਵਾਂ ਦੀ ਕਿਤਾਬ 'ਚਾਨਣ ਕਿਰਨਾਂ' ਛਪੀ ਸੀ। ਇੱਕ ਭਰਾ ਡਾ. ਪ੍ਰਿਤਪਾਲ ਸਿੰਘ ਮਹਿਰੋਕ ਹੋਰਾਂ ਨੇ ਸਰਕਾਰੀ ਕਾਲਜ ਹੁਸ਼ਿਆਰਪੁਰ ਵਿਖੇ ਬਤੌਰ ਪੰਜਾਬੀ ਦੇ ਪ੍ਰਾਅਧਿਆਪਕ ਸੇਵਾਵਾਂ ਨਿਭਾਈਆਂ ਹਨ। ਪੰਜਾਬੀ ਲੋਕਧਾਰਾ ਅਤੇ ਪੰਜਾਬੀ ਸਾਹਿਤ ਸਮੀਖਿਆ ਨਾਲ਼ ਸਬੰਧਤ ਉਹਨਾਂ ਦੀਆਂ ਕਈ ਕਿਤਾਬਾਂ ਛਪ ਚੁੱਕੀਆਂ ਹਨ। ਪਤਨੀ ਕਵਲਜੀਤ ਕੌਰ ਮਹਿਰੋਕ ਦੀ ਕਾਵਿ-ਪੁਸਤਕ 'ਟਰਨਿੰਗ ਪੁਆਂਇਟ' ਦੀ ਆਮਦ ਪਰਿਵਾਰ ਦੀ ਪੰਜਾਬੀ ਸਾਹਿਤ ਨਾਲ਼ ਨੇੜਤਾ ਨੂੰ ਹੋਰ ਗੂੜ੍ਹਿਆਂ ਕਰਦੀ ਹੈ। ਵਿਦਿਆਰਥੀ ਜੀਵਨ ਦੌਰਾਨ ਕਵਿਤਾਵਾਂ ਲਿਖਣ ਵਾਲੇ ਪ੍ਰੋ. ਕੁਲਬੀਰ ਸਿੰਘ ਅਚਾਨਕ ਦੂਰਦਰਸ਼ਨ ਜਲੰਧਰ ਤੋਂ ਪ੍ਰਸਾਰਿਤ ਹੁੰਦੇ ਪ੍ਰੋਗਰਾਮਾਂ ਦੀ ਸਮੀਖਿਆ ਕਰਨ ਲੱਗਦੇ ਹਨ ਤੇ ਹੌਲੀ ਹੌਲੀ ਇੱਕ ਚਰਚਿਤ ਮੀਡੀਆ ਆਲੋਚਕ ਵਜੋਂ ਆਪਣੀ ਪਛਾਣ ਬਣਾਉਂਦੇ ਹਨ।

ਪ੍ਰੋ. ਕੁਲਬੀਰ ਸਿੰਘ ਉਹ ਸ਼ਖ਼ਸ ਹੈ ਜੋ ਕਦੀ ਵੀ ਸੰਜੀਦਗੀ ਦਾ ਪੱਲਾ ਨਹੀਂ ਛੱਡਦਾ। ਹਰ ਮਹਿਫ਼ਲ ਵਿੱਚ ਬੈਠਿਆਂ ਚੱਲ ਰਹੀ ਗੱਲਬਾਤ ਵਿੱਚ ਉਹ ਆਪਣੇ ਤਰਕ ਨਾਲ਼ ਸ਼ਾਮਲ ਹੁੰਦਾ ਹੈ। ਨੁਕਤਾਚੀਨੀ ਦੇ ਨੁਕਤੇ ਨਾਲ਼ ਨਹੀਂ ਸਗੋਂ ਆਪਣੀ ਆਲੋਚਨਾਤਮਿਕ ਦ੍ਰਿਸ਼ਟੀ ਕਾਰਨ ਉਹ ਹਰ ਵਿਸ਼ੇ ਪ੍ਰਤੀ ਤੁਹਾਡੇ ਨਾਲ਼ ਸਿਰ ਹਿਲਾ ਕੇ ਹੀ ਸਹਿਮਤ ਨਹੀਂ ਹੁੰਦਾ ਬਲਕਿ ਗੰਭੀਰ ਮੁਦਰਾ ਵਿੱਚ ਸੰਵਾਦ ਰਚਾਉਂਦਾ ਹੈ। ਪੰਜਾਬੀ ਮੀਡੀਆ, ਪਰਵਾਸੀ ਮੀਡੀਆ ਬਾਰੇ ਖੁੱਲ੍ਹ ਕੇ ਲਿਖਣ ਦੇ ਨਾਲ਼ ਨਾਲ਼ ਵਿਸ਼ਵ ਪੰਜਾਬੀ ਮੀਡੀਆ ਕਾਨਫਰੰਸਾਂ ਕਰਵਾਉਣੀਆਂ ਉਸ ਦੇ ਕੀਤੇ ਕੰਮਾਂ ਦਾ ਵਿਸਥਾਰ ਹਨ ਜਿਸ ਬਾਰੇ ਉਹਨਾਂ ਨਾਲ਼ ਗੱਲਬਾਤ ਕਰਦੇ ਹਾਂ। ਗੱਲ ਉਹਨਾਂ ਨਾਲ਼ ਹੁਣੇ ਹੁਣੇ ਛਪੀ ਉਹਨਾਂ ਦੀ ਸਵੈ-ਜੀਵਨੀ 'ਮੀਡੀਆ ਆਲੋਚਕ ਦੀ ਆਤਮ-ਕਥਾ' ਬਾਰੇ ਵੀ ਕਰਦੇ ਹਾਂ।

**ਮਲਵਿੰਦਰ: ਪਹਿਲਾਂ ਆਪਣੇ ਬਚਪਨ ਅਤੇ ਮੁਢਲੇ ਸਾਲਾਂ ਬਾਰੇ ਦੱਸੋ** ?

**ਪ੍ਰੋ. ਕੁਲਬੀਰ**: ਬਚਪਨ ਅੰਮ੍ਰਿਤਸਰ ਦੇ ਮਸ਼ਹੂਰ ਪਿੰਡ ਛੱਜਲਵੱਡੀ ਵਿੱਚ ਬੀਤਿਆ। ਪਿਤਾ ਜੀ ਉਥੇ ਸਰਕਾਰੀ ਸਕੂਲ ਵਿਚ ਪੰਜਾਬੀ ਦੇ ਅਧਿਆਪਕ ਸਨ। ਉਨ੍ਹਾਂ ਉਥੇ ਲੰਮਾ ਸਮਾਂ ਨੌਕਰੀ ਕੀਤੀ। ਮੇਰਾ ਜਨਮ ਉਥੋਂ ਦਾ ਹੈ ਅਤੇ ਦਸਵੀਂ ਤੱਕ ਪੜ੍ਹਾਈ ਵੀ ਉਥੇ ਹੀ ਕੀਤੀ। ਪਿਤਾ ਜੀ ਸ. ਚਾਨਣ ਸਿੰਘ ਦੇ ਸਾਊ ਸੁਭਾਅ ਅਤੇ ਮਿਲਣਸਾਰ ਸ਼ਖ਼ਸੀਅਤ ਕਾਰਨ ਸਾਨੂੰ ਸਭ ਨੂੰ ਇਲਾਕੇ ਵਿਚ ਬੜਾ ਪਿਆਰ ਸਤਿਕਾਰ ਮਿਲਦਾ ਰਿਹਾ। ਘਰੇਲੂ ਮਾਹੌਲ ਪੜ੍ਹਨ ਲਿਖਣ ਵਾਲਾ ਸੀ। ਪਿਤਾ ਜੀ ਖ਼ੁਦ ਕਵਿਤਾ ਲਿਖਦੇ ਰਹੇ। ਮੁਢਲੇ ਵਰ੍ਹੇ ਇੱਕ ਸਧਾਰਣ ਪੇਂਡੂ ਵਿਦਿਆਰਥੀ ਵਾਂਗ ਬਤੀਤ ਹੋਏ। ਮੈਂ ਉਸੇ ਸਕੂਲ ਵਿਚ ਪੜ੍ਹਿਆ ਜਿੱਥੇ ਪਿਤਾ ਜੀ ਪੜ੍ਹਾਉਂਦੇ ਸਨ। ਮਾਹੌਲ ਦਾ ਅਸਰ ਸੀ ਜਾਂ ਕੁਝ ਹੋਰ, ਪੜ੍ਹ ਲਿਖ ਕੇ ਕੁਝ ਬਣਨ ਦੀ ਮਨ ਵਿਚ ਤੀਬਰ ਇੱਛਾ ਸੀ।

**ਮਲਵਿੰਦਰ: ਘਰ ਪਰਿਵਾਰ ਦਾ ਮਾਹੌਲ ਕਿਹੋ ਜਿਹਾ ਸੀ** ?

**ਪ੍ਰੋ. ਕੁਲਬੀਰ**: ਅਸੀਂ ਤਿੰਨ ਭਰਾ ਤੇ ਦੋ ਸਾਡੀਆਂ ਭੈਣਾਂ ਸਨ। ਮੈਂ ਪਰਿਵਾਰ ਵਿਚ ਸਭ ਤੋਂ ਛੋਟਾ ਸਾਂ। ਟ੍ਰੈਜਡੀ ਇਹ ਹੋਈ ਕਿ ਮਸਾਂ ਸਾਲ ਡੇਢ ਸਾਲ ਦਾ ਸਾਂ ਜਦ ਬੀ ਜੀ ਇਹ ਦੁਨੀਆਂ ਛੱਡ ਗਏ। ਮੈਨੂੰ ਉਹਨਾਂ ਦੀ ਸ਼ਕਲ ਵੀ ਸਹੀ ਤਰ੍ਹਾਂ ਯਾਦ ਨਹੀਂ। ਬੱਸ ਤਸਵੀਰ ਵੇਖੀ ਹੈ। ਸ਼ਾਇਦ ਇਹੀ ਕਾਰਨ ਹੈ ਕਿ ਮੈਨੂੰ ਪੂਰੇ ਪਰਿਵਾਰ ਵੱਲੋਂ ਡਾਢਾ ਪਿਆਰ ਮਿਲਿਆ। ਮੈਂ ਆਪਣੇ ਭੈਣਾਂ ਭਰਾਵਾਂ ਅਤੇ ਪਿਤਾ ਜੀ ਦਾ ਦੇਣਾ ਨਹੀਂ ਦੇ ਸਕਦਾ। ਮੈਨੂੰ ਹਲਕਾ ਹਲਕਾ ਯਾਦ ਹੈ ਕਿ ਪਿਤਾ ਜੀ ਮੈਨੂੰ ਛੋਟੇ ਹੁੰਦੇ ਨੂੰ ਆਪਣੇ ਨਾਲ਼ ਸਕੂਲ ਲੈ ਜਾਂਦੇ ਸਨ। ਉਹ ਕਲਾਸ ਵਿਚ ਭਾਈ ਵੀਰ ਸਿੰਘ ਦੀ ਕਵਿਤਾ ਪੜ੍ਹਾ ਰਹੇ ਹੁੰਦੇ ਸਨ ਤੇ ਮੈਂ ਕੁਰਸੀ ਦੇ ਆਸ ਪਾਸ ਘੁੰਮਦਾ ਰਹਿੰਦਾ ਸਾਂ। ਉਨ੍ਹਾਂ ਮਾਂ ਦੀ ਜ਼ਿੰਮੇਵਾਰੀ ਵੀ ਨਿਭਾਈ ਤੇ ਮੈਨੂੰ ਇਥੋਂ ਤੱਕ ਪਹੁੰਚਾਇਆ। ਭੈਣਾਂ ਸੁਰਜੀਤ ਕੌਰ ਤੇ ਸੁਰਿੰਦਰ ਕੌਰ ਅਤੇ ਭਰਾਵਾਂ ਬਖ਼ਸ਼ੀਸ਼ ਸਿੰਘ ਤੇ ਪ੍ਰਿਤਪਾਲ ਸਿੰਘ ਨੇ ਹਮੇਸ਼ਾ ਹੱਲਾਸ਼ੇਰੀ ਦਿੱਤੀ। ਕਦੇ ਕੋਈ ਪ੍ਰੇਸ਼ਾਨੀ ਨਹੀਂ ਆਉਣ ਦਿੱਤੀ। ਭੈਣਾਂ ਸਕੂਲ ਵਿਚ ਟੀਚਰ ਸਨ। ਵੱਡੇ ਭਾਅ ਜੀ ਪੰਜਾਬ ਐਗਰੋ ਇੰਡਸਟਰੀਜ਼ ਵਿਚ ਜ਼ਿਲ੍ਹਾ ਮੈਨੇਜਰ ਰਹੇ ਹਨ। ਡਾ. ਪ੍ਰਿਤਪਾਲ ਸਿੰਘ ਨੇ ਯੂਨੀਵਰਸਿਟੀ ਵਿਚੋਂ ਪਹਿਲੇ ਸਥਾਨ 'ਤੇ ਰਹਿ ਕੇ ਐਮ.ਏ. ਪੰਜਾਬੀ ਕੀਤੀ ਸੀ। ਬਹੁਤ ਵਰ੍ਹੇ ਕਾਲਜ ਅਧਿਆਪਨ ਕਾਰਜ ਕੀਤਾ ਤੇ ਇੱਕ ਪ੍ਰਾਈਵੇਟ ਕਾਲਜ ਵਿਚ ਬਤੌਰ ਪ੍ਰਿੰਸੀਪਲ ਵੀ ਸੇਵਾਵਾਂ ਨਿਭਾਈਆਂ ਹਨ। ਲੋਕ ਧਾਰਾ,

ਪੰਜਾਬੀ ਸਾਹਿਤ ਸਮੀਖਿਆ ਸਮੇਤ ਬਹੁਤ ਸਾਰੀਆਂ ਕਿਤਾਬਾਂ ਦੇ ਲੇਖਕ ਹਨ।

**ਮਲਵਿੰਦਰ:** **ਤੁਹਾਡੇ ਕਹਿਣ ਤੋਂ ਭਾਵ ਘਰ ਵਿਚ ਬਹੁਤ ਸਾਰਾ ਸਾਹਿਤਕ ਮਾਹੌਲ ਸੀ। ਪੜ੍ਹਨ-ਲਿਖਣ ਦੀ ਰੁਚੀ ਤਾਂ ਫਿਰ ਬਚਪਨ ਤੋਂ ਹੀ ਬਣ ਗਈ ਹੋਣੀ ਹੈ। ਬਚਪਨ ਦੇ ਇਨ੍ਹਾਂ ਸਾਲਾਂ ਦੌਰਾਨ ਕਿਸ ਕਿਸਮ ਦਾ ਸਾਹਿਤ ਪੜ੍ਹਿਆ** ?

**ਪ੍ਰੋ. ਕੁਲਬੀਰ**: ਇਸ ਮਾਹੌਲ ਦਾ ਅਸਰ ਮੇਰੇ 'ਤੇ ਵੀ ਪਿਆ ਅਤੇ ਮੈਂ ਕੁਝ ਨਾ ਕੁਝ ਪੜ੍ਹਦਾ ਰਹਿੰਦਾ ਸਾਂ। ਮੈਂ ਉਦੋਂ ਪ੍ਰੀਤਲੜੀ ਦਾ ਪੱਕਾ ਪਾਠਕ ਸਾਂ। ਵੱਡੇ ਭਾਅ ਜੀ ਬਖ਼ਸ਼ੀਸ਼ ਸਿੰਘ ਭਾਵੇਂ ਵੱਖਰੀ ਤਰ੍ਹਾਂ ਦੀ ਲਾਈਨ ਵਿਚ ਸਨ, ਪਰ ਉਹ ਹਰ ਮਹੀਨੇ ਪ੍ਰੀਤਲੜੀ ਜ਼ਰੂਰ ਪੜ੍ਹਦੇ ਸਨ। ਕਵਿਤਾ ਦੀਆਂ ਕਿਤਾਬਾਂ ਘਰ ਵਿਚ ਰਹਿੰਦੀਆਂ ਸਨ। ਸੋ ਭਾਈ ਵੀਰ ਸਿੰਘ, ਧਨੀ ਰਾਮ ਚਾਤ੍ਰਿਕ, ਪ੍ਰੋ. ਮੋਹਨ ਸਿੰਘ ਅਤੇ ਅੰਮ੍ਰਿਤਾ ਪ੍ਰੀਤਮ ਦੀ ਕਵਿਤਾ ਤੋਂ ਕੁਝ ਕੁਝ ਵਾਕਿਫ ਹੋ ਗਿਆ ਸਾਂ। ਪਰ ਉਮਰ ਦੇ ਇਸ ਮੁਢਲੇ ਪੜਾਅ 'ਤੇ ਬੇ-ਫਿਕਰੀ ਦਾ ਆਲਮ ਰਹਿੰਦਾ ਤੇ ਮੇਰਾ ਧਿਆਨ ਵਧੇਰੇ ਕਰਕੇ ਖੇਡਣ ਮੱਲਣ ਵੱਲ ਰਹਿੰਦਾ ਸੀ। ਸਕੂਲ ਦੀਆਂ ਉਪਰਲੀਆਂ ਕਲਾਸਾਂ ਵਿਚ ਪੁੱਜਾ ਤਾਂ ਵੀ ਪੜ੍ਹਾਈ ਦੇ ਨਾਲ਼-ਨਾਲ਼ ਖੇਡਣਾ ਜਾਰੀ ਰੱਖਿਆ। ਉਦੋਂ ਮੈਂ ਬਾਸਕਟਬਾਲ ਚੰਗਾ ਖੇਡ ਲੈਂਦਾ ਸੀ। ਬਾਅਦ ਵਿਚ ਕਾਲਜ ਸਮੇਂ ਓਪਨ ਪੰਜਾਬ ਵੀ ਖੇਡਿਆ। ਘਰ ਦੇ ਤਾਂ ਖੇਡ ਖੇਤਰ ਵਿਚ ਹੀ ਅੱਗੇ ਤੋਰਨਾ ਚਾਹੁੰਦੇ ਸਨ, ਜਾਂ ਫਿਰ ਬੀ.ਐੱਡ ਕਰਨ ਲਈ ਕਹਿੰਦੇ ਸਨ। ਪਰ ਮੇਰੇ ਧੁਰ ਅੰਦਰ ਕਿਤੇ ਸਾਹਿਤ, ਸੁਹਜ ਅਤੇ ਸੰਗੀਤ ਨਾਲ਼ ਡੂੰਘੀ ਸਾਂਝ ਜੁੜੀ ਹੋਈ ਸੀ ਅਤੇ ਮੈਂ ਬੀ.ਏ. ਕਰਨ ਉਪਰੰਤ ਐੱਮ.ਏ. ਪੰਜਾਬੀ ਕਰਨ ਲਈ ਪੰਜਾਬੀ ਯੂਨੀਵਰਸਿਟੀ ਪਟਿਆਲੇ ਜਾ ਦਾਖ਼ਲ ਹੋਇਆ। ਮੇਰੇ ਨੰਬਰ ਅਤੇ ਰੁਚੀ ਵੇਖ ਕੇ ਅਧਿਆਪਕਾਂ ਨੇ ਐਮ.ਏ. ਆਨਰਜ਼ ਕਰਨ ਲਈ ਕਿਹਾ। ਮੈਂ ਹਾਂ ਕਰ ਦਿੱਤੀ।

**ਮਲਵਿੰਦਰ:** **ਪੰਜਾਬੀ ਭਾਸ਼ਾ ਤੇ ਸਾਹਿਤ ਨਾਲ਼ ਤੁਹਾਡੇ ਪਰਿਵਾਰ ਦਾ ਨੇੜੇ ਦਾ ਰਿਸ਼ਤਾ ਰਿਹਾ। ਕਾਲਜ/ਯੂਨੀਵਰਸਿਟੀ ਦੀ ਪੜ੍ਹਾਈ ਦੌਰਾਨ ਪੰਜਾਬੀ ਸਾਹਿਤ ਪੜ੍ਹਦਿਆਂ ਤੁਹਾਡਾ ਇਹ ਰਿਸ਼ਤਾ ਹੋਰ ਵੀ ਗੂੜ੍ਹਾ ਹੋਇਆ ਹੋਵੇਗਾ। ਸਭ ਤੋਂ ਪਹਿਲਾਂ ਕਿਹੜੀ ਰਚਨਾ ਲਿਖੀ ਤੇ ਛਪੀ** ?

**ਪ੍ਰੋ. ਕੁਲਬੀਰ**: ਸਰਕਾਰੀ ਹਾਈ ਸਕੂਲ ਛੱਜਲਵੱਡੀ ਜ਼ਿਲ੍ਹਾ ਅੰਮ੍ਰਿਤਸਰ ਤੋਂ ਪਹਿਲੇ ਦਰਜੇ ਵਿਚ ਦਸਵੀਂ ਪਾਸ ਕਰਕੇ ਮੈਂ ਮੋਦੀ ਕਾਲਜ ਪਟਿਆਲੇ ਜਾ

ਦਾਖ਼ਲ ਹੋਇਆ। ਵੱਡੇ ਭਾਅ ਜੀ ਓਦੋਂ ਪਟਿਆਲੇ ਸਨ ਤੇ ਬਾਕੀ ਪਰਿਵਾਰ ਨੇ ਵੀ ਜਲਦੀ ਹੀ ਪਟਿਆਲੇ ਵੱਲ ਆ ਜਾਣਾ ਸੀ, ਕਿਉਂਕਿ ਸਾਡੀ ਜ਼ਮੀਨ ਪਟਿਆਲੇ ਨੇੜਲੇ ਪਿੰਡ ਗਗਰੌਲਾ ਵਿਚ ਹੈ। ਪਿਤਾ ਜੀ ਰਿਟਾਇਰ ਹੋਣ ਤੋਂ ਪਹਿਲਾਂ ਪਹਿਲਾਂ ਆਪਣੀ ਜ਼ਮੀਨ ਨੇੜੇ ਪਹੁੰਚਣਾ ਚਾਹੁੰਦੇ ਸਨ। ਸੋ ਇਸ ਯੋਜਨਾ ਤਹਿਤ ਮੈਨੂੰ ਪਹਿਲਾਂ ਹੀ ਪਟਿਆਲੇ ਦੇ ਕਾਲਜ ਵਿਚ ਦਾਖ਼ਲ ਕਰਵਾ ਦਿੱਤਾ ਗਿਆ ਤਾਂ ਜੋ ਵਿਚਾਲੇ ਪੜ੍ਹਾਈ ਖਰਾਬ ਨਾ ਹੋਵੇ। ਮੈਨੂੰ ਆਪਣਾ ਪਿੰਡ ਅਤੇ ਦੋਸਤ ਛੱਡਣ ਦਾ ਹੇਰਵਾ ਸੀ, ਪ੍ਰੰਤੂ ਖ਼ੁਸ਼ ਵੀ ਸਾਂ ਕਿਉਂਕਿ ਮੋਦੀ ਕਾਲਜ ਹਰ ਪੱਖੋਂ ਉਦੋਂ ਪਟਿਆਲੇ ਦਾ ਵਧੀਆ ਕਾਲਜ ਸੀ।

**ਮਲਵਿੰਦਰ: ਫਿਰ ਇਸ ਤੋਂ ਬਾਅਦ.......?**

**ਪ੍ਰੋ. ਕੁਲਬੀਰ:** ਸਾਹਿਤ ਅਤੇ ਸਾਹਿਤ ਆਲੋਚਨਾ ਨਾਲ਼ ਸਹੀ ਮਾਅਨਿਆਂ ਵਿਚ ਵਾਹ ਯੂਨੀਵਰਸਿਟੀ ਜਾ ਕੇ ਪਿਆ। ਸਬੱਬ ਨਾਲ਼ ਇਹ ਉਹ ਯੂਨੀਵਰਸਿਟੀ ਸੀ ਜਿੱਥੇ ਦਲੀਪ ਕੌਰ ਟਿਵਾਣਾ, ਡਾ. ਰਵਿੰਦਰ ਰਵੀ, ਨਾਵਲਕਾਰ ਨਾਨਕ ਸਿੰਘ ਦਾ ਬੇਟਾ ਕਰਤਾਰ ਸਿੰਘ ਸੂਰੀ, ਡਾ ਪ੍ਰੇਮ ਪ੍ਰਕਾਸ਼ ਸਿੰਘ ਅਤੇ ਡਾ ਨਰਿੰਦਰ ਸਿੰਘ ਕਪੂਰ ਸਨ। ਵਿਸ਼ਾਲ ਲਾਇਬ੍ਰੇਰੀ ਸੀ। ਮੈਨੂੰ ਜਾਪਿਆ ਮੈਂ ਗਿਆਨ ਅਤੇ ਸਾਹਿਤ ਦੇ ਸਮੁੰਦਰ ਦੇ ਕਿਨਾਰੇ ਆ ਪੁੱਜਾ ਹਾਂ। ਇਥੇ ਨਿੱਤ ਦਿਨ ਵੱਡੇ ਕੱਦ ਵਾਲੀਆਂ ਸ਼ਖ਼ਸੀਅਤਾਂ ਨੂੰ ਵੇਖਣ ਅਤੇ ਸੁਣਨ-ਸਮਝਣ ਦਾ ਮੌਕਾ ਮਿਲਦਾ। ਦੋ ਸਾਲਾਂ ਦੌਰਾਨ ਸਿਲੇਬਸ ਤੋਂ ਬਾਹਰ ਕਾਫੀ ਕੁਝ ਪੜ੍ਹਿਆ। ਸੁਰਜੀਤ ਪਾਤਰ, ਦੁਸ਼ਅੰਤ ਕੁਮਾਰ ਦੀ ਕਵਿਤਾ ਨਾਲ਼ ਵਾਹ ਵੀ ਇਥੇ ਹੀ ਪਿਆ। ਵਿਭਾਗ ਦੀਆਂ ਸਾਹਿਤਕ ਤੇ ਸਿਆਸੀ ਸਰਗਰਮੀਆਂ ਵਿਚ ਸਰਗਰਮ ਭੂਮਿਕਾ ਨਿਭਾਈ। ਕਲਾਸਿਕ ਤੇ ਕ੍ਰਾਂਤੀਕਾਰੀ ਰਚਨਾਵਾਂ ਪੜ੍ਹਨ ਦੀ ਸ਼ੁਰੂਆਤ ਵੀ ਇਥੇ ਹੀ ਹੋਈ। ਮਾਂ, ਪੰਜ ਧੀਆਂ, ਟੈੱਸ, ਐਨਾ ਕਰਾਨੈਨਾ, ਬੁੱਢਾ ਤੇ ਸਮੁੰਦਰ, ਐਮਰਸਨ ਦੇ ਨਿਬੰਧ, ਮੇਰਾ ਦਾਗਿਸਤਾਨ, ਦਸ ਦਿਨ ਜਿਨ੍ਹਾਂ ਦੁਨੀਆਂ ਬਦਲ ਦਿੱਤੀ ਅਤੇ ਅਸਲੀ ਇਨਸਾਨ ਦੀ ਕਹਾਣੀ ਪੁਸਤਕਾਂ ਨੇ ਮੈਨੂੰ ਬੜਾ ਪ੍ਰਭਾਵਿਤ ਕੀਤਾ। ਮਿੰਨੀ ਕਹਾਣੀ, ਕਵਿਤਾ ਅਤੇ ਵੱਖ-ਵੱਖ ਵਿਸ਼ਿਆਂ ਨਾਲ਼ ਸਬੰਧਤ ਆਰਟੀਕਲ ਲਿਖਣ ਲੱਗ ਪਿਆ ਸਾਂ ਜਿਹੜੇ ਯੂਨੀਵਰਸਿਟੀ ਮੈਗਜ਼ੀਨ ਅਤੇ ਹੋਰ ਸਾਹਿਤਕ ਰਸਾਲਿਆਂ ਵਿਚ ਛਪਦੇ ਰਹੇ। ਫਿਰ ਇਸ ਤੋਂ ਬਾਅਦ ਮਨ ਉੱਚੇ ਅੰਬਰੀਂ ਉਡਾਰੀਆਂ ਲਾਉਣ ਲੱਗਾ। ਪਰ ਮੈਨੂੰ ਆਪਣੀ ਸਮਰੱਥਾ ਦਾ

ਪਤਾ ਸੀ। ਮੇਰੇ ਅੰਦਰ ਸਾਹਿਤ ਨਾਲ਼ ਸਬੰਧਤ ਅਧਿਆਪਨ ਕਾਰਜ ਕਰਨ ਦੀ ਤਾਂ ਤੀਬਰ ਇੱਛਾ ਸੀ, ਪ੍ਰੰਤੂ ਸਾਹਿਤ ਰਚਨਾ ਵਿਚ ਮੇਰੀ ਬਹੁਤੀ ਰੁਚੀ ਨਹੀਂ ਸੀ। ਹਾਂ ਆਲੇ ਦੁਆਲੇ ਕੁਝ ਗਲਤ, ਕੁਝ ਬੁਰਾ ਹੁੰਦਾ, ਮੈਨੂੰ ਪ੍ਰੇਸ਼ਾਨੀ ਹੁੰਦੀ।

ਸਬੱਬ ਨਾਲ਼ ਐੱਮ.ਏ. ਪੰਜਾਬੀ ਆਨਰਜ਼ ਕਰਨ ਬਾਅਦ ਐੱਮ.ਫਿਲ ਲਈ ਮੈਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਜਾ ਦਾਖ਼ਲ ਹੋਇਆ। ਹਾਲਾਂਕਿ ਐੱਮ.ਏ. ਆਨਰਜ਼ ਪੰਜਾਬੀ ਯੂਨੀਵਰਸਿਟੀ ਵਿਚੋਂ ਪਹਿਲੇ ਸਥਾਨ 'ਤੇ ਰਹਿ ਕੇ ਕਰਨ ਕਾਰਨ ਅਧਿਆਪਕ ਨਹੀਂ ਸਨ ਚਾਹੁੰਦੇ ਕਿ ਮੈਂ ਇਹ ਯੂਨੀਵਰਸਿਟੀ ਛੱਡ ਕੇ ਜਾਵਾਂ। ਪਰ ਪਤਾ ਨਹੀਂ ਕਿਉਂ ਮਨ ਨਵੀਂ ਥਾਂ, ਨਵੇਂ ਲੋਕਾਂ 'ਚ, ਨਵੀਂ ਯੂਨੀਵਰਸਿਟੀ ਜਾਣਾ ਚਾਹੁੰਦਾ ਸੀ। ਮੇਰੇ ਸਰਟੀਫਿਕੇਟ ਵੇਖ ਕੇ ਚੰਡੀਗੜ੍ਹ ਯੂਨੀਵਰਸਿਟੀ ਵਾਲਿਆਂ ਇੱਕ ਹੀ ਸਵਾਲ ਪੁੱਛਿਆ ਸੀ –ਤੁਸੀਂ ਉਹ ਯੂਨੀਵਰਸਿਟੀ ਕਿਉਂ ਛੱਡ ਰਹੇ ਹੋ? ਮੇਰਾ ਇੱਕ ਟੱਕ ਜਵਾਬ ਸੀ, ਮੈਂ ਤੁਹਾਡੀ ਯੂਨੀਵਰਸਿਟੀ ਨੂੰ ਤਰਜੀਹ ਦਿੰਦਾ ਹਾਂ ਤੇ ਮੇਰਾ ਦਾਖ਼ਲ ਹੋ ਗਿਆ। ਇਥੇ ਡਾ. ਕੇਸਰ ਸਿੰਘ ਕੇਸਰ, ਡਾ. ਅਤਰ ਸਿੰਘ ਜਿਹੇ ਅਧਿਆਪਕਾਂ ਅਤੇ ਜੋਗਿੰਦਰ ਸਿੰਘ ਨਹਿਰੂ ਜਿਹੇ ਦੋਸਤਾਂ ਦੀ ਸੰਗਤ ਮਿਲੀ ਅਤੇ ਮੈਂ ਐੱਮ.ਫਿਲ. ਦਾ ਖੋਜ ਕਾਰਜ ਸਾਹਿਤ ਆਲੋਚਨਾ 'ਤੇ ਕਰਨ ਦਾ ਮਨ ਬਣਾ ਲਿਆ। ਮੈਨੂੰ ਖੋਜ-ਕਾਰਜ ਦਾ ਵਿਸ਼ਾ ਸੰਤ ਸਿੰਘ ਸੇਖੋਂ ਦੀ ਪੁਸਤਕ 'ਤੇ ਅਧਾਰਤ ਮਿਲਿਆ- ਸਾਹਿਤਆਰਥ: ਇੱਕ ਅਧਿਐਨ। ਇਵੇਂ ਰੁਝਾਨ ਆਲੋਚਨਾ ਵੱਲ ਹੋ ਗਿਆ। ਫਿਰ ਜਦ ਮੈਂ ਸਰਕਾਰੀ ਕਾਲਜ ਢੁੱਡੀਕੇ ਦੇ ਸਟਾਫ਼ ਵਿਚ ਬਤੌਰ ਲੈਕਚਰਾਰ ਸ਼ਾਮਲ ਹੋਇਆ ਤਾਂ ਪ੍ਰੋ. ਸਰਵਣ ਸਿੰਘ ਦਾ ਕੇਵਲ ਖੇਡਾਂ ਬਾਰੇ ਲਿਖਣ ਅਤੇ ਨਾਂ ਬਣਾਉਣਾ ਮੈਨੂੰ ਚੰਗਾ ਲੱਗਾ। ਬੱਸ ਇਸ ਨਵੇਕਲੇ ਖੇਤਰ ਦੀ ਗੱਲ ਕਿਤੇ ਮੇਰੇ ਅੰਦਰ ਬੈਠ ਗਈ।

**ਮਲਵਿੰਦਰ:** **ਆਲੋਚਨਾ ਲਈ ਟੈਲੀਵੀਜ਼ਨ ਹੀ ਕਿਉਂ ਚੁਣਿਆਂ** ?

**ਪ੍ਰੋ. ਕੁਲਬੀਰ:** ਟੈਲੀਵੀਜ਼ਨ ਕੁਝ-ਕੁਝ ਮੈਂ ਸੁਚੇਤ ਤੌਰ 'ਤੇ ਚੁਣਿਆਂ ਅਤੇ ਕੁਝ ਮੌਕਾ ਮੇਲ ਬਣਦਾ ਗਿਆ। ਟੀ.ਵੀ. ਅੱਜ ਦੇ ਦੌਰ ਦਾ ਮਾਧਿਅਮ ਹੈ। ਇਹਦੇ ਨਾਲ਼ ਸਬੰਧਤ ਕਾਲਮ ਲੋਕ ਉਚੇਚ ਨਾਲ਼ ਪੜ੍ਹਦੇ ਹਨ। ਸ਼ੁਰੂਆਤ ਇਵੇਂ ਹੋਈ, ਮੇਰੇ ਗੁਆਂਢ ਵਿੱਚ ਦੂਰਦਰਸ਼ਨ ਦਾ ਇੱਕ ਕਰਮਚਾਰੀ ਰਹਿੰਦਾ ਸੀ। ਉਸ ਨੂੰ ਵਾਹਵਾ ਮਹੱਤਵਪੂਰਨ ਪ੍ਰੋਗਰਾਮ ਮਿਲੇ ਹੋਏ ਸਨ, ਜਿਹੜੇ ਪੰਜਾਬੀ ਬੋਲੀ, ਸੰਗੀਤ,

ਸਭਿਆਚਾਰ, ਅਤੇ ਸਿਆਸਤ ਨਾਲ਼ ਸਬੰਧਤ ਸਨ। ਮੈਂ ਵੇਖਿਆ ਕਿ ਇਨ੍ਹਾਂ ਖੇਤਰਾਂ ਨਾਲ਼ ਉਸ ਦਾ ਕੋਈ ਨੇੜੇ ਦਾ ਰਿਸ਼ਤਾ ਨਹੀਂ ਸੀ, ਕਿਉਂਕਿ ਉਹ ਘਰ ਵਿਚ ਹਰ ਵੇਲ਼ੇ ਹਿੰਦੀ ਬੋਲਦੇ ਸਨ। ਇਸ ਪੱਖ ਨੂੰ ਲੈ ਕੇ ਮੈਂ ਜਲੰਧਰ ਦੂਰਦਰਸ਼ਨ ਦੇ ਪ੍ਰੋਗਰਾਮਾਂ ‘ਤੇ ਘੋਖਵੀਂ ਨਜ਼ਰ ਮਾਰਨੀ ਸ਼ੁਰੂ ਕਰ ਦਿੱਤੀ। ਥੋੜ੍ਹੇ ਸਮੇਂ ‘ਚ ਹੀ ਮੈਂ ਨੋਟ ਕੀਤਾ ਕਿ ਇਸ ਪੱਖੋਂ ਇਸ ਕੇਂਦਰ ਦੀ ਹਾਲਤ ਕੋਈ ਬਹੁਤੀ ਵਧੀਆ ਨਹੀਂ ਸੀ। ਮੈਂ ਇਸ ਆਧਾਰ ‘ਤੇ ਇੱਕ ਆਰਟੀਕਲ ਲਿਖਿਆ, ‘ਜਲੰਧਰ ਦੂਰਦਰਸ਼ਨ ਦੇ ਪ੍ਰੋਗਰਾਮ:ਇੱਕ ਜਾਇਜ਼ਾ’ ਜਿਹੜਾ ਛਪ ਗਿਆ। ਇਹ ਆਰਟੀਕਲ ਪੜ੍ਹ ਕੇ ਅਜੀਤ ਦੇ ਸਹਾਇਕ ਸੰਪਾਦਕ ਸਤਨਾਮ ਸਿੰਘ ਮਾਣਕ ਹੁਰਾਂ ਜਲੰਧਰ ਦੂਰਦਰਸ਼ਨ ਦੇ ਪੰਜਾਬੀ ਪ੍ਰੋਗਰਾਮ ਵਿਸ਼ੇ ‘ਤੇ ਇੱਕ ਵਿਸਥਾਰਤ ਪਰਚਾ ਲਿਖਣ ਲਈ ਕਿਹਾ ਜਿਹੜਾ ਪੰਜਾਬ ਜਾਗ੍ਰਤੀ ਮੰਚ ਵੱਲੋਂ ਕਰਵਾਏ ਜਾਣ ਵਾਲੇ ਸਮਾਗਮ ਵਿਚ ਪੜ੍ਹਿਆ ਜਾਣਾ ਸੀ। ਉਨ੍ਹਾਂ ਪਰਚਾ ਲਿਖਣ ਦੀ ਗੱਲ ਬੜੀ ਗੰਭੀਰਤਾ ਨਾਲ਼ ਕਹੀ। ਮੈਂ ਉਸੇ ਗੰਭੀਰਤਾ ਨਾਲ਼ ਇੱਕ ਮਹੀਨੇ ਤੋਂ ਵੱਧ ਸਮਾਂ ਲਾ ਕੇ ਬੜੀ ਬਾਰੀਕੀ ਨਾਲ਼ ਪ੍ਰੋਗਰਾਮਾਂ ਨੂੰ ਨੇੜਿਓਂ ਵੇਖ ਸਮਝ ਕੇ ਵਿਸਥਾਰਤ ਪਰਚਾ ਲਿਖ ਕੇ ਉਨ੍ਹਾਂ ਦੇ ਹਵਾਲੇ ਕਰ ਦਿੱਤਾ। ਉਹ ਸਮਾਗਮ ਤਾਂ ਨਾ ਹੋਇਆ, ਪਰੰਤੂ ਮੇਰਾ ਉਹ ਖੋਜ ਭਰਪੂਰ ਪਰਚਾ ਪੂਰੇ ਦਾ ਪੂਰਾ ਐਤਵਾਰ ਦੇ ਅੰਕ ਵਿਚ ਸੰਪਾਦਕੀ ਪੰਨ੍ਹੇ ‘ਤੇ ਛਾਪ ਦਿੱਤਾ। ਇਹ ਪਰਚਾ ਪੜ੍ਹ ਕੇ ਦੂਰਦਰਸ਼ਨ ਕੇਂਦਰ ਅਤੇ ਸਬੰਧਤ ਹਲਕਿਆਂ ਵਿਚ ਵਾਹਵਾ ਹਿਲਜੁਲ ਹੋਈ। ਕਈ ਦਿਨ ਚਰਚਾ ਚੱਲਦੀ ਰਹੀ। ਪਰਚਾ ਪੜ੍ਹ ਕੇ ਬਰਜਿੰਦਰ ਸਿੰਘ ਹੋਰਾਂ ਨੇ ਕਿਹਾ ਕਿ ਤੁਸੀਂ ਹਰ ਪੱਖ ਨੂੰ ਲੈ ਕੇ ਬਹੁਤ ਵਧੀਆ ਲਿਖਿਆ ਹੈ। ਜੇਕਰ ਸਮਾਂ ਕੱਢ ਸਕਦੇ ਹੋ ਤਾਂ ਹਫ਼ਤਾਵਾਰੀ ਕਾਲਮ ਲਿਖੋ। ਇਹ ਗੱਲ 1990 ਦੀ ਹੈ। ਸੋ ਇੰਞ ਮੇਰਾ ਖੇਤਰ ਮੀਡੀਆ ਆਲੋਚਨਾ ਬਣ ਗਿਆ।

**ਮਲਵਿੰਦਰ: ਮੀਡੀਆ ਆਲੋਚਨਾ ਨੇ ਸਾਹਿਤ ਦੀਆਂ ਹੋਰ ਵਿਧਾਵਾਂ ਨਾਲੋਂ ਦੂਰ ਨਹੀਂ ਕੀਤਾ**?

**ਪ੍ਰੋ. ਕੁਲਬੀਰ**: ਬਿਲਕੁਲ ਦੂਰ ਕੀਤਾ। ਬਲਕਿ ਮੈਂ ਮੀਡੀਆ ਅਲੋਚਨਾ ਵਿਚ ਅਤੇ ਮੀਡੀਆ ਸਰਗਰਮੀਆਂ ਵਿਚ ਐਨਾ ਰੁੱਝ ਗਿਆ ਕਿ ਪੀਐੱਚ. ਡੀ. ਕਰਨੀ ਭੁੱਲ ਗਿਆ। ਐਮ.ਏ. ਆਨਰਜ਼ ਪੰਜਾਬੀ ਕਰਦਿਆਂ ਬਹੁਤ ਸਾਹਿਤ ਪੜ੍ਹਿਆ। ਬਾਅਦ ਵਿਚ ਮੇਰੀ ਰੁਚੀ ਸਵੈਜੀਵਨੀ, ਜੀਵਨੀ

ਅਤੇ ਸਫ਼ਰਨਾਮਾ ਸਾਹਿਤ ਪੜ੍ਹਨ ਵੱਲ ਵਧੇਰੇ ਰਹੀ। ਹਫ਼ਤਾਵਾਰ ਕਾਲਮ ਦਾ ਪ੍ਰਭਾਵ ਏਨਾ ਜ਼ਿਆਦਾ ਰਿਹਾ ਕਿ ਮੈਂ ਜਦੋਂ ਵੀ ਚੰਡੀਗੜ੍ਹ, ਦਿੱਲੀ ਜਾਂਦਾ ਤਾਂ ਪੰਜਾਬੀ ਹਿੰਦੀ, ਅੰਗਰੇਜ਼ੀ ਵਿਚ ਮੀਡੀਆ ਪੁਸਤਕਾਂ ਚੁਣ ਚੁਣ ਲਿਆਉਂਦਾ। ਇੰਝ ਸਾਹਿਤ ਤੋਂ ਇੱਕ ਦੂਰੀ ਬਣਦੀ ਗਈ। ਪਰ ਮੀਡੀਆ ਨਾਲ਼ ਜੁੜ ਕੇ ਮੈਨੂੰ ਚੰਗਾ ਲੱਗਾ। ਨਵੇਂ ਤਜਰਬੇ ਹੋਏ। ਨਵੀਆਂ ਨਵੀਆਂ ਸਰਗਰਮੀਆਂ ਆਰੰਭ ਕੀਤੀਆਂ।

**ਮਲਵਿੰਦਰ: ਮੀਡੀਆ ਆਲੋਚਨਾ ਨੇ ਸਮਾਜਿਕਤਾ ਉੱਪਰ ਕਿਸ ਤਰ੍ਹਾਂ ਦਾ ਪ੍ਰਭਾਵ ਪਾਇਆ** ?

**ਪ੍ਰੋ. ਕੁਲਬੀਰ**: ਮੀਡੀਆ ਅਤੇ ਸਾਹਿਤ ਇੱਕ ਦੂਜੇ ਦੇ ਪੂਰਕ ਹਨ, ਪਰ ਵੱਖਰੇ ਹਨ। ਦੋਹਾਂ ਦੇ ਖੇਤਰ, ਸਮਾਜਿਕ ਦਾਇਰੇ, ਸਾਂਝੇ ਵੀ ਹਨ ਜੁਦਾ ਵੀ ਹਨ। ਮੀਡੀਆ ਆਲੋਚਨਾ ਸਦਕੇ ਮੈਨੂੰ ਵੱਡੇ ਕਲਾਕਾਰਾਂ, ਵੱਡੇ ਸੰਪਾਦਕਾਂ, ਵੱਡੇ ਸੰਪਾਦਕਾਂ ਡਾਇਰੈਕਟਰਾਂ ਦੀ ਸੰਗਤ ਮਾਨਣ ਦਾ ਮੌਕਾ ਮਿਲਿਆ। ਮੇਰੀ ਪਹਿਲੀ ਪੁਸਤਕ ਭਾਰਤ ਦੇ ਸੂਚਨਾ ਤੇ ਪ੍ਰਸਾਰਨ ਮੰਤਰੀ ਸੁਸ਼ਮਾ ਸਵਰਾਜ ਨੇ ਰਿਲੀਜ਼ ਕੀਤੀ ਸੀ। ਸਾਹਿਤ ਨਾਲ਼ ਜੁੜ ਕੇ ਅਜਿਹਾ ਸੰਭਵ ਨਹੀਂ ਸੀ। ਸਾਹਿਤ ਦੇ ਪਾਠਕ ਹੁੰਦੇ ਹਨ। ਟੈਲੀਵੀਜ਼ਨ, ਰੇਡੀਓ, ਅਖ਼ਬਾਰਾਂ ਦੇ ਦਰਸ਼ਕ, ਸਰੋਤੇ, ਪਾਠਕ, ਪ੍ਰਸੰਸਕ ਹੁੰਦੇ ਹਨ। ਇਹਨਾਂ ਸਭ ਨਾਲ਼ ਅਤੇ ਮੀਡੀਆ ਦੇ ਅਧਿਕਾਰੀਆਂ, ਕਰਮਚਾਰੀਆਂ ਨਾਲ ਸਾਂਝਾ ਸੰਪਰਕ ਬਣਿਆਂ। ਦਾਇਰਾ ਮੋਕਲਾ ਹੋਇਆ। ਵੱਖਰਾ, ਨਵੇਕਲਾ, ਆਕਰਸ਼ਕ ਖੇਤਰ ਹੋਣ ਕਾਰਨ ਵੱਖਰੀ, ਨਵੇਕਲੀ, ਪਹਿਚਾਣ ਬਣੀ। ਦੁਨੀਆਂ ਵਿਚ ਜਿੱਥੇ ਵੀ ਗਿਆ, ਸਮਾਜ ਦੇ ਵੱਖ-ਵੱਖ ਵਰਗਾਂ ਵੱਲੋਂ ਬੜਾ ਪਿਆਰ ਸਤਿਕਾਰ ਮਿਲਿਆ।

**ਮਲਵਿੰਦਰ: ਸਵੈ-ਜੀਵਨੀ 'ਆਲੋਚਕ ਦੀ ਆਤਮ-ਕਥਾ' ਨੂੰ ਕਿਸ ਤਰ੍ਹਾਂ ਦਾ ਹੁੰਗਾਰਾ ਮਿਲਿਆ** ?

**ਪ੍ਰੋ. ਕੁਲਬੀਰ**: 'ਮੀਡੀਆ ਆਲੋਚਕ ਦੀ ਆਤਮ-ਕਥਾ' ਸਬੰਧੀ ਵੱਖ-ਵੱਖ ਵਰਗ ਦੇ ਪਾਠਕਾਂ ਵੱਲੋਂ ਰੋਜ਼ਾਨਾ ਫੋਨ ਆਉਂਦੇ ਹਨ ਕਿ ਕਿਤਾਬ ਕਿਥੋਂ ਮਿਲੇਗੀ। ਬਹੁਤ ਸਾਰੇ ਵਿਦਵਾਨਾਂ ਨੇ ਖੋਜ-ਪੇਪਰ ਲਿਖੇ ਹਨ ਜਿਹੜੇ ਸੰਸਾਰ ਭਰ ਦੀਆਂ ਪ੍ਰਮੁੱਖ ਪੰਜਾਬੀ ਅਖ਼ਬਾਰਾਂ ਵਿਚ ਪ੍ਰਕਾਸ਼ਿਤ ਹੋਏ ਹਨ। ਜਿੰਨੇ ਵੀ ਰੀਵਿਊ ਹੋਏ ਹਨ ਸਭ ਵਿਚ ਬਹੁਤ ਪ੍ਰਸੰਸਾ ਕੀਤੀ ਗਈ ਹੈ। ਡਾ. ਨਰਿੰਦਰ ਸਿੰਘ ਕਪੂਰ ਦਾ ਕਹਿਣਾ ਹੈ ਕਿ ਇਹ

ਗਿਫਟ ਦੇਣ ਵਾਲੀ ਕਿਤਾਬ ਹੈ। ਇਸ ਤੋਂ ਬਾਅਦ ਸਵੈ ਜੀਵਨੀ ਦੀ ਰੂਪ ਰੇਖਾ ਬਦਲ ਜਾਵੇਗੀ।

ਡਾ. ਮਨਜਿੰਦਰ ਸਿੰਘ (ਮੁਖੀ ਪੰਜਾਬੀ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ), ਡਾ. ਬਲਜੀਤ ਕੌਰ ਰਿਆੜ (ਗੁਰੂ ਨਾਨਕ ਦੇਵ ਯੂਨੀਵਰਸਿਟੀ), ਡਾ ਲਖਵੀਰ ਸਿੰਘ (ਯੂਨੀਵਰਸਿਟੀ ਕਾਲਜ ਜਲੰਧਰ) ਡਾ. ਹੀਰਾ ਸਿੰਘ (ਖਾਲਸਾ ਕਾਲਜ ਅੰਮ੍ਰਿਤਸਰ), ਸ. ਉਜਾਗਰ ਸਿੰਘ (ਸਾਬਕਾ ਪਬਲਿਕ ਰਿਲੇਸ਼ਨ ਅਫ਼ਸਰ) ਨੇ ਸਵੈ-ਜੀਵਨੀ ਦੇ ਹਰ ਪੱਖ ਦੀ ਖੁੱਲ੍ਹ ਕੇ ਤਾਰੀਫ਼ ਕੀਤੀ ਹੈ। ਕੈਨੇਡਾ ਦੇ ਵੱਖ-ਵੱਖ ਸ਼ਹਿਰਾਂ ਵਿਚ ਰਿਲੀਜ਼ ਸਮਾਰੋਹ ਸਬੰਧੀ ਚਾਰ ਭਰਵੇਂ ਸਮਾਗਮ ਹੋਏ ਜਿਨ੍ਹਾਂ ਵਿਚ ਬੁਲਾਰਿਆਂ ਨੇ 'ਮੀਡੀਆ ਆਲੋਚਕ ਦੀ ਆਤਮ-ਕਥਾ' ਦਾ ਨਿੱਘਾ ਸਵਾਗਤ ਕੀਤਾ। ਹੁਣ ਤੱਕ ਦੇਸ ਵਿਦੇਸ ਦੇ ਦਰਜਨ ਦੇ ਕਰੀਬ ਪ੍ਰਮੁੱਖ ਰੇਡੀਓ-ਟੈਲੀਵੀਜ਼ਨ ਚੈਨਲ ਸਵੈ-ਜੀਵਨੀ ਸਬੰਧੀ ਲੰਮੀਆਂ ਇੰਟਰਵਿਊ ਪ੍ਰਸਾਰਿਤ ਕਰ ਚੁੱਕੇ ਹਨ।

**ਮਲਵਿੰਦਰ: ਹਫ਼ਤਾਵਾਰੀ ਕਾਲਮ ਲਿਖਣ ਦੇ ਰੁਝੇਵੇਂ ਨੇ ਜੀਵਨ ਦੇ ਹੋਰ ਪਹਿਲੂਆਂ ਨੂੰ ਕਿੰਝ ਤੇ ਕਿੰਨਾ ਪ੍ਰਭਾਵਤ ਕੀਤਾ** ?

**ਪ੍ਰੋ. ਕੁਲਬੀਰ**: ਹਫ਼ਤਾਵਾਰੀ ਕਾਲਮ ਲਿਖਣਾ ਬੇਹੱਦ ਜ਼ਿਮੇਵਾਰੀ ਵਾਲ਼ਾ ਕਾਰਜ ਹੈ। ਬਾਕੀ ਜ਼ਰੂਰੀ ਕੰਮ ਪਿੱਛੇ ਪਾ ਕੇ ਕਾਲਮ ਲਿਖਣਾ ਹੁੰਦਾ ਹੈ ਕਿਉਂਕਿ ਸਮੇਂ ਸਿਰ ਪਹੁੰਚੇਗਾ ਤਾਂ ਹੀ ਨਿਸਚਤ ਦਿਨ ਛਪੇਗਾ। ਮੈਨੂੰ ਯਾਦ ਹੈ ਕਦੇ ਰਾਤ 2 ਵਜੇ ਕਾਲਮ ਲਿਖ ਰਿਹਾ ਹੁੰਦਾ ਸਾਂ, ਕਦੇ ਲੰਮੇ ਸਫ਼ਰ ਦੌਰਾਨ ਲਿਖਣਾ ਪੈਂਦਾ ਹੈ। ਕਾਲਮ ਲਿਖਣਾ ਇੱਕ ਦਿਨ ਦਾ ਜਾਂ ਕੁਝ ਘੰਟਿਆਂ ਦਾ ਕੰਮ ਨਹੀਂ। ਸਾਰਾ ਹਫ਼ਤਾ ਮਾਨਸਿਕ ਤੌਰ 'ਤੇ ਰੁੱਝੇ ਰਹਿਣਾ ਹੁੰਦਾ ਹੈ। ਸੁਭਾਵਕ ਹੈ ਬਾਕੀ ਰੁਝੇਵਿਆਂ ਤੋਂ ਵਕਤ ਖੋਹ ਕੇ ਕਾਲਮ ਨੂੰ ਦੇਣਾ ਹੁੰਦਾ ਹੈ। ਪਰ ਹਫ਼ਤਾਵਾਰ ਕਾਲਮ ਲਿਖਣਾ ਬੜਾ ਦਿਲਚਸਪ, ਆਨੰਦਦਾਇਕ ਅਤੇ ਸੰਤੁਸ਼ਟੀ ਭਰਿਆ ਕਾਰਜ ਹੈ।

**ਮਲਵਿੰਦਰ: ਸਵੈ-ਜੀਵਨੀ 'ਮੀਡੀਆ ਆਲੋਚਕ ਦੀ ਆਤਮ-ਕਥਾ' ਆਮ ਸਾਹਿਤਕ ਸਵੈ ਜੀਵਨੀਆਂ ਨਾਲੋਂ ਭਿੰਨ ਹੈ। ਇੰਝ ਗਿਣਮਿਥ ਕੇ ਕੀਤਾ ਜਾਂ ਸਹਿਜ ਸੁਭਾਅ ਹੋ ਗਿਆ** ?

**ਪ੍ਰੋ. ਕੁਲਬੀਰ**: ਗਿਣ-ਮਿਥ ਕੇ ਵੀ ਕੀਤਾ ਅਤੇ ਸਹਿਜ ਸੁਭਾਵਕ ਵੀ ਹੋ ਗਿਆ। ਕਿਉਂਕਿ ਇਹ ਮੀਡੀਆ ਆਲੋਚਕ ਦੀ ਸਵੈ-ਜੀਵਨੀ ਹੈ, ਇਸ

ਲਈ ਸਾਹਿਤਕ ਸਵੈ-ਜੀਵਨੀਆਂ ਨਾਲੋਂ ਵੱਖਰੀ ਤਾਂ ਹੋਣੀ ਹੀ ਸੀ। ਦੂਸਰਾ ਕਿਸੇ ਵੀ ਵਿਧਾ ਦੀ ਕੋਈ ਇੱਕ ਬੱਝਵੀਂ ਪਰਿਭਾਸ਼ਾ, ਕੋਈ ਬੱਝਵੀਂ ਰੂਪ-ਰੇਖਾ ਨਹੀਂ ਹੁੰਦੀ। ਇਹ ਲੇਖਕ 'ਤੇ ਨਿਰਭਰ ਕਰਦਾ ਹੈ ਕਿ ਉਹ ਆਪਣੀ ਗੱਲ ਕਿਵੇਂ ਕਹਿੰਦਾ ਹੈ, ਕਿਵੇਂ ਕਹਿਣੀ ਚਾਹੁੰਦਾ ਹੈ।

**ਮਲਵਿੰਦਰ:** **ਇਸ ਸਵੈ ਜੀਵਨੀ ਵਿਚ ਕੁਝ ਚੈਪਟਰਾਂ ਵਿਚ ਦੁਹਰਾਅ ਬਹੁਤ ਹੈ। ਇਸ ਦਾ ਕੀ ਕਾਰਨ ਸਮਝਿਆ ਜਾਵੇ** ?

**ਪ੍ਰੋ. ਕੁਲਬੀਰ**: ਦੁਹਰਾਅ ਹੋਇਆ ਹੈ। ਨਹੀਂ ਸੀ ਹੋਣਾ ਚਾਹੀਦਾ। ਇਹ ਮੇਰੀ ਲਾਪ੍ਰਵਾਹੀ ਕਹਿ ਸਕਦੇ ਹੋ। ਪਰ ਇਸ ਦੇ ਦੋ ਸਪਸ਼ਟ ਕਾਰਨ ਹਨ। ਪਹਿਲਾ ਇਸ ਦਾ ਰਚਨਾ-ਕਾਲ ਕਈ ਸਾਲਾਂ ਵਿਚ ਫੈਲਿਆ ਹੋਇਆ ਹੈ। 2018-19 ਤੋਂ 2024ਤੱਕ। ਦੂਸਰਾ ਜਿਸ ਗੱਲ 'ਤੇ ਤੁਸੀਂ ਵਧੇਰੇ ਜ਼ੋਰ ਦੇਣਾ ਚਾਹੁੰਦੇ ਹੋ, ਉਹ ਵਾਰ ਵਾਰ ਆ ਜਾਂਦੀ ਹੈ। ਸੈਰ, ਕਸਰਤ, ਯੋਗਾ ਦਾ ਜ਼ਿਕਰ ਵਾਰ ਵਾਰ ਆਇਆ ਹੈ। ਚੰਗੀ ਸਿਹਤਮੰਦ ਖੁਰਾਕ ਦੀ ਗੱਲ ਵਾਰ ਵਾਰ ਹੋਈ ਹੈ। ਸਮਾਰਟ ਫ਼ੋਨ ਨੇ ਸਾਡਾ ਜੀਵਨ ਬਦਲ ਦਿੱਤਾ ਹੈ। ਇਸ ਦੀ ਕਾਫ਼ੀ ਚਰਚਾ ਕੀਤੀ ਹੈ। ਇਹ ਚੀਜ਼ਾਂ ਜ਼ਿੰਦਗੀ ਦਾ ਧੁਰਾ ਬਣ ਗਈਆਂ ਹਨ। ਸ਼ਾਇਦ ਇਸੇ ਕਰਕੇ ਦੁਹਰਾਅ ਹੋ ਗਿਆ ਹੋਵੇਗਾ।

**ਮਲਵਿੰਦਰ:** **ਸਾਹਿਤ ਦੇ ਵਿਦਿਆਰਥੀ ਦੀ ਅੱਧੀ ਸਦੀ ਮੀਡੀਆ ਆਲੋਚਨਾ ਨੇ ਖਾ ਲਈ। ਇਸ ਦੌਰਾਨ ਕਵਿਤਾ ਜਾਂ ਵਾਰਤਕ ਉੱਪਰ ਨਿੱਠ ਕੇ ਕੰਮ ਹੋ ਸਕਦਾ ਸੀ। ਕੀ ਕਹਿਣਾ ਚਾਹੋਗੇ** ?

**ਪ੍ਰੋ. ਕੁਲਬੀਰ**: ਮੈਨੂੰ ਇਸ ਦਾ ਕੋਈ ਝੋਰਾ ਨਹੀਂ। ਸਾਹਿਤ 'ਤੇ ਕੰਮ ਕਰਨ ਵਾਲ਼ੇ ਬਹੁਤ ਹਨ। ਮੀਡੀਆ 'ਤੇ ਕੰਮ ਕਰਨ ਵਾਲ਼ੇ ਟਾਵੇਂ ਟਾਵੇਂ ਹਨ। ਜਦ ਯੂਨੀਵਰਸਟਿਆਂ ਦੇ ਖੋਜ ਵਿਦਿਆਰਥੀ ਫੋਨ ਕਰਕੇ ਪੁੱਛਦੇ ਨੇ, 'ਸਰ ਤੁਹਾਡੀਆਂ ਪੁਸਤਕਾਂ ਕਿੱਥੋਂ ਮਿਲਣਗੀਆਂ' ਤਾਂ ਮੈਨੂੰ ਲੱਗਦਾ ਮਿਹਨਤ ਕੰਮ ਆਈ ਹੈ। ਖੇਤਰ ਉਹ ਚੁਣੋ ਜਿਹੜਾ ਮਿਹਨਤ ਮੰਗਦਾ ਹੈ। ਜਿਹੜਾ ਔਖਾ ਹੈ। ਜਿਹੜਾ ਖ਼ਾਲੀ ਹੈ। ਜਿੱਧਰ ਕੋਈ ਨਹੀਂ ਜਾਣਾ ਚਾਹੁੰਦਾ। ਦਰੁਸਤ ਹੈ ਮੀਡੀਆ ਆਲੋਚਨਾ ਨੇ ਮੇਰਾ ਅੱਧਾ ਜੀਵਨ ਮੱਲ ਲਿਆ ਪਰ ਬਦਲੇ ਵਿਚ ਇਸ ਨੇ ਬਹੁਤ ਮਾਣ ਸਤਿਕਾਰ ਦਿੱਤਾ। ਅਸਲ ਮਸਲਾ ਅੰਦਰੂਨੀ ਸੁਹਜ ਦਾ, ਅੰਦਰੂਨੀ ਸੰਤੁਸ਼ਟੀ ਦਾ ਹੈ। ਉਹ ਬਹੁਤ ਮਿਲੀ ਹੈ।

**ਮਲਵਿੰਦਰ: ਆਪਣੀ ਪੀੜ੍ਹੀ ਦੇ ਬਹੁਤੇ ਲੋਕਾਂ ਨੂੰ ਬਚਪਨ ਵਿਚ ਬਹੁਤ ਸੰਘਰਸ਼ ਕਰਨਾ ਪਿਆ। ਮੁਕਾਬਲਤਨ ਤੁਹਾਡਾ ਜੀਵਨ ਸੁਖਦ ਬੀਤਿਆ। ਇਸ ਦਾ ਸਾਹਿਤ ਸਿਰਜਣਾ ਉੱਪਰ ਕੀ ਅਸਰ ਪਿਆ** ?

**ਪ੍ਰੋ. ਕੁਲਬੀਰ**: ਘਰ ਦਾ ਮਾਹੌਲ ਪੜ੍ਹਾਈ ਲਿਖਾਈ ਵਾਲ਼ਾ ਸੀ। ਪਿਤਾ ਜੀ ਸਕੂਲ ਵਿਚ ਅਧਿਆਪਕ ਸਨ। ਨਤੀਜੇ ਵਜੋਂ ਸੰਘਰਸ਼ ਵਰਗਾ ਬਚਪਨ ਵਿਚ ਕੁਝ ਨਹੀਂ ਸੀ। ਮੈਂ ਸਭ ਤੋਂ ਛੋਟਾ ਸਾਂ। ਸਾਰੇ ਭੈਣ ਭਰਾ ਚੰਗੀ ਪੜ੍ਹਾਈ ਕਰਕੇ ਚੰਗੀਆਂ ਨੌਕਰੀਆਂ 'ਤੇ ਜਾ ਲੱਗੇ ਸਨ। ਪਿਤਾ ਜੀ ਬੜੇ ਸਿਆਣੇ, ਸਮਝਦਾਰ ਅਤੇ ਮਿਹਨਤੀ ਸਨ। ਉਨ੍ਹਾਂ ਦਾ ਪ੍ਰਭਾਵ ਸਾਰੇ ਪਰਿਵਾਰਕ ਮੈਂਬਰਾਂ 'ਤੇ ਰਿਹਾ। ਮੈਨੂੰ ਲੱਗਦਾ ਇਸ ਸਮੁੱਚੇ ਮਾਹੌਲ ਦਾ ਅਸਰ ਮੇਰੀ ਲੇਖਣੀ 'ਤੇ ਪਿਆ। ਬੜਾ ਸੁਭਾਵਕ ਹੈ ਚੁਣੌਤੀਆਂ ਭਰੇ ਸੰਘਰਸ਼ ਵਿਚੋਂ ਲੰਘਦਿਆਂ ਤੁਸੀਂ ਇਕਾਗਰ ਮਨ ਨਾਲ਼ ਸਿਰਜਣਾਤਮਿਕ ਕਾਰਜ ਨਹੀਂ ਕਰ ਸਕਦੇ। ਜੇ ਕਰੋਗੇ ਤਾਂ ਵਿਸ਼ਾ-ਸਮੱਗਰੀ ਉਸੇ ਸੰਘਰਸ਼ ਦੁਆਲੇ ਕੇਂਦਰਿਤ ਹੋਵੇਗੀ। ਮੀਡੀਆ ਨਾਲ਼ ਜੁੜਨਾ ਅਤੇ ਕੁਝ ਕੰਮ ਕਰ ਸਕਣਾ ਸ਼ਾਇਦ ਇਸੇ ਲਈ ਸੰਭਵ ਹੋ ਸਕਿਆ ਕਿ ਮੈਂ ਛੋਟੀਆਂ ਛੋਟੀਆਂ ਘਰੇਲੂ ਸਮੱਸਿਆਵਾਂ ਤੋਂ ਸੁਰਖ਼ਰੂ ਸਾਂ।

**ਮਲਵਿੰਦਰ: ਕਾਲਜ ਅਤੇ ਯੂਨੀਵਰਸਿਟੀ ਦੇ ਦਿਨਾਂ ਦੌਰਾਨ ਜਿਸ ਵਿਚਾਰਧਾਰਾ ਨੇ ਪ੍ਰਭਾਵਿਤ ਕੀਤਾ, ਬਾਅਦ ਵਾਲੇ ਸਾਲਾਂ ਦੌਰਾਨ ਉਸ ਦਾ ਅਸਰ ਕਿੱਧਰੇ ਨਜ਼ਰ ਨਹੀਂ ਆਇਆ। ਇਸ ਦਾ ਕੀ ਕਾਰਨ ਹੋ ਸਕਦਾ ਹੈ** ?

**ਪ੍ਰੋ. ਕੁਲਬੀਰ**: ਤੁਸੀਂ ਪੜ੍ਹ ਕੇ, ਵੇਖ ਕੇ, ਸੁਣ ਕੇ, ਸੰਗਤ ਵਿਚ ਵਿਚਾਰ ਕਰਕੇ ਕਿਸੇ ਸੋਚ, ਕਿਸੇ ਨਜ਼ਰੀਏ, ਕਿਸੇ ਵਿਚਾਰਧਾਰਾ ਦੇ ਧਾਰਨੀ ਬਣਦੇ ਹੋ। ਬਾਵਜੂਦ ਇਸ ਦੇ ਤੁਹਾਡੇ ਕੋਲ਼ ਇੱਕ ਆਪਣੀ ਸੋਚ ਵੀ ਹੁੰਦੀ ਹੈ। ਜਿਨ੍ਹਾਂ ਤੋਂ ਤੁਸੀਂ ਪ੍ਰਭਾਵਿਤ ਹੋਏ ਹੁੰਦੇ ਹੋ, ਜਦ ਉਨ੍ਹਾਂ ਦੇ ਡਾਵਾਂਡੋਲ ਜੀਵਨ ਨੂੰ ਤੱਕਦੇ ਹੋ, ਉਨ੍ਹਾਂ ਦੀ ਕੱਟੜਤਾ ਵੇਖਦੇ ਹੋ ਤਾਂ ਤੁਹਾਡੇ ਕੋਲ਼ ਆਪਣਾ ਰਾਹ ਰਸਤਾ ਚੁਣਨ ਦੀ ਖੁੱਲ੍ਹ ਹੁੰਦੀ ਹੈ। ਜੀਵਨ ਮਹੱਤਵਪੂਰਨ ਹੈ। ਜੀਵਨ ਵਿਚ ਸਹਿਜਤਾ ਮਹੱਤਵਪੂਰਨ ਹੈ। ਪਰਿਵਾਰ ਮਹੱਤਵਪੂਰਨ ਹੈ। ਹਰ ਵੇਲ਼ੇ ਆਪਣੇ ਆਪ ਨਾਲ਼ ਲੜੀ ਜਾਓ, ਖਿਝੀ ਖਹਿਬੜੀ ਜਾਓ, ਮੈਂ ਇਹਦੇ ਲਈ ਤਿਆਰ ਨਹੀਂ ਸੀ। ਨਦੀ ਸਹਿਜ ਵਗਦੀ ਹੈ। ਹੜ੍ਹ ਦਾ ਪਾਣੀ ਤਬਾਹੀ ਮਚਾਉਂਦਾ ਹੈ। ਕਾਲਜ ਯੂਨੀਵਰਸਿਟੀ ਦਾ ਮਾਹੌਲ ਅਲੱਗ ਚੀਜ਼ ਹੈ, ਜੀਵਨ ਦੀ ਫਿਲਾਸਫੀ ਅਲੱਗ ਚੀਜ਼ ਹੈ। ਜ਼ਿੰਦਗੀ ਬੈਸਟ ਟੀਚਰ ਹੈ। ਜ਼ਿੰਦਗੀ

ਤੁਹਾਨੂੰ ਦੱਸਦੀ ਹੈ, ਸਿਖਾਉਂਦੀ ਹੈ, ਸਮਝਾਉਂਦੀ ਹੈ ਕਿ ਤੁਹਾਡੇ ਲਈ ਕਿਹੜਾ ਰਸਤਾ ਸਹੀ ਹੈ। ਜੀਵਨ ਵਿਚ ਵਹਾਅ ਜ਼ਰੂਰੀ ਹੈ। ਵਹਾਅ ਨਹੀਂ ਤਾਂ ਜ਼ਿੰਦਗੀ ਉਲਝ ਜਾਂਦੀ ਹੈ। ਸੋਚ ਉਹ ਸਹੀ ਹੈ ਜਿਸ ਨਾਲ਼ ਤੁਸੀਂ ਸਹਿਜ ਰਹਿ ਸਕੋ।

**ਮਲਵਿੰਦਰ:** **ਤੁਸੀਂ ਪਿਛਲੇ 35ਵਰ੍ਹਿਆਂ ਤੋਂ ਟੈਲੀਵੀਜ਼ਨ ਦੇ ਹਵਾਲੇ ਨਾਲ਼ ਮੀਡੀਆ ਦੀਆਂ ਵੱਖ-ਵੱਖ ਧਾਰਾਵਾਂ ਬਾਰੇ ਲਿਖਦੇ ਆ ਰਹੇ ਹੋ। ਪਰ ਮੁਢਲੇ ਸਾਲਾਂ ਦੌਰਾਨ ਤੁਸੀਂ ਆਪਣੇ ਆਪ ਨੂੰ ਟੀ.ਵੀ. ਜਾਂ ਇੰਝ ਕਹਿ ਲਵੋ ਕਿ ਸਕਰੀਨ ਤੋਂ ਦੂਰ ਰੱਖਿਆ। ਫਿਰ ਡੀ.ਡੀ. ਪੰਜਾਬੀ ਦੇ ਪ੍ਰੋਗਰਾਮ 'ਖ਼ਾਸ ਖ਼ਬਰ ਇੱਕ ਨਜ਼ਰ' ਵਿੱਚ ਨਜ਼ਰ ਆਏ। ਮੀਡੀਆ ਦੀ ਆਲੋਚਨਾ ਕਰਦਿਆਂ ਮੀਡੀਆ ਦਾ ਹਿੱਸਾ ਬਣਨਾ ਕਿਵੇਂ ਲੱਗਿਆ?**

**ਪ੍ਰੋ. ਕੁਲਬੀਰ:** ਮੈਨੂੰ ਸ਼ੁਰੂ ਤੋਂ ਹੀ ਵੱਖ-ਵੱਖ ਪ੍ਰੋਗਰਾਮਾਂ ਵਿਚ ਸ਼ਾਮਲ ਹੋਣ ਲਈ ਕਿਹਾ ਜਾਂਦਾ ਸੀ। ਪਰ ਮੈਂ ਕਦੇ ਗਿਆ ਨਹੀਂ ਸੀ। ਮੇਰਾ ਪੂਰੇ ਦਾ ਪੂਰਾ ਧਿਆਨ ਆਪਣੇ ਕਾਲਮ ਵੱਲ ਸੀ। ਹੁਣ ਜਦ ਵੱਖ-ਵੱਖ ਚੈਨਲ, ਵਿਸ਼ੇਸ਼ ਕਰਕੇ ਦੂਰਦਰਸ਼ਨ ਮੇਰੇ ਨਾਲ਼ ਮੇਰੇ ਕਾਲਮ ਅਤੇ ਕੰਮ ਬਾਰੇ ਮੁਲਾਕਾਤਾਂ ਕਰ ਚੁੱਕੇ ਹਨ, ਮੈਂ ਇਲੈਕਟ੍ਰਾਨਿਕ ਮੀਡੀਆ ਬਾਰੇ ਪੁਸਤਕਾਂ ਪ੍ਰਕਾਸ਼ਤ ਕਰਵਾ ਚੁੱਕਾ ਹਾਂ। ਕਈ ਪੰਜਾਬੀ, ਹਿੰਦੀ, ਅੰਗਰੇਜ਼ੀ ਦੀਆਂ ਅਖ਼ਬਾਰਾਂ, ਰਸਾਲਿਆਂ ਵੱਲੋਂ ਮੈਨੂੰ ਟੀ.ਵੀ. ਬਾਰੇ ਕਾਲਮ ਲਿਖਣ ਲਈ ਕਿਹਾ ਜਾ ਰਿਹਾ ਹੈ। ਅੰਤਰ-ਰਾਸ਼ਟਰੀ ਮੀਡੀਆ ਕਾਨਫਰੰਸਾਂ ਲਈ ਸੱਦੇ ਆ ਰਹੇ ਹਨ, ਤਾਂ ਆਪਣੀ ਪ੍ਰਤੀਬੱਧਤਾ ਅਤੇ ਪ੍ਰਾਪਤੀਆਂ ਨੂੰ ਵੇਖਦਿਆਂ ਮੈਂ ਸੋਚਿਆ ਕਿ ਹੁਣ ਇਸ ਪੜਾਅ 'ਤੇ 'ਖ਼ਾਸ ਖ਼ਬਰ ਇੱਕ ਨਜ਼ਰ' ਜਿਹੇ ਚਲੰਤ ਮਾਮਲਿਆਂ ਸਬੰਧੀ ਸਿੱਧੇ ਪ੍ਰਸਾਰਤ ਹੋਣ ਵਾਲੇ ਮਿਆਰੀ ਪ੍ਰੋਗਰਾਮ ਵਿਚ ਸ਼ਾਮਲ ਹੋਣ ਵਿਚ ਕੋਈ ਹਰਜ਼ ਨਹੀਂ। ਇਥੇ ਮੈਂ ਦੱਸਣਾ ਚਾਹਾਂਗਾ ਕਿ 'ਇੰਡੀਅਨ ਟੈਲੀਵੀਜ਼ਨ ਅਕੈਡਮੀ ਮੁੰਬਈ' ਨੇ ਬਤੌਰ ਟੀ.ਵੀ. ਆਲੋਚਕ ਤੇ ਐਂਕਰ ਪਰਸਨ ਆਪਣਾ ਮੈਂਬਰ ਨਿਯੁਕਤ ਕੀਤਾ ਹੈ।

**ਮਲਵਿੰਦਰ:** **ਤੁਸੀਂ ਇਲੈਕਟਰਾਨਿਕ ਮੀਡੀਆ ਬਾਰੇ ਪਹਿਲੀ ਪੁਸਤਕ 'ਹੁਣ ਪਰਸਾਰਨ ਜਲੰਧਰ ਤੋਂ' ਛਪਵਾਈ ਸੀ। ਉਸ ਤੋਂ ਬਾਅਦ ਹੋਰ ਕਿਤਾਬਾਂ ਵੀ ਆਈਆਂ ਹਨ। ਕੀ ਪੰਜਾਬੀ ਜਾਂ ਹੋਰ ਭਾਸ਼ਾਵਾਂ ਵਿਚ ਵੀ ਅਜਿਹਾ ਕੰਮ ਮਿਲਦਾ ਹੈ? ਕਿਤਾਬਾਂ ਛਪਵਾਉਣ ਦਾ ਤਜਰਬਾ ਕਿਹੋ ਜਿਹਾ ਰਿਹਾ? ਅੱਗੋਂ ਕੀ ਯੋਜਨਾਵਾਂ ਹਨ?**

**ਪ੍ਰੋ. ਕੁਲਬੀਰ**: 'ਹੁਣ ਪ੍ਰਸਾਰਨ ਜਲੰਧਰ ਤੋਂ' ਪੰਜਾਬੀ ਇਲੈਕਟ੍ਰਾਨਿਕ ਮੀਡੀਆ ਬਾਰੇ ਆਪਣੀ ਕਿਸਮ ਦੀ ਪਹਿਲੀ ਪੁਸਤਕ ਸੀ। ਇਹ ਗੱਲ ਪੁਸਤਕ ਦੀ ਭੂਮਿਕਾ ਵਿਚ ਭਾਰਤੀ ਦੂਰਦਰਸ਼ਨ ਦੇ ਸਾਬਕਾ ਡਿਪਟੀ ਡਾਇਰੈਕਟਰ ਜਨਰਲ ਸ. ਅਲਬੇਲ ਸਿੰਘ ਗਰੇਵਾਲ ਹੁਰਾਂ ਨੇ ਵੀ ਕਹੀ ਹੈ ਅਤੇ ਪੁਸਤਕ ਸਬੰਧੀ ਲਿਖਣ ਵਾਲੇ ਰੀਵਿਊਕਾਰਾਂ ਨੇ ਵੀ। ਖ਼ਾਸ ਕਰਕੇ ਕਿਰਪਾਲ ਕਜ਼ਾਕ ਨੇ ਮੇਰੀ ਇਸ ਪੁਸਤਕ ਬਾਰੇ ਬੜਾ ਘੋਖਵਾਂ ਅਤੇ ਭਾਵਪੂਰਤ ਲਿਖਿਆ ਹੈ। ਪੰਜਾਬੀ ਵਿਚ ਰੇਡੀਓ ਸਬੰਧੀ ਇੱਕ ਦੋ ਕਿਤਾਬਾਂ ਹਨ ਪਰ ਉਨ੍ਹਾਂ ਦੀ ਰੂਪ-ਰੇਖਾ ਵੱਖਰੀ ਤਰ੍ਹਾਂ ਦੀ ਹੈ। ਹਿੰਦੀ ਵਿਚ ਕੰਮ ਹੋਇਆ ਹੈ ਪਰ ਬਹੁਤ ਜ਼ਿਆਦਾ ਨਹੀਂ। ਹਾਂ ਅੰਗਰੇਜ਼ੀ ਵਿਚ ਬੇਸ਼ੁਮਾਰ ਪੁਸਤਕਾਂ ਮਿਲਦੀਆਂ ਹਨ। ਦੇਸੀ ਵੀ ਵਿਦੇਸੀ ਵੀ। ਕਿਤਾਬਾਂ ਛਪਵਾਉਣ ਦਾ ਤਜਰਬਾ ਵਧੀਆ ਰਿਹਾ। ਚੰਗਾ ਹੁੰਗਾਰਾ ਮਿਲਿਆ ਹੈ।

**ਮਲਵਿੰਦਰ**: **ਇਸ ਵਿਚ ਕੋਈ ਸ਼ੱਕ ਨਹੀਂ ਕਿ ਕੇਬਲ ਟੀ.ਵੀ. ਨਾਲ਼ ਮੁਕਾਬਲਾ ਕਰਨ ਲਈ ਦੂਰਦਰਸ਼ਨ ਨੇ ਆਪਣੇ ਪ੍ਰੋਗਰਾਮਾਂ ਵਿਚ ਵੱਡੀਆਂ ਤਬਦੀਲੀਆਂ ਕੀਤੀਆਂ ਹਨ। ਵਿਸ਼ਵ ਪੱਧਰੀ ਚੈਨਲਾਂ ਦੀ ਭਰਮਾਰ ਵਿਚ ਅੱਜ ਦੂਰਦਰਸ਼ਨ ਕਿੱਥੇ ਖੜ੍ਹਾ ਹੈ ? ਹੋਰ ਕਿਸ ਕਿਸਮ ਦੀਆਂ ਤਬਦੀਲੀਆਂ ਜਾਂ ਯੋਜਨਾਵਾਂ ਦੀ ਲੋੜ ਤੁਸੀਂ ਮਹਿਸੂਸ ਕਰਦੇ ਹੋ ?**

**ਪ੍ਰੋ. ਕੁਲਬੀਰ**: ਜਦ ਸ਼ੁਰੂ ਵਿਚ ਨਿੱਜੀ ਉੱਪਗ੍ਰਹਿ ਚੈਨਲਾਂ ਨੇ ਭਾਰਤ ਵਿਚ ਪ੍ਰਵੇਸ਼ ਕੀਤਾ ਤਾਂ ਬੜਾ ਵਾਵੇਲਾ ਮੱਚਿਆ। ਇਸ ਨੂੰ ਭਾਰਤ 'ਤੇ ਪੱਛਮੀ ਸਭਿਆਚਾਰ ਦੇ ਹਮਲੇ ਵਜੋਂ ਵੇਖਿਆ ਗਿਆ। ਮੈਂ ਵੀ ਇਸ ਨੂੰ ਲੈ ਕੇ ਲੰਮੇ ਆਰਟੀਕਲ ਲਿਖਦਾ ਰਿਹਾ। ਪਰ ਸਮੇਂ ਨਾਲ਼ ਅਸੀਂ ਉਨ੍ਹਾਂ ਚੈਨਲਾਂ ਨੂੰ ਅਪਣਾ ਲਿਆ। ਉਹ ਸਾਡੇ ਵਿਚ ਰਚ ਮਿਚ ਗਏ ਹਨ। ਜਿਹੜੇ ਰਚਮਿਚ ਨਹੀਂ ਸਕੇ ਉਹ ਫੇਲ੍ਹ ਹੋ ਗਏ। ਨਿੱਜੀ ਉੱਪਗ੍ਰਹਿ ਚੈਨਲਾਂ ਦੇ ਆਉਣ ਨਾਲ਼ ਸੂਚਨਾ ਤੇ ਜਾਣਕਾਰੀ ਦੇ ਖੇਤਰ ਵਿਚ ਕ੍ਰਾਂਤੀਕਾਰੀ ਤਬਦੀਲੀਆਂ ਹੀ ਨਹੀਂ ਵਾਪਰੀਆਂ, ਮੁਕਾਬਲੇ ਦੀ ਤਿੱਖੀ ਭਾਵਨਾ ਵੀ ਪੈਦਾ ਹੋਈ ਹੈ। ਇਸ ਭਾਵਨਾ ਤਹਿਤ ਦੂਰਦਰਸ਼ਨ ਨੂੰ ਵੀ ਵੱਡੀਆਂ ਤਬਦੀਲੀਆਂ ਕਰਨੀਆਂ ਪਈਆਂ। ਪ੍ਰੰਤੂ ਸਰਕਾਰੀ ਅਦਾਰਾ ਹੋਣ ਕਾਰਨ ਉਸ ਦੀਆਂ ਆਪਣੀਆਂ ਸਮੱਸਿਆਵਾਂ ਤੇ ਜ਼ਿੰਮੇਵਾਰੀਆਂ ਹਨ। ਉਹ ਉਵੇਂ ਨਹੀਂ ਵਿਚਰ ਸਕਦਾ ਜਿਵੇਂ ਨਿੱਜੀ ਚੈਨਲ ਵਿਚਰਦੇ ਹਨ। ਨਿੱਜੀ ਚੈਨਲ ਨਾਗਰਿਕ ਨੂੰ ਉਪਭੋਗਤਾ ਪਹਿਲਾਂ ਅਤੇ ਸ਼ਹਿਰੀ ਦਾ ਦਰਜਾ

ਬਾਅਦ ਵਿਚ ਦਿੰਦੇ ਹਨ। ਦੂਰਦਰਸ਼ਨ ਇਹ ਸੋਚ, ਇਹ ਨਜ਼ਰੀਆ ਲੈ ਕੇ ਨਹੀਂ ਤੁਰ ਸਕਦਾ ਕਿਉਂਕਿ ਉਸ ਦਾ ਉਦੇਸ਼ ਕੇਵਲ ਕਮਾਈ ਕਰਨਾ ਨਹੀਂ ਹੈ। ਭਾਰਤੀਆਂ ਨੂੰ ਸਿੱਖਿਆ ਤੇ ਸੂਚਨਾ ਮੁਹੱਈਆ ਕਰਨੀ ਉਸ ਦਾ ਮੁਢਲਾ ਫ਼ਰਜ਼ ਹੈ। ਟੀ.ਵੀ. ਅੱਜ ਦਾ ਸਭ ਤੋਂ ਸ਼ਕਤੀਸ਼ਾਲੀ ਸੰਚਾਰ ਮਾਧਿਅਮ ਹੈ। ਇੱਕ ਵਾਰ ਸ਼ੇਖਰ ਕਪੂਰ ਨੇ ਟੀ.ਵੀ. ਮੁਲਾਕਾਤ ਦੌਰਾਨ ਕਿਹਾ ਸੀ ਕਿ ਮੈਨੂੰ ਦੂਰਦਰਸ਼ਨ 'ਤੇ ਰੋਜ਼ਾਨਾ ਇੱਕ ਘੰਟਾ ਦੇ ਦਿਉ ਮੈਂ ਭਾਰਤੀ ਲੋਕਾਂ ਦੀ ਸੋਚ ਬਦਲ ਦਿਆਂਗਾ। ਅਜਿਹੇ ਨਿਰਮਾਤਾ ਨਿਰਦੇਸ਼ਕਾਂ ਨੂੰ ਮੌਕੇ ਦਿੱਤੇ ਜਾਣੇ ਚਾਹੀਦੇ ਹਨ।

**ਮਲਵਿੰਦਰ: ਮੀਡੀਆ ਦੇ ਇੱਕ ਪਾਸੜ ਰਵੱਈਏ ਦੀ ਅਕਸਰ ਗੱਲ ਹੁੰਦੀ ਹੈ। ਇਸ ਨੂੰ ਬੌਧਿਕ ਭ੍ਰਿਸ਼ਟਾਚਾਰ ਕਿਹਾ ਜਾ ਸਕਦਾ ਹੈ** ?

**ਪ੍ਰੋ. ਕੁਲਬੀਰ**: ਬਿਨ੍ਹਾਂ ਸ਼ੱਕ ਮੀਡੀਆ ਦੀ ਪਹੁੰਚ ਨਿਰਪੱਖ ਅਤੇ ਸੰਤੁਲਿਤ ਹੋਣੀ ਚਾਹੀਦੀ ਹੈ। ਪਰ ਅਕਸਰ ਇੰਝ ਹੁੰਦਾ ਨਹੀਂ। ਕਿਉਂਕਿ ਹਰੇਕ ਅਦਾਰੇ ਦੀ ਇੱਕ ਸੋਚ ਹੁੰਦੀ ਹੈ, ਇੱਕ ਨੀਤੀ ਹੁੰਦੀ ਹੈ। ਕੀ ਸਾਹਿਤਕਾਰ ਆਪਣੀ ਸੋਚ, ਆਪਣੀ ਨੀਤੀ ਅਨੁਸਾਰ ਨਹੀਂ ਲਿਖਦਾ ? ਹਾਂ ਮੀਡੀਆ ਦੀ ਪੇਸ਼ਕਾਰੀ ਲੋਕ-ਪੱਖੀ ਹੋਣੀ ਜ਼ਰੂਰੀ ਹੈ। ਲੋਕਾਂ ਦੀਆਂ ਲੋੜਾਂ, ਥੁੜਾਂ, ਮੰਗਾਂ-ਉਮੰਗਾਂ, ਸਮੱਸਿਆਵਾਂ-ਪ੍ਰੇਸ਼ਾਨੀਆਂ ਨੂੰ ਉਭਾਰਨਾ ਮੀਡੀਆ ਦਾ ਜ਼ਿੰਮੇਵਾਰੀ ਹੈ।

**ਮਲਵਿੰਦਰ: ਸਾਹਿਤ ਦੀ ਹਰ ਵਿਧਾ ਵਿਚ ਲੇਖਕ ਦੀ ਵਿਚਾਰਧਾਰਾ ਦਾ ਦਖ਼ਲ ਹੁੰਦਾ ਹੈ। ਕਿਤੇ ਸਹਿਜ ਸੁਭਾ ਤੇ ਕਿਤੇ ਆਪ ਘੁਸੇੜੀ ਵਿਚਾਰਧਾਰਾ। ਮੀਡੀਆ ਆਲੋਚਨਾ ਵਿਚ ਵੀ ਆਲੋਚਕ ਦੀ ਵਿਚਾਰਧਾਰਾ ਦਾ ਦਖ਼ਲ ਹੁੰਦਾ ਹੈ** ?

**ਪ੍ਰੋ. ਕੁਲਬੀਰ**: ਸਾਹਿਤ ਲੇਖਕ ਦੀ ਸ਼ਖ਼ਸੀਅਤ ਦਾ ਅਕਸ ਹੰਦਾ ਹੈ। ਸ਼ਖ਼ਸੀਅਤ ਦਾ, ਸੋਚ ਦਾ, ਵਿਚਾਰਧਾਰਾ ਦਾ ਰਲ਼ਾ ਸੁਭਾਵਕ ਹੈ। ਪਰੰਤੂ ਜ਼ਬਰਦਸਤੀ ਵਿਚਾਧਾਰਾ ਦੀ ਘੁਸਪੈਂਠ ਨਾਅਰੇਬਾਜ਼ੀ ਬਣ ਜਾਂਦੀ ਹੈ। ਬਿਲਕੁਲ ਮੀਡੀਆ ਆਲੋਚਨਾ ਦੇ ਖੇਤਰ ਵਿਚ ਵੀ ਆਲੋਚਕ ਦੀ ਸੋਚ ਤੇ ਨਜ਼ਰੀਆ ਕਾਰਜਸ਼ੀਲ ਹੁੰਦੇ ਹਨ। ਟੈਲੀਵੀਜ਼ਨ ਪ੍ਰੋਗਰਾਮਾਂ ਦੀ ਆਲੋਚਨਾ ਕਰਦੇ ਵਕਤ ਮੈਂ ਹਮੇਸ਼ਾ ਆਸ਼ਾਵਾਦੀ ਪਹੁੰਚ ਨੂੰ ਮੱਦੇਨਜ਼ਰ ਰੱਖਿਆ ਹੈ। ਸਮਾਜਿਕ ਸਰੋਕਾਰਾਂ ਨੂੰ ਅਧਾਰ ਬਣਾਇਆ ਹੈ। ਪ੍ਰੋਗਰਾਮ ਵਿਚ ਲੋਕਾਂ ਲਈ, ਸਮਾਜ ਲਈ ਕੀ

ਸੰਦੇਸ਼ ਹੈ, ਹਮੇਸ਼ਾ ਇਸ 'ਤੇ ਫੋਕਸ ਕੀਤਾ ਹੈ। ਇਸੇ ਚੀਜ਼, ਇਸੇ ਪਹਿਲੂ ਨੇ ਪਾਠਕਾਂ ਨੂੰ, ਦਰਸ਼ਕਾਂ ਨੂੰ ਆਕਰਸ਼ਿਤ ਕੀਤਾ ਹੈ।

**ਮਲਵਿੰਦਰ: ਸਮੁੱਚੇ ਮੀਡੀਆ ਉੱਪਰ ਸੱਤਾ ਦਾ ਪ੍ਰਭਾਵ ਇੱਕ ਮੀਡੀਆ ਆਲੋਚਕ ਦੀ ਸੋਚ ਅਤੇ ਕੰਮ ਨੂੰ ਕਿਵੇਂ ਪ੍ਰਭਾਵਤ ਕਰਦਾ ਹੈ** ?

**ਪ੍ਰੋ. ਕੁਲਬੀਰ**: ਭਾਵੇਂ ਅੱਜ ਮੀਡੀਆ ਦੀ ਸਥਿਤੀ ਇਹ ਹੈ ਪਰੰਤੂ ਹਮੇਸ਼ਾ ਅਜਿਹਾ ਨਹੀਂ ਰਿਹਾ। ਭਾਰਤੀ ਪ੍ਰਿੰਟ ਮੀਡੀਆ ਦਾ ਇੱਕ ਮਾਣਮੱਤਾ ਇਤਿਹਾਸ ਹੈ। ਪ੍ਰਿੰਟ ਮੀਡੀਆ ਦਾ ਵੱਡਾ ਹਿੱਸਾ ਅੱਜ ਵੀ ਉਨ੍ਹਾਂ ਕਦਰਾਂ-ਕੀਮਤਾਂ 'ਤੇ ਕਾਇਮ ਹੈ। ਸਮੱਸਿਆ ਓਦੋਂ ਆਰੰਭ ਹੋਈ ਜਦੋਂ ਕਾਰੋਬਾਰੀ ਲੋਕ ਮੀਡੀਆ ਖੇਤਰ ਵਿੱਚ ਪ੍ਰਵੇਸ਼ ਕਰ ਗਏ ਅਤੇ ਉਨ੍ਹਾਂ ਨੇ ਮੀਡੀਆ ਨੂੰ ਵੀ ਕਾਰੋਬਾਰ ਬਣਾ ਲਿਆ। ਵਿਸ਼ੇਸ਼ ਕਰਕੇ ਟੈਲੀਵੀਜ਼ਨ ਦੇ ਇੱਕ ਹਿੱਸੇ ਨੇ ਉਲਾਰ ਤੇ ਇਕਪਾਸੜ ਪਹੁੰਚ ਅਪਣਾ ਲਈ। ਮੇਰੀ ਸੋਚ ਹੈ ਕਿ ਸਮੇਂ ਨਾਲ਼ ਵਾਪਰਨ ਵਾਲੀਆਂ ਤਬਦੀਲੀਆਂ ਨੇ ਵਾਪਰਨਾ ਹੀ ਹੁੰਦਾ ਹੈ। ਤੁਸੀਂ ਉਨ੍ਹਾਂ ਨੂੰ ਰੋਕ ਨਹੀਂ ਸਕਦੇ। ਸਮਾਂ ਆਪਣੀ ਤੋਰ ਤੁਰਦਾ ਹੈ। ਸਮੇਂ ਦਾ ਵਹਾਅ ਆਪਣੇ ਰਾਹ ਰਸਤੇ ਖੁਦ ਬਣਾਉਂਦਾ ਹੈ। ਉਂਝ ਇਹ ਸਭ ਵੇਖ ਸਮਝ ਕੇ ਪਰੇਸ਼ਾਨੀ ਹੁੰਦੀ ਹੈ। ਚਿੰਤਾ ਹੁੰਦੀ ਹੈ।

**ਮਲਵਿੰਦਰ: ਰੇਡੀਉ, ਟੈਲੀਵੀਜ਼ਨ, ਅਖ਼ਬਾਰ ਅਕਸਰ ਸਾਹਿਤ ਦੀ ਅਣਦੇਖੀ ਕਰਦੇ ਹਨ। ਮਿਆਰੀ ਸਾਹਿਤਕ ਪ੍ਰੋਗਰਾਮਾਂ ਦੀ ਘਾਟ ਹਮੇਸ਼ਾ ਰੜਕਦੀ ਹੈ। ਅਜਿਹੇ ਵਿਚ ਇੱਕ ਮੀਡੀਆ ਆਲੋਚਕ ਦੀ ਕੀ ਭੂਮਿਕਾ ਹੁੰਦੀ ਹੈ** ?

**ਪ੍ਰੋ. ਕੁਲਬੀਰ**: ਰੇਡੀਓ, ਟੈਲੀਵੀਜ਼ਨ, ਅਖ਼ਬਾਰਾਂ ਸਾਹਿਤ ਦੀ ਅਣਦੇਖੀ ਨਹੀਂ ਕਰਦੇ। ਉਨ੍ਹਾਂ ਦੀਆਂ ਆਪਣੀਆਂ ਸੀਮਾਵਾਂ, ਸਮੱਸਿਆਵਾਂ ਹਨ। ਸਭ ਤੋਂ ਵੱਡੀ ਸਮੱਸਿਆ ਸਮੇਂ ਤੇ ਸਪੇਸ ਦੀ ਹੈ। ਰੇਡੀਓ, ਟੈਲੀਵੀਜ਼ਨ ਕੋਲ਼ ਸਮਾਂ ਸੀਮਤ ਹੁੰਦਾ ਹੈ। ਅਖ਼ਬਾਰਾਂ ਕੋਲ਼ ਸਪੇਸ ਘੱਟ ਹੁੰਦੀ ਹੈ। ਬਾਵਜੂਦ ਇਸ ਦੇ ਪੰਜਾਬੀ ਅਖ਼ਬਾਰਾਂ ਨੇ ਪੰਜਾਬੀ ਸਾਹਿਤ ਨੂੰ ਵੱਡਾ ਹੁਲਾਰਾ ਦਿੱਤਾ ਹੈ। ਵਿਸ਼ੇਸ਼ ਐਡੀਸ਼ਨ, ਵਿਸ਼ੇਸ਼ ਪੰਨੇ ਪ੍ਰਕਾਸ਼ਿਤ ਕੀਤੇ ਜਾਂਦੇ ਹਨ। ਕਵਿਤਾ, ਕਹਾਣੀ, ਨਾਵਲ, ਪੁਸਤਕ ਰੀਵਿਊ ਨੂੰ ਵਿਸ਼ੇਸ਼ ਸਥਾਨ ਦਿੱਤਾ ਜਾਂਦਾ ਹੈ। ਦੂਰਦਰਸ਼ਨ ਦਾ ਇੱਕ ਸੁਨਹਿਰੀ ਦੌਰ ਰਿਹਾ ਹੈ। ਓਦੋਂ ਸਾਹਿਤਕ ਪ੍ਰੋਗਰਾਮ ਬੜੇ ਮਿਆਰੀ ਤੇ ਵੇਖਣਯੋਗ ਹੁੰਦੇ ਸਨ। ਪਰੋਡਿਊਸਰ ਖ਼ੂਬ ਮਿਹਨਤ ਕਰਦੇ ਸਨ।

ਨਿੱਜੀ ਪੰਜਾਬੀ ਚੈਨਲਾਂ ਨੇ ਸਾਹਿਤ ਨੂੰ ਕਦੇ ਲੋੜੀਂਦਾ ਮਹੱਤਵ ਨਹੀਂ ਦਿੱਤਾ। ਅੱਜ ਨਾ ਉਹ ਮਾਹੌਲ ਹੈ ਨਾ ਦੂਰਦਰਸ਼ਨ ਕੋਲ਼ ਟੀਮ ਹੈ। ਫਿਰ ਵੀ ਕੋਸ਼ਿਸ਼ ਜਾਰੀ ਹੈ। ਕੁਝ ਇੱਕ ਸਾਹਿਤਕ ਪ੍ਰੋਗਰਾਮ ਲਗਾਤਾਰ ਪ੍ਰਸਾਰਿਤ ਹੋ ਰਹੇ ਹਨ। ਮੈਂ ਬਤੌਰ ਮੀਡੀਆ ਆਲੋਚਕ ਆਪਣੇ ਕਾਲਮ ਰਾਹੀਂ ਸਮੇਂ ਸਮੇਂ ਉਨ੍ਹਾਂ ਨੂੰ ਝੰਜੋੜਦਾ ਰਹਿੰਦਾ ਹਾਂ ਪਰ ਮੈਨੂੰ ਲੱਗਦਾ ਵਧੇਰੇ ਕਸੂਰ ਸੋਸ਼ਲ ਮੀਡੀਆ ਦਾ, ਸਮਾਰਟ ਫੋਨ ਦਾ ਹੈ। ਕਿਸੇ ਕੋਲ਼ ਟੈਲੀਵੀਜ਼ਨ ਵੇਖਣ ਦਾ ਵਕਤ ਹੀ ਨਹੀਂ ਹੈ।

**ਮਲਵਿੰਦਰ:** **ਮੀਡੀਆ ਦਾ ਭਵਿੱਖ ਕਿਵੇਂ ਦਾ ਹੋਵੇਗਾ?** **ਸਮਾਜ ਉੱਪਰ ਕਿਸ ਤਰ੍ਹਾਂ ਦਾ ਪ੍ਰਭਾਵ ਪੈਣ ਦੀ ਸੰਭਾਵਨਾ ਹੈ?**

**ਪ੍ਰੋ. ਕੁਲਬੀਰ:** ਮੀਡੀਆ ਖੇਤਰ ਵਿੱਚ ਪਿਛਲੇ ਦੋ-ਤਿੰਨ ਦਹਾਕਿਆਂ ਦੌਰਾਨ ਜਿੰਨੀ ਤੇਜ਼ੀ ਨਾਲ਼ ਤਕਨੀਕੀ ਤਬਦੀਲੀਆਂ ਆਈਆਂ ਹਨ, ਉਨ੍ਹਾਂ ਨੇ ਸਭ ਨੂੰ ਹੈਰਾਨ ਕਰ ਦਿੱਤਾ ਹੈ। ਕੁਝ ਸਮੇਂ ਤੋਂ ਏ ਆਈ (ਆਰਟੀਫੀਸ਼ੀਅਲ ਇੰਟੈਲੀਜੈਂਸ) ਦੀ ਖ਼ੂਬ ਚਰਚਾ ਚੱਲ ਰਹੀ ਹੈ। ਇਸ ਨੇ ਦੁਨੀਆਂ ਨੂੰ ਚੁਕੰਨੇ ਤੇ ਚਕਾਚੌਂਧ ਕਰ ਦਿੱਤਾ ਹੈ। ਚੋਟੀ ਦੇ ਵਿਕਸਤ ਮੁਲਕਾਂ ਵਿਚ ਏ ਆਈ ਅਤੇ ਐਪਸ ਦੇ ਪ੍ਰਸੰਗ ਵਿਚ ਡਿਜੀਟਲ ਜੰਗ ਆਰੰਭ ਹੋ ਗਈ ਹੈ। ਭਵਿੱਖ ਵਿਚ ਮੀਡੀਆ ਦੇ ਸਰੂਪ ਬਾਰੇ ਸੋਚਕ ਕੇ ਡਰ ਲੱਗਦਾ ਹੈ। ਜਿਹੋ ਜਿਹਾ ਮੀਡੀਆ ਹੋਵੇਗਾ, ਉਹੋ ਜਿਹਾ ਸਮਾਜ ਤੇ ਵਿਹਾਰ ਹੋਵੇਗਾ। ਸੋਸ਼ਲ ਮੀਡੀਆ ਅਤੇ ਸਮਾਰਟ ਫੋਨ ਨੇ ਬੀਤੇ ਇੱਕ ਦਹਾਕੇ ਦੌਰਾਨ ਕੀ ਕੁਝ ਬਦਲ ਦਿੱਤਾ ਹੈ, ਸਾਡੇ ਸਾਹਮਣੇ ਹੈ।

**ਮਲਵਿੰਦਰ:** **ਮੀਡੀਆ ਦੀ ਹਨੇਰੀ ਦਾ ਰਿਸ਼ਤਿਆਂ ਉੱਪਰ ਕਿਸ ਤਰ੍ਹਾਂ ਦਾ ਅਸਰ ਪੈਣ ਦੀ ਸੰਭਾਵਨਾ ਹੈ?** **ਕੀ ਪਰਿਵਾਰਾਂ ਦੀ ਬਣਤਰ ਵਿਚ ਵੱਡੇ ਬਦਲਾਅ ਹੋਣ ਦੀ ਸੰਭਾਵਨਾ ਹੈ ਜਿਸ ਵਿਚ ਪਿਆਰ, ਸਤਿਕਾਰ ਅਤੇ ਮਰਿਆਦਾ ਮਨਫ਼ੀ ਹੋਣਗੇ?**

**ਪ੍ਰੋ. ਕੁਲਬੀਰ:** ਅਕਸਰ ਇਹ ਸਵਾਲ ਉੱਠਦਾ ਹੈ ਕਿ ਸੋਸ਼ਲ ਮੀਡੀਆ ਵਰ ਹੈ ਜਾਂ ਸਰਾਪ? ਇਤਿਹਾਸ ਗਵਾਹ ਹੈ ਕਿ ਹਰੇਕ ਖੋਜ, ਹਰੇਕ ਕਾਢ ਨਫ਼ੇ ਨੁਕਸਾਨ ਨਾਲ਼ ਲੈ ਕੇ ਆਉਂਦੀ ਹੈ। ਇਹ ਸਾਡੇ 'ਤੇ ਹੈ ਕਿ ਅਸੀਂ ਉਸ ਦੀ ਵਰਤੋਂ ਕਿਵੇਂ ਤੇ ਕਿੰਨੀ ਕਰਦੇ ਹਾਂ।

ਇੱਕ ਪਾਸੇ ਸੋਸ਼ਲ ਮੀਡੀਆ ਨੇ ਸਾਨੂੰ ਨੇੜੇ ਲੈ ਆਂਦਾ ਹੈ, ਦੂਸਰੇ ਪਾਸੇ ਦੂਰੀਆਂ ਵਧਾ ਦਿੱਤੀਆਂ ਹਨ। ਵੀਡੀਓ ਕਾਲ ਨੇ ਪਰਿਵਾਰਾਂ

ਦਾ, ਦੋਸਤਾਂ ਮਿੱਤਰਾਂ ਦਾ, ਨੇੜਤਾ ਦਾ, ਸਾਂਝ ਦਾ, ਮੇਲ-ਜੋਲ ਦਾ ਅਹਿਸਾਸ ਵਧਾਇਆ ਹੈ। ਸਾਡੀ ਨਜ਼ਰ ਅਤੇ ਨਜ਼ਰੀਏ 'ਤੇ ਨਿਰਭਰ ਕਰਦਾ ਹੈ ਕਿ ਅਸੀਂ ਕੀ ਵੇਖਦੇ ਹਾਂ। ਚੰਗਾ ਪਹਿਲੂ ਵੇਖਦੇ ਹਾਂ ਜਾਂ ਬੁਰਾ। ਪਹਿਲਾਂ ਵੀ ਅਨੇਕਾਂ ਹਨੇਰੀਆਂ ਝੁੱਲੀਆਂ ਹਨ, ਜਿਹਨਾਂ ਨੇ ਜ਼ਿੰਦਗੀ ਦੀ, ਪਰਿਵਾਰਾਂ ਦੀ ਤੋਰ ਤਰਜ਼ ਬਦਲੀ। ਉਵੇਂ ਦੀ ਇੱਕ ਇਹ ਹਨੇਰੀ ਹੈ। ਮਨੁੱਖ ਬੜਾ ਬਲਵਾਨ ਹੈ। ਪਰਿਵਾਰ ਬੜੀ ਵੱਡੀ ਤਾਕਤ ਹੈ। ਜਿੱਥੇ ਪਹਿਲਾਂ ਅਨੇਕਾਂ ਝੱਖੜ ਝੱਲੇ, ਉਥੇ ਇਹ ਵੀ ਗੁਜ਼ਰ ਜਾਵੇਗਾ।

ਰਿਸ਼ਤਿਆਂ ਅਤੇ ਪਰਿਵਾਰਾਂ ਦੀ ਬਣਤਰ ਇਕੱਲੇ ਮੀਡੀਆ ਕਾਰਨ ਹੀ ਨਹੀਂ ਬਦਲਦੀ। ਮੀਡੀਆ ਇੱਕ ਪਹਿਲੂ ਹੈ। ਇਸ ਬਦਲਾਅ ਦੇ ਸੈਂਕੜੇ ਕਾਰਨ ਹਨ। ਪਿਆਰ, ਸਤਿਕਾਰ ਅਤੇ ਮਰਿਯਾਦਾ ਵੱਧ ਵੀ ਰਹੇ ਹਨ, ਘੱਟ ਵੀ ਰਹੇ ਹਨ। ਸਾਰਿਆਂ ਨੂੰ ਇਕੋ ਰੱਸੇ ਨਹੀਂ ਬੰਨ੍ਹਿਆਂ ਜਾ ਸਕਦਾ। ਸਮਾਜ, ਸਭਿਆਚਾਰ ਕੋਈ ਜੜ੍ਹ ਵਸਤੂ ਨਹੀਂ ਹਨ। ਇਹ ਪਰਿਵਰਤਨਸ਼ੀਲ ਹਨ। ਬਦਲਾਅ ਅਤੇ ਅਦਲ ਬਦਲ ਹੁੰਦੇ ਰਹਿੰਦੇ ਹਨ। ਇਹ ਸੁਭਾਵਿਕ ਹਨ। ਸਾਨੂੰ ਸਮੇਂ ਨਾਲ਼ ਬਦਲਣਾ ਸਿੱਖਣਾ ਪੈਣਾ ਹੈ।

**ਮਲਵਿੰਦਰ: ਵਿਕਸਤ ਤਕਨੀਕ ਨੇ ਦੂਰੀਆਂ ਘਟਾ ਦਿੱਤੀਆਂ ਹਨ। ਪਰ ਇਸ ਨੇ ਰਿਸ਼ਤਿਆਂ ਵਿਚਲੀ ਦੂਰੀ ਵਧਾ ਦਿੱਤੀ ਹੈ। ਇਸ ਵਿੱਚ ਮੀਡੀਆ ਦੀ ਕੀ ਭੂਮਿਕਾ ਹੈ** ?

**ਪ੍ਰੋ. ਕੁਲਬੀਰ**: ਜਦੋਂ ਰੇਲ ਗੱਡੀ ਆਈ ਤਾਂ ਕਹਿਣ ਲੱਗੇ ਹੁਣ ਬੱਸਾਂ ਬੰਦ ਹੋ ਜਾਣਗੀਆਂ। ਇਹ ਤਾਂ ਸਾਰੀਆਂ ਸਵਾਰੀਆਂ ਇਕੋ ਵੇਲ਼ੇ ਭਰ ਕੇ ਲੈ ਜਾਂਦੀ ਹੈ। ਇਹ ਡਰ, ਇਹ ਚਿੰਤਾਵਾਂ ਹਮੇਸ਼ਾ ਰਹੀਆਂ ਹਨ। ਸਵਾਲ ਇਹ ਹੈ ਕਿ ਅਸੀਂ ਤਕਨੀਕ ਦੀ ਵਰਤੋਂ ਕਿਵੇਂ ਕਰਦੇ ਹਾਂ। ਇਹ ਸਾਡੇ ਅਧੀਨ ਹੈ ਜਾਂ ਅਸੀਂ ਇਸ ਦੇ ਅਧੀਨ। ਮੈਂ ਸਮਝਦਾ ਹਾਂ ਵਿਕਸਤ ਤਕਨੀਕ ਨੇ ਰਿਸ਼ਤਿਆਂ ਵਿਚਲੀ ਦੂਰੀ ਘਟਾ ਦਿੱਤੀ ਹੈ। ਵੀਡੀਉ ਕਾਲ ਮਿਲਾਉਂਦੇ ਹਾਂ ਤਾਂ ਸੱਤ ਸਮੁੰਦਰ ਪਾਰ ਬੈਠੇ ਪਰਿਵਾਰਕ ਮੈਂਬਰ ਉਸੇ ਪਲ ਸਕਰੀਨ 'ਤੇ ਤੁਹਾਡੇ ਸਾਹਮਣੇ ਹੁੰਦੇ ਹਨ। ਦਰਅਸਲ ਮਸਲਾ ਤਕਨੀਕ ਪ੍ਰਤੀ ਨਜ਼ਰੀਏ ਦਾ ਹੈ। ਤਿੰਨ ਚਾਰ ਦਹਾਕੇ ਪਹਿਲਾਂ ਵਿਦੇਸ਼ ਵਿਚ ਪਰਿਵਾਰਕ ਮੈਂਬਰਾਂ ਨਾਲ਼ ਫੋਨ 'ਤੇ ਗੱਲ ਕਰਨ ਲਈ ਪੂਰੇ ਪੰਜਾਬ ਵਿਚੋਂ ਲੋਕ ਮੁੱਖ-ਡਾਕਖਾਨੇ ਜਲੰਧਰ ਪਹੁੰਚਿਆ ਕਰਦੇ ਸਨ। ਤੜਕੇ ਚਾਰ ਵਜੇ ਤੋਂ

ਕਤਾਰ ਲੱਗਣੀ ਸ਼ੁਰੂ ਹੋ ਜਾਂਦੀ ਸੀ। ਕਈ ਤਾਂ ਰਾਤ ਨੂੰ ਹੀ ਉਥੇ ਆ ਕੇ ਬੈਠ ਜਾਦੇ ਸਨ। ਸ਼ਾਮ ਪੰਜ ਵਜੇ ਤੱਕ ਵਾਰੀ ਆ ਗਈ ਤਾਂ ਆ ਗਈ, ਨਹੀਂ ਤਾਂ ਅਗਲੇ ਦਿਨ ਤੱਕ ਉਡੀਕ ਕਰਨੀ ਪੈਂਦੀ ਸੀ। ਉਹ ਦਿਨ ਚੰਗੇ ਸਨ ਜਾਂ ਇਹ ਦਿਨ ਚੰਗੇ ਹਨ? ਸਾਨੂੰ ਭਰਿਆ ਗਲਾਸ ਭੁੱਲ ਕੇ ਖਾਲੀ ਗਲਾਸ ਵੇਖਣ ਦੀ ਆਦਤ ਹੈ।

**ਮਲਵਿੰਦਰ:** **ਕੀ ਡਿਜੀਟਲ ਮੀਡੀਆ ਅਖ਼ਬਾਰਾਂ, ਰਸਾਲਿਆਂ ਅਤੇ ਕਿਤਾਬਾਂ ਦੀ ਲੋੜ ਨੂੰ ਖ਼ਤਮ ਕਰ ਰਿਹਾ ਹੈ** ?

**ਪ੍ਰੋ. ਕੁਲਬੀਰ:** ਜੀ ਨਹੀਂ। ਪਹਿਲਾ ਪ੍ਰਭਾਵ ਇਹੀ ਲੱਗਦਾ ਹੈ। ਪ੍ਰੰਤੂ ਹਕੀਕਤ ਇਸ ਤੋਂ ਅਲੱਗ ਹੈ। ਛੋਟੀਆਂ ਵੱਡੀਆਂ ਪੁਸਤਕ ਪ੍ਰਦਰਸ਼ਨੀਆਂ ਵਿਚ ਕਰੋੜਾਂ ਰੁਪਏ ਦੀਆਂ ਕਿਤਾਬਾਂ ਕਿਉਂ ਵਿਕ ਰਹੀਆਂ ਹਨ? ਆਮ ਲੋਕ ਡਿਜੀਟਲ ਮੀਡੀਆ 'ਤੇ ਵਧੇਰੇ ਵਕਤ ਬਿਤਾਉਂਦੇ ਹਨ। ਉਹ ਪਹਿਲਾਂ ਵੀ ਕਿਤਾਬਾਂ ਨਹੀਂ ਪੜ੍ਹਦੇ ਸਨ। ਵਿਕਸਤ ਮੁਲਕਾਂ ਵਿਚ ਜਦ ਪਹਿਲੇ ਦਿਨ ਕਿਤਾਬ ਵਿਕਰੀ ਲਈ ਦੁਕਾਨਾਂ 'ਤੇ ਪੁੱਜਦੀ ਹੈ, ਤਾਂ ਲੰਮੀਆਂ ਲਾਈਨਾਂ ਲੱਗ ਜਾਂਦੀਆਂ ਹਨ। ਤੁਸੀਂ ਫੇਸਬੁੱਕ ਦੇ ਆਧਾਰ 'ਤੇ ਗੱਲ ਕਰ ਰਹੇ ਹੋ। ਫੇਸਬੁੱਕ ਦੀ ਦੁਨੀਆਂ ਅਤੇ ਅਸਲੀ ਸੰਸਾਰ ਵਿਚ ਵੱਡਾ ਅੰਤਰ ਹੈ। ਮੈਂ ਸਭ ਤੋਂ ਵੱਧ ਪੁਸਤਕਾਂ ਪਿਛਲੇ ਪੰਜ ਸਾਲਾਂ ਵਿੱਚ ਖਰੀਦੀਆਂ ਅਤੇ ਪੜ੍ਹੀਆਂ ਹਨ। ਅਖ਼ਬਾਰਾਂ ਅਤੇ ਰਸਾਲਿਆਂ ਦੀ ਸਰਕੂਲੇਸ਼ਨ 'ਤੇ ਅਸਰ ਜ਼ਰੂਰ ਪਿਆ ਹੈ ਅਤੇ ਟੈਲੀਵੀਜ਼ਨ ਦੇ ਦਰਸ਼ਕ ਵੀ ਘਟੇ ਹਨ।

**ਮਲਵਿੰਦਰ:** **ਮੀਡੀਆਂ ਦੀ ਮਾਰਫ਼ਤ ਵੱਧ ਰਿਹਾ ਪ੍ਰਚਾਰ ਸਾਡੇ ਸਹਿਜ ਨੂੰ ਖੰਡਿਤ ਨਹੀਂ ਕਰ ਰਿਹਾ** ?

**ਪ੍ਰੋ. ਕੁਲਬੀਰ:** ਸਹਿਜ ਨੂੰ ਖੰਡਿਤ ਕਰਨ ਵਾਲ਼ਾ ਪਹਿਲਾਂ ਹੀ ਬੜਾ ਕੁਝ ਮੌਜੂਦ ਹੈ। ਜਦ ਘਰ ਘਰ ਟੈਲੀਵੀਜ਼ਨ ਆਇਆ ਸੀ, ਓਦੋਂ ਵੀ ਬੜਾ ਹੋ ਹੱਲਾ ਮੱਚਿਆ ਸੀ। ਸਕਰੀਨ ਵੱਡਾ ਹੋਣ ਕਾਰਨ ਟੈਲੀਵੀਜ਼ਨ 'ਤੇ ਹੁੰਦਾ ਪ੍ਰਚਾਰ ਮਨੁੱਖ 'ਤੇ ਵਧੇਰੇ ਅਸਰ ਕਰਦਾ ਹੈ। ਤਕਨੀਕ ਆਪਣੀ ਚਾਲ ਚੱਲ ਰਹੀ ਹੈ। ਮਨੁੱਖ ਨੇ ਆਪਣੇ ਵਿਵੇਕ ਤੇ ਸੋਝੀ ਦੀ ਵਰਤੋਂ ਕਰਨੀ ਹੈ। ਤਕਨੀਕ ਨੂੰ ਜੀਵਨ ਵਿਚੋਂ ਮਨਫ਼ੀ ਨਹੀਂ ਕੀਤਾ ਜਾ ਸਕਦਾ। ਇਹ ਖਿੰਡਾਅ, ਇਹ ਭੱਜ-ਦੌੜ, ਇਹ ਕਾਹਲ, ਇਹ ਆਪਾ-ਧਾਪੀ ਸਮੇਂ ਨਾਲ਼ ਹੋਰ ਵੱਧਣੀ ਹੈ। ਸਾਡੀ ਸਮਝ, ਸਾਡੇ

ਸਹਿਜ, ਸਾਡੀ ਸਮਰੱਥਾ 'ਤੇ ਨਿਰਭਰ ਕਰਦਾ ਹੈ ਕਿ ਇਸ ਸਭ ਤੋਂ ਬਚ-ਬਚਾਕੇ ਕਿਵੇਂ ਕੰਮ ਕਰਦੇ ਜਾਣਾ ਹੈ। ਮੈਂ ਮੀਡੀਆ 'ਤੇ ਹੋ ਰਹੇ ਪ੍ਰਚਾਰ ਵੱਲ ਕਦੇ ਧਿਆਨ ਨਹੀਂ ਦਿੱਤਾ। ਕਦੇ ਵੀਡੀਉ ਨਹੀਂ ਵੇਖੀਆਂ। ਕਦੇ ਤੂੰ ਤੂੰ ਮੈਂ ਮੈਂ ਵਿਚ ਨਹੀਂ ਪਿਆ। ਕਈ ਕਈ ਮਹੀਨੇ ਮੈਂ ਫੇਸਬੁੱਕ 'ਤੇ ਪੋਸਟ ਨਹੀਂ ਪਾਉਂਦਾ। ਦਰਅਸਲ ਅਸੀਂ ਖ਼ੁਦ ਪ੍ਰਚਾਰ ਕਰਦੇ ਹਾਂ। ਇਸੇ ਲਈ ਪ੍ਰਚਾਰ ਦੀ ਹਨੇਰੀ ਵਿੱਚ ਉਲਝ ਜਾਂਦੇ ਹਾਂ।

**ਮਲਵਿੰਦਰ:** **ਕੀ ਮੀਡੀਆ ਦਾ ਪਸਾਰ ਸੁਖ ਸਹੂਲਤਾਂ ਦਾ ਪਸਾਰ ਹੈ ਜਾਂ ਸਮੱਸਿਆਵਾਂ ਪੈਦਾ ਕਰਨ ਦਾ ਇੱਕ ਜ਼ਰੀਆ ਹੈ** ?

**ਪ੍ਰੋ. ਕੁਲਬੀਰ:** ਨਵੇਂ ਮੀਡੀਆ ਨੇ ਸਾਨੂੰ ਬਹੁਤ ਕੁਝ ਦਿੱਤਾ ਹੈ। ਸੁਖ ਵੀ, ਦੁਖ ਵੀ। ਹੈਰਾਨੀ ਵੀ, ਪਰੇਸ਼ਾਨੀ ਵੀ। ਖ਼ੁਸ਼ੀ ਵੀ, ਗਮੀ ਵੀ। ਦਰਅਸਲ ਇਹ ਸਾਰੇ ਸਵਾਲ ਰਲਦੇ ਮਿਲਦੇ ਹਨ। ਸੁਖ-ਸਹੂਲਤ ਕਿੱਥੋਂ ਤੱਕ ਹੈ ਅਤੇ ਸਮੱਸਿਆ ਦੀ ਸ਼ੁਰੂਆਤ ਕਿੱਥੋਂ ਹੁੰਦੀ ਹੈ। ਸਿਆਣਪ ਇਸੇ ਵਿਚ ਹੈ ਕਿ ਸਮੱਸਿਆ ਸ਼ੁਰੂ ਹੋਣ ਤੋਂ ਪਹਿਲਾਂ ਸਿਆਣੇ ਬਣ ਜਾਉ। ਰੁਕ ਜਾਓ। ਬੈਠੋ। ਆਰਾਮ ਕਰੋ। ਸੋਚੋ, ਵਿਚਾਰੋ। ਦਰਅਸਲ ਅਸੀਂ ਖ਼ੁਦ ਮੀਡੀਆ ਦੀ ਚਕਾਚੌਂਧ ਵੱਲ ਖਿੱਚੇ ਜਾਂਦੇ ਹਾਂ। ਜ਼ਰਾ ਜਿੰਨੀ ਕਿਸੇ ਨੇ ਤਾਰੀਫ਼ ਕਰ ਦਿੱਤੀ, ਉੱਛਲ ਉੱਛਲ ਪੈਂਦੇ ਹਾਂ। ਬਦਲੇ ਵਿਚ ਉਸ ਤੋਂ ਵੱਧ ਤਰੀਫ਼ ਕਰਦੇ ਹਾਂ। ਇਵੇਂ ਇੱਕ ਘੁੰਮਣਘੇਰੀ ਵਿਚ ਘੁੰਮਦੇ ਰਹਿੰਦੇ ਹਾਂ। ਬਹੁਤ ਘੱਟ ਲੋਕ ਹਨ ਜਿਹੜੇ ਫੇਸਬੁੱਕ ਤੇ ਸੋਸ਼ਲ ਮੀਡੀਆ ਦੀ ਵਰਤੋਂ ਸਹਿਜ ਤੇ ਸਿਆਣਪ ਨਾਲ਼ ਕਰਦੇ ਹਨ। ਸਹਿਜ ਤੁਹਾਡੇ ਅੰਦਰੋਂ ਪੈਦਾ ਹੋਣਾ ਹੈ। ਅਸੀਂ ਫੇਸਬੁੱਕ ਤੋਂ ਭਾਲਦੇ ਹਾਂ।

ਦੁਨੀਆਂ ਭਰ ਵਿਚ ਇਸ ਵਿਸੇ 'ਤੇ ਬੜੀਆਂ ਖੋਜਾਂ, ਬੜੇ ਸਰਵੇ ਹੋ ਚੁੱਕੇ ਹਨ ਕਿ ਜਿਹੜਾ ਵਿਅਕਤੀ ਰੋਜ਼ਾਨਾ ਫੇਸਬੁੱਕ 'ਤੇ ਪੋਸਟਾਂ ਪਾਉਂਦਾ ਹੈ, ਉਹ ਮਾਨਸਿਕ ਤੌਰ 'ਤੇ ਸਿਹਤਮੰਦ ਨਹੀਂ ਹੋ ਸਕਦਾ। ਦੋਸ਼ੀ ਅਸੀਂ ਹਾਂ। ਸਮਝ ਸਲੀਕੇ ਦੀ ਘਾਟ ਸਾਨੂੰ ਹੈ। ਦੋਸ਼ ਮੀਡੀਆ ਨੂੰ, ਫੇਸਬੁੱਕ ਨੂੰ ਦਈ ਜਾਂਦੇ ਹਾਂ। ਤਕਨੀਕ ਬਦਲੇਗੀ, ਮੀਡੀਆ ਬਦਲੇਗਾ, ਮੀਡੀਆ ਤੁਹਾਨੂੰ ਆਕਰਸ਼ਿਤ ਕਰੇਗਾ, ਜਾਲ਼ ਬਖੇਰੇਗਾ। ਤੁਹਾਡਾ ਵਿਵੇਕ ਕਿੱਥੇ ਹੈ ? ਤੁਹਾਡਾ ਸਹਿਜ, ਸੂਝ, ਸਵੈ-ਜ਼ਾਬਤਾ ? ਮਸਲਾ ਸਵੈ-ਜ਼ਾਬਤੇ ਦਾ ਹੈ, ਸਵੈ-ਅਨੁਸ਼ਾਸਨ ਦਾ ਹੈ। ਮੀਡੀਆ ਸੁਖ ਸਹੂਲਤਾਂ ਵੀ ਦੇ ਰਿਹਾ ਹੈ, ਸਮੱਸਿਆਵਾਂ ਵੀ। ਸੁਖ-ਸਹੂਲਤਾਂ ਦਾ ਆਨੰਦ ਉਠਾਉਂਦੇ ਹੋਏ, ਸਮੱਸਿਆਵਾਂ ਤੋਂ ਬਚਦੇ

ਬਚਾਉਂਦੇ, ਰਾਹ ਰਸਤਾ ਅਸੀਂ ਖੁਦ ਚੁਣਨਾ ਹੈ। ਤੁਸੀਂ ਤਕਨੀਕ ਨੂੰ, ਬਦਲਾਅ ਨੂੰ, ਸਮੇਂ ਨੂੰ, ਸਮੱਸਿਆਵਾਂ ਨੂੰ ਸੰਗਲ ਪਾ ਕੇ ਬੰਨ੍ਹ ਨਹੀਂ ਸਕਦੇ। ਸਾਨੂੰ ਸਮੇਂ ਨਾਲ਼ ਤੁਰਨਾ, ਬਦਲਣਾ ਸਿੱਖਣਾ ਪੈਣਾ ਹੈ।

**ਮਲਵਿੰਦਰ: ਸਥਿਤੀ ਨੂੰ ਬਦਲਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਜਾਂ ਖ਼ੁਦ ਨੂੰ ਸਥਿਤੀ ਅਨੁਸਾਰ ਢਾਲ਼ ਲੈਣਾ ਚਾਹੀਦਾ ਹੈ** ?

**ਪ੍ਰੋ. ਕੁਲਬੀਰ**: ਸਮਰੱਥਾ ਹੋਵੇ ਤਾਂ ਬਦਲਣ ਦੀ ਕੋਸ਼ਿਸ਼ ਜ਼ਰੂਰ ਕਰਨੀ ਚਾਹੀਦੀ ਹੈ। ਅੱਜ ਸਥਿਤੀਆਂ ਮਨੁੱਖ ਨੂੰ ਆਪਣੇ ਅਨੁਕੂਲ ਕਰ ਰਹੀਆਂ ਹਨ।

**ਮਲਵਿੰਦਰ: ਅਧਿਆਤਮਿਕਤਾ ਦਾ ਸਾਡੇ ਜੀਵਨ ਵਿੱਚ ਕੀ ਮਹੱਤਵ ਹੈ** ?

**ਪ੍ਰੋ. ਕੁਲਬੀਰ**: ਅਧਿਆਤਮਕਿਤਾ ਅਤੇ ਰੂਹਾਨੀਅਤ ਜੀਵਨ ਨੂੰ ਅਰਥ ਦਿੰਦੇ ਹਨ, ਉਦੇਸ਼ ਦਿੰਦੇ ਹਨ, ਸਾਰਥਿਕਤਾ ਪ੍ਰਦਾਨ ਕਰਦੇ ਹਨ, ਮਾਨਸਿਕ ਸ਼ਾਂਤੀ ਮਿਲਦੀ ਹੈ। ਤਣਾਅ ਘਟਦਾ ਹੈ। ਇਸ ਨਾਲ਼ ਆਤਮ ਵਿਸ਼ਵਾਸ ਅਤੇ ਅੰਦਰੂਨੀ ਸ਼ਕਤੀ ਵਿਚ ਵਾਧਾ ਹੁੰਦਾ ਹੈ। ਵਿਅਕਤੀ ਜੀਵਨ-ਚੁਣੌਤੀਆਂ ਨੂੰ ਸਹਿਜ ਢੰਗ ਨਾਲ਼ ਸਹਿ ਲੈਂਦਾ ਹੈ। ਸਹੀ ਅਤੇ ਗਲਤ ਦੀ ਪਛਾਣ ਹੁੰਦੀ ਹੈ, ਜਿਸ ਨਾਲ਼ ਸਾਰਥਿਕ ਜੀਵਨ ਜਿਉਣ ਲਈ ਦਿਸ਼ਾ ਮਿਲਦੀ ਹੈ। ਸਰੀਰਕ ਅਤੇ ਮਾਨਸਿਕ ਸਿਹਤ ਵਿਚ ਸੁਧਾਰ ਹੁੰਦਾ ਹੈ। ਚੰਗਾ ਇਨਸਾਨ ਬਣਨ ਦੀ ਪ੍ਰੇਰਨਾ ਮਿਲਦੀ ਹੈ। ਜ਼ਿੰਦਗੀ ਵਿਚ ਇੱਕ ਬੈਲੈਂਸ ਬਣਾ ਕੇ ਚੱਲਣ ਦੀ ਲੋੜ ਹੁੰਦੀ ਹੈ।

**ਮਲਵਿੰਦਰ: ਕਿਤਾਬਾਂ ਸਾਡੀ ਸੋਚ ਤੇ ਵਿਹਾਰ ਨੂੰ ਬਦਲਣ ਵਿੱਚ ਕਿੰਨਾ ਕੁ ਸਹਾਈ ਹੁੰਦੀਆਂ ਹਨ** ?

**ਪ੍ਰੋ. ਕੁਲਬੀਰ**: ਕਿਤਾਬਾਂ ਸਾਡੀ ਸੋਚ ਨੂੰ, ਸਾਡੇ ਵਿਵਹਾਰ ਨੂੰ, ਕਈ ਤਰ੍ਹਾਂ ਨਾਲ਼ ਬਦਲ ਸਕਦੀਆਂ ਹਨ। ਗਿਆਨ ਦੇ ਨਾਲ਼ ਨਾਲ਼ ਸਾਡਾ ਅਜਿਹੇ ਵਿਚਾਰਾਂ ਨਾਲ਼ ਵਾਹ ਪੈਂਦਾ ਹੈ ਕਿ ਸਾਡੀ ਸੋਚ ਸਕਾਰਾਤਮਿਕ ਹੁੰਦੀ ਜਾਂਦੀ ਹੈ। ਸਿਰਜਣਾਤਮਿਕ ਪਹਿਲੂ ਨੂੰ ਹੁਲਾਰਾ ਮਿਲਦਾ ਹੈ। ਚੰਗੀਆਂ ਆਦਤਾਂ ਪੈਂਦੀਆਂ ਹਨ। ਜ਼ਿੰਦਗੀ ਆਦਤਾਂ ਨਾਲ਼ ਹੀ ਉਸਰਦੀ ਹੈ। ਆਦਤਾਂ ਨਾਲ਼ ਹੀ ਢਹਿੰਦੀ ਹੈ। ਵਿਅਕਤੀਗਤ ਵਿਕਾਸ ਹੁੰਦਾ ਹੈ। ਸਵੈ ਵਿਸ਼ਵਾਸ ਜਾਗਦਾ ਹੈ। ਕਿਤਾਬਾਂ ਜ਼ਿੰਦਗੀ ਦੀਆਂ ਬਿਹਤਰੀਨ ਦੋਸਤ ਹਨ।

**ਮਲਵਿੰਦਰ: ਪੜ੍ਹਨ ਲਈ ਕਿਤਾਬਾਂ ਦੀ ਚੋਣ ਕਿਸ ਆਧਾਰ 'ਤੇ ਕਰਨੀ ਚਾਹੀਦੀ ਹੈ** ?

**ਪ੍ਰੋ. ਕੁਲਬੀਰ**: ਪੜ੍ਹਨ ਲਈ ਕਿਤਾਬਾਂ ਦੀ ਚੋਣ ਆਪਣੀ ਪਸੰਦ, ਆਪਣੀ ਰੁਚੀ,

ਪਸੰਦੀਦਾ ਵਿਸ਼ਾ-ਸਮੱਗਰੀ ਅਤੇ ਮਨਪਸੰਦ ਲੇਖਕ ਦੇ ਆਧਾਰ ’ਤੇ ਕੀਤੀ ਜਾ ਸਕਦੀ ਹੈ। ਰੀਵਿਊ ਅਤੇ ਦੂਸਰਿਆਂ ਦੀਆਂ ਟਿੱਪਣੀਆਂ ਵੀ ਕਿਤਾਬ ਦੀ ਚੋਣ ਵਿੱਚ ਸਹਾਈ ਹੁੰਦੀਆਂ ਹਨ। ਮੈਂ ਸਮਝਦਾ ਹਾਂ ਕਿ ਸਭ ਤੋਂ ਮਹੱਤਵਪੂਰਨ ਵਿਸ਼ਾ-ਸਮੱਗਰੀ ਹੈ। ਸਿਆਣੇ ਕਹਿੰਦੇ ਹਨ ਕਿ ਕਿਤਾਬ ਅਤੇ ਦੋਸਤ ਦੀ ਚੋਣ ਬੜੀ ਸੋਚ ਸਮਝ ਕੇ ਕਰਨੀ ਚਾਹੀਦੀ ਹੈ।

**ਮਲਵਿੰਦਰ: ਕੋਈ ਇੱਕ ਕਿਤਾਬ ਜਾਂ ਲੇਖਕ ਜਿਸ ਨੇ ਤੁਹਾਡੇ ਜੀਵਨ ਨੂੰ ਬਦਲਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੋਵੇ** ?

**ਪ੍ਰੋ. ਕੁਲਬੀਰ**: ਵਿਦਿਆਰਥੀ ਜੀਵਨ ਵਿੱਚ ਰਸੂਲ ਹਮਜ਼ਾਤੋਵ ਦੀ ‘ਮੇਰਾ ਦਾਗਿਸਤਾਨ’ ਨੇ ਅਤੇ ਬਾਅਦ ਵਿਚ ਹੈਕਟਰ ਗਾਰਸੀਆ ਅਤੇ ਫ੍ਰਾਂਸੇਕ ਮਿਰਾਲੇਸ ਦੀ ‘ਇਕੀਗਾਈ’ ਨੇ। ਜਿਨ੍ਹਾਂ ਨੂੰ ਮੈਂ ਵਾਰ-ਵਾਰ ਪੜ੍ਹਨਾ ਪਸੰਦ ਕੀਤਾ ਹੈ। ‘ਇਕੀਗਾਈ’ ਨੇ ਮੇਰੀ ਜੀਵਨ ਸ਼ੈਲੀ ਵਿਚ ਵੱਡੇ ਬਦਲਾਅ ਲਿਆਂਦੇ। ਬਹੁਤ ਸਾਰੇ ਦੋਸਤਾਂ ਮਿੱਤਰਾਂ, ਰਿਸ਼ਤੇਦਾਰਾਂ ਨੂੰ ‘ਇਕੀਗਾਈ’ ਤੋਹਫੇ ਵਜੋਂ ਦਿੱਤੀ ਹੈ। ਬਚਪਨ ਵਿੱਚ ਪ੍ਰੀਤਲੜੀ ਦੀ ਅਹਿਮ ਭੂਮਿਕਾ ਰਹੀ।

**ਮਲਵਿੰਦਰ: ਚੰਗਾ ਇਨਸਾਨ ਅਤੇ ਚੰਗਾ ਲੇਖਕ ਹੋਣਾ ਵੱਖ-ਵੱਖ ਗੱਲਾਂ ਹਨ ਜਾਂ ਇੱਕ ਦੂਜੇ ਦੀਆਂ ਪੂਰਕ** ?

**ਪ੍ਰੋ. ਕੁਲਬੀਰ**: ਇੱਕ ਦੂਜੇ ਦੀਆਂ ਪੂਰਕ ਵੀ ਹਨ ਅਤੇ ਵੱਖ-ਵੱਖ ਵੀ। ਮੇਰਾ ਮੰਨਣਾ ਹੈ ਕਿ ਲੇਖਕ ਜਿਵੇਂ ਦਾ ਮਰਜ਼ੀ ਹੋਵੇ, ਚੰਗਾ ਇਨਸਾਨ ਹੋਣਾ ਵਧੇਰੇ ਜ਼ਰੂਰੀ ਹੈ। ਇਕੋ ਵੇਲ਼ੇ ਚੰਗਾ ਲੇਖਕ ਅਤੇ ਚੰਗਾ ਇਨਸਾਨ ਹੋਣਾ ਸੰਭਵ ਹੈ। ਇਹ ਦੋਵੇਂ ਗੁਣ ਇਕੋ ਵੇਲ਼ੇ ਇੱਕ ਹੀ ਵਿਅਕਤੀ ਵਿਚ ਹੋ ਸਕਦੇ ਹਨ। ਇਨ੍ਹਾਂ ਦੋਨਾਂ ਵਿੱਚ ਕੋਈ ਵਿਰੋਧਾਭਾਸ ਨਹੀਂ ਹੈ। ਪਰ ਇਹ ਵੀ ਸੱਚ ਹੈ ਕਿ ਦੋਵੇਂ ਇਕੱਠੇ ਮਿਲਦੇ ਬਹੁਤ ਘੱਟ ਹਨ। ਚੰਗੇ ਇਨਸਾਨ ਦੀ ਕੀ ਪਰਿਭਾਸ਼ਾ ਹੈ? ਇੱਕ ਚੰਗਾ ਇਨਸਾਨ ਇਮਾਨਦਾਰ, ਸੰਵੇਦਨਸ਼ੀਲ ਅਤੇ ਦੂਸਰਿਆਂ ਪ੍ਰਤੀ ਸਹਾਨੁਭੂਤੀ ਰੱਖਣ ਵਾਲ਼ਾ ਹੁੰਦਾ ਹੈ। ਉਹ ਮਨੁੱਖੀ ਭਾਵਨਾਵਾਂ ਨੂੰ ਬਿਹਤਰ ਢੰਗ ਨਾਲ਼ ਸਮਝ ਸਕਦਾ ਹੈ। ਚੰਗਾ ਲੇਖਕ ਕੌਣ ਹੈ? ਜਿਹੜਾ ਆਪਣੀਆਂ ਰਚਨਾਵਾਂ ਰਾਹੀਂ ਚੰਗਾ ਸੰਦੇਸ਼ ਦੇਣ ਦੀ ਕੋਸ਼ਿਸ਼ ਕਰਦਾ ਹੈ। ਲੇਖਕ ਦੀਆਂ ਰਚਨਾਵਾਂ ਦਾ ਲੋਕਾਂ ‘ਤੇ, ਸਮਾਜ ‘ਤੇ ਪ੍ਰਭਾਵ ਪੈਣਾ ਹੁੰਦਾ ਹੈ। ਚੰਗਾ ਲੇਖਕ ਅਤੇ ਚੰਗਾ ਇਨਸਾਨ

ਜੀਵਨ ਦੇ ਛੋਟੇ ਛੋਟੇ ਪਹਿਲੂ 'ਤੇ ਧਿਆਨ ਦਿੰਦਾ ਹੈ। ਚੰਗਾ ਵਿਅਕਤੀ ਸਵੈ-ਮੰਥਨ ਕਰਕੇ ਆਪਣੀਆਂ ਕਮੀਆਂ, ਕਮਜ਼ੋਰੀਆਂ ਦੂਰ ਕਰਨ ਦੀ ਕੋਸ਼ਿਸ਼ ਕਰਦਾ ਹੈ। ਇਸੇ ਤਰ੍ਹਾਂ ਚੰਗਾ ਲੇਖਕ ਆਪਣੀਆਂ ਰਚਨਾਵਾਂ ਦੀਆਂ ਖ਼ਾਮੀਆਂ ਵੱਲ ਧਿਆਨ ਦਿੰਦਾ ਹੈ। ਇਹ ਸੰਭਵ ਹੈ ਕਿ ਵਿਅਕਤੀ ਆਪਣੇ ਜੀਵਨ ਵਿਚ ਮਾਨਵੀ ਗੁਣਾਂ ਨੂੰ ਬਣਾਈ ਰੱਖੇ ਅਤੇ ਉਨ੍ਹਾਂ ਦੀ ਪੇਸ਼ਕਾਰੀ ਆਪਣੀਆਂ ਰਚਨਾਵਾਂ ਵਿਚ ਕਰੇ।

**ਮਲਵਿੰਦਰ:** **ਚੰਗਾ ਲੇਖਕ ਹੋਣ ਤੇ ਪਾਪੂਲਰ ਲੇਖਕ ਹੋਣ ਵਿੱਚ ਕੀ ਫ਼ਰਕ ਹੈ** ? **ਦੋਵਾਂ ਗੁਣਾਂ ਦਾ ਧਾਰਨੀ ਹੋਣਾ ਕਿੰਨਾ ਕੁ ਸੰਭਵ ਹੈ** ?

**ਪ੍ਰੋ. ਕੁਲਬੀਰ**: ਚੰਗਾ ਲੇਖਕ ਅਤੇ ਪਾਪੂਲਰ ਲੇਖਕ ਦੀ ਪਰਿਭਾਸ਼ਾ ਵੇਖਣ 'ਤੇ ਦੋਹਾਂ ਵਿਚਲਾ ਅੰਤਰ ਸਮਝ ਆ ਜਾਵੇਗਾ। ਚੰਗਾ ਲੇਖਕ ਉਹ ਹੁੰਦਾ ਹੈ ਜਿਸ ਦੀ ਰਚਨਾ ਗੁਣਾਤਮਿਕ ਪੱਖੋਂ ਬਿਹਤਰ ਹੋਵੇ। ਵਿਚਾਰਾਂ ਵਿਚ ਗਹਿਰਾਈ ਹੋਵੇ। ਭਾਸ਼ਾ 'ਤੇ ਪਕੜ ਹੋਵੇ ਅਤੇ ਪਾਠਕਾਂ ਨੂੰ ਸੋਚਣ ਲਈ ਮਜਬੂਰ ਕਰੇ। ਇਸ ਦੇ ਉਲਟ ਪਾਪੂਲਰ ਲੇਖਕ ਦਾ ਪਾਠਕ ਵਰਗ ਵਿਸ਼ਾਲ ਹੁੰਦਾ ਹੈ। ਇਸੇ ਆਧਾਰ 'ਤੇ ਉਸ ਦੀ ਸਫ਼ਲਤਾ ਮਾਪੀ ਜਾਂਦੀ ਹੈ। ਗੁਣਵਤਾ 'ਤੇ ਉਸ ਦੀ ਹਰੇਕ ਰਚਨਾ ਪੂਰੀ ਉੱਤਰੇ, ਇਹ ਜ਼ਰੂਰੀ ਨਹੀਂ। ਪੰਜਾਬੀ ਸਾਹਿਤ ਵਿਚ ਇਸ ਦੀਆਂ ਕਈ ਉਦਾਹਰਨਾਂ ਮਿਲਦੀਆਂ ਹਨ।

ਦੋਹਾਂ ਗੁਣਾ ਦਾ ਧਾਰਨੀ ਹੋਣਾ ਸੰਭਵ ਵੀ ਹੈ, ਕਠਿਨ ਵੀ ਹੈ। ਕੁਦਰਤ ਗੁਣਾਂ ਦਾ ਛੱਟਾ ਬੜਾ ਸੋਚ ਸਮਝ ਕੇ ਦਿੰਦੀ ਹੈ ਕਿਉਂਕਿ ਜਿਹੜਾ ਗੁਣਾਂ ਦੀ ਗੁਥਲੀ ਹੋਵੇਗਾ ਉਹਦੇ ਵਿਚ ਹਉਮੈਂ ਹੰਕਾਰ ਵੀ ਬਹੁਤ ਹੋਵੇਗਾ।

**ਮਲਵਿੰਦਰ:** **ਇੱਕ ਲੇਖਕ ਰਾਜਨੀਤੀ ਵਿੱਚ ਕਿੰਨਾ ਕੁ ਕਾਮਯਾਬ ਹੁੰਦਾ ਹੈ** ?

**ਪ੍ਰੋ. ਕੁਲਬੀਰ**: ਕੁਦਰਤ ਨੇ ਵੱਖ-ਵੱਖ ਵਿਅਕਤੀਆਂ ਨੂੰ ਵੱਖ-ਵੱਖ ਕਾਰਜ ਸੌਂਪੇ ਹਨ। ਅਖਾਣ ਮੁਹਾਵਰੇ ਐਵੇਂ ਨਹੀਂ ਬਣਦੇ 'ਜਿਸ ਕਾ ਕਾਮ ਉਸੀ ਕੋ ਸਾਜੇ ਔਰ ਕਰੇ ਤੋ ਠੀਂਗਾ ਬਾਜੇ'। ਹੁਣੇ ਹੁਣੇ ਸੁਪਰੀਮ ਕੋਰਟ ਨੇ ਕਿਸੇ ਕੇਸ ਦੇ ਪ੍ਰਸੰਗ ਵਿਚ ਕਿਹਾ ਹੈ ਕਿ ਜੇ ਸਿਆਸਤ ਕਰਨੀ ਹੈ ਤਾਂ ਤੁਹਾਡੀ ਚਮੜੀ ਮੋਟੀ ਹੋਣੀ ਚਾਹੀਦੀ ਹੈ। ਇੱਕ ਲੇਖਕ ਦੀ, ਕਲਾਕਾਰ ਦੀ, ਇੱਕ ਕਵੀ ਦੀ ਚਮੜੀ ਮੋਟੀ ਨਹੀਂ ਹੋ ਸਕਦੀ ਕਿਉਂਕਿ ਉਹ ਆਮ ਲੋਕਾਂ ਨਾਲੋਂ ਵਧੇਰੇ ਸੰਵੇਦਨਸ਼ੀਲ ਹੁੰਦੇ ਹਨ।

ਕਿੰਨੇ ਲੇਖਕ, ਕਲਾਕਾਰ ਸਿਆਸਤ ਵਿਚ ਬੁਰੀ ਤਰ੍ਹਾਂ ਨਾਕਾਮਯਾਬ ਹੋਏ, ਪੱਥਰ ਚੱਟ ਕੇ ਮੁੜੇ, ਆਪਾਂ ਜਾਣਦੇ ਹਾਂ। ਇੱਕ ਲੰਮੀ ਲਿਸਟ ਹੈ। ਰਾਜਨੀਤੀ ਬੜਾ ਉਥਲ ਪੁਥਲ ਵਾਲ਼ਾ, ਝੂਠ ਸੱਚ ਵਾਲ਼ਾ ਖੇਤਰ ਹੈ। ਹਰ ਕੋਈ ਇਹਦੇ ਨਾਲ਼ ਕਦਮ ਮੇਲ ਕੇ ਨਹੀਂ ਚੱਲ ਸਕਦਾ। ਹਰ ਰੋਜ਼ ਜੀਣਾ, ਹਰ ਰੋਜ਼ ਮਰਨਾ ਹੁੰਦਾ ਹੈ। ਹਾਂ ਹਜ਼ਾਰਾਂ 'ਤੋਂ ਕੋਈ ਇੱਕ ਲੇਖਕ, ਕਲਾਕਾਰ ਰਾਜਨੀਤੀ ਵਿਚ ਕਾਮਯਾਬ ਹੋ ਜਾਵੇ ਤਾਂ ਉਹ ਵੱਖਰੀ ਗੱਲ ਹੈ। ਦੁਨੀਆਂ ਭਰ ਵਿਚ ਅਜਿਹੀਆਂ ਉਦਾਹਰਨਾਂ ਮਿਲਦੀਆਂ ਹਨ। ਸੱਚ ਤਾਂ ਇਹ ਹੈ ਕਿ ਕਿਸੇ ਲੇਖਕ, ਕਿਸੇ ਕਲਾਕਾਰ ਨੂੰ ਰਾਜਨੀਤੀ ਵਿਚ ਜਾਣਾ ਹੀ ਨਹੀਂ ਚਾਹੀਦਾ। ਮਨ ਦਾ ਚੈਨ, ਮਨ ਦਾ ਆਰਾਮ, ਸਭ ਕੁਝ ਗੁਆਚ ਜਾਂਦਾ ਹੈ। ਪਰ ਮਨ ਇੱਕ ਅੱਥਰਾ ਘੋੜਾ ਹੈ। ਹੋਰ ਹੋਰ ਖ਼ਾਹਿਸ਼ਾਂ, ਹੋਰ ਹੋਰ ਇਛਾਵਾਂ ਕੁਝ ਕੁ ਲੇਖਕਾਂ, ਕਲਾਕਾਰਾਂ ਨੂੰ ਰਾਜਨੀਤੀ ਵੱਲ ਲੈ ਜਾਂਦੀਆਂ ਹਨ।

**ਮਲਵਿੰਦਰ:** **ਤੁਹਾਡੀਆਂ ਸਰਗਰਮੀਆਂ ਦਾ ਤੁਹਾਡੇ ਪਰਵਾਰਿਕ ਜੀਵਨ ਉੱਪਰ ਕੀ ਪ੍ਰਭਾਵ ਪੈਂਦਾ ਹੈ** ?

**ਪ੍ਰੋ. ਕੁਲਬੀਰ**: ਜਿਥੋਂ ਤੱਕ ਪਰਿਵਾਰਕ ਜ਼ਿੰਮੇਵਾਰੀ ਦਾ ਸਵਾਲ ਹੈ, ਪੂਰੀ ਜ਼ਿੰਮੇਵਾਰੀ ਨਾਲ਼ ਨਿਭਾਈ ਦੀਆਂ ਨੇ ਅਤੇ ਬਦਲੇ ਵਿਚ ਪਰਿਵਾਰ ਵੱਲੋਂ ਪੂਰਾ ਸਹਿਯੋਗ ਮਿਲਦਾ ਹੈ।

**ਮਲਵਿੰਦਰ:** ਆਪਣਾ ਜਨਮ ਅਸਥਾਨ ਪਿੰਡ ਛੱਜਲਵੱਡੀ, ਜਿੱਥੇ ਬਚਪਨ ਦੇ ਮੁਢਲੇ ਸੋਲਾਂ ਸਾਲ ਗੁਜ਼ਾਰੇ, ਨੂੰ ਛੱਡਣ ਤੋਂ ਪਹਿਲਾਂ ਕੀ ਤੁਹਾਨੂੰ ਪਤਾ ਸੀ ਕਿ ਇਹ ਤੁਹਾਡਾ ਜੱਦੀ ਪਿੰਡ ਨਹੀਂ ਹੈ। ਪਿੰਡ ਦੀਆਂ ਗਲੀਆਂ, ਇੱਕ ਛਲਾਂਗ ਨਾਲ਼ ਟੱਪ ਹੁੰਦੇ ਬਨੇਰੇ, ਛਿੰਦੂ ਦਾ ਚੁਬਾਰਾ, ਫੰਮੀ ਦਾ ਬਾਗ ਕਦੀ ਸੁਪਨਿਆਂ ਵਿਚ ਨਹੀਂ ਆਉਂਦੇ ?

**ਪ੍ਰੋ. ਕੁਲਬੀਰ**: ਜਦ ਬਚਪਨ ਵਿਚ ਛੱਜਲਵੱਡੀ ਰਹਿੰਦੇ ਸਾਂ, ਤਦ ਨਹੀਂ ਸੀ ਪਤਾ ਕਿ ਇਹ ਸਾਡਾ ਜੱਦੀ ਪਿੰਡ ਨਹੀਂ ਸੀ। ਇਸੇ ਲਈ ਛੱਡਣ ਲੱਗਿਆਂ ਬੜਾ ਦੁੱਖ ਹੋਇਆ ਸੀ। ਰੋਟੀ-ਰੋਜ਼ੀ ਦੇ ਚੱਕਰ ਵਿਚ ਪਏ ਬੰਦੇ ਦਾ ਨਾ ਜੱਦੀ ਪਿੰਡ ਹੁੰਦਾ ਹੈ, ਨਾ ਸ਼ਹਿਰ ਤੇ ਨਾ ਮੁਲਕ। ਅੱਜ ਦੁਨੀਆਂ ਸੁੰਗੜ ਕੇ ਛੋਟੀ ਜਿਹੀ ਰਹਿ ਗਈ ਹੈ। ਪਰ ਫਿਰ ਵੀ ਉਹ ਗਰਾਂ ਯਾਦ ਆਉਂਦਾ ਰਹਿਣਾ ਹੈ ਜਿੱਥੇ ਬਚਪਨ ਦੀਆਂ ਖੇਡਾਂ ਖੇਡੀਆਂ ਹਨ। ਜਗਜੀਤ ਦੀ ਗਜ਼ਲ ਨਹੀਂ ਸੁਣੀ 'ਵੋਹ ਕਾਗਜ਼ ਕੀ ਕਸ਼ਤੀ ਵੋਹ ਬਾਰਸ਼ ਕਾ ਪਾਨੀ....

**ਮਲਵਿੰਦਰ: ਲਿਖਣ ਪੜ੍ਹਨ ਤੋਂ ਇਲਾਵਾ ਹੋਰ ਕੀ ਸ਼ੌਂਕ ਹਨ** ?

**ਪ੍ਰੋ. ਕੁਲਬੀਰ**: ਆਪਣੇ ਪਰਿਵਾਰ ਨਾਲ਼ ਸਮਾਂ ਬਿਤਾਉਣਾ ਅਤੇ ਉਹਨਾਂ ਨਾਲ਼ ਨਵੀਆਂ ਨਵੀਆਂ ਥਾਵਾਂ 'ਤੇ ਘੁੰਮਣ ਜਾਣਾ ਮੈਨੂੰ ਚੰਗਾ ਲੱਗਦਾ ਹੈ। ਸੰਜੀਦਾ ਸੰਗੀਤ ਸੁਣਨਾ ਵੀ ਪਸੰਦ ਹੈ। ਗੁਲਾਮ ਅਲੀ, ਨੁਸਰਤ ਫਤਹਿ ਅਲੀ ਖਾਂ, ਮਹਿੰਦੀ ਹਸਨ, ਪ੍ਰਵੇਜ਼ ਮਹਿੰਦੀ, ਜਗਜੀਤ ਸਿੰਘ, ਹੰਸ ਰਾਜ ਹੰਸ, ਮੁੰਨੀ ਬੇਗਮ, ਨਾਹਿਦ ਅਖ਼ਤਰ ਮੇਰੇ ਪਸੰਦੀਦਾ ਗਾਇਕ ਕਲਾਕਾਰ ਹਨ।

❑❑❑

# ਮੈਂ ਆਪਣੀਆਂ ਕਹਾਣੀਆਂ ਵਿੱਚ ਬਾਲਪਨ ਦੇ ਮਨ ਦੀਆਂ ਗੁੰਝਲਾਂ ਨੂੰ ਫੜਨ ਦੀ ਕੋਸ਼ਿਸ਼ ਕਰਦਾਂ- ਦੀਪ ਦਵਿੰਦਰ ਸਿੰਘ

ਸਮਕਾਲੀ ਪੰਜਾਬੀ ਕਹਾਣੀ ਵਿੱਚ ਜਿਨ੍ਹਾਂ ਲੇਖਕਾਂ ਦੀ ਗੱਲ ਚਲਦੀ ਹੈ, ਉਨ੍ਹਾਂ ਵਿੱਚ ਇੱਕ ਨਾਂ ਅੰਮ੍ਰਿਤਸਰ ਦੇ ਸਮਰੱਥ ਕਹਾਣੀਕਾਰ ਦੀਪ ਦਵਿੰਦਰ ਦਾ ਹੈ। ਦੀਪ ਦਵਿੰਦਰ ਪੰਜਾਬੀ ਦੇ ਉਨ੍ਹਾਂ ਚੰਦ ਲੇਖਕਾਂ ਵਿਚੋਂ ਇੱਕ ਹੈ ਜਿਨ੍ਹਾਂ ਪਿਤਾ ਪੁਰਖੀ ਕਿੱਤੇ ਨੂੰ ਸਮਰਪਿਤ ਹੋਣ ਦੇ ਬਾਵਜੂਦ ਪੰਜਾਬੀ ਸਾਹਿਤ ਵਿੱਚ ਆਪਣਾ ਨਾਂ ਬਣਾਇਆ ਹੈ। ਇਸ ਤੋਂ ਇਲਾਵਾ ਜਥੇਬੰਦਕ ਕਾਰਜਾਂ ਵਿੱਚ ਸਰਗਰਮ ਭੂਮਿਕਾ ਨਿਭਾਉਣ, ਵੱਖ ਵੱਖ ਸਾਹਿਤ ਸਭਾਵਾਂ ਨਾਲ ਨੇੜਤਾ ਰੱਖਣ ਅਤੇ ਉਨ੍ਹਾਂ ਦੇ ਸਮਾਗਮਾਂ ਵਿਚ ਹਾਜ਼ਰੀ ਭਰਨ ਅਤੇ ਪੰਜਾਬੀ ਭਾਸ਼ਾ ਲਈ ਲੜੇ ਜਾ ਰਹੇ ਹਰ ਘੋਲ ਵਿਚ ਦ੍ਰਿੜ੍ਹਤਾ ਨਾਲ ਭਾਗ ਲੈਣ ਕਰਕੇ ਵੀ ਦੀਪ ਦਵਿੰਦਰ ਸੁਰਖੀਆਂ ਵਿਚ ਰਹਿੰਦਾ ਹੈ। ਉਸ ਨਾਲ ਕੀਤੀਆਂ ਗੱਲਾਂ ਦੇ ਉਸ ਬੜੇ ਹੀ ਢੁਕਵੇਂ ਅਤੇ ਤਰਕਸੰਗਤ ਜਵਾਬ ਦਿੱਤੇ ਹਨ। ਇਸ ਲੰਬੀ ਗੱਲਬਾਤ ਦੇ ਕੁਝ ਅੰਸ਼ ਪੇਸ਼ ਕਰ ਰਹੇ ਹਾਂ:

**ਮਲਵਿੰਦਰ:** **ਆਪਣੇ ਮੁਢਲੇ ਜੀਵਨ ਬਾਰੇ ਚਾਨਣਾ ਪਾਓ।**

**ਦੀਪ ਦਵਿੰਦਰ:** ਵੇਖੋ ਮਲਵਿੰਦਰ ਜੀ, ਅੰਮ੍ਰਿਤਸਰ ਤੋਂ ਬਟਾਲੇ ਨੂੰ ਜਾਂਦਿਆਂ ਪੰਝੀ ਕੁ ਕਿਲੋਮੀਟਰ ਹਟਵਾਂ ਜਯੰਤੀਪੁਰ ਦੀ ਜਰਨੈਲੀ ਸੜਕ ਤੋਂ ਦੋ ਢਾਈ ਕਿਲੋਮੀਟਰ ਥੱਲੇ ਮੇਰਾ ਪਿੰਡ ਐ ਕੋਟਲੀ ਢੋਲੇ ਸ਼ਾਹ। ਮੇਰੀ ਮਾਂ ਦੇ ਦੱਸਣ ਮੁਤਾਬਕ ਜਦੋਂ ਮੇਰਾ ਜਨਮ ਹੋਇਆ ਹਿੰਦ ਪਾਕਿਸਤਾਨ ਦੀ 1965 ਵੇਲੇ ਦੀ ਜੰਗ ਦੀ ਉਸ ਦਿਨ ਜੰਗਬੰਦੀ ਸੀ। ਬੇਸ਼ਕ ਮੇਰੇ ਹਰ ਤਰ੍ਹਾਂ ਦੇ ਡਾਕੂਮੈਂਟ ਉਹ ਤਰੀਕ ਨਹੀਂ ਬੋਲਦੇ, ਪਰ ਮੇਰੀ ਮਾਂ ਦੀ ਤਰੀਕ ਅਤੇ ਚੌਂਕੀਦਾਰ ਦੇ ਰਜਿਸਟਰ ਵਿੱਚ ਦਰਜ ਜਿਹੜਾ ਇੰਦਰਾਜ ਆ ਉਹ ਬਿਲਕੁਲ ਇੱਕ ਦੂਜੇ ਨਾਲ ਮੈਚ ਕਰਦਾ ਕਿ ਮੇਰਾ ਜਨਮ 25 ਸਤੰਬਰ ਸੰਨ 1965 ਨੂੰ ਹੋਇਆ ਤੇ ਮੁੱਢਲੀ ਸਿਖਿਆ ਪਿੰਡ ਦੇ ਪ੍ਰਾਇਮਰੀ ਸਕੂਲ ਤੋਂ ਲਈ ਤੇ ਬਾਪ ਸਾਡਾ ਜਿਹੜਾ ਉਹ ਰਾਜ ਮਿਸਤਰੀ ਦਾ ਕੰਮ ਕਰਦਾ ਸੀਗਾ ਤੇ ਜਦੋਂ ਕੁ ਜਿਹੇ ਮੈਂ ਹੋਸ਼ ਸੰਭਾਲੀ, ਸਾਡਾ ਦਾਦਾ ਪਿੰਡ ਦਾ ਲੁਹਾਰਾ ਤਰਖਾਣਾ

ਕਰਦਾ ਸੀ ਤੇ ਨਾਲ ਸਾਡੇ ਵਿਹੜੇ ਵਿਚ ਖਰਾਸ ਹੁੰਦਾ ਸੀਗਾ ਜਿਹੜਾ ਮੈਂ ਬਹੁਤ ਥੋੜ੍ਹੀ ਹੋਸ਼ ਦੇ ਵਿਚ ਚਲਦਿਆਂ ਵੀ ਵੇਖਿਆ ਪਰ ਖਲੋਤਾ ਮੈਂ ਲੰਮਾ ਸਮਾਂ ਆਪਣੇ ਵਿਹੜੇ ਵਿਚ ਵੇਂਹਦਾ ਰਿਹਾਂ। ਦਸਵੀਂ ਤੀਕਰ ਜਾਂਦਿਆਂ ਕੁਝ ਤੇ ਕਿਰਤੀ ਪਰਿਵਾਰ ਦਾ ਰੁਝਾਨ, ਕੁਝ ਘਰ ਦੀਆਂ ਤੰਗੀਆਂ ਤੁਰਸ਼ੀਆਂ ਕਿ ਮੇਰੇ ਬਾਪ ਨੇ, ਜਦੋਂ ਮੈਂ ਦਸਵੀਂ ਇਮਤਿਹਾਨ ਈ ਮਸਾਂ ਦਿੱਤੇ ਸੀ ਜਦੋਂ ਉਹ ਮੈਨੂੰ ਆਪਣੇ ਨਾਲ ਕੰਮ ‘ਤੇ ਲੈ ਗਿਆ ਤੇ ਮੈਂ ਉਹਦੇ ਨਾਲ ਰਾਜ ਮਿਸਤਰੀ ਦਾ ਕੰਮ ਸਿਖਿਆ। ਅਜੇ ਤੀਕਰ ਮੇਰਾ ਰੋਜ਼ੀ ਰੋਟੀ ਦਾ ਜੁਗਾੜ ਇਸੇ ਕੰਮ ਤੋਂ ਚੱਲ ਰਿਹਾ।

**ਮਲਵਿੰਦਰ:** **ਸਾਹਿਤ ਵੱਲ ਝੁਕਾਅ ਕਿਵੇਂ ਬਣਿਆਂ ? ਪਹਿਲੀ ਪੜ੍ਹੀ ਕਿਤਾਬ ਤੇ ਪਹਿਲੀ ਲਿਖੀ ਰਚਨਾ ਬਾਰੇ ਦੱਸੋ।**

**ਦੀਪ ਦਵਿੰਦਰ:** ਇਸ ਗੱਲ ਦਾ ਮੈਂ ਆਪਣੇ ਆਪ ‘ਤੇ ਬਹੁਤ ਮਾਣ ਮਹਿਸੂਸ ਕਰਦਾਂ ਕਿ ਮੇਰਾ ਬਾਪ ਆਮ ਰਾਜ ਮਿਸਤਰੀਆਂ ਵਾਂਗੂ ਜਦੋਂ ਕਦੀ ਮੱਸਿਆ ਦੀ ਛੁੱਟੀ ਕਰਦਾ ਸੀ, ਤੇ ਉਹਨੇ ਜਿੱਥੇ ਦਰਬਾਰ ਸਾਹਿਬ ਮੱਥਾ ਟੇਕਣ ਜਾਣਾ, ਵਾਪਸੀ ‘ਤੇ ਬਜ਼ਾਰ ਮਾਈ ਸੇਵਾ ਤੋਂ ਕੋਈ ਨਾ ਕੋਈ ਕਿਤਾਬ ਖਰੀਦ ਕੇ ਲੈ ਜਾਣੀ ਤੇ ਉਹ ਟੱਬਰ ਦੇ ਜੀਆਂ ਨੂੰ ਰੋਜ਼ ਰਾਤ ਨੂੰ ਬੜੀ ਹੇਕ ਲਾ ਕੇ ਕਦੀ ਕਰਤਾਰ ਸਿੰਘ ਕਲਾਸਵਾਲੀਏ ਨੂੰ ਪੜ੍ਹ ਰਿਹਾ ਹੁੰਦਾ ਸੀਗਾ, ਕਦੇ ਸ਼ਾਹ ਮੁਹੰਮਦ ਦੇ ਬੈਂਤ ਸੁਣਾ ਰਿਹਾ ਹੁੰਦਾ ਸੀ ਤੇ ਕਦੀ ਸੋਹਣ ਸਿੰਘ ਸੀਤਲ ਦੇ ਪ੍ਰਸੰਗ ਸਾਂਝੇ ਕਰ ਰਿਹਾ ਹੁੰਦਾ ਸੀ। ਮੈਨੂੰ ਐਂ ਲੱਗਦਾ ਕਿ ਬਾਪ ਵੱਲੋਂ ਉਨ੍ਹਾਂ ਵੇਲਿਆਂ ਦੇ ਵਿੱਚ ਜਿਹੜਾ ਕਿਤਾਬਾਂ ਦੇ ਨਾਲ ਘਰ ਦਾ ਵਾਤਾਵਰਣ ਬਣਿਆਂ, ਸਿੱਧੇ ਤੌਰ ‘ਤੇ ਰਾਬਤਾ ਬਹੁਤ ਬਚਪਨ ਵਿੱਚ ਹੀ ਮੇਰਾ ਇਨ੍ਹਾਂ ਕਿਤਾਬਾਂ ਦੇ ਨਾਲ ਜੁੜਿਆ। ਦੂਜਾ, ਜਿਥੋਂ ਤੀਕਰ ਯਾਦ ਐ ਮੈਂ ਓਦੋਂ ਤੀਜੀ ਚੌਥੀ ‘ਚ ਪੜ੍ਹਦਾ ਹੋਣਾ, ਇੱਕ ਨਾਵਲ ‘ਹੁਨਰ ਦੀ ਜਿੱਤ’ ਘਰ ‘ਚ ਪਿਆ ਹੁੰਦਾ ਸੀ, ਸਾਡੀ ਮਾਤਾ ਦਾਦੀ ਨੂੰ ਨਾਵਲ ਸੁਣਾਉਂਦੀ ਹੁੰਦੀ ਸੀ। ਜਦੋਂ ਬਹੁਤ ਬਾਅਦ ‘ਚ ਮੈਂ ਜਸਵੰਤ ਸਿੰਘ ਕੰਵਲ ਦਾ ਉਹ ਨਾਵਲ ਪੜ੍ਹਿਆ ਤਾਂ ਮੈਨੂੰ ਐਂ ਲੱਗਿਆ ਕਿ ਇਹਦੇ ਪਾਤਰ; ਜਿਵੇਂ ਪੂਨੂੰ ਆ, ਇਹ ਤੇ ਨਿੱਕੇ ਹੁੰਦਿਆਂ ਖੇਡਦੇ ਰਹੇ ਆ ਸਾਡੇ ਨਾਲ। ਮੈਂ ਬਹੁਤ ਖ਼ੁਸ਼ਕਿਸਮਤ ਆਂ ਕਿ ਉਹਨਾਂ ਤੰਗੀਆਂ ਤੁਰਸ਼ੀਆਂ ਦੇ ਵੇਲਿਆਂ ਸਾਹਿਤਕ ਗੱਲਾਂ, ਸਾਹਿਤਕ ਕਿਤਾਬਾਂ ਦਾ ਮਾਹੌਲ

ਜਿਹੜਾ ਸਾਡੇ ਘਰ ਵਿਚ ਸੀ, ਕਿਤੇ ਦਿਮਾਗ ਵਿੱਚ, ਸਿਮਰਤੀਆਂ ਵਿਚ ਕਿਤਾਬਾਂ ਵੱਸੀਆਂ ਰਹੀਆਂ ਤੇ ਉਹ ਹੌਲੀ ਹੌਲੀ ਪਨਪਦੀਆਂ ਰਹੀਆਂ।

**ਮਲਵਿੰਦਰ:ਪਹਿਲੀ ਕਿਤਾਬ ਜਿਹੜੀ ਪੜ੍ਹੀ ਆਪਣੀ ਹੋਸ਼ 'ਚ** ?

**ਦੀਪ ਦਵਿੰਦਰ:** ਮੈਂ ਸੋਹਣ ਸਿੰਘ ਸੀਤਲ ਹੋਰਾਂ ਨੂੰ ਬਹੁਤ ਪਸੰਦ ਕਰਦਾਂ। ਉਨ੍ਹਾਂ ਦਾ ਨਾਵਲ ਜੰਗ ਜਾਂ ਅਮਨ ਮੈਂ ਸਭ ਤੋਂ ਪਹਿਲਾਂ ਪੜ੍ਹਿਆ ਤੇ ਮੈਂ ਬਹੁਤ ਜੁੜ ਗਿਆ ਉਸ ਕਹਾਣੀ ਦੇ ਨਾਲ। ਇਸ ਤੋਂ ਮੇਰਾ ਨਾਵਲ ਪੜ੍ਹਨ ਵੱਲ ਤੇ ਖ਼ਾਸ  ਕਰਕੇ ਗਲਪ ਪੜ੍ਹਨ ਵੱਲ ਰੁਝਾਨ ਬਣਿਆ।

**ਮਲਵਿੰਦਰ:** **ਪਹਿਲੀ ਲਿਖੀ ਰਚਨਾ ਕਿਹੜੀ ਸੀ** ?

**ਦੀਪ ਦਵਿੰਦਰ:** ਸ਼ੁਰੂਆਤੀ ਦੌਰ ਦੌਰਾਨ ਜੇ ਮੈਂ ਯਾਦ ਕਰਾਂ ਕਿਉਂਕਿ ਅਜੀਤ ਅਖ਼ਬਾਰ ਜ਼ਿਆਦਾ ਘਰਾਂ 'ਚ ਆਉਂਦੀ ਸੀ। ਉਹਦਾ ਜਿਹੜਾ ਬਾਲ ਸੰਸਾਰ ਮੈਗਜ਼ੀਨ ਛਪਦਾ ਸੀ, ਉਹਦੇ ਵਿਚ ਨਿੱਕੀਆਂ ਨਿੱਕੀਆਂ ਬਾਲ ਕਵਿਤਾਵਾਂ ਮੈਨੂੰ ਬਹੁਤ ਟੁੰਬਦੀਆਂ ਸਨ। **1997** 'ਚ ਮੇਰੀ ਇੱਕ ਬਾਲ ਕਵਿਤਾ ਅਜੀਤ 'ਚ ਛਪੀ ਸੀ ਤੇ ਮੈਨੂੰ ਬਹੁਤ ਉਸ ਗੱਲ ਦਾ ਚਾਅ ਸੀ।

**ਮਲਵਿੰਦਰ:** **ਲਿਖਣ ਲਈ ਕਹਾਣੀ ਵਿਧਾ ਹੀ ਕਿਉਂ ਚੁਣੀ** ?

**ਦੀਪ ਦਵਿੰਦਰ:** ਮੈਂ ਜਿਵੇਂ ਪਹਿਲਾਂ ਜ਼ਿਕਰ ਕੀਤਾ ਕਿ 'ਜੰਗ ਜਾਂ ਅਮਨ', 'ਤੂਤਾਂ ਵਾਲਾ ਖੂਹ',ਜਾਂ ਫਿਰ ਦੀਵੇ ਦੀ ਲੋਅ ਤੇ ਕੁਝ ਹੋਰ ਸੋਹਣ ਸਿੰਘ ਸੀਤਲ ਹੋਰਾਂ ਦੇ ਨਾਵਲਾਂ ਦੀ ਕਹਾਣੀ ਨੇ ਮੈਨੂੰ ਇਸ ਤਰ੍ਹਾਂ ਟੁੰਬਿਆ ਕਿ ਮੈਨੂੰ ਲੱਗਿਆ ਗੱਲ ਜੇ ਤੁਸਾਂ ਮਨੁੱਖੀ ਮਨ ਦੀ ਕਰਨੀ ਏਂ ਤਾਂ ਕਵਿਤਾ ਦੀ ਬਜਾਏ ਕਹਾਣੀ ਵਿਚ ਜ਼ਿਆਦਾ ਵਧੀਆ ਤਰੀਕੇ ਨਾਲ ਕਰ ਸਕਦੇ ਓ। ਦੂਜਾ ਵੱਡਾ ਕਾਰਨ ਇਹ ਸੀਗਾ ਕਿ ਜਿਨ੍ਹਾਂ ਵੇਲਿਆਂ ਵਿੱਚ ਬੱਚੇ ਆਪਣੀ ਦਾਦੀ ਕੋਲੋਂ ਪਰੀ ਦੇਸ਼ ਦੀਆਂ ਕਹਾਣੀਆਂ ਸੁਣਦੇ ਨੇ, ਮੇਰੀ ਪੀੜ੍ਹੀ ਦੇ ਲੋਕਾਂ ਨੇ ਪਾਕਿਸਤਾਨ ਦੀ ਵੰਡ ਦੀਆਂ ਗੱਲਾਂ ਸੁਣੀਆਂ, ਔਰਤਾਂ ਦੀ ਹੁੰਦੀ ਬੇਹੁਰਮਤੀ ਦੀਆਂ ਗੱਲਾਂ ਸੁਣੀਆਂ। ਮੈਨੂੰ ਲੱਗਦਾ ਕਿ ਬਚਪਨ 'ਚ ਵੱਡਿਆਂ ਕੋਲੋਂ ਸੁਣੀਆਂ ਉਹ ਕਹਾਣੀਆਂ ਹੀ ਕਹਾਣੀ ਲਿਖਣ ਦਾ ਸਬੱਬ ਬਣੀਆਂ। ਇੱਕ ਹੋਰ ਕਾਰਨ ਜਿਹੜਾ ਸੀਗਾ ਕਿ ਪੰਜਾਬੀ ਦਾ ਵੱਡਾ ਸਮਰੱਥ ਕਹਾਣੀਕਾਰ ਤਲਵਿੰਦਰ ਮੇਰੀ ਭੂਆ ਦਾ ਲੜਕਾ ਸੀ।

ਉਹਦਾ ਘਰ 'ਚ ਆਉਣਾ ਜਾਣਾ ਸੀ। ਉਹ ਕਹਾਣੀ ਦਾ ਵੱਡਾ ਬੰਦਾ ਸੀਗਾ ਤੇ ਮੇਰੇ ਲਈ ਕਹਾਣੀ ਕਹਿਣ ਲਈ ਇਹ ਵੀ ਇੱਕ ਕਾਰਨ ਸੀ। ਮੈਂ ਕਹਾਣੀ 'ਚ ਉਹਦੇ ਕੋਲੋਂ ਨੇੜਿਉਂ ਸਲਾਹ ਲੈ ਸਕਦਾ ਸਾਂ। ਮੇਰਾ ਉਹ ਉਸਤਾਦ ਕਹਾਣੀਕਾਰ ਸੀ।

**ਮਲਵਿੰਦਰ:** **ਮੇਰਾ ਅਗਲਾ ਸਵਾਲ ਵੀ ਤਲਵਿੰਦਰ ਨਾਲ ਤੁਹਾਡੀ ਰਿਸ਼ਤੇਦਾਰੀ ਬਾਰੇ ਸੀ। ਇਸ ਰਿਸ਼ਤੇ ਦਾ ਤੁਹਾਡੀ ਸਿਰਜਣਾ ਉੱਪਰ ਕੀ ਪ੍ਰਭਾਵ ਪਿਆ** ?

**ਦੀਪ ਦਵਿੰਦਰ:** ਮੈਂ ਤਲਵਿੰਦਰ ਨੂੰ ਸਵੇਰੇ ਸਭ ਤੋਂ ਪਹਿਲਾਂ ਯਾਦ ਕਰਦਾਂ। ਤਲਵਿੰਦਰ ਨੇ ਬੜੇ ਨਰੋਏ ਸਾਹਿਤ ਨਾਲ ਤੇ ਬੜੇ ਵੇਲੇ ਸਿਰ ਮੇਰੀ ਐਂਟਰੀ ਕਰਾਈ। ਜਦੋਂ ਉਹ ਕਾਲਜ ਪੜ੍ਹਦਾ ਸੀ ਮੈਂ ਓਦੋਂ ਸਕੂਲ ਪੜ੍ਹਦਾ ਸੀ। ਸਾਡੇ 'ਚ ਦਸ ਸਾਲ ਦਾ ਉਮਰ ਦਾ ਫਰਕ ਐ। ਉਹ ਆਪਣੇ ਕਾਲਜ ਮੈਗਜ਼ੀਨ ਦਾ ਸੰਪਾਦਕ ਸੀ ਪੰਜਾਬੀ ਵਿਭਾਗ ਦਾ। ਜਦੋਂ ਮੈਗਜ਼ੀਨ ਆਉਣਾ ਤੇ ਉਹਨੇ ਆਪਣੇ ਨਾਨਕੇ ਉਹ ਮੈਗਜ਼ੀਨ ਲੈ ਕੇ ਆਉਣਾ ਕਿ ਇਹਦੇ 'ਚ ਮੇਰੀ ਫ਼ੋਟੋ ਛਪੀ ਐ, ਕਹਾਣੀ ਛਪੀ ਐ। ਉਹਦੀ ਸਿਰਜਣ ਪ੍ਰਕਿਰਿਆ ਦਾ ਅਸਰ ਮੈਂ ਬਹੁਤ ਕਬੂਲਿਆ। ਸ਼ੁਰੂਆਤੀ ਦਿਨ੍ਹਾਂ 'ਚ ਮੈਂ ਜਦੋਂ ਕਹਾਣੀ ਲਿਖਦਾ, ਉਹਨੂੰ ਸੁਣਾਉਂਦਾ। ਮੈਨੂੰ ਐਂ ਲੱਗਦਾ ਸੀ ਕਿ ਜੋ ਭਾਅ ਤਲਵਿੰਦਰ ਮੇਰੀ ਕਹਾਣੀ ਬਾਰੇ ਜਿਹੜੀ ਵੀ ਰਾਏ ਦਵੇ ਉਹ ਸਹੀ ਐ। ਚਾਹੇ ਸਾਰਾ ਸਫ਼ਾ ਦੁਬਾਰਾ ਲਿਖਣਾ ਪਵੇ; ਜਾਂ ਬਹੁਤ ਸਾਰੇ ਸ਼ਬਦ ਬਦਲਣੇ ਪੈਣ, ਮੈਂ ਉਹਦੀ ਹਰ ਗੱਲ ਨੂੰ ਮੰਨਦਾ ਸੀ। ਉਸ ਬੰਦੇ ਦੀ ਦੇਣ ਇਹ ਵੀ ਮੇਰੇ ਲਈ ਵੱਡੀ ਐ ਕਿ ਤੁਹਾਡੇ ਸਮੇਤ ਮੇਰੀਆਂ ਦੋਸਤੀਆਂ ਦਾ ਘੇਰਾ ਵਾਇਆ ਤਲਵਿੰਦਰ ਨੇ। ਤਲਵਿੰਦਰ ਨੂੰ ਇਹ ਲੋਕ ਜਿੰਨਾ ਪਿਆਰ ਕਰਦੇ ਸੀ, ਓਨਾਂ ਈ ਮਾਣ ਮੈਨੂੰ ਦਿੰਦੇ ਆ। ਮੈਨੂੰ ਤਲਵਿੰਦਰ ਕਿਤੇ ਵੀ ਗਿਆ ਨਹੀਂ ਲੱਗਦਾ।

**ਮਲਵਿੰਦਰ:** **ਕੁਝ ਕਹਾਣੀਆਂ ਵਿੱਚ ਕੋਈ ਪੰਜਾਹ ਸੱਠ ਸਾਲ ਪੁਰਾਣਾ ਪੇਂਡੂ ਸਭਿਆਚਾਰ ਪੇਸ਼ ਹੋਇਆ ਹੈ। 'ਬੱਦਲਵਾਈ' ਕਹਾਣੀ 'ਚ ਫੀਰੋ ਸੌਰੀਏ ਵਾਲਾ ਕਾਂਡ ਜਿੰਨੀ ਸੂਖ਼ਮਤਾ ਨਾਲ ਪੇਸ਼ ਹੋਇਆ ਹੈ, ਕਮਾਲ ਹੈ। ਇਹ ਸਾਰਾ ਕੁਝ ਚੇਤਿਆਂ 'ਚ ਵੱਸਿਆ ਜਾਂ ਸੁਣਿਆ ਹੈ** ?

**ਦੀਪ ਦਵਿੰਦਰ:** ਮਲਵਿੰਦਰ ਜੀ ਥੋੜ੍ਹਾ ਚਿਰ ਪਹਿਲਾਂ ਤੁਹਾਨੂੰ ਪਤਾ ਸਾਡੀ ਮਾਤਾ ਫ਼ੌਤ ਹੋ ਗਈ। ਸੰਧੂ ਸਾਹਿਬ ਸਾਡੇ ਨਾਲ ਸੀ ਤੇ ਸਾਡੇ ਕਿਸੇ

ਮਿੱਤਰ ਦੇ ਫ਼ਾਦਰ ਦੇ ਭੋਗ ਤੋਂ ਆਪਾਂ ਵਾਪਸ ਆ ਰਹੇ ਸੀ। ਇੱਕ ਅਖ਼ਬਾਰ ਵਾਲੇ ਨੇ ਸਵਾਲ ਕੀਤਾ ਕਿ ਦੀਪ ਜੀ ਤੁਸੀਂ ਕਿਹੜੀ ਯੂਨੀਵਰਸਿਟੀ ਤੋਂ ਪੜ੍ਹੇ ਓ? ਮੈਂ ਜਵਾਬ ਦਿੱਤਾ ਕਿ ਭਾਈ ਮੈਂ ਆਪਣੇ ਮਾਂ-ਬਾਪ ਕੋਲੋਂ ਪੜ੍ਹਿਆਂ ਤੇ ਅਜੇ ਵੀ ਪੜ੍ਹ ਰਿਹਾਂ। ਤੁਹਾਡੇ ਸਵਾਲ ਦਾ ਜਵਾਬ ਵੀ ਇਹਦੇ ਵਿੱਚ ਐ। ਮੈਨੂੰ ਉਹ ਕਹਾਣੀ ਜਾਂ ਗਲਪ ਬੋਝਲ ਲੱਗਦੀ ਐ ਜਿਹਦੇ ਸ਼ਬਦ ਏਨੇ ਠੂਸ ਠੂਸ ਕੇ ਉਹਦੇ ਵਿੱਚ ਤੁੰਨੇ ਹੋਣ ਕਿ ਉਹਨੂੰ ਖ਼ੁਦ ਹੀ ਉਹਦੇ ਅਰਥ ਤਲਾਸ਼ਣ ਵਾਸਤੇ ਕਿਸੇ ਯੂਨੀਵਰਸਿਟੀ ਦੇ ਪ੍ਰੋਫੈਸਰ ਕੋਲੋਂ ਅਰਥ ਪੁੱਛਣੇ ਪੈਣ। ਮੇਰੀ ਕਹਾਣੀ ਦੇ ਮੁਢਲੇ ਸਰੋਤ ਆਮ ਲੋਕ ਹੁੰਦੇ ਆ। ਮੈਂ ਕਹਾਣੀ ਕਿਤਾਬਾਂ 'ਚੋਂ ਨਹੀਂ ਕੱਢਦਾ। ਆਮ ਲੋਕਾਂ ਦੀਆਂ ਸਮੱਸਿਆਵਾਂ ਮੇਰੇ ਸਰੋਤ ਬਣਦੇ। ਉਹ ਕਹਾਣੀ ਚਾਹੇ ਬੱਦਲਵਾਈ ਹੋਵੇ, ਚਾਹੇ ਧੁੱਪ, ਛਾਂ ਤੇ ਰੁੱਖ ਹੋਵੇ। ਮੈਂ ਜਦੋਂ ਵੀ ਆਪਣਾ ਕੋਈ ਪ੍ਰੋਜੈਕਟ ਸ਼ੁਰੂ ਕਰਦਾਂ, ਉਹਦੇ ਬਾਰੇ ਲੋਕਾਂ ਨਾਲ ਗੱਲਾਂ ਕਰਦਾਂ, ਉਹਨਾਂ ਦੇ ਵਿਚਾਰ ਸੁਣਦਾਂ। ਮੇਰੇ ਪਾਤਰ ਆਪਣੇ ਆਪ ਈ ਉਨ੍ਹਾਂ ਦੀਆਂ ਗੱਲਾਂ 'ਚੋਂ ਨਿਕਲਦੇ ਨੇ ਤੇ ਉਹ ਆਪਣੀ ਗੱਲ ਆਪਣੇ ਆਪ ਈ ਬਾਖ਼ੂਬੀ ਕਰ ਜਾਂਦੇ ਨੇ, ਮੈਨੂੰ ਕੁਝ ਵੀ ਬਹੁਤਾ ਕਰਨਾ ਨਹੀਂ ਪੈਂਦਾ।

**ਮਲਵਿੰਦਰ:** **ਕਹਾਣੀਆਂ ਵਿੱਚ ਮਨੁੱਖ ਦੀ ਮਾਨਸਿਕਤਾ ਬੜੀ ਸੂਖ਼ਮਤਾ ਨਾਲ ਪੇਸ਼ ਹੋਈ ਹੈ। ਮਨੋਵਿਗਿਆਨ ਬਾਰੇ ਏਨੀ ਬਾਰੀਕ ਸਮਝ ਕਿਵੇਂ ਪੈਦਾ ਹੋਈ**?

**ਦੀਪ ਦਵਿੰਦਰ:** ਮਲਵਿੰਦਰ ਜੀ, ਕਿਉਂਕਿ ਸੰਧੂ ਸਾਹਿਬ ਵੀ ਸਾਡੇ ਲਾਗੇ ਬੈਠੇ ਆ ਤੇ ਤੁਸੀਂ ਦੋਵੇਂ ਮੇਰੇ ਮਿੱਤਰ ਅਧਿਆਪਨ ਦੇ ਕਿੱਤੇ ਨਾਲ ਜੁੜੇ ਹੋ ਤੇ ਇੱਕ ਲੰਬੀ ਉਮਰ ਦਾ ਹਿੱਸਾ ਤੁਸੀਂ ਕਿਤਾਬਾਂ ਪੜ੍ਹਦਿਆਂ ਤੇ ਪੜ੍ਹਾਉਂਦਿਆਂ ਗੁਜ਼ਾਰਿਆ ਹੈ। ਤੁਸੀਂ ਮੇਰੀ ਗੱਲ ਨਾਲ ਸਹਿਮਤ ਹੋਵੋਗੇ ਕਿ ਜਦੋਂ ਆਪਾਂ ਕਹਾਣੀ ਦੀ ਵਿਧਾ 'ਚ ਜਾਂ ਗਲਪ ਦੀ ਕਿਸੇ ਵੀ ਵਿਧਾ 'ਚ ਗੱਲ ਕਰਦੇ ਆਂ ਤਾਂ ਦੋ ਰਾਹ ਸਾਹਮਣੇ ਹੁੰਦੇ ਹਨ। ਇੱਕ ਤਾਂ ਸਾਡੇ ਉਹ ਯੁੱਧ ਨੇ ਜੋ ਸਮਾਜ ਲੜ ਰਿਹਾ। ਉਹਦੇ 'ਚ ਭੁੱਖਮਰੀ ਦੀ ਗੱਲ ਹੋ ਸਕਦੀ ਏ, ਨਸ਼ਾਖੋਰੀ ਦੀ, ਅਨਪੜ੍ਹਤਾ ਦੀ ਗੱਲ ਹੋ ਸਕਦੀ ਆ। ਆਪਾਂ ਇਨ੍ਹਾਂ ਸਮਾਜਿਕ ਯੁੱਧਾਂ ਨੂੰ ਧਰਾਤਲ ਬਣਾ ਕੇ ਗੱਲ ਕਰਨ ਦੀ ਕੋਸ਼ਿਸ਼ ਕਰਦੇ ਆਂ। ਦੂਜੀ ਵਿਧਾ ਐ ਕਿ ਜਿਹੜੇ ਯੁੱਧ ਮਨੁੱਖ ਆਪਣੇ ਅੰਦਰ ਨਾਲ ਲੜਦਾ, ਉਹਨੂੰ ਆਪਾਂ

ਕਿੰਨੀ ਕੁ ਬਾਰੀਕਬੀਨੀ ਨਾਲ ਆਪਣੀ ਕਹਾਣੀ 'ਚ ਰੱਖ ਸਕਦੇ ਆਂ। ਮੈਂ ਦੂਜਾ ਰਸਤਾ ਬਹੁਤਾ ਚੁਣਨ ਦੀ ਕੋਸ਼ਿਸ਼ ਕਰਦਾਂ। ਮੈਂ ਆਪਣੀਆਂ ਕਹਾਣੀਆਂ ਵਿੱਚ ਬਾਲਪਨ ਦੇ ਮਨ ਦੀਆਂ ਗੁੰਝਲਾਂ ਨੂੰ ਫੜਨ ਦੀ ਕੋਸ਼ਿਸ਼ ਕਰਦਾਂ। ਉਹਦਾ ਕਾਰਨ ਐ। ਆਪਾਂ ਬਹੁਤ ਵਾਰੀ ਇਹ ਗੱਲ ਸੋਚਦੇ ਆਂ ਕਿ ਸਾਡੇ ਨੇੜੇ ਜਿਹੜਾ ਬੱਚਾ ਐ, ਆਪਾਂ ਜਿਹੜੀ ਗੱਲ ਇਹਦੇ ਲਾਗੇ ਕਰ ਰਹੇ ਆਂ, ਇਹ ਬੱਚਾ ਵਾ, ਇਹਨੂੰ ਇਸ ਗੱਲ ਦਾ ਬਿਲਕੁਲ ਈ ਪਤਾ ਨਹੀਂ। ਲੇਕਿਨ ਇਹ ਗੱਲ ਕਦੀ ਨਾ ਭੁੱਲੀਏ ਕਿ ਬੱਚੇ ਨੇ ਜਦੋਂ ਆਪਣੀ ਉਮਰ ਦਾ ਪੰਧ ਵੱਧਦੇ ਜਾਣਾ, ਇਨ੍ਹਾਂ ਗੱਲਾਂ ਦੇ ਅਰਥ ਆਪਣੇ ਆਪ ਈ ਉਹਦੇ ਦਿਮਾਗ 'ਚੋਂ ਨਿਕਲ ਆਉਣੇ। ਮੇਰੀ ਕਹਾਣੀ 'ਘਰ' ਇਸ ਗੱਲ ਦੀ ਬਹੁਤ ਵੱਡੀ ਗਵਾਹ ਐ ਕਿ ਜਦੋਂ ਬੱਚਾ ਮਾਂ ਦੇ ਅਵੈਧ ਸਬੰਧ ਰਾਤ ਨੂੰ ਵੇਖਦਾ, ਤੇ ਜਦੋਂ ਉਹਦਾ ਆਪਣਾ ਵਿਆਹ ਹੁੰਦਾ, ਉਹ ਮਾਨਸਿਕ ਤੌਰ 'ਤੇ ਇੱਕ ਰੋਗ ਭੋਗਦਾ। ਆਪਣੀ ਪਤਨੀ ਕੋਲ ਜਾਂਦਿਆਂ ਉਹਨੂੰ ਉਹਦੇ ਵਿੱਚ ਆਪਣੀ ਮਾਂ ਦਿੱਸਦੀ ਐ। ਇਸ ਕਰਕੇ ਇਹ ਜਿਹੜੇ ਅੰਤਰਮਨ ਦੇ ਯੁੱਧ, ਕਹਾਣੀ ਵਿੱਚ ਇਨ੍ਹਾਂ ਦਾ ਦ੍ਰਿਸ਼ ਚਿੱਤਰਨ ਤੁਹਾਡੀ ਕਹਾਣੀ ਦੀ ਪ੍ਰਾਪਤੀ ਐ।

**ਮਲਵਿੰਦਰ:** **ਇਹ ਜਿਹੜਾ ਸਾਈਕਾਲੋਜੀ ਵਿਸ਼ਲੇਸ਼ਣ ਕਰਦੇ ਓ ਇਹ ਪ੍ਰਾਪਤ ਕਿਵੇਂ ਕੀਤਾ? ਸੋਚ ਕਿਵੇਂ ਪੈਦਾ ਹੋਈ? ਏਨੀ ਡੂੰਘਿਆਈ ਨਾਲ ਕਹਾਣੀ ਦਾ ਮਨੋਵਿਸ਼ਲੇਸ਼ਣ ਕਰਨ ਦਾ ਢੰਗ ਕਿਵੇਂ ਸਿਖਿਆ?**

**ਦੀਪ ਦਵਿੰਦਰ:** ਸੰਧੂ ਸਾਹਿਬ ਬਾਬੇ ਨਜਮੀ ਹੋਰਾਂ ਦੀਆਂ ਦੋ ਸਤਰਾਂ ਨੇ ਕਿ

*ਬੇਹਿੰਮਤੇ ਨੇ ਜਿਹੜੇ ਬਹਿ ਕੇ ਝੋਰਾ ਕਰਨ ਮੁਕੱਦਰਾਂ ਦਾ*
*ਉੱਗਣ ਵਾਲੇ ਉੱਗ ਪੈਂਦੇ ਨੇ ਸੀਨਾ ਪਾੜ ਕੇ ਪੱਥਰਾਂ ਦਾ*

ਦਲਬੀਰ ਚੇਤਨ ਹੋਰਾਂ ਦੀ ਇੱਕ ਕਹਾਣੀ ਐ 'ਪੁੱਲ ਆਈ'। ਮੈਂ ਮਾਨਸਿਕ ਤੌਰ 'ਤੇ ਵੀ ਕਹਾਣੀ ਪੜ੍ਹ ਕੇ ਤਿਆਰ ਨਾ ਹੋਇਆ ਕਿ ਕਹਾਣੀ ਦਾ ਨਾਮਕਰਣ ਤੇ ਕਹਾਣੀ, ਇਹ ਦੋਵੇਂ ਜੁੜ ਕਿਵੇਂ ਰਹੇ ਆ ਆਪਸ ਵਿੱਚ। ਅੰਤ ਵਿੱਚ ਇੱਕ ਲਾਈਨ 'ਚ ਉਹਦੇ ਅਰਥ ਸਮਝਾਉਂਦਾ। ਮਿਲਟਰੀ 'ਚ ਜਦੋਂ ਬੰਦਾ ਭਰਤੀ ਹੁੰਦਾ ਤੇ ਉਹਨੂੰ ਸ਼ੂਟ ਕਰਨ ਦੀ ਜਾਚ ਸਿਖਾਈ ਜਾਂਦੀ ਆ ਕਿ ਸਾਹਮਣੇ ਬੋਰਡ ਉੱਤੇ ਚੱਕਰ ਵਿਚਲੇ ਬਿੰਦੂ, ਜਿਸ 'ਤੇ ਨਿਸ਼ਾਨਾ ਲਾਉਣਾ, ਤੇ ਤੇਰੀ ਅੱਖ ਵਿਚਕਾਰ ਕੋਈ ਹੋਰ ਸ਼ੈਅ ਨਹੀਂ ਆਉਣੀ ਚਾਹੀਦੀ। ਸੰਧੂ ਸਾਹਿਬ! ਮੈਂ ਭਾਵੇਂ ਬਚਪਨ ਬਹੁਤ ਤੰਗੀਆਂ

ਤੁਰਸ਼ੀਆਂ ਨਾਲ ਗੁਜ਼ਾਰਿਆ। ਸਾਡੇ 'ਕੱਲੇ ਬਾਪ ਦੀ ਦਿਹਾੜੀ ਨਾਲ ਸੱਤਾਂ ਅੱਠਾਂ ਜੀਆਂ ਦਾ ਗੁਜ਼ਾਰਾ ਬੜੀ ਮੁਸ਼ਕਲ ਚਲਦਾ ਸੀ। ਬਹੁਤ ਵਾਰ ਰਾਤ ਸਾਡੀ ਮਾਂ ਨੇ ਦੂਰ ਕੰਮ 'ਤੇ ਗਏ ਬਾਪ ਦੀ ਉਡੀਕ ਕਰਨੀ। ਚੁੱਲ੍ਹਾ ਮਘਦਾ ਨਹੀਂ ਸੀ ਹੁੰਦਾ। ਅਸੀਂ ਸਾਰਿਆਂ ਮੰਜਿਆਂ 'ਤੇ ਬੈਠਿਆਂ ਲੱਤਾਂ ਹਿਲਾਉਂਦਿਆਂ ਇਹ ਸੋਚਣਾ ਕਿ ਅੱਜ ਬੀਬੀ ਚੁੱਲ੍ਹੇ ਅੱਗ ਕਿਉਂ ਨਹੀਂ ਬਾਲ ਰਹੀ? ਪਰ ਉਹਦੇ ਚਿਹਰੇ 'ਤੇ ਕੋਈ ਸ਼ਿਕਨ ਅਸੀਂ ਨਹੀਂ ਸਾਂ ਵੇਖਦੇ। ਉਹ ਸਾਨੂੰ ਗੱਲਾਂ 'ਚ ਉਲਝਾ ਰੱਖਦੀ। ਸਾਡੇ ਬਾਪ ਨੇ ਆਉਣਾ। ਉਹਨੇ ਲੋੜ ਗੋਚਰਾ ਜਿਹੜਾ ਸਮਾਨ ਦਿਹਾੜੀ ਲਾ ਕੇ ਲਿਆਉਣਾ ਤਾਂ ਮਾਂ ਨੇ ਤੁਰੰਤ ਹਰਕਤ ਵਿੱਚ ਆਉਣਾ ਤੇ ਖਾਣਾ ਤਿਆਰ ਕਰ ਦੇਣਾ। ਕਈ ਵਾਰੀ ਕੱਪੜੇ ਵਾਲੇ ਭਾਈ ਨੇ, ਜਿਸ ਕੋਲੋਂ ਮਾਂ ਨੇ ਉਧਾਰ ਕੱਪੜਾ ਲਿਆ ਹੁੰਦਾ, ਆਉਣਾ ਤਾਂ ਮਾਂ ਨੇ ਅੰਦਰਲੇ ਕਮਰੇ 'ਚ ਵੜ ਜਾਣਾ ਤੇ ਕਹਿਣਾ ਕਿ ਭਾਈ ਨੂੰ ਆਖਿਉ ਬੀਬੀ ਘਰ ਨਹੀਂ। ਇਹ ਯੁੱਧ ਨੇ ਸਾਡੇ ਅੰਦਰਲੇ। ਜਦੋਂ ਬੱਚਿਆਂ ਦੀਆਂ ਇਛਾਵਾਂ ਮਰੀਆਂ ਹੋਣ, ਯੁੱਧ ਤੁਹਾਡੇ ਅੰਦਰ ਨਿਰੰਤਰ ਚਲਦੇ ਆ। ਵੇਖਣਾ ਇਹ ਹੁੰਦਾ ਕਿ ਲਾਵਾ ਕਿਸ ਤਰ੍ਹਾਂ ਤੁਹਾਡੇ ਅੰਦਰੋਂ ਫੁੱਟਿਆ, ਫੁੱਟ ਕੇ ਉਹਨੇ ਰਾਹ ਕਿਹੜਾ ਅਖਤਿਆਰ ਕੀਤਾ। ਮੈਂ ਕੋਸ਼ਿਸ਼ ਕਰਦਾਂ ਕਿ ਇੱਕ ਬੱਚਾ ਪਾਤਰ ਕਹਾਣੀ 'ਚ ਆਵੇ। ਉਹ ਆਪਣੇ ਘਰ ਦੀ ਤੰਗੀ ਤੁਰਸ਼ੀ ਬਾਰੇ ਗੱਲ ਕਰੇ। ਕਹਾਣੀ ਦਾ ਜਿਹੜਾ ਡਾਇਲਾਗ ਆ ਨਾ ਕਿ ਮੇਰਾ ਜੀਅ ਕਰਦਾ ਕਿ ਮੈਂ ਬੀਬੀ ਨੂੰ ਦਿਲਾਸਾ ਦੇਵਾਂ, ਉਹਦੇ ਨਾਲ ਗੱਲ ਕਰਾਂ। ਮੈਨੂੰ ਲੱਗਦਾ ਮੈਂ ਵੀ ਅੰਦਰ ਲੁਕੀ ਬੀਬੀ ਨੂੰ ਦਿਲਾਸਾ ਦੇ ਰਿਹਾਂ। ਮੇਰੇ ਸਰੋਤ ਜਿਹੜੇ ਮਨੋਵਿਗਿਆਨਿਕ ਤੌਰ 'ਤੇ ਮੇਰੇ ਧੁਰ ਦਿਮਾਗ ਦੀਆਂ ਨਸਾਂ 'ਚ ਖੁੱਭੇ ਉਹ ਵੇਲੇ ਆ ਜਿਹੜੇ ਰਾਤ ਬੱਦਲਾਂ ਦੇ ਓਹਲੇ ਓਹਲੇ ਭੱਜੇ ਜਾਂਦੇ ਦੂਰ ਕਿਤੇ ਅੰਬਰਾਂ 'ਚ ਚੰਦਰਮਾਂ ਨੂੰ ਵੇਖਦਿਆਂ ਉਪਜਦੇ ਸੀ,ਅੱਜ ਵੀ ਮੇਰੇ ਅੰਦਰ ਕਿਤੇ ਬੈਠੇ ਆ।

**ਮਲਵਿੰਦਰ: ਹੈ ਤਾਂ ਇਹ ਇੱਕ ਰਵਾਇਤੀ ਜਿਹਾ ਸਵਾਲ ਈ ਕਿ ਤੁਹਾਡੀ ਜ਼ਿੰਦਗੀ 'ਚ ਮਹੱਤਵਪੂਰਨ ਟਰਨਿੰਗ ਪੁਆਇੰਟ ਕਿਹੜਾ ਸੀ** ?

**ਦੀਪ ਦਵਿੰਦਰ:** ਮੈਨੂੰ ਐਂ ਲੱਗਦਾ ਕਿ ਲਿਖਣ ਕਾਰਜ ਦੇ ਨਾਲ ਜਿਹੜਾ ਜਥੇਬੰਦਕ ਕਾਰਜ ਮੇਰਾ ਸ਼ੁਰੂ ਹੋਇਆ, ਬੇਸ਼ੱਕ ਉਹਦੀ ਪ੍ਰੇਰਨਾ ਮੈਨੂੰ ਤਲਵਿੰਦਰ ਦੇ ਰਾਹੀਂ ਮਿਲੀ ਹੋਊਗੀ, ਉਹ ਮੈਂ ਵੱਡਾ ਮੋੜ

ਸਮਝਦਾਂ। ਜਿਸ ਤਰੀਕੇ ਨਾਲ ਮੈਂ ਆਪਣੇ ਘਰ ਪਰਿਵਾਰ ਨੂੰ ਤੇ ਆਪਣੇ ਲਿਖਣ ਕਾਰਜ ਨੂੰ ਬਗੈਰ ਪ੍ਰਭਾਵਤ ਹੋਣ ਦੇ ਕੇਂਦਰੀ ਲੇਖਕ ਸਭਾ ਦੇ ਵੱਡੇ ਅਦਾਰੇ ਵਿੱਚ ਆਪਣੇ ਆਪ ਨੂੰ ਢਾਲ ਲਿਆ, ਉਨ੍ਹਾਂ ਦੀਆਂ ਸਰਗਰਮੀਆਂ ਦਾ ਹਿੱਸਾ ਬਣਾ ਲਿਆ, ਇਹ ਵੱਡੀ ਗੱਲ ਐ। ਦੋਸਤੀਆਂ ਦਾ ਘੇਰਾ ਏਨਾ ਵਿਸ਼ਾਲ ਉਸ ਗੱਲ ਨਾਲ ਹੋਇਆ, ਕਹਾਣੀ ਦੇ ਖੇਤਰ 'ਚ ਵੱਡੀ ਪਛਾਣ ਮੇਰੀ ਉਸ ਗੱਲ ਤੋਂ ਬਾਅਦ ਬਣਦੀ ਐ। ਮੈਂ ਸਮਝਦਾਂ ਕਿ ਉਹ ਮੇਰੀ ਜ਼ਿੰਦਗੀ 'ਚ ਇੱਕ ਵੱਡਾ ਮੋੜ ਐ।

**ਮਲਵਿੰਦਰ:** **ਜ਼ਿੰਦਗੀ 'ਚ ਸਾਰਾ ਕੁਝ ਆਸ਼ਾਵਾਦੀ ਨਹੀਂ ਹੁੰਦਾ। ਪਰ ਤੁਹਾਡੀਆਂ ਬਹੁਤੀਆਂ ਕਹਾਣੀਆਂ ਦੇ ਅੰਤ ਬੜੇ ਆਸ਼ਾਵਾਦੀ ਹਨ। ਇਹ ਗਿਣਮਿਥ ਕੇ ਕੀਤਾ ਕਿ ਸਹਿਜ ਸੁਭਾ ਹੋ ਗਿਆ** ?

**ਦੀਪ ਦਵਿੰਦਰ:** ਮੈਨੂੰ ਚੇਤਾ ਐ ਕਿ ਟੀ.ਵੀ. 'ਤੇ ਦੋ ਈ ਚੈਨਲ ਚਲਦੇ ਸੀ ਇੱਕ ਜਲੰਧਰ ਦੂਰਦਰਸ਼ਨ ਤੇ ਦੂਜਾ ਪਾਕਿਸਤਾਨ ਵਾਲਾ ਚੈਨਲ ਚਲਦਾ ਸੀ। ਉਥੇ ਇੱਕ ਬੜਾ ਪਾਪੂਲਰ ਸ਼ੋਅ ਆਉਂਦਾ ਹੁੰਦਾ ਸੀ 'ਤਾਰਿਕ ਅਜ਼ੀਜ਼ ਦਾ ਨਿਲਾਮ ਘਰ'। ਨੀਲਾਮ ਘਰ 'ਚ ਮੈਂ ਇੱਕ ਛੋਟੀ ਜਿਹੀ ਘਟਨਾ ਵੇਖੀ ਜਿਨ੍ਹੇ ਮੇਰੇ ਮਨ ਨੂੰ ਬੜਾ ਵਲੂੰਧਰਿਆ। ਦੁਬਈ ਤੋਂ ਇੱਕ ਕਪਲ ਆਇਆ ਸੀ ਉਹਦੇ 'ਚ। ਆਦਮੀ ਸਰੀਰਕ ਤੌਰ 'ਤੇ ਅਪਾਹਜ ਸੀਗਾ ਤੇ ਉਹਦੀ ਵਾਈਫ ਬਹੁਤ ਪੜ੍ਹੀ ਲਿਖੀ ਤੇ ਬੜੀ ਸਿਆਣੀ ਔਰਤ ਸੀ। ਉਹਨੂੰ ਸਵਾਲ ਕੀਤਾ ਤਾਰਿਕ ਨੇ ਕਿ ਜਦੋਂ ਤੁਸੀਂ ਜ਼ਿੰਦਗੀ ਦਾ ਫੈਸਲਾ ਲਿਆ, ਕਿਤੇ ਮਨ ਦੇ ਕਿਸੇ ਕੋਨੇ 'ਚ ਸਵਾਲ ਨਹੀਂ ਉੱਠਿਆ ਕਿ ਮੈਨੂੰ ਫੈਸਲਾ ਦੁਬਾਰਾ ਸੋਚਣਾ ਚਾਹੀਦਾ? ਔਰਤ ਨੇ ਮੋੜਵਾਂ ਜਵਾਬ ਦਿੱਤਾ ਕਿ ਤੁਹਾਨੂੰ ਤੁਹਾਡੇ ਸ਼ੋਅ ਰਾਹੀਂ ਪੂਰੀ ਦੁਨੀਆਂ ਜਾਣਦੀ ਆ। ਰੱਬ ਨਾ ਕਰੇ ਘਰ ਪਹੁੰਚਣ ਤੋਂ ਪਹਿਲਾਂ ਕੋਈ ਦੁਰਘਟਨਾ ਤੁਹਾਡੇ ਨਾਲ ਵਾਪਰ ਜਾਏ, ਤੁਸੀਂ ਇਸੇ ਵੀਲ ਚੇਅਰ 'ਤੇ ਬੈਠ ਜਾਉ, ਕੀ ਪਰਿਵਾਰ ਤੁਹਾਨੂੰ ਛੱਡ ਕੇ ਚਲਾ ਜਾਊਗਾ? ਉਸ ਨੇ ਸੰਧੂ ਸਾਹਿਬ ਏਨਾ ਅਸਰ ਕੀਤਾ ਮੇਰੇ 'ਤੇ ਕਿ ਇਹ ਉਹ ਦਿਨ ਸਨ ਜਦੋਂ ਘਰ ਦੇ ਮੰਗਣ ਵਿਆਹੁਣ ਬਾਰੇ ਸੋਚਦੇ ਆ। ਰੱਬ ਵੱਲੋਂ ਘਟਨਾ ਐਂ ਵਾਪਰ ਗਈ ਕਿ ਮੇਰੇ ਕਿਸੇ ਰਿਸ਼ਤੇਦਾਰਾਂ 'ਚੋਂ ਕਿਸੇ ਨੇ ਦੱਸ ਪਾਈ ਕਿ ਬੰਬੇ ਲੜਕੀ ਐ ਰਿਸ਼ਤੇਦਾਰਾਂ 'ਚ। ਉਹਦੀ ਇੱਕ ਲੱਤ ਕਮਜ਼ੋਰ ਆ ਪੋਲੀਉ ਦੀ ਵਜ੍ਹਾ ਕਰਕੇ। ਮੈਂ ਬਗੈਰ ਘਰਦਿਆਂ ਨੂੰ

ਦੱਸਣ ਪੁੱਛਣ ਤੋਂ ਹਾਂ ਕਰ ਦਿੱਤੀ। ਚਲੋ! ਮਲਵਿੰਦਰ ਭਾਜੀ ਉਹ ਲੜਕੀ ਮੇਰੀ ਜੀਵਨ ਸਾਥਣ ਬਣੀ। ਅੱਜ ਛੱਬੀ ਸਾਲ ਹੋ ਗਏ ਵਿਆਹ ਨੂੰ। ਬੱਚੇ ਵੈੱਲ ਸੈਟਲਡ ਨੇ। ਬੇਟੀ ਇਕਨਾਮਿਕਸ 'ਚ ਮਾਸਟਰ ਡਿਗਰੀ ਕਰਕੇ, ਨੈੱਟ ਕਲੀਅਰ ਕਰਕੇ ਪ੍ਰੋਫੈਸਰ ਐ ਕਿਸੇ ਕਾਲਜ 'ਚ। ਬੇਟਾ ਵੀ ਇੰਜੀਨੀਅਰ ਬਣ ਗਿਆ। ਅੰਤ ਬੜਾ ਸੁਖਦ ਐ ਯਾਰ। ਚਾਹੇ ਤੁਹਾਡੀ ਜ਼ਿੰਦਗੀ ਦਾ ਹੋਵੇ, ਚਾਹੇ ਤੁਹਾਡੀ ਕਹਾਣੀ ਦਾ। ਉਹ ਕਹਾਣੀ ਕੀ ਹੋਈ ਜਿਹੜੀ ਅੰਤ 'ਤੇ ਜਾ ਕੇ ਪਾਠਕ ਨੂੰ ਘੋਰ ਨਿਰਾਸ਼ਾ 'ਚ ਧੱਕ ਦੇਵੇ। ਕਹਾਣੀ ਉਹ ਵਾ ਜਿਹੜੀ ਚਲਦੇ ਰਹਿਣ ਦੀ ਗੱਲ ਕਰੇ। ਉਹ ਸੂਰਜ ਦੀਆਂ ਕਿਰਨਾਂ ਨਾਲ ਖ਼ਤਮ ਹੋਵੇ, ਚੜ੍ਹਦੇ ਦਿਨ ਦੀ ਲਾਲੀ ਨਾਲ ਖ਼ਤਮ ਹੋਵੇ। ਕਹਾਣੀ ਕਿਸੇ ਗੀਤ ਦੀਆਂ ਲੋਕ ਧੁਨਾਂ ਨਾਲ ਖ਼ਤਮ ਹੋਵੇ ਤੇ ਪੜ੍ਹਨ ਵਾਲੇ ਨੂੰ ਲੱਗੇ ਕਿ ਮੈਂ ਕੋਈ ਰਚਨਾ ਪੜ੍ਹੀ ਆ।

ਮਲਵਿੰਦਰ: **ਸਮਾਜ ਦੇ ਕੁਝ ਵੱਡੇ ਫਿਕਰਾਂ ਜਿਵੇਂ ਭਰੂਣ ਹੱਤਿਆ, ਏਡਜ਼,ਨਸ਼ੇ ਆਦਿ ਬਾਰੇ ਕਹਾਣੀਆਂ ਲਿਖਣ ਲਈ ਉਚੇਚ ਕੀਤਾ ਗਿਆ ਲੱਗਦਾ** ?

ਦੀਪ ਦਵਿੰਦਰ: ਜਿਹੜੀਆਂ ਇਹ ਮੁਢਲੀਆਂ ਕਹਾਣੀਆਂ ਨਾ ਕਿਤਾਬ ਦੀਆਂ ਉਹਦੇ 'ਚ ਜਾਇ ਸੁੱਤੇ ਜਰਾਇਣਾ, ਚਲ ਛੱਡ ਪਰ੍ਹੇ, ਉਮਰੋਂ ਲੰਮੇ ਪੰਧ ਆਦਿ ਦੀ ਗੱਲ ਹੋ ਸਕਦੀ ਆ। ਇਹ ਕਹਾਣੀਆਂ ਜਿਵੇਂ ਪਹਿਲੀ, ਦੂਜੀ ਜਮਾਤ ਵਿਚ ਪੜ੍ਹਦੇ ਬੱਚੇ ਦੀ ਗੱਲ ਕਰ ਲਉ, ਜਿਸ ਤਰ੍ਹਾਂ ਕਿਸੇ ਨੇ ਦੱਸਿਆ ਉਸ ਤਰ੍ਹਾਂ ਫੜਨ ਦੀ ਕੋਸ਼ਿਸ਼ ਕੀਤੀ ਆ।

ਮਲਵਿੰਦਰ: **ਸਾਹਿਤਕ ਸਮਾਗਮਾਂ 'ਚ ਜਾਣਾ, ਪ੍ਰਧਾਨਗੀ ਮੰਡਲ ਦਾ ਹਿੱਸਾ ਬਣਨਾ, ਅਖ਼ਬਾਰਾਂ 'ਚ ਖ਼ਬਰ ਬਣ ਛਪਣਾ, ਇਹ ਸਭ ਸਿਰਜਣ ਪ੍ਰਕਿਰਿਆ ਉੱਪਰ ਕਿਹੋ ਜਿਹਾ ਪ੍ਰਭਾਵ ਪਾਉਂਦੇ ਹਨ** ?

ਦੀਪ ਦਵਿੰਦਰ: ਵੇਖੋ ਗੱਲ ਇਹ ਆ ਕਿ ਹਰ ਗੱਲ ਨੂੰ ਆਪਾਂ ਕਿੱਦਾਂ ਲੈਂਦੇ ਹਾਂ। ਗੱਲਾਂ ਦੋਵੇਂ ਹੋ ਸਕਦੀਆਂ। ਅਖ਼ਬਾਰ ਨਾਲ ਜਦੋਂ ਆਪਾਂ ਜੁੜ ਜਾਂਦੇ ਆਂ, ਖ਼ਾਸ ਕਰਕੇ ਖ਼ਬਰ ਦੇ ਸਿਲਸਿਲੇ 'ਚ, ਮੇਰੇ ਕੋਲ ਬੜੀਆਂ ਉਦਾਹਰਣਾਂ ਨੇ, ਕਿ ਬੰਦੇ ਦੀ ਸਾਹਿਤਕ ਪ੍ਰਕਿਰਿਆ ਲਗਭਗ ਖ਼ਤਮ ਹੋ ਜਾਂਦੀ ਆ। ਜਿੱਥੋਂ ਤੀਕਰ ਮੇਰਾ ਮਸਲਾ, ਮੈਂ ਇਹਨੂੰ ਇਸ ਤਰ੍ਹਾਂ ਨਹੀਂ ਲੈਂਦਾ। ਜਦੋਂ ਕਦੀ ਖ਼ਬਰ 'ਚ

ਕਹਾਣੀਕਾਰ ਦੀਪ ਦਵਿੰਦਰ ਜਾਂ ਕਥਾਕਾਰ ਦੀਪ ਦਵਿੰਦਰ ਛਪਿਆ ਮੈਂ ਪੜ੍ਹਦਾਂ, ਮੈਂ ਉਹਦੇ ਅਰਥ ਤਲਾਸ਼ਦਾਂ ਕਿ ਕੀ ਮੇਰਾ ਤਖ਼ੱਲਸ ਕਹਾਣੀਕਾਰ ਐ ਜਾਂ ਮੇਰੇ ਅੰਦਰ ਚੰਗੀ ਕਹਾਣੀ ਵੇਖ ਕੇ ਲੋਕ ਇੰਝ ਲਿਖਦੇ ਆ। ਸਾਡੇ ਮਿੱਤਰ ਆ ਲਖਬੀਰ ਸਿੰਘ ਨਜਾਮਪੁਰ, ਉਹਦਾ ਅਕਸਰ ਮੈਨੂੰ ਫ਼ੋਨ ਆਉਂਦਾ। ਉਹ ਮੈਨੂੰ ਬਹੁਤ ਵਾਰੀ ਟੋਣਾ ਮਾਰਦਾ ਕਿ ਦੀਪ ਆਪਾਂ ਤੇਰੇ ਅੰਦਰੋਂ ਇੱਕ ਚੰਗਾ ਸਾਹਿਤਕਾਰ ਵੇਖਦੇ ਆਂ। ਤੂੰ ਜਿੱਥੇ ਮਰਜੀ, ਜੋ ਮਰਜੀ ਕਰ ਪਰ ਉਹ ਨਾ ਕਰੀਂ ਜਿਹਦੇ ਨਾਲ ਸਾਹਿਤਕਾਰ ਇੱਕ ਪਾਸੇ ਚਲਿਆ ਜਾਵੇ ਤੇ ਇੱਕ ਪੱਤਰਕਾਰ ਜਿਹਾ ਤੁਰਿਆ ਫਿਰੇ। ਮੈਂ ਬੜੀ ਇਮਾਨਦਾਰੀ ਨਾਲ ਇਸ ਗੱਲ ਨੂੰ ਸਮਝਦਾਂ। ਤੁਹਾਡੇ ਵਰਗੇ ਵਿਦਵਾਨ ਮਿੱਤਰ ਇੱਕ ਕਹਾਣੀਕਾਰ ਵਜੋਂ ਮੇਰਾ ਨਾਂ ਲੈਂਦੇ ਆ, ਮੈਂ ਸਮਝਦਾਂ ਕਿ ਮੈਨੂੰ ਆਪਣੀ ਕਹਾਣੀ ਵੱਲ ਉਚੇਚੇ ਤੌਰ 'ਤੇ ਧਿਆਨ ਦੇਣਾ ਚਾਹੀਦਾ।

**ਮਲਵਿੰਦਰ:** **ਮੈਨੂੰ ਇੰਝ ਲੱਗਦਾ ਕਿ ਜਿਹੜੇ ਮਿੱਤਰ ਕਿਸੇ ਸਮਾਗਮ 'ਤੇ ਵੀ ਨਹੀਂ ਆਉਂਦੇ, ਕਿਸੇ ਸਾਹਿਤ ਸਭਾ ਦੇ ਮੈਂਬਰ ਵੀ ਨਹੀਂ, ਉਹ ਘਰ ਬੈਠੇ ਪੜ੍ਹ ਲਿਖ ਰਹੇ ਆ, ਉਹ ਠੀਕ ਨੇ। ਸਾਹਿਤ ਸਭਾਵਾਂ ਦੇ ਝਮੇਲਿਆਂ ਤੋਂ ਬਚੇ ਰਹਿੰਦੇ ਆ** ?

**ਦੀਪ ਦਵਿੰਦਰ:** ਫਿਰ ਮੈਨੂੰ ਥੋੜਾ ਜਿਹਾ ਇਹ ਵੀ ਦੱਸੋ ਕਿ ਉਹ ਲੋਕ ਤੁਹਾਡੇ ਸਾਡੇ ਨਾਲੋਂ ਬਿਹਤਰ ਕੀ ਲਿਖ ਰਹੇ ਹਨ ? ਮੈਂ ਇਹਦੇ ਨਾਲ ਸਹਿਮਤ ਨਹੀਂ। ਜਦੋਂ ਤੁਸੀਂ ਫੰਕਸ਼ਨਾਂ 'ਚ ਜਾਂਦੇ ਓ, ਵਿਚਾਰਾਂ ਦਾ ਆਦਾਨ ਪ੍ਰਦਾਨ ਹੁੰਦਾ। ਮੈਂ ਕਹਾਣੀ ਲਿਖਦਾਂ, ਦਸ ਬੰਦਿਆਂ ਨੂੰ ਪੜ੍ਹਾਉਂਦਾਂ। ਕਈ ਕੁਝ ਨਵਾਂ ਪਤਾ ਲੱਗਦਾ। ਸਾਡੀਆਂ ਕਲਾਸਾਂ ਸਾਡੇ ਸਾਹਿਤਕ ਸਮਾਗਮ ਨੇ। ਕੋਈ ਐਸਾ ਸਕੂਲ ਨਹੀਂ ਜਿਹੜਾ ਤੁਹਾਨੂੰ ਕਹਾਣੀ ਲਿਖਣੀ ਸਿਖਾਉਂਦਾ ਹੋਵੇ। ਸਾਨੂੰ ਸਿਖਣ ਲਈ ਬਹੁਤ ਕੁਝ ਸਾਹਿਤਕ ਸਮਾਗਮਾਂ 'ਚ ਮਿਲਦਾ। ਤੁਹਾਡੀ ਭਾਸ਼ਾ ਦਾ, ਤੁਹਾਡੀ ਸਿਰਜਣਾ ਦੀ ਤਰੱਕੀ ਦਾ ਕਾਰਨ ਸਾਹਿਤਕ ਸਮਾਗਮ ਹੀ ਬਣਦੇ ਹਨ।

**ਮਲਵਿੰਦਰ:** **ਤੁਹਾਡੇ ਮਨ ਵਿੱਚ ਕੋਈ ਪਾਤਰ ਜੋ ਪ੍ਰੋਗਰੈਸਿਵ ਹੋਵੇ, ਪੰਜਾਬੀ ਕਹਾਣੀ ਵਿੱਚ ਆਈਡੀਅਲ ਬਣਨ ਦੀ ਯੋਗਤਾ ਰੱਖਦਾ ਹੋਵੇ ਜਾਂ ਕੋਈ ਪਾਤਰ ਕਰੀਏਟ ਕਰ ਰਹੇ ਹੋਵੋ, ਬਾਰੇ ਕਹਾਣੀ ਲਿਖਣੀ ਚਾਹੁੰਦੇ ਹੋ ਜਾਂ ਲਿਖ ਰਹੇ ਓ** ?

**ਦੀਪ ਦਵਿੰਦਰ:** ਵੇਖੋ ਸੰਧੂ ਸਾਹਿਬ ਤੁਹਾਡਾ ਸਵਾਲ ਬਹੁਪੱਖੀ ਐ। ਸਾਡੇ 'ਤੇ ਇੱਕ ਇਲਜ਼ਾਮ ਲੱਗਦਾ ਕਹਾਣੀਕਾਰਾਂ 'ਤੇ। ਇਲਜ਼ਾਮ ਇਹ ਆ ਮਲਵਿੰਦਰ ਭਾਅ ਜੀ ਕਿ ਤੁਸੀਂ ਜਿਹੜੀ ਕਹਾਣੀ ਲਿਖਦੇ ਓ, ਕੀ ਕਾਰਨ ਐ ਕਿ ਹਰ ਥਾਂ ਉੱਤੇ ਜਿਹੜੀ ਔਰਤ ਪਾਤਰ ਐ ਉਹ ਜਾਇਜ਼, ਨਜਾਇਜ਼ ਰਿਸ਼ਤੇ ਹੰਢਾਉਂਦੀ ਐ, ਅਨਪੜ੍ਹ ਕਿਸਮ ਦੀ ਆ, ਉਹਦੇ 'ਤੇ ਜ਼ੁਲਮ ਹੋ ਰਹੇ ਆ, ਉਹ ਨਪੀੜੀ ਹੋਈ ਆ...। ਇਹਦੇ ਨੇੜੇ ਤੇੜੇ ਦੇ ਪਾਤਰ ਅਸੀਂ ਸਿਰਜਦੇ ਆਂ। ਅੱਜ ਇੱਕੀਵੀਂ ਸਦੀ 'ਚ ਦੁਨੀਆਂ ਏਨੀ ਤਰੱਕੀ ਕਰ ਗਈ ਆ, ਔਰਤਾਂ ਏਨੀਆਂ ਪੜ੍ਹ ਲਿਖ ਗਈਆਂ, ਕੋਈ ਖੇਤਰ ਨਹੀਂ ਜਿੱਥੇ ਔਰਤ ਅਗਾਂਹ ਵਧੂ ਨਹੀਂ ਐ। ਪਰ ਇਹ ਪੜ੍ਹੀ ਲਿਖੀ ਔਰਤ, ਮਾਅਰਕੇ ਮਾਰਨ ਵਾਲੀ ਔਰਤ ਸਾਡੀ ਕਹਾਣੀ ਦਾ ਹਿੱਸਾ ਨਹੀਂ ਬਣੀ। ਮੇਰੀ ਬੜੀ ਕੋਸ਼ਿਸ਼ ਆ ਕਿ ਮੈਂ ਨਵੇਂ ਯੁੱਗ ਦੀ ਔਰਤ ਦਾ ਪਾਤਰ ਸਿਰਜਾਂ ਜਿਹੜੀ ਸਮਾਜ ਦੇ ਹਰ ਖੇਤਰ ਵਿੱਚ ਅਗਵਾਈ ਹੀ ਨਾ ਕਰੇ, ਉਹ ਨਵੇਂ ਦਿਸਹੱਦੇ ਵੀ ਕਾਇਮ ਕਰੇ। ਆਪਾਂ ਕਿਉਂ ਝਾਂਸੀ ਰਾਣੀ ਵਰਗੀਆਂ ਤਿੰਨ ਚਾਰ ਔਰਤਾਂ ਦੇ ਨਾਂ ਲੈ ਕੇ ਚੁੱਪ ਹੋ ਜਾਂਦੇ ਹਾਂ। ਕੀ ਉਸ ਯੁੱਗ ਤੋਂ ਬਾਅਦ ਸਾਡੇ ਕੋਲ ਕੋਈ ਅਜਿਹੀ ਔਰਤ ਨਹੀਂ ਆਈ ਜਿਹੜੀ ਮਿਸਾਲ ਬਣ ਸਕੇ? ਨਵਾਂ ਕਰੀਏਟ ਕਰਨ ਵਾਲੀ ਗੱਲ ਨਹੀਂ, ਇਹ ਪੜ੍ਹੀਆਂ ਲਿਖੀਆਂ ਔਰਤਾਂ ਸਾਡੇ ਕੋਲ ਨੇ। ਕੋਸ਼ਿਸ਼ ਹੋਏਗੀ ਅਗਲੀਆਂ ਕਹਾਣੀਆਂ 'ਚ ਅਜਿਹੀ ਔਰਤ ਪਾਤਰ ਬਣੇ।

**ਮਲਵਿੰਦਰ:** **ਇੱਕ ਜੁਮਲਾ ਚੱਲਿਆ ਸੀ ਪੰਜਾਬੀ ਕਹਾਣੀ ਬਾਰੇ ਕਿ ਅੱਧਾ ਅਸਮਾਨ ਵਰਿਆਮ ਸੰਧੂ, ਅੱਧਾ ਪ੍ਰੇਮ ਪ੍ਰਕਾਸ਼ ਸਾਡਾ। ਕਹਾਣੀਕਾਰ ਸੁਖਜੀਤ ਨੇ ਇੱਕ ਫੰਕਸ਼ਨ 'ਚ ਕਿਹਾ ਸੀ ਕਿ ਕਹਾਣੀ ਲਿਖਣ ਦਾ ਇਹ ਵੇਲਾ ਦੀਪ ਦਵਿੰਦਰ ਦਾ ਐ। ਮੈਂ ਇਹਨੂੰ ਕਹਿੰਨਾ ਕਿ ਕਰ ਲੈ ਜੋ ਕਰਨਾ। ਤੁਹਾਡੇ ਮਨ ਨੇ ਕਿੰਝ ਮਹਿਸੂਸ ਕੀਤਾ**?

**ਦੀਪ ਦਵਿੰਦਰ:** ਵੇਖੋ ਸੰਧੂ ਸਾਹਿਬ,ਇਹ ਗੱਲ ਮੈਂ ਬੜੀ ਸ਼ਿੱਦਤ ਨਾਲ, ਬੜੀ ਜ਼ਿੰਮੇਵਾਰੀ ਨਾਲ ਕਹਿਨਾਂ ਜਦੋਂ ਅਸੀਂ ਯੂਨਿਵਰਸਿਟੀ ਪੱਧਰ 'ਤੇ ਜਾਂ ਕਾਲਜਾਂ ਦੀ ਉਚੇਰੀ ਸਿਖਿਆ ਦੇ ਪੱਧਰ 'ਤੇ ਕਹਾਣੀ ਦੀ ਗੱਲ ਕਰਦੇ ਆਂ, ਤਿੰਨ ਦਹਾਕੇ ਪਹਿਲਾਂ ਆ ਕੇ ਕਹਾਣੀ ਨੂੰ ਇੱਕ ਲਾਈਨ ਵੱਜ ਜਾਂਦੀ ਆ। ਅੱਜ ਵੀ ਤੁਹਾਨੂੰ ਪ੍ਰਿੰਸੀਪਲ ਸੁਜਾਨ ਸਿੰਘ ਦੀ ਕਹਾਣੀ ਕੁਲਫ਼ੀ ਸਮੇਤ ਉਸ ਦੌਰ ਦੀਆਂ

ਕਹਾਣੀਆਂ ਸਿਲੇਬਸਾਂ ਵਿੱਚ ਮਿਲ ਜਾਂਦੀਆਂ ਹਨ। ਲੇਕਿਨ ਉਸ ਦੌਰ ਤੋਂ ਬਾਅਦ ਜਿਹੜਾ ਇੱਕ ਵੱਡਾ ਪੂਰ ਪੈਦਾ ਹੋਇਆ ਕਹਾਣੀਕਾਰਾਂ ਦਾ, ਉਹ ਕਹਾਣੀਕਾਰ ਤੁਹਾਨੂੰ ਨਹੀਂ ਲੱਭਣਗੇ ਇਨ੍ਹਾਂ ਸਿਲੇਬਸਾਂ 'ਚ। ਇਹ ਸਾਡੇ ਵਿਦਵਾਨਾਂ ਦਾ ਪਰਖ ਪੜਚੋਲ ਕਰਨ ਦਾ ਵੇਲਾ ਹੈ ਕਿਉਂਕਿ ਉਹ ਕਹਾਣੀ ਅਤੇ ਅੱਜ ਦੀ ਕਹਾਣੀ ਵਿੱਚ ਜ਼ਮੀਨ ਅਸਮਾਨ ਦਾ ਫ਼ਰਕ ਐ। ਜਿਹੜੀ ਗੱਲ ਸੁਖਜੀਤ ਨੇ ਕਹੀ, ਉਹਨੇ ਸੋਚ ਸਮਝ ਕੇ ਕਹੀ ਆ। ਇਹ ਮੇਰੇ 'ਕੱਲੇ ਵਾਸਤੇ ਨਹੀਂ, ਨਵੀਂ ਪੀੜ੍ਹੀ ਦੇ ਹੋਰ ਕਹਾਣੀਕਾਰਾਂ ਵਾਸਤੇ ਵੀ ਐ। ਜਿਹੜੀ ਵਿਰਾਸਤ ਨਾਨਕ ਸਿੰਘ, ਭਾਈ ਵੀਰ ਸਿੰਘ ਹੋਰਾਂ ਨੇ ਸਾਨੂੰ ਦਿੱਤੀ ਸੀ, ਵਰਿਆਮ ਸੰਧੂ ਅਤੇ ਪ੍ਰੇਮ ਪ੍ਰਕਾਸ਼ ਤਕ ਆਉਂਦਿਆਂ ਪੰਜਾਬੀ ਕਹਾਣੀ ਨੇ ਜਿਹੜਾ ਖਿੜਵਾਂ ਰੂਪ ਅਖਤਿਆਰ ਕਰਨਾ ਸੀ ਉਹ ਕਰ ਲਿਆ ਸੀ। ਲੇਕਿਨ ਉਸ ਤੋਂ ਬਾਅਦ ਕੀ ਹੋਇਆ ਕਿ ਯੂਨੀਵਰਸਿਟੀ ਦੀ ਪੱਧਰ 'ਤੇ, ਵਿਦਵਾਨਾਂ ਦੀ ਪੱਧਰ 'ਤੇ ਇੱਕ ਖੜੋਤ ਆ ਗਈ। ਗੁਰਪਾਲ ਲਿੱਟ, ਕਿਰਪਾਲ ਕਜ਼ਾਕ ਅਤੇ ਉਸ ਤੋਂ ਬਾਅਦ ਦੀਆਂ ਪੀੜ੍ਹੀਆਂ ਇਨ੍ਹਾਂ ਸਿਲੇਬਸਾਂ ਦਾ ਹਿੱਸਾ ਨਹੀਂ ਬਣਦੇ। ਜੇ ਸੁਖਜੀਤ ਵਰਗਾ ਵੱਡਾ ਕਹਾਣੀਕਾਰ ਆਪਣੇ ਥੱਲੇ ਉਂਗਲ ਧਰਦਾ ਤਾਂ ਮੈਂ ਇਹ ਪੰਜਾਬੀ ਕਹਾਣੀ ਲਈ ਸ਼ੁਭ ਸ਼ਗਨ ਸਮਝਦਾਂ। ਇਹ ਆਉਣ ਵਾਲੀ ਪੀੜ੍ਹੀ ਨੂੰ ਹੱਲਾਸ਼ੇਰੀ ਆ। ਮੈਂ ਸੁਖਜੀਤ ਨੂੰ ਕਿਹਾ ਭਾਅ ਜੀ ਚਿੰਤਾ ਨਾ ਕਰੋ ਤੁਸੀਂ ਪੰਜਾਬੀ ਕਹਾਣੀ ਦੀ ਜਿਹੜੀ ਪੌੜੀ ਦੇ ਸ਼ਿਖਰਲੇ ਡੰਡੇ 'ਤੇ ਹੋ, ਜਦੋਂ ਥੱਲੇ ਝਾਤੀ ਮਾਰੋਗੇ ਤਾਂ ਤੁਹਾਨੂੰ ਪਤਾ ਲੱਗੇਗਾ ਕਿ ਪੌੜੀ ਦੇ ਡੰਡਿਆਂ 'ਤੇ ਸਹਿਜ ਸਹਿਜ ਕੁਝ ਹੋਰ ਲੋਕ ਵੀ ਤੁਹਾਡੇ ਪਿੱਛੇ ਆ ਰਹੇ ਹਨ।

**ਮਲਵਿੰਦਰ: ਜ਼ਿੰਦਗੀ ਦਾ ਸਭ ਤੋਂ ਖ਼ੂਬਸੂਰਤ ਪਲ ਕਿਹੜਾ ਸੀ** ?

**ਦੀਪ ਦਵਿੰਦਰ:** ਮੈਨੂੰ ਪਹਿਲੀ ਵਾਰ ਤਲਵਿੰਦਰ ਭਾਅ ਦੇ ਹੁੰਦਿਆਂ ਪ੍ਰਿੰਸੀਪਲ ਸੁਜਾਨ ਸਿੰਘ ਉਤਸ਼ਾਹ ਵਰਧਕ ਸਨਮਾਨ ਮਿਲਿਆ। ਅਵਾਰਡ ਦੇਣ ਵਾਲਿਆਂ ਵਿੱਚ ਮੋਹਨ ਭੰਡਾਰੀ, ਜੋਗਿੰਦਰ ਸਿੰਘ ਰਾਹੀ ਸ਼ਾਮਲ ਸਨ। ਮੈਨੂੰ ਕਿਤਰਾਂ ਦਾ ਚਾਅ ਹੋਊਗਾ ਕਿ ਜਦੋਂ ਮੇਰਾ ਨਾਂ ਬੋਲਣ ਲੱਗੇ, ਮੈਂ ਫੋਨ ਘਰ ਲਾਇਆ। ਜਿੰਨਾ ਚਿਰ ਪੰਦਰਾਂ ਵੀਹ ਮਿੰਟ ਗੱਲਾਂ ਹੋਈਆਂ, ਘਰਦਿਆਂ ਵੀ ਸੁਣੀਆਂ। ਇਹ ਮੇਰੇ ਲਈ ਬਹੁਤ ਚਾਅ ਵਾਲੀ ਗੱਲ ਸੀ। ਮੈਂ ਉਸ ਦੀ ਫੋਟੋ ਫਰੇਮ ਕਰਕੇ

ਆਪਣੇ ਘਰ ਦੀ ਕੰਧ ‘ਤੇ ਟੰਗ ਕੇ ਰੱਖਦਾਂ। ਮੈਨੂੰ ਐਂ ਲਗਦਾ ਇਹ ਜ਼ਿੰਦਗੀ ਦਾ ਸਭ ਤੋਂ ਖ਼ੂਬਸੂਰਤ ਪਲ ਸੀਗਾ।

**ਸਵਾਲ:** **ਸਾਹਿਤਕ ਗਤੀਵਿਧੀਆਂ ਵਿੱਚ ਪਰਿਵਾਰ ਦਾ ਕੀ ਪ੍ਰਤੀਕਰਮ ਹੁੰਦਾ**?

**ਦੀਪ ਦਵਿੰਦਰ:** ਸੰਧੂ ਸਾਹਿਬ ਪਤਾ ਨਹੀਂ ਬਾਕੀਆਂ ਦੀ ਵੀ ਇਹ ਆਦਤ ਹੋਏਗੀ ਪਰ ਮੈਂ ਜਦੋਂ ਕਹਾਣੀ ਦਾ ਪ੍ਰੋਜੈਕਟ ਸ਼ੁਰੂ ਕਰਦਾਂ ਨਾ, ਆਪਣੀ ਪਤਨੀ ਨਾਲ ਸਲਾਹ ਕਰਦਾਂ ਕਿ ਐਹ ਗੱਲ ਲਿਖਣ ਲੱਗਾਂ। ਜਿੱਦਣ ਦੋ ਚਾਰ ਪੇਜ ਹੋ ਜਾਣ, ਫਿਰ ਮੈਂ ਸੁਣਾਉਂਦਾਂ। ਸਲਾਹ ਲੈਂਦਾਂ ਕਿ ਹੋਰ ਕੀ ਹੋਣਾ ਚਾਹੀਦਾ, ਕੀ ਹੋ ਸਕਦਾ। ਮੇਰੀ ਪਤਨੀ ਅਜਿਹਾ ਨਹੀਂ ਕਿ ਉਹ ਬਹੁਤ ਸਾਹਿਤਕ, ਬਹੁਤ ਪੜ੍ਹਦੀ ਐ, ਇਸ ਤਰ੍ਹਾਂ ਨਹੀਂ। ਪਰ ਸਿਆਣੇ ਲੋਕਾਂ ਦੀ ਗੱਲ ਨਾ ਕਿ ਸਲਾਹ ਕੰਧ ਕੋਲੋਂ ਵੀ ਲੈਣੀ ਚਾਹੀਦੀ। ਮੇਰਾ ਪਰਿਵਾਰ ਮੈਨੂੰ ਪੂਰਾ ਸਹਿਯੋਗ ਦਿੰਦਾ। ਮੇਰੇ ਲਿਖਣ ਕਾਰਜ ਦੇ ਵਿੱਚ ਜਾਂ ਮੇਰੇ ਜਥੇਬੰਦਕ ਕਾਰਜ ਜਿਹੜੇ ਆ, ਮੈਨੂੰ ਕੋਈ ਰੋਕ ਟੋਕ ਨਹੀਂ।

❑❑❑

# ਚੰਗਾ ਪਾਠਕ ਹੀ ਚੰਗਾ ਲੇਖਕ ਬਣਨ ਦੀ ਸਮਰੱਥਾ ਰੱਖਦਾ ਹੈ: ਨਿਰਮਲ ਅਰਪਨ

ਜਸਵੰਤ ਸਿੰਘ ਕੰਵਲ ਦੇ ਸ਼ਬਦਾਂ 'ਚ ਨਿਰਮਲ ਅਰਪਨ ਰਮਤਾ ਜੋਗੀ ਹੈ ਜਿਸ ਦੀ ਬੀਨ ਕੋਲ ਭਾਂਤ ਭਾਂਤ ਦੇ ਮਧੁਰ ਸੁਰ ਹਨ। ਅਨੁਭਵ ਦੀ ਡੂੰਘਾਈ ਤੇ ਸੂਖ਼ਮਤਾ ਵੱਲੋਂ ਅਰਪਨ ਬੜਾ ਅਮੀਰ ਹੈ। ਉਸ ਦਾ ਇਹ ਪੱਖ ਕਲਾਕਾਰ ਨੂੰ ਇੱਕ ਵੰਗਾਰ ਦਿੰਦਾ ਹੈ ਕਿ ਜਿਨ੍ਹਾਂ ਕੋਲ ਡੂੰਘਾਈ ਤੇ ਸੂਖ਼ਮਤਾ ਨਹੀਂ, ਉਹ ਟੱਕਰਾਂ ਕਿਉਂ ਮਾਰਦੇ ਹਨ-ਕਲਾ ਨਾਲ ਜ਼ਬਰਦਸਤੀ ਕਿਉਂ ਕਰਦੇ ਹਨ। ਨਿਰਮਲ ਅਰਪਨ ਦੇ ਵਿਵਹਾਰ ਵਿੱਚ ਏਨੀ ਨਿਮਰਤਾ ਹੈ ਕਿ ਉਸ ਦੇ ਵਿਵਹਾਰ ਉੱਪਰ ਸੰਦੇਹ ਹੋਣ ਲੱਗਦਾ ਹੈ। ਕਵੀ ਦਰਬਾਰਾਂ ਵਿੱਚ ਉਹ ਆਪਣੀ ਕਵਿਤਾ ਹਰ ਵਾਰ ਜ਼ਬਾਨੀ ਸੁਣਾਉਂਦਾ ਹੈ। ਉਸ ਦੀ ਵਾਰਤਕ ਵਿਚਲੀ ਸੂਖ਼ਮਤਾ ਪੜ੍ਹ ਕੇ ਪਾਠਕ ਦੰਗ ਰਹਿ ਜਾਂਦਾ ਹੈ। ਉਸ ਕੋਲ ਸ਼ਬਦਾਂ ਦਾ ਭੰਡਾਰ ਵੀ ਹੈ ਅਤੇ ਇਨ੍ਹਾਂ ਨੂੰ ਵਰਤਣ ਦੀ ਸੁਚੱਜੀ ਜੁਗਤ ਵੀ। ਉਸ ਨਾਲ ਕੀਤੀਆਂ ਗੱਲਾਂ ਦੇ ਕੁਝ ਅੰਸ਼ ਹਾਜ਼ਰ ਹਨ:

**ਮਲਵਿੰਦਰ:** **ਅਰਪਨ ਜੀ, ਆਪਣੇ ਬਚਪਨ ਅਤੇ ਪਰਿਵਾਰਕ ਪਿਛੋਕੜ ਬਾਰੇ ਕੁਝ ਦੱਸੋ** ?

**ਅਰਪਨ:** ਮੇਰਾ ਜਨਮ ਜਿਸ ਘਰ ਵਿੱਚ ਹੋਇਆ ਉਸ ਘਰ ਦਾ ਮਰਦ ਯਾਨੀ ਮੇਰਾ ਬਾਪ ਆਪਣੀ ਸੱਤ ਅੱਠ ਸਾਲ ਦੀ ਉਮਰ ਵਿੱਚ ਹੀ ਇੱਕ ਢਾਬੇ ਉੱਤੇ ਇੱਕ ਪੈਸਾ ਦਿਹਾੜੀ 'ਤੇ ਭਾਂਡੇ ਮਾਂਜਣ ਦਾ ਕੰਮ ਕਰਦਾ ਸੀ। ਕੁਝ ਵਰ੍ਹਿਆਂ ਬਾਅਦ ਉਹੀ ਮੁੰਡੂ ਪੱਟੀ ਸਟੇਸ਼ਨ 'ਤੇ ਭਾਰ ਢੋਣ ਵਾਲਾ ਕੁਲੀ ਬਣਿਆਂ ਤੇ ਬਾਅਦ 'ਚ ਉਹੀ ਮੁੰਡੂ ਆਪਣੇ ਇਲਾਕੇ ਦੇ ਪਿੰਡਾਂ ਦਾ ਚੋਟੀ ਦਾ ਸੱਚਾ-ਸੁੱਚਾ ਵਿਉਪਾਰੀ ਅਖਵਾਇਆ। ਮੇਰੀ ਮਾਂ ਮੈਥੋਂ ਪਹਿਲਾਂ ਤਿੰਨ ਬੱਚਿਆਂ ਨੂੰ ਜਨਮ ਦੇ ਚੁੱਕੀ ਸੀ। ਸਿੱਧੀ ਸਾਦੀ ਔਰਤ ਦੇ ਪੇਟ ਦੀ ਮੈਂ ਖ਼ੁਰਚਣ ਸਾਂ। ਮੇਰੀ ਮਾਂ ਤੇ ਮੇਰੇ ਬਾਪ ਨੇ ਮੈਨੂੰ ਬਹੁਤ ਪਿਆਰ ਦਿੱਤਾ, ਕੋਈ ਕਸਰ ਬਾਕੀ ਨਹੀਂ ਰਹਿਣ ਦਿੱਤੀ।

**ਮਲਵਿੰਦਰ:** **ਸਾਹਿਤ ਨਾਲ ਤੁਹਾਡਾ ਲਗਾਵ ਕਿੰਞ ਬਣਿਆ** ?

**ਅਰਪਨ:** ਇਹ ਮੁਲਕ ਦੀ ਤਕਸੀਮ ਤੋਂ ਪਹਿਲਾਂ ਦੀਆਂ ਗੱਲਾਂ ਹਨ। ਸਕੂਲ ਵਿੱਚ ਮੇਰੀ ਤਾਲੀਮ ਦਾ ਮਾਧਿਅਮ ਉਰਦੂ ਸੀ। ਉਰਦੂ ਵਿੱਚ ਬੇਹਤਰੀਨ ਗ਼ਜ਼ਲ ਲਿਖੀ ਜਾ ਰਹੀ ਸੀ। ਮੈਂ ਛੁਟੇਰੀ ਉਮਰ ਤੋਂ ਹੀ ਗ਼ਜ਼ਲ ਗਾਇਕਾਂ ਦੀ ਨਕਲ ਉਤਾਰਨੀ ਸ਼ੁਰੂ ਕਰ ਲਈ ਸੀ। ਪ੍ਰਾਇਮਰੀ ਤੱਕ ਮੇਰੇ ਉਸਤਾਦ ਮੁਅੱਲਮ ਮੇਰੀ ਨਲਾਇਕੀ ਨੂੰ ਇੱਕ ਪਾਸੇ ਰੱਖਦੇ ਹੋਏ ਮੈਨੂੰ ਕੋਈ ਨਾ ਕੋਈ ਗ਼ਜ਼ਲ ਸੁਣਾਉਣ ਦੀ ਫ਼ਰਮਾਇਸ਼ ਅਕਸਰ ਕਰਦੇ ਸਨ। ਮੇਰੇ ਸਕੂਲ 'ਚ ਲਾਇਬ੍ਰੇਰੀ ਦੀਆਂ ਤਿੰਨ ਅਲਮਾਰੀਆਂ ਸਨ, ਜਿਸ 'ਚ ਉਰਦੂ,ਪੰਜਾਬੀ ਤੇ ਹਿੰਦੀ ਦੀਆਂ ਕਿਤਾਬਾਂ ਸਨ। ਇੱਕ ਵੇਰਾਂ ਮੈਂ ਲਾਇਬ੍ਰੇਰੀਅਨ ਤੋਂ ਚਾਬੀ ਮੰਗੀ ਤਾਂ ਉਸ ਖਿੱਝ ਕੇ ਕਿਹਾ ਕਿ ਤੂੰ ਇਨ੍ਹਾਂ ਤਿੰਨਾਂ ਅਲਮਾਰੀਆਂ ਦੀਆਂ ਕਿਤਾਬਾਂ ਤਿੰਨ ਤਿੰਨ ਵਾਰੀ ਪੜ੍ਹ ਚੁੱਕੈਂ। ਪਰ ਮੇਰੀ ਲਗਨ ਦਾ ਹਾਲ ਇਹ ਸੀ ਕਿ ਮੈਂ ਇੱਕ ਪੁਸਤਕ ਨੂੰ ਚਾਰ ਚਾਰ, ਪੰਜ ਪੰਜ ਵਾਰ ਪੜ੍ਹਨ ਲਈ ਬੇਹਾਲ ਸਾਂ। ਮੇਰੇ ਇਸ ਜਨੂੰਨ ਦਾ ਕਮਾਲ ਕਿ ਮੈਨੂੰ ਚੰਗੀ ਮਾੜੀ ਰਚਨਾ ਦੀ ਪਛਾਣ ਹੋਣ ਲੱਗੀ। ਲਿਖਣਾ ਮੈਂ 1956 ਤੋਂ ਬਾਅਦ ਸ਼ੁਰੂ ਕੀਤਾ, ਜਦੋਂ ਮੇਰੇ ਦੋਸਤਾਂ ਨੇ ਪਰੇਰਿਆ ਕਿ ਤੂੰ ਤਾਂ ਬਹੁਤ ਵਧੀਆ ਲਿਖ ਸਕਦਾਂ, ਲਿਖਣ ਦੀ ਕੋਸ਼ਿਸ਼ ਕਿਉਂ ਨਹੀਂ ਕਰਦਾ ?

**ਮਲਵਿੰਦਰ:** **ਫਿਰ ਜਦ ਲਿਖਣਾ ਸ਼ੁਰੂ ਕੀਤਾ ਤਾਂ ਕਿਨ੍ਹਾਂ ਲੇਖਕ ਦੋਸਤਾਂ ਤੋਂ ਪ੍ਰਭਾਵਤ ਹੋਏ ਜਾਂ ਕਿਨ੍ਹਾਂ ਦੋਸਤਾਂ ਕੋਲੋਂ ਸਿਰਜਣ ਊਰਜਾ ਮਿਲੀ** ?

**ਅਰਪਨ:** ਕਲਮ ਚੁੱਕਣ ਤੇ ਪਹਿਲੇ ਪੂਰਨੇ ਪਾਉਣ ਵਿੱਚ ਮੇਰੇ ਲਈ ਸ਼ਰਵਣ ਕੁਮਾਰ ਵਰਮਾ ਜੋ ਕਮਾਲ ਦਾ ਸ਼ਾਇਰ ਤੇ ਉੱਚ ਕੋਟੀ ਦਾ ਅਫ਼ਸਾਨਾ ਨਿਗਾਰ ਸੀ, ਦੂਜਾ ਆਦਮੀ ਸੀ ਕਰਨਜੀਤ ਸਿੰਘ। ਹੋਰਾਂ ਵਿੱਚ ਮੋਹਨ ਸਿੰਘ ਰਾਹੀ ਸੀ। ਮੋਹਨਜੀਤ ਦੀ ਨਜ਼ਦੀਕੀ ਤੇ ਕੁਰਬਤ ਨੇ ਮੈਨੂੰ ਕਵਿਤਾ ਵੱਲ ਪ੍ਰੇਰਿਆ। ਉਨ੍ਹਾਂ ਦਿਨ੍ਹਾਂ ਵਿੱਚ ਛਪਦੇ ਰਸਾਲਿਆਂ ਵਿੱਚ ਕਰਤਾਰ ਸਿੰਘ ਬਲੱਗਣ ਹੋਰਾਂ ਦਾ ਮੈਗਜ਼ੀਨ ਅਤੇ ਸੁਰਜੀਤ ਸਿੰਘ ਸੇਠੀ ਹੋਰਾਂ ਦੇ ਪੰਜਾਬੀ ਰਸਾਲੇ ਨੇ ਮੈਨੂੰ ਉੱਪਰ ਚੁੱਕਣ ਵਿੱਚ ਸਹਾਇਤਾ ਕੀਤੀ। ਮੈਨੂੰ ਆਪਣੇ ਅੰਦਰਲੇ ਕਵੀ ਬਾਰੇ ਪਹਿਲੀ ਵਾਰ ਸੁਚੇਤ ਤੌਰ 'ਤੇ ਉਸ ਪਲ ਮਹਿਸੂਸ ਹੋਇਆ, ਜਦੋਂ ਭਾਸ਼ਾ ਵਿਭਾਗ ਨੇ ਅੰਮ੍ਰਿਤਸਰ ਹੋਟਲ ਦੇ ਵਿਸ਼ਾਲ ਵਿਹੜੇ ਵਿੱਚ ਇੱਕ ਸਮਾਗਮ ਰੱਖਿਆ ਜਿਸ ਦੀ ਪ੍ਰਧਾਨਗੀ ਸ. ਗੁਰਬਖਸ਼ ਸਿੰਘ ਨੇ ਕੀਤੀ। ਪੰਜਾਬੀ ਜ਼ੁਬਾਨ ਦੇ ਨਾਮਵਰ ਸ਼ਾਇਰ ਏਨੀ ਤਾਦਾਦ ਵਿੱਚ ਮੈਂ ਪਹਿਲੀ ਵਾਰੀ ਵੇਖੇ ਸਨ। ਨਜ਼ਮ ਪੜ੍ਹ ਕੇ ਜਦ ਸਟੇਜ ਤੋਂ ਥੱਲੇ ਉਤਰਿਆ ਤਾਂ ਇੱਕ

ਦਰਮਿਆਨੇ ਕੱਦ ਦਾ ਭਾਰੇ ਸਰੀਰ ਵਾਲਾ ਵਿਅਕਤੀ (ਨਵਤੇਜ ਸਿੰਘ ਪ੍ਰੀਤਲੜੀ) ਮੇਰੇ ਕੋਲ ਆਇਆ ਤੇ ਕਿਹਾ ਕਿ ਇਹ ਨਜ਼ਮ ਪ੍ਰੀਤਲੜੀ ਲਈ ਦਾਰਜੀ ਨੇ ਮੰਗੀ ਏ। ਮੈਂ ਸ਼ਰਾਰਤ ਨਾਲ ਝੂਠ ਬੋਲਿਆ ਕਿ ਇਹ ਦੋ ਤਿੰਨ ਵਾਰ ਪਹਿਲਾਂ ਛਪ ਚੁੱਕੀ ਏ। ਪ੍ਰੀਤਲੜੀ ਆਪਣੇ ਕਾਇਦੇ ਕਾਨੂੰਨ ਮੁਤਾਬਕ ਛਪੀ ਹੋਈ ਰਚਨਾ ਨੂੰ ਦੁਬਾਰਾ ਨਹੀਂ ਸੀ ਛਾਪਦਾ। ਨਵਤੇਜ ਦੁਬਾਰਾ ਦਾਰ ਜੀ ਕੋਲ ਗਿਆ। ਉਨ੍ਹਾਂ ਦੇ ਕੰਨ ਵਿੱਚ ਕੋਈ ਗੱਲ ਕੀਤੀ। ਦਾਰਜੀ ਦੀ ਹਾਂ ਨੇ ਮੈਨੂੰ ਪਹਿਲਾ ਗੁਰੂ ਲੱਭਣ 'ਚ ਬਹੁਤ ਸੁਝਾਅਯੋਗ ਰੋਲ ਅਦਾ ਕੀਤਾ।

**ਮਲਵਿੰਦਰ:** **ਤੁਹਾਡੀ ਸਧਾਰਣ ਗੱਲਬਾਤ ਵਿਚ ਕਾਵਿਕ-ਸੁਹਜ ਹੁੰਦਾ ਹੈ। ਸਟੇਜ 'ਤੇ ਕਵਿਤਾ ਪੜ੍ਹਦਿਆਂ ਤੁਸੀਂ ਖ਼ੁਦ ਕਵਿਤਾ ਹੋ ਜਾਂਦੇ ਹੋ। ਤੁਸੀਂ ਆਪਣੀ ਕਵਿਤਾ ਜ਼ੁਬਾਨੀ ਸੁਣਾਉਂਦੇ ਹੋ। ਕਈ ਸਵਾਲ ਨੇ। ਰਾਜ਼ ਕੀ ਹੈ** ?

**ਅਰਪਨ:** ਮਲਵਿੰਦਰ, ਮੈਂ ਬੁਨਿਆਦੀ ਤੌਰ 'ਤੇ ਕਵੀ ਹਾਂ। ਮੇਰੇ ਰੋਮ ਰੋਮ ਵਿੱਚ ਕਵਿਤਾ ਦੀ ਇੱਕ ਨਦੀ ਵਗ ਰਹੀ ਹੈ। ਕਵਿਤਾ ਦੀਆਂ ਬੰਦਸ਼ਾਂ ਤੋਂ ਕੁਝ ਵਾਕਫ਼ ਹੋਣ ਕਾਰਨ ਮੇਰੇ ਬੋਲਣ ਦੇ ਅੰਦਾਜ਼ ਵਿੱਚ ਸ਼ਬਦ ਉਚਾਰਨ ਜਾਂ ਉਸ ਦਾ ਅੰਦਾਜ਼ੇ-ਬਿਆਨੀ ਕਵਿਤਾ ਵਾਂਗ ਹੋ ਜਾਣਾ ਸੁਭਾਵਿਕ ਹੈ। ਪਾਠਕਾਂ ਜਾਂ ਸਰੋਤਿਆਂ ਲਈ ਉਹ ਦੂਜੇ ਲੇਖਕਾਂ ਤੋਂ ਵੱਖਰੀ ਗੱਲ ਹੈ। ਬਾਕੀ ਰਹੀ ਮੇਰੇ ਕਵਿਤਾ ਪੜ੍ਹਨ ਦੇ ਅੰਦਾਜ਼ ਦੀ ਗੱਲ, ਮੈਂ ਉਨ੍ਹਾਂ ਕਵੀਆਂ ਵਿਚੋਂ ਬਿਲਕੁਲ ਨਹੀਂ ਜੋ ਆਪਣੀ ਰਚਨਾ ਕਾਗਜ਼ ਤੋਂ ਪੜ੍ਹ ਕੇ ਸੁਣਾਉਂਦੇ ਹਨ। ਮੈਨੂੰ ਅੱਜ ਤਕ ਲਿਖੀਆਂ ਨਜ਼ਮਾਂ ਅੱਖਰ ਅੱਖਰ ਯਾਦ ਹਨ। ਸ਼ਾਇਦ ਇਸ ਦਾ ਕਾਰਨ ਇਹ ਹੈ ਕਿ ਉਨ੍ਹਾਂ ਦਾ ਹਰ ਲਫ਼ਜ਼ ਮੈਂ ਆਪਣਾ ਖ਼ੂਨ ਦੇ ਕੇ ਪਾਲਿਆ ਹੈ। 'ਜੋ ਆਂਖ ਸੇ ਹੀ ਨਾ ਟਪਕਾ ਵੋ ਲਹੂ ਕਿਆ ਹੈ'।

**ਮਲਵਿੰਦਰ:** **ਤੁਹਾਡਾ ਲੋਕ ਗੀਤਾਂ ਦੇ ਬਾਦਸ਼ਾਹ,ਪੰਜਾਬੀ ਦੇ ਬਾਬਾ ਬੋਹੜ, ਭਾਰਤੀ ਸਾਹਿਤ ਦੇ ਨਿਰਮਾਤਾ ਦਰਵੇਸ਼ ਪੁਰਸ਼ ਦੇਵਿੰਦਰ ਸਤਿਆਰਥੀ ਨਾਲ ਮਿਲਣਾ ਕਿਵੇਂ ਹੋਇਆ** ?

**ਅਰਪਨ:** **1960** ਤੋਂ ਪਹਿਲਾਂ ਕਸ਼ਮੀਰ ਯਾਤਰਾ ਦੌਰਾਨ ਮੈਨੂੰ ਕੁਝ ਲੇਖਕਾਂ ਨਾਲ ਮਿਲਣ ਦਾ ਸੁਭਾਗ ਪ੍ਰਾਪਤ ਹੋਇਆ। ਉਨ੍ਹਾਂ ਵਿੱਚ ਪਿਆਰਾ ਸਿੰਘ ਸਹਿਰਾਈ, ਹਜ਼ਾਰਾ ਸਿੰਘ ਗੁਰਦਾਸਪੁਰੀ, ਤਾਰਾ ਸਿੰਘ (ਸਿੰਮਦੇ ਪੱਥਰ) ਆਦਿ ਸਨ। ਉਨ੍ਹਾਂ ਕੋਲੋਂ ਪਤਾ ਲੱਗਾ ਕਿ ਦੇਵਿੰਦਰ ਸਤਿਆਰਥੀ ਪਰਿਵਾਰ ਸਮੇਤ ਸ੍ਰੀਨਗਰ ਦੇ ਲਾਲ ਚੌਂਕ ਗੁਰਦੁਆਰੇ

ਵਿੱਚ ਠਹਿਰਿਆ ਹੈ। ਉਹ ਰਾਤ ਮੈਂ ਸਤਿਆਰਥੀ ਹੋਰਾਂ ਨਾਲ ਬਿਤਾਈ। ਸਤਿਆਰਥੀ ਜੀ ਬਾਰੇ ਮੈਨੂੰ ਦਾਰ ਜੀ ਨੇ ਕਿਹਾ ਸੀ ਕਿ ਮਨੁੱਖ ਨਾਲ ਗੱਲ ਕਰਨ ਦੀ ਜਾਚ ਤਾਂ ਮੈਂ ਤੈਨੂੰ ਸਿਖਾ ਦਿੱਤੀ ਹੈ ਪਰ ਜੇਕਰ ਰੁੱਖ ਨਾਲ ਸੰਵਾਦ ਰਚਾਉਣ ਦੀ ਜਾਚ ਸਿੱਖਣੀ ਹੈ ਤਾਂ ਦੇਵਿੰਦਰ ਸਤਿਆਰਥੀ ਦਾ ਲੜ ਫੜ ਲੈ।

**ਮਲਵਿੰਦਰ:** **ਸਤਿਆਰਥੀ ਜੀ ਦੇ ਸੰਗ ਸਾਥ ਦਾ ਤੁਹਾਡੀ ਸਿਰਜਣਾ ਉੱਪਰ ਕਿਹੋ ਜਿਹਾ ਪ੍ਰਭਾਵ ਪਿਆ** ?

**ਅਰਪਨ:** ਪ੍ਰਭਾਵ ਇਹ ਪਿਆ ਮਲਵਿੰਦਰ ਕਿ ਓਦੋਂ ਜਿਹੜੀਆਂ ਮੇਰੀਆਂ ਰਚਨਾਵਾਂ ਛਪਦੀਆਂ ਸਨ, ਲੋਕ ਕਹਿੰਦੇ ਸਨ ਕਿ ਇਹ ਤਾਂ ਸਤਿਆਰਥੀ ਲਿਖ ਕੇ ਦਿੰਦਾ ਤੇ ਅਰਪਨ ਆਪਣੇ ਨਾਂ ਥੱਲੇ ਛਪਵਾ ਲੈਂਦਾ। ਹੁਣ ਦੇਵਿੰਦਰ ਸਤਿਆਰਥੀ ਨੂੰ ਗਿਆਂ ਕਿੰਨੇ ਵਰ੍ਹੇ ਹੋ ਗਏ, ਮੇਰੀਆਂ ਰਚਨਾਵਾਂ ਹੁਣ ਵੀ ਛਪਦੀਆਂ ਨੇ ਤੇ ਤੁਸੀਂ ਪੜ੍ਹਦੇ ਹੋ। ਮੈਂ ਅੱਜ ਜੋ ਕੁਝ ਵੀ ਹਾਂ ਆਪਣੇ ਗੁਰੂ ਧਰਮ ਪਿਤਾ ਦੀ ਬਦੌਲਤ ਹਾਂ। ਸ਼ਬਦਾਂ ਨਾਲ ਇੱਟ-ਖੜਿੱਕਾ ਲੈਣਾ ਮੈਂ ਉਨ੍ਹਾਂ ਤੋਂ ਹੀ ਸਿਖਿਆ ਹੈ।

**ਮਲਵਿੰਦਰ:** **ਅੱਜ ਦੇ ਸ਼ਾਇਰਾਂ ਨੂੰ ਸੰਸਾ ਹੈ ਕਿ ਕਵਿਤਾ ਦੇ ਪਾਠਕ ਨਹੀਂ ਹਨ। ਕਿਤਾਬਾਂ ਛਪਦੀਆਂ ਨੇ ਤੇ ਵੰਡੀਆਂ ਜਾਂਦੀਆਂ ਨੇ, ਕਵਿਤਾ ਦੀ ਕਿਤਾਬ ਖਰੀਦ ਕੇ ਪੜ੍ਹਨ ਦਾ ਰੁਝਾਨ ਖ਼ਤਮ ਹੋ ਗਿਆ ਹੈ। ਅੱਜ ਤੋਂ ਪੰਜਾਹ ਵਰ੍ਹੇ ਪਹਿਲਾਂ ਵੀ ਇਹ ਸੰਕਟ ਸੀ** ?

**ਅਰਪਨ:** ਓਦੋਂ ਸਟੇਜੀ ਕਵਿਤਾ ਦਾ ਦੌਰ ਸੀ। ਵਿਧਾਤਾ ਸਿੰਘ ਤੀਰ, ਬਿਸ਼ਨ ਸਿੰਘ ਉਪਾਸ਼ਕ, ਕਰਤਾਰ ਸਿੰਘ ਬਲੱਗਣ, ਹਜ਼ਾਰਾ ਸਿੰਘ ਗੁਰਦਾਸਪੁਰੀ, ਹਜ਼ਾਰਾ ਸਿੰਘ ਮੁਸ਼ਤਾਕ ਆਦਿ ਉਸ ਦੌਰ ਦੇ ਕਵੀ ਸਨ। ਭਰਵੇਂ ਕਵੀ ਦਰਬਾਰ ਹੁੰਦੇ ਸਨ। ਕਵੀਆਂ ਨੂੰ ਬਹੁਤ ਸਾਰੀ ਵਾਹ ਵਾਹ ਤੇ ਤਾੜੀਆਂ ਮਿਲਦੀਆਂ ਸਨ। ਉਸ ਤੋਂ ਬਾਅਦ ਅਗਲੀ ਪੀੜ੍ਹੀ ਦੇ ਸ਼ਾਇਰ ਡਾ. ਜਗਤਾਰ, ਰਵਿੰਦਰ ਰਵੀ, ਜਸਬੀਰ ਸਿੰਘ ਆਹਲੂਵਾਲੀਆ, ਸੁਰਿੰਦਰ ਗਿੱਲ, ਸੁਖਬੀਰ, ਅਜਾਇਬ ਕਮਲ ਤੇ ਕਈ ਹੋਰ ਆਏ ਜਿਨ੍ਹਾਂ ਵਿੱਚ ਮੈਂ ਵੀ ਸ਼ਾਮਲ ਸਾਂ। ਅਸੀਂ ਦੁਨੀਆਂ ਦੀਆਂ ਹੋਰ ਭਾਸ਼ਾਵਾਂ ਦੇ ਸ਼ਾਇਰਾਂ ਦੀ ਅਨੁਵਾਦ ਹੋਈ ਕਵਿਤਾ ਪੜ੍ਹੀ ਤਾਂ ਸਾਨੂੰ ਸਮਝ ਆਈ ਕਿ ਸਾਡੀ ਕਵਿਤਾ ਕਿੰਨੀ ਪਛੜੀ ਹੋਈ ਹੈ। ਉਸ ਪੀੜ੍ਹੀ ਨੇ ਜਿਹੜੀ ਕਵਿਤਾ ਲਿਖੀ, ਉਸ ਲਈ ਸਾਨੂੰ ਗਾਲ੍ਹਾਂ ਵੀ ਪਈਆਂ ਤੇ ਇਹ ਵੀ ਕਿਹਾ

ਜਾਣ ਲੱਗਾ ਕਿ ਇਹਨਾਂ ਨੇ ਕਵਿਤਾ ਦਾ ਬੇੜਾ ਗ਼ਰਕ ਕਰ ਦਿੱਤਾ ਹੈ। ਅੱਜ ਦੇ ਚੇਤੰਨ ਸ਼ਾਇਰ ਨੂੰ ਪਤਾ ਹੈ ਕਿ ਮੈਂ ਕਵਿਤਾ ਆਮ ਲੋਕਾਂ ਲਈ ਨਹੀਂ ਲਿਖ ਰਿਹਾ। ਅੱਜ ਦੀ ਕਵਿਤਾ ਦੇ ਪਾਠਕ ਉਹ ਲੋਕ ਹਨ ਜਿਨ੍ਹਾਂ ਨੂੰ ਕਵਿਤਾ ਦੀ ਸਮਝ ਹੈ। ਅੱਜ ਵਾਹ ਵਾਹ ਖੱਟਣ ਵਾਲੀ ਕਵਿਤਾ ਨਹੀਂ ਲਿਖੀ ਜਾ ਰਹੀ।

**ਮਲਵਿੰਦਰ:** **ਸਾਹਿਤ ਸਭਾ ਪੱਟੀ ਨੇ ਪੱਟੀ ਦੀ ਧਰਤੀ 'ਤੇ ਜਿਹੜੇ ਸਮਾਗਮ ਕਰਵਾਏ ਉਨ੍ਹਾਂ ਦਾ ਜ਼ਿਕਰ ਅੱਜ ਵੀ ਹੁੰਦਾ ਹੈ। ਅੱਜ ਕੱਲ੍ਹ ਸਾਹਿਤ ਸਭਾਵਾਂ ਵੱਲੋਂ ਜਿਹੜੀਆਂ ਸਰਗਰਮੀਆਂ ਕੀਤੀਆਂ ਜਾ ਰਹੀਆਂ ਹਨ, ਉਨ੍ਹਾਂ ਬਾਰੇ ਕੀ ਕਹਿਣਾ ਚਾਹੋਗੇ** ?

**ਅਰਪਨ:** (ਇਸ ਸਵਾਲ ਦਾ ਜਵਾਬ ਦੇਣ ਤੋਂ ਪਹਿਲਾਂ ਅਰਪਨ ਜੀ ਖੁੱਲ ਕੇ ਹੱਸੇ) ਮਲਵਿੰਦਰ, ਜਿੰਨੇ ਵੀ ਸਮਾਗਮ ਪੱਟੀ ਵਿੱਚ ਕਰਵਾਏ, ਮੈਂ ਕਿਸੇ ਵੀ ਸਮਾਗਮ ਦੀ ਸਟੇਜ ਸੈਕਟਰੀ ਨਹੀਂ ਕੀਤੀ। ਹਰ ਵਾਰ ਕੋਈ ਨਵਾਂ ਸਟੇਜ ਸੈਕਟਰੀ ਹੁੰਦਾ ਸੀ। ਜਿੰਨਿਆਂ ਲੋਕਾਂ ਨੂੰ ਵੀ ਸਾਹਿਤ ਸਭਾ ਪੱਟੀ ਨੇ ਸਨਮਾਨਤ ਕੀਤਾ, ਉਹ ਸਭ ਨਾਮੀਂ ਤੇ ਸਤਿਕਾਰਤ ਸਾਹਿਤਕਾਰ ਸਨ। ਹੁਣ ਸਾਹਿਤ ਸਭਾ ਦਾ ਪ੍ਰਧਾਨ ਆਪ ਹੀ ਸਟੇਜ ਸੈਕਟਰੀ ਹੁੰਦਾ ਹੈ। ਸਨਮਾਨਤ ਕੀਤੇ ਜਾਣ ਵਾਲੇ ਲੋਕਾਂ ਦੀ ਚੋਣ ਵੀ ਉਹ ਆਪ ਹੀ ਕਰਦਾ ਹੈ।

**ਮਲਵਿੰਦਰ:** **ਤੁਹਾਡੀ ਪੁਸਤਕ 'ਪੁਲ ਕੰਜਰੀ' ਦੀ ਵਾਰਤਕ ਪੜ੍ਹ ਕੇ ਪਾਠਕ ਦੰਗ ਰਹਿ ਜਾਂਦਾ ਹੈ। ਸੁਣਿਆਂ ਤੁਸੀਂ ਇਸ ਦਾ ਦੂਜਾ ਭਾਗ ਵੀ ਲਿਖ ਰਹੇ ਹੋ** ?

**ਅਰਪਨ:** ਪੁਲ ਕੰਜਰੀ ਦੇ ਪਹਿਲੇ ਪੜਾਅ ਨੂੰ ਪਾਠਕਾਂ ਵੱਲੋਂ ਵਧੀਆ ਹੁੰਗਾਰਾ ਮਿਲਿਆ ਹੈ। ਹੁਣ ਦੂਜੇ ਪੜਾਅ ਉੱਤੇ ਮੈਂ ਕੰਮ ਕਰ ਰਿਹਾ ਹਾਂ ਅਤੇ ਇਕੱਠਿਆਂ ਇੱਕ ਕਿਰਤ ਵਜੋਂ ਹੀ ਹੁਣ ਛਪਵਾਉਣ ਦਾ ਮਨ ਬਣਾਇਆ ਹੈ। ਇਹ ਰਚਨਾ ਇਤਿਹਾਸਕ ਪਾਤਰਾਂ ਬਾਰੇ ਹੈ, ਇਸ ਲਈ ਬਹੁਤ ਸੋਚ-ਵਿਚਾਰ ਤੋਂ ਬਾਅਦ ਹੀ ਕੁਝ ਲਿਖਣਾ ਪੈਂਦਾ ਹੈ। 'ਪੁਲ ਕੰਜਰੀ' ਦੀ ਰਚਨਾ ਨੇ ਮੈਨੂੰ ਜਿਸ ਬੁਲੰਦੀ 'ਤੇ ਲਿਆ ਖੜ੍ਹਾ ਕਰ ਦਿੱਤਾ ਹੈ,ਮੈਂ ਉਸ ਦੇ ਕਾਬਲ ਉੱਕਾ ਹੀ ਨਹੀਂ। ਪਾਠਕਾਂ ਦੇ ਹੁੰਗਾਰੇ ਨੇ ਸਾਹਿਤ ਪ੍ਰਤੀ ਮੇਰੀ ਜ਼ਿੰਮੇਵਾਰੀ ਵਧਾ ਦਿੱਤੀ ਹੈ।

**ਮਲਵਿੰਦਰ:** **ਅੱਜ ਤੋਂ ਤੀਹ ਸਾਲ ਪਹਿਲਾਂ ਤੁਹਾਡਾ ਦੂਜਾ ਕਾਵਿ ਸੰਗ੍ਰਹਿ 'ਤੂਲਿਕਾ' ਛਪਿਆ ਸੀ। ਅੱਜ ਵੀ ਦੋਸਤ ਉਸ ਵਿਚਲੀਆਂ ਕਵਿਤਾਵਾਂ ਅਤੇ ਵਾਰਤਕ ਬਾਰੇ ਜ਼ਿਕਰ ਕਰਦੇ ਹਨ। ਉਸ ਪੁਸਤਕ ਬਾਰੇ ਕੁਝ ਦੱਸੋ** ?

**ਅਰਪਨ:** ਇਹ ਪੁਸਤਕ ਪੰਜ ਲੰਮੀਆਂ ਕਵਿਤਾਵਾਂ ਉੱਪਰ ਅਧਾਰਤ ਹੈ। ਕਵਿਤਾਵਾਂ ਤੋਂ ਇਲਾਵਾ ਵਾਰਤਕ ਅਤੇ ਭਾਰਤੀ ਸੰਸਕ੍ਰਿਤੀ ਨਾਲ ਸਬੰਧਤ ਜਿਹੜੇ ਚਿੱਤਰ ਇਸ ਵਿੱਚ ਸ਼ਾਮਲ ਹਨ, ਉਹ ਕਵਿਤਾਵਾਂ ਵਿਚਲੀ ਭਾਵ-ਆਤਮਾ ਨੂੰ ਸਪਸ਼ਟ ਕਰਨ ਲਈ ਵਰਤੇ ਗਏ ਹਨ। ਇਸ ਪੁਸਤਕ ਵਿਚਲੀਆਂ ਕਵਿਤਾਵਾਂ ਉਨ੍ਹਾਂ ਪਾਤਰਾਂ ਬਾਰੇ ਹਨ, ਜਿਨ੍ਹਾਂ ਬਾਰੇ ਪੰਜਾਬੀ ਲੇਖਕਾਂ ਨੇ ਕਦੇ ਕੁਝ ਲਿਖਣ ਦੀ ਰੁਚੀ ਹੀ ਨਹੀਂ ਦਰਸਾਈ। ਮਿਥਿਹਾਸ ਵਿਚਲੇ ਦੁਸ਼ਿਅੰਤ, ਕਚ, ਦੇਵਯਾਨੀ ਅਜਿਹੇ ਪਾਤਰ ਸਨ, ਜਿਨ੍ਹਾਂ ਨੇ ਮੈਨੂੰ ਆਕਰਸ਼ਿਤ ਕੀਤਾ। ਦੁਸ਼ਿਅੰਤ ਪਾਤਰ ਬਾਰੇ ਤਾਂ ਹਿੰਦੀ ਸਾਹਿਤ ਵਿੱਚ ਵੀ ਕੁਝ ਨਹੀਂ ਮਿਲਦਾ। ਸਿਰਫ ਸਕੁੰਤਲਾ ਨਾਲ ਉਸ ਨੂੰ ਜੋੜ ਕੇ ਪੇਸ਼ ਕੀਤਾ ਗਿਆ ਹੈ। ਪਰ ਮੈਂ ਉਸ ਨੂੰ ਇੱਕ ਇਨਸਾਨ ਵਜੋਂ, ਇੱਕ ਰਾਜੇ ਵਜੋਂ ਵੱਖਰੀ ਕਿਸਮ ਦੀ ਪੀੜ ਹੰਢਾਉਂਦਿਆਂ ਚਿਤਰਿਆ ਹੈ। ਇਵੇਂ ਹੀ 'ਕਚ' ਪਾਤਰ ਨੂੰ ਮੇਰੇ ਤੋਂ ਪਹਿਲਾਂ ਸਭਨਾਂ ਨੇ ਦੇਵ ਪੁੱਤਰ ਵਜੋਂ ਚਿਤਰਿਆ ਤੇ ਉਸ ਨੂੰ ਵਾਪਸ ਦੇਵ ਲੋਕ ਭੇਜ ਦਿੱਤਾ। ਪਰ ਮੈਂ ਉਹਨਾਂ ਦੀ ਸੋਚ ਤੋਂ ਅਗਾਂਹ ਇਸ ਧਰਤੀ ਦੀ ਵਿਸ਼ੇਸ਼ਤਾ ਦਰਸਾਉਂਦਿਆਂ, ਉਸ ਨੂੰ ਦੇਵ ਲੋਕ ਛੱਡ ਕੇ ਮਾਤ-ਲੋਕ ਵਿਚ ਵਿਚਰਦਾ ਵਿਖਾਇਆ ਹੈ।

**ਮਲਵਿੰਦਰ:** **'ਵਿਚਿਤ੍ਰਾ' ਨਾਵਲ ਤੋਂ ਬਾਅਦ 'ਪੁਲ ਕੰਜਰੀ' ਗਲਪ ਦੀ ਪੁਸਤਕ ਲੰਮੇ ਵਕ਼ਫ਼ੇ ਬਾਅਦ ਛਪੀ ਹੈ। ਇਹ ਨਾਵਲ ਹੈ ਜਾਂ ਕੁਝ ਹੋਰ** ?

**ਅਰਪਨ:** ਵਿਚਿਤ੍ਰਾ ਤੋਂ ਬਾਅਦ ਮੈਂ ਵਿਸ਼ਵ ਪੱਧਰ ਦੀਆਂ ਗਲਪ ਰਚਨਾਵਾਂ ਪੜ੍ਹਨ ਵੱਲ ਵਿਸ਼ੇਸ਼ ਧਿਆਨ ਦਿੱਤਾ ਹੈ। ਵਿਸ਼ਵ ਪੱਧਰ 'ਤੇ ਤਾਂ ਹੁਣ ਇਹ ਸੋਚ ਪ੍ਰਵਾਨ ਚੜ੍ਹ ਰਹੀ ਹੈ ਕਿ ਨਾਵਲ ਦੀ ਮੌਤ ਹੋ ਚੁੱਕੀ ਹੈ। ਭਾਵ ਨਾਵਲ ਨੇ ਜੋ ਕਹਿਣਾ ਸੀ ਉਹ ਕਹਿ ਚੁੱਕਾ ਹੈ। ਮੈਂ ਇਨ੍ਹਾਂ ਦਿਨਾਂ ਵਿਚ 'ਪੁਲ ਕੰਜਰੀ' ਦਾ ਦੂਜਾ ਭਾਗ ਸਿਰਜ ਰਿਹਾ ਹਾਂ, ਦੇਖੋ ਇਹ ਨਾਵਲ ਬਣਦਾ ਹੈ ਜਾਂ ਕੁਝ ਹੋਰ।

**ਮਲਵਿੰਦਰ:** **ਤੁਸਾਂ ਇੱਕ ਪੁਸਤਕ 'ਵਿਸ਼ਵ ਭਾਰਤੀ' ਸੰਪਾਦਤ ਕੀਤੀ ਸੀ। ਇਸ ਪੁਸਤਕ ਦੀ ਸੰਪਾਦਨਾ ਦੀ ਪ੍ਰੇਰਨਾ ਕਿਥੋਂ ਮਿਲੀ** ?

**ਅਰਪਨ:** 'ਵਿਸ਼ਵ ਭਾਰਤੀ' ਰਾਹੀਂ ਮੈਂ ਲੇਖਕਾਂ ਵਿੱਚ ਆਪਣੀ ਇੱਕ ਵੱਖਰੀ ਪਹਿਚਾਣ ਬਣਾਉਣ ਵਿੱਚ ਕਾਮਯਾਬ ਹੋਇਆ ਸਾਂ। ਜਿੱਥੇ ਪੰਜਾਬੀ ਦੇ ਨਾਮਵਰ ਕਵੀ, ਕਹਾਣੀਕਾਰ ਤੇ ਨਾਵਲਕਾਰ ਸੁਖਬੀਰ ਦੀ

ਪ੍ਰੇਰਨਾ ਸੀ, ਉਥੇ ਦੇਵਿੰਦਰ ਸਤਿਆਰਥੀ ਮੇਰੇ ਅੰਗ-ਸੰਗ ਤੁਰਦਾ ਹੋਇਆ ਮੇਰਾ ਰਾਹਨੁਮਾ ਸਾਬਤ ਹੋਇਆ। ਇਸ ਚੋਣ ਵਿੱਚ ਅੰਮ੍ਰਿਤਾ ਪ੍ਰੀਤਮ ਦਾ ਸਹਿਜੋਗ ਭੁਲਾਇਆਂ ਨਹੀਂ ਭੁੱਲਦਾ। ਇਸ ਸੰਕਲਨ ਦੀ ਜਿਸ ਦ੍ਰਿਸ਼ਟੀਕੋਣ ਤੋਂ ਮੈਂ ਚੋਣ ਕੀਤੀ ਉਸ ਦੀਆਂ ਬਹੁਤੀਆਂ ਰਚਨਾਵਾਂ ਸੁਖਬੀਰ ਦੀਆਂ ਅਨੁਵਾਦ ਕੀਤੀਆਂ ਹੋਈਆਂ ਸਨ ਜਿਹੜੀਆਂ ਪੰਜਾਬੀ ਦੇ ਰਸਾਲੇ 'ਆਰਸੀ' ਵਿੱਚ ਛਪੀਆਂ ਸਨ। ਜੋ ਕੁਝ ਵੀ ਮੈਂ ਪਰੋਸਿਆ ਉਹ ਇੰਝ ਹੀ ਸੀ ਜਿਵੇਂ ਰਸੋਈ ਘਰ 'ਚ ਬਣਿਆਂ ਮਹਿਮਾਨਾਂ ਦਾ ਖਾਣਾ ਕੋਈ ਬੈਅਰਾ ਮੇਜ਼ 'ਤੇ ਪਰੋਸ ਰਿਹਾ ਹੋਵੇ। ਸਤਿਆਰਥੀ ਅਤੇ ਸੁਖਬੀਰ ਇਸ ਪੁਸਤਕ ਦੀ ਸੰਪਾਦਨਾ ਦੇ ਚਸ਼ਮਦੀਦ ਗਵਾਹ ਹਨ। ਮੇਰਾ ਪ੍ਰੇਰਨਾ ਸਰੋਤ ਉਰਦੂ ਜ਼ਬਾਨ ਦਾ ਨਾਮਵਰ ਅਫ਼ਸਾਨਾ ਨਿਗਾਰ ਕ੍ਰਿਸ਼ਨ ਚੰਦਰ ਰਿਹਾ ਹੈ। ਉਸ ਨੇ ਦੋ ਭਾਗਾਂ ਵਿੱਚ 'ਨਵੇਂ ਜ਼ਾਵੀਏ' ਭਾਰਤੀ ਗਲਪ ਦੇ ਵੱਖ-ਵੱਖ ਰੰਗ ਇੰਦਰ ਧਨੁਸ਼ ਦੇ ਸੱਤ ਰੰਗਾਂ ਵਾਂਗ ਪੇਸ਼ ਕਰਕੇ ਕਮਾਲ ਕਰ ਵਿਖਾਇਆ ਸੀ।

**ਮਲਵਿੰਦਰ:** **ਤੁਹਾਡੀ ਸਿਰਜਣਾ ਦਾ ਹਰ ਰੰਗ ਅਨੂਠਾ ਹੈ। 'ਇੱਕ ਉਪ ਨਗਰ ਦੀ ਕਥਾ' ਬਾਰੇ ਕੁਝ ਗੱਲਾਂ ਸਾਂਝੀਆਂ ਕਰੋ।**

**ਅਰਪਨ:** ਮੈਂ ਇਹ ਪੁਸਤਕ ਉਰਦੂ ਨੇ ਨਾਮਵਰ ਅਦੀਬ ਹਲੀਮ ਸ਼ਰਰ ਦੀ ਰਚਨਾ 'ਕੱਲ ਕਾ ਲਖਨਊ' ਤੋਂ ਪ੍ਰਭਾਵਿਤ ਹੋ ਕੇ ਲਿਖੀ ਸੀ। ਚੀਨੀ ਯਾਤਰੀ ਹਿਊਨ ਸਾਂਗ ਸੰਨ 629 ਵਿੱਚ ਭਾਰਤ ਆਇਆ। ਲਾਹੌਰ ਤੋਂ ਅੱਗੇ ਤੁਰਦਾ ਹੋਇਆ ਆਪਣੀ ਭਾਸ਼ਾ ਵਿੱਚ ਪੱਟੀ ਦਾ ਜ਼ਿਕਰ ਕਰਦਾ ਹੈ ਜੋ ਕਿ ਜ਼ਿਲ੍ਹਾ ਲਾਹੌਰ ਤਹਿਸੀਲ ਕਸੂਰ, ਵਰਤਮਾਨ ਜ਼ਿਲ੍ਹਾ ਤਰਨ-ਤਾਰਨ, ਕਸਬਾ ਪੱਟੀ ਹੀ ਹੈ। ਆਪਣੀ ਜਨਮ ਭੂਮੀ ਦੀ ਅਜਿਹੀ ਇਤਿਹਾਸਕ ਅਹਿਮੀਅਤ ਨੇ ਹੀ ਮੈਨੂੰ 'ਇੱਕ ਉਪਨਗਰ ਦੀ ਕਥਾ' ਲਿਖਣ ਲਈ ਪ੍ਰੇਰਿਆ। ਪੰਜਾਬੀ ਦੇ ਵਿਦਵਾਨ ਸਰਦਾਰ ਪ੍ਰੀਤਮ ਸਿੰਘ (ਆਈ.ਏ ਐੱਸ.) ਨੇ ਇਸ ਪੁਸਤਕ ਨੂੰ ਪੜ੍ਹਨ ਉਪਰੰਤ ਕਿਹਾ ਸੀ ਕਿ ਜੇ ਮੇਰੇ ਵੱਸ ਹੋਵੇ ਤਾਂ ਮੈਂ ਤੈਨੂੰ ਸਰਕਾਰੀ ਖ਼ਰਚੇ 'ਤੇ ਇੱਕ ਜੀਪ ਤੇ ਇੱਕ ਸਟੈਨੋ ਦਿਆਂ ਤਾਂ ਜੋ ਤੂੰ ਪੰਜਾਬ ਦੇ ਇਤਿਹਾਸਕ ਪੁਰਾਤਨ ਨਗਰਾਂ ਬਾਰੇ ਇਹੋ ਜਿਹੀਆਂ ਰਚਨਾਵਾਂ ਲਿਖ ਸਕੇਂ।

**ਮਲਵਿੰਦਰ:** **ਸਮਕਾਲੀ ਪੰਜਾਬੀ ਕਵਿਤਾ ਦੇ ਪ੍ਰਸੰਗ 'ਚ ਨਵੇਂ ਕਾਵਿਕ ਰੁਝਾਨਾਂ ਬਾਰੇ ਤੁਸੀਂ ਕੀ ਕਹਿਣਾ ਚਾਹੋਗੇ** ?

**ਅਰਪਨ:** ਨਵੇਂ ਕਾਵਿਕ ਰੁਝਾਨ ਵਿੱਚੋਂ ਸ਼ਿਲਪ ਦੀ ਘਾਟ ਰੜਕਦੀ ਹੈ। ਬਹੁਤੀਆਂ ਕਵਿਤਾਵਾਂ ਕਿਸੇ ਘਟਨਾ ਜਾਂ ਅਹਿਸਾਸ ਦਾ ਫ਼ੌਰੀ ਪ੍ਰਤੀਕਰਮ ਹੁੰਦੀਆਂ ਹਨ। ਕਵਿਤਾਵਾਂ ਵਿਚਲੇ ਅਹਿਸਾਸ ਕਈ ਵਾਰੀ ਤਾਂ ਨਿਰੀ ਸਟੇਟਮੈਂਟ ਹੀ ਮਹਿਸੂਸ ਹੁੰਦੇ ਹਨ। ਖੁੱਲ੍ਹੀ ਕਵਿਤਾ ਲਿਖੋ ਪਰ ਹੋਵੇ ਤਾਂ ਉਹ ਕਵਿਤਾ। ਸੁਰਜੀਤ ਪਾਤਰ ਮੇਰਾ ਮਨਪਸੰਦ ਸ਼ਾਇਰ ਹੈ। ਅਮਿਤੋਜ, ਵਿਜੈ ਵਿਵੇਕ, ਕੁਲਵੰਤ ਗਰੇਵਾਲ ਸ਼ਾਇਰਾਂ 'ਚੋਂ ਸਰੇ-ਫ਼ਹਿਰਿਸਤ ਹਨ।

**ਮਲਵਿੰਦਰ:** **ਤੁਹਾਨੂੰ ਹੁਣ ਤਕ ਕਿਹੜੇ-ਕਿਹੜੇ ਇਨਾਮ ਸਨਮਾਨ ਮਿਲੇ ਹਨ** ?

**ਅਰਪਨ:** ਪੰਜਾਬ ਦੀਆਂ ਵੱਖ-ਵੱਖ ਸਾਹਿਤ ਸਭਾਵਾਂ ਨੇ ਕਈ ਵਾਰ ਸਨਮਾਨਿਤ ਕੀਤਾ ਹੈ। ਪਰ ਮੈਂ ਇਨ੍ਹਾਂ ਦਾ ਵੇਰਵਾ ਤਾਂ ਦੇਣ ਯੋਗ ਨਹੀਂ। ਮੇਰੀ ਵੱਡੀ ਕੋਸ਼ਿਸ਼ ਰਹੀ ਹੈ ਕਿ ਮੈਂ ਰਾਗ ਦਰਬਾਰੀ ਦੀ ਦਲਦਲ ਤੋਂ ਬਚਿਆ ਰਹਿ ਸਕਾਂ। ਪੰਜਾਬ ਸਰਕਾਰ ਵੱਲੋਂ ਸਾਲ 2001 ਵਿੱਚ ਰਾਜ ਪੱਧਰੀ ਸਨਮਾਨ ਹਾਸਲ ਹੋਇਆ ਅਤੇ ਨਾਵਲ 'ਪੁਲ ਕੰਜਰੀ' ਨੂੰ 2016 ਵਿੱਚ ਪੰਜਾਬ ਸਰਕਾਰ ਦੇ ਭਾਸ਼ਾ ਵਿਭਾਗ ਨੇ ਸਨਮਾਨਿਤ ਕੀਤਾ।

**ਮਲਵਿੰਦਰ:** **ਆਪਣੇ ਪਾਠਕਾਂ, ਅਲੋਚਕਾਂ ਬਾਰੇ ਕੀ ਕਹਿਣਾ ਚਾਹੋਗੇ** ?

**ਅਰਪਨ:** ਪਾਠਕਾਂ ਦਾ ਮੈਂ ਧੰਨਵਾਦੀ ਹਾਂ ਜਿਨ੍ਹਾਂ ਨੇ ਮੈਨੂੰ ਇੱਕ ਲੇਖਕ ਵਜੋਂ ਪਰਵਾਨ ਕੀਤਾ ਹੈ। ਅਸਲ ਵਿੱਚ ਮੇਰਾ ਪਾਠਕ ਵਰਗ ਬਹੁਤ ਸੀਮਤ ਹੈ। ਮੇਰੀ ਰਚਨਾ ਦੇ ਪਾਠਕ ਉਹ ਹੀ ਹਨ ਜਿਹੜੇ ਭਾਰਤੀ ਮਿਥਿਹਾਸ ਅਤੇ ਪੰਜਾਬੀ ਇਤਿਹਾਸ ਪ੍ਰਤੀ ਵਿਸ਼ੇਸ਼ ਰੁਚੀ ਰੱਖਦੇ ਹਨ। ਮੈਨੂੰ ਆਪਣੇ ਤੋਂ ਵੱਡੇ, ਸਮਕਾਲੀ ਅਤੇ ਨੌਜਵਾਨ ਲੇਖਕਾਂ ਤੋਂ ਹਮੇਸ਼ਾ ਹੀ ਆਸ ਤੋਂ ਵੱਧ ਸਨੇਹ ਮਿਲਿਆ ਹੈ। ਆਲੋਚਕਾਂ ਬਾਰੇ ਮੈਂ ਸਿਰਫ ਏਨਾ ਹੀ ਕਹਿਣਾ ਚਾਹੁੰਦਾ ਹਾਂ ਕਿ ਪੰਜਾਬੀ ਦੇ ਤਕਰੀਬਨ ਹਰ ਸਥਾਪਤ ਆਲੋਚਕ ਨੇ ਮੇਰੀ ਰਚਨਾ ਦਾ ਨੋਟਿਸ ਲਿਆ ਹੈ। ਰਚਨਾ ਪਾਠਕ ਤੇ ਆਲੋਚਕ ਨੂੰ ਆਕਰਸ਼ਤ ਕਰ ਲਵੇ, ਇਹੋ ਉਸ ਦੀ ਪ੍ਰਾਪਤੀ ਹੁੰਦੀ ਹੈ।

**ਮਲਵਿੰਦਰ:** **ਸਾਹਿਤ ਦੇ ਖੇਤਰ ਵਿੱਚ ਤੁਹਾਡਾ ਇੱਕ ਵਿਸ਼ਾਲ ਤਜਰਬਾ ਹੈ। ਪਾਠਕਾਂ ਤੇ ਲੇਖਕਾਂ ਲਈ ਤੁਹਾਡਾ ਸੰਦੇਸ਼ ਲਾਹੇਵੰਦਾ ਹੋਵੇਗਾ।**

**ਅਰਪਨ:** ਸਾਹਿਤ ਦਾ ਪਾਠਕ ਅਤੇ ਲੇਖਕ ਬਣਨਾ ਕੋਈ ਸਧਾਰਣ ਮਸਲਾ ਨਹੀਂ। ਚੰਗਾ ਪਾਠਕ ਹੀ ਚੰਗਾ ਲੇਖਕ ਬਣਨ ਦੀ ਸਮਰੱਥਾ ਰੱਖਦਾ

ਹੈ। ਲੇਖਕ ਜਿੰਨੀ ਦੇਰ ਇਹ ਨਹੀਂ ਸੋਚਦਾ ਕਿ ਕਿਉਂ ਅੱਜ ਵੀ ਅਸੀਂ ਫ਼ਰੀਦ, ਸ਼ਾਹ ਹੁਸੈਨ, ਬੁੱਲ੍ਹੇ ਸ਼ਾਹ, ਗੁਰੂ ਨਾਨਕ ਦੀਆਂ ਰਚਨਾਵਾਂ ਨੂੰ ਵਡਿਆਉਂਦੇ ਹਾਂ। ਅਸੀਂ ਕਿਸ ਪੱਖੋਂ ਊਣੇ ਹਾਂ ? ਕੀ ਸਾਡਾ ਅਨੁਭਵ ਓਨਾਂ ਵਿਸ਼ਾਲ ਹੈ ? ਕੀ ਅਸੀਂ ਉਸ ਅਨੁਭਵ ਨੂੰ ਉਸ ਕਲਾਮਈ ਅੰਦਾਜ਼ 'ਚ ਪੇਸ਼ ਕਰਨ ਦੇ ਯੋਗ ਹਾਂ ਜਿਵੇਂ ਉਨ੍ਹਾਂ ਨੇ ਕੀਤਾ ਸੀ ? ਅਜੋਕੇ ਪੰਜਾਬੀ ਦੇ ਵਿਦਵਾਨ ਸ਼ਾਇਰਾਂ ਜਾਂ ਲੇਖਕਾਂ ਨੂੰ ਕੋਈ ਮਸ਼ਵਰਾ ਦੇਣਾ ਮੇਰੀ ਔਕਾਤ ਤੋਂ ਪਰ੍ਹੇ ਦੀ ਗੱਲ ਹੈ। ਬਾਬਾ ਬੁੱਲ੍ਹੇ ਸ਼ਾਹ ਦਾ ਕਲਾਮ ਹੈ:

*ਜਿੱਤੇ ਦਾ ਮੁੱਲ ਇਕ ਕਸੀਰਾ ਹਾਰੇ ਦਾ ਮੁੱਲ ਹੀਰਾ*
*ਜਿੱਤ ਜਿੱਤ ਕੇ ਉਮਰ ਬਿਤਾਈ ਹੁਣ ਤੂੰ ਹਾਰ .ਫਕੀਰਾ*
*ਜੇ ਬੁੱਲਿਆ ਤੂੰ ਹਾਰ ਨਾ ਮੰਨੀ ਤੂੰ ਬੇ-ਮੁਰਸ਼ਦ,ਬੇ-ਪੀਰਾ।*

❑❑❑

# ਸ਼ਬਦ ਦੀ ਬ੍ਰਹਿਮੰਡਤਾ ਨੂੰ ਸਾਕਾਰ ਕਰਦੀ ਕਵਿਤਰੀ ਸੁਰਜੀਤ (ਟੋਰਾਂਟੋ)

ਉਹ ਕਵਿਤਾ ਲਿਖਦੀ ਹੀ ਨਹੀਂ, ਕਵਿਤਾ ਜਿਊਂਦੀ ਤੇ ਕਵਿਤਾ ਹੰਢਾਉਂਦੀ ਵੀ ਹੈ। ਉਸ ਦੀਆਂ ਕਵਿਤਾ ਦੀਆਂ ਤਿੰਨ ਪੁਸਤਕਾਂ, ਸ਼ਿਕਸਤ ਰੰਗ, ਹੇ ਸਖੀ, ਤੇ ਵਿਸਮਾਦ ਛਪ ਚੁੱਕੀਆਂ ਹਨ। ਪਿਛਲੇ ਦਿਨੀਂ ਉਸ ਨੂੰ ਉਸ ਦੀ ਵਾਰਤਕ ਲਈ ਸਨਮਾਨਤ ਕੀਤਾ ਗਿਆ। ਇਹ ਸਨਮਾਨ ਉਸ ਨੂੰ ਪੰਜਾਬੀ ਸਭਿਆਚਾਰ ਮੰਚ, ਟੋਰਾਂਟੋ (ਕੈਨੇਡਾ) ਵੱਲੋਂ ਮਿਲਿਆ ਹੈ। ਉਸ ਦੇ ਚਿੰਤਨ 'ਚ ਮਸੂਰੀ, ਥਾਈਲੈਂਡ, ਅਮਰੀਕਾ, ਕੈਨੇਡਾ ਤੇ ਪੰਜਾਬ ਵੱਸਦੇ ਹਨ। ਉਸ ਦੀ ਜਗਿਆਸਾ 'ਚ ਬਹੁਤ ਸਾਰੇ ਸਵਾਲ ਹਨ। ਇਹ ਸਵਾਲ ਹੀ ਉਸ ਨੂੰ ਕਵਿਤਾ ਤਕ ਲੈ ਕੇ ਜਾਂਦੇ ਹਨ। ਇਹ ਸਵਾਲ ਹੀ ਉਸ ਦੀ ਸਿਰਜਣਾ 'ਚ ਦਾਰਸ਼ਨਿਕ ਰੰਗ ਭਰਦੇ ਰਹਿੰਦੇ ਹਨ। ਹੇ ਸਖੀ ਉਸ ਦੀ ਜਗਿਆਸਾ ਦੇ ਸਫ਼ਰ ਦੀਆਂ ਪੈੜਾਂ ਹਨ। ਉਹ ਛਪਣ ਦੀ ਕਾਹਲ ਵਿਚ ਨਹੀਂ ਰਹਿੰਦੀ। ਆਪਣੀਆਂ ਰਚਨਾਵਾਂ ਨੂੰ ਕਿਤਾਬੀ ਰੂਪ 'ਚ ਛਪਵਾਉਣ ਤੋਂ ਪਹਿਲਾਂ ਉਸ ਨੇ ਆਪਣੇ ਸਾਹਿਤਕ ਦੋਸਤਾਂ ਦੀ ਸਲਾਹ ਅਤੇ ਸੁਝਾਅ ਲੈਣੇ ਤੇ ਮੰਨਣੇ ਹੁੰਦੇ ਹਨ। ਉਸ ਦੀ ਜਗਿਆਸਾ ਨੂੰ ਉਸ ਦੀਆਂ ਕਹਾਣੀਆਂ ਅਤੇ ਵਾਰਤਕ ਵਿਚ ਵੀ ਮਹਿਸੂਸ ਕੀਤਾ ਜਾ ਸਕਦਾ ਹੈ। ਕੈਨੇਡਾ ਦੀਆਂ ਸਾਹਿਤਕ ਸਰਗਰਮੀਆਂ ਵਿਚ ਉਹ ਇੱਕ ਪ੍ਰਭਾਵਸ਼ਾਲੀ ਅਤੇ ਸਾਊ ਸ਼ਖ਼ਸੀਅਤ ਹੈ। ਲਿਖਣਾ ਉਸ ਲਈ ਸ਼ੁਗਲ ਨਹੀਂ ਹੈ, ਕਠਿਨ ਸਾਧਨਾ ਹੈ। ਉਸ ਦੇ ਚੇਤਿਆਂ 'ਚ ਬਹੁਤ ਕੁਝ ਕਵਿਤਾ ਵਰਗਾ, ਕਹਾਣੀ ਵਰਗਾ ਤੇ ਵਾਰਤਕ ਵਰਗਾ ਪਿਆ ਹੈ ਜਿਸ ਨੂੰ ਜਾਣਨਾ ਚੰਗਾ ਲੱਗਦਾ ਹੈ। ਉਹ ਧੀਮੀ ਸੁਰ ਵਾਲੀ ਗਹਿਰ-ਗੰਭੀਰ ਲੇਖਿਕਾ ਹੈ। ਉਸ ਕੋਲ ਪੰਜਾਬ ਦਾ ਹੇਰਵਾ ਨਹੀਂ, ਬਹੁਕੌਮੀ ਸਭਿਆਚਾਰ ਦੀਆਂ ਮਹੀਨ ਪਰਤਾਂ ਦਾ ਅਨੁਭਵ ਹੈ। ਇਹ ਅਨੁਭਵ ਹੀ ਉਸ ਦੀਆਂ ਲਿਖਤਾਂ ਨੂੰ ਵੱਖਰੀ ਨੁਹਾਰ ਦਿੰਦਾ ਹੈ। ਅੱਜਕੱਲ੍ਹ ਉਹ ਆਪਣੀਆਂ ਕਹਾਣੀਆਂ ਦੀ ਕਿਤਾਬ ਛਪਵਾਉਣ ਦੇ ਆਹਰ ਵਿਚ ਹੈ। ਉਸ ਨਾਲ ਕੀਤੀਆਂ ਗੱਲਾਂ ਨੂੰ ਪੜ੍ਹਨਾ ਤੁਹਾਨੂੰ ਜ਼ਰੂਰ ਚੰਗਾ ਲੱਗੇਗਾ:

**ਮਲਵਿੰਦਰ:** **ਤੁਹਾਡਾ ਪਿੰਡ ਤਾਂ ਜਲੰਧਰ ਜ਼ਿਲ੍ਹੇ ਵਿਚ ਹੈ, ਫਿਰ ਦਿੱਲੀ ਜਾਣ ਦਾ ਸਬੱਬ ਕਿਵੇਂ ਬਣਿਆ** ?

**ਸੁਰਜੀਤ:** ਅਸਲ 'ਚ ਮੇਰੇ ਪਿਤਾ ਜੀ ਦਿੱਲੀ ਵਿਚ ਬਤੌਰ ਸਿਵਿਲ ਇੰਜੀਨੀਅਰ ਸਰਕਾਰੀ ਨੌਕਰੀ ਕਰਦੇ ਸਨ। ਮੇਰਾ ਜਨਮ ਵੀ ਉਥੇ

ਦਾ ਹੀ ਹੈ। ਮੁਢਲੀ ਸਿਖਿਆ ਵੀ ਉਥੋਂ ਪ੍ਰਾਪਤ ਕੀਤੀ। ਜਦੋਂ ਮੈਂ ਦਸਵੀਂ ਵਿਚ ਸਾਂ ਪਿਤਾ ਜੀ ਰਿਟਾਇਰ ਹੋ ਗਏ। ਆਪਣੀ ਰਿਟਾਇਰਮੈਂਟ ਤੋਂ ਬਾਅਦ ਆਪਣੇ ਜੱਦੀ ਪਿੰਡ ਡਰੋਲੀ ਖ਼ੁਰਦ, ਜ਼ਿਲ੍ਹਾ ਜਲੰਧਰ ਆ ਵਸੇ। ਇਸੇ ਵਰ੍ਹੇ ਡਰੋਲੀ ਕਲਾਂ ਵਿਚ ਨਵਾਂ ਕਾਲਜ ਖੁੱਲ੍ਹ ਗਿਆ ਜਿਸ ਦੇ ਪ੍ਰਿਸੀਪਲ ਗੁਰਦਿਆਲ ਸਿੰਘ ਫੁੱਲ ਸਨ। ਇਥੇ ਹੀ ਪੰਜਾਬੀ ਪੜ੍ਹਨੀ ਤੇ ਲਿਖਣੀ ਸਿੱਖੀ। ਇਥੋਂ ਬੀ.ਏ. ਆਨਰਜ਼ ਕਰਕੇ ਡੀ.ਏ.ਵੀ. ਕਾਲਜ ਜਲੰਧਰ ਤੋਂ ਪੰਜਾਬੀ ਦੀ ਐਮ.ਏ. ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਤੋਂ ਐਮ.ਫਿਲ. ਕੀਤੀ। ਜ਼ਿੰਦਗੀ ਦਾ ਅਗਲੇਰਾ ਸਫ਼ਰ ਸ਼ੁਰੂ ਹੋ ਗਿਆ। ਫ਼ਗਵਾੜੇ ਕਮਲਾ ਨਹਿਰੂ ਕਾਲਜ ਵਿਚ ਲੈਕਚਰਰਸ਼ਿਪ ਤੋਂ ਬਾਅਦ 1980 ਵਿਚ ਘਰ ਗ੍ਰਹਿਸਥੀ ਵਿਚ ਪੈਰ ਧਰ ਲਿਆ। 1980 ਤੋਂ 1985 ਤੱਕ ਮਸੂਰੀ ਦੀਆਂ ਰਮਣੀਕ ਵਾਦੀਆਂ ਵਿਚ ਸਥਿਤ ਗੁਰੂ ਨਾਨਕ ਫ਼ਿਫ਼ਥ ਸੈਂਟਨਰੀ ਸਕੂਲ ਵਿਚ ਬਤੌਰ ਅਧਿਆਪਕ ਪਹਾੜੀਆਂ ਦੀਆਂ ਉਤਰਾਈਆਂ ਚੜ੍ਹਾਈਆਂ ਨਾਪਦੀ ਰਹੀ। 1986 ਵਿਚ ਥਾਈਲੈਂਡ ਦੇ ਸ਼ਹਿਰ ਬੈਂਗਕੌਂਕ ਦੇ ਥਾਈ ਸਿੱਖ ਇੰਟਰਨੈਸ਼ਨਲ ਸਕੂਲ ਵਿਚ 1995 ਤੱਕ ਬਤੌਰ ਅਧਿਆਪਕ ਅਤੇ ਹੈੱਡ ਮਿਸਟਰੈੱਸ ਦੀ ਜੌਬ ਕੀਤੀ। ਇੱਥੇ ਹੀ 1989 ਵਿਚ ਕੁਦਰਤ ਨੇ ਇਕ ਪੁੱਤਰ; ਫਤਿਹਜੀਤ ਸਿੰਘ ਦੀ ਦਾਤ ਬਖ਼ਸ਼ੀ। 1995 ਤੋਂ 2007 ਤੱਕ ਅਮਰੀਕਾ ਦੇ ਖ਼ੂਬਸੂਰਤ ਸੂਬੇ ਕੈਲੀਫੋਰਨੀਆ ਵਿਚ ਵਿਚਰਦਿਆਂ ਬਿਤਾਏ। ਇਕ ਵਿਦਿਅਕ ਅਦਾਰੇ ਵਿਚ ਬਤੌਰ ਵਾਈਸ ਪ੍ਰੈਜ਼ੀਡੈਂਟ ਅਤੇ 'ਰਿਕਰੂਟਰ ਕੋਆਰਡੀਨੇਟਰ ਐਂਡ ਰਿਕਰੂਟਰ ਟਰੇਨਰ' ਦੀ ਨੌਕਰੀ ਕੀਤੀ ਅਤੇ ਕਾਰਪੋਰੇਟ ਵਰਲਡ ਬਾਰੇ ਬਹੁਤ ਕੁਝ ਸਿੱਖਿਆ। ਸਾਡੀ ਕੰਪਨੀ ਦੇ ਸਾਰੇ ਕੈਲੀਫੋਰਨੀਆ ਅਤੇ ਐਰੀਜ਼ੋਨਾ ਵਿਚ ਬਹੁਤ ਸਾਰੇ ਆਫਿਸ ਸਨ; ਇਸੇ ਸਿਲਸਿਲੇ ਵਿਚ ਅਮਰੀਕਾ ਦੇ ਬਹੁਤ ਸਾਰੇ ਸ਼ਹਿਰ ਵੇਖੇ; ਜ਼ਿੰਦਗੀ ਅਤੇ ਅਮਰੀਕਾ ਬਾਰੇ ਬਹੁਤ ਕੁਝ ਜਾਣਿਆ; ਇਹ ਮੇਰੀ ਜ਼ਿੰਦਗੀ ਦਾ ਬਿਹਤਰੀਨ ਸਮਾਂ ਸੀ। 2007 ਤੋਂ ਕੈਨੇਡਾ ਦੇ ਉਨਟਾਰੀਓ ਸੂਬੇ ਦੇ ਬਰੈਂਪਟਨ ਸ਼ਹਿਰ ਵਿਚ ਪਰਿਵਾਰ ਸਹਿਤ ਰਹਿ ਰਹੀ ਹਾਂ।

**ਮਲਵਿੰਦਰ: ਸਾਹਿਤ ਪੜ੍ਹਨ ਲਿਖਣ ਵੱਲ ਝੁਕਾਅ ਕਦੋਂ ਤੇ ਕਿਵੇਂ ਬਣਿਆਂ** ?

**ਸੁਰਜੀਤ:** ਬਚਪਨ ਵਿਚ ਮਾਂ ਨੂੰ ਮੋਹਨ ਸਿੰਘ ਦੀਆਂ ਕਵਿਤਾਵਾਂ ਗੁਣਗੁਣਾਉਂਦਿਆਂ ਅਕਸਰ ਸੁਣਦੀ ਹੁੰਦੀ ਸਾਂ ਜੋ ਮਨ ਨੂੰ ਬਹੁਤ

ਟੁੰਬਦੀਆਂ ਸਨ। 'ਸੈਦਾਂ ਤੇ ਸਬਜ਼ਾਂ', 'ਸਿਪਾਹੀ ਦਾ ਦਿਲ', 'ਖਨਗਾਹੀਂ ਦੀਵਾ ਬਾਲਦੀਏ', 'ਅੰਬੀ ਦਾ ਬੂਟਾ' ਆਦਿ ਕਵਿਤਾਵਾਂ ਤਾਂ ਮੈਨੂੰ ਸੁਣ ਸੁਣ ਕੇ ਯਾਦ ਹੀ ਹੋ ਗਈਆਂ ਅਤੇ ਅਜੇ ਤੱਕ ਵੀ ਯਾਦ ਨੇ। ਸਾਡੇ ਘਰ ਪੰਜਾਬੀ ਸਾਹਿਤ ਦੀ ਜਿਹੜੀ ਇਕਲੌਤੀ ਕਿਤਾਬ ਹੁੰਦੀ ਸੀ ਉਹ ਸੀ ਮੋਹਨ ਸਿੰਘ ਦੀ 'ਸਾਵੇ ਪੱਤਰ'। ਮਾਂ ਦਾ ਗੱਲ ਗੱਲ 'ਤੇ ਇੰਝ ਕਹਿਣਾ, "ਸ਼ਾਇਰ ਮੋਹਨ ਸਿੰਘ ਕਹਿੰਦੈ" ਤੇ ਮੇਰਾ ਸੋਚਣਾ ਕਿ ਪਤਾ ਨਹੀਂ ਕੌਣ ਕਹਿੰਦੈ ਤੇ ਸ਼ਾਇਰ ਕੌਣ ਹੈ? ਬਾਕੀ ਮੇਰੇ ਆਲੇ-ਦੁਆਲੇ ਸਾਹਿਤ ਸ਼ਬਦ ਨਾਲ ਕਿਸੇ ਦਾ ਕੋਈ ਵਾਹ-ਵਾਸਤਾ ਨਹੀਂ ਸੀ। ਜਦੋਂ ਦਿੱਲੀ ਤੋਂ ਪੰਜਾਬ ਆ ਕੇ ਪੰਜਾਬੀ ਸਿੱਖ ਕੇ ਪ੍ਰੈੱਪ ਵਿਚ ਸਾਹਿਤ ਪੜ੍ਹਨ ਦਾ ਮੌਕਾ ਮਿਲਿਆ ਤਾਂ ਜਾਣਿਆ ਕਿ ਸ਼ਾਇਰ ਕੌਣ ਹੁੰਦਾ ਹੈ ਅਤੇ ਮੇਰੀ ਪਹਿਲੀ ਚੋਣ ਸਾਹਿਤ ਹੀ ਬਣ ਗਈ; ਸਾਹਿਤ ਦੇ ਅਧਿਐਨ ਨਾਲ ਰੂਹ ਨੂੰ ਜਿਵੇਂ ਆਪਣੀ ਪਛਾਣ ਮਿਲ ਗਈ; ਇਕ ਸਕੂਨ ਜਿਹਾ ਆਉਂਦਾ; ਮੈਨੂੰ ਲੱਗਦਾ ਇਹ ਤਾਂ ਮੇਰੇ ਦਿਲ ਦੀ ਗੱਲ ਹੈ। ਮੈਂ ਉਦੋਂ ਹੀ ਸੋਚ ਲਿਆ ਕਿ ਵੱਡੇ ਹੋ ਕੇ ਪੰਜਾਬੀ ਦੀ ਲੈਕਚਰਾਰ ਬਣਨੈ। ਕਾਲਜ ਵਿਚ ਅਧਿਆਪਕਾਂ, ਖ਼ਾਸ ਕਰਕੇ ਡਾ. ਆਤਮਜੀਤ ਸਿੰਘ ਅਤੇ ਡਾ. ਪ੍ਰਿਤਪਾਲ ਸਿੰਘ ਮਹਿਰੋਕ ਦੇ ਉਤਸ਼ਾਹ ਸਦਕਾ ਕਵਿਤਾ-ਸਿਰਜਣ ਤੇ ਉਚਾਰਨ ਵੱਲ ਰੁਚਿਤ ਹੋਈ। ਪਹਿਲੀ ਲੈਅ-ਬੱਧ ਕਵਿਤਾ 'ਗੁਰੂ ਨਾਨਕ ਨੂੰ' ਅਤੇ ਪਹਿਲੀ ਕਹਾਣੀ 'ਵਿੱਥਾਂ' ਵੀ ਕਾਲਜ ਦੇ ਮੈਗਜ਼ੀਨ ਲਈ ਹੀ ਲਿਖੀ ਸੀ। ਆਪਣੇ ਕਾਲਜ-ਕਾਲ ਦੌਰਾਨ ਮੈਨੂੰ ਕਾਲਜ-ਮੈਗਜ਼ੀਨਾਂ ਦੀ ਵਿਦਿਆਰਥੀ ਐਡੀਟਰ ਰਹਿਣ ਦਾ ਮਾਣ ਪ੍ਰਾਪਤ ਹੋਇਆ; ਇਸ ਨਾਲ ਵੀ ਸਾਹਿਤ-ਸਿਰਜਣਾ ਨੂੰ ਕਾਫੀ ਪ੍ਰੇਰਨਾ ਮਿਲਦੀ ਰਹੀ। ਆਪਣੇ ਵਿਦਿਆਰਥੀ ਕਾਲ ਵਿਚ ਕਾਲਜ ਦੇ ਮੈਗਜ਼ੀਨਾਂ ਤੋਂ ਸਿਵਾਏ 'ਅੱਖਰ' ਵਰਗੇ ਹੋਰ ਪੰਜਾਬੀ ਦੇ ਸਾਹਿਤਕ ਮੈਗਜ਼ੀਨਾਂ ਅਤੇ ਅਖਬਾਰਾਂ ਵਿਚ ਛਪਣ ਦਾ ਮੌਕਾ ਮਿਲਿਆ। ਰੇਡੀਉ 'ਤੇ ਯੁਵਬਾਣੀ ਪ੍ਰੋਗਰਾਮ ਵਿਚ ਬਹੁਤ ਵਾਰ ਕਵਿਤਾ ਉਚਾਰਣ ਲਈ ਸੱਦਾ ਆਉਂਦਾ ਰਿਹਾ। ਕੁਝ ਕਵਿਤਾਵਾਂ ਸਟੇਜ 'ਤੇ ਕਵਿਤਾ-ਉਚਾਰਣ ਪ੍ਰਤਿਯੋਗਤਾਵਾਂ ਲਈ ਲਿਖੀਆਂ ਤੇ ਪਹਿਲੇ ਸਥਾਨ ਤੱਕ ਦੇ ਇਨਾਮ ਜਿੱਤੇ। ਬਹੁਤ ਪ੍ਰਸ਼ੰਸਾ ਹਾਸਿਲ ਹੋਈ ਤੇ ਇੰਝ ਕਵਿਤਾ ਲਿਖਣ ਵੱਲ ਰੁਚੀ ਹੋਰ ਵੱਧਦੀ ਗਈ। ਹੌਲੀ ਹੌਲੀ ਕਵਿਤਾ ਸਵੈ-ਪ੍ਰਗਟਾਵੇ ਦਾ ਮਾਧਿਅਮ ਬਣ ਗਈ। ਜ਼ਿੰਦਗੀ ਵਿਚ ਬਹੁਤ

ਹਾਦਸੇ ਅਜਿਹੇ ਹੋਏ ਕਿ ਉਨ੍ਹਾਂ ਤੋਂ ਨਿਜਾਤ ਪਾਉਣ ਲਈ ਮੇਰੇ ਕੋਲੋਂ ਆਪ ਮੁਹਾਰੇ ਪੜ੍ਹਦਿਆਂ ਪੜ੍ਹਦਿਆਂ ਕਾਪੀਆਂ ਦੇ ਪਿਛਲੇ ਵਰਕਿਆਂ 'ਤੇ ਕਵਿਤਾ ਲਿਖੀ ਜਾਣ ਲੱਗ ਪਈ। ਧੁਰ ਤੋਂ ਹੀ ਕੁਦਰਤ ਨੇ ਮੇਰੇ ਅੰਦਰ ਕੋਈ ਅਜੀਬ ਜਿਹੀ ਉਦਾਸੀ ਪੈਦਾ ਕਰ ਦਿੱਤੀ ਹੋਈ ਹੈ, ਉਸ ਉਦਾਸੀ ਨੂੰ ਕਵਿਤਾ ਦਾ ਮਾਧਿਅਮ ਕਾਫ਼ੀ ਰਾਸ ਆਇਐ।

**ਮਲਵਿੰਦਰ: ਤੁਸੀਂ ਲਿਖਣ ਲਈ ਕਵਿਤਾ ਵਿਧਾ ਹੀ ਕਿਉਂ ਚੁਣੀ** ?

**ਸੁਰਜੀਤ:** ਕਵਿਤਾ ਮੇਰੀ ਰੂਹ ਦਾ ਸਕੂਨ ਹੈ; ਮੈਨੂੰ ਹਮੇਸ਼ਾ ਲੱਗਦੈ ਕਵਿਤਾ ਆਪਣੇ ਅੰਦਰ ਬਹੁਤ ਸਾਰੇ ਰਹੱਸ ਸਮੇਟੀ ਰੱਖਦੀ ਹੈ ਇਸੇ ਲਈ ਮੈਂ ਇਸ ਵੱਲ ਵਧੇਰੇ ਆਕਰਸ਼ਿਤ ਹੁੰਦੀ ਹਾਂ। ਇਸ ਦੇ ਸੁਹਜ ਦਾ ਤਲਿੱਸਮ ਮੈਨੂੰ ਖਿੱਚ ਪਾਉਂਦਾ ਹੈ; ਇਸ ਦੀ ਸ਼ਬਦਾਵਲੀ, ਬਿੰਬ, ਅਲੰਕਾਰ ਅਤੇ ਕਾਵਿ ਉਡਾਰੀ ਬਹੁਤ ਚੰਗੇ ਲੱਗਦੇ ਹਨ। ਛੋਟੇ ਹੁੰਦਿਆਂ ਜਦੋਂ ਸਕੂਲ ਸ਼ੁਰੂ ਹੋਣ 'ਤੇ ਨਵੀਆਂ ਕਿਤਾਬਾਂ ਆਉਣੀਆਂ ਤਾਂ ਮੈਂ ਪਾਠ-ਪੁਸਤਕਾਂ ਦੀਆਂ ਸਾਰੀਆਂ ਕਵਿਤਾਵਾਂ ਇਕੋ ਦਿਨ ਵਿਚ ਪੜ੍ਹ ਲੈਣੀਆਂ। ਮੈਨੂੰ ਕਵਿਤਾ ਚੰਗੀ ਲੱਗਦੀ ਹੈ। ਮੈਂ ਹਰ ਕਵਿਤਾ ਨੂੰ ਮਾਣਦੀ ਹਾਂ। ਮੇਰੇ ਕੋਲੋਂ ਮੱਲੋਮੱਲੀ ਕਵਿਤਾ ਲਿਖ ਹੋ ਜਾਂਦੀ ਹੈ। ਮੈਂ ਆਪਣੀਆਂ ਸੋਚਾਂ ਵਿਚ ਬਹੁਤ ਕੁਝ ਕਵਿਤਾ ਵਰਗਾ ਰਚਦੀ ਰਹਿੰਦੀ ਹਾਂ। ਕਈ ਵਾਰ ਉਸ ਵਿਚੋਂ ਕੁਝ ਵਰਕਿਆਂ 'ਤੇ ਲਿਖਿਆ ਜਾਂਦਾ ਹੈ ਤੇ ਕਈ ਵਾਰ ਖਲਾਅ ਵਿਚ ਹੀ ਗੁੰਮ ਹੋ ਜਾਂਦਾ ਹੈ; ਮੈਂ ਉਸ ਨੂੰ ਫੜਨ ਦੀ ਕੋਸ਼ਿਸ਼ ਨਹੀਂ ਕਰਦੀ ਸਗੋਂ ਸੋਚਦੀ ਹਾਂ 'ਕੋਈ ਨਾ ਫਿਰ ਕਦੇ ਆਏਗਾ ਮੇਰੇ ਕੋਲ ਸੁਹਣੀ ਕਵਿਤਾ ਬਣ ਕੇ' !

ਹਰ ਇਨਸਾਨ ਦੀ ਜ਼ਿੰਦਗੀ ਵਾਂਗ ਮੇਰੀ ਜ਼ਿੰਦਗੀ ਵਿਚ ਵੀ ਧੁੱਪਾਂ-ਛਾਵਾਂ ਦੀ ਆਉਣੀ ਜਾਣੀ ਰਹੀ ਹੈ। ਮੈਨੂੰ ਇਨ੍ਹਾਂ ਹਾਦਸਿਆਂ ਦਾ ਜ਼ਿਕਰ ਕਰਨਾ ਚੰਗਾ ਨਹੀਂ ਲੱਗਦਾ। ਇਹ ਹਾਦਸੇ ਮੈਂ ਆਪਣੀ ਕਵਿਤਾ ਦੇ ਹਵਾਲੇ ਕਰਕੇ ਇਕ ਸਕੂਨ ਮਹਿਸੂਸ ਕੀਤਾ ਹੈ। ਮੈਂ ਕਿਸੇ ਵੀ ਦੁੱਖ ਨੂੰ ਸਿੱਧੇ ਸ਼ਬਦਾਂ ਵਿਚ ਕਹਿਣ ਵਿਚ ਵਿਸ਼ਵਾਸ ਨਹੀਂ ਰੱਖਦੀ ਸਗੋਂ ਇਹ ਦੁੱਖ ਮੇਰੀ ਕਵਿਤਾ ਵਿਚ 'ਇਵੌਲਵ' ਹੋ ਜਾਂਦੇ ਹਨ; ਆਪਣੀ ਨਾਂਹ-ਪੱਖਤਾ 'ਚੋਂ ਉੱਭਰ ਕੇ ਹਾਂ-ਪੱਖੀ ਬਣ ਜਾਂਦੇ ਹਨ;

*ਕਈ ਵੇਰ ਲਗਦੈ/ਕਿ ਹਾਦਸਿਆਂ ਨੇ ਮੈਨੂੰ ਤੋੜ ਦਿਤੈ*
*ਪਰ ਖਿੱਲਰੀਆਂ ਹੋਈਆਂ ਕਿਰਚਾਂ*
*ਚੁਗ ਕੇ ਜੋੜਨਾ ਮੈਂ ਜਾਣਦੀ ਹਾਂ !*

*ਉਦਾਸੀ ਤਾਂ ਬੀਜ ਹੈ*
*ਸਦਾ ਅੰਦਰ ਹੀ ਦੱਬੀ ਰਹੀ*
*ਨਮੀ ਮਿਲ਼ੀ ਤਾਂ ਪੁੰਗਰ ਆਉਂਦੀ ਰਹੀ*
*ਇਸ ਦੀ ਫ਼ਸਲ ਨੂੰ ਕੱਟਣਾ ਮੈਂ ਜਾਣਦੀ ਹਾਂ !*
*ਜੇ ਇੰਝ ਨਾ ਕਰਦੀ ਤਾਂ ਸ਼ਾਇਦ...!*

ਉਂਝ ਮੈਂ ਕਹਾਣੀਆਂ ਵੀ ਲਿਖੀਆਂ, ਵਾਰਤਕ ਵੀ ਲਿਖੀ, ਬਹੁਤ ਸਾਰੀਆਂ ਅੰਗ੍ਰੇਜ਼ੀ ਕਵਿਤਾਵਾਂ ਦਾ ਅਨੁਵਾਦ ਵੀ ਕੀਤਾ ਅਤੇ ਕਾਫ਼ੀ ਕਿਤਾਬਾਂ 'ਤੇ ਆਲੋਚਨਾਤਮਕ ਲੇਖ ਵੀ ਲਿਖੇ ਹਨ ਪਰ ਸਵੈ-ਪ੍ਰਗਟਾਵੇ ਲਈ ਕਵਿਤਾ ਦਾ ਮਾਧਿਅਮ ਹੀ ਰਾਸ ਆਇਆ। ਮੇਰੀ ਸਾਰੀ ਕਵਿਤਾ ਹੈ:

*ਤਨਹਾਈਆਂ ਅਤੇ ਖ਼ਾਮੋਸ਼ੀਆਂ*
*ਹਾਸਿਆਂ ਅਤੇ ਰੋਸਿਆਂ*
*ਸਿਆਲਾਂ, ਹੁਨਾਲਾਂ ਅਤੇ ਪਤਝੜਾਂ*
*ਜ਼ਿੰਦਗੀ ਦੇ ਸਾਰੇ ਰੰਗਾਂ ਦੇ ਨਾਮ!*

ਕਵਿਤਾ ਮੈਂ ਆਪਣੇ ਅਧਿਆਪਕਾਂ ਦੇ ਕਹਿਣ 'ਤੇ ਲਿਖਣੀ ਸ਼ੁਰੂ ਕੀਤੀ ਸੀ, ਕਿਸੇ ਸੋਚ ਤੋਂ ਪ੍ਰੇਰਿਤ ਹੋ ਕੇ ਨਹੀਂ; ਬਾਅਦ ਵਿਚ ਕੋਈ ਹਾਰ, ਕੋਈ ਨਿਰਾਸ਼ਤਾ ਜਾਂ ਕੋਈ ਸੋਚ ਕਵਿਤਾ ਲਿਖਣ ਦਾ ਸਬੱਬ ਬਣ ਜਾਂਦੀ ਰਹੀ। ਇੰਝ ਵੀ ਕਿਹਾ ਜਾ ਸਕਦਾ ਹੈ ਕਿ ਮਨ ਦਾ ਕਲਸ਼ ਸੋਚਾਂ ਨਾਲ ਜਦੋਂ ਭਰ ਜਾਂਦਾ ਹੈ ਤੇ ਛਲਕ ਕੇ ਕਵਿਤਾ ਬਣ ਜਾਂਦੈ।

**ਮਲਵਿੰਦਰ:** **ਤੁਹਾਡੀ ਪੁਸਤਕ 'ਹੇ ਸਖੀ' ਤੁਹਾਡੀ ਜਗਿਆਸਾ ਦਾ ਸਫ਼ਰ ਹੈ। ਇਸ ਸਫ਼ਰ ਬਾਰੇ ਵਿਸਥਾਰ 'ਚ ਦੱਸੋਗੇ**?

**ਸੁਰਜੀਤ:** ਅਸਲ ਰੂਪ ਵਿਚ ਮੈਂ ਇਕ 'ਸੀਕਰ' ਹਾਂ ਇਕ ਜਿਗਿਆਸੂ ਹਾਂ ! ਮੈਨੂੰ ਸੱਚ ਦੀ ਖੋਜ ਹੈ! ਕਈ ਵੇਰ ਮੈਨੂੰ ਲੱਗਦੈ ਮੈਂ 'ਦਾ ਪਰੌਫੈਟ' ਦੀ ਅਲਮਿਤਰਾ ਹਾਂ ਜਾਂ ਉਸ ਦੇ ਬਾਕੀ ਦੇ ਪਾਤਰਾਂ ਵਿਚੋਂ ਇਕ ਹਾਂ! ਮੇਰੇ ਕੋਲ ਸਵਾਲ ਹੀ ਸਵਾਲ ਹਨ। ਮੈਂ ਕਿਸੇ ਚੀਜ਼ ਦੀ ਭਾਲ ਵਿਚ ਰਹਿੰਦੀ ਹਾਂ; ਉਹ ਕੀ ਹੈ ਮੈਨੂੰ ਨਹੀਂ ਪਤਾ! ਇਸੇ ਲਈ ਕਈ ਤਰ੍ਹਾਂ ਦੇ ਫ਼ਿਲਾਸਫਰਾਂ ਨੂੰ ਸਮਝਣ ਦਾ ਯਤਨ ਕਰਦੀ ਰਹਿੰਦੀ ਹਾਂ। ਬਚਪਨ ਤੋਂ ਹੀ ਅਧਿਆਤਮ ਦਾ ਰਸਤਾ ਆਪਣੇ ਵੱਲ ਖਿੱਚਦਾ ਰਿਹਾ। ਸਾਡੇ ਜ਼ਮਾਨੇ ਵਿਚ ਧਾਰਮਿਕ ਫਿਲਮਾਂ ਆਉਂਦੀਆਂ ਹੁੰਦੀਆਂ ਸਨ, ਜਿਨ੍ਹਾਂ ਵਿਚ ਯੋਗੀ ਅਤੇ ਰਿਸ਼ੀ ਲੋਕ ਜੰਗਲਾਂ ਵਿਚ

ਤੱਪ ਕਰਦੇ ਦਿਖਾਏ ਜਾਂਦੇ। ਪਤਾ ਨਹੀਂ ਕਿਉਂ ਮੇਰਾ ਜੀਅ ਕਰਦਾ ਕਿ ਮੈਂ ਕਿਸੇ ਰਿਸ਼ੀ ਦੀ ਧੀ ਹੋਵਾਂ ਅਤੇ ਉਸੇ ਤਰ੍ਹਾਂ ਜੰਗਲਾਂ ਵਿਚ ਬੈਠ ਕੇ ਵਰ੍ਹਿਆਂ ਬੱਧੀ ਸਾਧਨਾ ਕਰਾਂ। ਮੈਂ ਗੁਰਦੁਆਰੇ ਜਾਂਦੀ ਅਤੇ ਘੰਟਿਆਂ ਬੱਧੀ ਅੱਖਾਂ ਮੀਟ ਕੇ ਕਥਾ ਸੁਣਦੀ, ਪਾਠ ਕਰਦੀ ਅਤੇ ਬਾਬੇ ਨਾਨਕ ਨਾਲ ਗੱਲਾਂ ਕਰਦੀ। ਬਾਬਾ ਨਾਨਕ ਮੇਰਾ ਇਸ਼ਟ ਹੈ; ਬਹੁਤ ਵਿਸ਼ਵਾਸ ਹੁੰਦਾ ਸੀ ਬਾਬੇ ਨਾਨਕ 'ਤੇ ਕਿ ਉਸ ਦੇ ਹੁੰਦਿਆਂ ਮੇਰੇ ਨਾਲ ਕੁਝ ਬੁਰਾ ਨਹੀਂ ਹੋ ਸਕਦਾ। ਪਰ ਇਕ ਦਿਨ ਇਹ ਵਿਸ਼ਵਾਸ ਕਿਰਚਾਂ ਕਿਰਚਾਂ ਹੋ ਗਿਆ। ਬਚਪਨ ਸੁਖਾਵਾਂ ਨਹੀਂ ਬੀਤਿਆ। ਸਾਰੇ ਸੁੱਖ ਸਾਧਨ ਸਨ ਪਰ ਸ਼ਾਇਦ ਪਿਆਰ ਦੀ ਘਾਟ ਰਹੀ। ਜੇ ਮੈਂ ਇਹ ਕਹਾਂ ਕਿ ਪਿਆਰ ਦੀ ਜਗਾ ਤ੍ਰਿਸਕਾਰ ਵਧੇਰੇ ਮਿਲਿਆ ਤਾਂ ਅਤਿ ਕਥਨੀ ਨਹੀਂ ਹੋਵੇਗੀ। ਮਾਂ-ਵਿਹੂਣੇ ਬੱਚਿਆਂ ਨੂੰ ਸ਼ਾਇਦ ਇਹ ਹੀ ਝੱਲਣਾ ਪੈਂਦਾ ਹੈ। ਪਿਤਾ ਜੋ ਦੇ ਸਕਦੇ ਸੀ ਦਿੰਦੇ ਰਹੇ ਪਰ ਮਾਂ ਦੀ ਕਮੀ ਪਿਤਾ ਦੀ ਦੂਸਰੀ ਬੀਵੀ ਪੂਰੀ ਨਾ ਕਰ ਸਕੀ। ਹਰ ਵਰ੍ਹੇ ਇਹ ਸੁਣਨਾ ਪੈਂਦਾ ਕਿ ਇਸ ਕਲਾਸ ਤੋਂ ਬਾਅਦ ਅੱਗੇ ਨਹੀਂ ਪੜ੍ਹਾਉਣਾ; ਇਹ ਸੁਣਦਿਆਂ ਆਪਣੇ ਅੰਦਰ ਦੇ ਦ੍ਰਿੜ ਇਰਾਦੇ ਨਾਲ ਐਮ.ਫਿਲ. ਤੱਕ ਪੜ੍ਹਾਈ ਕੀਤੀ। ਉਂਝ ਉਹ ਬਹੁਤ ਚੰਗੀ ਵੀ ਸੀ, ਬਹੁਤ ਕੁਝ ਸਿਖਾਇਆ ਉਸ ਨੇ ਸਾਨੂੰ; ਆਪਣੇ ਪਤੀ ਦੇ ਬੱਚਿਆਂ ਲਈ ਸ਼ਾਇਦ ਹਰ ਔਰਤ ਇਵੇਂ ਹੀ ਮਹਿਸੂਸ ਕਰਦੀ ਹੋਵੇ...ਸ਼ਾਇਦ ਇਹ ਸੁਭਾਵਿਕ ਹੀ ਹੁੰਦਾ ਹੋਵੇ! ਇਸ ਲਈ ਉਸ 'ਤੇ ਕੋਈ ਗਿਲਾ ਨਹੀਂ !

ਸੋਲ੍ਹਾਂ ਸਾਲਾਂ ਦਾ ਨਿੱਕਾ ਵੀਰ ਆਪਣੀਆਂ ਅੱਖਾਂ ਸਾਹਵੇਂ ਸਿਵਿਆਂ ਦੇ ਰਾਹ ਜਾਂਦਾ ਵੇਖਿਆ, ਭਰ ਜੁਆਨੀ ਵਿਚ ਦੂਜਾ ਵੀਰ ਨਿੱਕੇ ਨਿੱਕੇ ਬੱਚੇ ਛੱਡ ਕੇ ਤੁਰ ਗਿਆ ਅਤੇ ਸਭ ਤੋਂ ਨਿੱਕੀ ਭੈਣ ਆਪਣਾ ਜੀਵਨ-ਪੰਧ ਅਧਵਾਟੇ ਛੱਡ ਉੱਥੇ ਚਲੀ ਗਈ ਜਿੱਥੋਂ ਕੋਈ ਵਾਪਿਸ ਨਹੀਂ ਆਉਂਦਾ ਤਾਂ ਬਾਬੇ ਨਾਨਕ ਅਤੇ ਜ਼ਿੰਦਗੀ ਤੋਂ ਵਿਸ਼ਵਾਸ ਉੱਠ ਗਿਆ। ਇਸ ਵਰਤਾਰੇ ਨੇ ਮਨ ਅੰਦਰ ਹੋਰ ਵੈਰਾਗ ਅਤੇ ਨਿਰਾਸ਼ਤਾ ਪੈਦਾ ਕਰ ਦਿੱਤੇ; ਧੁਰ ਅੰਦਰ ਦੁੱਖ ਭਰ ਦਿੱਤਾ। ਸਭ ਕੁਝ ਬੇ-ਮਾਇਨੇ ਲੱਗਣ ਲੱਗਾ। ਸਵਾਲ ਤਾਂ ਮਨ ਵਿਚ ਬਚਪਨ ਤੋਂ ਹੀ ਬਹੁਤ ਸਨ; ਜਵਾਬ ਕਿੱਥੋਂ ਲੱਭਦੀ ? ਅਲੱਗ ਅਲੱਗ ਫਿਲਾਸਫੀਆਂ ਰਾਹੀਂ ਜ਼ਿੰਦਗੀ ਨੂੰ ਸਮਝਣ ਦਾ ਯਤਨ ਕਰਦੀ ਰਹੀ। ਕਦੇ ਕੋਈ ਰਾਹ ਕਦੇ ਕੋਈ ਰਾਹ ! ਮੈਂ ਬਹੁਤ ਸਾਰੇ ਅਧਿਆਤਮਕ

ਲੋਕਾਂ ਨੂੰ ਵੀ ਮਿਲੀ ਪਰ ਮੈਨੂੰ ਕਿਧਰੋਂ ਵੀ ਉਹ ਨਹੀਂ ਲੱਭਿਆ ਜਿਸ ਦੀ ਮੈਨੂੰ ਤਲਾਸ਼ ਸੀ।

ਮੈਨੂੰ ਇਸ ਜ਼ਿੰਦਗੀ ਦੇ ਅਚਾਨਕ ਖ਼ਤਮ ਹੋ ਜਾਣ ਦਾ ਬੜਾ ਮਲਾਲ ਸੀ। ਮੈਂ ਸੋਚਦੀ ਸੀ ਕਿ ਤੁਸੀਂ ਮਰਨਾ ਹੀ ਹੈ ਤਾਂ ਜੰਮਣਾ ਹੀ ਕਿਉਂ? ਹੁਣ ਵੀ ਮੈਂ ਆਪਣੇ ਬਾਰੇ ਇਉਂ ਹੀ ਸੋਚਦੀ ਹਾਂ ਕਿ ਆਖਿਰ ਮੈਂ ਇਸ ਦੁਨੀਆ 'ਤੇ ਕਿਉਂ ਆਈ ਹਾਂ? ਮੈਂ ਇੱਥੇ ਆ ਕੇ ਕੀ ਕੀਤਾ ਹੈ? ਬਹੁਤ ਸਾਰੇ ਸਵਾਲ ਹਨ! ਇਹਨਾਂ ਸਵਾਲਾਂ ਦੇ ਜਵਾਬ ਪਤਾ ਹੁੰਦਿਆਂ ਵੀ ਮੇਰਾ ਪਿੱਛਾ ਨਹੀਂ ਛੱਡਦੇ। ਆਪਣੇ ਇਸ ਸਫ਼ਰ ਨੂੰ 'ਹੇ ਸਖੀ' ਦੀ ਭੂਮਿਕਾ ਵਿਚ ਕਾਫ਼ੀ ਵਿਸਤਾਰ ਨਾਲ ਲਿਖਿਆ ਹੈ। ਮੈਂ ਜੋ ਵੀ ਲਿਖਿਆ ਹੈ ਸਿਰਫ ਆਪਣੇ ਸਵਾਲਾਂ ਦੇ ਹੀ ਰੂਬਰੂ ਹੋਈ ਹਾਂ। ਮੇਰੀ ਪੁਸਤਕ 'ਹੇ ਸਖੀ' ਇਕ ਸਵੈ-ਸੰਵਾਦ ਹੈ ਜੋ ਸਵਾਲ ਵੀ ਕਰਦੀ ਹੈ ਅਤੇ ਜਵਾਬ ਵੀ ਦਿੰਦੀ ਹੈ। 'ਸ਼ਿਕਸਤ ਰੰਗ' ਵਿਚ ਮੇਰੀ ਇਕ ਕਵਿਤਾ ਦਾ ਬੰਦ ਹੈ;

*ਆਪਣੇ ਹੀ ਅੰਦਰ ਕੈਦ ਹਾਂ ਧੁਰ ਤੋਂ*
*ਇਸ ਕੈਦ ਦੀ ਕੋਈ ਬਾਰੀ ਬਾਹਰ ਨਹੀਂ ਖੁੱਲ੍ਹਦੀ*
*ਕੋਈ ਨਵਾਂ ਸੂਰਜ*
*ਕੋਈ ਨਵਾਂ ਚਾਨਣ*
*ਮੱਥੇ 'ਚ ਨਹੀਂ ਉੱਕਰਦਾ ਜਦ ਤਕ*
*ਇਸ ਰੂਹ ਨੂੰ ਸੁਤੰਤਰਤਾ ਨਹੀਂ ਮਿਲਦੀ*
*ਈਸਾ ਨੂੰ ਲੱਭੀ*
*ਸੁਕਰਾਤ ਨੂੰ ਲੱਭੀ*
*ਉਹ ਦਿਸ਼ਾ ਮੈਨੂੰ ਕਿਉਂ ਨਹੀਂ ਮਿਲਦੀ ??*

ਸੋ ਇਹ ਭਟਕਣ ਰੂਹ ਦੀ ਹੀ ਭਟਕਣ ਹੈ, ਕਿਸੇ ਕੋਲੋਂ ਕਦੇ ਵੀ ਮੈਂ ਕੋਈ ਆਸ ਨਹੀਂ ਰੱਖੀ; ਕਿਸੇ ਨੂੰ ਦੱਸਣਾ ਕੀ ਅਤੇ ਪੁੱਛਣਾ ਕੀ? ਬੱਸ ਕਵਿਤਾ ਨੂੰ ਦੱਸ ਲੈਂਦੀ ਹਾਂ ਆਪਣੀ ਰੂਹ ਦੀ ਭਟਕਣ! ਆਪਣੀ ਰੂਹ ਦੀ ਇਸ ਭਟਕਣ ਨੂੰ ਹੇ ਸਖੀ ਵਿਚ ਮੈਂ 'ਮੇਰੀ ਰੂਹ ਸੱਸੀ' ਦਾ ਨਾਮ ਦਿੱਤਾ ਹੈ। ਇਹੀ ਜਿਗਿਆਸਾ ਮੇਰੀ ਰੂਹ ਦਾ ਸਕੂਨ ਵੀ ਹੈ; ਅਤੇ ਇਸੇ ਭਟਕਣ ਨੇ ਮੈਨੂੰ ਜ਼ਿੰਦਾ ਰੱਖਿਆ ਹੈ।

**ਮਲਵਿੰਦਰ: ਆਤਮ ਸੰਵਾਦ ਰਚਾਉਂਦੀ ਕਵਿਤਾ ਲਿਖਦਿਆਂ ਸਮਾਜਕ ਸਰੋਕਾਰਾਂ ਦੀ ਅਣਦੇਖੀ ਨਹੀਂ ਹੋ ਜਾਂਦੀ? ਤੁਹਾਡਾ ਕੀ ਖ਼ਿਆਲ ਹੈ।**

**ਸੁਰਜੀਤ:** ਮਲਵਿੰਦਰ ਜੀ ਇਹ ਬੜਾ ਹੀ ਅਹਿਮ ਸਵਾਲ ਤੁਸੀਂ ਮੈਥੋਂ ਪੁੱਛਿਆ ਹੈ। ਸਮਾਜ ਮਨੁੱਖਾਂ ਦਾ ਸਮੂਹ ਹੈ ਜੋ ਇਕ ਸੱਭਿਆਚਾਰ ਦਾ ਧਾਰਨੀ ਹੁੰਦਾ ਹੈ ਜਾਂ ਇਉਂ ਕਹਿ ਲਉ ਕਿ ਮਨੁੱਖ ਸਮਾਜ ਦੀ ਇਕ ਇਕਾਈ ਹੈ। ਸਮਾਜ ਵਿਚ ਰਹਿੰਦਿਆਂ ਮਨੁੱਖ ਨੇ ਬਹੁਤ ਸਾਰੇ ਨਿਯਮਾਂ ਦਾ ਪਾਲਣ ਕਰਨਾ ਹੁੰਦਾ ਹੈ। ਜੇ ਮਨੁੱਖ ਆਪਣੇ ਆਪ ਨੂੰ ਨਹੀਂ ਸਮਝੇਗਾ ਤਾਂ ਸਮਾਜ ਨੂੰ ਕਿਵੇਂ ਸਮਝੇਗਾ? ਗੁਰਬਾਣੀ ਅਨੁਸਾਰ ਵੀ "ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ" ਦਾ ਸੰਦੇਸ਼ ਦਿੱਤਾ ਗਿਆ ਹੈ। ਬਾਬਾ ਫ਼ਰੀਦ ਨੇ ਕਿਹਾ ਕਿ "ਆਪ ਸਵਾਰਹਿ ਮੈ ਮਿਲਹਿ ਮੈ ਮਿਲਿਆ ਸੁਖੁ ਹੋਇ। ਫਰੀਦਾ ਜੇ ਤੂੰ ਮੇਰਾ ਹੋਇ ਰਹਹਿ ਸਭੁ ਜਗੁ ਤੇਰਾ ਹੋਇ" ਜੇ ਮਨੁੱਖ ਆਪਣੇ ਆਪ ਨੂੰ ਸਮਝ ਲੈਂਦਾ ਹੈ ਤਾਂ ਹੀ ਉਸ ਨੂੰ ਜਗਤ ਦੀ ਸਮਝ ਆਉਂਦੀ ਹੈ।

ਸੋ ਸਮਾਜ ਨੂੰ ਸਮਝਣ ਅਤੇ ਇਸ ਵਿਚ ਵਿਚਰਣ ਲਈ ਆਪਣੇ ਆਪ ਨੂੰ ਸਮਝਣਾ ਲਾਜ਼ਮੀ ਹੁੰਦਾ ਹੈ; ਕਹਿਣ ਤੋਂ ਭਾਵ ਇਹ ਹੈ ਕਿ ਅੰਤਰ-ਸੰਵਾਦ ਕਰਦਿਆਂ ਸਮਾਜਕ ਸਰੋਕਾਰ ਅਣਦੇਖੇ ਨਹੀਂ ਰਹਿੰਦੇ ਸਗੋਂ ਇਹਨਾਂ ਦੀ ਵਧੇਰੇ ਸੋਝੀ ਆਉਂਦੀ ਹੈ; ਰਹੀ ਗੱਲ ਆਤਮ ਸੰਵਾਦ ਦੀ ਕਵਿਤਾ ਦੀ ਜੋ ਮੈਂ 'ਹੇ ਸਖੀ' ਵਿਚ ਲਿਖੀ ਹੈ ਉਸ ਵਿਚ ਸਮਾਜਕ ਤੇ ਕਾਇਨਾਤੀ ਦੋਨਾਂ ਤਰ੍ਹਾਂ ਦੇ ਸਰੋਕਾਰ ਵਿਦਮਾਨ ਹਨ। ਮਨੁੱਖ ਸਮਾਜਕ ਪ੍ਰਾਣੀ ਹੈ, ਸਮਾਜ ਨਾਲ ਅਚੇਤ ਤੌਰ 'ਤੇ ਜੁੜਿਆ ਹੋਇਆ ਹੈ ਅਤੇ ਅਚੇਤ ਹੀ ਸਮਾਜਕ ਸਰੋਕਾਰ ਉਸ ਦੀ ਲਿਖਤ ਵਿਚ ਸਮਾ ਜਾਂਦੇ ਹਨ। ਕਵਿਤਾ ਰਾਹੀਂ ਆਪਣੇ ਆਪ ਨੂੰ ਮੁਖ਼ਾਤਿਬ ਹੋ ਕੇ ਇਨ੍ਹਾਂ ਪ੍ਰਸ਼ਨਾਂ ਦੇ ਉੱਤਰ ਲੱਭਣ ਦੀ ਕੋਸ਼ਿਸ਼ ਕੀਤੀ ਹੈ:

*ਮੈਂ ਅਕਸਰ ਸੋਚਾਂ*
*ਸ਼ਬਦ ਅਪਸ਼ਬਦ ਕਿਉਂ ਹੋਇਆ*
*ਗਾਲ਼ ਕਿਉਂ ਹੋਇਆ ? ? (ਹੇ ਸਖੀ)*

ਸ਼ਬਦ ਦਾ ਗਾਲ਼ ਹੋ ਜਾਣਾ ਸਮਾਜਕ ਅਧੋਗਤੀ ਵੱਲ ਨੂੰ ਮਨੁੱਖ ਦਾ ਪਹਿਲਾ ਕਦਮ ਹੁੰਦਾ ਹੈ। ਇਸ ਬਾਰੇ ਗੰਭੀਰਤਾ ਨਾਲ ਵਿਚਾਰਨਾ ਇੱਕ ਸਮਾਜਕ ਸਰੋਕਾਰ ਹੀ ਤਾਂ ਹੈ। ਕੁਦਰਤ ਨਾਲ ਖਿਲਵਾੜ ਕਰਕੇ ਮਨੁੱਖ ਆਪਣੇ ਪੈਰਾਂ 'ਤੇ ਆਪ ਕੁਹਾੜਾ ਮਾਰ ਰਿਹਾ ਹੈ। ਜੇ ਧਰਤੀ ਦਾ ਵਾਤਾਵਰਨ ਹੀ ਜੀਵਨ ਦੇ ਅਨੁਕੂਲ ਨਾ ਰਿਹਾ ਤਾਂ ਕਿਹਾ ਮਨੁੱਖ ਤੇ ਕਿਹਾ ਸਮਾਜ ?

*ਜਾਦੂਗਰ ਇਹ ਬੰਦਾ*
*ਬੁਣ ਰਿਹੈ ਜੋ ਸੁਪਨੇ*
*ਤ੍ਰੇਲ ਦੀਆਂ ਬੂੰਦਾਂ ਵਾਂਗ*
*ਟਪਕਾ ਨਾ ਦੇਵੇ ਇਹ ਧਰਤੀ!*
*ਸ੍ਰਿਸ਼ਟੀ ਦੇ ਸਮਤੋਲ ਅੰਦਰੋਂ*
*ਮਨਫੀ ਕਰ ਨਾ ਦੇਵੇ ਸੁੰਦਰਤਾ ਇਸ ਦੀ! (ਹੇ ਸਖੀ)*

ਇੱਕ ਸਾਵਾਂ ਸਮਾਜ ਸਿਰਜਨ ਲਈ ਹਰ ਮਨੁੱਖ ਨੂੰ ਆਪੇ ਨੂੰ ਸਮਝਣਾ ਪਵੇਗਾ, ਜੀਵਨ ਦਾ ਅਸਲ ਮਹੱਤਵ/ ਮੰਤਵ ਜਾਣਨਾ ਹੋਵੇਗਾ; ਜੇ ਮਨੁੱਖ ਆਪ ਸ਼ਾਂਤ ਹੈ ਤਾਂ ਹੀ ਸਮੁੱਚੇ ਸਮਾਜ ਵਿਚ ਇਕਸੁਰਤਾ ਜਾਂ ਭਰਾਤ੍ਰੀਭਾਵ ਕਾਇਮ ਕਰ ਸਕੇਗਾ, ਕਿਉਂਕਿ:

*ਜ਼ਿੰਦਗੀ ਖੇੜਾ ਹੈ*
*ਖ਼ੁਸ਼ੀ ਹੈ ਆਨੰਦ ਹੈ ਵਿਸਮਾਦ ਹੈ*
*ਰੂਹਾਨੀ ਤਾਲ 'ਤੇ ਨੱਚਦੀ*
*ਉਸ ਬ੍ਰਹਿਮੰਡੀ ਊਰਜਾ ਦੇ*
*ਕਿਸੇ ਨਿੱਕੇ ਜਿਹੇ ਕਣ ਦੀ*
*ਨਿੱਕੀ ਜਿਹੀ ਨਿਸ਼ਾਨੀ ਹੈ*
*ਇੱਕ ਸ਼ੁਕਰਾਣੂ ਦੇ ਵਿਕਸਣ ਤੇ*
*ਵਿਗਸਣ ਦੀ ਕਹਾਣੀ ਹੈ! (ਹੇ ਸਖੀ )*

ਕਹਿਣ ਤੋਂ ਭਾਵ ਹੈ ਕਿ ਮਨੁੱਖ ਹੀ ਸਮਾਜ ਹੈ ਅਤੇ ਉਹ ਕੇਵਲ ਇੱਕ ਬਾਹਰੀ ਐਨਟਿਟੀ (ਸਰੀਰ) ਨਾ ਹੋ ਕੇ ਆਤਮਾ ਅਤੇ ਮਨ ਦਾ ਵੀ ਸੁਮੇਲ ਵੀ ਹੈ। ਜੇ ਮਨ ਤੱਕੜਾ ਤੇ ਤਨ ਤੱਕੜਾ। ਤੱਕੜੇ ਮਨਾਂ ਵਾਲੇ ਲੋਕ ਹੀ ਚੰਗਾ ਸਮਾਜ ਸਿਰਜਦੇ ਹੁੰਦੇ ਹਨ। ਸਾਹਿਤ ਸਮਾਜ ਦਾ ਦਰਪਣ ਹੁੰਦੈ। ਹਰ ਬੰਦੇ ਦੀ ਕਰਮ-ਭੂਮੀ ਉਸ ਦੇ ਖ਼ਿਆਲਾਂ ਦਾ ਆਧਾਰ ਬਣਦੀ ਹੈ। । ਕਵਿਤਾ ਕਿਉਂਕਿ ਮਨ ਦੀ ਜ਼ੁਬਾਨ ਹੁੰਦੀ ਹੈ, ਆਪਣੇ ਆਲੇ-ਦੁਆਲੇ ਦਾ ਪ੍ਰਭਾਵ ਕਬੂਲਦੀ ਹੀ ਹੈ; ਸੋ ਅੰਤਰ-ਸੰਵਾਦ ਕਰਦਿਆਂ ਵੀ ਕਵਿਤਾ ਸਮਾਜਕ ਸਰੋਕਾਰਾਂ ਤੋਂ ਵਿਰਵੀ ਨਹੀਂ ਰਹਿੰਦੀ; ਉਂਝ ਵੀ ਸ਼ਾਇਦ ਹੀ ਕੋਈ ਅਜਿਹਾ ਵਿਸ਼ਾ ਹੋਵੇ ਜੋ ਆਪਣੀਆਂ ਕਵਿਤਾਵਾਂ ਵਿਚ ਮੈਂ ਛੋਹਿਆ ਨਾ ਹੋਵੇ।

**ਮਲਵਿੰਦਰ: ਸਾਰੀਆਂ ਸੁਖ ਸਹੂਲਤਾਂ ਹੋਣ ਦੇ ਬਾਵਜੂਦ ਪਰਵਾਸ ਇੱਕ ਪੀੜ ਕਿਉਂ ਹੈ ? ਕਵਿਤਾ ਦਾ ਇਸ ਪੀੜ ਨਾਲ ਕੀ ਰਿਸ਼ਤਾ ਹੈ ?**

**ਸੁਰਜੀਤ:** ਕਵਿਤਾ ਮਨ ਦੀ ਵੇਦਨਾ ਦੀ ਜ਼ਬਾਨ ਹੈ ਅਤੇ ਭਾਵਕਤਾ ਦੇ ਪਲਾਂ ਵਿਚ ਲਿਖੀ ਜਾਂਦੀ ਹੈ; ਇਸ ਲਈ ਔਖੇ ਵੇਲੇ ਜ਼ਿਆਦਾ ਅਹੁੜਦੀ ਹੈ। ਪੀੜ ਦਾ ਕਵਿਤਾ ਨਾਲ ਗੂੜ੍ਹਾ ਰਿਸ਼ਤਾ ਹੁੰਦਾ ਹੀ ਹੈ। ਪੀੜ ਚਾਹੇ ਕੋਈ ਵੀ ਹੋਵੇ ਕਵਿਤਾ ਨੂੰ ਖ਼ੂਬ ਰਾਸ ਆਉਂਦੀ ਹੈ। ਮਨ 'ਤੇ ਜੇ ਕੋਈ ਦਰਦ ਭਾਰੂ ਹੋਵੇ ਤੇ ਉਹ ਸ਼ਬਦਾਂ ਵਿਚ ਪਰੋ ਹੋ ਜਾਵੇ ਤਾਂ ਇਸ ਨਾਲ ਕਵੀ ਦਾ ਕਥਾਰਸਿਸ ਹੋ ਜਾਂਦੈ।

ਤੁਸੀਂ ਭੂ ਹੇਰਵੇ ਦੀ ਗੱਲ ਕਰਦੇ ਹੋ। ਮਨੁੱਖ ਦੇ ਆਪਣੇ ਪਿਛੋਕੜ ਨਾਲੋਂ ਟੁੱਟਣ ਦੀ ਗੱਲ ਕਰਦੇ ਹੋ! ਪਰ ਸੱਚ ਦੱਸਾਂ ਹੁਣ ਉਹ ਭੂ ਹੇਰਵਾ ਰਿਹਾ ਹੀ ਨਹੀਂ! ਸੋਸ਼ਲ ਮੀਡੀਆ ਦੇ ਪ੍ਰਸਾਰ ਨਾਲ ਦੁਨੀਆ ਬਹੁਤ ਛੋਟੀ ਹੋ ਗਈ ਹੈ, ਹੁਣ ਕੁਝ ਵੀ ਦੂਰ ਨਹੀਂ ਲੱਗਦਾ। ਹੁਣ ਇੱਥੇ ਹੋਰ ਤਰ੍ਹਾਂ ਦੇ ਮਸਲੇ ਸਾਡੇ ਦਰਪੇਸ਼ ਹਨ। ਹਾਂ ਕਦੇ ਕਦੇ ਪੁਰਾਣੀਆਂ ਯਾਦਾਂ ਵਿਚੋਂ ਕੁਝ ਕਵਿਤਾਵਾਂ ਨਿਕਲ ਆਉਂਦੀਆਂ ਹਨ ਪਰ ਬਹੁਤ ਘੱਟ। ਥਾਂਵਾਂ ਬਦਲਣ ਨਾਲ ਸੋਚ ਵੀ ਬਦਲ ਜਾਂਦੀ ਏ।

ਤੁਹਾਡੇ ਪਹਿਲੇ ਸਵਾਲ ਤੋਂ ਪੰਚਤੰਤਰ ਦੀ ਇਕ ਕਹਾਣੀ ਯਾਦ ਆ ਗਈ; ਚਿਤਰੰਗ ਨਾਮ ਦਾ ਇਕ ਕੁੱਤਾ ਆਪਣੇ ਦੇਸ ਵਿਚ ਕਾਲ਼ ਪੈਣ 'ਤੇ ਦੂਜੇ ਮੁਲਖ ਵਿਚ ਚਲਾ ਜਾਂਦਾ ਹੈ। ਉੱਥੇ ਇਕ ਸੁਆਣੀ ਦਾ ਦਰ ਖੁੱਲ੍ਹਾ ਹੁੰਦੈ; ਉਹ ਰੱਜ ਕੇ ਭੋਜਨ ਕਰਦਾ ਹੈ ਪਰ ਜਦੋਂ ਬਾਹਰ ਆਉਂਦਾ ਹੈ ਤਾਂ ਦੂਜੇ ਕੁੱਤੇ ਉਸ ਓਪਰੇ ਕੁੱਤੇ ਨੂੰ ਵੇਖ ਕੇ ਉਸ ਉੱਤੇ ਝਪਟ ਪੈਂਦੇ ਹਨ; ਚਿਤਰੰਗ ਸੋਚਦਾ ਹੈ ਕਿ ਪਰਦੇਸ ਨਾਲੋਂ ਆਪਣਾ ਦੇਸ ਹੀ ਚੰਗਾ ਉੱਥੇ ਭਾਂਵੇਂ ਖਾਣ ਨੂੰ ਘੱਟ ਹੀ ਮਿਲਦਾ ਸੀ ਪਰ ਇਹੋ ਜਿਹੀ ਹਾਲਤ ਤੇ ਨਹੀਂ ਹੁੰਦੀ ਸੀ। ਜਦੋਂ ਉਹ ਵਾਪਿਸ ਆਉਂਦਾ ਹੈ ਤਾਂ ਲੋਕ ਉਸ ਨੂੰ ਪੁੱਛਦੇ ਹਨ, "ਦੱਸ ਦੂਜਾ ਦੇਸ਼ ਕਿਵੇਂ ਦਾ ਲੱਗਿਆ?" ਉਹ ਦੱਸਦਾ ਹੈ ਕਿ ਪਰਵਾਸ ਵਿਚ ਰੋਟੀ ਵੀ ਬਹੁਤ ਹੈ ਇੱਥੋਂ ਦੀਆਂ ਸੁਆਣੀਆਂ ਵੀ ਬਹੁਤ ਚੰਗੀਆਂ ਹਨ ਪਰ ਤੁਹਾਡੀ ਆਪਣੀ ਹੀ ਜਾਤ ਦੇ ਲੋਕ ਤੁਹਾਨੂੰ ਜੀਊਣ ਨਹੀਂ ਦਿੰਦੇ।

ਖ਼ੈਰ! ਇਹ ਤਾਂ ਇਕ ਕਹਾਣੀ ਹੈ ਪਰ ਇਹ ਸੱਚ ਹੈ ਕਿ ਪਰਵਾਸ ਵਿਚ ਕਾਫੀ ਚੁਣੌਤੀਆਂ ਹਨ ਜੋ ਹੌਲੇ ਹੌਲੇ ਸ਼ੁਰੂ ਹੋ ਜਾਂਦੀਆਂ ਹਨ। ਮੈਂ ਕਿਉਂਕਿ 1985 ਤੋਂ ਹੀ ਦੇਸ ਤੋਂ ਬਾਹਰ ਰਹਿ ਰਹੀ ਹਾਂ ਮੇਰੇ ਲਈ ਪਰਵਾਸ ਪੀੜ ਨਹੀਂ ਰਿਹਾ; ਮੈਂ ਇਥੇ ਬਹੁਤ ਖ਼ੁਸ਼ ਹਾਂ। ਅਸੀਂ ਬਹੁਤ ਸਾਰੇ ਲੋਕ ਜਿਸ ਜੀਵਨ-ਸ਼ੈਲੀ ਬਾਰੇ ਆਪਣੇ ਦੇਸ਼ ਵਿਚ ਸੋਚ ਵੀ ਨਹੀਂ ਸੀ ਸਕਦੇ, ਉਹ ਜੀਵਨ ਇੱਥੇ ਜੀਅ ਰਹੇ ਹਾਂ। ਉਂਝ ਵੀ

ਪਰਵਾਸ ਕਰਨਾ ਸਾਡੀ ਆਪਣੀ ਚੋਣ ਹੈ ਸਾਨੂੰ ਕਿਸੇ ਨੇ ਮਜਬੂਰ ਨਹੀਂ ਕੀਤਾ। ਜਿਸ ਥਾਲੀ ਵਿਚ ਖਾਣਾ ਉਸੇ ਵਿਚ ਛੇਕ ਕਿਉਂ ਕਰਨਾ?

ਬਾਕੀ ਪੀੜ ਬਹੁਤ ਤਰ੍ਹਾਂ ਦੀ ਹੁੰਦੀ ਹੈ। ਅਸੀਂ ਬਹੁਤ ਸਾਰੀ ਪੀੜ ਆਪ ਸਿਰਜ ਲੈਂਦੇ ਹਾਂ, ਜਿਵੇਂ ਲੋੜ ਤੋਂ ਵੱਧ ਲੋਚਣਾ; ਜਿਸ ਨੂੰ ਪਾਤਰ ਸਾਹਿਬ ਕਹਿੰਦੇ ਨੇ ਮੇਰੀਆਂ ਰੀਝਾਂ ਤੇ ਮੇਰੀ ਔਕਾਤ ਵਿਚਲਾ ਫਾਸਲਾ; ਸੰਤੁਸ਼ਟੀ ਨਹੀਂ ਹੈ। ਅੱਜ ਮਨੁੱਖ ਕੋਲ, ਉਹ ਬਹੁਤੇ ਨੂੰ ਪੈ ਗਿਆ ਹੈ ਇਸ ਲਈ ਇੱਥੇ ਆ ਕੇ ਮਾਨਸਿਕ ਪ੍ਰੇਸ਼ਾਨੀਆਂ ਵਿਚ ਗ੍ਰਸਿਆ ਹੋਇਆ ਹੈ। ਉਸ ਲਈ ਪਰਵਾਸ ਨਹੀਂ ਉਸ ਦੀ ਆਪਣੀ ਸੋਚ ਪੀੜਾਦਾਇਕ ਸਿੱਧ ਹੁੰਦੀ ਹੈ। ਆਪਣੀ ਸੋਚ ’ਤੇ ਵੀ ਨਿਰਭਰ ਹੈ ਕਿ ਕਿਸੇ ਨੂੰ ਪਰਦੇਸ ਸਵਰਗ ਲੱਗਦਾ ਹੈ ਅਤੇ ਕਿਸੇ ਨੂੰ ਪਰਵਾਸ; ਤੇ ਸ਼ਾਇਦ ਇਹ ਸਾਡਾ ਦੋਗਲਾਪਨ ਹੀ ਹੋਵੇਗਾ ਕਿ ਅਸੀਂ ਇੱਥੇ ਰਹਿ ਕੇ ਸਾਰੀਆਂ ਸੁਖ ਸਹੂਲਤਾਂ ਮਾਣ ਕੇ ਵੀ ਇਸ ਧਰਤੀ ਨੂੰ ਨਿੰਦਦੇ ਰਹੀਏ।

**ਮਲਵਿੰਦਰ:** **ਅੱਜ ਖੁੱਲ੍ਹੀ ਕਵਿਤਾ ਵਿਸ਼ਵ ਦੀ ਪ੍ਰਵਾਨਤ ਕਾਵਿ ਵਿਧਾ ਹੈ। ਪਰ ਇੱਕ ਵਰਗ ਖੁੱਲ੍ਹੀ ਕਵਿਤਾ ਨੂੰ ਕਵਿਤਾ ਨਹੀਂ ਮੰਨਦਾ। ਤੁਸੀਂ ਇਸ ਬਾਰੇ ਕੀ ਕਹਿਣਾ ਚਾਹੋਗੇ**?

**ਸੁਰਜੀਤ:** ਅੱਜ ਫੋਕੀ ਭਾਵੁਕਤਾ ਦਾ ਨਹੀਂ ਵਿਚਾਰਾਂ ਦਾ ਯੁਗ ਹੈ, ਤੇ ਇਨ੍ਹਾਂ ਨੂੰ ਬਿਆਨਣ ਲਈ ਖੁੱਲ੍ਹੀ ਕਵਿਤਾ ਖ਼ੂਬ ਰਾਸ ਆਈ ਹੈ। ਬਹੁਤ ਸਾਰੀਆਂ ਵਿਦੇਸ਼ੀ ਕਾਵਿ ਵੰਨਗੀਆਂ ਪੰਜਾਬੀ ਸਾਹਿਤ ਵਿਚ ਮਕਬੂਲ ਹੋ ਚੁੱਕੀਆਂ ਹਨ ਜਿਵੇਂ ਗ਼ਜ਼ਲ ਉਰਦੂ-ਫ਼ਾਰਸੀ ਤੋਂ ਆਈ, ਹਾਇਕੂ ਜਾਪਾਨ ਤੋਂ ਆ ਕੇ ਪੰਜਾਬੀ ਵਿਚ ਆਪਣਾ ਸਥਾਨ ਬਣਾ ਰਿਹਾ ਹੈ। ਕਵਿਤਾ ਦੀਆਂ ਹੋਰ ਵੰਨਗੀਆਂ ਵਾਂਗ ਖੁੱਲ੍ਹੀ ਕਵਿਤਾ ਵੀ ਕਵਿਤਾ ਦੀ ਇਕ ਵੰਨਗੀ ਹੈ ਜੋ ਇਸ ਵੇਲੇ ਸੰਸਾਰ ਭਰ ਵਿਚ ਵਧੇਰੇ ਪ੍ਰਚੱਲਿਤ ਅਤੇ ਪ੍ਰਵਾਨਤ ਹੈ। ਇਸ ਕਵਿਤਾ ਵਿਚ ਸਿਧਾਂਤਕ ਤੋਲ–ਤੁਕਾਂਤ ਤੇ ਨਹੀਂ ਹੁੰਦਾ ਪਰ ਫਿਰ ਵੀ ਇਸ ਦਾ ਇਕ ਕਲਾਤਮਿਕ ਅਤੇ ਕਾਵਿਕ ਪ੍ਰਭਾਵ ਜ਼ਰੂਰ ਪੈਂਦਾ ਹੈ। ਕਈ ਵਾਰੀ ਛੰਦਾ–ਬੰਦੀ ਦੇ ਚੱਕਰ ਵਿਚ ਕਵੀ ਮੂਲ ਵਿਚਾਰ ਗੁਆ ਬੈਠਦਾ ਹੈ। ਖੁੱਲ੍ਹੀ ਕਵਿਤਾ ਵਿਚ ਕਵੀ ਆਪਣੀ ਮਰਜ਼ੀ ਅਨੁਸਾਰ ਇਸ ਨੂੰ ਰੂਪ ਦਿੰਦਾ ਹੈ ਪਰ ਇਹ ਅਲੰਕਾਰਾਂ, ਬਿੰਬਾਂ ਅਤੇ ਲੈਅ ਤੋਂ ਸੱਖਣੀ ਨਹੀਂ ਹੁੰਦੀ। ਪੂਰਨ ਸਿੰਘ ਦੀ ਖੁੱਲ੍ਹੀ ਕਵਿਤਾ ਦੀ ਕਿਤੇ ਲੈਅ ਨਹੀਂ ਟੁੱਟਦੀ; ਉਹ ਝਰਨੇ ਵਾਂਗ ਵਗਦੀ ਹੈ। ਵਾਰਤਕ ਨੂੰ ਟੋਟੇ ਕਰਕੇ ਲਿਖਣ ਨਾਲ ਕਵਿਤਾ ਨਹੀਂ

ਬਣਦੀ। ਵਾਲਟ ਵਿਟਮੈਨ ਦੀਆਂ ਕਵਿਤਾਵਾਂ ਵੀ ਇਸ ਦੀ ਉਦਾਹਰਨ ਹਨ। ਵਾਲਟ ਵਿਟਮੈਨ ਕੁਝ ਸ਼ਬਦਾਂ/ ਸਤਰਾਂ ਨੂੰ ਦੁਹਰਾ ਕੇ ਲੈਅ ਪੈਦਾ ਕਰਦਾ ਹੈ, ਅਲੰਕਾਰਾਂ ਨਾਲ ਇਸ ਦੀ ਰੂਪ-ਸੱਜਾ ਕਰਦਾ ਹੈ ਅਤੇ ਕੌਮੇ ਲਗਾ ਕੇ ਇਸ ਨੂੰ ਸਪੱਸ਼ਟ ਕਰਦਾ ਹੈ; ਪਰ ਤੋਲ-ਤੁਕਾਂਤ ਦੀ ਵਰਤੋਂ ਨਹੀਂ ਕਰਦਾ। ਖੁੱਲ੍ਹੀ ਕਵਿਤਾ ਦਾ ਆਪਣਾ ਇਕ ਵਿਧਾਨ ਅਤੇ ਧੁਨੀਆਂ ਦਾ ਖ਼ਾਸ ਪੈਟਰਨ ਹੁੰਦਾ ਹੈ ਜੋ ਢੁਕਵੇਂ ਸ਼ਬਦਾਂ ਨਾਲ ਇਕ ਖ਼ੂਬਸੂਰਤ ਪ੍ਰਭਾਵ ਪੈਦਾ ਕਰਦਾ ਹੈ। ਇਸ ਦੀ ਮਕਬੂਲੀਅਤ ਕਰਕੇ ਹੀ ਦੁਨੀਆ ਵਿਚ ਇਸ ਵੇਲੇ ਵਧੇਰੇ ਕਰਕੇ ਖੁੱਲ੍ਹੀ ਕਵਿਤਾ ਹੀ ਲਿਖੀ ਜਾ ਰਹੀ ਹੈ। ਕਈ ਵਾਰੀ ਛੰਦਾਂਬੰਦੀ ਵਿਚ ਲਿਖੀ ਕਵਿਤਾ ਵਿਚ ਵੀ ਕਵਿਤਾ ਨਹੀਂ ਹੁੰਦੀ। ਕਵਿਤਾ ਭਾਂਵੇਂ ਕਿਵੇਂ ਵੀ ਲਿਖੀ ਹੋਵੇ ਇਸ ਵਿਚ ਕਵਿਤਾ ਹੋਣੀ ਲਾਜ਼ਮੀ ਹੈ। ਮਲਵਿੰਦਰ ਜੀ ਖੁੱਲ੍ਹੀ ਕਵਿਤਾ ਲਿਖਣ ਵਾਲੇ ਨੂੰ ਚਾਹੀਦਾ ਹੈ ਕਿ ਉਹ ਆਪਣੀ ਕਵਿਤਾ ਨੂੰ ਇਕ ਪਹਿਰੇ ਵਿਚ ਲਿਖ ਕੇ ਫੇਰ ਪੜ੍ਹੇ; ਉਸ ਨੂੰ ਆਪੇ ਪਤਾ ਲੱਗ ਜਾਵੇਗਾ ਕਿ ਉਹ ਵਾਰਤਕ ਦਾ ਟੋਟਾ ਹੈ ਜਾਂ ਕਵਿਤਾ !

**ਮਲਵਿੰਦਰ:** **ਸੁਰਜੀਤ ਇਕ ਕਵਿਤਰੀ ਦੇ ਤੌਰ 'ਤੇ ਜਾਣੀ ਜਾਂਦੀ ਹੈ। ਪਰ ਤੁਸੀਂ ਕਹਾਣੀ ਵੀ ਲਿਖੀ ਹੈ ਤੇ ਵਾਰਤਕ ਵੀ। ਤੁਹਾਡੇ ਨਜ਼ਰੀਏ ਤੋਂ ਕਿਹੜੀ ਵਿਧਾ ਪਾਠਕ ਦੇ ਵਧੇਰੇ ਨੇੜੇ ਹੈ** ?

**ਸੁਰਜੀਤ:** ਅੱਜ ਦੇ ਪਾਠਕ ਕੋਲ ਸਮੇਂ ਦੀ ਘਾਟ ਹੈ। ਬਹੁਤੇ ਲੋਕ ਤਾਂ ਹੁਣ ਫੇਸਬੁੱਕ ਜਾਂ ਸੋਸ਼ਲ ਮੀਡੀਏ 'ਤੇ ਜੋ ਲਿਖਿਆ ਹੁੰਦੈ ਉਹੀ ਪੜ੍ਹਦੇ ਹਨ। ਹਰ ਪਾਠਕ ਆਪਣੀ ਉਮਰ ਅਤੇ ਸਮਝ ਅਨੁਸਾਰ ਚੋਣ ਕਰਦਾ ਹੈ ਕਿ ਉਹ ਕੀ ਪੜ੍ਹੇਗਾ। ਕਵਿਤਾ ਬਹੁਤ ਲਿਖੀ ਜਾ ਰਹੀ ਹੈ। ਪਰ ਸੁਣਦੇ ਹਾਂ ਕਿ ਅੱਜਕੱਲ੍ਹ ਲੋਕ ਕਵਿਤਾ ਨਹੀਂ ਪੜ੍ਹਦੇ। ਪਰ ਜੇ ਲਿਖੀ ਜਾ ਰਹੀ ਹੈ ਤਾਂ ਪੜ੍ਹੀ ਵੀ ਜ਼ਰੂਰ ਜਾਂਦੀ ਹੋਵੇਗੀ। ਮੈਂ ਪੜ੍ਹਦੀ ਹਾਂ ਕਵਿਤਾ ਦੀਆਂ ਕਿਤਾਬਾਂ; ਮਾਣਦੀ ਵੀ ਹਾਂ। ਹੁਣੇ ਮੈਂ ਜਸਵੰਤ ਦੀਦ ਦੀ 'ਆਵਾਗਵਣ' ਪੜ੍ਹ ਕੇ ਹਟੀ ਹਾਂ; ਤੁਹਾਡੀਆਂ ਕਿਤਾਬਾਂ ਪੜ੍ਹੀਆਂ ਹਨ। ਕਹਾਣੀ ਰੌਚਕ ਹੋਣ ਕਰਕੇ ਪਾਠਕ ਨੂੰ ਬੰਨ੍ਹ ਕੇ ਰੱਖਦੀ ਹੈ ਇਸ ਲਈ ਕਹਾਣੀ ਸ਼ਾਇਦ ਜ਼ਿਆਦਾ ਪੜ੍ਹੀ ਜਾਂਦੀ ਹੈ। ਉਂਝ ਸੂਝਵਾਨ ਪਾਠਕ ਚਿੰਤਨੀ ਵਿਸ਼ਿਆਂ ਵਾਲੀ ਕਵਿਤਾ, ਕਹਾਣੀ ਅਤੇ ਵਾਰਤਕ ਸਭ ਕੁਝ ਪੜ੍ਹਦੇ ਹਨ। ਇਹ ਤਾਂ ਪਾਠਕ 'ਤੇ ਨਿਰਭਰ ਕਰਦਾ ਹੈ ਕਿ ਉਹ ਕੀ ਪਸੰਦ ਕਰਦਾ ਹੈ। ਕਿਸੇ ਨਿਸ਼ਕਰਸ਼ 'ਤੇ ਪਹੁੰਚਣਾ ਮੇਰੇ ਲਈ ਮੁਸ਼ਕਲ ਹੈ।

ਮੇਰੇ ਕਹਾਣੀ ਅਤੇ ਵਾਰਤਕ ਵੱਲ ਰੁਚਿਤ ਹੋਣ ਦਾ ਕਾਰਨ ਹੈ ਕਿ ਸਾਡੇ ਆਲੇ-ਦੁਆਲੇ ਬਹੁਤ ਕੁਝ ਅਜਿਹਾ ਵਾਪਰਦਾ ਰਹਿੰਦਾ ਹੈ ਜੋ ਵਿਸਥਾਰ ਮੰਗਦਾ ਹੈ। ਉਹ ਵਿਸਥਾਰ ਜਦ ਕਾਗਜ਼ਾਂ 'ਤੇ ਵਹਿੰਦਾ ਹੈ ਤਾਂ ਉਹ ਕਹਾਣੀ ਜਾਂ ਵਾਰਤਕ ਦਾ ਰੂਪ ਧਾਰਦਾ ਹੈ। ਮੈਂ ਵੀ ਬਹੁਤ ਸਾਰੇ ਹੋਰ ਲੇਖਕਾਂ ਵਾਂਗ ਭਿੰਨ ਭਿੰਨ ਸਾਹਿਤ ਰੂਪਾਂ ਵਿਚ ਰਚਨਾ ਕਰ ਰਹੀ ਹਾਂ। ਸਾਹਿਤ ਦਾ ਹਰ ਰੂਪ ਮੇਰੇ ਲਈ ਪ੍ਰਸ਼ੰਸਨੀਏ ਹੈ। ਕਵਿਤਾ ਤੋਂ ਬਾਅਦ ਕਹਾਣੀ ਅਤੇ ਵਾਰਤਕ ਲਿਖਣਾ ਮੈਨੂੰ ਚੰਗਾ ਲੱਗਦਾ ਹੈ; ਕਿਸੇ ਦੇ ਜੀਵਨ ਦੀ ਕੋਈ ਘਟਨਾ ਜਾਂ ਆਪਣੀ ਕੋਈ ਯਾਦ/ਭਾਵਨਾ ਅਭਿਵਿਅਕਤ ਕਰਨ ਦੇ ਇਹ ਬਹੁਤ ਵਧੀਆ ਸਾਧਨ ਹਨ। ਇਹ ਬਹੁਤ ਸਾਰਾ ਸਮਾਂ ਅਤੇ ਮਿਹਨਤ ਮੰਗਦੇ ਹਨ। ਜੋ ਘਟਨਾਵਾਂ ਸਾਲਾਂ ਬੱਧੀ ਤੁਹਾਡਾ ਪਿੱਛਾ ਕਰਦੀਆਂ ਰਹਿੰਦੀਆਂ ਹਨ ਉਹਨਾਂ ਨੂੰ ਵਾਰਤਕ ਜਾਂ ਕਹਾਣੀ ਵਿਚ ਲਿਖਣ ਨੂੰ ਜੀਅ ਕਰ ਆਉਂਦਾ ਹੈ, ਇਸ ਲਈ ਉੱਧਰ ਹੋ ਜਾਂਦੀ ਹਾਂ; ਵੈਸੇ ਵੀ ਹਰ ਕਿਰਤ ਆਪ ਹੀ ਆਪਣਾ ਰੂਪ ਅਤੇ ਆਕਾਰ ਲੈ ਕੇ ਆਉਂਦੀ ਹੈ। ਕਈ ਵਾਰੀ ਕੋਈ ਘਟਨਾ ਬਹੁਤ ਦੁੱਖ ਪਹੁੰਚਾ ਜਾਂਦੀ ਹੈ; ਕਈ ਕਈ ਦਿਨ ਉਸੇ ਬਾਰੇ ਸੋਚਦੀ ਰਹਿੰਦੀ ਹਾਂ। ਅਜਿਹੀ ਘਟਨਾ ਕਹਾਣੀ ਜਾਂ ਵਾਰਤਕ ਦਾ ਰੂਪ ਧਾਰਨ ਕਰ ਲੈਂਦੀ ਹੈ। ਉਂਝ ਜੇ ਲੋਕ ਮੈਨੂੰ ਕਵਿਤਰੀ ਦੇ ਤੌਰ 'ਤੇ ਜਾਣਦੇ ਹਨ ਤਾਂ ਇਹ ਵੀ ਚੰਗਾ ਹੀ ਲੱਗਦਾ ਹੈ ਕਿਉਂਕਿ ਦਿਲੋਂ ਮੈਂ ਕਵੀ ਹੀ ਹਾਂ!

**ਮਲਵਿੰਦਰ:** **ਤੁਸੀਂ ਕਿਹਾ ਕਿ ਪਰਵਾਸ ਤੁਹਾਡੇ ਲਈ ਪੀੜ ਨਹੀਂ ਹੈ। ਪਰ ਪਰਵਾਸ ਦੇ ਕੁਝ ਵੱਖਰੇ ਅਨੁਭਵ ਤਾਂ ਹੁੰਦੇ ਹਨ। ਤੁਹਾਡਾ ਅਨੁਭਵ ਕਿਹੋ ਜਿਹਾ ਹੈ** ?

**ਸੁਰਜੀਤ:** ਪਰਵਾਸ ਵਿਚ ਚੁਣੌਤੀਆਂ ਤਾਂ ਹੁੰਦੀਆਂ ਹੀ ਹਨ ਇਸ ਵਿਚ ਕੋਈ ਦੋ ਰਾਵਾਂ ਨਹੀਂ ਹਨ। ਜਦੋਂ ਅਸੀਂ ਥਾਈਲੈਂਡ ਪਹੁੰਚੇ ਤਾਂ ਭਾਸ਼ਾ ਬਹੁਤ ਵੱਡੀ ਚੁਣੌਤੀ ਸੀ। ਥਾਈ ਲੋਕ ਆਪਣੀ ਭਾਸ਼ਾ ਨੂੰ ਬਹੁਤ ਪਿਆਰ ਕਰਦੇ ਨੇ। ਇਸ ਲਈ ਉੱਥੇ ਸਿਰਫ਼ ਥਾਈ ਭਾਸ਼ਾ ਚੱਲਦੀ ਸੀ ਭਾਂਵੇਂ ਸਕੂਲ ਇੰਗਲਿਸ਼ ਮੀਡੀਅਮ ਸੀ ਪਰ ਬਾਹਰ ਗੱਲਬਾਤ ਥਾਈ ਵਿਚ ਹੀ ਕਰਨੀ ਪੈਂਦੀ ਸੀ। ਹੌਲੀ ਹੌਲੀ ਥਾਈ ਭਾਸ਼ਾ ਬੋਲਣੀ ਸਿੱਖੀ ਅਤੇ ਜ਼ਿੰਦਗੀ ਸਹਿਜ ਹੋ ਗਈ। 'ਥਾਈ ਸਿੱਖ ਇੰਟਰਨੈਸ਼ਨਲ ਸਕੂਲ' ਜੋ ਕਿ ਸਾਡੇ ਆਪਣੇ ਲੋਕਾਂ ਨੇ ਉੱਥੇ ਨਵਾਂ ਨਵਾਂ ਸਥਾਪਿਤ ਕੀਤਾ ਸੀ- ਵਿਚ ਸਾਰੇ ਅਧਿਆਪਕ ਵਰਕ ਪਰਮਿਟ 'ਤੇ ਦੇਸੋਂ ਲਿਆਂਦੇ ਹੋਏ ਸਨ।

ਬੋਰਡ ਉਨ੍ਹਾਂ ਦੇ ਪਾਸਪੋਰਟ ਅਤੇ ਹੋਰ ਡਾਕੂਮੈਂਟਸ ਆਪਣੇ ਹੱਥਾਂ ਵਿਚ ਰੱਖਦਾ ਸੀ। ਜਿਹੜਾ ਵੀ ਉਨ੍ਹਾਂ ਨੂੰ ਪਸੰਦ ਨਾ ਆਉਂਦਾ ਉਸ ਨੂੰ ਬਿਨ੍ਹਾਂ ਦੱਸਿਆਂ/ਪੁੱਛਿਆਂ ਜਹਾਜ਼ੇ ਚਾੜ੍ਹ ਦਿੱਤਾ ਜਾਂਦਾ। ਇਸ ਨਾਲ ਉੱਥੇ ਦੇ ਮਾਹੌਲ ਵਿਚ ਇਕ ਡਰ ਅਤੇ ਕੁੜੱਤਣ ਭਰੀ ਰਹਿੰਦੀ। ਹਰ ਵੇਲੇ ਅਧਿਆਪਕਾਂ ਦੇ ਸਿਰ 'ਤੇ ਇਕ ਸੰਕਟ ਮੰਡਰਾਉਂਦਾ ਰਹਿੰਦਾ ਕਿ ਪਤਾ ਨਹੀਂ ਕਿਹੜੀ ਗੱਲੋਂ ਇਹਨਾਂ ਵਾਪਿਸ ਭੇਜ ਦੇਣਾ ਹੈ; ਇਸ ਲਈ ਆਸ-ਪਾਸ ਇਕ ਨੈਗੇਟਿਵ ਮਾਹੌਲ ਰਹਿੰਦਾ। ਮੈਨੇਜਮੈਂਟ ਅਤੇ ਸਕੂਲ ਦਾ ਡਾਇਰੈਕਟਰ ਅਧਿਆਪਕਾਂ ਨਾਲ 'ਬੌਂਡਿਡ ਲੇਬਰ' ਵਾਂਗ ਵਿਵਹਾਰ ਕਰਦੇ; ਇਸ ਨਾਲ ਮਾਨਸਿਕ ਪਰੇਸ਼ਾਨੀ ਬਣੀ ਰਹਿੰਦੀ। ਅਸੀਂ ਉੱਥੇ ਦੱਸ ਸਾਲ ਰਹੇ, ਬਹੁਤ ਦਿਆਨਤਦਾਰੀ ਨਾਲ ਕੰਮ ਕੀਤਾ; ਸਕੂਲ ਦੀ ਹੈੱਡਸ਼ਿਪ ਵੀ ਕੀਤੀ; ਉੱਥੋਂ ਦੇ ਮਾਹੌਲ ਅਤੇ ਦੂਜੇ ਲੋਕਾਂ ਦੇ ਜਜ਼ਬਾਤਾਂ ਦਾ ਮਨ 'ਤੇ ਬਹੁਤ ਅਸਰ ਵੀ ਪਿਆ। ਫਿਰ ਅਸੀਂ ਅਮਰੀਕਾ ਜਾਣ ਦਾ ਫੈਸਲਾ ਕਰ ਲਿਆ।

ਅਮਰੀਕਾ ਅਸੀਂ ਤੇਰ੍ਹਾਂ ਸਾਲ ਰਹੇ ਅਤੇ ਉੱਥੋਂ ਦੇ ਇਮੀਗਰੇਸ਼ਨ ਸਿਸਟਮ ਨਾਲ ਜੂਝਦੇ ਰਹੇ। ਕੈਨੇਡਾ ਕੰਮਾਂ ਦਾ ਬਹੁਤ ਮੰਦਾ ਹੈ। ਕੈਲੀਫੋਰਨੀਆ ਵਿਚ ਜੇ ਆਦਮੀ ਮਿਹਨਤ ਕਰੇ ਤਾਂ ਬਹੁਤ ਤਰੱਕੀ ਕਰ ਸਕਦਾ ਹੈ; ਉੱਥੇ ਮੈਂ ਐਚ.ਆਰ. ਵਜੋਂ ਬਹੁਤ ਵਧੀਆ ਜੌਬ ਕਰਦੀ ਸੀ ਪਰ ਕੈਨੇਡਾ ਵਿਚ ਕੋਈ 'ਰੈਜ਼ਮੇ' ਦਾ ਵੀ ਜਵਾਬ ਨਹੀਂ ਦਿੰਦਾ, ਇਸ ਲਈ ਮੈਂ ਜੌਬ ਲੱਭਣੀ ਹੀ ਬੰਦ ਕਰ ਦਿੱਤੀ। ਪੱਛਮੀ ਦੇਸਾਂ ਵਿਚ ਨੌਕਰੀਆਂ 'ਤੇ ਵੀ ਨਸਲੀ ਵਿਤਕਰਾ ਬਹੁਤ ਹੁੰਦਾ ਹੈ; ਕਈ ਵਾਰੀ ਤੁਹਾਡਾ ਨਾਮ ਹੀ ਤੁਹਾਡੇ 'ਰੈਜ਼ਮੇ' ਦੇ ਨਾ ਚੁਣੇ ਜਾਣ ਕਾਰਨ ਬਣਦਾ ਹੈ। ਪਰਵਾਸ ਵਿਚ ਪੈਰ ਪੈਰ 'ਤੇ ਚੁਣੌਤੀਆਂ ਹੀ ਚੁਣੌਤੀਆਂ ਹਨ, ਇੱਥੇ ਤੁਹਾਡੇ ਆਪਣੇ ਲੋਕ ਵੀ ਤੁਹਾਡੇ ਪ੍ਰਤੀ ਸੁਹਿਰਦ ਨਹੀਂ ਰਹਿੰਦੇ। ਬਾਹਰੋਂ ਵੇਖਣ ਨੂੰ ਭਾਂਵੇਂ ਸਭ ਕੁਝ ਠੀਕ ਲਗਦਾ ਹੈ ਪਰ ਇੱਥੇ ਪੈਰ ਪੈਰ 'ਤੇ ਰੰਗ, ਨਸਲ, ਜੈਂਡਰ ਅਤੇ ਪਹਿਰਾਵੇ ਦੇ ਆਧਾਰ 'ਤੇ ਵਿਤਕਰੇ ਹੁੰਦੇ ਹਨ।

**ਮਲਵਿੰਦਰ:** **ਇਥੇ ਕੈਨੇਡਾ ਵਿਚ ਰਹਿੰਦਿਆਂ ਤੁਸੀਂ ਸਾਹਿਤਕ ਸਮਾਗਮਾਂ ਵਿਚ ਸਰਗਰਮ ਭੂਮਿਕਾ ਨਿਭਾਉਂਦੇ ਹੋ। ਇਸ ਦਾ ਤੁਹਾਡੀ ਸਿਰਜਣਾ ਉੱਪਰ ਕਿਹੋ ਜਿਹਾ ਅਸਰ ਪੈਂਦਾ ਹੈ** ?

**ਸੁਰਜੀਤ:** ਆਪਣੇ ਦੇਸ਼ ਤੋਂ ਦੂਰ ਆ ਕੇ ਮੈਂ ਆਪਣੀ ਭਾਸ਼ਾ ਅਤੇ ਸੱਭਿਆਚਾਰ ਨਾਲ ਜੁੜੇ ਰਹਿਣ ਲਈ ਸਾਹਿਤ ਸਭਾਵਾਂ ਨਾਲ ਜੁੜੀ ਰਹੀ ਹਾਂ; ਇਹ

ਮੇਰੀ ਰੂਹਾਨੀ ਖ਼ੁਰਾਕ ਹੈ। ਪਰਵਾਸੀ ਸੱਭਿਆਚਾਰ ਵਿਚ ਅਸੀਂ ਆਪਣੇ ਆਪ ਨੂੰ ਓਪਰਾ ਮਹਿਸੂਸ ਕਰਦੇ ਹਾਂ। ਪੜ੍ਹੇ-ਲਿਖੇ ਅਤੇ ਸਾਹਿਤ ਨਾਲ ਜੁੜੇ ਹੋਏ ਲੋਕਾਂ ਦੀ ਪਰਦੇਸ ਵਿਚ ਆ ਕੇ ਰੂਹ ਅਤੇ ਇੰਟੈਲੈਕਟ ਦੀ ਤ੍ਰਿਪਤੀ ਨਹੀਂ ਹੁੰਦੀ; ਇਸ ਭੁੱਖ ਨੂੰ ਮਿਟਾਉਣ ਦੀ ਖਾਤਿਰ ਮੈਂ ਸਾਹਿਤ ਸਭਾਵਾਂ ਨਾਲ ਜੁੜੀ ਹੋਈ ਹਾਂ। ਆਪਣੀ ਭਾਸ਼ਾ ਨੂੰ ਜ਼ਿੰਦਾ ਰੱਖਣ ਲਈ ਅਤੇ ਆਪਣੇ ਆਪ ਨੂੰ ਆਪਣੀਆਂ ਜੜ੍ਹਾਂ ਅਤੇ ਸਾਹਿਤ ਨਾਲ ਜੋੜੀ ਰੱਖਣ ਲਈ; ਆਪਣੀ ਰੂਹ ਨੂੰ ਸਰਸ਼ਾਰ ਕਰਨ ਲਈ; ਖ਼ਾਸ ਕਰਕੇ ਦਿਮਾਗੀ ਭੁੱਖ ਮਿਟਾਉਣ ਲਈ ਸਿਆਣੇ ਲੋਕਾਂ ਨੇ ਇਥੇ ਆ ਕੇ ਸਾਹਿਤ ਸਭਾਵਾਂ ਦੀ ਸਥਾਪਨਾ ਕਰਕੇ ਸਾਹਿਤਕਾਰੀ ਲਈ ਕਮਾਲ ਦਾ ਕੰਮ ਕੀਤਾ ਹੈ। ਇਨ੍ਹਾਂ ਸਾਹਿਤ ਸਭਾਵਾਂ ਨੇ ਮੇਰੇ ਵਰਗੇ ਛੋਟੇ ਮੋਟੇ ਸਾਹਿਤਕਾਰਾਂ ਨੂੰ ਸਾਹਿਤ ਨਾਲ ਜੋੜੀ ਰੱਖਿਆ ਹੈ। ਮੈਂ ਇਥੇ ਆ ਕੇ ਸਾਹਿਤ ਸਭਾਵਾਂ ਵਿਚੋਂ ਬਹੁਤ ਕੁਝ ਸਿਖਿਆ ਹੈ; ਖ਼ਾਸ ਕਰਕੇ ਇੱਥੇ ਸਾਡੇ ਕੋਲ ਜਦੋਂ ਦੇਸ ਤੋਂ ਬਹੁਤ ਸਾਰੇ ਉੱਚ ਕੋਟੀ ਦੇ ਵਿਦਵਾਨ, ਪ੍ਰੋਫ਼ੈਸਰ ਅਤੇ ਸਾਹਿਤਕਾਰ ਫੇਰੀ ਪਾਉਣ ਆਉਂਦੇ ਰਹਿੰਦੇ ਹਨ ਇਨ੍ਹਾਂ ਨੂੰ ਸੁਣਨਾ ਯੂਨੀਵਰਸਿਟੀ ਦੇ ਲੈਕਚਰ ਸੁਣ ਲੈਣ ਸਮਾਨ ਹੁੰਦਾ ਹੈ। ਯੂਨੀਵਰਸਿਟੀਆਂ 'ਚੋਂ ਵਿਦਵਾਨ ਦੋਸਤ ਆਉਂਦੇ ਰਹਿੰਦੇ ਹਨ; ਇਹ ਸਾਹਿਤ ਸਭਾਵਾਂ ਇਨ੍ਹਾਂ ਦੇ ਆਉਣ 'ਤੇ ਕਾਨਫਰੰਸਾਂ ਤੇ ਸੈਮੀਨਾਰ ਵੀ ਕਰਵਾਉਂਦੀਆਂ ਹਨ; ਬਹੁਤ ਬਹੁਮੁੱਲੇ ਵਿਚਾਰ ਸੁਣਨ ਨੂੰ ਮਿਲਦੇ ਹਨ ਜੋ ਸਾਨੂੰ ਸਾਹਿਤ-ਸਿਰਜਣਾ ਨਾਲ ਜੋੜੀ ਰੱਖਦੇ ਹਨ। ਸਾਹਿਤ ਸਿਰਜਣਾ ਦੀ ਲਗਾਤਾਰਤਾ ਇਨ੍ਹਾਂ ਸਭਾਵਾਂ ਕਰਕੇ ਹੀ ਬਣੀ ਰਹੀ। ਮੇਰੀ ਸਿਰਜਣਾ 'ਤੇ ਇਸ ਦਾ ਸਕਾਰਾਤਮਕ ਪ੍ਰਭਾਵ ਹੀ ਪਿਆ ਹੈ; ਮੈਂ ਇਨ੍ਹਾਂ ਦੀ ਰਿਣੀ ਹਾਂ।

ਮਲਵਿੰਦਰ: **ਤੁਹਾਡੀ ਸਾਹਿਤ ਸਭਾ ਨੇ ਇਥੇ ਟੋਰਾਂਟੋ ਵਿਚ ਕੈਨੇਡੀਅਨ ਪੰਜਾਬੀ ਕਹਾਣੀ ਬਾਰੇ ਇੱਕ ਸੈਮੀਨਾਰ ਕਰਵਾਇਆ ਹੈ ਜਿਸ ਵਿਚ ਇਥੇ ਉਤਰੀ ਅਮਰੀਕਾ ਵਿਚ ਲਿਖੀ ਜਾ ਰਹੀ ਪੰਜਾਬੀ ਕਹਾਣੀ ਬਾਰੇ ਵਿਸਥਾਰ 'ਚ ਚਰਚਾ ਹੋਈ। ਉਸ ਵਿਚਾਰ ਚਰਚਾ ਦੇ ਆਧਾਰ 'ਤੇ ਤੁਸੀਂ ਆਪਣੀ ਕਹਾਣੀ ਨੂੰ ਕਿੱਥੇ ਖਲੋਤੀ ਵੇਖਦਾ ਹੋ? ਤੁਹਾਡੀ ਕਹਾਣੀਆਂ ਦੀ ਪੁਸਤਕ ਕਦੋਂ ਛਪ ਰਹੀ ਹੈ?**

ਸੁਰਜੀਤ: ਅਸੀਂ ਆਪਣੀ ਸੰਸਥਾ 'ਦਾ ਲਿਟਰੇਰੀ ਰਿਫਲੈਕਸ਼ਨਜ਼' ਵੱਲੋਂ ਅਕਤੂਬਰ ਦੇ ਪਹਿਲੇ ਹਫਤੇ ਇਥੇ 'ਕੈਨੇਡਾ ਦੀ ਸਮੁੱਚੀ ਪੰਜਾਬੀ ਕਹਾਣੀ-ਪਾਰ ਰਾਸ਼ਟਰੀ ਸਰੋਕਾਰ' ਵਿਸ਼ੇ 'ਤੇ ਸੈਮੀਨਾਰ ਕਰਵਾਇਆ ਸੀ। ਪੰਜਾਬੀ

ਯੂਨੀਵਰਸਿਟੀ ਪਟਿਆਲਾ ਤੋਂ ਵਿਸ਼ੇਸ਼ ਤੌਰ 'ਤੇ ਆਏ ਡਾਕਟਰ ਬਲਦੇਵ ਸਿੰਘ ਧਾਲੀਵਾਲ ਨੇ ਆਪਣੇ ਕੁੰਜੀਵੱਤ ਭਾਸ਼ਣ ਵਿਚ ਕੈਨੇਡੀਅਨ ਪੰਜਾਬੀ ਕਹਾਣੀ ਵਿਚਲੇ ਪਾਰ-ਰਾਸ਼ਟਰੀ ਵਿਸ਼ਿਆਂ ਦੀ ਗੱਲ ਕੀਤੀ। ਜੇ ਵਿਸ਼ੇ ਪੱਖੋਂ ਮੈਂ ਇਸ ਕਸੌਟੀ 'ਤੇ ਆਪਣੀਆਂ ਕਹਾਣੀਆਂ ਨੂੰ ਪਰਖਾਂ ਤਾਂ ਮੇਰੀਆਂ ਕਹਾਣੀਆਂ ਵੀ ਪਾਰ-ਰਾਸ਼ਟਰੀ ਵਿਸ਼ਿਆਂ 'ਤੇ ਲਿਖੀਆਂ ਗਈਆਂ ਹਨ। ਅੱਜ ਦਾ ਮਨੁੱਖ ਗਲੋਬਲੀ ਵਰਤਾਰਿਆਂ ਦੀ ਗੱਲ ਕਰਦਾ ਹੈ। ਕੈਨੇਡਾ ਮਲਟੀ-ਕਲਚਰਲ ਦੇਸ਼ ਹੈ। ਇੱਥੇ ਰਹਿ ਕੇ ਸਾਹਿਤ ਨਾਲ ਇਨਸਾਫ ਤਾਂ ਹੀ ਹੋ ਸਕਦਾ ਹੈ ਜੇਕਰ ਅਸੀਂ ਇਸ ਬਹੁਕੌਮੀ ਸਭਿਅਤਾ ਨੂੰ ਮੁਖ਼ਾਤਬ ਹੋਵਾਂਗੇ। ਅੱਜ ਸਾਇੰਸ ਅਤੇ ਟੈਕਨੋਲੌਜੀ ਦਾ ਯੁੱਗ ਹੈ; ਸੋਸ਼ਲ ਮੀਡੀਏ ਨੇ ਦੁਨੀਆ ਬਹੁਤ ਛੋਟੀ ਕਰ ਦਿੱਤੀ ਹੋਈ ਹੈ। ਸਾਰੀ ਦੁਨੀਆ ਆਪਣਾ ਘਰ ਲਗਦੀ ਹੈ ਅਤੇ ਸੰਸਾਰ ਵਿਚ ਹੁੰਦੀਆਂ ਘਟਨਾਵਾਂ ਲੇਖਕ ਨੂੰ ਪ੍ਰਭਾਵਿਤ ਕਰਦੀਆਂ ਹਨ; ਮੈਂ ਆਪਣੀ ਕਹਾਣੀ ਆਇਲਨ ਅਤੇ ਐਵਨ 'ਚ ਸੀਰੀਆ ਦੀ ਖਾਨਾਜੰਗੀ ਵਿਚ ਤਬਾਹ ਹੋਏ ਪਰਿਵਾਰਾਂ ਦੀ ਗੱਲ ਕੀਤੀ ਹੈ। ਇਸੇ ਤਰ੍ਹਾਂ ਅਮਰੀਕਾ ਵਿਚ ਹੋਏ 9/11 ਦੇ ਆਤੰਕੀ ਹਮਲੇ ਵਰਗੇ ਵਿਸ਼ੇ ਨੂੰ ਵੀ ਛੋਹਿਆ ਹੈ। ਮੈਂ ਸਮਝਦੀ ਹਾਂ ਕਿ ਮੇਰੀ ਕਹਾਣੀ ਅੱਜ ਦੀ ਨਵੀਂ ਸੈਂਸੀਬਿਲਟੀ ਦੀ ਕਹਾਣੀ ਹੈ ਜਿਵੇਂ ਮੈਂ ਜੁਗਨੂੰ ਵਿਚ ਫੇਸਬੁਕ 'ਤੇ ਬਣਦੀਆਂ ਫੇਕ ਆਈਡੀਆਂ ਵਰਗਾ ਵਿਸ਼ਾ ਚੁਣਿਆ ਹੈ। ਰਹੀ ਗੱਲ ਮੇਰੀ ਪੁਸਤਕ ਛਪਣ ਦੀ, ਅੱਜ ਕੱਲ੍ਹ ਮੈਂ ਆਪਣੀਆਂ ਕਹਾਣੀਆਂ ਦੀ ਸੋਧ ਸੁਧਾਈ 'ਤੇ ਲੱਗੀ ਹੋਈ ਹਾਂ। ਕੁਝ ਦੋਸਤਾਂ ਦੇ ਸੁਝਾਅ ਸਨ ਕਿ ਕਹਾਣੀਆਂ ਨੂੰ ਹੋਰ ਸੋਧ ਲਿਆ ਜਾਵੇ ਤਾਂ ਚੰਗਾ ਹੈ। ਆਸ ਹੈ ਅਗਲੇ ਸਾਲ ਤੱਕ ਮੇਰੀਆਂ ਕਹਾਣੀਆਂ ਅਤੇ ਵਾਰਤਕ ਦੀਆਂ ਕਿਤਾਬਾਂ ਛਪ ਜਾਣਗੀਆਂ।

**ਮਲਵਿੰਦਰ:** **ਤੁਹਾਡੀਆਂ ਕਵਿਤਾ ਦੀਆਂ ਤਿੰਨ ਪੁਸਤਕਾਂ ਛਪ ਚੁੱਕੀਆਂ ਹਨ। ਅੱਗੋਂ ਵੀ ਸਫ਼ਰ ਜਾਰੀ ਹੈ। ਆਪਣੇ ਇਸ ਕਾਵਿਕ ਸਫ਼ਰ ਬਾਰੇ ਕੀ ਕਹਿਣਾ ਚਾਹੋਗੇ** ?

**ਸੁਰਜੀਤ:** ਜ਼ਿੰਦਗੀ ਸਾਨੂੰ ਜਿੱਧਰ ਨੂੰ ਤੋਰਦੀ ਹੈ ਅਸੀਂ ਉੱਧਰ ਨੂੰ ਤੁਰੇ ਜਾਂਦੇ ਹਾਂ; ਸਾਡੇ ਆਪਣੇ ਹੱਥ ਵੱਸ ਕੁਝ ਨਹੀਂ ਹੁੰਦਾ। ਸਾਰੀ ਜ਼ਿੰਦਗੀ ਮੈਂ ਆਪਣੀ ਉਦਾਸੀ ਤੋਂ ਦੂਰ ਭੱਜਣ ਦੀ ਕੋਸ਼ਿਸ਼ ਕਰਦੀ ਰਹੀ ਹਾਂ। ਬੱਸ ਇਹੀ ਹੈ ਮੇਰੇ ਸਫ਼ਰ ਦੇ ਪਹਿਲੇ ਪੜਾਅ ਦਾ 'ਸ਼ਿਕਸਤ ਰੰਗ', ਮੇਰੀ ਪਹਿਲੀ ਪੁਸਤਕ, ਮੇਰੇ ਮਨ ਦੀ ਵਿਅਥਾ ਦੇ ਰੰਗਾਂ ਦਾ ਸੰਗ੍ਰਹਿ ਹੈ;

ਮੇਰੀ ਉਸ ਵੇਲੇ ਦੀ ਮਾਨਸਿਕ ਅਵਸਥਾ ਦਾ ਪ੍ਰਗਟਾਵਾ ਹੈ। 'ਸ਼ਿਕਸਤ ਰੰਗ' ਵਿਚ ਕਦੀ ਹਾਦਸਿਆਂ ਦੇ ਰੂਬਰੂ ਹੋਈ ਕਦੀ ਅੰਦਰਲੀ ਭਟਕਣ ਦੇ! ਔਰਤ ਦੀ ਹੋਣੀ ਨਾਲ ਵੀ ਜੂਝਣਾ ਪਿਆ ਤੇ ਆਪਣੀ ਇਕੱਲਤਾ ਨਾਲ ਵੀ! ਕਈ ਵਾਰ ਆਪਣੇ ਆਪ ਨੂੰ ਬੇਘਰ ਵੀ ਮਹਿਸੂਸ ਕੀਤਾ ! ਇਸ ਵਰਤਾਰੇ ਨੇ ਮੇਰੇ ਅੰਦਰਲੇ ਸਵਾਲਾਂ ਨੂੰ ਹੋਰ ਤੀਬਰ ਕਰ ਦਿੱਤਾ! ਪਰ ਮੈਂ ਹਾਰਨਾ ਨਹੀਂ ਚਾਹੁੰਦੀ ਸੀ; ਮੇਰੀ ਕਵਿਤਾ ਵਿਚ ਨਿਰਾਸ਼ਾ ਨਹੀਂ ਸੰਵੇਦਨਾ ਹੈ; ਆਪਣੀ ਸ਼ਿਕਸਤ ਨੂੰ ਰੰਗਾਂ ਵਿਚ ਢਾਲ ਕੇ ਮੈਂ ਅੱਗੇ ਵੱਧਦੀ ਗਈ !

ਪਰ ਜ਼ਿੰਦਗੀ ਇੰਨੀ ਸਰਲ ਨਹੀਂ ਸੀ; ਸ਼ਾਇਦ ਜਿਸ ਨੂੰ ਵੀ ਸੋਚਾਂ ਦੀ ਜਾਗ ਲੱਗ ਜਾਵੇ ਉਸ ਨਾਲ ਇਵੇਂ ਹੀ ਹੁੰਦਾ ਹੈ। ਮੈਂ ਇਸ ਦੁਨੀਆ, ਇਸ ਦੇ ਸੱਚ ਅਤੇ ਇਸ ਦੇ ਵਰਤਾਰੇ ਨੂੰ ਜਾਣਨਾ ਸੀ ਇਸ ਲਈ ਅਧਿਆਤਮ ਵੱਲ ਰੁਖ ਕੀਤਾ ਪਰ ਪੁਸਤਕਾਂ ਪੜ੍ਹ ਕੇ ਉਸ ਦੀ ਸਮਝ ਨਹੀਂ ਸੀ ਆਉਂਦੀ। ਫਿਰ ਬੇਬਸੀ ਨੇ ਬਾਹਰ ਤੋਂ ਅੰਦਰ ਵੱਲ ਰੁਖ਼ ਕਰ ਲਿਆ। ਮਨ ਦੇ ਬਦਲਦੇ ਮੌਸਮਾਂ ਵਿਚ ਬਹੁਤ ਜਦੋਜਹਿਦ ਕੀਤੀ। ਬਹੁਤ ਵਾਰ ਬਿਮਾਰੀਆਂ ਦੌਰਾਨ ਮੌਤ ਦੇ ਰੂਬਰੂ ਵੀ ਹੋਈ। ਹਰ ਵਾਰ ਜਿਊਣ ਦੀ ਹੋਰ ਮੋਹਲਤ ਮਿਲ ਜਾਂਦੀ ਰਹੀ। ਹਰ ਵਾਰ ਜ਼ਿੰਦਗੀ ਦੇ ਰਾਹਾਂ 'ਤੇ ਹੋਰ ਤਗੜੀ ਹੋ ਕੇ ਨਿਕਲਦੀ ਰਹੀ ਹਾਂ। ਇਕ ਪੜਾਅ ’ਤੇ ਜਾ ਕੇ ਸਮਝ ਆਈ ਕਿ ਜ਼ਿੰਦਗੀ ਦਾ ਮਾਲਕ ਕੋਈ ਹੋਰ ਹੈ। ਸੱਚ ਨੂੰ ਜਾਣਨ ਦੀ ਤੀਬਰ ਇੱਛਾ ਹੋਈ। ਕਈ ਔਝੜੇ ਰਾਹਾਂ 'ਤੇ ਇਕੱਲੀ ਤੁਰੀ; ਐਰੀਜ਼ੋਨਾ ਦੇ ਰੇਗਿਸਤਾਨੀ ਇਲਾਕਿਆਂ ਵਿਚ 'ਮੈਡੀਟੇਸ਼ਨ ਰਿਟਰੀਟ' ਕਰਨ ਜਾ ਪਹੁੰਚੀ; ਕਈ ਯੋਗ ਸਾਧਨਾਵਾਂ ਦੁਆਰਾ ਸੱਚ ਨੂੰ ਲੱਭਣ ਦੀ ਕੋਸ਼ਿਸ਼ ਕੀਤੀ; ਜਿਹੜੇ ਸਵਾਲਾਂ ਦੇ ਜਵਾਬ ਲੱਭ ਰਹੀ ਸਾਂ 'ਹੇ ਸਖੀ' ਵਿਚ ਉਨ੍ਹਾਂ ਦੇ ਸਨਮੁੱਖ ਹੋ ਗਈ; ਆਭਾਸ ਹੋਇਆ ਕਿ ਉਹ ਤਾਂ ਅੰਦਰੇ ਪਏ ਸਨ। ਪ੍ਰਸਥਿਤੀਆਂ ਅਨੁਸਾਰ ਸੋਚ ਬਦਲਦੀ ਰਹਿੰਦੀ ਹੈ। ਕਵਿਤਾ ਦਾ ਮੁਹਾਂਦਰਾ ਵੀ ਬਦਲਦਾ ਰਹਿੰਦਾ ਹੈ। 'ਹੇ ਸਖੀ' ਤੋਂ ਬਾਅਦ ਲਿਖੀਆਂ ਕਵਿਤਾਵਾਂ ਨੂੰ ਪੜ੍ਹਦਿਆਂ ਲੱਗਾ ਕਿ ਮੇਰੀ ਕਵਿਤਾ ਬਦਲ ਗਈ ਹੈ; ਇਹ ਅੰਦਰੋਂ ਨਿਕਲ ਕੇ ਜ਼ਮੀਨੀ ਹਕੀਕਤਾਂ ਨਾਲ ਜੁੜ ਗਈ ਹੈ; ਮੈਂ ਉਸ ਨੂੰ ਵੀ ਸਵੀਕਾਰਿਆ ਕਿਉਂਕਿ ਵਿਚਾਰਾਂ 'ਤੇ ਕਿਸੇ ਦਾ ਜ਼ੋਰ ਨਹੀਂ ਹੁੰਦਾ। ਕੋਈ; ਖ਼ਿਆਲ ਜਿਸ ਰੂਪ ਵਿਚ ਆਉਂਦਾ ਹੈ, ਉਸ ਨੂੰ ਉਸੇ ਤਰ੍ਹਾਂ ਸ਼ਬਦਾਂ ਦੇ ਹਵਾਲੇ ਕਰ ਦਿੰਦੀ ਹਾਂ। ਇਹ ਕਵਿਤਾਵਾਂ ਮੇਰੀ ਤੀਜੀ

ਪੁਸਤਕ 'ਵਿਸਮਾਦ' ਦਾ ਹਿੱਸਾ ਬਣੀਆਂ ਹਨ। ਇਹ ਹੈ ਹੁਣ ਤਕ ਦਾ ਕਾਵਿਕ ਸਫ਼ਰ ਜਿਹੜਾ ਨਿਰੰਤਰ ਜਾਰੀ ਹੈ। ਇਹ ਸਫਰ ਬਹੁਤ ਹੀ ਖ਼ੂਬਸੂਰਤ ਰਿਹਾ; ਇਸ ਸਫਰ ਨੇ ਮੈਨੂੰ ਇਕ ਪਹਿਚਾਣ ਦਿੱਤੀ ਹੈ।

**ਮਲਵਿੰਦਰ:** **ਤੁਹਾਡਾ ਬੇਟਾ ਫਤਿਹ ਪੰਜਾਬੀ ਗਾਇਕੀ ਦੇ ਰੈਪ ਵਿਚ ਇੱਕ ਵੱਡਾ ਨਾਂ ਹੈ। ਇਹ ਉਸ ਦਾ ਬਚਪਨ ਤੋਂ ਸ਼ੌਕ ਸੀ ਜਾਂ ਬਾਅਦ ਦੇ ਸਾਲਾਂ 'ਚ ਕੁਝ ਅਜਿਹਾ ਹੋਇਆ** ?

**ਸੁਰਜੀਤ:** ਫ਼ਤਿਹਜੀਤ ਉਰਫ਼ 'ਫ਼ਤਿਹ ਡੋਅ' ਸਾਡਾ ਇਕੋ ਇਕ ਬੱਚਾ ਹੈ। ਅਸੀਂ ਚਾਹੁੰਦੇ ਸੀ ਕਿ ਉਹ ਬਹੁਤ ਉੱਚੀ ਪੜ੍ਹਾਈ ਕਰਕੇ ਵਧੀਆ ਜੌਬ 'ਤੇ ਜਾਵੇ; ਪਰ ਉਸ ਦਾ ਝੁਕਾਅ ਬਚਪਨ ਤੋਂ ਹੀ ਸੰਗੀਤ ਵੱਲ ਹੈ। ਉਸ ਨੇ ਸੋਸ਼ਿਆਲੋਜੀ ਅਤੇ ਕ੍ਰਿਏਟਿਵ ਐਡਵਰਟਾਈਜ਼ਮੈਂਟ ਵਰਗੇ ਵਿਸ਼ੇ ਲੈ ਕੇ ਬੈਚਲਰ ਡਿਗਰੀ ਲਈ ਹੋਈ ਹੈ; ਉਸ ਤੋਂ ਬਾਅਦ ਉਹ ਥੋੜੀ ਬਰੇਕ ਲੈਣੀ ਚਾਹੁੰਦਾ ਸੀ; ਅਸੀਂ ਉਸ ਨੂੰ ਕਿਹਾ ਕਿ ਉਹ ਇਕ ਸਮੈਸਟਰ ਛੱਡ ਕੇ ਅਗਲੇ ਵਿਚ ਯੂਨੀਵਰਸਿਟੀ ਚਲਾ ਜਾਵੇ; ਪਰ ਉਹ ਨਿੱਤ ਦੱਸਣ ਲੱਗਾ -'ਮੇਰਾ ਆਹ ਗਾਣਾ ਹਿੱਟ ਹੋ ਗਿਆ; ਮੈਨੂੰ ਫ਼ਲਾਣੀ ਕੰਪਨੀ ਨੇ ਸਾਈਨ ਕਰ ਲਿਆ' ਇਤਿਆਦਿ। ਉਸ ਤੋਂ ਬਾਅਦ ਅਸੀਂ ਉਸ ਨੂੰ ਪੂਰੀ ਸਪੇਸ ਦਿੱਤੀ; ਕਦੇ ਵੀ ਰੋਕਿਆ ਨਹੀਂ। ਅੱਜ ਜ਼ਮਾਨਾ ਇਹੋ ਜਿਹਾ ਹੈ ਕਿ ਤੁਸੀਂ ਕੋਈ ਵੀ ਕਿੱਤਾ ਪੂਰੇ ਪੈਸ਼ਨ ਨਾਲ ਅਪਣਾ ਲਵੋ ਤਾਂ ਕਾਮਯਾਬੀ ਹਾਸਲ ਕਰ ਸਕਦੇ ਹੋ। ਵੈਸੇ ਵੀ ਮੈਂ ਸਮਝਦੀ ਹਾਂ ਕਿ ਹਰ ਮਨੁੱਖ ਆਪਣੀਆਂ ਵੱਖਰੀਆਂ ਸੰਭਾਵਨਾਵਾਂ ਲੈ ਕੇ ਪੈਦਾ ਹੁੰਦਾ ਹੈ। ਸਾਡੇ ਬੱਚੇ ਸਾਡੀ ਜਾਇਦਾਦ ਨਹੀਂ ਹੁੰਦੇ। ਉਨ੍ਹਾਂ ਨੂੰ ਵੱਧਣ ਫੁੱਲਣ ਦੇਣਾ ਚਾਹੀਦਾ ਹੈ। ਅੱਜ ਫਤਿਹਜੀਤ ਚੰਗਾ ਇਨਸਾਨ ਵੀ ਹੈ ਤੇ ਕਾਮਯਾਬ ਰੈਪਰ ਵੀ। ਅਸੀਂ ਉਹਦੇ ਨਾਂ ਨਾਲ ਜਾਣੇ ਜਾਂਦੇ ਹਾਂ। ਮਾਪਿਆਂ ਨੂੰ ਇਸ ਤੋਂ ਵੱਡੀ ਖੁਸ਼ੀ ਹੋਰ ਕੀ ਹੋ ਸਕਦੀ ਹੈ। ਬੱਚਿਆਂ ਦੀ ਖੁਸ਼ੀ ਹੀ ਮਾਪਿਆਂ ਲਈ ਮਾਇਨੇ ਰੱਖਦੀ ਹੈ। ਉਨ੍ਹਾਂ ਦੇ ਰਾਹ ਵਿਚ ਰੋੜੇ ਅਟਕਾਉਣ ਨਾਲ ਨਾ ਤਾਂ ਘਰ ਵਿਚ ਸ਼ਾਂਤੀ ਰਹਿੰਦੀ ਹੈ ਅਤੇ ਨਾ ਹੀ ਬੱਚੇ ਤਰੱਕੀ ਕਰ ਸਕਦੇ ਹਨ। ਬੱਚੇ ਇਸ ਦੌਰ ਨੂੰ ਸਾਡੇ ਨਾਲੋਂ ਵੱਧ ਸਮਝਦੇ ਹਨ। ਇਸ ਲਈ ਇਨ੍ਹਾਂ ਨੂੰ ਵੱਧਣ ਫੁੱਲਣ ਦੇ ਮੌਕੇ ਅਤੇ ਸਪੇਸ ਦੇਣੀ ਚਾਹੀਦੀ ਹੈ।

**ਮਲਵਿੰਦਰ:** **ਉਹ ਕਿਹੜਾ ਵੇਲਾ ਹੁੰਦਾ ਹੈ ਜਦੋਂ ਕਵਿਤਾ ਸਹਿਜ ਸੁਭਾਅ ਤੁਹਾਡੇ ਕੋਲ ਆ ਜਾਂਦੀ ਹੈ** ?

**ਸੁਰਜੀਤ:** ਕਵਿਤਾ ਤਾਂ ਸ਼ਾਇਦ ਸਾਡੇ ਜਨਮ ਤੋਂ ਵੀ ਪਹਿਲਾਂ ਦੀ ਸਾਡੇ ਨਾਲ ਚੱਲਣ ਲੱਗਦੀ ਹੈ ਪਰ ਉਸ ਦੀ ਪਕੜ ਕਦੋਂ ਹੋਵੇ ਉਸ ਦਾ ਸਮਾਂ ਨਿਸ਼ਚਿਤ ਨਹੀਂ ਹੁੰਦਾ। ਮੈਂ 'ਲੋਨਰ' ਹਾਂ; ਇਕੱਲੀ ਹੁੰਦੀ ਹਾਂ, ਕਦੇ ਰੇਡੀਉ, ਟੀ.ਵੀ., ਮੋਬਾਇਲ ਦਾ ਸਹਾਰਾ ਨਹੀਂ ਲਿਆ। ਇਕੱਲਤਾ ਮੈਨੂੰ ਚੰਗੀ ਲੱਗਦੀ ਹੈ। ਖ਼ਾਮੋਸ਼ੀ ਆਪਣੇ ਆਪ ਵਿਚ ਇੱਕ ਕਵਿਤਾ ਹੈ। ਰਾਤ ਦੀ ਖ਼ਾਮੋਸ਼ੀ ਸਭ ਤੋਂ ਵੱਧ ਸੁਹਾਵਣੀ ਹੁੰਦੀ ਹੈ ਕਵਿਤਾ ਲਿਖਣ ਲਈ। ਉਂਝ ਵੀ ਕੁਝ ਲਿਖਣ, ਪੜ੍ਹਨ ਲਈ ਇਹ ਢੁੱਕਵਾਂ ਵੇਲਾ ਹੁੰਦਾ ਹੈ ਮੇਰੇ ਲਈ। ਕਵਿਤਾ ਤਾਂ ਕਿਸੇ ਵੇਲੇ ਵੀ ਆ ਜਾਂਦੀ ਹੈ; ਭੀੜ ਵਿਚ ਵੀ ! ਕਈ ਵਾਰ ਲਿਖ ਨਹੀਂ ਹੁੰਦੀ, ਕਵਿਤਾ ਹਵਾ ਵਿਚ ਗਵਾਚ ਜਾਂਦੀ ਹੈ ਪਰ ਮੈਂ ਕਦੇ ਇਸ ਗੱਲ ਦਾ ਹੇਰਵਾ ਨਹੀਂ ਕੀਤਾ। ਕਵਿਤਾ ਨੇ ਆ ਹੀ ਜਾਣਾ ਹੁੰਦਾ, ਕਿਸੇ ਵੱਖਰੇ ਰੂਪ 'ਚ ਸਹੀ। ਉਂਝ ਮੈਂ ਭੀੜ ਵਿਚ ਵੀ ਆਪਣੇ ਆਪ ਕੋਲ ਹੁੰਦੀ ਹਾਂ, ਇਕੱਲੀ! ਕਵਿਤਾ ਮੇਰੇ ਕੋਲ ਕਿਸੇ ਵੇਲੇ ਹੀ ਆ ਜਾਂਦੀ ਹੈ ਤੁਰਦਿਆਂ, ਫਿਰਦਿਆਂ ਘਰ ਦਾ ਕੰਮ ਕਰਦਿਆਂ, ਸੁੱਤਿਆਂ...!

**ਮਲਵਿੰਦਰ:** **ਵਿਗਿਆਨ ਦੇ ਯੁੱਗ 'ਚ ਅਧਿਆਤਮ ਦੀਆਂ ਗੱਲਾਂ ਕਰਨਾ ਦਵੰਦ ਨਹੀਂ ਸਿਰਜਦਾ** ?

**ਸੁਰਜੀਤ:** ਵਿਗਿਆਨ ਦੀ ਖੋਜ ਬਾਹਰੀ ਵਰਤਾਰੇ ਤੱਕ ਸੀਮਤ ਹੈ ਪਰੰਤੂ ਅਧਿਆਤਮ ਇਸ ਦਿਸਦੇ ਪਿੱਛੇ ਲੁਕੇ ਇਕ ਸੂਖਮ ਸੰਸਾਰ ਤੱਕ ਪਹੁੰਚਦਾ ਹੈ ਜੋ ਅਦ੍ਰਿਸ਼ਟ ਹੈ; ਸਾਰੀਆਂ ਵਸਤੂਆਂ ਦਾ ਆਧਾਰ ਹੈ। ਵਿਗਿਆਨ ਅਤੇ ਅਧਿਆਤਮ ਦੋਹਾਂ ਦੀ ਖੋਜ ਇੱਕ ਹੀ ਹੈ-ਇਸ ਕਾਇਨਾਤ ਦੇ ਰਹੱਸ ਨੂੰ ਜਾਣਨਾ। ਦੋਹਾਂ ਦੇ ਤਰੀਕੇ ਵੱਖਰੇ ਵੱਖਰੇ ਹਨ। ਵਿਗਿਆਨ ਜਿਸ ਤੱਥ ਨੂੰ ਸਿੱਧ ਕਰਨਾ ਚਾਹੁੰਦਾ ਹੈ, ਰੂਹਾਨੀ ਬੰਦਾ ਉਸ ਤੱਥ ਨੂੰ ਆਪਣੀ ਦਿਬ ਦ੍ਰਿਸ਼ਟੀ ਨਾਲ ਸਮਝਦਾ ਹੈ। ਜੇ ਸਾਇੰਸ ਨੇ ਜਾਣਿਆ ਕਿ ਪਾਣੀ 'ਐਚ 2 ਓ' ਦਾ ਮਿਸ਼ਰਣ ਹੈ ਤੇ ਅਧਿਆਤਮ ਕਹਿੰਦਾ ਹੈ ਕਿ ਪਾਣੀ ਅਜਿਹਾ ਤਰਲ ਪਦਾਰਥ ਹੈ ਜਿਸ ਵਿਚ ਇਕ ਅਜੀਬ ਸ਼ਕਤੀ, ਕਮਾਲ ਦੀ ਸਿਆਣਪ ਹੁੰਦੀ ਹੈ। ਇਹ ਪੌਜ਼ੇਟਿਵ ਜਾਂ ਨੈਗੇਟਿਵ ਐਨਰਜੀ ਨੂੰ ਬਹੁਤ ਛੇਤੀ ਖਿੱਚਦਾ ਹੈ ਇਸੇ ਲਈ ਧਾਰਮਿਕ ਅਸਥਾਨਾਂ 'ਤੇ ਪਾਣੀ ਨੂੰ ਪੂਜਿਆ ਜਾਂਦਾ ਹੈ; ਇਸ ਨੂੰ ਅੰਮ੍ਰਿਤ ਦੀ ਸੰਗਿਆ ਦਿੱਤੀ ਜਾਂਦੀ ਹੈ। ਇਸ ਤਰ੍ਹਾਂ ਦੀਆਂ ਬਹੁਤ ਸਾਰੀਆਂ ਉਦਾਹਰਨਾਂ ਦਿੱਤੀਆਂ ਜਾ ਸਕਦੀਆਂ ਹਨ। ਅੱਜ ਪੱਛਮੀ ਦੇਸ਼ਾਂ ਵਿਚ ਰੂਹਾਨੀਅਤ ਦਾ ਪਰਸਾਰ ਵੱਧ ਰਿਹਾ ਹੈ ਕਿਉਂਕਿ ਉਨ੍ਹਾਂ

ਇਸ ਦੀ ਅਲੌਕਿਕ ਸ਼ਕਤੀ ਨੂੰ ਪਛਾਣ ਲਿਆ ਹੈ। ਚੰਗੀ ਜੀਵਨ ਸ਼ੈਲੀ ਲਈ ਯੋਗ ਸਾਧਨਾ ਪ੍ਰਚੱਲਤ ਹੋ ਰਹੀ ਹੈ, ਅਧਿਆਤਮ ਦੀਆਂ ਖਾਸੀਅਤਾਂ ਕਾਰਨ ਹੀ ਅੱਜ ਲੋਕਾਂ ਨੇ ਰੂਹਾਨੀਅਤ ਦਾ ਪੱਲਾ ਫੜਣਾ ਸ਼ੁਰੂ ਕੀਤਾ ਹੈ। ਸਾਇੰਸ ਆਪਣਾ ਕੰਮ ਕਰੀ ਜਾ ਰਹੀ ਹੈ ਅਤੇ ਰੂਹਾਨੀਅਤ ਆਪਣਾ; ਦੋਵੇਂ ਨਾਲ ਨਾਲ ਚੱਲ ਰਹੇ ਹਨ।

**ਮਲਵਿੰਦਰ:** **ਤੁਹਾਡੀ ਇੱਕ ਕਵਿਤਾ ਦੀ ਸਤਰ ਹੈ, 'ਆਪਣੇ ਹੀ ਅੰਦਰ ਕੈਦ ਹਾਂ ਧੁਰ ਤੋਂ' ਇਸ ਅਹਿਸਾਸ ਦੀ ਕੋਈ ਬਾਰੀ ਬਾਹਰ ਖੁੱਲ੍ਹੀ ਕਿ ਨਹੀਂ?**

**ਸੁਰਜੀਤ:** ਹਾਂ ਜੀ, ਥੋੜਾ ਜਿਹਾ ਬੂਹਾ ਖੁੱਲ੍ਹਦਾ ਹੈ ਹੁਣ: ਝੀਤ ਜਿਹੀ 'ਚੋਂ ਥੋੜੀ ਜਿਹੀ ਲੋਅ ਦਿਸਦੀ ਹੈ ਹੁਣ; ਸੋਚ ਬਦਲ ਗਈ ਹੈ;

*ਮੇਰੀ ਸੋਚ ਦਾ ਅਗਲੇਰਾ ਯੁੱਗ ਹੈ ਇਹ*
*ਜਿੱਥੇ ਮੈਂ ਆਣ ਪਹੁੰਚੀ ਹਾਂ*
*ਸਦੀਵੀ ਸੱਚ ਨੇ ਮੇਰੇ ਦੁਆਰੇ 'ਤੇ ਦਸਤਕ ਦਿੱਤੀ ਹੈ*
*ਕਿ ਮੇਰੇ ਅੰਦਰੋਂ ਮੈਂ ਗੁਆਚ ਗਈ ਹਾਂ*
*ਚਾਨਣ ਦੀ ਕੋਈ ਰਿਸ਼ਮ*
*ਹਨੇਰੀਆਂ ਗੁਫ਼ਾਵਾਂ ਨੂੰ ਚੀਰ*
*ਮੇਰੇ ਮਸਤਕ 'ਚ ਇੰਝ ਆਣ ਢੁੱਕੀ ਹੈ*
*ਕਿ ਮਨ ਅੰਬਰ ਹੋ ਗਿਐ*
*ਤੇ ਅੰਤਿਹਕਰਣ ਵਿਚ ਸ਼ਹਿਨਾਈ ਗੂੰਜ ਉੱਠੀ ਹੈ*
*ਖੇੜਾ ਹੀ ਖੇੜਾ ਹੈ*
*ਤੇ ਮੇਰੀ ਚੇਤਨਾ ਚਾਨਣ ਦੀਆਂ ਪੰਜੇਬਾਂ ਪਾ*
*ਬਰੇਤਿਆਂ 'ਚ ਨੱਚ ਰਹੀ ਹੈ ! (ਹੇ ਸਖੀ)*

ਗੱਲ ਸਾਰੀ ਸੋਚ ਦੀ ਹੁੰਦੀ ਹੈ! ਸੋਚ ਬਦਲੀ ਤਾਂ ਚੀਜ਼ਾਂ ਨੂੰ ਵੇਖਣ ਦਾ ਨਜ਼ਰੀਆ ਵੀ ਬਦਲ ਗਿਆ; ਜੋ ਗੱਲਾਂ ਦੁਖ ਦਿੰਦੀਆਂ ਸਨ ਅੱਜ ਉਹ ਫਜ਼ੂਲ ਲੱਗਦੀਆਂ ਹਨ। ਅੱਜ ਮੈਨੂੰ ਪੌਜ਼ੇਟਿਵ ਥਿੰਕਿੰਗ ਦੀ ਤਾਕਤ ਦਾ ਅੰਦਾਜ਼ਾ ਹੈ। ਆਪਣੀ ਅੰਦਰਲੀ ਤਾਕਤ ਨਾਲ ਅਸੀਂ ਆਪਣੇ ਆਪ ਨੂੰ ਅਤੇ ਆਪਣੇ ਆਲੇ-ਦੁਆਲੇ ਨੂੰ ਬਦਲ ਸਕਦੇ ਹਾਂ! ਉਂਝ ਉਹ ਬਾਰੀ ਗਿਆਨ ਦੀ ਬਾਰੀ ਸੀ; ਗਿਆਨ ਦਾ ਕੋਈ ਅੰਤ ਨਹੀਂ ਇਸ ਲਈ ਹੀ ਮੈਂ ਕਿਹਾ ਹੈ ਕਿ ਇਕ ਝੀਤ ਜਿਹੀ ਨਜ਼ਰ ਆਉਂਦੀ ਹੈ: ਬਹੁਤ ਸਕੂਨ 'ਚ ਹਾਂ ਅੱਜਕੱਲ੍ਹ ! ਜਿਹੜੀ ਚੁੱਪ ਜਾਂ ਇਕੱਲਤਾ ਅੱਖਰਦੀ ਸੀ ਕਦੇ ਅੱਜ ਲੱਗਦੈ;

*ਗਲੀ ਚੁੱਪ, ਘਰ ਚੁੱਪ*
*ਲੱਗਦੈ ਮੈਂ ਤੇ ਮੇਰਾ ਘਰ, ਦੋਵੇਂ ਸਮਾਧੀ 'ਚ ਹਾਂ !*

**ਮਲਵਿੰਦਰ: ਤੁਹਾਡੇ ਪਤੀ ਪਿਆਰਾ ਸਿੰਘ ਕੁਦੋਵਾਲ ਵਧੀਆ ਸ਼ਾਇਰੀ ਕਰਦੇ ਹਨ। ਬੇਟੇ ਫਤਿਹ ਦਾ ਪੰਜਾਬੀ ਗਾਇਕੀ ਵਿਚ ਵੱਡਾ ਨਾਂ ਹੈ। ਤੁਹਾਡਾ ਸਾਹਿਤਕ ਹਲਕਿਆਂ 'ਚ ਮਾਣ ਸਤਿਕਾਰ ਹੈ। ਜ਼ਿੰਦਗੀ ਦੇ ਜਸ਼ਨ ਲਈ ਇਹ ਸਭ ਕਾਫੀ ਨਹੀਂ? ਅਜੇ ਵੀ ਤਲਾਸ਼ ਦਾ ਸਫ਼ਰ ਅਧੂਰਾ ਕਿਉਂ ਲੱਗਦਾ ਹੈ?**

**ਸੁਰਜੀਤ:** ਮੈਂ ਤਾਂ ਜਿਗਿਆਸੂ ਹਾਂ; ਕਿਸੇ ਵੱਡੇ ਸੱਚ ਦੀ ਤਲਾਸ਼ 'ਚ ਹਾਂ ਤੇ ਰਹਾਂਗੀ। ਸੱਚ ਅਸੀਮ ਹੈ। ਯੁੱਗਾਂ ਯੁਗਾਂਤਰਾਂ ਤੋਂ ਮਨੁੱਖ ਇਸ ਨੂੰ ਤਲਾਸ਼ ਰਿਹੈ। ਜੇ ਭਾਲ ਖ਼ਤਮ ਹੋ ਜਾਵੇ ਤਾਂ ਜ਼ਿੰਦਗੀ ਖ਼ਤਮ ਹੋ ਜਾਂਦੀ ਹੈ। ਜਦੋਂ ਤਕ ਮਿਲਦਾ ਨਹੀਂ, ਤੁਸੀਂ ਉਸ ਨੂੰ ਟੋਲਦੇ ਰਹਿੰਦੇ ਹੋ ਤੇ ਜਾਗਦੇ ਰਹਿੰਦੇ ਹੋ। ਬਾਕੀ ਰਹੀ ਪਤੀ ਅਤੇ ਪੁੱਤਰ ਦੀ ਗੱਲ; ਮੈਨੂੰ ਮਾਣ ਹੈ ਉਨ੍ਹਾਂ ਦੋਹਾਂ 'ਤੇ; ਦੋਨੋ ਹੀ ਆਪਣੇ ਆਪਣੇ ਫੀਲਡਜ਼ ਵਿਚ ਕਾਮਯਾਬ ਹਨ। ਪਤੀ ਕਾਮਯਾਬ ਬਿਜ਼ਨੈੱਸਮੈਨ ਹਨ; ਉਨ੍ਹਾਂ ਮੈਨੂੰ ਪੂਰੀ ਸਪੇਸ ਦਿੱਤੀ ਹੈ ਤੇ ਹੱਲਾਸ਼ੇਰੀ ਵੀ। ਉਨ੍ਹਾਂ ਦੋਹਾਂ ਸਦਕੇ ਜ਼ਿੰਦਗੀ ਦਾ ਸਫਰ ਸੁਹਾਨਾ ਹੈ।

**ਮਲਵਿੰਦਰ: ਜੇਕਰ ਤੁਸੀਂ ਕਵਿਤਾ ਨੂੰ ਪਰਿਭਾਸ਼ਿਤ ਕਰਨਾ ਹੋਵੇ ਤਾਂ ਕਵਿਤਾ ਤੁਹਾਡੇ ਲਈ ਕੀ ਹੈ?**

**ਸੁਰਜੀਤ:** ਸੰਸਾਰ ਦਾ ਸਾਰਾ ਚਿੰਤਨ ਸਵੈ ਨੂੰ ਜਾਣਨ ਦੇ ਦੁਆਲੇ ਘੁੰਮਦਾ ਹੈ। ਮੈਂ ਆਪਣੇ ਆਪ ਨੂੰ ਕਵਿਤਾ ਰਾਹੀਂ ਸਮਝਿਆ ਤੇ ਪ੍ਰਗਟਾਇਆ ਹੈ। ਹਾਂ ਜੀ, ਕਵਿਤਾ ਮੇਰਾ ਚਿੰਤਨ ਵੀ ਹੈ ਅਤੇ ਸਵੈ-ਪ੍ਰਗਟਾਵਾ ਵੀ। ਆਪਣੇ ਨੇੜੇ ਆਉਣ ਲਈ ਮੈਂ ਕਲਮ ਚੁੱਕ ਲੈਂਦੀ ਹਾਂ। ਲਿਖਣਾ ਮੇਰੀ ਜ਼ਰੂਰਤ ਬਣ ਜਾਂਦੀ ਹੈ। ਕਦੇ ਸਵੈ ਨੂੰ ਮੁਖਾਤਬ ਹੁੰਦੀ ਹਾਂ, ਕਦੇ ਮੇਰੀ ਕਲਮ ਦੁਨੀਆਂ ਦੇ ਦਰਦ ਦੇ ਰੂਬਰੂ ਹੁੰਦੀ ਹੈ। ਆਪਣੀ ਗੱਲ ਕਰਦੀ ਕਰਦੀ ਦੂਜਿਆਂ ਦਾ ਦਰਦ ਛੋਹ ਬੈਠਦੀ ਹਾਂ। ਦੂਜਿਆਂ ਦੀ ਗੱਲ ਕਰਦੀ ਹਾਂ ਤਾਂ ਅੰਦਰੋਂ ਆਪ ਦਰਦ ਨਾਲ ਭਰ ਜਾਂਦੀ ਹਾਂ। ਕਈ ਵਾਰ ਮੈਨੂੰ ਧਰਤੀ ਦੇ ਜ਼ੱਰੇ-ਜ਼ੱਰੇ ਦਾ ਫਿਕਰ ਹੋਣ ਲੱਗਦਾ ਹੈ। ਧਰਤੀ ਤੋਂ ਖ਼ਤਮ ਹੋ ਰਹੇ ਪਾਣੀ ਦਾ ਦਰਦ ਹੈ ਮੈਨੂੰ। ਪਤਾ ਨਹੀਂ ਕਿਹੋ ਜਿਹੀ ਅਵਸਥਾ ਹੁੰਦੀ ਹੈ, ਕਿਹਾ ਆਲਮ ਤਾਰੀ ਹੁੰਦਾ ਹੈ ਕਿ ਬੱਸ ਇਹੋ ਜਿਹੀਆਂ ਸੋਚਾਂ ਹੁੰਦੀਆਂ ਨੇ ਤੇ ਜਾਂ ਮੈਂ ਹੁੰਦੀ ਹਾਂ; ਕਵਿਤਾ ਅਛੋਪਲੇ ਜਿਹੇ ਆ ਕੇ ਮੇਰੇ ਕੋਲ ਬੈਠ

ਜਾਂਦੀ ਹੈ। ਫਿਰ ਅਸੀਂ ਰੱਜ ਕੇ ਗੱਲਾਂ ਕਰਦੇ ਹਾਂ। ਇਉਂ ਸਹਿਜ ਹੀ ਕਵਿਤਾ ਸਿਰਜ ਹੋ ਜਾਂਦੀ ਹੈ।

ਕਵਿਤਾ ਨੂੰ ਪਰਿਭਾਸ਼ਿਤ ਕਰਨਾ ਕਠਿਨ ਹੈ ਕਿਉਂਕਿ ਹਰ ਆਦਮੀ ਲਈ ਇਸ ਦਾ ਪ੍ਰਯੋਜਨ ਵੱਖਰਾ ਹੁੰਦਾ ਹੈ। ਕਈ ਵਾਰ ਕਵਿਤਾ ਕਈ ਸੁਨੇਹੇ ਦੇਣ ਦੇ ਕੰਮ ਆਉਂਦੀ ਹੈ ਜਿਵੇਂ ਮੈਂ ਔਰਤਾਂ ਦੇ ਦਰਦ 'ਤੇ ਮਿਥ ਕੇ ਕਵਿਤਾਵਾਂ ਲਿਖੀਆਂ ਹਨ ਤਾਂ ਕਿ ਉਨ੍ਹਾਂ ਦੇ ਦਰਦ ਨੂੰ ਆਵਾਜ਼ ਮਿਲ ਸਕੇ ਅਤੇ ਜੇ ਕਦੇ ਆਉਣ ਵਾਲੀਆਂ ਪੀੜ੍ਹੀਆਂ ਪੜ੍ਹਨ ਤਾਂ ਉਨ੍ਹਾਂ ਨੂੰ ਇਸ ਦਰਦ ਦਾ ਅਹਿਸਾਸ ਹੋ ਸਕੇ। ਕਈ ਵਾਰ ਕਵਿਤਾਵਾਂ ਰਾਹੀਂ ਮੈਂ ਆਪਣੇ ਆਪ ਨੂੰ ਸਮਝਿਆ ਹੈ। ਜਦੋਂ 'ਹੁਣ ਮੈਂ ਮੁਕਤ ਹਾਂ' ਕਵਿਤਾ ਲਿਖੀ ਤਾਂ ਆਪਣੇ ਆਪ ਨੂੰ ਸਸ਼ਕਤ ਕੀਤਾ ਸੀ;

*ਉਹ ਜੋ ਅਹਮ ਦੀਆਂ ਪੀੜਾਂ ਲਗਦੀਆਂ ਸਨ*
*ਉਹ ਜੋ ਹਉਮੈ ਦੀਆਂ ਜਾਈਆਂ ਜੰਮਦੀਆਂ ਸਨ*
*ਹੁਣ ਗਰਭਿਤ ਹੀ ਨਹੀਂ ਹੁੰਦੀਆਂ !*

*ਉਹ ਅੰਕੁਸ਼ ਜੋ ਮੇਰੇ ਮੱਥੇ 'ਚ ਵੱਜ*
*ਮੇਰੀ ਹਸਤੀ 'ਚ ਖੁੱਭ ਜਾਂਦੇ*
*ਉਹ ਲੋਕ ਜੋ ਮੇਰੇ ਪੈਰਾਂ ਨੂੰ ਮਿੱਧ ਅਗੇ ਲੰਘ ਜਾਂਦੇ*
*ਉਹ ਦੋਸਤ ਜੋ ਮਹਿਫ਼ਿਲ 'ਚ*
*ਮੇਰੀ ਸ਼ਮੂਲੀਅਤ ਨੂੰ ਨਕਾਰ ਦਿੰਦੇ ਸਨ*
*ਉਹ ਮਿਹਰਬਾਨ ਜੋ ਹਰ ਇਲਜ਼ਾਮ*
*ਮੇਰੇ ਸਿਰ ਧਰ ਦਿੰਦੇ ਸਨ*

*ਮੈਂ ਉਹਨਾਂ ਨਾਲ ਇਨਸਾਫ਼ ਕਰ ਦਿਤੈ*
*ਮੈਂ ਉਨ੍ਹਾਂ ਨੂੰ ਮੁਆਫ਼ ਕਰ ਦਿਤੈ*
*ਹੁਣ ਮੈਂ ਮੁਕਤ ਹਾਂ !*

ਇਉਂ ਕਵਿਤਾ ਮੈਨੂੰ ਊਰਜਾ ਪ੍ਰਦਾਨ ਕਰਦੀ ਹੈ, ਮੇਰਾ ਦੁਖ ਵੰਡਦੀ ਹੈ, ਮੇਰੇ ਸੁਨੇਹੇ ਦਿੰਦੀ ਹੈ; ਮੇਰੇ ਹਰ ਲਮਹੇ ਦੀ ਸਾਖੀ ਹੈ; ਮੇਰੇ ਅੰਦਰਲਾ ਬ੍ਰਹਿਮੰਡ ਹੈ।

**ਮਲਵਿੰਦਰ:** **ਪਿਛਲੇ ਦਿਨੀਂ ਤੁਹਾਨੂੰ ਤੁਹਾਡੀ ਵਾਰਤਕ ਲਈ ਸਨਮਾਨਿਤ ਕੀਤਾ ਗਿਆ ਕਦੀ ਕਵਿਤਾ ਲਈ ਸਨਮਾਨ ਮਿਲਿਆ** ?

**ਸੁਰਜੀਤ:** ਹਾਂ ਜੀ ਮਲਵਿੰਦਰ ਜੀ, ਕਾਲਜ ਦੇ ਜ਼ਮਾਨੇ ਤੋਂ ਹੀ ਕਵਿਤਾ ਨੇ ਮੈਨੂੰ ਭਰਪੂਰ ਸਨਮਾਨ ਦੁਆਇਆ ਹੈ। ਮੈਂ ਕਵਿਤਾ ਦੀ ਰਿਣੀ ਹਾਂ ਇਸ

ਦੀ ਬਦੌਲਤ ਹੀ ਮੈਂ ਜੱਗ ਵਿਚ ਸ਼ੋਭਾ ਖੱਟੀ; ਸਮਾਜ ਵਿਚ ਇਕ ਵਿਸ਼ੇਸ਼ ਸਥਾਨ ਅਰਜਿਤ ਕੀਤਾ। ਨਾਮਵਰ ਮੈਗਜ਼ੀਨਾਂ 'ਚ ਛਪਣ ਦਾ ਸੁਭਾਗ ਪ੍ਰਾਪਤ ਹੋਇਆ; ਏਕਮ ਵਿਚ ਕਵੀ ਵਿਸ਼ੇਸ਼ ਵਜੋਂ ਛਾਇਆ ਹੋਣ ਦਾ ਮਾਣ ਮਿਲਿਆ। ਮੇਘਲਾ ਦਾ ਇਕ ਵਿਸ਼ੇਸ਼ ਅੰਕ ਮੇਰੇ 'ਤੇ ਕੱਢਿਆ ਗਿਆ। ਹੁਣ ਮੈਂ ਗਿਣ ਤਾਂ ਨਹੀਂ ਸਕਦੀ ਪਰ ਕੈਲੀਫੋਰਨੀਆ, ਪੰਜਾਬ ਅਤੇ ਕੈਨੇਡਾ ਦੀਆਂ ਬਹੁਤ ਸਾਰੀਆਂ ਸੰਸਥਾਵਾਂ ਤੋਂ ਸਮੇਂ ਸਮੇਂ ਸਿਰ ਬਹੁਤ ਸਾਰਾ ਮਾਨ-ਸਨਮਾਨ ਮਿਲਦਾ ਰਹਿੰਦਾ ਹੈ। ਇਸ ਦਾ ਸਿਹਰਾ ਕਵਿਤਾ ਸਿਰ ਜਾਂਦਾ ਹੈ; ਉਰਦੂ ਦਾ ਇਕ ਸ਼ਿਅਰ ਯਾਦ ਆਉਂਦਾ ਹੈ,

*ਜਬ ਤੱਕ ਬਿਕਾ ਨਾ ਥਾ, ਕੋਈ ਪੂਛਤਾ ਨਾ ਥਾ*
*ਤੁਮਨੇ ਮੁਝੇ ਖਰੀਦ ਕੇ ਅਨਮੋਲ ਕਰ ਦੀਆ।*

**ਮਲਵਿੰਦਰ:** **ਕੀ ਕਵਿਤਾ ਕਿਸੇ ਵੱਡੀ ਤਬਦੀਲੀ ਵਿਚ ਆਪਣਾ ਯੋਗਦਾਨ ਪਾ ਸਕਦੀ ਹੈ** ?

**ਸੁਰਜੀਤ:** ਹੀਣ ਭਾਵਨਾਵਾਂ ਨਾਲ ਗ੍ਰਸਤ ਬੰਦਿਆਂ ਨੂੰ ਸਸ਼ਕਤ ਕਰਨ ਲਈ ਗੁਰੂ ਗੋਬਿੰਦ ਸਿੰਘ ਜੀ ਨੇ 'ਚੰਡੀ ਦੀ ਵਾਰ' ਲਿਖੀ ਅਤੇ 'ਚਿੜੀਓਂ ਸੇ ਬਾਜ ਲੜਾਊਂ" ਵਰਗੇ ਕਥਨਾਂ ਨਾਲ ਉਨ੍ਹਾਂ ਕਮਜ਼ੋਰ ਲਿਤਾੜੇ ਤੇ ਬੇਹਿੰਮਤੇ ਲੋਕਾਂ ਨੂੰ ਹਿੰਮਤ ਦੇ ਕੇ ਜੰਗਾਂ ਲੜਨ ਲਈ ਤਿਆਰ ਕੀਤਾ। ਜੰਗ ਦੇ ਦਿਨਾਂ ਵਿਚ ਦੇਸ਼ ਭਗਤੀ ਦੇ ਗੀਤ ਗਾਏ ਜਾਂਦੇ ਹਨ ਅਤੇ ਲੋਕਾਂ ਨੂੰ ਭੈਅ-ਮੁਕਤ ਹੋ ਕੇ ਦੇਸ ਲਈ ਕੁਰਬਾਨ ਹੋ ਜਾਣ ਲਈ ਪ੍ਰੇਰਿਆ ਜਾਂਦਾ ਹੈ। ਕਵਿਤਾ ਲੋਕਾਂ ਨੂੰ ਇਮੋਸ਼ਨਲ ਕਰਦੀ ਹੈ ਅਤੇ ਕਿਸੇ ਤਬਦੀਲੀ ਲਈ ਮੋਟੀਵੇਟ ਕਰ ਸਕਦੀ ਹੈ। ਅਮਰੀਕਨ ਕਵਿੱਤਰੀ ਮਾਇਆ ਐਂਜਲੋ ਦੀਆਂ ਕਵਿਤਾਵਾਂ ਵਿਚ ਵੀ ਇਹੋ ਜਿਹੀ ਪਾਵਰ ਦੇਖਣ ਨੂੰ ਮਿਲਦੀ ਹੈ, ਉਸ ਨੇ ਲਿਤਾੜੇ ਹੋਏ ਕਾਲਿਆਂ ਨੂੰ ਹਿੰਮਤ ਦੇਣ ਲਈ 'ਸਟਿਲ ਆਈ ਰਾਈਜ਼', 'ਆਈ ਨੋਅ ਵਾਏ ਦਾ ਕੇਜਡ ਬਰਡ ਸਿੰਗਜ਼' ਵਰਗੀਆਂ ਕਵਿਤਾਵਾਂ ਲਿਖ ਕੇ ਆਪਣੇ ਲੋਕਾਂ ਲਈ ਆਵਾਜ਼ ਉਠਾਈ। ਪਰ ਜੇ ਢੱਠੀਆਂ ਜਾਂ ਰੁਦਨ ਵਾਲੀਆਂ ਕਵਿਤਾਵਾਂ ਲਿਖੀਆਂ ਜਾਣਗੀਆਂ; ਨਾਕਾਮ ਮੁਹੱਬਤ ਦੇ ਗੀਤ ਹੀ ਗਾਏ ਜਾਣਗੇ; ਕਵਿਤਾ ਵਿਚ ਕੋਈ ਸੁਨੇਹਾ ਨਹੀਂ ਹੋਵੇਗਾ ਤਾਂ ਅਸੀਂ ਸਮਾਜ ਨੂੰ ਕਿੱਧਰ ਨੂੰ ਲਿਜਾ ਰਹੇ ਹੁੰਦੇ ਹਾਂ, ਇਸ ਦਾ ਸਾਨੂੰ ਆਪ ਵੀ ਪਤਾ ਨਹੀਂ ਹੁੰਦਾ। ਜੇ ਕਵਿਤਾ 'ਚ ਜਾਨ ਹੋਵੇ ਤਾਂ ਕਵਿਤਾ ਕਿਸੇ ਵੱਡੀ ਤਬਦੀਲੀ 'ਚ ਹਿੱਸਾ ਪਾ ਸਕਦੀ ਹੈ।

**ਮਲਵਿੰਦਰ: ਪੰਜਾਬੀ ਸਾਹਿਤ ਵਿਚ ਮਿਲਦੇ ਸਨਮਾਨ ਪੁਰਸਕਾਰ ਅਕਸਰ ਵਿਵਾਦਾਂ ਵਿਚ ਰਹਿੰਦੇ ਹਨ। ਤੁਸੀਂ ਜ਼ਰੂਰ ਇਸ ਵਰਤਾਰੇ ਬਾਰੇ ਗੱਲ ਕਰਨੀ ਚਾਹੋਂਗੇ।**

**ਸੁਰਜੀਤ:** ਮਲਵਿੰਦਰ ਜੀ ਇਹ ਮੁੱਦਾ ਬਹੁਤ ਵੱਡੀ ਬਹਿਸ ਦੀ ਮੰਗ ਕਰਦਾ ਹੈ ਕਿ ਅੱਜ ਇਨਾਮ-ਸਨਮਾਨ ਮਿਲਣੇ ਸ਼ੱਕ ਦੇ ਘੇਰੇ ਵਿਚ ਕਿਉਂ ਆ ਗਏ ਹਨ ? ਕਿਸੇ ਬਹਿਸ ਵਿਚ ਪੈਣਾ ਨਹੀਂ ਚਾਹੁੰਦੀ ਪਰ ਮੈਂ ਸਮਝਦੀ ਹਾਂ ਕਿ ਸਾਰੀ ਗੱਲ ਕਿਰਦਾਰਾਂ 'ਤੇ ਆ ਕੇ ਮੁੱਕਦੀ ਹੈ; ਜੇ ਆਦਮੀ ਨੂੰ ਆਪਣੇ ਅੰਦਰੋਂ ਚਾਨਣ ਹੈ; ਉਸ ਨੂੰ ਆਪਣੀ ਹਸਤੀ ਦੀ ਅਸਲੀਅਤ ਦਾ ਪਤਾ ਹੈ ਤਾਂ ਉਸ ਨੂੰ ਕਿਸੇ ਇਨਾਮ -ਸਨਮਾਨ ਦੀ ਤਲਬ ਹੀ ਨਹੀਂ ਰਹਿੰਦੀ। ਲੋੜ ਹੈ ਉੱਚੇ ਕਿਰਦਾਰਾਂ ਦੀ; ਸੱਚ 'ਤੇ ਪਹਿਰਾ ਦੇਣ ਵਾਲੇ ਸਾਹਿਤਕਾਰਾਂ ਦੀ ਨਾ ਕਿ ਜੁਗਾੜਬੰਦੀਆਂ ਤੇ ਗੁਟਬੰਦੀਆਂ ਵਾਲੇ ਸਵਾਰਥੀ ਲੋਕਾਂ ਦੀ, ਜੋ ਇਸ ਦੌੜ ਵਿਚ ਆਉਣ ਲਈ ਪੁੱਠੇ-ਸਿੱਧੇ ਹੱਥ ਕੰਡੇ ਵਰਤਦੇ ਨੇ। ਸਾਡਾ ਸਾਹਿਤ ਤਾਂ ਹੀ ਉੱਚਾ ਹੋ ਸਕਦਾ ਹੈ ਜੇ ਇਸ ਵਿਚੋਂ ਇਹੋ ਜਿਹੇ ਸਵਾਰਥ ਖ਼ਤਮ ਹੋ ਜਾਣ।

**ਮਲਵਿੰਦਰ: ਤੁਹਾਡਾ ਵਿਸ਼ਾਲ ਅਨੁਭਵ ਹੈ। ਬੜੀ ਦੁਨੀਆਂ ਵੇਖੀ ਹੈ ਤੁਸਾਂ। ਸੰਦੇਸ਼ ਦੇਣ ਵਰਗੀ ਕੋਈ ਗੱਲ ਕਰਨਾ ਚਾਹੋਗੇ** ?

**ਸੁਰਜੀਤ:** ਅੱਜ ਦੇ ਇਸ ਵਿਗਿਆਨਿਕ ਯੁਗ ਵਿਚ ਅਸੀਂ ਜ਼ਿੰਦਗੀ ਦੇ ਮਾਇਨੇ ਭੁੱਲ ਗਏ ਹਾਂ। ਗੁਰਬਾਣੀ ਵਿਚ ਲਿਖਿਆ ਹੈ, 'ਮਨ ਤੂੰ ਜੋਤਿ ਸਰੂਪ ਹੈ ਆਪਣਾ ਮੂਲੁ ਪਛਾਣੁ'। ਆਪਣੀ ਪਛਾਣ ਬਹੁਤ ਜ਼ਰੂਰੀ ਹੈ; ਆਪਣੇ ਨਾਲ ਜੁੜਣਾ ਬਹੁਤ ਜ਼ਰੂਰੀ ਹੈ। ਜ਼ਿੰਦਗੀ ਇਕ ਵਾਰ ਮਿਲਦੀ ਹੈ। ਜ਼ਿੰਦਗੀ ਨੂੰ ਸਾਰਥਕ ਬਨਾਉਣਾ ਸਾਡਾ ਲਕਸ਼ ਹੋਵੇ। ਹਮੇਸ਼ਾ ਖੁਸ਼ ਰਹੀਏ ਕਿਉਂਕਿ ਅਸੀਂ ਕੁਝ ਵੀ ਨਾਲ ਲੈ ਕੇ ਨਹੀਂ ਜਾਣ ਵਾਲੇ; ਆਉ ਜ਼ਿੰਦਗੀ ਨੂੰ ਪਿਆਰ ਕਰੀਏ; ਇਹੀ ਸਭ ਤੋਂ ਅਨਮੋਲ ਵਸਤੂ ਹੈ। ਹਰ ਪਲ ਨੂੰ ਇਕ ਵਰਦਾਨ ਸਮਝ ਕੇ ਇਸ ਦੀ ਕਦਰ ਕਰੀਏ... ਜੋ ਨਹੀਂ ਮਿਲਿਆ ਉਸ ਲਈ ਰੁਦਨ ਕਰਨ ਦੀ ਬਜਾਏ ਜੋ ਮਿਲਿਆ ਹੈ ਉਸ ਲਈ ਹਰ ਪਲ ਸ਼ੁਕਰਗੁਜ਼ਾਰ ਹੋਈਏ।

ਅੱਜ ਦਾ ਆਦਮੀ ਦੌੜ ਵਿਚ ਪੈ ਗਿਆ ਹੈ; ਦੌੜ ਵਿਚ ਭਟਕਣ ਹੈ। ਸਾਡੀਆਂ ਲੋੜਾਂ ਹੀ ਕਿੰਨੀਆਂ ਕੁ ਹਨ ਆਖਿਰ ? ਬੱਸ ਸਮਝਣ ਦੀ ਲੋੜ ਹੈ। ਅਕਸਰ ਸੋਚਦੀ ਹਾਂ ਕਿ ਅਸੀਂ ਕਿੰਨੇ

ਸਵਾਰਥੀ ਹੋ ਗਏ ਹਾਂ ਕਿ ਦੂਜੇ ਜੀਵਾਂ ਨੂੰ ਧਰਤੀ ’ਤੇ ਜੀਉਣ ਨਹੀਂ ਦਿੰਦੇ; ਉਨ੍ਹਾਂ ਨੂੰ ਵੀ ਜੀਊਣ ਦੇਈਏ ਕਿਉਂਕਿ ਉਨ੍ਹਾਂ ਦਾ ਵੀ ਤਾਂ ਧਰਤੀ ’ਤੇ ਸਾਡੇ ਜਿੰਨਾ ਹੀ ਹੱਕ ਹੈ। ਜ਼ਿੰਦਗੀ ਦਾ ਰੁਖ਼ ਕਲਿਆਣਮਈ ਤੇ ਕਰੁਣਾਮਈ ਕਰਨਾ ਪਵੇਗਾ; ਉਡਦੇ ਹਵਾਈ ਜਹਾਜ਼ਾਂ ਦੀ ਸਲਾਮਤੀ ਦੀ ਦੁਆ ਮੰਗਿਆ ਕਰੀਏ। ਸੜਕਾਂ ’ਤੇ ਗੱਡੀ ਚਲਾਉਂਦਿਆਂ ਸੜਕਾਂ ਨੂੰ ਵਰ ਦਿੰਦੇ ਰਹੀਏ ਕਿ ਉਹ ਹਾਦਸਿਆਂ ਤੋਂ ਬਚੀਆਂ ਰਹਿਣ। ਐਂਬੂਲੈਂਸ ਦੀ ਘੰਟੀ ਸੁਣੀਏ ਤੇ ਅਰਜੋਈ ਕਰੀਏ ਜੋ ਬੰਦਾ ਇਸ ਵਿਚ ਲਿਜਾਇਆ ਜਾ ਰਿਹੈ ਉਹ ਸਹੀ ਸਲਾਮਤ ਘਰ ਮੁੜ ਆਵੇ!

ਅੰਤ ਵਿਚ ਦੁਆ ਕਰਦੀ ਹਾਂ ਕਿ ਪੰਜਾਬੀ ਵਿਚ ਇਹੋ ਜਿਹਾ ਸਾਹਿਤ ਰਚਿਆ ਜਾਵੇ ਜੋ ਇਨਸਾਨ ਨੂੰ ਇਨਸਾਨੀਅਤ ਦੇ ਨੇੜੇ ਲੈ ਆਵੇ ਅਤੇ ਸਾਡਾ ਸਾਹਿਤ ਦੁਨੀਆ ਦੇ ਸਾਹਿਤ ਵਿਚ ਇਕ ਉੱਚਾ ਮੁਕਾਮ ਹਾਸਿਲ ਕਰੇ। ਆਪਨੇ ਮੇਰੇ ਅੰਦਰ ਦੇ ਵਲਵਲਿਆਂ ਨੂੰ ਨਿਕਾਸਣ ਲਈ ਮੌਕਾ ਪ੍ਰਦਾਨ ਕੀਤਾ ਆਪਦੀ ਅਤਿ ਰਿਣੀ ਹਾਂ। ਆਮੀਨ !!

**ਸੁਰਜੀਤ**

*ਬਰੈਂਪਟਨ, ਕੈਨੇਡਾ*

*ਦਸੰਬਰ 18, 2018*

❑❑❑

# ਡਾ. ਰਵਿੰਦਰ ਨਾਲ ਮੁਲਾਕਾਤ

*"ਕਵਿਤਾ ਸਾਹਿਤ ਦਾ ਸਭ ਤੋਂ ਸ਼ਕਤੀਸ਼ਾਲੀ ਮਾਧਿਅਮ ਹੈ-ਥੋੜੇ ਸ਼ਬਦਾਂ ਵਿਚ ਬਹੁਤ ਡੂੰਘੀ, ਬਹੁਤ ਉੱਚੀ ਅਤੇ ਧੁਰ ਅੰਦਰ ਤੱਕ ਲਹਿ ਜਾਣ ਵਾਲੀ ਗੱਲ ਕਵਿਤਾ ਵਿਚ ਹੀ ਹੋ ਸਕਦੀ ਹੈ"*(ਡਾ. ਰਵਿੰਦਰ)

ਪਿੱਛਲੇ ਚਾਰ ਦਹਾਕਿਆਂ ਤੋਂ ਕਾਵਿ-ਸਿਰਜਣਾ ਕਰ ਰਹੇ ਡਾ. ਰਵਿੰਦਰ ਦੀ ਬੀਤੇ ਸਾਲ ਦਸਵੀਂ ਕਾਵਿ-ਪੋਥੀ 'ਚਿਹਰਾ ਚਿਹਰਾ ਮੈਂ ਛਪੀ ਹੈ ਅਤੇ ਇਸੇ ਵਰ੍ਹੇ ਪਲੇਠੇ ਨਾਟਕ 'ਕਿਸ ਦਰ ਦਸਤਕ ਦੇਈਏ' ਨੇ ਦਸਤਕ ਦਿੱਤੀ ਹੈ। ਬੀਤੇ ਸਾਲ ਹੀ ਭਾਸ਼ਾ ਵਿਭਾਗ ਪੰਜਾਬ ਨੇ ਉਸ ਨੂੰ ਸ੍ਰੋਮਣੀ ਸ਼ਾਇਰ ਦਾ ਸਨਮਾਨ ਦਿੱਤਾ ਹੈ। ਡਾ. ਰਵਿੰਦਰ ਨੇ ਆਪਣੀ ਸਿਰਜਣਕਾਰੀ ਅਤੇ ਦੁਨੀਆਂਦਾਰੀ ਵਿੱਚ ਇੱਕ ਸੰਤੁਲਨ ਬਣਾ ਕੇ ਰੱਖਿਆ ਹੈ। ਮਲੰਗੀ ਦੇ ਦੌਰ ਦੀਆਂ ਦੋਸਤੀਆਂ ਉਸ ਨੂੰ ਕੱਲ੍ਹ ਵਾਂਗ ਯਾਦ ਹਨ। ਸਾਹਿਤ ਪ੍ਰਤੀ ਸੰਜੀਦਗੀ ਅਤੇ ਸੁਹਿਰਦਤਾ ਉਸ ਦੇ ਵਿਵਹਾਰ 'ਚ ਢਲੇ ਵਰਤਾਰੇ ਹਨ। ਉਮਰ ਦੇ ਅਨੁਭਵ ਨਾਲ ਉਸ ਦੀ ਕਵਿਤਾ ਵੀ ਪ੍ਰੌੜ੍ਹ ਹੋਈ ਹੈ। ਕਰੋਨਾ ਦੇ ਚੁਣੌਤੀ ਪੂਰਨ ਸਮਿਆਂ ਨੂੰ ਅਤੇ ਕਿਸਾਨੀ ਸੰਘਰਸ਼ ਦੇ ਦਿਨਾਂ ਨੂੰ ਉਹ ਕਿੰਝ ਮੁਖ਼ਾਤਿਬ ਹੁੰਦਾ ਹੈ, ਆਉ ! ਇਹ ਉਸ ਨਾਲ ਗੱਲਬਾਤ ਕਰਕੇ ਪਤਾ ਕਰਦੇ ਹਾਂ:

**ਮਲਵਿੰਦਰ: ਡਾ. ਰਵਿੰਦਰ ਆਪਾਂ ਹੋਰ ਗੱਲਾਂ ਕਰਨ ਤੋਂ ਪਹਿਲਾਂ ਸਮਕਾਲੀ ਚਣੌਤੀ ਪੂਰਨ ਸਥਿਤੀਆਂ ਅਤੇ ਵਰਤਾਰਿਆਂ ਨੂੰ ਲੈ ਕੇ ਕੁਝ ਗੱਲਾਂ ਕਰ ਲਈਏ। ਬੀਤੇ ਸਾਲ ਦੀ ਪਹਿਲੀ ਤਿਮਾਹੀ ਦੌਰਾਨ ਕਰੋਨਾ ਵਾਇਰਸ ਕਾਰਨ ਲੱਗੇ ਲੌਕਡਾਊਨ ਦੇ ਦਿਨੀਂ ਥੋਕ ਵਿੱਚ ਲਿਖੀ ਗਈ ਕਵਿਤਾ ਬਾਰੇ ਤੁਸੀਂ ਕੀ ਕਹਿਣਾ ਚਾਹੋਗੇ ?**

**ਡਾ. ਰਵਿੰਦਰ:** ਕਵਿਤਾ ਦਾ ਸਮਕਾਲੀ ਸਥਿਤੀਆਂ ਅਤੇ ਸਰੋਕਾਰਾਂ ਨਾਲ ਸਿੱਧਾ ਸਬੰਧ ਹੁੰਦਾ ਹੈ ਅਤੇ ਹੋਣਾ ਵੀ ਚਾਹੀਦਾ ਹੈ। ਕਵੀ ਹਰ ਤਰ੍ਹਾਂ ਦੇ ਹਾਲਾਤਾਂ ਨੂੰ ਪੈਨੀ ਨਜ਼ਰ ਨਾਲ ਵੇਖਦਾ ਹੈ ਅਤੇ ਉਸ ਦਾ ਸੰਵੇਦਨਸ਼ੀਲ ਮਨ ਤ੍ਰਾਸਦਿਕ ਘਟਨਾਵਾਂ ਨੂੰ ਵੇਖ ਕੇ ਉਸ ਦਾ ਅਸਰ ਕਬੂਲਦਾ ਹੈ ਅਤੇ ਆਪਣੀ ਲੇਖਣੀ ਦਾ ਹਿੱਸਾ ਬਣਾਉਂਦਾ ਹੈ। ਕਰੋਨਾ ਮਹਾਂਮਾਰੀ ਵਿੱਚ ਬੀਮਾਰੀ ਨਾਲ ਹੋ ਰਹੀਆਂ ਮੌਤਾਂ ਤੋਂ ਇਲਾਵਾ ਇਸ ਦੇ ਕਾਰਨ ਅਤੇ ਮਨੁੱਖ ਦਾ ਕੁਦਰਤ ਨਾਲ ਖਿਲਵਾੜ ਮਨੁੱਖੀ ਸੋਚ ਅਤੇ ਫਿਕਰ ਦਾ ਹਿੱਸਾ ਬਣੇ। ਸਰਕਾਰਾਂ ਦੇ ਗ਼ਲਤ

ਫੈਸਲਿਆਂ ਕਾਰਨ ਕਰੋੜਾਂ ਲੋਕਾਂ ਨੂੰ ਆਪਣੇ ਹੀ ਦੇਸ਼ ਵਿੱਚ ਹਿਜਰਤ ਕਰਨੀ ਪਈ। ਹੋਰ ਵੀ ਬੜਾ ਕੁਝ ਦੁਖਦਾਈ ਵਾਪਰਿਆ ਜੋ ਵੱਖਰਾ ਵਿਸ਼ਾ ਹੈ। ਪੰਜਾਬੀ ਕਵੀਆਂ ਨੇ ਇਸ ਤ੍ਰਾਸਦੀ ਬਾਰੇ ਬਹੁਤ ਸਾਹਿਤ ਲਿਖਿਆ ਪਰ ਇਨ੍ਹਾਂ ਵਿਚੋਂ ਬਹੁਤੀਆਂ ਕਵਿਤਾਵਾਂ ਤਟ-ਫਟ ਪ੍ਰਤੀਕਰਮ ਵਾਂਗ ਲਿਖੀਆਂ ਲੱਗਦੀਆਂ ਹਨ। ਇੰਝ ਲੱਗਦਾ ਹੈ ਕਿ ਮਹਾਂਮਾਰੀ ਦੇ ਖ਼ਤਮ ਹੋਣ ਤੋਂ ਬਾਅਦ ਇਹ ਥੋਕ ਵਿੱਚ ਲਿਖੀਆਂ ਕਵਿਤਾਵਾਂ ਵੀ ਆਪਣੀ ਸਾਰਥਿਕਤਾ ਗੁਆ ਬੈਠਣਗੀਆਂ। ਪਰ ਫਿਰ ਵੀ ਇਹਨਾਂ ਰਚਨਾਵਾਂ ਜਾਂ ਰਚਨਹਾਰਿਆਂ ਦੇ ਯਤਨ ਨੂੰ ਛੁਟਿਆਇਆ ਨਹੀਂ ਜਾਣਾ ਚਾਹੀਦਾ ਅਤੇ ਕੁਝ ਕਵਿਤਾਵਾਂ ਸਚਮੁੱਚ ਹੀ ਗਹਿਰ ਗੰਭੀਰ ਚਿੰਤਨ ਤੋਂ ਬਾਅਦ ਲਿਖੀਆਂ ਗਈਆਂ ਲੱਗਦੀਆਂ ਹਨ। ਆਉਣ ਵਾਲਾ ਸਮਾਂ ਇਹਨਾਂ ਕਵਿਤਾਵਾਂ ਨੂੰ ਆਪਣੇ ਇਤਿਹਾਸ ਵਿੱਚ ਜ਼ਰੂਰ ਥਾਂ ਦੇਵੇਗਾ।

**ਮਲਵਿੰਦਰ: ਮਹੀਨਿਆਂ ਤੋਂ ਭਾਰਤੀ ਸੰਸਦ ਵਲੋਂ ਪਾਸ ਕੀਤੇ ਤਿੰਨ ਖੇਤੀ ਬਿੱਲਾਂ ਨੂੰ ਲੈਕੇ ਕਿਸਾਨ ਸੰਘਰਸ਼ ਕਰ ਰਹੇ ਹਨ। ਲੋਕ ਲਹਿਰ ਬਣਦੇ ਜਾ ਰਹੇ ਇਸ ਸੰਘਰਸ਼ ਨੂੰ ਮੁਖ਼ਾਤਿਬ ਹੋ ਕੇ ਵੀ ਬਹੁਤ ਸਾਰੀ ਕਵਿਤਾ ਲਿਖੀ ਜਾ ਰਹੀ ਹੈ। ਕਵਿਤਾ ਦੀ ਇਸ ਸੰਘਰਸ਼ ਵਿੱਚ ਕੀ ਭੂਮਿਕਾ ਰਹੇਗੀ? ਬੀਤੇ ਵਿੱਚ ਹੋਈਆਂ ਲਹਿਰਾਂ ਦੌਰਾਨ ਸਿਰਜੇ ਗਏ ਸਾਹਿਤ ਦੇ ਪ੍ਰਸੰਗ ਵਿੱਚ ਵੀ ਗੱਲ ਕਰੋ।**

**ਡਾ. ਰਵਿੰਦਰ:** ਪੰਜਾਬ ਤੋਂ ਸ਼ੁਰੂ ਹੋਇਆ ਕਿਸਾਨੀ ਸੰਘਰਸ਼ ਸੱਚਮੁੱਚ ਹੀ ਇੱਕ ਲੋਕ ਲਹਿਰ ਬਣ ਚੁੱਕਾ ਹੈ ਜਿਸ ਦੀਆਂ ਤਰੰਗਾਂ ਸਮੁੱਚੇ ਭਾਰਤ ਤੋਂ ਇਲਾਵਾ ਪੂਰੇ ਸੰਸਾਰ ਵਿੱਚ ਵੀ ਹਲਚਲ ਪੈਦਾ ਕਰ ਰਹੀਆਂ ਹਨ। ਇਸ ਨੇ ਆਪਣੇ ਕਲਾਵੇ ਵਿੱਚ ਹਰ ਵਰਗ ਦੇ ਮਨੁੱਖ ਨੂੰ ਲੈ ਲਿਆ ਹੈ। ਕਲਾਕਾਰ ਵੀ ਅਣਭਿੱਜ ਨਹੀਂ ਰਹੇ। ਗਾਇਕ, ਰੰਗਕਰਮੀ ਅਤੇ ਸ਼ਾਇਰ ਵੀ ਇਸ ਯੱਗ ਵਿੱਚ ਆਪਣੀ ਅਹੂਤੀ ਪਾ ਰਹੇ ਹਨ। ਉਹ ਗੀਤਕਾਰ ਅਤੇ ਗਾਇਕ ਜਿਨ੍ਹਾਂ ਉਪਰ ਲੱਚਰਤਾ ਅਤੇ ਹਿੰਸਾ ਫੈਲਾਉਣ ਦਾ ਅਤੇ ਉਹ ਨੌਜਵਾਨ ਜਿਨ੍ਹਾਂ ਉਪਰ ਨਸ਼ੇ ਅਤੇ ਵੈਲਪੁਣੇ ਦਾ ਦੋਸ਼ ਲੱਗਦਾ ਸੀ, ਪੂਰੀ ਸੁਹਿਰਦਤਾ ਨਾਲ ਇਸ ਲੜਾਈ ਵਿੱਚ ਜੂਝ ਰਹੇ ਹਨ। ਆਸ਼ਾਵਾਦੀ ਗੀਤ ਲਿਖੇ ਜਾ ਰਹੇ ਹਨ, ਚੜ੍ਹਦੀ ਕਲਾ ਵਿੱਚ ਰੱਖਣ ਵਾਲੀ ਕਵਿਤਾ ਲਿਖੀ ਜਾ ਰਹੀ ਹੈ। ਨਾਟਕਾਂ 'ਚ ਜੁਝਾਰੂ ਲੋਕ ਨਾਇਕਾਂ ਅਤੇ ਗੁਰੂ ਸਾਹਿਬਾਨ ਦੀਆਂ ਕੁਰਬਾਨੀਆਂ ਪੇਸ਼ ਕੀਤੀਆਂ ਜਾ ਰਹੀਆਂ ਹਨ। ਇਸ ਮਹਾਨ ਇਨਕਲਾਬੀ ਪਰਿਪੇਖ

ਵਿਚ ਪੰਜਾਬੀ ਕਵੀ ਵੀ ਆਪਣਾ ਹਿੱਸਾ ਪਾ ਰਹੇ ਹਨ। ਹਰ ਕਵੀ ਨੇ ਕਿਸਾਨਾਂ ਦੇ ਦਰਦ ਅਤੇ ਲੋਟੂ ਜੁੰਡਲੀ ਜਾਂ ਸਰਕਾਰ ਦੀ ਧੱਕੇਸ਼ਾਹੀ ਵਿਰੁੱਧ ਆਵਾਜ਼ ਚੁੱਕੀ ਹੈ। ਇਸ ਕਵਿਤਾ ਵਿੱਚ ਵੱਖ-ਵੱਖ ਪਹਿਲੂਆਂ ਤੋਂ ਬਹੁਤ ਸੰਵੇਦਨਸ਼ੀਲ ਢੰਗ ਨਾਲ ਵਿਸ਼ਿਆਂ ਨੂੰ ਉਭਾਰਿਆ ਗਿਆ ਹੈ। ਇਹ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਹੋਣ, ਉਨ੍ਹਾਂ ਦੀਆਂ ਨਸਲਾਂ ਅਤੇ ਫ਼ਸਲਾਂ ਦੀ ਬਰਬਾਦੀ ਦੀ ਚਿੰਤਾ ਹੋਵੇ ਜਾਂ ਇੱਕ ਪੂਰੇ ਸਭਿਆਚਾਰ ਦੇ ਗਿਰਵੀ ਹੋ ਜਾਣ ਦਾ ਡਰ ਹੋਵੇ, ਹਰ ਵਿਸ਼ੇ ਨੂੰ ਮੁਨਾਸਿਬ ਜਗ੍ਹਾ ਮਿਲ ਰਹੀ ਹੈ। ਨੌਜਵਾਨ ਮੁੰਡੇ ਕੁੜੀਆਂ ਆਪ ਕਵਿਤਾਵਾਂ ਲਿਖ ਕੇ ਜੋਸ਼ ਨਾਲ ਪੜ੍ਹ ਰਹੇ ਹਨ। ਸਥਾਪਤ ਸ਼ਾਇਰ ਧਰਨੇ ਵਾਲੀ ਥਾਂ ਜਾ ਕੇ ਹਾਜ਼ਰੀ ਲਵਾ ਰਹੇ ਹਨ। ਪਦਮਸ੍ਰੀ ਤੱਕ ਦੇ ਖ਼ਿਤਾਬ ਵਾਪਸ ਹੋ ਰਹੇ ਹਨ। ਇਸ ਜਦੋਜਹਿਦ ਵਿਚ ਬਹੁਤ ਸਾਰੀ ਨਵੀਂ ਕਵਿਤਾ ਦੀ ਆਮਦ ਹੋ ਰਹੀ ਹੈ। ਬਹੁਤ ਸਾਰੇ ਨਵੇਂ ਕਵੀ ਉੱਭਰ ਕੇ ਸਾਹਮਣੇ ਆ ਰਹੇ ਹਨ। ਇਸ ਸਮੇਂ ਦੀ ਕਵਿਤਾ ਭਵਿੱਖ ਵਿਚ ਵੀ ਅਜਿਹੀਆਂ ਲਹਿਰਾਂ ਦੀ ਅਗਵਾਈ ਕਰੇਗੀ। ਅਜਿਹੀ ਕਵਿਤਾ ਸਮਾਂ ਸਥਾਨ ਦੀਆਂ ਸੀਮਾਵਾਂ ਤੋਂ ਮੁਕਤ ਹੋ ਕੇ ਚਿਰ ਸਦੀਵੀ ਪ੍ਰਭਾਵ ਸਿਰਜਣ ਵਿਚ ਸਫ਼ਲ ਹੋਵੇਗੀ। ਇਤਿਹਾਸ ਗਵਾਹ ਹੈ ਕਿ ਬੀਤੇ ਵਿਚ ਹੋਈਆਂ ਲਹਿਰਾਂ ਵਿੱਚ ਸਾਹਿਤ ਦੀ ਵੱਡੀ ਭੂਮਿਕਾ ਰਹੀ ਹੈ। ਹੁਣ ਸਿਰਫ ਕਵਿਤਾ ਲਿਖੀ ਜਾ ਰਹੀ ਹੈ। ਆਉਂਦੇ ਵਰ੍ਹਿਆਂ ਦੌਰਾਨ ਇਸ ਸੰਘਰਸ਼ ਦੇ ਹਵਾਲੇ ਨਾਲ ਸਾਹਿਤ ਦੀਆਂ ਹੋਰ ਵੰਨਗੀਆਂ ਦੀ ਜ਼ਿਕਰਯੋਗ ਸਿਰਜਣਾ ਹੋਵੇਗੀ। ਅਜਿਹਾ ਮੇਰਾ ਮੰਨਣਾ ਹੈ।

**ਮਲਵਿੰਦਰ: ਕੋਵਿਡ-19 ਦੇ ਸੰਕਟ ਦੌਰਾਨ ਤੁਹਾਡੀ ਨਾਟਕ ਦੀ ਪਹਿਲੀ ਪੁਸਤਕ 'ਕਿਸ ਦਰ ਦਸਤਕ ਦੇਈਏ' ਛਪੀ ਹੈ। ਕਵਿਤਾ ਦੀਆਂ ਦਸ ਕਿਤਾਬਾਂ ਛਪਵਾਉਣ ਤੋਂ ਬਾਅਦ ਨਾਟਕ ਵੱਲ ਆਉਣ ਦਾ ਸਬੱਬ ਕਿਵੇਂ ਬਣਿਆਂ? ਕੀ ਇਹ ਇਸ ਗੱਲ ਦਾ ਸੰਕੇਤ ਹੈ ਕਿ ਜਟਿਲ ਨਕਸ਼ਾਂ ਵਾਲੇ ਸਮਕਾਲ ਦਾ ਸਮੁੱਚ ਕਵਿਤਾ ਦੇ ਕਲਾਵੇ ਵਿੱਚ ਨਹੀਂ ਆਉਂਦਾ ਜਾਂ ਬਹੁਭਾਤੀ ਲੇਖਕ ਬਣਨ ਦੀ ਕੋਈ ਰੀਝ ਜਾਂ ਤਮੰਨਾ?**

**ਡਾ. ਰਵਿੰਦਰ:** ਲਾਕਡਾਊਨ ਦੌਰਾਨ ਹਰ ਪਾਸੇ ਇੱਕ ਅਜੀਬ ਬੇਯਕੀਨੀ ਦਾ ਮਾਹੌਲ ਸੀ, ਲੋਕ ਘਰਾਂ ਵਿਚ ਤੜੇ ਹੋਏ ਸਨ, ਕੋਈ ਕਿਸੇ ਨੂੰ ਮਿਲਦਾ ਨਹੀਂ ਸੀ, ਬੱਚੇ ਮਾਂ–ਬਾਪ ਦੀ ਬੀਮਾਰੀ ਜਾਂ ਮੌਤ ਹੋਣ 'ਤੇ ਕੰਨੀ ਖਿਸਕਾ ਜਾਂਦੇ ਸਨ। ਵਿਦੇਸ਼ਾਂ 'ਚ ਫਸੇ ਲੋਕ ਹਰ ਪਲ਼ ਮਾੜੀਆਂ ਖ਼ਬਰਾਂ ਤੋਂ ਬਚਣ ਲਈ ਅਰਦਾਸਾਂ ਕਰ ਰਹੇ ਸਨ। ਲੱਖਾਂ ਮਜ਼ਦੂਰ ਸਰਕਾਰ ਦੀਆਂ ਗਲਤ

ਨੀਤੀਆਂ ਕਾਰਨ ਆਪਣੇ ਘਰਾਂ ਨੂੰ ਪਰਤਦਿਆਂ ਅੱਤ ਦੀਆਂ ਮੁਸ਼ਕਲਾਂ ਝੱਲ ਰਹੇ ਸਨ। ਉਹਨਾਂ ਨੂੰ ਉਨ੍ਹਾਂ ਦੇ ਪ੍ਰਾਂਤ ਵਾਲੇ, ਪਿੰਡ ਵਾਲੇ ਤੇ ਘਰ ਦੇ ਜੀਅ ਵੀ ਮੂੰਹ ਨਹੀਂ ਸੀ ਲਾਉਂਦੇ। ਏਨਾਂ ਖਤਰਨਾਕ ਸਮਾਂ ਸੀ ਤੇ ਬਾਹਰ ਜਾ ਰਹੇ ਵਿਦਿਆਰਥੀ ਵੱਖਰੀ ਕਿਸਮ ਦੀ ਬੇਯਕੀਨੀ ਹੰਢਾ ਰਹੇ ਸਨ। ਮਰ ਚੁੱਕਿਆਂ ਨੂੰ ਕੋਈ ਅੰਤਿਮ ਸਸਕਾਰ ਕਰਨ ਲਈ ਵੀ ਹੱਥ ਨਹੀਂ ਸੀ ਲਾਉਂਦਾ। ਏਨੇ ਵੱਡੇ ਸੰਤਾਪ ਨੂੰ ਪੇਸ਼ ਕਰਦੀ ਸਿਰਜਣਾ ਲਈ ਮੈਨੂੰ ਕਵਿਤਾ ਦਾ ਮਾਧਿਅਮ ਛੋਟਾ ਲੱਗਾ ਅਤੇ ਮੈਂ ਇਹ ਨਾਟਕ ਲਿਖਣ ਦਾ ਯਤਨ ਕੀਤਾ। ਮੈਨੂੰ ਲੱਗਾ ਕਿ ਇਹ ਸਭ ਕੁਝ ਸਾਡੇ ਮਨੁੱਖਾਂ ਦੇ ਲਾਲਚ ਅਤੇ ਮਾੜੀਆਂ ਕਰਤੂਤਾਂ ਦੇ ਨਤੀਜੇ ਵਜੋਂ ਹੀ ਕੁਦਰਤ ਦੀ ਕਰੋਪੀ ਹੋਈ ਹੈ ਜਿਸ ਦਾ ਸਬੂਤ ਇਨ੍ਹਾਂ ਦਿਨਾਂ ਦੌਰਾਨ ਵਾਤਾਵਰਣ ਦੀ ਸ਼ੁਧਤਾ ਅਤੇ ਪੰਛੀਆਂ, ਜਨੌਰਾਂ ਦੀ ਵਾਪਸੀ ਵਿਚੋਂ ਮਿਲਦਾ ਸੀ। ਇਸ ਵਿਕਰਾਲ ਅਤੇ ਬਹੁ-ਪਸਾਰੀ ਸਥਿਤੀ ਦਾ ਵਰਣਨ ਕਵਿਤਾ ਵਿੱਚ ਸ਼ਾਇਦ ਸੰਭਵ ਨਾ ਹੁੰਦਾ। ਉਂਝ ਇਹ ਕੋਈ ਕਵਿਤਾ ਤੋਂ ਬੇਮੁੱਖ ਹੋਣ ਜਾਂ ਉਸ ਦੀ ਸੀਮਾ ਬਾਰੇ ਕਿਸੇ ਸ਼ੱਕ ਦੀ ਗੱਲ ਨਹੀਂ ਸੀ ਸਗੋਂ ਇਸ ਗੱਲ ਦਾ ਨਤੀਜਾ ਸੀ ਕਿ ਸਾਹਿਤ ਦੀ ਵਿਧਾ ਲੇਖਕ ਨਹੀਂ ਸਗੋਂ ਰਚਨਾ ਖ਼ੁਦ ਚੁਣਦੀ ਹੈ। ਰਚਨਾ ਖ਼ੁਦ ਆਪਣਾ ਸਰੂਪ ਲੈ ਕੇ ਲੇਖਕ ਕੋਲ ਆਉਂਦੀ ਹੈ।

**ਮਲਵਿੰਦਰ: ਇਸ ਨਾਟਕ ਨੂੰ ਕਿਸ ਤਰ੍ਹਾਂ ਦਾ ਹੁੰਗਾਰਾ ਮਿਲਿਆ? ਮੰਚ ਉਪਰ ਖੇਡਣ ਦਾ ਸਬੱਬ ਵੀ ਬਣਿਆਂ?**

**ਡਾ. ਰਵਿੰਦਰ:** ਇਸ ਨਾਟਕ ਨੂੰ ਠੀਕ ਹੀ ਹੁੰਗਾਰਾ ਮਿਲਿਆ ਹੈ। ਪਰ ਪਹਿਲਾ ਯਤਨ ਹੋਣ ਕਰਕੇ ਕੁਝ ਊਣਤਾਈਆਂ ਜ਼ਰੂਰ ਰਹਿ ਗਈਆਂ ਹੋਣਗੀਆਂ। ਕੇਵਲ ਧਾਲੀਵਾਲ ਨੂੰ ਇਹ ਨਾਟਕ ਚੰਗਾ ਲੱਗਾ ਅਤੇ ਉਸ ਨੇ ਇਸ ਦਾ ਮੰਚਣ ਕਰਨ ਬਾਰੇ ਵੀ ਕਿਹਾ ਹੈ ਪਰ ਕਰੋਨਾ ਦੇ ਲਾਕ-ਡਾਊਨ ਕਾਰਨ ਹਾਲਾਂ ਇਹ ਨਹੀਂ ਹੋ ਸਕਿਆ। ਪ੍ਰੋ. ਅਤੈ ਸਿੰਘ ਅਤੇ ਡਾ. ਆਤਮਜੀਤ ਨੂੰ ਵੀ ਇਹ ਨਾਟਕ ਪਸੰਦ ਆਇਆ ਹੈ ਪਰ ਉਨ੍ਹਾਂ ਨੇ ਇਸ ਵਿੱਚ ਕੁਝ ਕਮੀਆਂ ਬਾਰੇ ਆਪਣੇ ਵਡਮੁੱਲੇ ਸੁਝਾਅ ਵੀ ਦਿੱਤੇ ਹਨ। ਡਾ. ਹਰਚੰਦ ਬੇਦੀ, ਡਾ. ਸ਼ਹਰਯਾਰ, ਡਾ. ਕੈਰੋਂ ਅਤੇ ਹੋਰ ਲੇਖਕਾਂ ਅਤੇ ਕਈ ਪਾਠਕਾਂ ਨੂੰ ਇਹ ਬਹੁਤ ਚੰਗਾ ਲੱਗਾ ਹੈ। ਇਸ ਨਾਟਕ ਵਿਚਲੀਆਂ ਕਾਵਿ-ਟੁਕੜੀਆਂ ਨੂੰ ਕਾਫ਼ੀ ਪਸੰਦ ਕੀਤਾ ਗਿਆ ਹੈ।

**ਮਲਵਿੰਦਰ: ਕਰੋਨਾ ਸਮਿਆਂ ਦੌਰਾਨ ਹੀ ਭਾਸ਼ਾ ਵਿਭਾਗ ਪੰਜਾਬ ਵੱਲੋਂ ਪੁਰਸਕਾਰਾਂ ਦਾ ਐਲਾਨ ਕੀਤਾ ਗਿਆ ਜਿਸ ਵਿੱਚ ਤੁਸੀਂ ਵੀ ਸ਼੍ਰੋਮਣੀ ਕਵੀ ਦਾ**

**ਸਨਮਾਨ ਪ੍ਰਾਪਤ ਕੀਤਾ ਹੈ। ਇਹ ਸਨਮਾਨ ਪ੍ਰਾਪਤ ਕਰਕੇ ਕਿਸ ਤਰ੍ਹਾਂ ਦਾ ਮਹਿਸੂਸ ਕਰ ਰਹੇ ਹੋ ?**

**ਡਾ. ਰਵਿੰਦਰ:** ਸ਼੍ਰੋਮਣੀ ਪੰਜਾਬੀ ਕਵੀ ਦਾ ਇਨਾਮ ਮਿਲਣ ਬਾਰੇ ਮੈਂ ਏਨਾਂ ਹੀ ਕਹਾਂਗਾ ਕਿ ਮੇਰੀ ਕਵਿਤਾ ਦੇ ਸਨਮਾਨ ਦੀ ਮੈਨੂੰ ਮੁਨਾਸਿਬ ਮਿਕਦਾਰ ਦੀ ਖ਼ੁਸ਼ੀ ਹੈ। ਬਾਕੀ ਮੇਰੇ ਬਹੁਤ ਸਾਰੇ ਮਿੱਤਰਾਂ ਨੇ ਇਹ ਵੀ ਕਿਹਾ ਹੈ ਕਿ ਇਹ ਇਨਾਮ ਮੈਨੂੰ ਬਹੁਤ ਦੇਰ ਪਹਿਲਾਂ ਮਿਲਣਾ ਚਾਹੀਦਾ ਸੀ। ਇਨਾਮਾਂ, ਸਨਮਾਨਾਂ ਦਾ ਹਾਂ-ਪੱਖੀ ਰੋਲ ਇਹ ਹੋਣਾ ਚਾਹੀਦਾ ਹੈ ਕਿ ਇਹ ਤੁਹਾਨੂੰ ਆਤਮ ਵਿਸ਼ਵਾਸ ਦੇ ਕੇ ਹੋਰ ਵਧੀਆ ਲਿਖਣ ਲਈ ਪ੍ਰੇਰਨ। ਇਸ ਤੋਂ ਵੱਧ ਹੋਰ ਕੁਝ ਨਹੀਂ।

**ਮਲਵਿੰਦਰ: ਆਪਣੇ ਬਚਪਨ ਅਤੇ ਮੁਢਲੀ ਪੜ੍ਹਾਈ ਬਾਰੇ ਕੁੱਝ ਦੱਸੋ ? ਮੈਡੀਕਲ ਦੀ ਪੜ੍ਹਾਈ ਕਰਦਿਆਂ ਕਵਿਤਾ ਨਾਲ ਜੁੜਨ ਦਾ ਸਬੱਬ ਕਿਵੇਂ ਬਣਿਆ ?**

**ਡਾ. ਰਵਿੰਦਰ:** ਮੇਰਾ ਬਚਪਨ ਬਟਾਲੇ ਵਿਚ ਬੀਤਿਆ। ਪਿਤਾ ਜੀ ਦੀ ਮਸ਼ੀਨਾਂ (ਖਰਾਦ) ਬਣਾਉਣ ਦੀ ਫੈਕਟਰੀ ਸੀ। ਮੇਰੇ ਨਾਨਾ ਜੀ ਅਤੇ ਮਾਂ ਸਾਹਿਤ ਵਿਚ ਰੁਚੀ ਰੱਖਦੇ ਸਨ- ਇੰਝ ਮੈਂ ਵੀ ਉਹਨਾਂ ਦੀਆਂ ਕਿਤਾਬਾਂ ਪੜ੍ਹਦਾ ਰਹਿੰਦਾ ਸੀ। ਸਕੂਲ ਤੱਕ ਪੜ੍ਹਾਈ ਬਟਾਲੇ ਕਰਕੇ ਮੈਂ ਅੰਮ੍ਰਿਤਸਰ ਮੈਡੀਕਲ ਕਾਲਜ ਵਿਚ ਦਾਖਲ ਹੋ ਗਿਆ। ਦਰਅਸਲ ਕਵਿਤਾ ਜਾਂ ਸਾਹਿਤ ਸਿਰਜਣਾ ਦਾ ਬੀਜ ਤਾਂ ਸੰਵੇਦਨਸ਼ੀਲ ਮਨ ਦੇ ਅੰਦਰ ਹੀ ਹੁੰਦਾ ਹੈ, ਬਸ ਉਹਨੂੰ ਫਲਣ ਫੁੱਲਣ ਲਈ ਲੋੜੀਂਦੇ ਹਾਲਾਤ ਅਤੇ ਪ੍ਰੇਰਨਾ ਸ੍ਰੋਤ ਚਾਹੀਦੇ ਹਨ। ਇੰਝ ਹੀ ਮੇਰੇ ਨਾਲ ਕਿਸੇ ਮੁਹੱਬਤੀ ਸਰੋਕਾਰ ਦੇ ਜੁੜਨ ਕਰਕੇ ਕੁਝ ਸਤਰਾਂ, ਗੀਤ, ਗ਼ਜ਼ਲਾਂ ਲਿਖਣ ਲੱਗ ਪਿਆ। ਕਾਲਜ ਮੈਗਜ਼ੀਨ ਅਤੇ ਉਸ ਵੇਲੇ ਛਪਦੇ ਮਾਸਿਕ ਪੱਤਰ ਵਿਸ਼ਾਲ, ਕਵਿਤਾ, ਚਰਚਾ ਆਦਿ ਵਿਚ ਰਚਨਾਵਾਂ ਛਪੀਆਂ। ਇਸੇ ਦੌਰਾਨ ਲੇਖਕ ਮਿਤਰਾਂ ਮੁੱਖਤਾਰ ਗਿੱਲ, ਮੋਹਨਜੀਤ, ਜੋਗਿੰਦਰ ਕੈਰੋਂ, ਪ੍ਰਮਿੰਦਰਜੀਤ, ਗੁਲ ਚੌਹਾਨ ਨਾਲ ਸੰਪਰਕ ਹੋਇਆ-ਗਾਂਧੀ ਗਰਾਊਂਡ ਵਿਚ ਭਾਜੀ ਗੁਰਸ਼ਰਨ ਸਿੰਘ ਹੁਰਾਂ ਦੇ ਨਾਟਕ ਦੇਖਣ ਜਾਂਦਿਆਂ ਹੋਰ ਕਈ ਸਾਹਿਤਕ ਸਮਾਗਮਾਂ 'ਚ ਜਾਣਾ ਸ਼ੁਰੂ ਹੋ ਗਿਆ।

**ਮਲਵਿੰਦਰ: ਜਵਾਨੀ ਵਿਚ ਆਪਣੇ ਸਮਕਾਲੀ ਸ਼ਾਇਰ ਦੋਸਤਾਂ ਨਾਲ ਕੀਤੀਆਂ ਮਲੰਗੀਆਂ ਬਾਰੇ ਵੀ ਚਾਨਣਾ ਪਾਉ ?**

**ਡਾ. ਰਵਿੰਦਰ:** ਇਵੇਂ ਹੀ ਜਦੋਂ ਹੌਲੀ-ਹੌਲੀ ਸਾਹਿਤਕ ਦੋਸਤੀਆਂ ਦਾ ਘੇਰਾ ਵੱਧ ਗਿਆ ਤਾਂ ਕਈ ਵਾਰ ਸਾਰੀ ਸਾਰੀ ਰਾਤ ਸੜਕਾਂ 'ਤੇ ਘੁੰਮਦੇ ਰਹਿਣਾ। ਦੋਸਤਾਂ ਨੇ ਸਾਡੇ ਕਮਰੇ 19 ਨੰਬਰ ਵਿਚ ਜਿਥੇ ਮੈਂ ਤੇ ਡਾ. ਕਰਨੈਲ ਸ਼ੇਰਗਿੱਲ (ਯੂ.ਕੇ.) ਰਹਿੰਦੇ ਸਾਂ, ਸ਼ਾਮ ਨੂੰ ਆ ਜਾਣਾ ਤੇ ਫਿਰ ਜਿੱਧਰ ਮੂੰਹ ਕੀਤਾ ਤੁਰ ਪੈਣਾ। ਪਰ ਉਸ ਦੌਰ ਦੀਆਂ ਮਲੰਗੀਆਂ ਹੁਣ ਜਵਾਨੀ ਦੀਆਂ ਭੁੱਲਾਂ ਲੱਗਦੀਆਂ ਹਨ। ਹਾਂ, ਉਸ ਦੌਰ ਦੀਆਂ ਕੁਝ ਚੰਗੀਆਂ ਗੱਲਾਂ ਵੀ ਚੇਤਿਆਂ 'ਚ ਹਨ। ਇੱਕ ਵਾਰ ਅੱਧੀ ਰਾਤ ਨੂੰ ਢਾਬੇ ਦੀ ਰੋਟੀ ਉਤੇ ਸਕੈੱਚ ਪੈੱਨ ਨਾਲ ਕਵਿਤਾ ਲਿਖ ਕੇ ਮੈਂ ਸੁਰੇਸ਼ ਪੰਡਿਤ, ਵੇਦ ਸ਼ਰਮਾ, ਮੁਨਸ਼ੀ, ਪ੍ਰਮਿੰਦਰ ਨੇ ਅਮਿਤੋਜ ਨੂੰ ਪੋਸਟ ਕੀਤੀ। ਇੰਝ ਦੀਆਂ ਬੜੀਆਂ ਮਲੰਗੀਆਂ ਨੇ ਜਿਹੜੀਆਂ ਦੱਸਣ ਲੱਗਿਆਂ ਸ਼ਰਮ ਆਉਂਦੀ ਹੈ। ਇਹਨਾਂ ਮਲੰਗ ਮਹਿਫ਼ਲਾਂ ਵਿੱਚ ਪ੍ਰਮਿੰਦਰਜੀਤ, ਮੋਹਨਜੀਤ, ਅਮਿਤੋਜ, ਬਿਕਰਮਜੀਤ, ਮੁਨਸ਼ੀ ਉਰਫ਼ ਡਾ. ਰਵਿੰਦਰ, ਮੋਹਨ ਸ਼ਰਮਾ ਤੇ ਕਈ ਹੋਰ ਬੇਚੈਨ ਰੂਹਾਂ ਸ਼ਾਮਿਲ ਹੁੰਦੀਆਂ ਰਹੀਆਂ।

**ਮਲਵਿੰਦਰ: ਪਹਿਲੀ ਵਾਰ ਇਹ ਕਦੋਂ ਅਹਿਸਾਸ ਹੋਇਆ ਕਿ ਤੁਹਾਡੇ ਅੰਦਰ ਕਿਧਰੇ ਕਵਿਤਾ ਵੀ ਪਈ ਹੈ?**

**ਡਾ. ਰਵਿੰਦਰ:** ਇਹ ਅਹਿਸਾਸ ਮੈਨੂੰ ਬਚਪਨ ਵਿੱਚ ਹੀ ਹੋ ਗਿਆ ਸੀ ਜਦੋਂ ਮੈਂ ਆਪਣੇ ਸ਼ਹਿਰ ਦੇ ਮੁਸ਼ਾਇਰਿਆਂ ਅਤੇ ਗੁਰਦੁਆਰੇ ਦੀ ਸਟੇਜ ਉੱਤੋਂ ਆਪਣੀਆਂ ਜਾਂ ਹੋਰ ਕਵੀਆਂ ਦੀਆਂ ਲਿਖੀਆਂ ਕਵਿਤਾਵਾਂ ਸੁਣਾਉਂਦਾ ਹੁੰਦਾ ਸੀ। ਇਹ ਧਾਰਮਿਕ, ਸਿੱਖ ਇਤਿਹਾਸ ਦੀਆਂ ਵਾਰਾਂ ਜਾਂ ਹਾਸਰਸ ਦੀਆਂ ਕਵਿਤਾਵਾਂ ਸਨ ਪਰ ਮੈਂ ਕਦੀ-ਕਦੀ ਆਪ ਵੀ ਤੁੱਕਬੰਦੀ ਜਿਹੀ ਕਰ ਲੈਂਦਾ ਸਾਂ ਪਰ ਅਸਲ ਵਿੱਚ ਜਦੋਂ ਜਵਾਨੀ ਵਿੱਚ ਮੁਹੱਬਤੀ ਹਾਦਸੇ ਹੁੰਦੇ ਹਨ ਉਦੋਂ ਹੀ ਅੰਦਰਲਾ ਸ਼ਾਇਰ ਜਾਗਦਾ ਹੈ– ਮੇਰੇ ਨਾਲ ਵੀ ਕੁੱਝ ਇੰਝ ਹੀ ਹੋਇਆ ਤੇ ਮੈਂ ਆਪਣੇ ਅੰਦਰਲੇ ਦਰਦ ਨੂੰ ਸ਼ਬਦਾ ਦਾ ਜਾਮਾ ਪਹਿਨਾ ਕੇ ਲਿਖਣਾ ਸ਼ੁਰੂ ਕਰ ਦਿੱਤਾ–ਫਿਰ ਕਿਸੇ ਹੋਰ ਦੀ (ਮੁਹੱਬਤੀ ਚਿਹਰੇ ਸਮੇਤ) ਲੋੜ ਹੀ ਮਹਿਸੂਸ ਨਹੀਂ ਹੋਈ– ਦੁੱਖ ਹੀ ਆਨੰਦ ਦੇਣ ਲੱਗ ਪਿਆ ਅਤੇ ਸਗੋਂ ਇਹ ਡਰ ਲੱਗਣ ਲੱਗ ਪਿਆ ਕਿ ਕਿਤੇ ਵਿਛੋੜਾ ਮਿਲਾਪ 'ਚ ਨਾ ਬਦਲ ਜਾਵੇ ਤੇ ਕਵਿਤਾ ਸੌਂ ਨਾ ਜਾਵੇ।

**ਮਲਵਿੰਦਰ: ਇੰਨੇ ਵਰ੍ਹਿਆਂ ਤੋਂ ਕਵਿਤਾ ਦਾ ਸੰਗ ਸਾਥ ਮਾਣਦਿਆਂ ਕਦੀ ਕਵਿਤਾ ਤੋਂ ਦੂਰ ਜਾਣ ਦਾ ਵੀ ਮਨ ਕੀਤਾ ਹੈ?**

**ਡਾ. ਰਵਿੰਦਰ:** ਮੈਂ ਕਵਿਤਾ ਤੋਂ ਦੂਰ ਜਾਣ ਬਾਰੇ ਕਦੀ ਸੋਚ ਵੀ ਨਹੀਂ ਸਕਦਾ ਸਗੋਂ ਆਪਣੇ ਰੁਝੇਵਿਆਂ ਕਰਕੇ ਜਦੋਂ ਨਜ਼ਮ ਲਿਖਿਆਂ ਦੇਰ ਹੋ ਜਾਵੇ ਤਾਂ ਆਪਣਾ ਆਪ ਫਜ਼ੂਲ ਲੱਗਣ ਲੱਗ ਪੈਂਦਾ ਹੈ। ਪਦਾਰਥਕ ਪ੍ਰਾਪਤੀਆਂ ਇੱਕ ਕਵਿਤਾ ਲਿਖ ਲੈਣ ਦੇ ਸਕੂਨ ਸਾਹਮਣੇ ਮੈਨੂੰ ਹਮੇਸ਼ਾ ਨਿਗੂਣੀਆਂ ਅਤੇ ਅਰਥ ਹੀਨ ਹੀ ਲੱਗਦੀਆਂ ਰਹੀਆਂ ਨੇ।

**ਮਲਵਿੰਦਰ:** **ਖੁੱਲੀ ਕਵਿਤਾ ਦੇ ਸਬੰਧ 'ਚ ਕਵਿਤਾ-ਅਕਵਿਤਾ ਦਾ ਰੌਲਾ ਅਕਸਰ ਪੈਂਦਾ ਰਹਿੰਦਾ ਹੈ। ਕਈ ਵਾਰ ਕਵੀ ਵੀ ਦੁਬਿਧਾ ਵਿਚ ਪੈ ਜਾਂਦਾ ਹੈ ਕਿ ਜੋ ਉਹ ਲਿਖ ਰਿਹਾ ਹੈ ਉਹ ਕਵਿਤਾ ਵੀ ਹੈ ਜਾਂ ਨਹੀਂ? ਇਸ ਬਾਰੇ ਤੁਹਾਡਾ ਕੀ ਵਿਚਾਰ ਹੈ ਅਸਲ ਵਿੱਚ ਕਵਿਤਾ ਕੀ ਹੈ?**

**ਡਾ. ਰਵਿੰਦਰ:** ਕਵਿਤਾ–ਅਕਵਿਤਾ ਦੀ ਬਹਿਸ ਸਦਾ ਚੱਲਦੀ ਰਹੀ ਹੈ– ਮੈਂ ਸਮਝਦਾ ਹਾਂ ਕਿ ਸ਼ਾਇਰ ਨੂੰ ਅੰਦਰੋਂ ਪਤਾ ਹੁੰਦਾ ਹੈ ਕਿ ਇਹ ਕਵਿਤਾ ਹੈ ਜਾਂ ਨਹੀਂ ਬੱਸ ਇਹੋ ਹੀ ਉਸ ਦੀ ਦੁਬਿਧਾ ਦਾ ਨਿਵਾਰਣ ਹੈ। ਉਂਝ ਮੈਂ ਸਮਝਦਾ ਹਾਂ ਕਿ ਖੁੱਲ੍ਹੀ ਕਵਿਤਾ ਵਿੱਚ ਇੱਕ ਲੈਅ ਹੁੰਦੀ ਹੈ ਜੋ ਸਾਨੂੰ ਵਾਰਤਕ ਤੋਂ ਵਖਰਿਆਉਂਦੀ ਹੈ ਪਰ ਜਿੱਥੇ ਉਹ ਸਿਰਫ਼ ਸਤਰਾਂ ਨੂੰ ਤੋੜ ਕੇ ਛੋਟੀਆਂ ਵੱਡੀਆਂ ਕਰਕੇ ਕਵਿਤਾ ਦਾ ਭੁਲੇਖਾ ਪਾਉਂਦਾ ਹੈ ਉਥੇ ਵੀ ਪਤਾ ਹੁੰਦਾ ਹੈ– ਪਾਠਕ ਅਜਿਹੀਆਂ ਚਲਾਕੀਆਂ ਨੂੰ ਪਛਾਣ ਲੈਂਦਾ ਹੈ। ਸਿਰਫ਼ ਤੋਲ ਤੁਕਾਂਤ ਜਾਂ ਬਹਿਰ ਹੀ ਕਿਸੇ ਕਵਿਤਾ ਦਾ ਮਿਆਰ ਨਹੀਂ ਹੋ ਸਕਦਾ ਇਵੇਂ ਹੀ ਸਭ ਕੁਝ ਜੋ ਕੋਈ ਕਵੀ ਲਿਖ ਦਵੇ ਕਵਿਤਾ ਨਹੀਂ ਹੁੰਦਾ।

**ਮਲਵਿੰਦਰ:** **ਤੁਸੀਂ ਲਿਖਣ ਲਈ ਕਵਿਤਾ ਨੂੰ ਹੀ ਕਿਉਂ ਚੁਣਿਆਂ? ਕਦੀ ਕਿਸੇ ਹੋਰ ਵਿਧਾ ਵਿੱਚ ਵੀ ਲਿਖਿਆ?**

**ਡਾ. ਰਵਿੰਦਰ:** ਮੈਂ ਸਮਝਦਾ ਹਾਂ ਕਿ ਕੋਈ ਲੇਖਕ ਕਿਸੇ ਵਿਧਾ ਨੂੰ ਨਹੀਂ ਚੁਣਦਾ। ਜਿਵੇਂ ਮੈਂ ਸ਼ੁਰੂ ਵਿੱਚ ਵੀ ਗੱਲ ਕੀਤੀ ਹੈ ਕਿ ਹਰ ਰਚਨਾ ਆਪਣਾ ਸਰੂਪ ਆਪ ਸਿਰਜ ਕੇ ਲੇਖਕ ਕੋਲ ਆਉਂਦੀ ਹੈ ਤਾਂ ਹੀ ਤਾਂ ਅਸੀਂ ਕਦੀ ਗੀਤ, ਕਦੀ ਗ਼ਜ਼ਲ ਅਤੇ ਕਦੀ ਨਜ਼ਮ ਲਿਖਦੇ ਹਾਂ। ਇਵੇਂ ਹੀ ਕਈ ਗੱਲਾਂ ਸਿਰਫ਼ ਵਾਰਤਕ ਵਿੱਚ ਹੋ ਸਕਦੀਆਂ ਹਨ। ਮੈਂ ਵੀ ਕੁਝ ਮਿੱਤਰਾਂ ਬਾਰੇ ਲੇਖ, ਕੁਝ ਸੰਪਾਦਕੀ ਨੋਟ ਅਤੇ, ਕੁਝ ਪੁਸਤਕਾਂ ਦੀਆਂ ਭੂਮਿਕਾਵਾਂ ਲਿਖੀਆਂ ਹਨ। ਮੇਰੇ ਪਲੇਠੇ ਨਾਟਕ 'ਕਿਸ ਦਰ ਦਸਤਕ ਦੇਈਏ' ਬਾਰੇ ਤਾਂ ਆਪਾਂ ਗੱਲ ਕਰ ਹੀ ਚੁੱਕੇ ਹਾਂ। ਪਰ ਮੁਢਲੇ ਤੌਰ 'ਤੇ ਮੈਂ ਕਵਿਤਾ ਨਾਲ ਹੀ ਜੁੜਿਆ ਹੋਇਆ ਹਾਂ। ਇਸ

ਦਾ ਕਾਰਨ ਮੈਨੂੰ ਨਹੀਂ ਪਤਾ ਪਰ ਮੈਂ ਇਸ ਨੂੰ ਦੂਜੀਆਂ ਵਿਧਾਵਾਂ ਨਾਲੋਂ ਜ਼ਿਆਦਾ ਸ਼ਿੱਦਤ ਭਰਪੂਰ, ਥੋੜੇ ਪਰ ਚੁਣਵੇਂ ਸ਼ਬਦਾਂ ਨਾਲ ਕਿਸੇ ਪੈਟਰਨ ਵਿੱਚ ਪਰੋ ਕੇ ਪੇਸ਼ ਕਰਨ ਦਾ ਮਾਧਿਅਮ ਮੰਨਦਾ ਹਾਂ।

**ਮਲਵਿੰਦਰ: ਕਵਿਤਾ ਸਾਹਿਤ ਦਾ ਕਿੰਨਾ ਕੁ ਸ਼ਕਤੀਸ਼ਾਲੀ ਮਾਧਿਅਮ ਹੈ?**

**ਡਾ. ਰਵਿੰਦਰ:** ਮੇਰੀ ਜਾਚੇ ਕਵਿਤਾ ਸਾਹਿਤ ਦਾ ਸਭ ਤੋਂ ਸ਼ਕਤੀਸ਼ਾਲੀ ਮਾਧਿਅਮ ਹੈ-ਥੋੜ੍ਹੇ ਸ਼ਬਦਾਂ ਵਿੱਚ ਬਹੁਤ ਡੂੰਘੀ, ਬਹੁਤ ਉੱਚੀ ਅਤੇ ਧੁਰ ਅੰਦਰ ਤੱਕ ਲਹਿ ਜਾਣ ਵਾਲੀ ਗੱਲ ਕਵਿਤਾ ਵਿੱਚ ਹੀ ਹੋ ਸਕਦੀ ਹੈ। ਅਟੱਲ ਸਚਾਈਆਂ ਬਿਆਨਦੇ ਸ਼ਿਅਰ, ਦੋਹੇ ਅਤੇ ਕਵਿਤਾਵਾਂ ਇਸ ਦੀ ਉਦਾਹਰਨ ਹਨ। ਕਬੀਰ, ਗੁਰੂ ਸਾਹਿਬਾਨ, ਗ਼ਾਲਿਬ, ਵਾਰਿਸ ਅਤੇ ਸਾਡੇ ਹੋਰ ਸਮਕਾਲੀ ਕਵੀਆਂ ਦੇ ਸ਼ਿਅਰ ਲੋਕਾਂ ਦੀ ਜ਼ੁਬਾਨ ’ਤੇ ਉੱਤੇ ਚੜ੍ਹੇ ਹਨ। ਆਪਣੀ ਗੱਲ ਦੀ ਪ੍ਰੋੜਤਾ ਲਈ ਲੋਕ ਕਾਵਿ-ਟੂਕਾਂ ਦਾ ਆਸਰਾ ਲੈਂਦੇ ਹਨ-ਵਾਰਤਕ ਦਾ ਨਹੀਂ। ਕਵਿਤਾ ਦੀ ਉਡਾਣ ਤਿੱਖੀ ਪਰ ਬਹੁਤ ਉੱਚੀ ਹੁੰਦੀ ਹੈ ਭਾਵੇਂ ਵਾਰਤਕ ਦਾ ਕੈਨਵਸ ਇਸ ਤੋਂ ਕਿਤੇ ਜ਼ਿਆਦਾ ਵਿਸ਼ਾਲ ਹੁੰਦਾ ਹੈ। ਕਵਿਤਾ ਪਾਠਕ ਜਾਂ ਸਰੋਤੇ ਨੂੰ ਆਪਣੇ ਨਾਲ ਵਹਾ ਕੇ ਲੈ ਜਾਣ ਦੀ ਵਧੇਰੇ ਸਮਰੱਥਾ ਰੱਖਦੀ ਹੈ। ਵਾਰਤਕ ਦਿਮਾਗ ਦੀ ਗੱਲ ਕਰਦੀ ਹੈ- ਕਵਿਤਾ ਦਿਲ ਦੀ ਜਿਸ ਉੱਤੇ ਦਿਮਾਗ ਦਾ ਪਹਿਰਾ ਕਦੀ ਹੁੰਦਾ ਹੈ ਕਦੀਨਹੀਂ।

**ਮਲਵਿੰਦਰ: ਆਮ ਪਾਠਕਾਂ ਲਈ ਖੁੱਲ੍ਹੀ ਕਵਿਤਾ ਦੇ ਸੰਚਾਰ ਦੀ ਸਮੱਸਿਆ ਅਕਸਰ ਬਣੀ ਰਹਿੰਦੀ ਹੈ। ਇਸ ਲਈ ਆਪਾਂ ਕਵੀ ਲੋਕ ਕੀ ਕਰ ਸਕਦੇ ਹਾਂ?**

**ਡਾ. ਰਵਿੰਦਰ:** ਕਾਵਿ ਸੰਚਾਰ ਦੀ ਸਮੱਸਿਆ ਜ਼ਰੂਰ ਬਹੁਤ ਵੱਡੀ ਸਮੱਸਿਆ ਹੈ ਪਰ ਇਸ ਲਈ ਇਕੱਲਾ ਕਵੀ ਦੋਸ਼ੀ ਨਹੀਂ ਹੈ। ਪਾਠਕ ਨੂੰ ਵੀ ਕੁਝ ਕਦਮ ਕਵਿਤਾ ਸਮਝਣ ਲਈ ਅੱਗੇ ਆਉਣਾ ਚਾਹੀਦਾ ਹੈ। ਸਿਰਫ਼ ਸੰਚਾਰ ਸੌਖਾ ਬਣਾਉਣ ਲਈ ਸਾਨੂੰ ਮਿਆਰ ਨਾਲ ਸਮਝੌਤਾ ਨਹੀਂ ਕਰਨਾ ਚਾਹੀਦਾ ਪਰ ਕਵੀਆਂ ਦਾ ਵੀ ਇਹ ਫ਼ਰਜ਼ ਹੈ ਕਿ ਜਾਣਬੁੱਝ ਕੇ ਜਟਿਲਤਾ ਪੈਦਾ ਨਾ ਕਰਨ। ਜਿੱਥੇ ਸੌਖੇ, ਸਰਲ ਸ਼ਬਦਾਂ ਨਾਲ ਵੱਡੀ ਗੱਲ ਕਹਿ ਸਕੀਏ ਉੱਥੇ ਉਹ ਸ਼ਬਦ ਵਰਤੀਏ। ਦਰਅਸਲ ਸੁਹਿਰਦ ਪਾਠਕ ਅਤੇ ਸੁਹਿਰਦ ਕਵੀ ਦੀ ਰਚਨਾ ਵਿੱਚ ਕੋਈ ਸੰਚਾਰ ਸਮੱਸਿਆ ਨਹੀਂ ਹੈ।

**ਮਲਵਿੰਦਰ: ਬੌਧਿਕ ਕਿਸਮ ਦੀ ਲਿਖੀ ਜਾ ਰਹੀ ਅਤੇ ਵਿਦਵਾਨਾਂ ਦੀ ਨਜ਼ਰ ਵਿੱਚ ਪ੍ਰਵਾਨ ਚੜ੍ਹ ਰਹੀ ਜਟਿਲ ਕਵਿਤਾ, ਜਿਹੜੀ ਸਧਾਰਨ ਪਾਠਕ ਅਤੇ ਬਹੁਤ ਸਾਰੇ ਕਵੀਆਂ ਨੂੰ ਵੀ ਸਮਝ ਵਿੱਚ ਨਹੀਂ ਆਉਂਦੀ, ਬਾਰੇ ਤੁਸੀਂ ਕੀ ਕਹਿਣਾ ਚਾਹੋਗੇ ?**

**ਡਾ. ਰਵਿੰਦਰ:** ਕਵਿਤਾ ਵਿੱਚ ਬੌਧਿਕਤਾ ਦਾ ਦਖ਼ਲ ਕੋਈ ਮਾੜੀ ਗੱਲ ਨਹੀਂ। ਮਨੁੱਖੀ ਮਨ ਅਣਗਿਣਤ ਤਹਿਆਂ ਵਿੱਚ ਵਿਚਰ ਰਿਹਾ ਹੈ, ਅਣਗਿਣਤ ਗੁੰਝਲਾਂ ਅਤੇ ਉਲਝਣਾਂ ਜ਼ਿੰਦਗੀ ਦਾ ਅਨਿੱਖੜਵਾਂ ਅੰਗ ਹਨ। ਮਨੁੱਖ ਕਦੀ ਵੀ ਆਪਣੇ ਆਪ ਨੂੰ ਜਾਂ ਆਪਣੇ ਜਿਊਣ ਦੇ ਮਕਸਦ ਨੂੰ ਪੂਰੀ ਤਰ੍ਹਾਂ ਨਹੀਂ ਸਮਝ ਸਕਦਾ। ਕਵਿਤਾ ਦਾ ਵੀ ਮੁੱਖ ਮਕਸਦ ਆਪਣੇ ਆਪ ਨੂੰ ਸਮਝਣਾ, ਆਪਣੇ ਅੰਦਰ ਤੱਕ ਪਹੁੰਚਣਾ ਅਤੇ ਆਪਣੇ ਵਿਚਾਰਾਂ ਨੂੰ ਸ਼ਬਦਾਂ ਦਾ ਰੂਪ ਦੇ ਕੇ ਬਾਹਰ ਲਿਆਉਣਾ ਵੀ ਹੈ। ਇਸ ਲਈ ਕਦੀ ਕਦੀ ਅਤੇ ਕਿਤੇ ਕਿਤੇ ਬੌਧਿਕ ਉਚਾਈਆਂ ਜਾਂ ਡੂੰਘਾਈਆਂ ਦੀ ਗੱਲ ਹੋਣਾ ਜ਼ਰੂਰੀ ਹੈ ਪਰ ਇਸ ਦਾ ਦੂਸਰਾ ਪੱਖ ਵੀ ਅਣਗੌਲਿਆ ਨਹੀਂ ਰਹਿਣਾ ਚਾਹੀਦਾ। ਅਜਿਹੀ ਕਵਿਤਾ ਜੋ ਸਿਰਫ ਕੁਝ ਵਿਦਵਾਨਾਂ ਨੂੰ ਹੀ ਸਮਝ ਆਵੇ ਜਾਂ ਜਾਣ-ਬੁੱਝ ਕੇ ਜਟਿਲਤਾ ਵਿਚ ਪਰੋਈ ਹੋਵੇ ਅਤੇ ਸੁਹਿਰਦ ਪਾਠਕ ਜਾਂ ਸਮਕਾਲੀ ਕਵੀਆਂ ਨੂੰ ਵੀ ਸਮਝ ਨਾ ਆਵੇ, ਵੀ ਆਪਣੇ ਰਾਹ ਤੋਂ ਭਟਕੀ ਹੋਈ ਕਹਿਣੀ ਚਾਹੀਦੀ ਹੈ। ਕਵੀ ਨੂੰ ਤਾਂ ਅਤਿ-ਗੁੰਝਲਦਾਰ ਵਰਤਾਰਿਆਂ ਨੂੰ ਵੀ ਉਹਦੇ ਅਰਥਾਂ ਅਤੇ ਆਯਾਮਾਂ ਨੂੰ ਸੰਭਾਲਦੇ ਹੋਏ, ਸਰਲ ਸ਼ਬਦਾਂ ਵਿੱਚ ਪੇਸ਼ ਕਰਨਾ ਚਾਹੀਦਾ ਹੈ। ਇਹ ਸ਼ਾਇਰ ਦੀ ਪ੍ਰਾਪਤੀ ਹੋਵੇਗੀ ਕਿ ਉਹਨੇ ਡੂੰਘੀਆਂ ਹਨੇਰੀਆਂ ਗੁਫ਼ਾਵਾਂ ਵਿੱਚ ਸਰਲ ਸ਼ਬਦਾਂ ਦੀ ਮਦਦ ਨਾਲ ਚਾਨਣ ਕਰਨ ਦਾ ਉਪਰਾਲਾ ਕੀਤਾ ਹੈ। ਜੇ ਸਿਰਫ਼ ਅਕਾਦਮਿਕ ਪੱਧਰ 'ਤੇ ਹੀ ਹਾਜ਼ਰੀ ਲਵਾਉਣੀ ਹੈ ਤਾਂ ਅਜਿਹੀ ਕਵਿਤਾ ਚਿਰਜੀਵੀ ਨਹੀਂ ਹੋ ਸਕਦੀ। ਇਸ ਕਥਨ ਦੀ ਪ੍ਰੌੜਤਾ ਲਈ ਅਨੇਕਾਂ ਉਦਾਹਰਣਾ ਦਿੱਤੀਆਂ ਜਾ ਸਕਦੀਆਂ ਹਨ ਜੋ ਗੁਰਬਾਣੀ, ਭਗਤ ਬਾਣੀ ਅਤੇ ਅਜੋਕੇ ਕਈ ਕਵੀਆਂ ਦੀਆਂ ਹੋ ਸਕਦੀਆਂ ਹਨ ਜਿਨ੍ਹਾਂ ਦੀ ਗੱਲ ਬਹੁਗਿਣਤੀ ਪਾਠਕਾਂ ਅਤੇ ਸਰੋਤਿਆਂ ਤੱਕ ਪਹੁੰਚਦੀ ਹੈ ਪਰ ਅਤਿ ਸਧਾਰਣ ਜਾਂ ਵਿਚਾਰ ਵਿਹੂਣੀ ਨਹੀਂ ਹੁੰਦੀ ਅਤੇ ਜੀਵਨ ਦੀਆਂ ਗੁੰਝਲਾਂ ਦੀ ਬਾਖ਼ੂਬੀ ਪੜਚੋਲ ਅਤੇ ਤਰਜਮਾਨੀ ਵੀ ਕਰਦੀ ਹੈ।

**ਮਲਵਿੰਦਰ: ਵਿਚਾਰਧਾਰਕ ਪ੍ਰਤੀਬੱਧਤਾ ਵਾਲੀ ਕਾਵਿਕਤਾ ਤੋਂ ਸੱਖਣੀ ਕਵਿਤਾ ਦੇ ਗੁਣਗਾਨ ਨੂੰ ਤੁਸੀਂ ਕਿਵੇਂ ਲੈਂਦੇ ਹੋ ?**

**ਡਾ. ਰਵਿੰਦਰ:** ਮੇਰੀ ਨਜ਼ਰ ਵਿੱਚ ਕਵਿਤਾ ਲਈ ਕਿਸੇ ਵੀ ਪ੍ਰਤੀਬੱਧਤਾ ਅਧੀਨ ਵਿਚਰਨਾ ਇੱਕ ਕੈਦ ਵਾਂਗ ਹੈ, ਜਿਸ ਸਿਨਫ਼ ਦਾ ਜਨਮ ਹੀ ਸੋਚ-ਉਡਾਰੀ ਅਤੇ ਵਿਸ਼ਾਲਤਾ ਕਾਰਨ ਹੋਇਆ ਹੈ, ਉਸ ਲਈ ਇੱਕ ਹੀ ਸ਼ਰਤ ਹੋਣੀ ਕਾਫ਼ੀ ਹੈ ਕਿ ਉਹ ਕਵਿਤਾ ਜ਼ਰੂਰ ਹੋਵੇ। ਕਾਵਿਕਤਾ ਤੋਂ ਸੱਖਣੀ ਕਵਿਤਾ ਦਾ ਕੀ ਅਰਥ ਹੈ ? ਕੀ ਉਹ ਕਵਿਤਾ ਕਹਾ ਸਕਦੀ ਹੈ ? ਵਿਚਾਰਾਂ ਨਾਲ ਬੱਝ ਕੇ ਮੈਨੀਫੈਸਟੋ, ਲੇਖ ਜਾਂ ਇਸ਼ਤਿਹਾਰ ਲਿਖੇ ਜਾ ਸਕਦੇ ਹਨ। ਉਂਝ ਮੇਰਾ ਮੰਨਣਾ ਹੈ ਕਿ ਹਰ ਕਵੀ ਦੀ ਕੋਈ ਨਾ ਕੋਈ ਪ੍ਰਤੀਬੱਧਤਾ ਹੁੰਦੀ ਹੈ। ਉਹ ਭਾਵੇਂ ਸੱਚ ਨਾਲ ਹੋਵੇ, ਸਮਾਜ ਨਾਲ ਹੋਵੇ, ਮਨੁੱਖਤਾ ਨਾਲ ਹੋਵੇ ਜਾਂ ਜ਼ਿੰਦਗੀ ਨੂੰ ਹੋਰ ਸੋਹਣਾ ਬਣਾਉਣ ਦੇ ਸੰਕਲਪ ਨਾਲ ਹੋਵੇ। ਵਿਚਾਰਧਾਰਾ ਤਾਂ ਹਰ ਕਵੀ ਦੀ ਹੁੰਦੀ ਹੈ ਪਰ ਉਹ ਕਿਸੇ ਸਿੱਕੇਬੰਦ ਵਿਦਵਾਨ, ਨੇਤਾ ਜਾਂ ਕੱਟੜਤਾ ਤੋਂ ਮੁਕਤ ਹੋਣੀ ਚਾਹੀਦੀ ਹੈ ਨਹੀਂ ਤਾਂ ਉਹ ਇੱਕ ਗੁਲਾਮੀ ਦੀ ਹੀ ਜੂਨ ਹੰਢਾਏਗੀ। ਅਜਿਹੀ ਕਵਿਤਾ ਦਾ ਗੁਣਗਾਨ ਬੇਲੋੜੀ ਪ੍ਰਸੰਸਾ ਦੀ ਸ਼੍ਰੇਣੀ ਵਿਚ ਆਵੇਗਾ। ਇਹਦੇ ਨਾਲ ਹੀ ਇੱਕ ਗੱਲ ਚੇਤੇ ਰੱਖਣੀ ਚਾਹੀਦੀ ਹੈ ਕਿ ਹਰ ਦੌਰ ਵਿੱਚ ਵਿਚਾਰਧਾਰਾ ਨਾਲ ਬੱਝੇ ਹੋਏ ਸ਼ਾਇਰ ਆਪਣੀ ਸਮਰੱਥਾ ਮੁਤਾਬਿਕ ਬਹੁਤ ਵਧੀਆ ਕਵਿਤਾ ਲਿਖਦੇ ਰਹੇ ਹਨ ਜਿਸ ਨੇ ਮਨੁੱਖਤਾ ਦੀ ਅਗਵਾਈ ਕੀਤੀ ਹੈ। ਪਰ ਉਸ ਕਵਿਤਾ ਵਿੱਚ ਕਵਿਤਾ ਹਮੇਸ਼ਾ ਰਹੀ ਹੈ। ਅਜਿਹੀ ਸ਼ਾਇਰੀ ਨੇ ਯੁੱਗ ਪਲਟਾਉਣ ਦੀ ਸਮਰੱਥਾ ਦਾ ਵੀ ਮਾਣ ਹੰਢਾਇਆ ਹੋਇਆ ਹੈ। ਅਜਿਹੀ ਕਵਿਤਾ ਨੂੰ ਜੁੰਡਲੀਆਂ ਜਾਂ ਧੜਿਆਂ ਦੇ ਗੁਣਗਾਨ ਦੀ ਲੋੜ ਨਹੀਂ ਹੁੰਦੀ।

ਮਲਵਿੰਦਰ: **ਦਲਬੀਰ ਚੇਤਨ, ਜਸਬੀਰ ਭੁੱਲਰ ਵਰਗੇ ਦੋਸਤਾਂ ਨਾਲ ਤੁਸੀਂ ਪ੍ਰਕਾਸ਼ਨਾ ਦਾ ਕੰਮ ਆਰੰਭ ਕੀਤਾ ਸੀ। ਅੱਜ ਦੇ ਪੁਸਤਕ ਪ੍ਰਕਾਸ਼ਨ ਨੂੰ ਵੇਖਦਿਆਂ ਕਿਤਾਬਾਂ ਦੇ ਮਿਆਰ ਅਤੇ ਛਪਣ ਗਿਣਤੀ ਵਿੱਚ ਕਿੰਨੀ ਕੁ ਤਬਦੀਲੀ ਆਈ ਹੈ ?**

**ਡਾ. ਰਵਿੰਦਰ:** ਆਦਿਕਾ ਪ੍ਰਕਾਸ਼ਨ ਜਿਸ ਵੱਲ ਤੁਹਾਡੇ ਪ੍ਰਸ਼ਨ ਦਾ ਇਸ਼ਾਰਾ ਹੈ ਅੰਮ੍ਰਿਤਾ ਪ੍ਰੀਤਮ ਹੋਣਾ ਦੇ ਸੁਝਾਅ ਦਾ ਨਤੀਜਾ ਸੀ– ਬਹੁਤ ਵਧੀਆ ਪੁਸਤਕਾਂ ਛਪੀਆਂ ਜਿਨ੍ਹਾਂ ਨੂੰ ਅਸੀਂ ਸਾਰੇ ਆਪਣੇ ਖ਼ੂਬਸੂਰਤ ਬੱਚਿਆਂ ਵਾਂਗ ਪਾਠਕਾਂ ਸਾਹਮਣੇ ਲਿਆਉਂਦੇ ਰਹੇ। ਇੱਥੇ ਪ੍ਰਕਾਸ਼ਨਾ ਦਾ ਕਾਰਜ ਵੀ ਸਿਰਜਣਾਤਮਕ ਕਾਰਜ ਨਾਲ ਇੱਕਮਿੱਕ ਹੋਇਆ ਲੱਗਦਾ ਸੀ। ਪਰ ਅੱਜਕੱਲ੍ਹ ਮਿਕਦਾਰ ਦੇ ਪੱਖੋਂ ਪ੍ਰਕਾਸ਼ਨ ਅਦਾਰਿਆਂ

ਵੱਲੋਂ ਬਹੁਤ ਕਿਤਾਬਾਂ ਛਾਪੀਆਂ ਜਾ ਰਹੀਆਂ ਹਨ ਫਿਰ ਵੀ ਪਾਠਕਾਂ ਤੋਂ ਦੂਰੀ ਹੈ– ਕਿਤਾਬਾਂ ਵਿੱਕ ਨਹੀਂ ਰਹੀਆਂ ਬੱਸ ਲਾਇਬ੍ਰੇਰੀਆਂ ਵਿੱਚ ਜੋੜ-ਤੋੜ ਕਰਕੇ ਭੇਜੀਆਂ ਜਾ ਰਹੀਆਂ ਹਨ। ਕਿਸੇ ਸਮੇਂ ਦਿੱਲੀ ਵਿੱਚ ਇੱਕ ਪ੍ਰਕਾਸ਼ਕ ਅਦਾਰੇ ਨੂੰ ਪੌਂਡਾਂ ਵਾਲੇ ਲੇਖਕਾਂ ਦੀਆਂ ਕਿਤਾਬਾਂ ਛਾਪਣ ਲਈ ਮਿਹਣਾ ਦਿੱਤਾ ਜਾਂਦਾ ਸੀ– ਅੱਜ ਹਰ ਪ੍ਰਕਾਸ਼ਕ ਪੈਸੇ ਲੈ ਕੇ ਹਰ ਤਰ੍ਹਾਂ ਦਾ ਮਾਲ ਛਾਪ ਰਿਹਾ ਹੈ। ਦੂਜੀ ਜਾਂ ਤੀਜੀ ਐਡੀਸ਼ਨ ਦਾ ਭੁਲੇਖਾ ਪਾ ਕੇ ਸਿਰਫ਼ ਸੌ, ਡੇਢ ਸੌ ਕਿਤਾਬ ਲੇਖਕ ਨੂੰ ਦੁਬਾਰਾ ਤਿਬਾਰਾ ਵੇਚ ਰਿਹਾ ਹੈ। ਲੇਖਕ ਸਿਰਫ਼ ਆਪਣੀ ਪੁਸਤਕ ਨੂੰ ਧੀਆਂ ਵਾਂਗ ਪਿਆਰ ਕਰਦਾ ਹੋਇਆ ਉਸ ਵਿੱਚ ਛਪਿਆ ਹਰ ਅੱਖਰ ਸ਼ਿੰਗਾਰਦਾ ਹੈ। ਕੋਲੋਂ ਪੈਸੇ ਦੇ ਕੇ ਛਪਵਾਉਂਦਾਹੈ–ਪ੍ਰਕਾਸ਼ਕ ਆਪਣੀਆਂ ਮਸ਼ੀਨਾਂ ਵਾਗੂੰ ਸਿਰਫ਼ ਸਫ਼ੇ, ਸ਼ਬਦ ਤੇ ਨੋਟ ਗਿਣਦਾ ਹੈ। ਕਿਤਾਬਾਂ ਦੇ ਮਿਆਰ ਦੀ ਗਿਰਾਵਟ ਦਾ ਕਾਰਨ ਵੀ ਇਹੋ ਹੈ ਕਿ ਕੋਈ ਕੁਝ ਵੀ ਕੂੜਾ-ਕਬਾੜਾ ਲਿਖ ਕੇ ਪੈਸੇ ਦੇ ਕੇ ਵਧੀਆ ਤੋਂ ਵਧੀਆ ਪ੍ਰਕਾਸ਼ਨ ਅਦਾਰੇ ਤੋਂ ਛਪਵਾ ਸਕਦਾ ਹੈ। ਮੇਰਾ ਸੁਝਾਅ ਹੈ ਕਿ ਪੰਜਾਬੀ ਦੀਆਂ ਤਿੰਨ ਮੁੱਖ ਸਭਾਵਾਂ– ਕੇਂਦਰੀ ਲਿਖਾਰੀ ਸਭਾ, ਪੰਜਾਬੀ ਅਕਾਦਮੀ ਲੁਧਿਆਣਾ ਅਤੇ ਪੰਜਾਬੀ ਅਕਾਦਮੀ ਦਿੱਲੀ ਪੰਜਾਬ ਦੇ ਵਿਸ਼ਵ-ਵਿਦਿਆਲਿਆਂ ਦੇ ਪੰਜਾਬੀ ਵਿਦਵਾਨਾਂ ਦੀ ਸਲਾਹ ਨਾਲ ਇੱਕ ਸਕਰੀਨਿੰਗ ਕਮੇਟੀ ਬਣਾਉਣ ਜਿਹੜੀ ਛਪਣਯੋਗ ਪੁਸਤਕ ਨੂੰ ਆਪਣੀ ਪ੍ਰਵਾਨਗੀ ਦੇਵੇ। ਇੰਝ ਪਾਠਕਾਂ ਕੋਲ ਮਿਆਰੀ ਸਾਹਿਤ ਪੁੱਜੇਗਾ।

**ਮਲਵਿੰਦਰ: ਤੁਸੀਂ ਡਾ. ਜੋਗਿੰਦਰ ਕੈਰੋਂ ਹੋਰਾਂ ਨਾਲ ਅਜੋਕੇ ਸ਼ਿਲਾਲੇਖ ਦੇ ਸੰਪਾਦਕ ਵੀ ਹੋ। ਸੰਪਾਦਨਾ ਬਾਰੇ ਆਪਣਾ ਕੋਈ ਤਜਰਬਾ ਸਾਂਝਾ ਕਰੋ ?**

**ਡਾ. ਰਵਿੰਦਰ:** ਅਜੋਕੇ ਸ਼ਿਲਾਲੇਖ ਅਸੀਂ ਮੁੱਖ ਤੌਰ ’ਤੇ ਪਾਠਕਾਂ, ਲੇਖਕਾਂ ਤੇ ਸਾਹਿਤ ਦੇ ਵਿਦਿਆਰਥੀਆਂ ਦੇ ਕਾਰਜ ਨੂੰ ਮੁੱਖ ਰੱਖ ਕੇ ਛਾਪਦੇ ਹਾਂ। ਵਿਸ਼ਵ ਪੱਧਰ ਦੀਆਂ ਕਹਾਣੀਆਂ ਦੇ ਅਨੁਵਾਦ, ਕਵਿਤਾਵਾਂ, ਆਲੋਚਨਾ ਦੀਆਂ ਨਵੀਆਂ ਸੰਭਾਵਨਾਵਾਂ, ਖੋਜਕਾਰਜਾਂ ਅਤੇ ਵਿਸ਼ਵ ਪੱਧਰ ਦੇ ਚਿੰਤਕ, ਲੇਖਕ ਅਤੇ ਦਾਰਸ਼ਨਿਕ ਪ੍ਰਤਿਭਾਵਾਨ ਮਨੁੱਖਾਂ ਨਾਲ ਪੰਜਾਬੀ ਪਾਠਕਾਂ ਦਾ ਤੁਆਰਫ ਕਰਵਾਉਣਾ ਸਾਡਾ ਮੰਤਵ ਹੈ। ਇਸ ਕਾਰਜ ਵਿਚ ਮੈਨੂੰ ਪੂਰੀ ਸ਼ੰਤੁਸ਼ਟੀ ਹੈ ਅਤੇ ਅਸੀਂ ਇਹ ਪਰਚਾ ਬਾਕੀ ਸਮਕਾਲੀ ਪਰਚਿਆਂ ਨਾਲ ਸਹਿਮਤੀ ਦੇ ਅਧਾਰ ਉੱਤੇ ਆਪਣੀ ਵੱਖਰੀ ਪਹਿਚਾਣ ਬਣਾ ਕੇ ਛਾਪਦੇ ਹਾਂ।

**ਮਲਵਿੰਦਰ: ਕਵਿਤਾ ਸਾਡੇ ਸਮਾਜਿਕ ਰਿਸ਼ਤਿਆਂ ਉੱਪਰ ਕਿਹੋ ਜਿਹਾ ਅਤੇ ਕਿੰਨਾ ਕੁ ਅਸਰ ਪਾਉਂਦੀ ਹੈ ?**

**ਡਾ. ਰਵਿੰਦਰ:** ਮੈਂ ਸਮਝਦਾ ਹਾਂ ਕਿ ਕਵਿਤਾ ਦਾ ਸਾਡੇ ਜੀਵਨ ਉੱਤੇ ਬਹੁਤ ਭਰਪੂਰ ਅਸਰ ਹੁੰਦਾ ਹੈ– ਮਾਂ ਦੀ ਲੋਰੀ, ਬੱਚੇ ਦੀ ਕਿਲਕਾਰੀ, ਪੰਛੀਆਂ ਦੀ ਚਹਿਚਹਾਟ, ਮੀਂਹ ਦੀਆਂ ਕਣੀਆਂ ਦੀ ਅਵਾਜ਼, ਹਵਾ, ਪੌਣ ਅਤੇ ਕੀੜੇ-ਮਕੌੜਿਆਂ ਦੀਆਂ ਆਵਾਜ਼ਾਂ ਸਭ ਕਵਿਤਾ ਦਾ ਹੀ ਰੂਪ ਹਨ। ਸਮਾਜਿਕ ਰਿਸ਼ਤਿਆਂ ਉੱਤੇ ਕਦੀ ਇੱਕ ਮਾਣਯੋਗ ਪ੍ਰਾਪਤੀ ਹੋ ਨਿੱਬੜਦੀ ਹੈ। ਪਰ ਕਦੀ-ਕਦੀ ਇਹਨਾਂ ਰਿਸ਼ਤਿਆਂ ਦੀਆਂ ਰੋਜ਼ਮੱਰਾ ਦੀਆਂ ਲੋੜਾਂ, ਆਸਾਂ ਨੂੰ ਪੂਰਾ ਨਾ ਕਰਨ ਦਾ ਇਲਜ਼ਾਮ ਸਹਿੰਦੀ ਹੈ। ਸਮਾਜਿਕ ਰਿਸ਼ਤਿਆਂ ਨੂੰ ਆਪਣੇ ਅੰਦਰ ਵੱਸਦੀ ਮਹਿਬੂਬਾ ਸ਼ਾਇਰੀ ਨੂੰ ਆਪਣੇ ਸਾਹਾਂ, ਖ਼ੂਨ ਨਾਲ ਪਾਲ ਕੇ ਕਦੇ ਪਰਦੇ ਹੇਠ ਲੁਕਾ ਕੇ, ਕਦੀ ਜੱਗ ਜ਼ਾਹਰ ਕਰਕੇ ਨਿਭਾਉਂਣਾ ਪੈਂਦਾ ਹੈ। ਇਸ ਕਾਰਜ ਲਈ ਹਰ ਕੁਰਬਾਨੀ ਛੋਟੀ ਹੈ ਬੱਸ ਕਵਿਤਾ ਦਿਲੋਂ ਨਹੀਂ ਵਿੱਸਰਨੀ ਚਾਹੀਦੀ।

**ਮਲਵਿੰਦਰ: ਤੁਹਾਡੀ ਕਵਿਤਾ ਉਪਰ ਖੋਜ–ਕਾਰਜ ਵੀ ਹੋਇਆ ਹੈ ? ਜੇ ਹੋਇਆ ਹੈ ਤਾਂ ਕਿਸ ਰੂਪ ਵਿੱਚ ? ਤੁਸੀਂ ਇਸ ਖੋਜ–ਕਾਰਜ ਤੋਂ ਕਿਸ ਤਰ੍ਹਾਂ ਦੀ ਸੰਤੁਸ਼ਟੀ ਮਹਿਸੂਸ ਕਰਦੇਹੋ ?**

**ਡਾ. ਰਵਿੰਦਰ:** ਮੇਰੀ ਕਵਿਤਾ ਉੱਤੇ ਪ੍ਰੋ. ਗੁਲਬਦਨ ਮੱਲ੍ਹੀ ਨੇ ਐਮ.ਫਿਲ. ਲਈ ਖੋਜ-ਪੱਤਰ ਲਿਖਿਆ ਸੀ ਜੋ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਰਜਿਸਟਰਡ ਹੈ। ਕੁਝਵਿਦਿਆਰਥੀ ਪੀਐੱਚ.ਡੀ. ਵਾਸਤੇ ਵੀ ਕੰਮ ਕਰ ਰਹੇ ਹਨ ਅਤੇ ਮੇਰੇ ਕੋਲ ਮੇਰੀ ਕਵਿਤਾ ਅਤੇ ਸਿਰਜਣ ਪ੍ਰਕਿਰਿਆ ਬਾਰੇ ਸਵਾਲ ਪੁੱਛਣ ਆਉਂਦੇ ਰਹਿੰਦੇ ਹਨ। ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਕੁਝ ਅਧਿਆਪਕਾਂ ਨੇ ਆਪਣੇ ਵਿਦਿਆਰਥੀਆਂ ਨੂੰ ਕਵਿਤਾ ਉੱਤੇ ਕੰਮ ਕਰਨ ਲਈ ਕਿਹਾ ਹੋਇਆ ਹੈ। ਪ੍ਰੋ. ਗੁਲਬਦਨ ਮੱਲ੍ਹੀ ਨੇ ਮੇਰੀ ਇੱਕ ਕਵਿਤਾ 'ਬੇਦਾਵਾ' ਉਤੇ ਐੱਮ.ਫਿਲ. ਕੀਤੀ ਹੈ ਅਤੇ ਉਸ ਦੇ ਕਾਰਜ ਤੋਂ ਮੈਂ ਸੰਤੁਸ਼ਟ ਹਾਂ। ਪਰ ਮੈਨੂੰ ਇਹ ਕਹਿਣ ਵਿਚ ਕੋਈ ਗੁਰੇਜ਼ ਨਹੀਂ ਕਿ ਸਾਡੇ ਵਿਦਵਾਨ ਪੁਰਾਣੇ ਗਾਡੀਰਾਹ ਉੱਤੇ ਹੀ ਚੱਲਦੇ ਰਹਿਣਾ ਪਸੰਦ ਕਰਦੇ ਹਨ। ਜਿਨ੍ਹਾਂ ਕਵੀਆਂ ਉੱਤੇ ਪਹਿਲਾਂ ਕੰਮ ਹੋ ਚੁੱਕਾ ਹੈ ਅਤੇ ਜਿਨ੍ਹਾਂ ਬਾਰੇ ਖੋਜ ਜਾਣਕਾਰੀ ਉਹਨਾਂ ਨੂੰ ਸੌਖੀ ਮਿਲ ਜਾਂਦੀ ਹੈ, ਆਪ ਮਿਹਨਤ ਕਰਕੇ ਵਿਦਿਆਰਥੀ ਨੂੰ ਗਾਈਡ ਨਹੀਂ ਕਰਨਾ ਪੈਂਦਾ, ਉਹ ਉਨ੍ਹਾਂ ਲੇਖਕਾਂ ਉੱਤੇ ਹੀ ਕੰਮ ਕਰਵਾਉਣ ਨੂੰ ਸੌਖਾ

ਕਾਰਜ ਮੰਨ ਕੇ ਕੰਮ ਚਲਾਈ ਜਾਂਦੇ ਹਨ। ਇਹ ਸ਼ਾਇਦ ਉਹਨਾਂ ਦੀ ਮਜਬੂਰੀ ਹੈ।

**ਮਲਵਿੰਦਰ:** **ਪਿਛਲੇ ਦਿਨੀਂ ਫੇਸਬੁੱਕ 'ਤੇ ਪਈ ਇਕ ਪੋਸਟ ਅਨੁਸਾਰ ਫਿਲਹਾਲ ਵਾਲੇ ਗੁਰਬਚਨ ਦਾ ਕਹਿਣਾ ਹੈ ਕਿ ਪੰਜਾਬੀ ਕਵਿਤਾ ਵਿਚ ਵੀ ਏਰੀਆ ਕਮਾਂਡਰ ਹਨ। ਤੁਸੀਂ ਇਸ ਨਾਲ ਕਿੰਨਾ ਕੁ ਸਹਿਮਤ ਹੋ ?**

**ਡਾ. ਰਵਿੰਦਰ:** ਗੁਰਬਚਨ ਇੱਕ ਸੰਜੀਦਾ ਚਿੰਤਕ ਅਤੇ ਆਲੋਚਕ ਹੈ। ਸੰਵਾਦ ਅਤੇ ਵਿਵਾਦ ਸਿਰਜਦਾ ਹੈ। ਉਹਦੇ ਲੇਖ ਪਹਿਲਾਂ ਇਕੱਤੀ ਫਰਵਰੀ ਅਤੇ ਹੋਰ ਪਰਚਿਆਂ ਵਿਚ ਛਪਦੇ ਰਹੇ ਹਨ। ਫਿਲਹਾਲ ਪਰਚਾ ਵੀ ਹਰ ਅੰਕ ਨਾਲ ਸੋਚਣ-ਵਿਚਾਰਨ ਵਾਲੀ ਢੇਰ ਸਾਰੀ ਸਮੱਗਰੀ ਲਿਆਉਂਦਾ ਰਿਹਾ ਹੈ। ਗੁਰਬਚਨ ਹੋਰਾਂ ਦਾ ਹਰ ਲੇਖ ਸੋਚ ਨੂੰ ਉਤੇਜਨਾ ਦੀ ਹੱਦ ਤੱਕ ਵੰਗਾਰਦਾ ਹੈ। ਮੈਂ ਫੇਸਬੁੱਕ ਵਾਲੀ ਟਿੱਪਣੀ ਨਹੀਂ ਪੜ੍ਹੀ। ਪਰ ਪੰਜਾਬੀ ਕਵਿਤਾ ਵਿਚ ਏਰੀਆ ਕਮਾਂਡਰ ਵਾਲੀ ਟਿੱਪਣੀ ਨਾਲ ਮੈਂ ਪੂਰੀ ਤਰ੍ਹਾਂ ਸਹਿਮਤ ਨਹੀਂ ਹਾਂ। ਹਾਂ ਏਨਾ ਜ਼ਰੂਰ ਹੈ ਕਿ ਹਰ ਸ਼ਹਿਰ ਜਾਂ ਪਿੰਡ ਵਿਚਲੀਆਂ ਸਾਹਿਤ ਸਭਾਵਾਂ ਦੇ ਕਾਰਕੁਨ ਕਈ ਵਾਰ ਨਵੇਂ ਸਾਹਿਤਕਾਰਾਂ ਨੂੰ ਆਪਣਾ ਜਥੇਦਾਰੀ ਵਾਲਾ ਚਿਹਰਾ ਵਿਖਾਉਂਦੇ ਰਹਿੰਦੇ ਹਨ। ਉਨ੍ਹਾਂ ਨੂੰ ਕਵੀ ਦਰਬਾਰਾਂ ਵਿਚ ਲਿਜਾਣਾ, ਉਨ੍ਹਾਂ ਦੀਆਂ ਰਚਨਾਵਾਂ ਉਪਰ ਟਿੱਪਣੀ ਲਿਖ ਕੇ ਪਰਚਿਆਂ ਵਿਚ ਛਪਣ ਲਈ ਸਿਫ਼ਾਰਸ਼ ਕਰਨਾ ਅਤੇ ਹੋਰ ਇਹੋ-ਜਿਹੇ ਕੰਮਾਂ ਵਿਚ ਮੂਹਰੇ ਲੱਗ ਜਾਣਾ ਤਾਂ ਆਮ ਗੱਲ ਹੈ। ਹੁਣ ਇਨ੍ਹਾਂ ਨੂੰ ਤੁਸੀਂ ਚਾਹੋ ਤਾਂ ਏਰੀਆ ਕਮਾਂਡਰ ਕਹਿ ਲਵੋ।

❑❑❑

# ਰੂ-ਬ-ਰੂ: ਅਰਤਿੰਦਰ ਸੰਧੂ

*ਕਵਿਤਾ ਸਾਡੇ ਅੰਦਰ ਕਿਤੇ ਸਾਡੇ ਅੰਦਰਲੇ ਬ੍ਰਹਿਮੰਡ ਦੇ ਕਿਸੇ ਗੋਸ਼ੇ, ਕਿਸੇ ਅੰਬਰ, ਕਿਸੇ ਕੰਦਰ ਵਿਚ ਸਿਰਜੀ ਜਾ ਰਹੀ ਹੁੰਦੀ ਹੈ। (**ਅਰਤਿੰਦਰ ਸੰਧੂ**)*

ਅਰਤਿੰਦਰ ਸੰਧੂ 'ਸਾਹਿਤਕ ਏਕਮ' ਦੀ ਸੰਪਾਦਕ ਹੈ। ਇੱਕ ਅੰਕ ਨਾਰੀ ਕਾਵਿ ਵਿਸ਼ੇਸ਼ ਅੰਕ ਵਜੋਂ ਛਾਪਿਆ ਤਾਂ ਪੰਜਾਬੀ ਟ੍ਰਿਬਿਊਨ ਦੇ ਸੰਪਾਦਕ ਸੁਰਿੰਦਰ ਸਿੰਘ ਤੇਜ ਹੋਰਾਂ ਨੇ ਆਪਣੇ ਕਾਲਮ ਵਿੱਚ ਇਸ ਦਾ ਵਿਸ਼ੇਸ਼ ਤੌਰ 'ਤੇ ਜ਼ਿਕਰ ਕੀਤਾ। ਇਹ ਪੰਝੀਵਾਂ ਅੰਕ ਹੈ। ਯਾਨੀ ਪਰਚਾ ਸਤਵੇਂ ਸਾਲ 'ਚ ਪ੍ਰਵੇਸ਼ ਕਰ ਚੁੱਕਾ ਹੈ। ਇਹ ਸਾਰਾ ਅਰਸਾ ਪਰਚੇ ਨੇ ਜਿਵੇਂ ਆਪਣੀ ਬਾਕਾਇਦਗੀ ਅਤੇ ਮਿਆਰ ਬਣਾਈ ਰੱਖਿਆ ਹੈ, ਕਾਬਲੇ-ਤਾਰੀਫ਼ ਹੈ।

ਅਰਤਿੰਦਰ ਸੰਧੂ ਨੇ ਕਵਿਤਾ ਭਾਵੇਂ ਛੋਟੀ ਉਮਰ ਵਿਚ ਹੀ ਲਿਖਣੀ ਸ਼ੁਰੂ ਕਰ ਦਿੱਤੀ ਸੀ ਪਰ ਪਹਿਲੀ ਕਿਤਾਬ 'ਸਿਜਦੇ ਜੁਗਨੂਆਂ ਨੂੰ' ਉਮਰ ਦੇ ਛੇਵੇਂ ਦਹਾਕੇ ਦੌਰਾਨ ਛਪੀ। ਫਿਰ ਤਾਂ ਜਿਵੇਂ ਰੁਕੇ ਪਾਣੀ ਨੂੰ ਰਾਹ ਮਿਲ ਗਿਆ ਹੋਵੇ। 'ਕਦੇ ਤਾਂ ਮਿਲ ਜ਼ਿੰਦਗੀ' ਉਸ ਦੀ ਬਾਰਵੀਂ ਮੌਲਿਕ ਕਾਵਿ-ਪੋਥੀ ਹੈ। ਪੰਜਾਬੀ ਸਾਹਿਤ ਵਿਚ ਸਾਹਿਤਕ ਪੱਤਰਕਾਰੀ ਅਤੇ ਕਵਿਤਾ ਦੇ ਖੇਤਰ ਵਿਚ ਹੁਣ ਅਰਤਿੰਦਰ ਸੰਧੂ ਦਾ ਜ਼ਿਕਰ ਵਿਸ਼ੇਸ਼ ਹੁੰਦਾ ਹੈ। ਇਹ ਸਾਰਾ ਕੁਝ ਉਸ ਨੇ ਨਿਰੰਤਰ ਮਿਹਨਤ ਨਾਲ ਕੁਲਵਕਤੀ ਲੇਖਕ ਦੇ ਤੌਰ 'ਤੇ ਸੁਹਿਰਦ ਪਹੁੰਚ ਅਤੇ ਸਮਰਪਣ ਨਾਲ ਹਾਸਲ ਕੀਤਾ ਹੈ। ਉਸ ਨੇ ਆਪਣੇ-ਆਲੇ-ਦੁਆਲੇ ਨੌਜਵਾਨ ਕਵੀਆਂ/ਕਵਿਤਰੀਆਂ ਦਾ ਇੱਕ ਛੋਟਾ ਜਿਹਾ ਆਭਾ-ਮੰਡਲ ਉਸਾਰ ਰੱਖਿਆ ਹੈ। 'ਏਕਮ ਸਾਹਿਤ ਮੰਚ' ਨਾਮੀਂ ਸੰਸਥਾ ਨੇ ਉਹਨਾਂ ਦੀ ਅਗਵਾਈ 'ਚ ਕਈ ਪ੍ਰਭਾਵਸ਼ਾਲੀ ਸਾਹਿਤਕ ਸਮਾਗਮ ਰਚਾਏ ਹਨ। ਉਨ੍ਹਾਂ ਦੀਆਂ ਇਨ੍ਹਾਂ ਪ੍ਰਾਪਤੀਆਂ ਪਿੱਛੇ ਉਨ੍ਹਾਂ ਦੇ ਪਤੀ ਸ੍ਰੀ ਰਾਜਖੁਸ਼ਵੰਤ ਸਿੰਘ ਸੰਧੂ ਹੋਰਾਂ ਦੀ ਭੂਮਿਕਾ ਨੂੰ ਅਣਗੌਲਿਆਂ ਨਹੀਂ ਕਰ ਸਕਦੇ। ਪੇਸ਼ ਹਨ ਉਨ੍ਹਾਂ ਨਾਲ ਕੀਤੀਆਂ ਕੁਝ ਗੱਲਾਂ:

**ਮਲਵਿੰਦਰ: ਤੁਹਾਡੀ ਪਹਿਲੀ ਕਿਤਾਬ 'ਸਿਜਦੇ ਜੁਗਨੂਆਂ ਨੂੰ' ਸਾਲ ਦੋ ਹਜ਼ਾਰ ਦੇ ਨੇੜੇ ਛਪੀ। ਕੀ ਤੁਹਾਨੂੰ ਕਵਿਤਾ ਜ਼ਰਾ ਪਛੜਕੇ ਮਿਲੀ ?**

**ਅਰਤਿੰਦਰ:** ਨਹੀਂ ਮਲਵਿੰਦਰ, ਮੇਰੀ ਪਹਿਲੀ ਕਵਿਤਾ, ਪੰਜਾਬੀ ਦੇ ਰਸਾਲੇ ਕੰਵਲ ਵਿੱਚ, ਜਿਸ ਦੇ ਸੰਪਾਦਕ ਸਵ: ਅਨੁਵੰਤ ਕੌਰ ਸਨ, ਮੇਰੇ ਨੌਂਵੀਂ ਵਿੱਚ ਪੜ੍ਹਦਿਆਂ ਛਪੀ ਸੀ। ਅਸਲ ਵਿੱਚ ਕਵਿਤਾਵਾਂ ਤਾਂ

ਮੈਂ ਛੇਵੀਂ ਜਮਾਤ ਵਿੱਚ ਪੜ੍ਹਦਿਆਂ ਤੋਂ ਹੀ ਲਿਖਣ ਲੱਗ ਪਈ ਸੀ। ਕਦੇ ਦੇਸ਼ ਪਿਆਰ ਦੀਆਂ ਤੇ ਕਦੇ ਕਿਸੇ ਸਮਾਜਕ ਵਰਤਾਰੇ ਬਾਰੇ।

**ਮਲਵਿੰਦਰ: ਫਿਰ ਪਹਿਲੀ ਕਿਤਾਬ ਛਪਣ ਵਿੱਚ ਏਨਾ ਸਮਾਂ ਕਿਵੇਂ ਲੱਗ ਗਿਆ ?**

**ਅਰਤਿੰਦਰ:** ਅਸਲ ਵਿੱਚ ਕਿਤਾਬ ਛਪਵਾਉਣ ਬਾਰੇ ਕਦੇ ਸੋਚਿਆ ਹੀ ਨਾ। ਬੱਸ ਕਵਿਤਾ ਲਿਖਣੀ ਤੇ ਕਾਪੀ ਵਿੱਚ ਉਤਾਰ ਕੇ ਰੱਖ ਛੱਡਣੀ। ਵਿਆਹ ਤੋਂ ਬਾਦ ਮੈ ਆਪਣੀ ਕਵਿਤਾਵਾਂ ਵਾਲੀ ਕਾਪੀ ਤਾਂ ਨਾਲ ਲੈ ਆਈ, ਪਰ ਉਹ ਅਲਮਾਰੀ ਵਿੱਚ ਹੀ ਪਈ ਰਹੀ। ਕਿਸੇ ਨੂੰ ਕਵਿਤਾ ਲਿਖਣ ਵਾਲੀ ਗੱਲ ਨਾਲ ਕੋਈ ਮਤਲਬ ਨਹੀਂ ਸੀ ਤੇ ਮੈਂ ਵੀ ਕਦੇ ਕਿਸੇ ਨਾਲ ਗੱਲ ਨਹੀਂ ਕੀਤੀ। ਨੌਕਰੀ ਦੇ ਨਾਲ ਨਾਲ ਬੱਚਿਆਂ ਦੀਆਂ ਤੇ ਹੋਰ ਪਰਿਵਾਰਕ ਜ਼ਿੰਮੇਵਾਰੀਆਂ ਦੇ ਵਿੱਚ ਵਿਚਾਲੇ ਕਵਿਤਾ ਇਕ ਪਾਸੇ ਹੋ ਕੇ ਬੈਠੀ ਰਹੀ। ਇਹਨੀ ਦਿਨੀਂ ਮੈਂ ਜੋ ਕੁਝ ਲਿਖਿਆ ਤਾਂ ਆਪਣੇ ਬੱਚਿਆਂ ਵਾਸਤੇ ਜਾਂ ਸਕੂਲ ਵਿਚਲੇ ਕਿਸੇ ਫੰਕਸ਼ਨ ਦੀ ਜ਼ਰੂਰਤ ਵਾਸਤੇ। ਰੁਝੇਵੇਂ ਏਨੇ ਜ਼ਿਆਦਾ ਸਨ ਕਿ ਕਵਿਤਾ ਵੱਲ ਧਿਆਨ ਹੀ ਨਹੀਂ ਸੀ ਜਾਂਦਾ। ਅੱਤਵਾਦ ਦੇ ਸਾਲਾਂ ਦੌਰਾਨ ਮਾਹੌਲ ਵਿੱਚੋਂ ਉਪਜੀ ਉਦਾਸੀ ਤੇ ਦੁੱਖ ਵਿੱਚੋਂ ਕੁਝ ਕਵਿਤਾਵਾਂ ਜ਼ਰੂਰ ਲਿਖੀਆਂ ਗਈਆਂ ਜੋ ਪਹਿਲੀ ਕਿਤਾਬ ਵਿੱਚ ਸ਼ਾਮਲ ਹਨ। ਬਹੁਤੀਆਂ ਕਵਿਤਾਵਾਂ ਪਹਿਲੀ ਕਿਤਾਬ ਵਿਚਲੀਆਂ ਤਾਂ ਕਾਲਜ ਦੇ ਸਮੇਂ ਦੀਆਂ ਹਨ।

ਜਿਵੇਂ ਮੈਂ ਪਹਿਲਾਂ ਦੱਸਿਆ ਹੈ ਕਿ ਕਿਤਾਬ ਛਪਵਾਉਣ ਦਾ ਤਾਂ ਕਦੇ ਮੈਂ ਸੁਪਨਾ ਵੀ ਨਹੀਂ ਸੀ ਲਿਆ। ਮੁੱਖ ਅਧਿਆਪਕਾ ਹੁੰਦਿਆਂ ਮੇਰੀ ਇਕ ਬੜੀ ਪਿਆਰੀ ਅਧਿਆਪਕਾ ਸੀ, ਪਵਨ। ਉਸ ਨੇ ਮੈਨੂੰ ਕਹਿਣਾ ਸ਼ੁਰੂ ਕੀਤਾ ਕਿ ਕਿਤਾਬ ਛਪਵਾ ਲਓ। ਮੈਂ ਬਹੁਤ ਹੈਰਾਨ ਹੋ ਕੇ ਉਸ ਨੂੰ ਪੁਛਿਆ ਕਿ ਇਹ ਕਿਤਾਬ ਪੜ੍ਹੇਗਾ ਕੌਣ ?

*ਉਸ ਨੇ ਕਿਹਾ, ਕੋਈ ਨਾ ਪੜ੍ਹੇ ਤੁਹਾਡੀਆਂਕਵਿਤਾਵਾਂ*
*ਤਾਂ ਸੰਭਾਲ਼ੀਆਂ ਜਾਣਗੀਆਂ!*
*ਤਦ ਮੈਂ ਵੀ ਸੋਚਿਆ, ਤੇ ਬੜੇਅਨਜਾਣ ਜਿਹੇ ਹਾਲਾਤ ਵਿੱਚ*
*ਪਹਿਲੀ ਕਿਤਾਬ ਛਪ ਗਈ।*

**ਮਲਵਿੰਦਰ: ਆਪਣੇ ਬਚਪਨ ਤੇ ਕਵਿਤਾ ਲਿਖਣ ਵੱਲ ਰੁਚਿਤ ਹੋਣ ਬਾਰੇ ਦੱਸੋ ?**

**ਅਰਤਿੰਦਰ:** ਮੈਂ ਸਕੂਲ ਵਿੱਚ ਪੜ੍ਹਾਈ ਤੋਂ ਲੈ ਕੇ ਸਕੂਲ ਦੀਆਂ ਬਾਲ ਸਭਾਵਾਂ ਤੇ ਫੰਕਸ਼ਨਾਂ ਵਿੱਚ ਮੋਹਰੀ ਹੁੰਦੀ ਸੀ। ਸਿਲੇਬਸ ਦੀਆਂ ਕਿਤਾਬਾਂ ਵਿਚਲੀਆਂ ਕਵਿਤਾਵਾਂ ਯਾਦ ਕਰਕੇ ਸ਼ਨਿਚਰਵਾਰ ਦੀ ਬਾਲ ਸਭਾ

ਵਿੱਚ ਪੜ੍ਹਨ ਤੋਂ ਇਲਾਵਾ, ਏਧਰੋਂ ਉਧਰੋਂ ਇਕ ਦੂਜੀ ਸਹੇਲੀ ਕੋਲੋਂ ਵੀ ਕਿਤਾਬਾਂ ਲੈ ਕੇ ਵਿੱਚੋਂ ਕਵਿਤਾ ਕਹਾਣੀਆਂ ਯਾਦ ਕਰਕੇ ਸਟੇਜ ’ਤੇ ਬੋਲਣ ਦਾ ਚਾਅ ਹੁੰਦਾ ਸੀ। ਇਕ ਕੁੜੀ ਦੇ ਘਰ ਨਾਟਕਾਂ ਵਾਲੀਆਂ ਕਿਤਾਬਾਂ ਪਈਆਂ ਹੁੰਦੀਆਂ ਸਨ। ਉਹ ਕੋਈ ਨਾ ਕੋਈ ਕਿਤਾਬ ਲੈ ਆਉਂਦੀ ਤੇ ਅਸੀਂ ਇਕੱਠੀਆਂ ਹੋ ਕੇ ਕਿਤਾਬਾਂ ਪੜ੍ਹਦੀਆਂ ਤੇ ਫਿਰ ਆਪਸ ਵਿੱਚ ਪਾਤਰਾਂ ਦੇ ਕਿਰਦਾਰ ਵੰਡ ਕੇ ਸਕੂਲ ਦੀ ਸਭਾ ਵਿੱਚ ਉਹ ਨਾਟਕ ਖੇਡਦੀਆਂ। ਘਰਦਿਆਂ ਵੱਲੋਂ ਕੋਈ ਰੋਕ-ਟੋਕ ਨਹੀਂ ਸੀ ਹੁੰਦੀ। ਸਾਰੀਆਂ ਨੇ ਆਪਸ ਵਿੱਚ ਫੈਸਲਾ ਕਰਨਾ ਕਿ ਘਰੋਂ ਚਿੱਟੀ ਚਾਦਰ ਕੌਣ-ਕੌਣ ਲਿਆਏਗੀ। ਸਕੂਲ ਦੇ ਬੈਂਚਾਂ ਦੀ ਸਟੇਜ ਬਣਾ ਕੇ ਘਰਾਂ ਤੋਂ ਲਿਆਂਦੀਆਂ ਚਾਦਰਾਂ ਦੇ ਪਰਦੇ ਲਾਏ ਜਾਂਦੇ ਤੇ ਨਾਟਕ ਖੇਡੇ ਜਾਂਦੇ। ਕਿਤਾਬਾਂ ’ਚੋਂ ਯਾਦ ਕੀਤੀਆਂ ਕਵਿਤਾਵਾਂ ਸਕੂਲ ਵਿੱਚ ਸੁਣਾਉਂਦਿਆਂ ਸੁਣਾਉਂਦਿਆਂ ਆਪ ਵੀ ਕਵਿਤਾ ਲਿਖਣ ਲੱਗ ਪਈ। ਮੇਰੇ ਪਿਤਾ ਜੀ ਕਿਸੇ ਕੋਲ ਚੰਗੀ ਕਿਤਾਬ ਦੇਖਦੇ ਤਾਂ ਮੈਨੂੰ ਪੜ੍ਹਨ ਵਾਸਤੇ ਲਿਆ ਦੇਂਦੇ। ਫਿਰ ਵਾਪਸ ਕਰ ਆਉਂਦੇ। ਮੈਂ ਸਤਵੀਂ ਵਿੱਚ ਸਾਂ ਜਦ ਉਹਨਾ ਨੇ ਮੈਨੂੰ ਸੂਰਜ ਪ੍ਰਕਾਸ਼ ਕਿਸੇ ਕੋਲੋਂ ਲਿਆ ਕੇ ਦਿੱਤਾ ਤੇ ਕਿਹਾ, ਇਹ ਸਾਰਾ ਪੜ੍ਹ। ਸਕੂਲ ਤੋਂ ਘਰ ਆ ਕੇ ਸਕੂਲ ਦਾ ਕੰਮ ਕਰਕੇ ਫਿਰ ਲੱਕੜ ਦੇ ਸਟੈਂਡ ’ਤੇ ਉਹ ਮੋਟੀ ਕਿਤਾਬ ਰੱਖ ਕੇ ਮੈਂ ਰੋਜ਼ ਪੜ੍ਹਦੀ। ਕੁਝ ਮਹੀਨੇ ਤਾਂ ਲੱਗੇ ਹੀ ਹੋਣਗੇ। ਪੜ੍ਹਨ ਦਾ ਝੱਸ ਤਾਂ ਮੈਨੂੰ ਵੀ ਨਸ਼ੇ ਦੀ ਹੱਦ ਤੱਕ ਹੋਣ ਵਾਂਗਰ ਸੀ। ਕੋਈ ਲਿਫ਼ਾਫ਼ਾ, ਪੁੜੀ ਬੱਝ ਕੇ ਆਇਆ ਕਾਗ਼ਜ਼ ਤੱਕ ਮੇਰੇ ਕੋਲੋਂ ਪੜ੍ਹੇ ਬਿਨ੍ਹਾਂ ਨਹੀਂ ਸੀ ਬਚਦਾ। ਮੇਰਾ ਬਚਪਨ ਆਪਣੀ ਨਾਨੀ ਕੋਲ ਬੀਤਿਆ ਸੀ। ਉਹ ਮੈਨੂੰ ਬੇਹੱਦ ਪਿਆਰ ਕਰਦੀ ਸੀ। ਅੱਜ ਵੀ ਜਦ ਮੈਂ ਸੋਚਦੀ ਹਾਂ ਕਿ ਅਸਲ ਵਿੱਚ ਪਿਆਰ ਕਿਹੋ ਜਿਹਾ ਹੁੰਦਾ ਹੈ ਤਾਂ ਮੇਰੀ ਨਾਨੀ ਦਾ ਮੇਰੇ ਵਾਸਤੇ ਪਿਆਰ ਹੀ ਉਹ ਮਾਡਲ ਹੈ। ਮੇਰੀਆਂ ਮਾਸੀਆਂ ਤੇ ਬੀਜੀ (ਮਾਂ) ਮੇਰੀ ਨਾਨੀ ਨੂੰ ਬੀਜੀ ਕਹਿੰਦੀਆਂ ਸਨ। ਮੈਂ ਉਹਨਾ ਨੂੰ ਵੱਡੇ ਬੀਜੀ ਕਹਿੰਦੀ ਸਾਂ। ਜੇ ਕਿਤੇ ਵੱਡੇ ਬੀਜੀ ਦੇ ਸਾਹਮਣੇ ਮੇਰੇ ਪਿਤਾ ਜੀ ਜਾਂ ਬੀਜੀ ਮੈਨੂੰ ਡਾਂਟ ਦੇਂਦੇ ਤਾਂ ਵੱਡੇ ਬੀਜੀ ਬਹੁਤ ਗ਼ੁੱਸਾ ਕਰਦੇ ਕਿ ਮੇਰੀ ਧੀ ਨੂੰ ਮੇਰੇ ਹੀ ਸਾਹਮਣੇ ਗ਼ੁੱਸੇ ਕਿਓਂ ਹੁੰਦੇ ਹੋ। ਮੇਰੇ ਪਿਤਾ ਜੀ ਵੀ ਸਾਨੂੰ ਦੋਹਾਂ ਭੈਣਾਂ ਨੂੰ ਬਹੁਤ ਪਿਆਰ ਦੇਂਦੇ। ਸਾਨੂੰ ਵੀ ਦੋਹਾਂ ਛੋਟੇ ਭਰਾਵਾਂ ਵਾਂਗ ਪੁੱਤ ਕਹਿ ਕੇ ਹੀ ਬੁਲਾਇਆ ਜਾਂਦਾ ਸੀ। ਸੋ ਬਚਪਨ ਵਿੱਚ ਹੀ ਪੜ੍ਹਨ ਦੇ ਸ਼ੌਕ ਦੀ ਨੀਂਹ ਬੱਝ ਗਈ ਸੀ।

**ਮਲਵਿੰਦਰ:** **ਪਹਿਲੀ ਪੁਸਤਕ ਤੋਂ ਬਾਅਦ ਅਗਲੀਆਂ ਕਿਤਾਬਾਂ ਜਲਦੀ ਜਲਦੀ ਛਪਦੀਆਂ ਰਹੀਆਂ। ਇਹ ਪਹਿਲਾਂ ਲਿਖੀਆਂ ਕਵਿਤਾਵਾਂ ਸਨ ਜਾਂ ਜੀਵਨ ਦੇ ਇਸ ਪੜਾਅ 'ਤੇ ਕਵਿਤਾ ਤੇਜ਼ੀ ਨਾਲ ਆਉਣ ਲੱਗੀ ?**

**ਅਰਤਿੰਦਰ:** ਮਲਵਿੰਦਰ ਜੀ ਪਹਿਲਾਂ ਲਿਖੀਆਂ ਕਵਿਤਾਵਾਂ ਪਹਿਲੀ ਕਿਤਾਬ ਵਿੱਚ ਛਪ ਚੁੱਕੀਆਂ ਸਨ। ਹੁਣ ਤੱਕ ਮੇਰੇ ਬੱਚੇ ਆਪਣੀ ਆਪਣੀ ਇੱਛਾ ਦੀ ਦਿਸ਼ਾ ਵਿੱਚ ਰੁੱਝ ਚੁੱਕੇ ਸਨ। ਇਸ ਕਿਤਾਬ ਦੇ ਛਪਣ ਪਿੱਛੋਂ ਮੈਂ ਪਰਮਿੰਦਰਜੀਤ ਨੂੰ ਮਿਲੀ। ਉਹਨਾਂ ਨੇ ਮੈਨੂੰ ਅੱਖਰ ਦੀ ਕਾਪੀ ਦਿੱਤੀ ਤੇ ਕੁਝ ਪੰਜਾਬੀ ਰਸਾਲਿਆਂ ਦੇ ਨਾਮ ਦੱਸੇ। ਉਹ ਸਭ ਰਸਾਲਿਆਂ ਦੀ ਮੈਂਬਰ ਬਣਨ ਪਿੱਛੋਂ ਮੈਨੂੰ ਪੜ੍ਹਨ ਵਾਸਤੇ ਬਹੁਤ ਸਾਰਾ ਨਵਾਂ ਸਾਹਿਤ ਪੜ੍ਹਨ ਦਾ ਮੌਕਾ ਮਿਲਣ ਲੱਗਾ। ਇਹਨੀਂ ਹੀ ਦਿਨੀਂ ਕਵਿਤਾ ਫਿਰ ਤੋਂ ਮੇਰੇ ਕੋਲ ਆਉਣ ਲੱਗੀ ਤੇ ਫਿਰ ਇੰਜ ਹੋਇਆ ਜਿਵੇਂ ਮੈਂ ਤੇ ਕਵਿਤਾ ਦੋਵੇਂ ਇਕ ਦੂਜੇ ਕੋਲੋਂ ਆਪਣੀ ਪਿਛਲੀ ਦੂਰੀ ਦਾ ਹਿਸਾਬ ਲੈ ਰਹੇ ਹੋਈਏ। ਸਾਰਾ ਪੜ੍ਹਿਆ ਲਿਖਿਆ ਜ਼ਿੰਦਗੀ ਦੇ ਤਜਰਬਿਆਂ ਨਾਲ ਮਿਲ ਕੇ ਕਵਿਤਾ ਦੇ ਰੂਪ ਵਿੱਚ ਢਲ ਰਿਹਾ ਸੀ। ਇਹ ਸਹਿਜ ਸੁਭਾਅ ਵਰਤਾਰਾ ਸੀ।

**ਮਲਵਿੰਦਰ:** **ਖੁੱਲ੍ਹੀ ਕਵਿਤਾ 'ਚ ਭਾਸ਼ਾ ਦੀ, ਮੈਨੂੰ ਲਗਦਾ ਵੱਡੀ ਭੂਮਿਕਾ ਹੈ। ਤੁਸੀਂ ਇਸ ਬਾਰੇ ਕੀ ਕਹਿਣਾ ਚਾਹੋਗੇ ?**

**ਅਰਤਿੰਦਰ:** ਸਿਰਫ਼ ਖੁੱਲ੍ਹੀ ਕਵਿਤਾ ਹੀ ਕਿਓਂ ਸਾਰੀ ਕਵਿਤਾ ਤੇ ਸਾਰਾ ਸਾਹਿਤ ਭਾਸ਼ਾ ਰਾਹੀਂ ਹੀ ਤਾਂ ਰੂਪ ਧਾਰਦਾ ਹੈ। ਗੱਲਬਾਤ ਵਿੱਚ ਤਾਂ ਭਾਸ਼ਾ ਦੇ ਨਾਲ ਇਨਸਾਨ ਹਾਵ ਭਾਵ ਤੋਂ ਵੀ ਕੰਮ ਲੈ ਕੇ ਵਧੇਰੇ ਅਸਰ ਪਾ ਸਕਦਾ ਹੈ ਪਰ ਲਿਖਤ ਨੂੰ ਪੜ੍ਹਨ ਵਾਲੇ ਦੇ ਸਮੁੱਚੇ ਵਿਚਾਰਾਂ, ਨਜ਼ਰੀਏ ਤੇ ਭਾਵ ਅਰਥ ਨੂੰ ਤਾਂ ਸ਼ਬਦਾਂ ਨੇ ਹੀ ਸਾਕਾਰ ਕਰਨਾ ਹੁੰਦਾ ਹੈ। ਸੋ ਭਾਸ਼ਾ ਦੀ ਵੱਡੀ ਭੂਮਿਕਾ ਹੁੰਦੀ ਹੈ। ਖੁੱਲ੍ਹੀ ਕਵਿਤਾ ਵਿੱਚ ਤਾਂ ਇਹ ਹੋਰ ਵੀ ਜ਼ਰੂਰੀ ਹੋ ਜਾਂਦਾ ਹੈ, ਕਿਓਂਕਿ ਜੋ ਲੋਕ ਸਿਰਫ਼ ਪ੍ਰਗੀਤਕ ਸ਼ਾਇਰੀ ਨੂੰ ਹੀ ਕਵਿਤਾ ਮੰਨਦੇ ਹਨ, ਉਹਨਾਂ ਤੱਕ ਕਵਿਤਾ ਦੇ ਅਰਥ ਸੰਚਾਰ ਵਾਸਤੇ ਇਸ ਰੂਪ ਵਾਲੀ ਸ਼ਾਇਰੀ ਦੀ ਭਾਸ਼ਾ ਨੂੰ ਵਧੇਰੇ ਸਮਰੱਥ ਹੋਣ ਦੀ ਲੋੜ ਹੁੰਦੀ ਹੈ।

**ਮਲਵਿੰਦਰ:** **ਤੁਸੀਂ ਆਪਣੀ ਕਵਿਤਾ ਵਿੱਚ ਜਿਹੜੀ ਭਾਸ਼ਾ ਵਿਕਸਿਤ ਕੀਤੀ ਹੈ ਉਸ ਲਈ ਕੋਈ ਵਿਸ਼ੇਸ਼ ਯਤਨ ਕੀਤੇ ਹਨ ਜਾਂ ਇਹ ਸਹਿਜ ਸੁਭਾਅ ਹੀ ਹੋ ਗਿਆ ?**

**ਅਰਤਿੰਦਰ:** ਮੈਂ ਸਮਝਦੀ ਹਾਂ ਕਿਸੇ ਵੀ ਮਨੁੱਖ ਦੀ ਭਾਸ਼ਾ ਦੇ ਰੂਪ ਤੇ ਸੁਭਾਅ ਦੇ ਬੀਜ ਤਾਂ ਉਸ ਦੇ ਬਚਪਨ ਵਿੱਚ ਹੀ ਪਏ ਹੁੰਦੇ ਹਨ ਤੇ ਜੋ ਭਾਸ਼ਾ ਉਸ ਵੇਲੇ ਅੰਤਰਮਨ ਵਿੱਚ ਵਿਕਸਿਤ ਹੋ ਜਾਂਦੀ ਹੈ, ਉਸ ਦੀ ਰੂਹ ਤਾਂ ਫਿਰ ਜ਼ਿੰਦਗੀ ਭਰ ਉਹੀ ਰਹਿੰਦੀ ਹੈ। ਪੜ੍ਹਨ ਲਿਖਣ ਨਾਲ, ਮਾਹੌਲ ਦੇ ਬਦਲਣ ਨਾਲ ਤੇ ਨਜ਼ਰੀਆ ਬਦਲਣ ਨਾਲ ਕੁਝ ਅਸਰ ਤਾਂ ਭਾਸ਼ਾ ਦੇ ਰੂਪ ਤੇ ਸੁਭਾਅ ’ਤੇ ਪੈਂਦਾ ਹੈ ਪਰ ਇਸ ਦੇ ਮੂਲ ਨੂੰ ਨਹੀਂ ਬਦਲਿਆ ਜਾ ਸਕਦਾ। ਮੇਰੇ ਪਿਤਾ ਜੀ ਬਹੁਤ ਹੀ ਸੁਲਝੀ ਹੋਈ ਭਾਸ਼ਾ ਬੋਲਦੇ ਸਨ। ਬੀਜੀ ਵੀ ਇਸੇ ਤਰ੍ਹਾਂ ਦੇ ਸਨ। ਮੇਰੇ ’ਤੇ ਤਾਂ ਮੇਰੀ ਨਾਨੀ ਦਾ ਬਹੁਤ ਅਸਰ ਸੀ, ਜੋ ਕਿ ਆਪਣੇ ਸਮੇਂ ਅਨੁਸਾਰ ਪੜ੍ਹੀ ਹੋਈ ਸੀ, ਭਾਵੇਂ ਘਰ ਰਹਿ ਕੇ ਹੀ। ਸੋ ਉਸ ਘਰ ਤੋਂ ਹੀ ਗ੍ਰਹਿਣ ਕੀਤੀ ਭਾਸ਼ਾ ਵਿੱਚ ਪੜ੍ਹਨ ਲਿਖਣ ਨਾਲ ਕੁਝ ਫਰਕ ਤਾਂ ਪਿਆ ਹੋਵੇਗਾ। ਪਰ ਮੁੱਢ ਨਹੀਂ ਬਦਲਦਾ। ਇਕ ਗੱਲ ਹੋਰ ਵੀ ਹੈ। ਮੇਰੇ ਸਾਇੰਸ ਦੀ ਵਿਦਿਆਰਥਣ ਤੇ ਅਧਿਆਪਕਾ ਰਹਿਣ ਕਰਕੇ ਵਿਗਿਆਨ ਦੇ ਸ਼ਬਦਾਂ ਤੇ ਸਿਧਾਂਤਾਂ ਦਾ ਮੇਰੇ ’ਤੇ ਬਹੁਤ ਅਸਰ ਸੀ। ਪਹਿਲੀਆਂ ਕਿਤਾਬਾਂ ਵਿੱਚ ਤਾਂ ਵਿਗਿਆਨ ਦੇ ਕਈ ਨੇਮ ਤੇ ਸ਼ਬਦ ਵੀ ਸਹਿਜ ਸੁਭਾਅ ਕਵਿਤਾ ਦਾ ਹਿੱਸਾ ਬਣਦੇ ਰਹੇ, ਪਰ ਹੌਲੀ-ਹੌਲੀ ਇਸ ਵਿੱਚ ਫਰਕ ਪੈਂਦਾ ਗਿਆ। ਪਰੰਤੂ ਵਿਗਿਆਨ ਜਦੋਂ ਤੁਹਾਡਾ ਨਜ਼ਰੀਆ ਬਣ ਜਾਂਦਾ ਹੈ ਤਾਂ ਤੁਸੀਂ ਜੋ ਤੁਹਾਡਾ ਮਨ ਨਹੀਂ ਗਵਾਹੀ ਦੇਂਦਾ ਉਹ ਲਿਖ ਹੀ ਨਹੀਂ ਸਕਦੇ ਤੇ ਨਾ ਆਪਣੀ ਭਾਸ਼ਾ ਹੀ ਬਦਲ ਸਕਦੇ ਹੋ। ਮੇਰੇ ’ਤੇ ਵੀ ਇਹ ਸਭ ਕੁਝ ਲਾਗੂ ਹੋਇਆ। ਆਪਣੀ ਗੱਲ ਦਾ ਕਵਿਤਾ ਵਿੱਚ ਤਸੱਲੀ ਮੁਤਾਬਕ ਸੰਚਾਰ ਕਰਨ ਵਾਸਤੇ ਕਈ ਵਾਰ ਸਹੀ ਸ਼ਬਦ ਤਾਂ ਜ਼ਰੂਰ ਸੋਚਣੇ ਪੈਂਦੇ ਹਨ ਪਰ ਉਚੇਚ ਵਾਲੀ ਕੋਈ ਗੱਲ ਨਹੀਂ।

**ਮਲਵਿੰਦਰ:** **ਤੁਸੀਂ ਪ੍ਰਗੀਤਕ ਕਾਵਿ ਵੀ ਲਿਖਿਆ ਹੈ। ਸ਼ੀਸ਼ੇ ਦੀ ਜੂਨ ਤੇ ਆਪਣੇ ਤੋਂ ਆਪਣੇ ਤੱਕ ਦੀ ਗੱਲ ਕੀਤੀ ਜਾ ਸਕਦੀ ਹੈ। ਇਸ ਵਾਸਤੇ ਕੋਈ ਉਚੇਚ ਕਰਨਾ ਪੈਂਦਾ ਹੈ ਜਾਂ ਇਹ ਸਹਿਜ ਰੂਪ ਵਿੱਚ ਹੀ ਲਿਖਿਆ ਜਾਂਦਾ ਹੈ ?**

**ਅਰਤਿੰਦਰ:** ਕਵਿਤਾ ਮੇਰੇ ਕੋਲੋਂ ਇਹ ਸੋਚ ਕੇ ਨਹੀਂ ਲਿਖੀ ਜਾਂਦੀ ਕਿ ਪ੍ਰਗੀਤਕ ਕਵਿਤਾ ਲਿਖਣੀ ਹੈ ਜਾਂ ਦੂਸਰੀ। ਇਹ ਵਰਤਾਰਾ ਅੰਦਰੂਨੀ ਤੇ ਸਹਿਜ ਸੁਭਾਅ ਹੈ। ਮਰਜ਼ੀ ਕਵਿਤਾ ਦੀ ਆਪਣੀ ਹੀ ਚਲਦੀ ਹੈ। ਮੈਨੂੰ ਹਮੇਸ਼ਾਂ ਹੀ ਇਸ ਤਰ੍ਹਾਂ ਜਾਪਦਾ ਹੈ ਕਿ ਕਵਿਤਾ ਸਾਡੇ ਅੰਦਰ ਕਿਤੇ, ਸਾਡੇ ਅੰਦਰਲੇ ਬ੍ਰਹਿਮੰਡ ਦੇ ਕਿਸੇ ਗੋਸ਼ੇ, ਕਿਸੇ ਅੰਬਰ, ਕਿਸੇ

ਕੰਦਰ ਵਿੱਚ ਸਿਰਜੀ ਜਾ ਰਹੀ ਹੁੰਦੀ ਹੈ ਤੇ ਆਪਣੀ ਮਰਜ਼ੀ ਤੇ ਸਮੇਂ ਅਨੁਸਾਰ ਹੀ ਸ਼ਬਦਾਂ ਦਾ ਰੂਪ ਧਾਰਦੀ ਹੈ, ਜਿਵੇਂ ਕੋਈ ਬਾਲ ਜਨਮ ਲੈਂਦਾ ਹੈ। ਮੈਂ ਕਈ ਵਿਦਵਾਨਾਂ/ਲੇਖਕਾਂ ਨੂੰ ਕਹਿੰਦੇ ਸੁਣਿਆ ਹੈ ਕਿ ਕਵਿਤਾ ਉਹ ਆਪਣੀ ਮਰਜ਼ੀ ਨਾਲ ਲਿਖਦੇ ਹਨ, ਪਰ ਮੇਰੇ ਵਾਸਤੇ ਇਹ ਸੰਭਵ ਨਹੀਂ। ਇਹ ਤੱਥ ਜ਼ਰੂਰ ਹੈ ਕਿ ਸਾਡੇ ਅੰਦਰ ਜਿਹੜੀਆਂ ਗੱਲਾਂ ਜਾਂ ਘਟਨਾਵਾਂ ਵੱਧ ਬੇਚੈਨੀ ਪੈਦਾ ਕਰਦੀਆਂ ਹਨ, ਉਹ ਜਲਦੀ ਸ਼ਾਬਦਿਕ ਰੂਪ ਵਿੱਚ ਆ ਜਾਂਦੀਆਂ ਹਨ। ਤੇ ਇਹ ਰੂਪ ਸਾਡੇ ਅੰਦਰਲੇ ਲਾਵੇ ਦੀ ਉਹਨਾ ਘਟਨਾਵਾਂ ਨਾਲ ਪ੍ਰਤਿਕਿਰਿਆ ਦੀ ਤੀਬਰਤਾ ਜਾਂ ਸਹਿਜਤਾ ਅਨੁਸਾਰ ਹੀ ਸਿਰਜਿਤ ਹੋਇਆ ਹੁੰਦਾ ਹੈ। ਕਵਿਤਾ ਦਾ ਰੂਪ ਵੀ ਇਸੇ ਅਚੇਤ ਵਰਤਾਰੇ ਦਾ ਨਤੀਜਾ ਹੋ ਜਾਂਦਾ ਹੈ। ਕਈ ਵਾਰ ਮੇਰੇ ਨਾਲ ਇਸ ਤਰ੍ਹਾਂ ਹੋਇਆ ਕਿ ਕੋਈ ਕਵਿਤਾ ਪ੍ਰਗੀਤਕ ਰੂਪ ਵਿੱਚ ਨਹੀਂ ਸੀ ਲਿਖੀ ਹੋਈ, ਪਰ ਜਦ ਮੈਂ ਉਸ ਨੂੰ ਕਾਗ਼ਜ਼ ਤੋਂ ਕਾਪੀ ਵਿੱਚ ਲਿਖਣ ਲੱਗੀ ਉਸ ਨੇ ਰੂਪ ਬਦਲ ਲਿਆ। ਮੇਰੀ ਕਿਤਾਬ, ਕਿਣਮਿਣ ਅੱਖਰ, ਵਿਚਲੀ ਇਕ ਕਵਿਤਾ, ਜ਼ਿੰਦਗੀ ਪੈਰੀਂ ਚਾਨਣ ਦੇਵੀਂ/ ਰਾਹ ਤੋਂ ਭਟਕ ਨਾ ਜਾਵਾਂ....ਧੁੱਪਾਂ ਦੇ ਵਕਫ਼ੇ ਵਿੱਚ ਰੱਖੀਂ/ ਨਿੱਕੀਆਂ ਨਿੱਕੀਆਂ ਛਾਵਾਂ....ਨਾਲ ਇੰਜ ਹੀ ਹੋਇਆ।

**ਮਲਵਿੰਦਰ:** ਲੰਮੀ ਕਵਿਤਾ ਲਿਖਣੀ ਆਪਣੇ ਆਪ ਵਿਚ ਪ੍ਰਾਪਤੀ ਮੰਨੀ ਜਾਂਦੀ ਹੈ। ਤੁਹਾਡੀ ਪੁਸਤਕ 'ਘਰਘਰ' ਇਕ ਲੰਮੀ ਕਵਿਤਾ ਹੈ। ਇਹ ਲਿਖਣ ਦਾ ਵਿਚਾਰ ਕਿਵੇਂ ਆਇਆ ?

**ਅਰਤਿੰਦਰ:** ਘਰ ਘਰ.... ਤੋਂ ਪਹਿਲੀਆਂ ਕਿਤਾਬਾਂ, ਜਿਵੇਂ ਕਿੱਥੋਂ ਆਉਂਦੀ ਕਵਿਤਾ ਤੇ ਕਦੇ-ਕਦਾਈਂ ਵਿੱਚ ਵੀ ਇੱਕੋ ਸਿਰਲੇਖ ਹੇਠ ਨੌਂ ਤੇ ਤੇਰਾਂ ਕਵਿਤਾਵਾਂ ਦੀਆਂ ਕਾਵਿ ਲੜੀਆਂ ਘਰ ਬਾਰੇ ਹੀ ਹਨ। ਇਹਨਾ ਹੀ ਕਿਤਾਬਾਂ ਵਿੱਚ ਹੋਰ ਵਿਸ਼ਿਆਂ ਬਾਰੇ ਵੀ ਕਈ ਕਈ ਕਵਿਤਾਵਾਂ ਦੀਆਂ ਕਾਵਿ ਲੜੀਆਂ ਹਨ। ਸੋ ਇਹ ਰੁਝਾਨ ਤਾਂ ਪਹਿਲਾਂ ਤੋਂ ਹੀ ਸੀ। ਪਹਿਲੀਆਂ ਦੋ ਕਿਤਾਬਾਂ ਵਿਚਲੀਆਂ ਘਰ ਨਾਲ ਸਬੰਧਤ ਕਵਿਤਾਵਾਂ ਦਾ ਸਬੱਬ ਘਰ ਵਿਚਲੀ ਇਕੱਲ ਤੇ ਉਸ ਤੋਂ ਉਪਜੀ ਉਦਾਸੀ ਹੈ। ਪਰ 'ਘਰਘਰ' ਵਿਚਲੀ ਕਵਿਤਾ ਦਾ ਸੰਬੰਧ ਉਸ ਵੇਲੇ ਮੇਰੇ ਮਨ ਵਿੱਚ ਘਰ ਬਾਰੇ ਉਪਜੀ ਜਗਿਆਸਾ ਨਾਲ ਹੈ। ਬੀ.ਐਸਸੀ. ਤੱਕ ਜੀਵ ਵਿਗਿਆਨ ਪੜ੍ਹਨ ਦੌਰਾਨ ਬਹੁਤ ਸਾਰੇ ਜੀਵਾਂ ਦੇ ਰਹਿਣ-ਸਹਿਣ ਤੇ ਘਰ ਬਾਰੇ ਪੜ੍ਹਨ ਦਾ ਮੌਕਾ ਮਿਲਦਾ ਹੈ। ਫਿਰ ਸਾਰੀ ਉਮਰ ਵੀ ਦੇਖਦੇ ਹਾਂ ਕਿ ਹਰੇਕ ਜੀਵ ਅੰਦਰ ਆਪਣਾ ਘਰ ਹੋਣ ਦੀ ਤਾਂਘ ਹੁੰਦੀ ਹੈ ਤੇ

ਉਹ ਆਪਣੀਆਂ ਲੋੜਾਂ ਮੁਤਾਬਕ ਆਪਣਾ ਘਰ ਬਣਾਉਂਦਾ ਹੈ। ਮੇਰੇ ਮਨ ਵਿੱਚ ਉਹਨੀ ਦਿਨੀਂ ਇਹ ਵਿਚਾਰ ਘੁੰਮਦਾ ਰਹਿੰਦਾ ਸੀ ਕਿ ਆਖਰ ਸਾਡੇ ਜੀਵਾਂ ਦੇ ਮਨ ਵਿੱਚ ਇਹ ਘਰ ਦੀ ਹੋਂਦ ਦਾ ਵਿਚਾਰ ਏਨੀ ਸ਼ਿੱਦਤ ਨਾਲ, ਏਨੀ ਗਹਿਰਾਈ ਨਾਲ ਵੜ ਕਿਵੇਂ ਗਿਆ, ਇਹ ਆਇਆ ਕਿੱਥੋਂ! ਫਿਰ ਬ੍ਰਹਿਮੰਡ ਬਾਰੇ ਸੋਚਦਿਆਂ, ਧਰਤੀ ਦੇ ਸੂਰਜ ਤੋਂ ਵੱਖ ਹੋ ਕੇ ਆਉਣ ਬਾਰੇ ਸੋਚਦਿਆਂ ਮਨ ਵਿੱਚ ਘਰ ਦੀ ਪਰਿਭਾਸ਼ਾ ਦਾ ਮੁੱਢ ਬੱਝਣ ਲੱਗਾ। ਆਖਰ ਅਸੀਂ ਬ੍ਰਹਿਮੰਡ ਦਾ ਹਿੱਸਾ ਹੀ ਤਾਂ ਹਾਂ। ਹਰੇਕ ਤਾਰੇ ਤੇ ਗ੍ਰਹਿ ਦਾ ਆਪਣਾ ਟਿਕਾਣਾ ਹੈ ਫਿਰ ਜੋ ਸਾਡੇ ਮਨ ਵਿੱਚ ਹੈ ਉਹ ਸਾਰੇ ਬ੍ਰਹਿਮੰਡ ਵਿੱਚ ਨਜ਼ਰ ਆਉਣ ਲੱਗਾ ਤੇ 'ਘਰ ਘਰ' ਵਿਚਲੀ ਕਵਿਤਾ ਹੋਂਦ ਵਿੱਚ ਆਈ।

**ਮਲਵਿੰਦਰ: ਘਰ ਬਾਰੇ ਤੁਹਾਡੀਆਂ ਹੋਰ ਪੁਸਤਕਾਂ ਵਿੱਚ ਵੀ ਕਵਿਤਾਵਾਂ ਹਨ। ਘਰ ਨਾਲ ਰਿਸ਼ਤੇ ਦਾ ਕਿਹੜਾ ਅਹਿਸਾਸ ਬਾਰ ਬਾਰ ਕਵਿਤਾ ਬਣਦਾ ਹੈ** ?

**ਅਰਤਿੰਦਰ:** ਇਸ ਸੁਆਲ ਦੇ ਉਤਰ ਦਾ ਬਹੁਤਾ ਹਿੱਸਾ ਤਾਂ ਪਹਿਲੇ ਪ੍ਰਸ਼ਨ ਦੇ ਜੁਆਬ ਵਿੱਚ ਆ ਹੀ ਗਿਆ ਹੈ। ਇਹ ਉਸ ਵੇਲੇ ਦੀਆਂ ਪਰਤਾਂ ਵਿੱਚੋਂ ਉੱਭਰੇ ਇਹਸਾਸ ਸਨ। ਮੇਰੀ ਆਪਣੇ ਹਰੇਕ ਫਰਜ਼ ਨੂੰ ਤਨਦੇਹੀ ਨਾਲ ਨਿਭਾਉਣ ਦੀ ਆਦਤ ਹੈ ਤੇ ਸ਼ਾਇਦ ਆਪਣੇ ਕੰਮ ਨੂੰ ਨੇਪਰੇ ਚਾੜ੍ਹਨ ਦੀ ਤਸੱਲੀ ਹੀ ਮੇਰੀ ਸ਼ਕਤੀ ਬਣਦੀ ਹੈ। ਮੈਂ ਵੀ ਹੋਰ ਔਰਤਾਂ ਵਾਂਗ ਨੌਕਰੀ ਦੇ ਨਾਲ-ਨਾਲ ਆਪਣੀਆਂ ਪਰਿਵਾਰਕ ਜ਼ੁੰਮੇਵਾਰੀਆਂ ਨੂੰ ਪੂਰਾ ਕਰਦਿਆਂ ਆਪਣੇ ਆਪ ਨੂੰ ਸਮਰਪਿਤ ਕਰ ਦਿੱਤਾ ਸੀ। ਇਸ ਨੂੰ ਕੋਈ ਵਹਿਮ ਸਮਝੇ ਭਾਵੇਂ ਪਰ ਮੇਰਾ ਤੇ ਮੇਰੇ ਪਤੀ, ਸਾਡਾ ਦੋਹਾਂ ਦਾ ਵਿਸ਼ਵਾਸ ਸੀ ਕਿ ਜਿੰਨੀ ਮਿਹਨਤ ਅਸੀਂ ਆਪਣੇ ਵਿਦਿਆਰਥੀਆਂ 'ਤੇ ਕਰਾਂਗੇ ਤੇ ਮਿਹਨਤ ਦਾ ਪੈਸਾ ਆਪਣੇ ਬੱਚਿਆਂ 'ਤੇ ਲਾਵਾਂਗੇ ਉਨੇ ਹੀ ਉਹ ਸਫਲ ਹੋਣਗੇ। ਜਦ ਬੇਟੀ ਤੇ ਬੇਟਾ ਦੋਵੇਂ ਡਾਕਟਰ ਬਣ ਗਏ ਤੇ ਆਪਣੇ ਆਪਣੇ ਥਾਂਵਾਂ 'ਤੇ ਚਲੇ ਗਏ, ਮੈਂ ਰੀਟਾਇਰ ਹੋ ਗਈ ਤਾਂ ਘਰ ਦਾ ਖਾਲੀਪਨ ਮਨ ਵਿੱਚ ਉੱਤਰਨ ਲੱਗਾ।

ਘਰ ਦਾ ਸੁੰਨਾਪਨ ਮੇਰੇ ਉਪਰ ਹੋ ਕੇ ਵਹਿਣ ਲੱਗਾ। 'ਕਿੱਥੋਂ ਆਉਂਦੀ ਕਵਿਤਾ' ਵਿਚਲੀਆਂ ਕਵਿਤਾਵਾਂ ਉਸ ਵਕਤ ਲਿਖੀਆਂ ਗਈਆਂ। ਖ਼ਾਸ ਕਰਕੇ 'ਘਰ ਤੇ ਉਦਾਸੀ' ਸਿਰਲੇਖ ਵਾਲੀਆਂ ਕਵਿਤਾਵਾਂ ਦੀ ਲੜੀ ਦੀ ਛੇਵੀਂ ਕਵਿਤਾ ਨੂੰ ਡਾ: ਸ਼ਹਿਰਯਾਰ ਨੇ ਮੇਰੀ ਕਵਿਤਾ ਦਾ ਹਿਮਾਲਾ ਪਰਬਤ ਕਿਹਾ ਸੀ। ਫਿਰ ਇਹੀ

ਸਿਲਸਿਲਾ 'ਕਦੇ ਕਦਾਈਂ' ਪੁਸਤਕ ਵਿੱਚ ਵੀ ਚੱਲਦਾ ਰਿਹਾ। ਇਸ ਤੋਂ ਬਾਅਦ ਘਰ ਬਾਰੇ ਸੋਚਾਂ ਹੋਰ ਵਿਸ਼ਾਲਤਾ ਨਾਲ ਉੱਭਰਨ ਲੱਗੀਆਂ ਤੇ 'ਘਰਘਰ' ਦੀ ਲੰਬੀ ਕਵਿਤਾ ਹੋਂਦ ਵਿੱਚ ਆਈ।

**ਮਲਵਿੰਦਰ: ਤੁਸੀਂ ਮੈਗਜ਼ੀਨ ਸਾਹਿਤਕ ਏਕਮ ਦੇ ਸੰਪਾਦਕ ਹੋ। ਇਸ ਦੀ ਪ੍ਰਕਾਸ਼ਨਾਂ ਦਾ ਵਿਚਾਰ ਮਨ ਵਿੱਚ ਕਿਵੇਂ ਆਇਆ** ?

**ਅਰਤਿੰਦਰ:** ਮੈਗਜ਼ੀਨ ਦੀ ਪ੍ਰਕਾਸ਼ਨਾਂ ਬਾਰੇ ਤਾਂ ਕਦੇ ਨਹੀਂ ਸੀ ਸੋਚਿਆ ਪਰ ਵੱਖ-ਵੱਖ ਮੈਗਜ਼ੀਨ ਪੜ੍ਹਨ ਦੀ ਆਦਤ ਦੀ ਲਗਾਤਾਰਤਾ ਜ਼ਰੂਰ ਰਹੀ ਸੀ। ਕਾਲਜ ਪੜ੍ਹਦਿਆਂ ਤੇ ਬਾਅਦ ਵਿੱਚ ਵੀ, ਉਸ ਵੇਲੇ ਦੇ ਚਰਚਿਤ ਰਸਾਲਿਆਂ, ਇਲਸਟ੍ਰੇਟਿਡ ਵੀਕਲੀ, ਫੈਮਿਨਾ, ਧਰਮਯੁੱਗ, ਸਰਿਤਾ, ਸਾਇੰਸ ਰਿਪੋਰਟਰ, ਵਿਗਿਆਨ ਲੋਕ, ਪ੍ਰੀਤਲੜੀ, ਕੰਵਲ, ਕਹਾਣੀ ਤੇਲੋ ਆਦਿ ਦੀ ਪਾਠਕ ਰਹੀ ਹਾਂ। ਇਹਨਾ ਤੋਂ ਇਲਾਵਾ ਜੋ ਵੀ ਕੁਝ ਹੋਰ ਮਿਲ ਜਾਂਦਾ ਪੜ੍ਹਿਆ ਹੀ ਜਾਂਦਾ ਸੀ। ਰੀਟਾਇਰਮੈਂਟ ਤੋਂ ਬਾਅਦ ਇਹ ਪੜ੍ਹਨ ਦਾ ਸਿਲਸਿਲਾ ਫਿਰ ਤੋਂ ਸ਼ੁਰੂ ਹੋ ਚੁੱਕਾ ਸੀ। ਇਹਨੀ ਦਿਨੀਂ ਜਤਿੰਦਰ ਔਲ਼ਖ ਨੇ ਮੈਨੂੰ ਆਪਣੇ ਮੈਗਜ਼ੀਨ 'ਮੇਘਲਾ' ਨਾਲ ਜੁੜਨ ਵਾਸਤੇ ਕਿਹਾ। ਮੈਂ ਹਾਂ ਕਰ ਦਿੱਤੀ। ਦੋ ਕੁ ਸਾਲ ਇਹ ਸਿਲਸਿਲਾ ਚੱਲਿਆ। ਪਰ ਇਹ ਤਜਰਬਾ ਕਾਮਯਾਬ ਨਾ ਰਿਹਾ। ਆਖਰ ਮੈਂ ਮੇਘਲਾ ਨਾਲ਼ੋਂ ਅਲੱਗ ਹੋ ਗਈ, ਪਰ ਮਨਮਰਜ਼ੀ ਅਨੁਸਾਰ ਮੈਗਜ਼ੀਨ ਕੱਢਣ ਦਾ ਸੁਪਨਾ ਮਨ ਵਿੱਚ ਪੁੰਗਰ ਚੁੱਕਾ ਸੀ। ਤੇਜਿੰਦਰ ਬਾਵਾ ਪ੍ਰਮਿੰਦਰਜੀਤ ਹੋਰਾਂ ਨਾਲ ਅੱਖਰ ਦਾ ਸਾਰਾ ਕੰਮ ਕਰਨ ਤੋਂ ਇਲਾਵਾ ਕੁਝ ਹੋਰ ਮੈਗਜ਼ੀਨਾਂ ਤੇ ਕਿਤਾਬਾਂ ਦਾ ਕੰਮ ਵੀ ਕਰਦਾ ਰਹਿੰਦਾ ਸੀ। ਕਾਫੀ ਸਾਰੀ ਹਵਾ ਇਸ ਸੁਪਨੇ ਨੂੰ ਉਸ ਨੇ ਵੀ ਦਿੱਤੀ। ਮੈਂ ਪ੍ਰਮਿੰਦਰਜੀਤ ਹੋਰਾਂ ਨਾਲ ਗੱਲ ਕੀਤੀ ਕਿ ਮੈਂ ਇਕ ਮੈਗਜ਼ੀਨ ਸ਼ੁਰੂ ਕਰਨਾ ਚਾਹੁੰਦੀ ਹਾਂ ਜਿਸ ਵਿੱਚ ਹਰ ਸਾਹਿਤਕ ਵਿਧਾ ਨੂੰ ਥਾਂ ਦਿੱਤੀ ਜਾ ਸਕੇ। ਉਹਨਾ ਨੇ ਜੁਆਬ ਦਿੱਤਾ ਕਿ ਸਾਰੇ ਹੀ ਹਰ ਵਿਧਾ ਨੂੰ ਛਾਪ ਰਹੇ ਹਨ ਤੇ ਤੂੰ ਅੱਖਰ ਵਿੱਚ ਹੀ ਇਕ ਪੰਨਾ ਲੈ ਲਿਆ ਕਰ, ਇਕ ਹੋਰ ਰਸਾਲਾ ਕੱਢ ਕੇ ਕੀ ਕਰਨਾ ਹੈ।

ਮੈਂ ਅਗਵਾਈ ਚਾਹੁੰਦੀ ਸੀ। ਇਕ ਹੋਰ ਮੈਗਜ਼ੀਨ ਦੇ ਸੰਪਾਦਕ ਤੋਂ ਵੀ ਸਲਾਹ ਲੈਣੀ ਚਾਹੀ। ਉਹਨਾਂ ਵੀ ਪੁੱਛਿਆ ਤੂੰ ਮੈਗਜ਼ੀਨ ਕਿਓਂ ਕੱਢਣਾ ਹੈ ? ਮੈਂ ਕਿਹਾ, ਕਿ ਮੈਂ ਆਪਣੀ ਮਨਮਰਜ਼ੀ ਦਾ ਰਸਾਲਾ ਕੱਢਣਾ ਚਾਹੁੰਦੀ ਹਾਂ ਬੱਸ। ਅਸਲ ਵਿੱਚ ਮੇਰੇ ਮਨ ਵਿੱਚ ਹਿੰਦੀ ਤੇ ਅੰਗਰੇਜ਼ੀ ਦੇ ਪਹਿਲਾਂ ਪੜ੍ਹੇ ਹੋਏ ਮੈਗਜ਼ੀਨ ਬੈਠੇ ਹੋਏ ਸਨ।

ਉਹਨਾਂ ਨੇ ਵੀ ਕਿਹਾ ਤੂੰ ਮੇਰੀ ਮੈਗਜ਼ੀਨ ਵਿੱਚ ਮਨਮਰਜ਼ੀ ਕਰ ਲਿਆ ਕਰ। ਪਰ ਮੈਨੂੰ ਸਮਝ ਲੱਗ ਚੁੱਕੀ ਸੀ ਕਿ ਆਪਣੀ ਮੈਗਜ਼ੀਨ ਵਿੱਚ ਮੈਨੂੰ ਕੋਈ ਕਿਓਂ ਆਪਣੀ ਮਰਜ਼ੀ ਕਰਨ ਦੇਵੇਗਾ ਭਲਾ!

ਸੋ ਦੋ ਹਜ਼ਾਰ ਬਾਰਾਂ ਵਿੱਚ ਸਾਹਿਤਕ ਏਕਮ ਦਾ ਪਹਿਲਾ ਅੰਕ ਤਿਆਰ ਹੋਇਆ। ਓਦੋਂ ਹੀ ਸਾਹਿਤ ਅਕੈਡਮੀ ਲੁਧਿਆਣਾ ਦੀ ਇਲੈਕਸ਼ਨ ਆ ਗਈ। ਉੱਥੇ ਬਹੁਤ ਸਾਰੀਆਂ ਸਾਹਿਤਕ ਹਸਤੀਆਂ ਨੂੰ ਮੈਗਜ਼ੀਨ ਦੇਣ ਦਾ ਸਬੱਬ ਬਣ ਗਿਆ। ਬਹੁਤੀਆਂ ਸ਼ਖ਼ਸੀਅਤਾਂ ਨੇ ਸਿਫ਼ਤ ਕੀਤੀ ਤੇ ਉਤਸ਼ਾਹ ਦਿੱਤਾ। ਇਸ ਤਰ੍ਹਾਂ ਇਹ ਸਿਲਸਿਲਾ ਸ਼ੁਰੂ ਹੋ ਗਿਆ, ਲੱਗਦੇ ਹੱਥ ਮੈਂ ਇਹ ਵੀ ਦੱਸ ਦਿਆਂ ਕਿ ਅਦਬੀ ਸ਼ਖ਼ਸੀਅਤਾਂ ਨੂੰ ਮੇਰੇ 'ਤੇ ਯਕੀਨ ਨਹੀਂ ਸੀ ਕਿ ਇਕ ਸਧਾਰਨ ਜਿਹੀ ਲੇਖਕਾ, ਜਿਸ ਦਾ ਕੋਈ ਸਾਹਿਤਕ ਪਿਛੋਕੜ ਵੀ ਨਹੀਂ ਤੇ ਕੋਈ ਨਾਮਣਾ ਵੀ ਨਹੀਂ, ਕਿਸ ਤਰ੍ਹਾਂ ਮੈਗਜ਼ੀਨ ਚਲਾਏਗੀ ਭਲਾ! ਕੁਝ ਸਾਲਾਂ ਪਿੱਛੋਂ ਇਕ ਨਾਮਵਰ ਆਲੋਚਕ ਨੇ ਤਾਂ ਮੈਨੂੰ ਇਹ ਵੀ ਕਹਿ ਦਿੱਤਾ ਕਿ ਮੈਡਮ ਇਸ ਤਰਾਂ ਦੀ ਉਮੀਦ ਨਹੀਂ ਸੀ ਤੁਹਾਡੇਕੋਲੋਂ...! ਇਕ ਸਥਾਪਤ ਕਹਾਣੀਕਾਰ ਹੋਰਾਂ ਨੇ ਤਾਂ ਤੀਜਾ ਅੰਕ ਆਉਣ 'ਤੇ ਫ਼ੋਨ ਕਰਕੇ ਕਿਹਾ ਕਿ ਭੈਣ! ਕਮਾਲ ਕਰ ਦਿੱਤੀ ... ਤੀਜਾ ਅੰਕ ਵੀ ਕੱਢ ਲਿਆ! ਫਿਰ, ਜਿਸ ਤਰ੍ਹਾਂ ਦਾ ਮੈਟਰ ਮੈਂ ਛਾਪਣਾ ਚਾਹੁੰਦੀ ਸਾਂ, ਮਿਲਦਾ ਨਹੀਂ ਸੀ। ਮੇਰਾ ਕੋਈ ਸਰਪ੍ਰਸਤ ਨਹੀਂ ਸੀ, ਰਾਹ ਦਸੇਰਾ ਵੀ ਨਹੀਂ ਸੀ। ਬਹੁਤ ਮੁਸ਼ਕਲਾਂ ਨਾਲ ਪੁੱਛ-ਪੁਛਾ ਕੇ ਮੈਗਜ਼ੀਨ ਦੀ ਰਜਿਸਟ੍ਰੇਸ਼ਨ ਕਰਵਾਈ। ਸੰਧੂ ਸਾਹਬ, ਯਾਨੀ ਮੇਰੇ ਹਸਬੈਂਡ ਨੇ ਮੇਰੀਆਂ ਮੁਸ਼ਕਲਾਂ ਵੇਖ ਕੇ ਘਰ ਤੋਂ ਬਾਹਰਲੇ ਕੰਮਾਂ ਦੀ ਜ਼ਿੰਮੇਵਾਰੀ ਆਪਣੇ 'ਤੇ ਲੈ ਲਈ। ਫਿਰ ਇਸ ਨੂੰ ਚੱਲਦਾ ਰੱਖਣ ਵਾਸਤੇ ਮੈਂ ਲਗਾਤਾਰ ਮਿਹਨਤ ਕੀਤੀ। ਹੌਲੀ-ਹੌਲੀ ਸਮਝ ਲਗਦੀ ਗਈ ਕਿ ਕਿਸ ਤਰ੍ਹਾਂ ਕੰਮ ਕਰਾਂ। ਹੁਣ ਸਾਢੇ ਛੇ ਸਾਲ ਹੋ ਗਏ ਹਨ ਸਾਹਿਤਕ ਏਕਮ ਨੂੰ ਚੱਲਦਿਆਂ। ਪੰਝੀਵਾਂ ਅੰਕ ਤੇ ਏਕਮ ਦਾ ਪਹਿਲਾ ਵਿਸ਼ੇਸ਼ ਅੰਕ....ਨਾਰੀਕਾਵਿ ਅੰਕ ਵੀ ਆ ਚੁੱਕਾ ਹੈ। ਆਪਣੇ ਮਨਪਸੰਦ ਕੰਮ ਨੂੰ ਆਪਣੀ ਮਰਜ਼ੀ ਨਾਲ ਕਰ ਵੀ ਸਕਣ ਨਾਲ ਜੋ ਸ਼ਕਤੀ ਮੈਨੂੰ ਮਿਲਦੀ ਹੈ ਉਹੀ ਨਿਰੰਤਰ ਪੁਖਤਗੀ ਨਾਲ ਇਸ ਖੇਤਰ ਵਿੱਚ ਤੁਰਦੇ ਰਹਿਣ ਦੀ ਪ੍ਰੇਰਨਾ ਬਣਦੀ ਹੈ।

**ਮਲਵਿੰਦਰ: ਸਾਹਿਤਕ ਏਕਮ ਪਰਚੇ ਦੀ ਮਾਰਫਤ ਯਕੀਨਨ ਤੁਹਾਡਾ ਸਾਹਿਤਕ ਖੇਤਰ ਵਿਸ਼ਾਲ ਹੋਇਆ ਹੈ। ਇਸ ਦਾ ਤੁਹਾਡੀ ਸਿਰਜਣਾ ਉੱਪਰ ਵੀ ਫਰਕ ਪਿਆ ਹੈ ?**

**ਅਰਤਿੰਦਰ:** ਮਲਵਿੰਦਰ ਜੀ ਮੈਂ ਆਪਣੀ ਪਾਰਖੂ ਆਪ ਤਾਂ ਨਹੀਂ ਹੋ ਸਕਦੀ। ਇਹ ਤਾਂ ਤੁਸੀਂ ਤੇ ਹੋਰ ਵਿਦਵਾਨ ਸਾਥੀ ਹੀ ਅੰਦਾਜ਼ਾ ਲਾ ਸਕਦੇ ਹੋ, ਪਰ ਮੈਂ ਏਨਾ ਕੁ ਜ਼ਰੂਰ ਕਹਿ ਸਕਦੀ ਹਾਂਕਿ ਮੈਗਜ਼ੀਨ ਦੇ ਬਹਾਨੇ ਮੇਰਾ ਵੱਖ-ਵੱਖ ਵਿਧਾਵਾਂ ਦੇ ਬਹੁਤ ਸਾਰੇ ਲੇਖਕਾਂ ਦੀਆਂ ਰਚਨਾਵਾਂ ਨਾਲ ਵਾਹ ਪੈਂਦਾ ਹੈ, ਬਹੁਤ ਸਾਰੀਆਂ ਕਿਤਾਬਾਂ ਹਰ ਵਾਰ ਆਉਂਦੀਆਂ ਹਨ। ਜਿੱਥੇ ਕਿਤਾਬਾਂ ਦੇ ਰੀਵਿਊ ਕਰਨ ਵਾਸਤੇ ਆਪਣੇ ਹੋਰ ਲੇਖਕ ਸਾਥੀਆਂ ਦੀ ਮਦਦ ਜ਼ਰੂਰ ਲੈਣੀ ਪੈਂਦੀ ਹੈ, ਪਰ ਏਕਮ ਵਿੱਚ ਛਪਣ ਵਾਲੀਆਂ ਸਾਰੀਆਂ ਰਚਨਾਵਾਂ ਮੈਂ ਆਪ ਹੀ ਪੜ੍ਹ ਕੇ ਕੰਪੋਜ਼ ਕਰਨ ਵਾਸਤੇ ਭੇਜਣੀਆਂ ਹੁੰਦੀਆਂ ਹਨ, ਬਾਅਦ ਵਿੱਚ ਪਰੂਫ਼ ਰੀਡਿੰਗ ਵੀ ਆਪ ਹੀ ਕਰਨੀ ਹੁੰਦੀ ਹੈ। ਕੁਝ ਕਿਤਾਬਾਂ ਆਪ ਵੀ ਹਰ ਵਾਰ ਪੜ੍ਹੀਆਂ ਜਾਂਦੀਆਂ ਹਨ। ਇਸ ਤਰਾਂ ਮੈਨੂੰ ਲਗਾਤਾਰ ਨਵਾਂ ਸਾਹਿਤ ਪੜ੍ਹਨ ਦਾ ਮੌਕਾ ਮਿਲਦਾ ਰਹਿੰਦਾ ਹੈ। ਇਸ ਦਾ ਅਸਰ ਆਪਣੀ ਸਿਰਜਣਾ ’ਤੇ ਵੀ ਪੈਂਦਾ ਹੀ ਹੋਵੇਗਾ।

**ਮਲਵਿੰਦਰ:** **ਆਲੋਚਕ ਤੁਹਾਡੀ ਰਚਨਾ ਦਾ ਜ਼ਿਕਰ ਭਰਵੇਂ ਰੂਪ ਵਿੱਚ ਕਰਦੇ ਹਨ। ਕਈ ਵਾਰ ਇਹ ਜ਼ਿਕਰ ਸੰਪਾਦਕ ਹੋਣ ਕਰਕੇ ਵੀ ਹੁੰਦਾ ਹੈ, ਇਸ ਬਾਰੇ ਤੁਸੀਂ ਕੀ ਕਹਿਣਾ ਚਾਹੋਗੇ ?**

**ਅਰਤਿੰਦਰ:** ਮਲਵਿੰਦਰ ਜੀ ਸ਼ਾਇਦ ਤੁਸੀਂ ਇਸ ਤੱਥ ਵੱਲ ਕਦੇ ਧਿਆਨ ਨਹੀਂ ਦਿੱਤਾ ਕਿ ਮੇਰੀ ਕਵਿਤਾ ਦਾ ਜ਼ਿਕਰ ਬਾਰ-ਬਾਰ ਉਹਨਾਂ ਹੀ ਲੇਖਕਾਂ/ਆਲੋਚਕਾਂ ਵੱਲੋਂ ਕੀਤਾ ਜਾਂਦਾ ਹੈ ਜਿਨ੍ਹਾਂ ਨੇ ਮੈਨੂੰ ਪਹਿਲਾਂ ਪੜ੍ਹਿਆ ਹੋਇਆ ਹੈ। ਉਹਨਾਂ ਗਿਣਤੀ ਦੀਆਂ ਸ਼ਖ਼ਸੀਅਤਾਂ ਤੋਂ ਇਲਾਵਾ ਤਾਂ ਜਾਪਦਾ ਹੈ ਸ਼ਾਇਦ ਹੀ ਕੋਈ ਹੋਰ ਕਿਤਾਬ ਨੂੰ ਖੋਲ੍ਹਦਾ ਹੋਵੇ। ਜਦੋਂ ਨਵੀਂ ਕਿਤਾਬ ਆਉਂਦੀ ਹੈ ਤਾਂ ਸਾਹਿਤਕ ਖ਼ਬਰ ਦੇ ਤੌਰ ’ਤੇ ਅਦਬੀ ਸ਼ਖ਼ਸੀਅਤਾਂ ਨੂੰ ਸਤਿਕਾਰ ਨਾਲ ਭੇਜੀ ਜਾਂਦੀ ਹੈ। ਪਰ ਸਾਲਾਂ ਪਿੱਛੋਂ ਵੀ ਕੋਈ ਨਾਮੀ ਸ਼ਖ਼ਸੀਅਤ ਕਿਤੇ ਮਿਲ ਪਵੇ ਤਾਂ ਕਿਤਾਬ ਬਾਰੇ ਪੁੱਛਣ ’ਤੇ ਜੁਆਬ ਮਿਲਦਾ ਹੈ ਕਿ ਨਹੀਂ ਅਜੇ ਸਮਾਂ ਨਹੀਂ ਮਿਲਿਆ। ਮੈਂ ਹਮੇਸ਼ਾਂ ਸੋਚਦੀ ਹਾਂ ਕਿ ਸ਼ਾਇਦ ਮੇਰੀ ਕਵਿਤਾ ਹੀ ਅਜੇ ਇਸ ਕਾਬਲ ਨਹੀਂ ਕਿ ਕੋਈ ਉਸ ਨੂੰ ਪੜ੍ਹੇ। ਜਿੰਨੀ ਕੁ ਸਮਝ ਮੈਨੂੰ ਲੱਗੀ ਹੈ, ਇਸ ਵਿੱਚ ਵੀ ਇਕ ਖ਼ਾਸ ਵਰਤਾਰਾ ਕੰਮ ਕਰਦਾ ਹੈ। ਆਲੋਚਕਾਂ ਦੇ ਕੁਝ ਆਪਣੇ ਅਪਣਾਏ ਹੋਏ ਮਾਪਦੰਡ ਹੁੰਦੇ ਹਨ। ਉਹ ਹਰ ਕਵਿਤਾ ਵਿੱਚੋਂ ਉਹੀ ਮਨਪਸੰਦ ਭਾਵ/ਪਰਤਾਂ /ਵਿਚਾਰਧਾਰਾ/ ਲੀਹਾਂ ਲੱਭਣ ਦੀ ਕੋਸ਼ਿਸ਼ ਕਰਦੇ ਹਨ। ਸ਼ਾਇਦ

ਮੇਰੀ ਕਵਿਤਾ ਉਹਨਾ ਮਾਪਦੰਡਾਂ ’ਤੇ ਪੂਰੀ ਨਹੀਂ ਉਤਰ ਰਹੀ ਹੁੰਦੀ। ਸੰਪਾਦਕ ਹੋਣ ਕਰਕੇ ਜ਼ਿਕਰ ਹੋਣ ਵਾਲੀ ਗੱਲ ਤੁਹਾਡਾ ਭੁਲੇਖਾ ਹੀ ਹੈ। ਫਿਰ ਵੀ ਮੈਨੂੰ ਤਸੱਲੀ ਜ਼ਰੂਰ ਹੈ ਕਿ ਮੈਂ ਆਪਣਾ ਮਨਮੁਤਾਬਿਕ ਕੰਮ ਕਰ ਰਹੀ ਹਾਂ।

**ਮਲਵਿੰਦਰ: ਹਰ ਸ਼ਹਿਰ ਵਿੱਚ ਬਹੁਤ ਸਾਰੀਆਂ ਸਾਹਿਤਕ ਸਭਾਵਾਂ ਕੰਮ ਕਰਦੀਆਂ ਹੁੰਦੀਆਂ ਹਨ। ਇਹਨਾ ਦੀ ਨੇੜਤਾ ਤੇ ਵਿਰੋਧ ਦੀਆਂ ਗੱਲਾਂ ਵੀ ਚੱਲਦੀਆਂ ਰਹਿੰਦੀਆਂ ਹਨ। ਸਾਹਿਤ ਸਭਾਵਾਂ ਦੀ ਕਾਰਗੁਜ਼ਾਰੀ ਪ੍ਰਤੀ ਤੁਹਾਡੇ ਵਿਚਾਰ ਜਾਨਣੇ ਚਾਹਾਂਗੇ।**

**ਅਰਤਿੰਦਰ:** ਵੱਖ–ਵੱਖ ਸਾਹਿਤ ਸਭਾਵਾਂ ਦੇ ਹੋਣ ਦਾ ਸਬੱਬ ਮਨੁੱਖੀ ਵਿਚਾਰਾਂ ਦੇ ਵੱਖਰੇਵਿਆਂ ਕਾਰਨ ਵੀ ਹੋ ਸਕਦਾ ਹੈ ਤੇ ਕੰਮ ਕਰਨ ਦੇ ਜਾਂ ਵੱਖ-ਵੱਖ ਵਿਧਾਵਾਂ ਵਿੱਚ ਲਿਖਣ ਵਾਲੇ ਲੇਖਕਾਂ ਕਾਰਨ ਵੀ। ਲੇਖਕ ਹੁੰਦਿਆਂ ਸਾਰੇ ਇਕ ਸਾਹਿਤਕ ਪਰਿਵਾਰ ਵਾਂਗ ਹੁੰਦੇ ਹਨ ਤੇ ਸਮਾਜ ਦਾ ਹਿੱਸਾ ਵੀ ਹੁੰਦੇ ਹਨ। ਕਿਸੇ ਪਰਿਵਾਰ ਦੇ ਸਾਰੇ ਮੈਂਬਰਾਂ ਵਿਚਕਾਰ ਹਰ ਗੱਲ ’ਤੇ ਕਦੇ ਵੀ ਪੂਰੀ ਸਹਿਮਤੀ ਨਹੀਂ ਹੁੰਦੀ। ਸਾਡਾ ਸਮਾਜ ਵੀ ਕਈ ਕਾਰਨਾਂ ਕਰਕੇ ਕਈ ਵਰਗਾਂ ਵਿੱਚ ਵੰਡਿਆ ਹੁੰਦਾ ਹੈ। ਲੇਖਕ ਵੀ ਇਸ ਸਭ ਕੁਝ ਦਾ ਹਿੱਸਾ ਹਨ ਸੋ ਇਹ ਸੁਭਾਵਕ ਵਰਤਾਰਾ ਹੈ।

**ਮਲਵਿੰਦਰ: ਸਾਹਿਤਕ ਪਰਚੇ ਦੀ ਸੰਪਾਦਨਾ ਇਕ ਕਠਿਨ ਕਾਰਜ ਹੈ। ਤੁਸੀਂ ਆਪਣੇ ਪਰਚੇ ਦੀ ਬਾਕਾਇਦਗੀ ਤੇ ਮਿਆਰ ਦੋਵੇਂ ਬਣਾ ਕੇ ਰੱਖੇ ਹਨ। ਇਹ ਕਿੰਜ ਸੰਭਵ ਕਰਦੇ ਹੋ ?**

**ਅਰਤਿੰਦਰ:** ਸਚਮੁਚ ਮਲਵਿੰਦਰ, ਇਹ ਮੁਸ਼ਕਲ ਹੀ ਹੈ। ਖ਼ਾਸ ਕਰਕੇ ਉਦੋਂ ਹੋਰ ਮੁਸ਼ਕਲ, ਜਦੋਂ ਸਾਰੀਆਂ ਮੁਸ਼ਕਲਾਂ ਤੁਹਾਡੇ ਇਕੱਲਿਆਂ ਦੇ ਸਿਰ ’ਤੇ ਹੀ ਡਿਗਦੀਆਂ ਹੋਣ। ਪਰ, ਜਿਨ੍ਹਾਂ ਕਾਰਨਾਂ ਕਰਕੇ ਇਹ ਕੰਮ ਮੁਸ਼ਕਲ ਹੁੰਦਾ ਹੈ ਉਹੋ ਕਾਰਨ ਹੀ ਅਕਸਰ ਤੁਹਾਡੀ ਸ਼ਕਤੀ ਦਾ ਸੋਮਾ ਬਣ ਜਾਂਦੇ ਹਨ। ਇਸ ਪਿੱਛੇ ਅਜੋਕੇ ਸਮੇਂ ਵਿੱਚ ਬਾਲਾਂ ਤੇ ਵੱਡਿਆਂ ਨੂੰ ਲਾਏ ਜਾਂਦੇ, ’ਵੈਕਸੀਨੇਸ਼ਨ’ ਵਾਲੀ ਥਿਊਰੀ ਦੀ ਉਦਾਹਰਨ ਦੇਂਦੀ ਹਾਂ। ਵੈਕਸੀਨੇਸ਼ਨ ਲਾਉਣ ਵੇਲੇ, ਜਿਸ ਬੀਮਾਰੀ ਤੋਂ ਬਚਾਉਣ ਵਾਸਤੇ ਟੀਕਾ ਲਾਇਆ ਜਾਂਦਾ ਹੈ, ਉਸੇ ਬੀਮਾਰੀ ਦੇ ਥੋੜ੍ਹੇ ਜਿਹੇ ਕਮਜ਼ੋਰ ਜਰਮ ਸਰੀਰ ਵਿੱਚ ਭੇਜੇ ਜਾਂਦੇ ਹਨ। ਮਨੁੱਖੀ ਸਰੀਰ ਉਹਨਾਂ ਨਾਲ ਲੜ ਕੇ ਉਹਨਾਂ ਨੂੰ ਮਾਰ ਦੇਂਦਾ ਹੈ ਤੇ ਸਰੀਰ ਵਿੱਚ ਅੱਗੇ ਤੋਂ

ਉਸ ਰੋਗ ਨਾਲ ਲੜਨ ਦੀ ਸ਼ਕਤੀ ਪੈਦਾ ਹੋ ਜਾਂਦੀ ਹੈ। ਇਸ ਤਰ੍ਹਾਂ ਦਾ ਹੀ ਕੁਝ ਮੇਰੇ ਨਾਲ ਹੁੰਦਾ ਰਹਿੰਦਾ ਹੈ।

...ਮੁਸ਼ਕਿਲੇਂ ਇਤਨੀ ਪੜੀ ਕਿ ਆਸਾਨ ਹੋ ਗਈ... ਮੇਰੇ ਹਿਸਾਬ ਨਾਲ ਜਿਸ ਨੂੰ 'ਮਾਈਂਡਸੈੱਟ' ਕਹਿੰਦੇ ਹਨ, ਇਹ ਗੱਲ, ਉਸ ਦੀ ਹੈ। ਜਦ ਮੈਂ ਮੈਗਜ਼ੀਨ ਨਹੀਂ ਸੀ ਸ਼ੁਰੂ ਕੀਤਾ ਤਾਂ ਮੈਂ ਜਿਨ੍ਹਾਂ ਵੀ ਮੈਗਜ਼ੀਨਾਂ ਨਾਲ ਸਬੰਧਤ ਹੋਈ, ਆਪਣੇ ਵੱਲੋਂ ਵਸੀਲਿਆਂ ਅਨੁਸਾਰ ਉਹਨਾ ਨੂੰ ਭਰਪੂਰ ਵਿੱਤੀ ਸਹਿਯੋਗ ਦੇਂਦੀ ਰਹੀ ਸੀ। ਮੈਂ ਇਸ ਨੂੰ ਇਕ ਸਾਹਿਤਕ ਵਰਤਾਰਾ ਸਮਝਦੀ ਸਾਂ। ਪਰ ਸਾਹਿਤਕ ਏਕਮ ਸ਼ੁਰੂ ਕਰਨ ਦੇ ਦੋ ਕੁ ਹੀ ਅੰਕਾਂ ਪਿੱਛੋਂ ਮੈਨੂੰ ਸਮਝ ਆ ਗਈ ਸੀ ਕਿ ਜੇ ਇਹ ਇਕ ਵਰਤਾਰਾ ਹੈ ਵੀ, ਤਾਂ ਘੱਟੋ-ਘੱਟ ਇਹ ਮੇਰੇ 'ਤੇ ਲਾਗੂ ਨਹੀਂ ਹੁੰਦਾ। ਮੈਂ ਆਪਣੇ ਆਪ ਨੂੰ ਕਿਹਾ ਕਿ ...ਮੈਨੂੰ ਕਿਸੇ ਨੇ ਕਿਹਾ ਤਾਂ ਨਹੀਂ ਸੀ ਤੂੰ ਏਨੇ ਸਾਰੇ ਪੰਜਾਬੀ ਮੈਗਜ਼ੀਨਾਂ ਦੇ ਹੁੰਦਿਆਂ ਇਕ ਹੋਰ ਮੈਗਜ਼ੀਨ ਸ਼ੁਰੂ ਕਰ! ਹੁਣ ਕਰ ਲਿਆ ਹੈ ਤਾਂ ਇਸ ਦੀ ਜ਼ਿੰਮੇਵਾਰੀ ਵੀ ਸਿਰਫ਼ ਆਪਣੀ ਹੀ ਹੈ। ਸੋ ਮੈਂ ਹਰ ਮਹੀਨੇ ਆਪਣੀ ਪੈਨਸ਼ਨ ਦਾ ਇਕ ਹਿੱਸਾ ਅਲੱਗ ਰੱਖਣਾ ਸ਼ੁਰੂ ਕਰ ਦਿੱਤਾ। ਤਿੰਨ ਮਹੀਨਿਆਂ ਬਾਅਦ ਉਹ ਰਕਮ ਮੈਗਜ਼ੀਨ ਦੀ ਛਪਾਈ, ਡਾਕ ਲਿਫ਼ਾਫ਼ੇ ਤੇ ਕੋਰੀਅਰ ਵਰਗੇ ਖ਼ਰਚਿਆਂ ਦਾ ਸਾਰ ਜਾਂਦੀ। ਲਿਫ਼ਾਫ਼ੇ ਛਪਵਾ ਕੇ ਟਿਕਟਾਂ ਲਾਉਣ ਦੀ ਤੇ ਹੋਰ ਸਾਰੇ ਕੰਮਾਂ ਦੀ ਮਿਹਨਤ ਆਪ ਕਰ ਲੈਣੀ। ਕੰਮ ਦਾ ਸਾਹਿਤਕ ਹਿੱਸਾ ਮੇਰਾ ਇਕੱਲੀ ਦਾ ਜ਼ਿੰਮਾ ਹੈ ਤੇ ਬਾਕੀ ਕੰਮ ਹੁਣ ਅਸੀਂ ਦੋਨੋ, ਯਾਨੀ ਮੇਰੇ ਹਸਬੈਂਡ ਤੇਮੈਂ ਮਿਲ ਕੇ ਕਰ ਲੈਂਦੇ ਹਾਂ।

ਬਾਕੀ ਗੱਲ ਕੀਤੀ ਹੈ ਤੁਸੀਂ ਮਿਆਰ ਦੀ। ਸ਼ੁਰੂ ਸ਼ੁਰੂ ਵਿੱਚ ਇਕ ਵਾਰ ਪਹਿਲਾਂ ਪਹਿਲਾਂ ਮੈਂ ਪਰਮਿੰਦਰਜੀਤ ਨੂੰ ਪੁੱਛਿਆ ਕਿ ਤੁਹਾਡਾ ਨਾਮ ਸਲਾਹਕਾਰ ਦੇ ਤੌਰ 'ਤੇ ਲਿਖ ਲਵਾਂ? ਉਹਨਾਂ ਕਿਹਾ ਫਿਰ ਮੇਰਾ ਦਖ਼ਲ ਵੀ ਹੋਵੇਗਾ! ਮੈਂ ਚੁੱਪ ਕਰਕੇ ਸਾਰੇ ਕੰਮਾਂ ਨੂੰ ਆਪਣੇ ਤੱਕ ਹੀ ਸੀਮਤ ਕਰ ਲਿਆ। ਆਪ ਹੀ ਕੁਝ ਕਾਇਦੇ ਨਿਸ਼ਚਿਤ ਕੀਤੇ ਤੇ ਉਹਨਾ 'ਤੇ ਪੱਕੇ ਰਹਿਣ ਦੀ ਕੋਸ਼ਿਸ਼ ਵੀ ਹਮੇਸ਼ਾਂ ਕੀਤੀ। ਵਿਰੋਧਤਾਈਆਂ ਨੂੰ ਸਹਿਣ ਕੀਤਾ। ਭਰੋਸੇ ਦੇ ਉਹਲੇ ਵਿੱਚ, ਜਾਣਬੁੱਝ ਕੇ ਦਿੱਤੀਆਂ ਜਾਂਦੀਆਂ ਗਲਤ ਸਲਾਹਾਂ ਤੋਂ ਬਚ ਕੇ ਰਹਿਣ ਵਿੱਚ ਭਲਾ ਸਮਝਿਆ।

ਅੱਛੀਆਂ ਰਚਨਾਵਾਂ ਦੀ ਲੇਖਕਾਂ ਕੋਲੋਂ ਮੰਗ ਕਰਦੇ ਰਹਿਣਾ ਤੇ ਆਏ ਮੈਟਰ ਵਿੱਚੋਂ ਆਪਣੀ ਮਰਜ਼ੀ ਨਾਲ ਚੋਣ ਕਰਦਿਆਂ ਸਮਾਂ

ਬੀਤਦਾ ਰਿਹਾ ਤੇ ਹੁਣ ਤੱਕ ਸਾਹਿਤਕ ਸ਼ਖ਼ਸੀਅਤਾਂ ਦੀਆਂ ਟਿੱਪਣੀਆਂ ਤੇ ਹੱਲਾਸ਼ੇਰੀ ਤੋਂ ਜਾਪਦਾ ਹੈ ਕਿ ਮੈਗਜ਼ੀਨ ਕੁਝ ਪੈਰਾਂ 'ਤੇ ਖੜਾ ਹੋਣ ਲੱਗਾ ਹੈ।

**ਮਲਵਿੰਦਰ:** **ਅੱਜ-ਕੱਲ੍ਹ ਵੱਡ ਆਕਾਰੀ ਮੈਗਜ਼ੀਨਾਂ ਦਾ ਦੌਰ ਹੈ। ਹੁਣ, ਫ਼ਿਲਹਾਲ, ਰਾਗ ਵਾਹਗਾ ਆਦਿ ਕੁਝ ਵੱਡ ਆਕਾਰੀ ਰਸਾਲੇ ਹਨ। ਇਸ ਰੁਝਾਨ ਦਾ ਤੁਹਾਡੇ ਪਰਚੇ ਉੱਪਰ ਕਿਹੋ ਜਿਹਾ ਅਸਰ ਪੈਂਦਾ ਹੈ ?**

**ਅਰਤਿੰਦਰ:** ਰਸਾਲਾ ਕਿਹੋ ਜਿਹਾ ਤੇ ਕਿੰਨਾ ਕੁ ਵੱਡਾ ਹੋਣਾ ਹੈ ਇਹ ਸੰਬੰਧਤ ਸੰਪਾਦਕਾਂ ਦੀ ਮਰਜ਼ੀ, ਸ਼ਕਤੀ ਤੇ ਵਸੀਲਿਆਂ 'ਤੇ ਨਿਰਭਰ ਹੈ। ਇਹੋ ਕਾਰਨ ਮੇਰੇ 'ਤੇ ਲਾਗੂ ਹੁੰਦੇ ਹਨ। ਹਰ ਮੈਗਜ਼ੀਨ ਦਾ ਆਪਣਾ ਸੁਭਾਅ ਤੇ ਰੂਪਰੰਗ ਹੁੰਦਾ ਹੈ ਤੇ ਉਸੇ ਅਨੁਸਾਰ ਉਸ ਦੇ ਪਾਠਕ ਵੀ ਹੁੰਦੇ ਹਨ। ਜਿਹੜੇਪਾਠਕ / ਲੇਖਕ ਨੂੰ ਜੋ ਚੰਗਾ ਲੱਗੇ ਉਹ ਚੁਣਦਾ ਹੈ। ਮੈਂ ਹੋਰਨਾਂ ਰਸਾਲਿਆਂ ਦੀਆਂ ਅੱਛੀਆਂ ਗੱਲਾਂ ਦੇਖ ਕੇ ਪ੍ਰੇਰਣਾ ਲੈਣ ਦੀ ਕੋਸ਼ਿਸ਼ ਜ਼ਰੂਰ ਕਰਦੀ ਹਾਂ, ਕਿਉਂਕਿ ਮੇਰੇ ਵਿੱਚ ਸਿੱਖਣ ਦੀ ਚਾਹਤ ਤੇ ਆਦਤ ਜਨੂਨ ਦੀ ਹੱਦ ਤੱਕ ਹੈ। ਪਰ ਕਿਸੇ ਸੰਬੰਧੀ ਜਾਂ ਕਿਸੇ ਦਾ ਨਾਂਹ ਪੱਖੀ ਪ੍ਰਭਾਵ ਬਿਲਕੁਲ ਨਹੀਂ ਹੈ:

**ਮਲਵਿੰਦਰ:** **ਸਾਹਿਤਕ ਸਭਾਵਾਂ ਦੇ ਸਮਾਗਮਾਂ ਵਿੱਚ ਜਾਣਾ, ਪ੍ਰਧਾਨਗੀ ਮੰਡਲ ਦਾ ਹਿੱਸਾ ਬਣਨਾ, ਅਖ਼ਬਾਰਾਂ ਵਿੱਚ ਛਪਣਾ, ਕੀ ਇਹ ਸਭ ਵਕਤ ਦੀ ਬਰਬਾਦੀ ਨਹੀਂ? ਇਸ ਦਾ ਸਿਰਜਣਾ ਉੱਪਰ ਕਿਹੋ ਜਿਹਾ ਪ੍ਰਭਾਵ ਪੈਂਦਾ ਹੈ ?**

**ਅਰਤਿੰਦਰ:** ਜਦੋਂ ਅਸੀਂ ਸਾਹਿਤ ਨਾਲ ਜੁੜਦੇ ਹਾਂ ਤਾਂ ਸਾਹਿਤਕ ਸਮਾਜ ਦਾ ਇਕ ਹਿੱਸਾ ਬਣ ਜਾਂਦੇ ਹਾਂ। ਜਿਸ ਤਰਾਂ ਅਸੀਂ ਬਾਕੀ ਸਮਾਜਕ ਜ਼ੁੰਮੇਵਾਰੀਆਂ ਨੂੰ ਨਿਭਾਉਂਦੇ ਹਾਂ ਉਸੇ ਤਰ੍ਹਾਂ ਅਜਿਹੇ ਕਾਰਜਾਂ ਵਿੱਚ ਵੀ ਸ਼ਾਮਲ ਹੋਣਾ ਸਾਡਾ ਫਰਜ਼ ਬਣ ਜਾਂਦਾ ਹੈ। ਸ਼ੁਰੂ ਸ਼ੁਰੂ ਵਿੱਚ ਤਾਂ ਇਹ ਸਭ ਕੁਝ ਚੰਗਾ ਵੀ ਲਗਦਾ ਹੈ।

ਉਂਜ ਸਾਹਿਤਕ ਮਿਲਣੀਆਂ, ਲੇਖਕਾਂ ਦੇ ਆਪਸੀ ਮੇਲ਼-ਜੋਲ਼ ਤੇ ਸਾਹਿਤਕ ਆਦਾਨ ਪ੍ਰਦਾਨ ਦਾ ਸਬੱਬ ਬਣਨ ਦੇ ਨਾਲ ਨਾਲ ਕੁਝ ਨਵਾਂ ਸਿੱਖਣ ਵਾਲ਼ਿਆਂ ਵਾਸਤੇ ਵੀ ਕਿਸੇ ਹੱਦ ਤੱਕ ਲਾਹੇਵੰਦ ਹੋ ਸਕਦੀਆਂ ਹੁੰਦੀਆਂ ਹਨ। ਜਦੋਂ ਅਸੀਂ ਅਜਿਹੇ ਸਮਾਗਮਾਂ ਵਿੱਚ ਵਿਦਵਾਨਾਂ ਦੀਆਂ ਗਲਾਂ ਸੁਣਦੇ ਹਾਂ ਤਾਂ ਕਈ ਕੁਝ ਨਵਾਂ ਗ੍ਰਹਿਣ ਕਰਦੇ ਹਾਂ। ਕੁਝ ਨਵੇਂ ਰੁਝਾਨ, ਕੁਝ ਪੁਰਾਣੇ ਵਿੱਸਰ ਗਏ ਦੀ

ਜਾਣਕਾਰੀ ਸਮੇਤ ਬਹੁਤ ਇਹਨਾ ਸਮਾਗਮਾਂ ਦੀ ਬਦੌਲਤ ਹੀ ਸਾਂਝਾ ਹੁੰਦਾ ਰਹਿੰਦਾ ਹੈ। ਆਖਰ ਇਹ ਆਦਾਨ ਪ੍ਰਦਾਨ ਹੀ ਤਾਂ ਇਕ ਸ਼ਹਿਰ, ਪ੍ਰਾਂਤ ਤੇ ਦੇਸ਼ ਵਿਦੇਸ਼ ਦੇ ਲੇਖਕਾਂ ਵਿਚਕਾਰ ਆਪਸੀ ਸੰਵਾਦ ਰਾਹੀਂ ਵਿਚਾਰਾਂ ਤੇ ਸਾਹਿਤਕ ਰੁਝਾਨਾਂ ਦੇ ਆਦਾਨ ਪ੍ਰਦਾਨ ਦਾ ਵਸੀਲਾ ਬਣਦੇ ਹਨ। ਬੇਸ਼ੱਕ ਸਾਹਿਤਕ ਪ੍ਰੋਗਰਾਮ ਅੱਜਕੱਲ੍ਹ ਬਹੁਤ ਜ਼ਿਆਦਾ ਗਿਣਤੀ ਵਿੱਚ ਇਹ ਹੋਣ ਲੱਗੇ ਹਨ। ਪਰ ਇਸ ਨੂੰ ਵੀ ਲੇਖਕ ਜਮਾਤ ਵੱਲੋਂ ਆਪਣੀ ਸਾਹਿਤਕ ਮਿਲਵਰਤਣ ਦੀ ਭੁੱਖ ਨੂੰ ਸ਼ਾਂਤ ਕਰਨ ਦੀ ਕੋਸ਼ਿਸ਼ ਹੀ ਮੰਨਿਆ ਜਾਣਾ ਚਾਹੀਦਾ ਹੈ। ਨਾਲ ਹੀ ਕੋਸ਼ਿਸ਼ ਹੋਣੀ ਚਾਹੀਦੀ ਹੈ ਕਿ ਸਾਹਿਤਕ ਸਮਾਗਮ ਇਸ ਤਰ੍ਹਾਂ ਉਲੀਕੇ ਜਾਣ ਕਿ ਸਮੇਂ ਦੇ ਅੰਦਰ ਸੰਪੰਨ ਵੀ ਹੋ ਜਾਣ ਤੇ ਹਰ ਸਮਾਗਮ ਵਿਚ ਕੁਝ ਨਵਾਂ ਵੀ ਲੇਖਕਾਂ ਨੂੰ ਸਿੱਖਣ ਨੂੰ ਜ਼ਰੂਰ ਮਿਲਦਾ ਰਹੇ।

**ਮਲਵਿੰਦਰ: ਹਰ ਸ਼ਹਿਰ ਵਿੱਚ ਬਹੁਤ ਸਾਰੀਆਂ ਸਾਹਿਤਕ ਸਭਾਵਾਂ ਕੰਮ ਕਰਦੀਆਂ ਹੁੰਦੀਆਂ ਹਨ। ਇਹਨਾ ਦੀ ਨੇੜਤਾ ਤੇ ਵਿਰੋਧ ਦੀਆਂ ਗੱਲਾਂ ਵੀ ਚੱਲਦੀਆਂ ਰਹਿੰਦੀਆਂ ਹਨ। ਸਾਹਿਤ ਸਭਾਵਾਂ ਦੀ ਕਾਰਗੁਜ਼ਾਰੀ ਪ੍ਰਤੀ ਤੁਹਾਡੇ ਵਿਚਾਰ ਜਾਣਨੇ ਚਾਹਾਂਗੇ।**

**ਅਰਤਿੰਦਰ:** ਵੱਖ-ਵੱਖ ਸਾਹਿਤ ਸਭਾਵਾਂ ਦੇ ਹੋਣ ਦਾ ਸਬੱਬ ਮਨੁੱਖੀ ਵਿਚਾਰਾਂ ਦੇ ਵੱਖਰੇਵਿਆਂ ਕਾਰਨ ਵੀ ਹੋ ਸਕਦਾ ਹੈ ਤੇ ਕੰਮ ਕਰਨ ਦੇ ਜਾਂ ਵੱਖ-ਵੱਖ ਵਿਧਾਵਾਂ ਵਿੱਚ ਲਿਖਣ ਵਾਲੇ ਲੇਖਕਾਂ ਕਾਰਨ ਵੀ। ਲੇਖਕ ਹੁੰਦਿਆਂ ਸਾਰੇ ਇਕ ਸਾਹਿਤਕ ਪਰਿਵਾਰ ਵਾਂਗ ਹੁੰਦੇ ਹਨ ਤੇ ਸਮਾਜ ਦਾ ਹਿੱਸਾ ਵੀ ਹੁੰਦੇ ਹਨ। ਕਿਸੇ ਪਰਿਵਾਰ ਦੇ ਸਾਰੇ ਮੈਂਬਰਾਂ ਵਿਚਕਾਰ ਹਰ ਗੱਲ ’ਤੇ ਕਦੇ ਵੀ ਪੂਰੀ ਸਹਿਮਤੀ ਨਹੀਂ ਹੁੰਦੀ। ਸਾਡਾ ਸਮਾਜ ਵੀ ਕਈ ਕਾਰਨਾਂ ਕਰਕੇ ਕਈ ਵਰਗਾਂ ਵਿੱਚ ਵੰਡਿਆ ਹੁੰਦਾ ਹੈ। ਲੇਖਕ ਵੀ ਇਸ ਸਭ ਕੁਝ ਦਾ ਹਿੱਸਾ ਹਨ ਸੋ ਇਹ ਸੁਭਾਵਕ ਵਰਤਾਰਾ ਹੈ ਇਕ ਗੱਲ ਧਿਆਨ ਵਿੱਚ ਰੱਖਣ ਵਾਲੀ ਹੈ ਕਿ ਪਹਿਲਾਂ ਪਹਿਲਾਂ ਸਾਹਿਤ ਨੇ ਸਭਾਵਾਂ ਨਵੀਆਂ ਕਲਮਾਂ ਨੂੰ ਸਵਾਰਨ ਤੇ ਸੇਧ ਦੇਣ ਵਿੱਚ ਬਹੁਤ ਵੱਡਾ ਹਿੱਸਾ ਪਾਇਆ ਸੀ। ਉਦੋਂ ਨਵੀਆਂ ਲਿਖਤਾਂ ਜਦ ਆਪਸ ਵਿੱਚ ਸਾਂਝੀਆਂ ਕੀਤੀਆਂ ਜਾਂਦੀਆਂ ਤਾਂ ਪ੍ਰੌੜ੍ਹ ਲੇਖਕਾਂ ਵੱਲੋਂ ਉਹਨਾ ਦੀ ਨਿੱਠ ਕੇ ਝਾੜ ਪੂੰਝ ਕੀਤੀ ਜਾਂਦੀ ਸੀ। ਕੋਈ ਗੁੱਸਾ ਨਹੀਂ ਸੀ ਕਰਦਾ ਤੇ ਲੇਖਕ ਨੂੰ ਉਸਾਰੂ ਅਗਵਾਈ ਵੀ ਮਿਲਦੀ ਸੀ। ਮੈਂ ਤਾਂ ਖ਼ੁਦ ਇਸ ਤਰ੍ਹਾਂ ਦੀ ਆਲੋਚਨਾ ਨੂੰ ਤਰਸਦੀ ਰਹੀ ਹਾਂ।

ਹੁਣ ਵੀ ਬਹੁਤ ਸਾਰੀਆਂ ਸਾਹਿਤ ਸਭਾਵਾਂ ਕਈ ਪਿੰਡਾਂ ਵਿੱਚ ਆਪਸੀ ਸਾਂਝ ਨਾਲ ਲਗਾਤਾਰ ਕਾਰਜਸ਼ੀਲ ਹਨ। ਇਹਨਾਂ ਸਾਹਿਤ ਸਭਾਵਾਂ ਵਿੱਚ ਇਕ ਦੂਜੇ ਨੂੰ ਵਧੀਆ ਸਾਹਿਤ ਪੜ੍ਹਨ ਵਾਸਤੇ ਪ੍ਰੇਰਨਾ ਵੀ ਕਾਰਜ ਦਾ ਇਕ ਹਿੱਸਾ ਹੋਵੇ ਤਾਂ ਬਹੁਤ ਅੱਛਾ ਰਹਿੰਦਾ ਹੈ। ਸਿਰਫ਼ ਰਚਨਾਵਾਂ ਹੀ ਸਾਂਝੀਆਂ ਨਾ ਕੀਤੀਆਂ ਜਾਣ ਸਗੋਂ ਉਸਾਰੂ ਆਲੋਚਨਾ ਵੀ ਹਰ ਬੈਠਕ ਦਾ ਹਿੱਸਾ ਬਣੇ ਤਾਂ ਬਹੁਤ ਵਧੀਆ ਨਤੀਜੇ ਮਿਲ ਸਕਦੇ ਹਨ।

**ਮਲਵਿੰਦਰ:** **ਸਾਹਿਤਕ ਸਭਾਵਾਂ, ਸਮਾਗਮਾਂ ਵਿੱਚ ਜਾਣਾ, ਪ੍ਰਧਾਨਗੀ ਮੰਡਲ ਦਾ ਹਿੱਸਾ ਬਣਨਾ, ਅਖ਼ਬਾਰਾਂ ਵਿੱਚ ਛਪਣਾ, ਕੀ ਇਹ ਸਭ ਵਕਤ ਦੀ ਬਰਬਾਦੀ ਨਹੀਂ? ਇਸ ਦਾ ਸਿਰਜਣਾ ਉੱਪਰ ਕਿਹੋ ਜਿਹਾ ਪ੍ਰਭਾਵ ਪੈਂਦਾ ਹੈ ?**

**ਅਰਤਿੰਦਰ:** ਜਦੋਂ ਅਸੀਂ ਸਾਹਿਤ ਨਾਲ ਜੁੜਦੇ ਹਾਂ ਤਾਂ ਸਾਹਿਤਕ ਸਮਾਜ ਦਾ ਇਕ ਹਿੱਸਾ ਬਣ ਜਾਂਦੇ ਹਾਂ। ਜਿਸ ਤਰ੍ਹਾਂ ਅਸੀਂ ਬਾਕੀ ਸਮਾਜਕ ਜ਼ਿੰਮੇਵਾਰੀਆਂ ਨੂੰ ਨਿਭਾਉਂਦੇ ਹਾਂ ਉਸੇ ਤਰ੍ਹਾਂ ਅਜਿਹੇ ਕਾਰਜਾਂ ਵਿੱਚ ਵੀ ਸ਼ਾਮਲ ਹੋਣਾ ਸਾਡਾ ਫਰਜ਼ ਬਣ ਜਾਂਦਾ ਹੈ। ਸ਼ੁਰੂ ਸ਼ੁਰੂ ਵਿੱਚ ਤਾਂ ਇਹ ਸਭ ਕੁਝ ਚੰਗਾ ਵੀ ਲਗਦਾ ਹੈ।

ਉਂਜ ਸਾਹਿਤਕ ਮਿਲਣੀਆਂ, ਲੇਖਕਾਂ ਦੇ ਆਪਸੀ ਮੇਲ਼-ਜੋਲ਼ ਤੇ ਸਾਹਿਤਕ ਆਦਾਨ ਪ੍ਰਦਾਨ ਦਾ ਸਬੱਬ ਬਣਨ ਦੇ ਨਾਲ ਨਾਲ ਕੁਝ ਨਵਾਂ ਸਿੱਖਣ ਵਾਲ਼ਿਆਂ ਵਾਸਤੇ ਵੀ ਕਿਸੇ ਹੱਦ ਤੱਕ ਲਾਹੇਵੰਦ ਹੋ ਸਕਦੀਆਂ ਹੁੰਦੀਆਂ ਹਨ। ਜਦੋਂ ਅਸੀਂ ਅਜਿਹੇ ਸਮਾਗਮਾਂ ਵਿੱਚ ਵਿਦਵਾਨਾਂ ਦੀਆਂ ਗੱਲਾਂ ਸੁਣਦੇ ਹਾਂ ਤਾਂ ਕਈ ਕੁਝ ਨਵਾਂ ਗ੍ਰਹਿਣ ਕਰਦੇ ਹਾਂ। ਕੁਝ ਨਵੇਂ ਰੁਝਾਨ, ਕੁਝ ਪੁਰਾਣੇ ਵਿੱਸਰ ਗਏ ਦੀ ਜਾਣਕਾਰੀ ਸਮੇਤ ਬਹੁਤ ਇਹਨਾ ਸਮਾਗਮਾਂ ਦੀ ਬਦੌਲਤ ਹੀ ਸਾਂਝਾ ਹੁੰਦਾ ਰਹਿੰਦਾ ਹੈ। ਆਖਰ ਇਹ ਆਦਾਨ ਪ੍ਰਦਾਨ ਹੀ ਤਾਂ ਦੇਸ਼ ਵਿਦੇਸ਼ ਦੇ ਪਰ ਅੱਜਕੱਲ੍ਹ ਬਹੁਤ ਜ਼ਿਆਦਾ ਗਿਣਤੀ ਵਿੱਚ ਇਹ ਹੋਣ ਲੱਗੀਆਂ ਹਨ। ਕੋਸ਼ਿਸ਼ ਹੋਣੀ ਚਾਹੀਦੀ ਹੈ ਕਿ ਸਾਹਿਤਕ ਸਮਾਗਮ ਇਸ ਤਰਾਂ ਉਲੀਕੇ ਜਾਣ ਕਿ ਸਮੇਂ ਦੇ ਅੰਦਰ ਸੰਪੰਨ ਵੀ ਹੋ ਜਾਣ ਤੇ ਕੁਝ ਨਵਾਂ ਵੀ ਲੇਖਕਾਂ ਨੂੰ ਸਿੱਖਣ ਨੂੰ ਵੀ ਜ਼ਰੂਰ ਮਿਲੇ।

**ਮਲਵਿੰਦਰ:** **ਤੁਹਾਨੂੰ ਹੁਣ ਤੱਕ ਮਿਲੇ ਮਾਨ-ਸਨਮਾਨ ਬਾਰੇ ਗੱਲ ਕਰੋ।**

**ਅਰਤਿੰਦਰ:** ਮੈਨੂੰ ਮਿਲੇ ਮਾਨ-ਸਨਮਾਨ ਮੇਰੀਆਂ ਕਿਤਾਬਾਂ ਨਾਲ ਸਬੰਧਤ ਹਨ ਤੇ ਉਹਨਾਂ ਵਿਅਕਤੀਆਂ/ਸੰਸਥਾਵਾਂ ਵੱਲੋਂ ਸਨ ਜਿਨ੍ਹਾਂ ਨੇ ਮੇਰੀ ਕਿਸੇ

ਕਿਤਾਬ ਨੂੰ ਪੜ੍ਹਿਆ। ਪਹਿਲਾ ਅਜਿਹਾ ਮੌਕਾ ਮੇਰੀ ਦੂਸਰੀ ਕਾਵਿ-ਕਿਤਾਬ 'ਸਪੰਦਨ' ਨੂੰ ਸਨਮਾਨ ਦੇਣ ਵਾਲਾ, ਅੰਮ੍ਰਿਤਸਰ ਦੀ ਹੀ ਇਕ ਸੰਸਥਾ, ਸਰਹੱਦੀ ਲੇਖਕ ਸਭਾ ਵੱਲੋਂ ਸੀ। ਉਸ ਵੇਲੇ ਮੈਨੂੰ ਬਹੁਤ ਹੀ ਅਜੀਬ ਲੱਗਾ ਸੀ, ਜਦੋਂ ਉਸ ਕਿਤਾਬ ਦੇ ਸੰਬੰਧ ਵਿੱਚ ਮੈਨੂੰ ਸਨਮਾਨਿਤ ਕਰਨ ਵਾਸਤੇ ਸਵਃ ਕੁਲਵੰਤ ਸਿੰਘ ਸੂਫ਼ੀ ਨੇ ਫ਼ੋਨ ਕੀਤਾ ਤਾਂ ਮੈਨੂੰ ਖ਼ਿਆਲ ਆਇਆ ਕਿ ਮੈਂ ਤਾਂ ਬਹੁਤ ਹੀ ਸਧਾਰਨ ਲੇਖਕ ਹਾਂ ਤੇ ਇਹਨਾਂ ਨੇ ਮੈਨੂੰ ਕਿਓਂ ਬੁਲਾ ਲਿਆ। ਮੈਂ ਸੂਫ਼ੀ ਹੋਰਾਂ ਨੂੰ ਕਿਹਾ ਕਿ ਸ਼ਹਿਰ ਵਿੱਚ ਤਾਂ ਕਿੰਨੇ ਹੀ ਹੋਰ ਵੱਡੇ ਲੇਖਕ ਹਨ, ਤੁਸੀਂ ਉਹਨਾਂ ਨੂੰ ਸਨਮਾਨਿਤ ਕਰੋ, ਮੇਰੀ ਵਾਰੀ ਕਿਵੇਂ ਆ ਸਕਦੀ ਹੈ!

ਸੂਫ਼ੀ ਹੋਰਾਂ ਨੇ ਮੈਨੂੰ ਕਿਹਾ ਨਹੀਂ ਅਸੀਂ ਉਹਨਾ ਨੂੰ ਵੀ ਬੁਲਾਉਣਾ ਹੈ ਤੇ ਤੁਹਾਨੂੰ ਸਨਮਾਨਤ ਕਰਨਾ ਹੈ। ਉਸ ਵੇਲੇ ਸਾਰੇ ਫੰਕਸ਼ਨ ਵਿਚ ਮੈਨੂੰ ਬਹੁਤ ਹੀ ਅਜੀਬ ਲੱਗਦਾ ਰਿਹਾ ਸੀ। ਉਹ ਸਨਮਾਨ ਚਿੰਨ੍ਹ ਦੇਖਦੀ ਹਾਂ ਤਾਂ ਉਹ ਸਭ ਕੁਝ ਚੇਤੇ ਆਉਂਦਾ ਹੈ।

'ਸ਼ੀਸ਼ੇ ਦੀ ਜੂਨ' ਵਾਸਤੇ ਲੁਧਿਆਣੇ ਦੀ ਸਿਰਜਣ ਧਾਰਾ ਵੱਲੋਂ 'ਕਦੇ ਕਦਾਈਂ' ਵਾਸਤੇ ਨਾਭਾ ਰਚਨਾ ਵਿਚਾਰ ਮੰਚ ਵੱਲੋਂ ਤੇ 'ਆਪਣੇ ਤੋਂ ਆਪਣੇ ਤਕ' ਵਾਸਤੇ ਮਾਲਵਾ ਲਿਖਾਰੀ ਸਭਾ ਸੰਗਰੂਰ ਵੱਲੋਂ ਮਹਿੰਦਰ ਮਾਨਵ ਸਨਮਾਨ ਮਿਲ ਚੁੱਕੇ ਹਨ।

**ਮਲਵਿੰਦਰ: ਖੁੱਲ੍ਹੀ ਕਵਿਤਾ ਦੇ ਸਮਕਾਲੀ ਮੁਹਾਂਦਰੇ ਤੋਂ ਕਿੰਨਾ ਕੁ ਸੰਤੁਸ਼ਟ ਹੋ ?**

**ਅਰਤਿੰਦਰ:** ਪਹਿਲਾਂ ਤਾਂ ਖੁੱਲ੍ਹੀ ਕਵਿਤਾ ਨੂੰ ਕਵਿਤਾ ਹੀ ਨਹੀਂ ਸੀ ਮੰਨਿਆ ਜਾਂਦਾ। ਪਰ ਹੁਣ ਇਸ ਕਾਵਿ ਰੂਪ ਰਾਹੀਂ ਵਿਚਾਰਾਂ ਨੂੰ ਬਹੁਤ ਗਹਿਰਾਈ ਨਾਲ ਪ੍ਰਗਟਾਉਂਦੀ ਕਵਿਤਾ ਸਾਡੇ ਸਨਮੁੱਖ ਹੈ।

ਕਈ ਗਜ਼ਲਕਾਰਾਂ ਤੇ ਪ੍ਰਗੀਤਕ ਸਰੂਪ ਵਾਲੀ ਕਵਿਤਾ ਲਿਖਣ ਵਾਲ਼ਿਆਂ ਨੇ ਵੀ ਆਪਣੇ ਵਿਚਾਰਾਂ ਨੂੰ ਇਸ ਰੂਪ ਵਿੱਚ ਪ੍ਰਗਟ ਕੀਤਾ ਹੈ ਤੇ ਕਰ ਵੀ ਰਹੇ ਹਨ। ਅਸਲ ਵਿੱਚ ਖੁੱਲ੍ਹੀ ਕਹੀ ਜਾਂਦੀ ਕਵਿਤਾ ਏਨੀ ਖੁੱਲ੍ਹ ਵਾਲੀ ਵੀ ਨਹੀਂ ਹੁੰਦੀ ਕਿ ਜੋ ਮਰਜ਼ੀ ਜਿਵੇਂ ਮਰਜ਼ੀ ਲਿਖ ਦਿਓ ਸਤਰਾਂ ਤੋੜ ਕੇ, ਤੇ ਉਹ ਕਵਿਤਾ ਹੋ ਜਾਵੇ। ਇਸ ਦੀ ਆਪਣੀ ਬੰਦਿਸ਼, ਆਪਣਾ ਨਾਦ ਤੇ ਆਪਣਾ ਮੁਹਾਂਦਰਾ ਹੁੰਦਾ ਹੈ, ਖ਼ਿਆਲ ਇਸ ਸਭ ਵਿੱਚ ਹੀ ਵਿਚਰਦਾ ਹੈ।

ਖ਼ਿਆਲ ਦੇ ਪੱਖੋਂ ਗੱਲ ਕਰੀਏ ਤਾਂ ਬਹੁਤ ਸ਼ਕਤੀਸ਼ਾਲੀ ਕਵਿਤਾ ਇਸ ਦੌਰ ਵਿੱਚ ਰਚੀ ਗਈ ਹੈ ਤੇ ਰਚੀ ਜਾ ਰਹੀ ਹੈ ਤੇ ਇਹ

ਕਵਿਤਾ ਰੂਪ ਪੱਖੋਂ ਵੀ ਪਿੱਛੇ ਨਹੀਂ। ਇਹ ਗੱਲ ਵੱਖਰੀ ਹੈ ਕਿ ਸੋਸ਼ਲ ਮੀਡੀਆ ਨੇ ਬਹੁਤ ਸਾਰੇ ਸ਼ਾਇਰ ਇਸ ਕਵਿਤਾ ਦੀ ਬ੍ਰੈਕਟ ਵਿੱਚ ਭਰ ਦਿੱਤੇ ਹਨ। ਪਰ ਵਾਰਸ ਸ਼ਾਹ ਦੇ ਕਥਨ ਅਨੁਸਾਰ ....ਗੁੱਝੀ ਰਹੇ ਨਾ ਹੀਰ ਹਜ਼ਾਰ ਵਿੱਚੋਂ ....ਚੰਗੀ ਕਵਿਤਾ ਇਕਦਮ ਮਨ ਨੂੰ ਛੂਹ ਜਾਂਦੀ ਹੈ।

**ਮਲਵਿੰਦਰ:** ਤੁਸੀਂ ਏਕਮ ਸਾਹਿਤ ਮੰਚ ਨਾਮ ਦੀ ਇਕ ਸੰਸਥਾ ਬਣਾਈ ਹੈ ਜੋ ਵੱਖ-ਵੱਖ ਸਮੇਂ ਸਮਾਗਮ ਰਚਾਉਂਦੀ ਰਹਿੰਦੀ ਹੈ। ਆਪਣੇ ਸਾਲਾਨਾ ਸਮਾਗਮ ਵਿੱਚ ਤੁਸੀਂ ਦੋ ਕਵੀਆਂ ਨੂੰ ਉਹਨਾ ਦੀਆਂ ਨਵ–ਪ੍ਰਕਾਸ਼ਤ ਪੁਸਤਕਾਂ ਦੇ ਹਵਾਲੇ ਨਾਲ ਸਨਮਾਨਤ ਕਰਦੇ ਹੋ। ਇਹਨਾਂ ਕਵੀਆਂ ਦੀ ਚੋਣ ਲਈ ਕੀ ਵਿਧੀ ਅਪਨਾਉਂਦੇ ਹੋ ?

**ਅਰਤਿੰਦਰ:** ਸਾਹਿਤਕ ਏਕਮ ਮੈਗਜ਼ੀਨ ਵਿੱਚ ਰੀਵਿਊ/ਜਾਣਕਾਰੀ ਵਾਸਤੇ ਬਹੁਤ ਸਾਰੀਆਂ ਪੁਸਤਕਾਂ ਪ੍ਰਾਪਤ ਹੁੰਦੀਆਂ ਰਹਿੰਦੀਆਂ ਹਨ। ਇਹਨਾ ਪ੍ਰਾਪਤ ਪੁਸਤਕਾਂ ਵਿੱਚੋਂ ਜਿਨ੍ਹਾਂ ਸ਼ਾਇਰਾਂ ਦੀ ਪਹਿਲੀ-ਪਹਿਲੀ ਪੁਸਤਕ ਆਈ ਹੁੰਦੀ ਹੈ ਉਹਨਾਂ ਕਿਤਾਬਾਂ ਨੂੰ ਵੱਖ ਕਰਕੇ ਏਕਮ ਸਾਹਿਤ ਮੰਚ ਦੇ ਮੈਂਬਰ ਪੜ੍ਹਦੇ ਹਨ ਤੇ 'ਏਕਮ ਸਾਹਿਤ ਪੁਰਸਕਾਰ' ਵਾਸਤੇ ਚੋਣ ਕਰਦੇ ਹਨ।

**ਮਲਵਿੰਦਰ:** **ਸਾਹਿਤ ਤੇ ਕਲਾ ਨਾਲ ਜੁੜੀਆਂ ਸੰਸਥਾਵਾਂ ਉੱਪਰ ਗ਼ੈਰ- ਸਾਹਿਤਕ ਲੋਕਾਂ ਦਾ ਕਬਜ਼ਾ ਕੋਈ ਨਵੀਂ ਗੱਲ ਕੀ ਨਹੀਂ। ਫਿਰ ਵੀ ਇਸ ਵਰਤਾਰੇ ਬਾਰੇ ਤੁਸੀਂ ਕੀ ਕਹਿਣਾ ਚਾਹੋਗੇ ?**

**ਅਰਤਿੰਦਰ:** ਮਲਵਿੰਦਰ ਇਸ ਵਰਤਾਰੇ ਬਾਰੇ ਹਰ ਰੋਜ਼ ਹੀ ਕੁਝ ਨਾ ਕੁਝ ਕਿਹਾ ਜਾਂਦਾ ਰਹਿੰਦਾ ਹੈ। ਬਹੁਤ ਸਾਰੇ ਪ੍ਰਬੁੱਧ ਵਿਦਵਾਨ ਇਸ ਬਾਰੇ ਆਪਣੀ ਰਾਏ ਦੇਂਦੇ ਹੀ ਰਹਿੰਦੇ ਹਨ। ਕੁਝ ਵੀ ਕਿਸੇ ਕੋਲੋਂ ਗੁੱਝਾ ਨਹੀਂ ਰਿਹਾ ਹੁਣ। ਤੁਹਾਡਾ ਕਿਸੇ ਪ੍ਰਭਾਵਸ਼ਾਲੀ ਸ਼ਖ਼ਸੀਅਤ/ਗਰੁੱਪ/ਸੰਸਥਾ ਨਾਲ ਸਬੰਧਿਤ ਹੋਣਾ ਕਿਸੇ ਨਾ ਕਿਸੇ ਹੱਦ ਤੱਕ ਜ਼ਰੂਰੀ ਸ਼ਰਤ ਜਾਪਦਾ ਹੁੰਦਾ ਹੈ। ਪਰ ਜੇ ਮੈਂ ਕੁਝ ਕਹਿਣਾ ਹੀ ਹੋਵੇ ਤਾਂ ਆਪਣੇ ਬਾਰੇ ਹੀ ਕਹਾਂਗੀ..... ਮੈਨੂੰ ਕਿਸੇ ਨੇ ਕਦੇ ਵੀ ਇਹ ਨਹੀਂ ਸੀ ਕਿਹਾ ਕਿ ਤੂੰ ਕਵਿਤਾ ਲਿਖ ਤੇ ਤੈਨੂੰ ਸਨਮਾਨ ਦਿੱਤਾ ਜਾਏਗਾ.... ਤੂੰ ਮੈਗਜ਼ੀਨ ਚਲਾ ਤੇ ਤੈਨੂੰ ਇਨਾਮ ਦਿੱਤਾ ਜਾਏਗਾ.....ਆਦਿ।

ਇਹ ਮੇਰੇ ਹੀ ਫ਼ੈਸਲੇ ਹਨ। ਮੈਂ ਆਪਣੇ ਮਨ ਮੁਤਾਬਿਕ ਲਿਖ ਰਹੀ ਹਾਂ, ਆਪਣੇ ਸੋਮਿਆਂ ਤੋਂ ਮੈਗਜ਼ੀਨ ਸੰਪਾਦਤ ਕਰ ਰਹੀ ਹਾਂ, ਤੇ

ਸੰਤੁਸ਼ਟ ਹਾਂ। ਆਖਰ ਕਿੰਨੇ ਲੋਕ ਹਨ ਜਿਨ੍ਹਾਂ ਨੂੰ ਆਪਣੀ ਮਰਜ਼ੀ ਅਨੁਸਾਰ ਕੰਮ ਕਰਨ ਦਾ ਮੌਕਾ ਜ਼ਿੰਦਗੀ ਦੇਂਦੀ ਹੈ। ਇਹ ਮੇਰੀ ਤਸੱਲੀ ਦਾ ਸਬੱਬ ਹੈ।

***ਦਸੰਬਰ 18, 2018***

*ਸੰਪਰਕ: 9815302081*

❑❑❑

# ਕਵਿਤਾ ਮੇਰੀ ਰੂਹ ਦੀ ਤ੍ਰਿਪਤੀ ਹੈ: ਦਿਓਲ ਪਰਮਜੀਤ

ਕੈਨੇਡਾ ਵਿਚ ਰਹਿੰਦਾ ਪੰਜਾਬੀ ਬੰਦਾ ਇੱਥੋਂ ਦੀ ਭੱਜ-ਦੌੜ 'ਚ ਖਪਤ ਹੁੰਦਾ ਰਹਿੰਦਾ ਹੈ। ਭੱਜ-ਦੌੜ ਉਹ ਇਥੋਂ ਦੀ ਜ਼ਿੰਦਗੀ ਦੇ ਪ੍ਰਸੰਸਾਮਈ ਵਰਤਾਰਿਆਂ ਨੂੰ ਆਪਣੇ ਹਾਣ ਦਾ ਬਣਾਉਣ ਲਈ ਕਰਦਾ ਹੈ। ਪਰ ਪੰਜਾਬ 'ਚ ਰਹਿ ਗਿਆ ਬਹੁਤ ਕੁਝ ਉਸ ਨੂੰ ਸੌਖਿਆਂ ਹਜ਼ਮ ਨਹੀਂ ਹੁੰਦਾ। ਉਹ ਉਥੇ ਰਹਿ ਗਿਆ ਉਸ ਦੀ ਮਾਨਸਿਕਤਾ ਦਾ ਹਾਣੀ ਸੀ। ਇਥੇ ਮਾਨਸਿਕਤਾ ਬਦਲਦੀ ਹੈ। ਕਰੰਸੀ ਜਰਬ ਤਕਸੀਮ ਹੁੰਦੀ ਹੈ। ਰਿਸ਼ਤਿਆਂ ਦੀ ਲੋੜ ਪੈਦਾ ਹੁੰਦੀ ਹੈ। ਨਵੇਂ ਰਿਸ਼ਤੇ ਸ਼ਬਦ-ਸਾਂਝ 'ਚੋਂ ਨਿਕਲਦੇ ਹਨ। ਇਥੇ ਟੋਰਾਂਟੋ ਅਤੇ ਗਵਾਂਢ ਵੱਸੇ ਸ਼ਹਿਰ ਬਰੈਂਪਟਨ, ਮਿਸੀਸਾਗਾ ਆਦਿ ਵਿੱਚ ਰੇਡੀਓ ਸਟੇਸ਼ਨ ਹਨ, ਟੀ.ਵੀ. ਚੈਨਲ ਹਨ, ਅਖ਼ਬਾਰਾਂ ਹਨ, ਸਾਹਿਤ ਸਭਾਵਾਂ ਹਨ। ਕਵਿਤਾਵਾਂ ਸੰਗ ਸੰਵਾਦ ਹੁੰਦਾ ਹੈ। ਬੰਦਾ ਭੱਜ-ਦੌੜ ਤੋਂ ਦੂਰ ਆਪਣੇ ਆਪ ਕੋਲ ਪਰਤਦਾ ਹੈ। ਰੇਡੀਓ, ਟੀ.ਵੀ. ਤੇ ਲੋਕਾਂ ਦੇ ਰੂਬਰੂ ਹੁੰਦਾ ਹੈ। ਸਾਹਿਤ-ਸਭਾਵਾਂ ਵਿਚ ਕਵਿਤਾਵਾਂ ਪੜ੍ਹਦਾ ਹੈ। ਅਖ਼ਬਾਰਾਂ ਵਿਚ ਆਪਣੀਆਂ ਤਸਵੀਰਾਂ ਵੇਖਦਾ ਹੈ, ਖ਼ਬਰਾਂ 'ਚ ਆਪਣਾ ਨਾਂ ਪੜ੍ਹਦਾ ਹੈ। ਇਨ੍ਹਾਂ ਸਾਰੀਆਂ ਸਰਗਰਮੀਆਂ ਵਿਚ ਜਿਹੜੇ ਲੋਕ ਮੋਹਰੀ ਭੂਮਿਕਾ ਨਿਭਾਉਂਦੇ ਹਨ, ਉਨ੍ਹਾਂ 'ਚ ਇੱਕ ਨਾਂ ਹੈ ਦਿਓਲ ਪਰਮਜੀਤ। ਪਰਮਜੀਤ ਕਵਿਤਰੀ ਹੈ, ਤਿੰਨ ਕਿਤਾਬਾਂ ਛਪ ਚੁੱਕੀਆਂ ਹਨ। ਨਾਟਕਾਂ 'ਚ ਅਦਾਕਾਰੀ ਕਰਦੀ ਹੈ। ਚੈਨਲਾਂ 'ਤੇ ਲੇਖਕਾਂ, ਕਲਾਕਾਰਾਂ, ਕਵੀਆਂ ਨਾਲ ਸੰਵਾਦ ਰਚਾਉਂਦੀ ਹੈ। ਬਹੁਤ ਸਾਰੇ ਰੁਝੇਵਿਆਂ ਦੇ ਬਾਵਜੂਦ ਕਵਿਤਾ ਹਰ ਵੇਲੇ ਉਸ ਦੇ ਅੰਗ-ਸੰਗ ਰਹਿੰਦੀ ਹੈ। ਉਸ ਨੂੰ ਆਪਣੀ ਬਹੁਤ ਸਾਰੀ ਕਵਿਤਾ ਜ਼ੁਬਾਨੀ ਯਾਦ ਹੈ। ਆਪਣੀ ਕਵਿਤਾ ਬਾਰੇ, ਆਪਣੇ ਬਾਰੇ ਗੱਲਾਂ ਕਰਦਿਆਂ ਉਹ ਸੰਖੇਪ ਰਹਿੰਦੀ ਹੈ। ਕਵਿਤਾ ਲਿਖਦਿਆਂ ਵੀ ਵਾਧੂ ਸ਼ਬਦਾਂ ਦਾ ਖਿਲਾਰਾ ਨਹੀਂ ਪਾਉਂਦੀ। ਲੰਮੀਆਂ ਵਾਟਾਂ ਦੀ ਪਾਂਧੀ ਉਸ ਹੌਸਲੇ ਵਾਲੀ ਕੁੜੀ ਨਾਲ ਕੀਤੀਆਂ ਗੱਲਾਂ ਨੂੰ ਤੁਸੀਂ ਵੀ ਪੜ੍ਹੋ:

**ਮਲਵਿੰਦਰ: ਤੁਹਾਡੀ ਕਾਲਜ ਵੇਲੇ ਦੀ ਸਟੇਜ ਤੋਂ ਕਵਿਤਾ ਪੜ੍ਹਦਿਆਂ ਦੀ ਇੱਕ ਫੋਟੋ ਵੇਖੀ ਸੀ। ਕਵਿਤਾ ਨਾਲ ਪੁਰਾਣਾ ਰਿਸ਼ਤਾ ਲੱਗਦਾ ਹੈ ?**

**ਪਰਮਜੀਤ:** ਹਾਂ-ਹਾਂ, ਮਲਵਿੰਦਰ ਜੀ ਸਕੂਲ ਟਾਈਮ ਤੋਂ ਹੀ ਕਵਿਤਾ ਨਾਲ ਮੇਰਾ ਰਿਸ਼ਤਾ ਰਿਹਾ ਹੈ। ਮੈਨੂੰ ਲੱਗਦਾ ਹੈ ਕਿ ਇਹ ਕਾਵਿ-ਅੰਸ਼ ਮੇਰੇ ਮਾਂ-ਪਿਉ ਵੱਲੋਂ ਹੀ ਮੇਰੇ ਕੋਲ ਆਏ ਹਨ। ਮੇਰੀ ਮਾਂ ਦੀਆਂ ਜ਼ੁਬਾਨੀ

ਜੋੜੀਆਂ ਤੁਕਾਂ ਜੋ ਅੱਜ ਵੀ ਉਸ ਨੂੰ ਯਾਦ ਨੇ, ਸੁਣਾਉਂਦੀ ਰਹਿੰਦੀ ਹੈ ਤੇ ਬਾਪ ਦੀ ਕਵਿਤਾ ਵਾਲੀ ਕਾਪੀ ਮੈਂ ਚੋਰੀ ਪੜ੍ਹਦੀ ਰਹਿੰਦੀ ਸੀ, ਜੋ ਉਨ੍ਹਾਂ ਫੌਜ ਵਿਚ ਰਹਿੰਦਿਆਂ ਲਿਖੀਆਂ ਸਨ।

**ਮਲਵਿੰਦਰ: ਆਪਣੇ ਬਚਪਨ ਅਤੇ ਮੁਢਲੀ ਪੜ੍ਹਾਈ ਬਾਰੇ ਦੱਸੋ** ?

**ਪਰਮਜੀਤ:** ਮੇਰਾ ਜਨਮ ਫਿਰੋਜ਼ਪੁਰ ਕੈਂਟ ਵਿਚ ਹੋਇਆ। ਮੇਰਾ ਜੱਦੀ ਪਿੰਡ ਟਾਹਲੀ ਜਲੰਧਰ ਜ਼ਿਲ੍ਹੇ ਵਿਚ ਪੈਂਦਾ। ਬਚਪਨ ਪਿੰਡ ਵਿਚ ਬੀਤਿਆ। ਬਚਪਨ ਦੇ ਤਿੰਨ ਸਾਲ ਬਿਹਾਰ ਵਿਚ ਵੀ ਬੀਤੇ। ਪਿੰਡ ਟਾਹਲੀ ਵਿਚ ਹੀ ਮੇਰੀ ਮੁਢਲੀ ਪੜ੍ਹਾਈ ਹੋਈ ਤੇ ਹਾਇਰ ਸੈਕੰਡਰੀ ਨਾਲ ਲੱਗਦੇ ਪਿੰਡ ਸ਼ੰਕਰ ਵਿਚੋਂ ਤੇ ਉਚੇਰੀ ਪੜ੍ਹਾਈ ਲਈ ਅਸੀਂ ਪਿੰਡ ਛੱਡ ਨਕੋਦਰ ਸ਼ਿਫਟ ਹੋ ਗਏ ਸੀ।

**ਮਲਵਿੰਦਰ: ਇਹ ਅਹਿਸਾਸ ਕਦੋਂ ਤੇ ਕਿਵੇਂ ਹੋਇਆ ਕਿ ਮੈਂ ਕਵਿਤਾ ਲਿਖ ਸਕਦੀ ਹਾਂ** ?

**ਪਰਮਜੀਤ:** ਜਦੋਂ ਗੀਤ ਕਵਿਤਾਵਾਂ ਨੂੰ ਵਰਕਿਆਂ 'ਤੇ ਉਤਾਰਨ ਲੱਗੀ ਤਾਂ ਓਦੋਂ ਮੇਰੇ ਕੋਲ ਪਿਆਰ-ਸ਼ਿਆਰ ਦੀਆਂ ਕਵਿਤਾਵਾਂ ਨਹੀਂ ਸਨ। ਮੇਰੇ ਕੋਲ ਤਾਂ ਰੱਬ ਨੂੰ ਰੋਸੇ ਹੀ ਰੋਸੇ ਸਨ। ਜਦੋਂ ਮੈਂ ਉਚੇਰੀ ਪੜ੍ਹਾਈ ਲਈ ਗੁਰੂ ਨਾਨਕ ਨੈਸ਼ਨਲ ਕਾਲਜ ਵਿਚ ਦਾਖਲ ਹੋਈ ਤਾਂ ਮੇਰੀਆਂ ਲਿਖਤਾਂ ਕਾਲਜ ਮੈਗਜ਼ੀਨ ਵਿਚ ਛਪਣ ਲੱਗ ਪਈਆਂ। ਉਸ ਵਕਤ ਕਾਵਿ-ਗੀਤ ਜ਼ਿਆਦਾ ਲਿਖੇ। ਓਦੋਂ ਦੇ ਲਿਖੇ ਕਾਵਿ-ਗੀਤਾਂ ਦੀ ਕਾਪੀ ਮੈਂ ਅੱਜ ਵੀ ਸਾਂਭੀ ਹੋਈ ਹੈ।

**ਮਲਵਿੰਦਰ: ਕਵਿਤਾ ਤੋਂ ਬਿਨ੍ਹਾਂ ਕਿਸੇ ਹੋਰ ਵਿਧਾ ਵਿਚ ਵੀ ਲਿਖਿਆ** ?

**ਪਰਮਜੀਤ:** ਹਾਂ-ਹਾਂ, ਮਲਵਿੰਦਰ ਜੀ ਮੈਂ ਕਵਿਤਾ ਤੋਂ ਬਿਨ੍ਹਾਂ ਹੋਰ ਵਿਧਾਵਾਂ ਵਿਚ ਵੀ ਲਿਖਿਆ ਹੈ। ਕਹਾਣੀਆਂ ਲਿਖੀਆਂ ਹਨ, ਨਿਬੰਧ ਲਿਖੇ ਹਨ। ਪਰ ਕਿਤਾਬੀ ਰੂਪ 'ਚ ਸਿਰਫ਼ ਕਵਿਤਾ ਹੀ ਛਪੀ ਹੈ। ਅੱਜ ਵੀ ਨਿਰੰਤਰ ਲਿਖ ਰਹੀ ਹਾਂ।

**ਮਲਵਿੰਦਰ: 'ਮੈਂ ਇੱਕ ਰਿਸ਼ਮ ਹਾਂ ਬੜਾ ਪਿਆਰਾ ਅਹਿਸਾਸ ਹੈ। ਇਸ ਅਹਿਸਾਸ ਦਾ ਸਬੱਬ ਕਿਵੇਂ ਬਣਿਆ** ?

**ਪਰਮਜੀਤ:** ਇਥੇ ਰਿਸ਼ਮ ਉਸ ਔਰਤ ਦਾ ਬਿੰਬ ਹੈ, ਜੋ ਜ਼ਿੰਦਗੀ ਦੀਆਂ ਮੁਸ਼ਕਲਾਂ, ਸਮਾਜਿਕ ਦੁਸ਼ਵਾਰੀਆਂ, ਤੇ ਆਲੇ-ਦੁਆਲੇ ਮਨੁੱਖੀ ਕੁਹਝ ਨਾਲ ਲੜਦਿਆਂ ਜ਼ਿੰਦਗੀ ਦੇ ਮੱਥੇ ਦਾ ਸੂਹਾ ਸੂਰਜ ਬਣਦੀ ਹੈ। ਰਿਸ਼ਮ ਦੇ ਅਨੁਭਵ 'ਚੋਂ ਗੁਜ਼ਰਦਿਆਂ, ਮੇਰੀ ਸੰਵੇਦਨਾ ਨੇ ਵਿਸਮਾਦ ਅਤੇ ਬੋਧ ਬਿਰਤੀ ਨਾਲ ਜੁੜ ਕੇ ਮਨ ਵਿਚ ਇੱਕ ਅਜੀਬ ਤਰ੍ਹਾਂ ਦੀ ਕਾਵਿ-

ਤੜਪ ਪੈਦਾ ਕੀਤੀ ਹੈ। ਸ਼ਬਦਾਂ ਨੂੰ ਅਹਿਸਾਸ ਦੀ ਜਾਗ ਲਾ ਕੇ ਚੇਤਨਾ ਦੇ ਪਾਰਦਰਸ਼ੀ ਸ਼ੀਸ਼ੇ 'ਚੋਂ ਲੰਘਾਉਣ ਦਾ ਯਤਨ ਕੀਤਾ ਹੈ ਮੈਂ ਇਸ ਪੁਸਤਕ ਵਿਚਃ

*ਢਲਦੇ ਸੂਰਜ ਨੂੰ ਸਿਰ ਨਿਵਾਇਆ*
*ਉਸ ਚੜ੍ਹਦੇ ਸੂਰਜ ਵਰਗੀ ਅਸੀਸ ਦਿੱਤੀ*
*ਕੰਬਦੇ ਹੱਥਾਂ ਨਾਲ ਸਿਰ ਪਲੋਸਿਆ ਤੇ ਕਿਹਾ*
*"ਬੁਝਣ ਲਈ ਵੀ ਪਹਿਲਾਂ ਮਘਣਾ ਪੈਂਦਾ"*

**ਮਲਵਿੰਦਰਃ ਇਸ ਪੁਸਤਕ ਵਿਚਲੀਆਂ ਛੋਟੀਆਂ ਛੋਟੀਆਂ ਕਵਿਤਾਵਾਂ ਵਿਚ ਵਿਚਾਰ ਬੜੀ ਪੁਖ਼ਤਗੀ ਨਾਲ ਪੇਸ਼ ਹੋਏ ਹਨ। ਇਨ੍ਹਾਂ ਕਵਿਤਾਵਾਂ ਦੇ ਸਿਰਜਣ ਅਨੁਭਵ ਸਾਂਝੇ ਕਰੋ** ?

**ਪਰਮਜੀਤਃ** 'ਮੈਂ ਇੱਕ ਰਿਸ਼ਮ ਹਾਂ' ਦਾ ਅਨੁਭਵ ਬਾਕੀ ਕਵਿਤਾਵਾਂ ਨਾਲੋਂ ਵੱਖਰਾ ਹੀ ਰਿਹਾ। ਤੁਹਾਡੇ ਬਿਨ੍ਹਾਂ ਹੋਰਨਾ ਨੇ ਵੀ ਪੁੱਛਿਆ। ਬੱਸ ਮੁਸਕਰਾ ਛੱਡਿਆ। ਇਹ ਸੋਚ ਕੇ ਕਿ ਮੁਹੱਬਤ ਨੂੰ ਬਿਆਨ ਕਿਵੇਂ ਕਰਾਂ ? ਉਹ ਮੁਹੱਬਤ ਜੋ ਕਿਸੇ ਚੀਜ਼, ਵਸਤੂ, ਜਗ੍ਹਾ ਜਾਂ ਤਸਵੀਰਾਂ ਨਾਲ ਹੋ ਸਕਦੀ ਹੈ। ਬੱਸ ਇਹ ਮੁਹੱਬਤ ਤਸਵੀਰਾਂ ਨਾਲ ਹੀ ਹੋਈ ਤੇ ਤਸਵੀਰਾਂ ਦੇ ਨਕਸ਼ ਨਿਹਾਰਨ ਲੱਗੀ, ਉਨ੍ਹਾਂ ਨਾਲ ਗੱਲਾਂ ਕਰਨ ਲੱਗੀ। ਉਨ੍ਹਾਂ ਨਾਲ ਕੀਤੀ ਗ਼ੁਫ਼ਤਗੂ ਦਾ ਨਾਮ ਹੈ, 'ਮੈਂ ਇੱਕ ਰਿਸ਼ਮ' ਰਿਸ਼ਮ ਕੋਲ ਹਨੇਰਿਆਂ ਨਾਲ ਲੜਨ ਦੀ ਤਾਕਤ ਹੁੰਦੀ ਹੈ। ਇਸ ਲੜਾਈ ਵਿਚ ਕਈ ਮਿੱਠੇ ਖੱਟੇ ਅਹਿਸਾਸ ਵੀ ਹੁੰਦੇ ਹਨ। ਮੇਰੀ ਇਹ ਰਿਸ਼ਮ ਧਤੂਰੇ ਦੇ ਫੁੱਲਾਂ 'ਚੋਂ ਮਹਿਕ ਅਤੇ ਖ਼ੂਬਸੂਰਤੀ ਦੀ ਤਲਾਸ਼ ਹੈਃ

*ਬੂਹੇ ਆਪਣੇ ਆਪ ਨਹੀਂ ਖੁੱਲ੍ਹਦੇ*
*ਦਸਤਕ ਦੀ ਉਡੀਕ ਕਰਦੇ*
*ਜਾਂ ਫਿਰ ਅਲਖ਼ ਜਗਾਉਣੀ ਪੈਂਦੀ*

**ਮਲਵਿੰਦਰਃ ਬਿਰਹਾ ਕੱਤਣ ਦਾ ਸ਼ੌਕ ਕਦੋਂ ਜਾਗਿਆ** ?

**ਪਰਮਜੀਤਃ** ਮੁਸਕਰਾ ਕੇ, ਬਿਰਹਾ ਕਿਹੜਾ ਸੌਖਿਆਂ ਕੱਤਿਆ ਜਾਂਦਾ। ਰੀਝਾਂ ਦੀ ਬੋਲੀ ਲਾਈ ਜਾਂਦੀ, ਚਾਵਾਂ ਨੂੰ ਗਹਿਣੇ ਧਰਿਆ ਜਾਂਦਾ।

ਬੱਸ ਕੱਤ ਲਿਆ ਖ਼ੁਸ਼ੀ ਖ਼ੁਸ਼ੀ, ਹੱਸਦੇ ਹੱਸਦੇ। ਇਹ ਕਵਿਤਾ ਰੂਪੀ ਕੱਤਣਾ ਮੈਨੂੰ ਚੰਗਾ ਲੱਗਦਾਃ

*ਲਾਹ ਲਾਹ ਗਲੋਟੇ ਪੱਛੀ ਧਰ ਲੈ*
*ਗੁੱਛੇ ਕਰਕੇ ਸੰਦੂਕੀਂ ਭਰ ਲੈ*

*ਹੁਣ ਆਵੇ ਨਾ ਸੰਦੂਕੜੀ ਨੂੰ ਸਾਹ*
*ਨੀ ਤੂੰ ਕੱਤ ਬਿਰਹਾ, ਤੈਨੂੰ ਬਿਰਹਾ ਕੱਤਣ ਦਾ ਚਾਅ।*

**ਮਲਵਿੰਦਰ: 'ਮੈਂ ਇੱਕ ਰਿਸ਼ਮ' ਵਿਚਲੀਆਂ ਖੁੱਲ੍ਹੀਆਂ ਕਵਿਤਾਵਾਂ ਤੋਂ ਬਾਅਦ, 'ਤੂੰ ਕੱਤ ਬਿਰਹਾ' ਵਿਚ ਛੰਦਾਬੰਦੀ ਵੱਲ ਝੁਕਾਅ ਕਿੰਝ ਹੋ ਗਿਆ** ?

**ਪਰਮਜੀਤ:** ਕਵਿਤਾ ਆਵੇਸ਼ ਹੈ। ਇਸ ਵਿਚਲੇ ਵਿਚਾਰ ਕਦੀ ਛੰਦ-ਮੁਕਤ ਹੋ ਕੇ ਖੁੱਲ੍ਹੇ ਅੰਬਰੀਂ ਉਡਾਣ ਭਰਦੇ ਹਨ ਤੇ ਕਦੀ ਛੰਦ ਦੀ ਸਹਿਜ ਲੈਆਤਮਕਤਾ 'ਚ ਢਲ ਜਾਂਦੇ ਹਨ। ਗੱਲ ਤਾਂ ਵਿਚਾਰ ਦੀ ਹੈ। ਜੇ ਵਿਚਾਰ ਗੈਰਹਾਜ਼ਰ ਹੈ ਤਾਂ ਛੰਦਾਬੰਦੀ ਵੀ ਤੁਕਬੰਦੀ ਤੋਂ ਵੱਧ ਕੁਝ ਨਹੀਂ ਹੁੰਦੀ। ਹਰ ਵਿਧਾ ਦੀ ਕਵਿਤਾ ਦਾ ਆਪਣਾ ਆਪਣਾ ਪ੍ਰਭਾਵ ਹੁੰਦਾ ਹੈ। ਪਾਠਕ ਕਵਿਤਾ ਦੇ ਹਰ ਰੂਪ ਨੂੰ ਵੱਖੋ-ਵੱਖਰੇ ਅੰਦਾਜ਼ ਵਿਚ ਮਾਣਦਾ ਹੈ। ਇਸ ਲਈ ਛੰਦ-ਬੰਦ ਜਾਂ ਛੰਦ-ਮੁਕਤ ਕਵਿਤਾ, ਖ਼ਿਆਲ, ਅਹਿਸਾਸ, ਅਨੁਭਵ, ਅਤੇ ਮਨੁੱਖੀ ਸਰੋਕਾਰਾਂ ਨਾਲ ਸੰਵਾਦ ਰਚਾਉਂਦੀ ਹੈ। ਹਰ ਵਿਧਾ ਪਾਠਕ ਦੀ ਸੋਚ ਦਾ ਹਿੱਸਾ ਬਣ ਜਾਂਦੀ ਹੈ।

**ਮਲਵਿੰਦਰ: ਕੈਨੇਡਾ ਵਿਚ ਆ ਕੇ ਕਵਿਤਾ ਦਾ ਮੁਹਾਂਦਰਾ ਬਦਲਿਆ ਕਿ ਨਹੀਂ** ?

**ਪਰਮਜੀਤ:** ਜਦੋਂ ਇੱਕ ਸਮਾਜਿਕ ਮਾਹੌਲ ਤੋਂ ਦੂਜੇ ਸਮਾਜਿਕ ਮਾਹੌਲ ਵਿਚ ਵਿਚਰਦੇ ਹਾਂ ਤਾਂ ਤੁਹਾਡੀ ਕਾਵਿ-ਉਡਾਨ ਦਾ ਅੰਬਰ ਫੈਲਦਾ ਹੈ। ਅਜਿਹਾ ਮੇਰੀ ਕਵਿਤਾ ਨਾਲ ਵੀ ਹੋਇਆ।

**ਮਲਵਿੰਦਰ: ਕੈਨੇਡਾ ਦੀ ਜ਼ਿੰਦਗੀ ਵਿਚ ਸੰਘਰਸ਼ ਬੜਾ ਹੈ। ਇਥੇ ਰਹਿ ਕੇ ਕਵਿਤਾ ਨਾਲ ਜੁੜੇ ਰਹਿਣਾ ਵੱਡੀ ਗੱਲ ਹੈ। ਤੁਸੀਂ ਕਿਵੇਂ ਮਹਿਸੂਸ ਕਰਦੇ ਹੋ** ?

**ਪਰਮਜੀਤ:** ਜਦੋਂ ਕਵੀ ਤੇ ਕਵਿਤਾ ਇੱਕ-ਮਿੱਕ ਹੁੰਦੇ ਹਨ, ਕਵਿਤਾ ਕਵੀ ਤੋਂ ਕਦੀ ਦੂਰ ਨਹੀਂ ਜਾਂਦੀ। ਤੁਸੀਂ ਘਰ, ਕੰਮ, ਜਾਂ ਪਰਿਵਾਰਕ ਰੁਝੇਵਿਆਂ ਵਿਚ ਵਿਚਰਦੇ ਵੀ ਕਵਿਤਾ ਜਿਉਂਦੇ ਹੋ, ਜੋ ਹਰਫ਼ਾਂ ਦਾ ਰੂਪ ਧਾਰ ਕੇ ਵਰਕਿਆਂ 'ਤੇ ਫੈਲਦੀ ਰਹਿੰਦੀ ਹੈ। ਸਿਰਫ ਲੋੜ ਇਹ ਹੈ ਕਿ ਕਵਿਤਾ ਨੂੰ ਆਪਣੇ ਤੋਂ ਦੂਰ ਨਾ ਜਾਣ ਦੇਵੋ।

**ਮਲਵਿੰਦਰ: ਇਥੇ ਕੈਨੇਡਾ ਵਿਚ ਔਰਤ ਨੂੰ ਕਾਫੀ ਆਜ਼ਾਦੀ ਹੈ। ਕਾਨੂੰਨ ਵੀ ਔਰਤ ਦੀ ਮਦਦ ਕਰਦਾ ਹੈ। ਇਸ ਆਜ਼ਾਦੀ ਦਾ ਪਰਿਵਾਰਾਂ ਉੱਪਰ ਮਾੜਾ ਪ੍ਰਭਾਵ ਵੀ ਪੈਂਦਾ ਹੈ** ? **ਥੋੜ੍ਹਾ ਵਿਸਥਾਰ 'ਚ ਦੱਸੋ।**

**ਪਰਮਜੀਤ:** ਪਹਿਲੀ ਗੱਲ ਕਿ ਕੈਨੇਡਾ ਵਰਗੇ ਦੇਸ਼ ਵਿਚ ਆਜ਼ਾਦੀ ਮੂਲ ਰੂਪ ਵਿਚ ਇਕੱਲੀ ਔਰਤ ਨੂੰ ਨਹੀਂ ਸਗੋਂ ਸਮੁੱਚੇ ਹਰ ਇੱਕ ਮਨੁੱਖ ਨੂੰ ਹੈ। ਜਦੋਂ ਪਰਿਵਾਰਾਂ ਵਿਚ ਵਿਚਾਰਾਂ ਦਾ ਮੱਤਭੇਦ ਜਾਂ ਆਪਸੀ ਤਣਾਉ

ਪੈਦਾ ਹੁੰਦਾ ਹੈ ਤਾਂ ਉਥੇ ਗੰਭੀਰ ਸਥਿਤੀਆਂ ਪੈਦਾ ਹੁੰਦੀਆਂ ਹਨ। ਜਦੋਂ ਸੁਸਾਇਟੀ ਵਿਚ ਰਹਿੰਦੀ ਔਰਤ ਸਮਾਜਿਕ ਕਦਰਾਂ ਕੀਮਤਾਂ ਤੋਂ ਦੂਰ ਹੁੰਦੀ ਹੈ ਤਾਂ ਉਥੇ ਉਲਝਨ ਪੈਦਾ ਹੁੰਦੀ ਹੈ। ਸੁਸਾਇਟੀ ਵਿਚ ਰਹਿੰਦਿਆਂ ਨਿੱਜੀ ਆਜ਼ਾਦੀ ਨੂੰ ਮਾਣਨਾ ਹੁੰਦਾ ਹੈ। ਜਦੋਂ ਆਜ਼ਾਦੀ ਕਦਰਾਂ ਕੀਮਤਾਂ ਤੋੜਨ ਲਈ ਵਰਤਦੇ ਹਾਂ ਤਾਂ ਇਹ ਰਿਸ਼ਤਿਆਂ ਵਿਚ ਪੈਦਾ ਹੁੰਦੀਆਂ ਉਲਝਣਾਂ ਦਾ ਕਾਰਨ ਬਣਦੇ ਹਨ। ਲੋੜ ਹੈ ਕਿ ਦਾਇਰਿਆਂ ਵਿਚ ਰਹਿ ਕੇ ਹੀ ਅਜ਼ਾਦੀ ਨੂੰ ਮਾਣਿਆਂ ਜਾਵੇ। ਉਹ ਔਰਤ ਹੀ ਆਜ਼ਾਦੀ ਨੂੰ ਗਲਤ ਤਰੀਕੇ ਨਾਲ ਵਰਤਦੀਆਂ ਨੇ ਜਿਨ੍ਹਾਂ ਨੂੰ ਆਜ਼ਾਦੀ ਦੇ ਬਹੁ-ਮੰਤਵੀ ਤੇ ਉਸਾਰੂ ਪ੍ਰਭਾਵਾਂ ਦੀ ਕੋਈ ਚੇਤਨਾ ਨਹੀਂ ਹੁੰਦੀ।

**ਮਲਵਿੰਦਰ:** **ਜਿਵੇਂ ਆਪਾਂ ਔਰਤ ਬਾਰੇ ਗੱਲ ਕੀਤੀ ਹੈ, ਬੱਚਿਆਂ ਨੂੰ ਵੀ ਬਹੁਤ ਖੁੱਲ੍ਹ ਹੈ। ਇਸ ਖੁੱਲ੍ਹ ਦੇ ਮਾੜੇ ਪ੍ਰਭਾਵ ਕੀ ਹਨ**?

**ਪਰਮਜੀਤ:** ਜਦੋਂ ਬੱਚੇ ਆਪਣੇ ਕੈਰੀਅਰ ਬਾਰੇ ਨਹੀਂ ਸੋਚਦੇ, ਜਦੋਂ ਇਹ ਸੋਚਦੇ ਨੇ ਕਿ ਪੱਛਮੀ ਮਾਹੌਲ ਸਿਰਫ ਐਸ਼ਪ੍ਰਸਤੀ ਦਾ ਹੀ ਨਾਮ ਹੈ, ਇਹ ਮਾੜੇ ਪ੍ਰਭਾਵ ਹਨ। ਜਿਹੜੇ ਬੱਚੇ ਵਧੀਆ ਮਾਹੌਲ 'ਚ ਪਲਦੇ ਨੇ, ਉਹ ਆਜ਼ਾਦੀ ਨੂੰ ਬਹੁਪੱਖੀ ਵਿਅਕਤੀਤਵ ਦੀ ਉਸਾਰੀ ਲਈ ਵਰਤਦੇ ਹਨ। ਬਹੁਤ ਸਾਰਾ ਕੁਝ ਪਰਿਵਾਰਕ ਮਾਹੌਲ 'ਤੇ ਨਿਰਭਰ ਕਰਦਾ ਹੈ। ਪਰਿਵਾਰਕ ਰਿਸ਼ਤਿਆਂ ਦੀ ਕਦਰ ਕਰਨੀ ਵੀ ਬੱਚਾ ਘਰ ਵਿਚੋਂ ਹੀ ਸਿਖਦਾ ਹੈ।

**ਮਲਵਿੰਦਰ:** **ਡਰੱਗਜ਼ ਇਥੇ ਕੈਨੇਡਾ ਵਿਚ ਵੀ ਇੱਕ ਵੱਡੀ ਚੁਣੌਤੀ ਹੈ। ਇਸ ਲਈ ਜ਼ਿੰਮੇਵਾਰ ਕੌਣ ਲੋਕ ਨੇ**?

**ਪਰਮਜੀਤ:** ਜਿਹੜੇ ਲੋਕ ਰਾਤੋ-ਰਾਤ ਅਮੀਰ ਹੋਣਾ ਚਾਹੁੰਦੇ ਹਨ, ਪੈਸਾ ਜਲਦੀ ਕਮਾਉਣ ਦੀ ਲਾਲਸਾ ਰੱਖਣ ਵਾਲੇ ਲੋਕ ਡਰੱਗਜ਼ ਦਾ ਧੰਦਾ ਕਰਦੇ ਹਨ। ਇਹ ਲੋਕ ਮੁਸ਼ਕਲਾਂ ਨੂੰ ਫੇਸ ਕਰਨ ਤੋਂ ਭੱਜਦੇ ਹਨ। ਮਾਨਸਿਕ ਸੋਚ ਇਹੀ ਹੈ ਕਿ ਸੌਖੇ ਤਰੀਕੇ ਨਾਲ ਪੈਸਾ ਕਮਾਇਆ ਜਾਵੇ।

**ਮਲਵਿੰਦਰ:** **ਕਿਨ੍ਹਾਂ ਗੱਲਾਂ ਕਰਕੇ ਕੈਨੇਡਾ ਭਾਰਤ ਤੋਂ ਬਿਹਤਰ ਹੈ**?

**ਪਰਮਜੀਤ:** ਕੈਨੇਡਾ ਵਿਚ ਕਾਨੂੰਨ ਦਾ ਰਾਜ ਹੈ। ਕਾਨੂੰਨ ਤੋਂ ਉੱਪਰ ਕੁਝ ਵੀ ਨਹੀਂ। ਸਿੱਖਿਆ, ਸਿਹਤ, ਸਮਾਜਿਕ ਸੁਵਿਧਾਵਾਂ ਸਾਰਿਆਂ ਦੀ ਬੇਹਤਰੀ ਲਈ ਹੁੰਦੀਆਂ ਨੇ ਤੇ ਸਾਰਿਆਂ ਨੂੰ ਇੱਕਸਾਰ ਉਪਲੱਬਧ ਨੇ। ਹਰ ਇੱਕ ਨੂੰ ਆਪਣੇ ਕਿੱਤੇ ਵਿਚ ਮੁਹਾਰਤ ਹਾਸਲ ਕਰਨ,

ਨੌਕਰੀ ਲੈਣ, ਉਚੇਰੀਆਂ ਬੁਲੰਦੀਆਂ ਪ੍ਰਾਪਤ ਕਰਨ ਦੇ ਮੌਕੇ ਮਿਲਦੇ ਹਨ।

**ਮਲਵਿੰਦਰ:** **ਤੁਸੀਂ ਨਾਟਕਾਂ ਵਿਚ ਵੀ ਕੰਮ ਕਰਦੇ ਹੋ। ਇਹ ਸ਼ੌਕ ਕਦੋਂ ਪਿਆ** ?

**ਪਰਮਜੀਤ:** ਕਾਲਜ ਦੇ ਦਿਨਾਂ ਤੋਂ ਹੀ ਮੈਂ ਸਭਿਆਚਾਰਕ ਗਤੀਵਿਧੀਆਂ ਨਾਲ ਜੁੜੀ ਰਹੀ ਹਾਂ। ਇਹ ਸ਼ੌਕ ਹੀ ਮੇਰੀ ਐਕਟਿੰਗ ਦਾ ਸਬੱਬ ਬਣਿਆਂ।

**ਮਲਵਿੰਦਰ:** **ਤੁਹਾਡੇ ਬੱਚੇ ਵੀ ਸਾਹਿਤ ਵਿਚ ਰੁਚੀ ਰੱਖਦੇ ਹਨ** ?

**ਪਰਮਜੀਤ:** ਮੇਰੇ ਤਿੰਨੋਂ ਬੱਚੇ ਨਾਟਕਾਂ ਵਿਚ ਅਦਾਕਾਰੀ ਕਰਦੇ ਹਨ ਅਤੇ ਸਾਹਿਤ ਦੀ ਰਚਨਾਕਾਰੀ ਵਿਚ ਵੀ ਮੁਹਾਰਤ ਰੱਖਦੇ ਹਨ।

**ਮਲਵਿੰਦਰ:** **ਹੁਣੇ ਜਿਹੇ ਚਰਚਾ 'ਚ ਆਈ ਇੱਕ ਫਿਲਮ ਵਿਚ ਤੁਹਾਡੀ ਬੇਟੀ ਦਾ ਵੀ ਰੋਲ ਹੈ। ਉਸ ਫਿਲਮ ਅਤੇ ਰੋਲ ਬਾਰੇ ਦੱਸੋ** ?

**ਪਰਮਜੀਤ:** ਮੇਰੀ ਬੇਟੀ ਨੇ ਵਰਿਆਮ ਸਿੰਘ ਸੰਧੂ ਦੀ ਕਹਾਣੀ 'ਤੇ ਨਵਤੇਜ ਸੰਧੂ ਦੀ ਨਿਰਦੇਸ਼ਨਾ ਹੇਠ ਬਣੀ ਫਿਲਮ 'ਜਮਰੌਦ' ਵਿਚ ਅਦਾਕਾਰੀ ਕੀਤੀ ਹੈ ਜੋ ਆਉਣ ਵਾਲੇ ਸਮੇਂ ਵਿਚ ਰੀਲੀਜ਼ ਹੋਵੇਗੀ।

**ਮਲਵਿੰਦਰ:** **ਪਰਵਾਸ ਨੂੰ ਮਾਣ ਰਹੇ ਹੋ ਜਾਂ ਪਰਵਾਸ ਦਾ ਸੰਤਾਪ ਹੰਢਾ ਰਹੇ ਹੋ** ?

**ਪਰਮਜੀਤ:** ਮੈਂ ਪਰਵਾਸ ਨੂੰ ਮਾਣ ਰਹੀ ਹਾਂ ਤੇ ਜ਼ਿੰਦਗੀ ਦੇ ਹਰ ਰੰਗ ਨੂੰ ਪੂਰਨ ਸਮੁੱਚਤਾ ਨਾਲ, ਸੁੰਦਰਤਾ ਤੇ ਸੰਪੂਰਨਤਾ ਨਾਲ ਜੀ ਰਹੀ ਹਾਂ ਜੋ ਮੇਰੀ ਕਾਵਿਤਾ ਵਿਚ ਬਾਖ਼ੂਬੀ ਝਲਕਦਾ ਹੈ।

**ਮਲਵਿੰਦਰ:** **ਤੁਹਾਡੀਆਂ ਹੁਣ ਤਕ ਤਿੰਨ ਪੁਸਤਕਾਂ, 'ਸਾਹਾਂ ਦੀ ਪੱਤਰੀ', 'ਮੈਂ ਇੱਕ ਰਿਸ਼ਮ', ਤੇ 'ਤੂੰ ਕੱਤ ਬਿਰਹਾ' ਛਪ ਚੁੱਕੀਆਂ ਹਨ। ਅਗਲੀ ਕਿਤਾਬ ਦੀ ਉਡੀਕ ਕਦੋਂ ਕਰੀਏ** ?

**ਪਰਮਜੀਤ:** ਮੇਰਾ ਕਾਵਿ-ਸਫਰ ਜਾਰੀ ਹੈ। ਮੈਂ ਪੁਸਤਕਾਂ ਦੀ ਗਿਣਤੀ ਵਿਚ ਵਿਸ਼ਵਾਸ ਨਹੀਂ ਰੱਖਦੀ। ਪਰ ਮੈਂ ਕਵਿਤਾ ਰੂਹ ਦੀ ਤ੍ਰਿਪਤੀ ਲਈ ਲਿਖਦੀ ਹਾਂ। ਨਿਰੰਤਰ ਲਿਖਦੀ ਰਹਾਂਗੀ ਤੇ ਕਾਵਿ-ਪੁਸਤਕਾਂ ਪਾਠਕਾਂ ਦੀ ਝੋਲੀ ਪਾਉਂਦੀ ਰਹਾਂਗੀ। ਸੋ ਇਸ ਦੀ ਸਮਾ-ਸੀਮਾ ਮਿਥੀ ਨਹੀਂ ਜਾ ਸਕਦੀ।

ਸੰਪਰਕ: 64729-57351

❑❑❑

# ਰੂਬਰੂ: ਪ੍ਰਭਜੋਤ ਕੌਰ ਸੰਧੂ

ਪ੍ਰਭਜੋਤ ਕੌਰ ਸੰਧੂ ਨੇ ਜਦ ਅੰਮ੍ਰਿਤਸਰ ਦੀ ਜ਼ਿਲ੍ਹਾ ਲਾਇਬ੍ਰੇਰੀ ਦਾ ਚਾਰਜ ਸੰਭਾਲਿਆ ਤਾਂ ਉਥੇ ਇਮਾਰਤ ਦੇ ਨਾਂ 'ਤੇ ਸਲ੍ਹਾਬੇ ਕਮਰੇ ਸਨ, ਖਸਤਾਹਾਲ ਅਲਮਾਰੀਆਂ 'ਚ ਉਦਾਸ ਪਈਆਂ ਕਿਤਾਬਾਂ ਸਨ। ਆਪਣੀ ਮਿਹਨਤ, ਲਗਨ ਤੇ ਸਿਰੜ ਨਾਲ ਉਸ ਯਤਨ ਆਰੰਭੇ। ਇਮਾਰਤ ਦਾ ਮੂੰਹ-ਮੱਥਾ ਸਵਾਰਿਆ, ਅਲਮਾਰੀਆਂ 'ਚ ਪਈਆਂ ਕਿਤਾਬਾਂ ਨੂੰ ਝਾੜਿਆ ਪੂੰਜਿਆ, ਪਾਠਕਾਂ/ ਲੇਖਕਾਂ ਨੂੰ ਪ੍ਰੇਰਿਆ ਕਿ ਉਹ ਇਨ੍ਹਾਂ ਕਿਤਾਬਾਂ ਨਾਲ ਸੰਵਾਦ ਰਚਾਉਣ। ਹੁਣ ਪੰਜਾਬੀ ਸਾਹਿਤ ਸੰਗਮ ਅੰਮ੍ਰਿਤਸਰ ਨਾਮੀ ਸੰਸਥਾ ਨਾਲ ਮਿਲ ਕੇ ਸ਼ਹਿਰ ਦੀਆਂ ਸਾਹਿਤ ਸੰਸਥਾਵਾਂ ਹਰ ਮਹੀਨੇ ਇਥੇ ਸਾਹਿਤਕ ਸਮਾਗਮ ਕਰਵਾਉਂਦੇ ਹਨ। ਲਾਇਬ੍ਰੇਰੀ ਵਿੱਚ ਕੰਮ ਕਰਦਿਆਂ ਪ੍ਰਭਜੋਤ ਹਰ ਵੇਲੇ ਉਤਸ਼ਾਹ ਨਾਲ ਭਰੀ ਰਹਿੰਦੀ ਹੈ। ਤਕਰੀਬਨ ਰੋਜ ਹੀ ਉਥੇ ਕਿਸੇ ਐਨ.ਜੀ.ਓ. ਵੱਲੋਂ ਜਾਂ ਕਿਸੇ ਹੋਰ ਸੰਸਥਾ ਵੱਲੋਂ ਕੋਈ ਨਾ ਕੋਈ ਸਰਗਰਮੀ ਹੁੰਦੀ ਰਹਿੰਦੀ ਹੈ। ਬਹੁਤ ਸਾਰੇ ਪਾਠਕ ਪੱਕੇ ਤੌਰ 'ਤੇ ਲਾਇਬ੍ਰੇਰੀ ਨਾਲ ਜੁੜ ਗਏ ਹਨ। ਉਸ ਦੇ ਯਤਨਾਂ ਨਾਲ ਜ਼ਿਲ੍ਹੇ ਦੇ ਸਰਕਾਰੀ ਸਕੂਲਾਂ ਵਿੱਚ ਤੈਨਾਤ ਲਾਇਬ੍ਰੇਰੀਅਨਾਂ ਦੀ ਦੋ ਦਿਨਾਂ ਵਰਕਸ਼ਾਪ ਆਯੋਜਤ ਕੀਤੀ ਗਈ। ਅੰਮ੍ਰਿਤਸਰ ਦੀ ਨਵੀਂ ਬਣੀ ਕੇਂਦਰੀ ਜੇਲ੍ਹ ਵਿੱਚ ਮੈਡਮ ਪ੍ਰਭਜੋਤ ਦੀ ਹਿੰਮਤ ਨਾਲ ਨਵੀਂ ਲਾਇਬ੍ਰੇਰੀ ਖੁੱਲ੍ਹ ਗਈ ਹੈ। ਹੁਣ ਜਦ ਕਦੀ ਵੀ ਲਾਇਬ੍ਰੇਰੀ ਜਾਉ ਤਾਂ ਉਸ ਦੀ ਧੜਕਣ ਮਹਿਸੂਸ ਕਰ ਸਕਦੇ ਹੋ। ਉਥੇ ਹਰ ਵੇਲੇ ਕੰਮ ਵਿੱਚ ਰੁੱਝੀ ਮੈਡਮ ਪ੍ਰਭਜੋਤ ਕੌਰ ਸੰਧੂ ਨਾਲ ਮੈਂ ਕੁਝ ਗੱਲਾਂ ਕੀਤੀਆਂ ਜੋ ਤੁਹਾਡੇ ਨਾਲ ਸਾਂਝੀਆਂ ਕਰ ਰਿਹਾ ਹਾਂ:

**ਮਲਵਿੰਦਰ: ਲਾਇਬ੍ਰੇਰੀਅਨ ਬਣਨਾ ਨੌਕਰੀ ਦੀ ਤਲਾਸ਼ 'ਚੋਂ ਨਿਕਲਿਆ ਕਿੱਤਾ ਹੈ ਜਾਂ ਕੋਈ ਹੋਰ ਕਾਰਨ ਵੀ ਹੈ ?**

**ਪ੍ਰਭਜੋਤ ਸੰਧੂ:** ਲਾਇਬ੍ਰੇਰੀਅਨ ਬਣਨਾ ਜਿਵੇਂ ਮੇਰੀ ਮੰਜ਼ਿਲ ਸੀ। ਜਦ ਵੀ ਮੈਂ ਕਿਸੇ ਹੋਰ ਕਿੱਤੇ ਨੂੰ ਅਪਨਾਉਣਾ ਚਾਹਿਆ, ਲਾਇਬ੍ਰੇਰੀਅਨ ਦੀ ਚੋਣ ਆਪਣੇ ਆਪ ਹੋ ਜਾਂਦੀ। ਮੈਂ ਬੀ.ਐੱਡ. ਕਰਨ ਉਪਰੰਤ ਆਰਮੀ ਸਕੂਲ ਅੰਮ੍ਰਿਤਸਰ ਵਿਚ ਦੋ ਪੋਸਟਾਂ ਲਈ ਅਪਲਾਈ ਕੀਤਾ। ਐਮ.ਏ. ਅੰਗਰੇਜ਼ੀ ਬੀ. ਐੱਡ. ਹੋਣ ਕਾਰਨ ਪੂਰੀ ਉਮੀਦ ਸੀ ਕਿ ਅੰਗਰੇਜ਼ੀ ਅਧਿਆਪਕ ਦੀ ਨੌਕਰੀ ਮਿਲ ਜਾਵੇਗੀ। ਇੰਟਰਵਿਊ ਵੇਲੇ ਪਤਾ ਲੱਗਾ ਕਿ ਸਕੂਲ ਵਾਲਿਆਂ ਆਪਣੇ ਸਟਾਫ ਵਿਚੋਂ ਹੀ ਕਿਸੇ ਨੂੰ ਪ੍ਰਮੋਟ ਕਰਕੇ ਪੋਸਟ ਭਰ ਲਈ ਹੈ। ਮੈਨੂੰ ਸਕੂਲ

ਲਾਇਬ੍ਰੇਰੀਅਨ ਦੀ ਪੋਸਟ 'ਤੇ ਰੱਖ ਲਿਆ ਗਿਆ। ਇਸ ਤੋਂ ਪਹਿਲਾਂ ਵੀ ਇੱਕ ਸਕੂਲ ਵਿਚ ਮੈਨੂੰ ਐਮ. ਲਿਬ. ਦਾ ਨਤੀਜਾ ਆਉਣ ਤੋਂ ਪਹਿਲਾਂ ਹੀ ਮੈਨੂੰ ਬਤੌਰ ਲਾਇਬ੍ਰੇਰੀਅਨ ਰੱਖ ਲਿਆ ਗਿਆ ਸੀ।

**ਮਲਵਿੰਦਰ: ਆਪਣੇ ਬਚਪਨ ਅਤੇ ਮੁਢਲੀ ਸਿੱਖਿਆ ਬਾਰੇ ਦੱਸੋ ?**

**ਪ੍ਰਭਜੋਤ ਸੰਧੂ:** ਮੈਨੂੰ ਬਚਪਨ ਤੋਂ ਹੀ ਪੜ੍ਹਨ ਦਾ ਸ਼ੌਕ ਸੀ। ਅਖ਼ਬਾਰ, ਕਾਮਿਕਸ, ਚੰਦਾ ਮਾਮਾ, ਲੋਟਪੋਟ, ਚੰਪਕ ਆਦਿ ਪੜ੍ਹਦੀ ਰਹਿੰਦੀ ਸਾਂ। ਸਕੂਲ ਲਾਇਬ੍ਰੇਰੀ ਵਿਚੋਂ ਵੀ ਕਿਤਾਬਾਂ ਲੈ ਕੇ ਪੜ੍ਹਦੀ ਰਹਿੰਦੀ ਸਾਂ। ਮੇਰੀ ਮੁਢਲੀ ਸਿੱਖਿਆ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਅੰਮ੍ਰਿਤਸਰ ਦੀ ਹੈ। ਗਰੈਜੂਏਸ਼ਨ ਡੀ.ਏ.ਵੀ. ਕਾਲਜ ਲਾਰੈਂਸ ਰੋਡ ਤੋਂ ਕੀਤੀ। ਐਮ.ਏ., ਐਮ. ਫਿਲ. ਅਤੇ ਪੀਐਚ.ਡੀ. ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਪ੍ਰਾਪਤ ਕੀਤੀ। ਐਮ.ਐੱਡ. ਦੀ ਡਿਗਰੀ ਪੰਜਾਬੀ ਯੂਨੀਵਰਸਿਟੀ ਤੋਂ ਪ੍ਰਾਪਤ ਕੀਤੀ। ਕੋਈ ਵੀ ਕਿਤਾਬ ਹੱਥ ਲੱਗਦੀ ਤਾਂ ਪਹਿਲੀ ਕੋਸ਼ਿਸ਼ ਇਹੋ ਹੁੰਦੀ ਕਿ ਇਸ ਨੂੰ ਜਲਦੀ ਤੋਂ ਜਲਦੀ ਖ਼ਤਮ ਕਰਾਂ।

**ਮਲਵਿੰਦਰ: ਲਾਇਬ੍ਰੇਰੀ ਸਾਇੰਸ ਦਾ ਵਿਸ਼ਾ ਚੁਣਨ ਪਿੱਛੇ ਕੀ ਕਾਰਨ ਸੀ ?**

**ਪ੍ਰਭਜੋਤ ਸੰਧੂ:** ਲਾਇਬ੍ਰੇਰੀ ਸਾਇੰਸ ਵਿਸ਼ੇ ਦੀ ਚੋਣ ਪਿੱਛੇ ਇੱਕ ਰੌਚਕ ਘਟਨਾ ਹੈ। ਮੈਂ ਐਮ.ਏ. ਅੰਗਰੇਜ਼ੀ ਕਰਨ ਤੋਂ ਬਾਅਦ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਲਾਇਬ੍ਰੇਰੀ ਸਾਇੰਸ ਦੇ ਮੁਖੀ ਨੂੰ, ਜੋ ਸਾਡੇ ਰਿਸ਼ਤੇਦਾਰਾਂ 'ਚੋਂ ਸੀ, ਨੂੰ ਮਿਲਣ ਗਈ। ਜਦੋਂ ਉਹਨਾਂ ਨੂੰ ਪਤਾ ਲੱਗਾ ਕਿ ਮੈਂ ਹੁਣ ਵਿਹਲੀ ਹਾਂ ਤਾਂ ਉਨ੍ਹਾਂ ਨੇ ਮੈਨੂੰ ਸਲਾਹ ਦਿੱਤੀ ਕਿ ਮੈਂ ਲਾਇਬ੍ਰੇਰੀ ਸਾਇੰਸ ਵਿਚ ਦਾਖਲਾ ਲੈ ਲਵਾਂ। ਮੇਰੀ ਬਹੁਤੀ ਰੁਚੀ ਨਹੀਂ ਸੀ। ਪਰ ਉਹਨਾਂ ਦੇ ਜ਼ਿਆਦਾ ਜ਼ੋਰ ਦੇਣ 'ਤੇ ਮੈਂ ਦਾਖਲਾ ਲੈ ਲਿਆ ਤੇ ਇਹ ਦੱਸਦਿਆਂ ਮੈਂ ਮਾਣ ਮਹਿਸੂਸ ਕਰ ਰਹੀ ਹਾਂ ਕਿ ਮੈਂ ਲਾਇਬ੍ਰੇਰੀ ਸਾਇੰਸ ਦੇ ਇਸ ਕੋਰਸ ਵਿਚ ਯੂਨੀਵਰਸਿਟੀ ਵਿਚੋਂ ਦੂਸਰੇ ਸਥਾਨ 'ਤੇ ਰਹੀ।

**ਮਲਵਿੰਦਰ: ਜਦੋਂ ਪਹਿਲੀ ਵਾਰ ਅੰਮ੍ਰਿਤਸਰ ਦੀ ਇਸ ਜ਼ਿਲ੍ਹਾ ਲਾਇਬ੍ਰੇਰੀ ਵਿਚ ਇਹ ਅਹੁਦਾ ਸੰਭਾਲਿਆ ਤਾਂ ਇਸ ਲਾਇਬ੍ਰੇਰੀ ਦਾ ਮਾਹੌਲ ਕਿਹੋ ਜਿਹਾ ਸੀ ?**

**ਪ੍ਰਭਜੋਤ ਸੰਧੂ:** ਇਥੇ ਆਉਣ ਤੋਂ ਪਹਿਲਾਂ ਮੈਂ ਕੁਝ ਸਮਾਂ ਗੌਰਮਿੰਟ ਕਾਲਜ ਭੁਲੱਥ ਵਿਚ ਵੀ ਨੌਕਰੀ ਕੀਤੀ। ਜਦ ਇਸ ਪਬਲਿਕ ਲਾਇਬ੍ਰੇਰੀ ਵਿਚ

ਆਈ ਤਾਂ ਇਥੋਂ ਦਾ ਮਾਹੌਲ ਕਾਲਜ ਤੋਂ ਬਿਲਕੁਲ ਵੱਖਰਾ ਸੀ। ਇਹ ਸਟੋਰਘਰ ਜ਼ਿਆਦਾ ਤੇ ਲਾਇਬ੍ਰੇਰੀ ਘੱਟ ਲੱਗਦੀ ਸੀ। ਦਮ ਘੁਟਵਾਂ ਮਾਹੌਲ ਸੀ। ਸਿਉਂਕ ਖਾਧੇ ਦਰਵਾਜ਼ੇ, ਖਿੜਕੀਆਂ, ਕਿਤਾਬਾਂ। ਬਰਸਾਤ 'ਚ ਛੱਤ ਚੋਂਦੀ ਸੀ। ਲਾਇਬ੍ਰੇਰੀ ਨੂੰ ਆਉਣ ਵਾਲਾ ਰਸਤਾ ਬਰਸਾਤ ਵਿਚ ਬਿਲਕੁਲ ਚੱਲਣਯੋਗ ਨਹੀ ਰਹਿੰਦਾ ਸੀ। ਬਹੁਤ ਬੁਰਾ ਹਾਲ ਸੀ। ਪਾਠਕ ਜਿਹੜੇ ਥੋੜ੍ਹੇ ਬਹੁਤੇ ਆਉਂਦੇ ਸਨ, ਉਨ੍ਹਾਂ ਦੇ ਸਿਰ 'ਚ ਛੱਤ ਤੋਂ ਮਿੱਟੀ ਅਤੇ ਕਲੀ ਡਿੱਗਦੀ ਰਹਿੰਦੀ ਸੀ।

**ਮਲਵਿੰਦਰ: ਸੁਧਾਰ ਲਈ ਤੁਸੀਂ ਕੀ ਉਪਰਾਲੇ ਕੀਤੇ ?**

**ਪ੍ਰਭਜੋਤ ਸੰਧੂ:** ਸਭ ਤੋਂ ਪਹਿਲਾਂ ਤਾਂ ਇਸ ਨੂੰ ਅੰਦਰੋਂ ਇੱਕ ਲਾਇਬ੍ਰੇਰੀ ਵਾਂਗ ਬਣਾਇਆ, ਜੋ ਕਿ ਜ਼ਰੂਰੀ ਸੀ। ਵਰਗੀਕਰਣ ਕੀਤਾ, ਕਾਰਡ ਬਣਾਏ। ਉਸ ਤੋਂ ਬਾਅਦ ਇਮਾਰਤ ਦੀ ਮੁਰੰਮਤ ਕਰਵਾਈ ਤਾਂ ਜੋ ਪਾਠਕ ਅੰਦਰ ਬੈਠ ਕੇ ਪੜ੍ਹ ਸਕਣ। ਸਿਉਂਕ ਦਾ ਇਲਾਜ ਕੀਤਾ। ਖਿੜਕੀਆਂ, ਦਰਵਾਜ਼ੇ ਠੀਕ ਕਰਵਾਏ। ਲਾਈਟ ਨਾ ਹੋਣ 'ਤੇ ਬੜੀ ਮੁਸ਼ਕਲ ਹੁੰਦੀ ਸੀ। ਇਸ ਲਈ ਰੋਟਰੀ ਕਲੱਬ ਵਾਲਿਆਂ ਨਾਲ ਸੰਪਰਕ ਕੀਤਾ, ਜਿਸ ਦਾ ਨਤੀਜਾ ਇਹ ਹੋਇਆ ਕਿ ਉਨ੍ਹਾਂ ਲਾਇਬ੍ਰੇਰੀ ਲਈ ਇਨਵਰਟਰ/ ਬੈਟਰੀ ਉਪਲੱਬਧ ਕਰਵਾ ਦਿੱਤੇ। ਕੰਪਿਊਟਰ ਲਈ ਓਦੋਂ ਐਮ.ਪੀ. ਨਵਜੋਤ ਸਿੰਘ ਸਿੱਧੂ ਕੋਲ ਮੰਗ ਰੱਖੀ ਜੋ ਉਹਨਾਂ ਪੂਰੀ ਕਰ ਦਿੱਤੀ। ਰਾਜਾਰਾਮ ਮੋਹਨ ਰਾਏ ਫਾਊਂਡੇਸ਼ਨ ਕੋਲੋਂ ਬੱਚਿਆਂ ਦੇ ਵਿਭਾਗ ਲਈ ਡੇਢ ਲੱਖ ਰੁਪਏ ਦੀ ਗ੍ਰਾਂਟ ਪ੍ਰਾਪਤ ਕੀਤੀ। ਇਹ ਕੁਝ ਸ਼ੁਰੂਆਤੀ ਉਪਰਾਲੇ ਸਨ। ਸੋਚ ਇਹੋ ਸੀ ਕਿ ਜੇਕਰ ਲਾਇਬ੍ਰੇਰੀ ਦਾ ਮਾਹੌਲ ਚੰਗਾ ਹੋਵੇਗਾ, ਤਾਂ ਹੀ ਕੋਈ ਇਥੇ ਆ ਕੇ ਬੈਠੇਗਾ, ਇਸ ਦੀ ਵਰਤੋਂ ਕਰੇਗਾ।

**ਮਲਵਿੰਦਰ: ਤੁਹਾਨੂੰ ਹੋਰ ਕਿਥੋਂ ਕਿਥੋਂ ਸਹਿਯੋਗ ਮਿਲਿਆ? ਨਿਰਾਸ਼ਾ ਵੀ ਹੋਈ ਹੋਵੇਗੀ।**

**ਪ੍ਰਭਜੋਤ ਸੰਧੂ:** ਹੋਰ ਪੂਰਵ ਡੀ.ਸੀ. ਸਰਦਾਰ ਕਾਹਨ ਸਿੰਘ ਪੰਨੂ ਹੋਰਾਂ ਨੇ ਬੜਾ ਸਹਿਯੋਗ ਦਿੱਤਾ। ਡੈਟਾਬੇਸ ਲਈ ਫੰਡ ਉਨ੍ਹਾਂ ਨੇ ਹੀ ਮੁਹੱਈਆ ਕਰਵਾਇਆ। ਇਹ ਪੰਜਾਬ ਦੀ ਇੱਕੋ-ਇੱਕ ਜ਼ਿਲ੍ਹਾ ਲਾਇਬ੍ਰੇਰੀ ਹੈ ਜਿਸ ਕੋਲ ਲਾਇਬ੍ਰੇਰੀ ਮੈਨਜਮੈਂਟ ਸੌਫਟਵੇਅਰ ਹੈ ਅਤੇ ਪਾਠਕਾਂ ਦੀ ਵਰਤੋਂ ਲਈ ਇੰਟਰਨੈੱਟ ਸੁਵਿਧਾ ਹੈ। ਪੂਰਵ ਡੀ.ਸੀ. ਰਵੀ ਭਗਤ ਜੀ ਨੇ ਇਮਾਰਤ ਦੀ ਮੁਰੰਮਤ ਲਈ ਤਿੰਨ ਲੱਖ ਰੁਪਏ ਦਿੱਤੇ। ਲੋਕਾਂ/ਪਾਠਕਾਂ ਵਲੋਂ ਲਾਇਬ੍ਰੇਰੀ ਨੂੰ ਪੀਣ ਵਾਲੇ ਪਾਣੀ ਦੀ ਮਸ਼ੀਨ, ਕੁਰਸੀਆਂ, ਪੱਖੇ,

ਟਿਊਬਲਾਈਟ, ਸੀ.ਸੀ.ਟੀ.ਵੀ. ਕੈਮਰੇ ਸਪੀਕਰ ਆਦਿ ਗਿਫਟ ਕੀਤੇ ਗਏ। ਸਮਾਂ ਜ਼ਰੂਰ ਲੱਗਾ ਪਰ ਮੈਂ ਨਿਰਾਸ਼ ਕਦੇ ਨਹੀਂ ਹੋਈ। ਹਾਂ, ਦੁੱਖ ਜ਼ਰੂਰ ਹੈ ਕਿ ਜ਼ਿਲ੍ਹਾ ਲਾਇਬ੍ਰੇਰੀ ਅੰਮ੍ਰਿਤਸਰ ਲੋਕਾਂ ਦੀ ਅਣਦੇਖੀ ਵਰਤੋਂ ਨਾ ਕਰਨ ਕਾਰਨ ਇਸ ਦਾ ਵਿਸਥਾਰ ਨਹੀਂ ਹੋ ਸਕਿਆ। ਲਾਇਬ੍ਰੇਰੀ ਇੱਕ ਹਾਲਤ ਸੀਮਤ ਹੈ। ਜੇ ਵਰਤੀ ਜਾਂਦੀ ਤਾਂ ਸ਼ਾਇਦ ਇਸ ਦਾ ਵੀ ਵਿਸਥਾਰ ਹੁੰਦਾ, ਹੋਰ ਜ਼ਿਆਦਾ ਫੰਡ ਮਿਲਦੇ।

ਮਲਵਿੰਦਰ: **ਅੱਜ ਪਬਲਿਕ ਲਾਇਬ੍ਰੇਰੀਆਂ ਦਾ ਮਾੜਾ ਹਾਲ ਹੈ। ਅਣਦੇਖੀ ਦਾ ਸ਼ਿਕਾਰ ਇਹ ਲਾਇਬ੍ਰੇਰੀਆਂ ਬੰਦ ਹੋਣ ਦੇ ਕਿਨਾਰੇ ਹਨ। ਕਈ ਤਾਂ ਬੰਦ ਵੀ ਹੋ ਚੁੱਕੀਆਂ ਹਨ। ਤੁਸੀਂ ਕੀ ਕਹਿਣਾ ਚਾਹੋਗੇ?**

**ਪ੍ਰਭਜੋਤ ਸੰਧੂ:** ਪਬਲਿਕ ਲਾਇਬ੍ਰੇਰੀਆਂ ਦੀ ਇਸ ਸਥਿਤੀ ਲਈ ਅਸੀਂ ਆਪ ਜ਼ਿੰਮੇਵਾਰ ਹਾਂ। ਜੇ ਇਹ ਸਾਡੇ ਰੋਜ਼ਾਨਾ ਜੀਵਨ ਦਾ ਅੰਗ ਹੋਣ ਤਾਂ ਬੰਦ ਕਿਉਂ ਹੋਣ? ਸਾਨੂੰ ਇਨ੍ਹਾਂ ਦੀ ਮਹੱਤਤਾ ਦਾ ਅਹਿਸਾਸ ਹੁੰਦਾ ਤਾਂ ਇਨ੍ਹਾਂ ਦਾ ਇਹ ਹਾਲ ਨਾ ਹੁੰਦਾ। ਲਾਇਬ੍ਰੇਰੀ ਗਿਆਨ ਵੰਡਣ ਦਾ ਇੱਕ ਅਹਿਮ ਸਥਾਨ ਹੈ। ਪੁਸਤਕਾਂ ਪਾਣੀ, ਹਵਾ ਤੇ ਹੋਰ ਤੱਤਾਂ ਵਾਂਗ ਸਾਡੇ ਜੀਵਨ ਦੀ ਅਹਿਮ ਲੋੜ ਹੈ। ਜਦੋਂ ਸਾਨੂੰ ਇਹ ਸਮਝ ਆ ਜਾਵੇਗੀ ਤਾਂ ਅਸੀਂ ਕਿਸੇ ਹੋਰ ਨੂੰ ਦੋਸ਼ ਨਹੀਂ ਦੇਵਾਂਗੇ। ਇਸ ਨੂੰ ਜੀਵਤ ਰੱਖਣ ਲਈ ਹਰ ਉਪਰਾਲਾ ਕਰਾਂਗੇ, ਕਿਉਂਕਿ ਓਦੋਂ ਅਸੀਂ ਜਾਣਦੇ ਹੋਵਾਂਗੇ ਕਿ ਇਹ ਹੈ ਤਾਂ ਸਾਡਾ ਜੀਵਨ ਹੈ। ਅਸੀਂ ਹਰ ਹਾਲ ਇਨ੍ਹਾਂ ਦੀ ਹੋਂਦ ਬਚਾਈ ਰੱਖਣ ਲਈ ਉਪਰਾਲਾ ਕਰਾਂਗੇ। ਆਪ ਇਨ੍ਹਾਂ ਦੀ ਵਾਗਡੋਰ ਸੰਭਾਲਾਂਗੇ। ਲੋੜ ਲਾਇਬ੍ਰੇਰੀਆਂ ਦੀ ਅਹਿਮੀਅਤ ਸਮਝਣ ਦੀ ਹੈ।

ਮਲਵਿੰਦਰ: **ਤੁਸੀਂ ਜਿਸ ਸਮਰਪਣ ਭਾਵਨਾ ਨਾਲ ਕੰਮ ਕੀਤਾ ਅਤੇ ਕਰ ਰਹੇ ਹੋ, ਇਸ ਦੇ ਨਤੀਜੇ ਕਿੰਨੇ ਕੁ ਸਾਰਥਕ ਰਹੇ ਹਨ? ਤੁਹਾਡੀ ਆਪਣੀ ਪਹਿਚਾਣ ਵਿਚ ਵੀ ਕੋਈ ਫਰਕ ਪਿਆ ਹੈ?**

**ਪ੍ਰਭਜੋਤ ਸੰਧੂ:** ਜਦ ਮੇਰਾ ਲਾਇਬ੍ਰੇਰੀ ਨਾਲ ਵਾਹ ਪਿਆ ਤਾਂ ਵੇਖਿਆ ਕਿ ਇਸ ਨੂੰ ਵਰਤਣ ਵਾਲਿਆਂ ਦੀ ਗਿਣਤੀ ਬਹੁਤ ਘੱਟ ਸੀ। ਬਹੁਤੇ ਲੋਕਾਂ ਨੂੰ ਇਸ ਬਾਰੇ ਪਤਾ ਹੀ ਨਹੀਂ ਸੀ। ਇਹ ਗੱਲ ਮੈਨੂੰ ਬੜੀ ਚੁਭਦੀ ਸੀ। ਅਨਪੜ੍ਹਾਂ ਦੀ ਗੱਲ ਛੱਡੋ, ਪੜ੍ਹੇ-ਲਿਖੇ ਲੋਕਾਂ ਨੂੰ ਵੀ ਇਸ ਜ਼ਿਲ੍ਹਾ ਲਾਇਬ੍ਰੇਰੀ ਬਾਰੇ ਪਤਾ ਨਹੀਂ ਸੀ। ਚੈਲਿੰਜ ਇਹ ਸੀ ਕਿ ਲੋਕਾਂ ਨੂੰ ਲਾਇਬ੍ਰੇਰੀ ਨਾਲ ਜੋੜਿਆ ਜਾਵੇ। ਮੈਨੂੰ ਲੱਗਦਾ ਕਿ

ਅਲਮਾਰੀਆਂ 'ਚ ਪਈਆਂ ਕਿਤਾਬਾਂ ਦੀ ਚੁੱਪ ਮੈਨੂੰ ਪੁੱਛ ਰਹੀ ਹੈ ਕਿ ਕੀ ਕੋਈ ਆਵੇਗਾ ਸਾਨੂੰ ਪੜ੍ਹਨ, ਸਮਝਣ, ਫਰੋਲਣ ਵਾਲਾ ਜਾਂ ਅਸੀਂ ਇੰਝ ਹੀ ਅਲਮਾਰੀਆਂ ਵਿਚ ਬੰਦ ਪਈਆਂ ਰਹਾਂਗੀਆਂ? ਕਦੀ ਕਦੀ ਲੱਗਦਾ ਇਹ ਮੇਰੇ 'ਤੇ ਹੱਸ ਰਹੀਆਂ ਹੋਣ ਕਿ ਕੀ ਫਾਇਦਾ ਇਸ ਸਾਂਭ-ਸੰਭਾਲ ਦਾ ਜੇਕਰ ਕਿਸੇ ਨੇ ਪੜ੍ਹਨਾ ਹੀ ਨਹੀਂ? ਸਾਨੂੰ ਤਾਂ ਸਾਡੇ ਜਨਮਦਾਤੇ (ਲੇਖਕ) ਹੀ ਭੁੱਲ ਗਏ ਹਨ। ਉਹ ਵੀ ਕਦੀ ਨਹੀਂ ਆਏ, ਹੋਰਾਂ ਨਾਲ ਸ਼ਿਕਵਾ ਕੀ? ਲੋਕਾਂ ਨੂੰ ਲਾਇਬ੍ਰੇਰੀ ਨਾਲ ਜੋੜਨ ਲਈ ਪਹਿਲੀ ਵਾਰ ਡਾਕਟਰ ਰਬਿੰਦਰ ਨਾਥ ਟੈਗੋਰ ਦੀ 150ਵੀਂ ਵਰ੍ਹੇ-ਗੰਢ ਮੌਕੇ ਉਨ੍ਹਾਂ ਦੀਆਂ ਪੁਸਤਕਾਂ ਦੀ ਪ੍ਰਦਰਸ਼ਨੀ ਲਗਾਈ। ਇਸ ਉਪਰਾਲੇ ਨੂੰ ਚੰਗਾ ਹੁੰਗਾਰਾ ਮਿਲਿਆ। ਇਸ ਤੋਂ ਬਾਅਦ ਕੁਝ ਸਥਾਨਕ ਸਾਹਿਤ ਸੰਸਥਾਵਾਂ ਨਾਲ ਸੰਪਰਕ ਕੀਤਾ ਜਿਨ੍ਹਾਂ ਵਿਚ ਪੰਜਾਬੀ ਸਾਹਿਤ ਸੰਗਮ ਅਤੇ ਨਾਰੀ ਚੇਤਨਾ ਮੰਚ ਵਿਸ਼ੇਸ਼ ਹਨ। ਇਹ ਸੰਸਥਾਵਾਂ ਹੁਣ ਹਰ ਮਹੀਨੇ ਪੁਸਤਕਾਂ ਸੰਗ ਸੰਵਾਦ ਲੜੀ ਤਹਿਤ ਸਮਾਗਮ ਰਚਾਉਂਦੇ ਹਨ। ਲੋਕ ਹੁਣ ਨਾਲ ਜੁੜ ਰਹੇ ਹਨ।

**ਮਲਵਿੰਦਰ:** **ਰਾਸ਼ਟਰੀ/ਅੰਤਰਰਾਸ਼ਟਰੀ ਪੱਧਰ 'ਤੇ ਤੁਹਾਨੂੰ ਜਾਣ ਦਾ ਮੌਕਾ ਮਿਲਦਾ ਰਹਿੰਦਾ ਹੋਵੇਗਾ। ਕਿਸ ਤਰ੍ਹਾਂ ਦਾ ਅਨੁਭਵ ਰਿਹਾ?**

**ਪ੍ਰਭਜੋਤ ਸੰਧੂ:** ਮੇਰੀ ਸੋਚ ਹੈ ਕਿ ਲੋਕਾਂ ਦੀ ਯੂਨੀਵਰਸਿਟੀ ਵਿਚ ਲੋਕਾਂ ਨੂੰ ਆਉਣਾ ਚਾਹੀਦਾ ਹੈ। ਪਬਲਿਕ ਲਾਇਬ੍ਰੇਰੀ ਵਿਚ ਕਿਤਾਬਾਂ ਤੋਂ ਪਾਰ ਵੀ ਉਪਰਾਲੇ ਹੋਣੇ ਚਾਹੀਦੇ ਹਨ। ਇਸ ਨੂੰ ਭਰਵਾਂ ਹੁੰਗਾਰਾ ਉਦੋਂ ਮਿਲਿਆ ਜਦੋਂ ਅਕਾਦਮਿਕ ਸੰਸਥਾਵਾਂ, ਜ਼ਿਲ੍ਹਾ ਪ੍ਰਸ਼ਾਸਨ ਅਤੇ ਸਮਾਜਿਕ ਸੰਸਥਾਵਾਂ ਦੇ ਸਹਿਯੋਗ ਨਾਲ ਅੰਮ੍ਰਿਤਸਰ ਸ਼ਹਿਰ ਵਿਚ ਵਾਕ ਫਾਰ ਬੁੱਕਸ ਕੱਢੀ। ਇਹ ਸ਼ਹੀਦ ਭਗਤ ਸਿੰਘ ਦੇ ਜਨਮ-ਦਿਵਸ ਮੌਕੇ ਉਨ੍ਹਾਂ ਦੀ ਪੜ੍ਹਨ ਦੀ ਰੁਚੀ 'ਤੇ ਰੋਸ਼ਨੀ ਪਾਉਣ ਲਈ ਵੀ ਸੀ। ਇਸ ਸੋਚ ਨੂੰ ਹੋਰ ਹੱਲਾ-ਸ਼ੇਰੀ ਉਦੋਂ ਮਿਲੀ ਜਦ ਮੇਰੀ ਚੋਣ 25 ਰਾਜਾਂ ਵਿਚੋਂ ਚੁਣੇ 50 ਇਨਵੇਟਰਸ ਵਿਚ ਹੋ ਗਈ। ਮੇਰੀ ਪਬਲਿਕ ਲਾਇਬ੍ਰੇਰੀ ਪ੍ਰਤੀ ਸੋਚ ਨੂੰ ਰਾਸ਼ਟਰੀ ਪੱਧਰ 'ਤੇ ਸਰਾਹਿਆ ਅਤੇ ਅਪਣਾਇਆ ਗਿਆ। ਇਸ ਸੋਚ ਤੇ ਸਫ਼ਰ ਨੂੰ ਹੋਰ ਦੇਸ਼ਾਂ ਦੇ ਨੁਮਾਇੰਦਿਆਂ ਨਾਲ ਸਾਂਝਾ ਕਰਨ ਲਈ ਬਿੱਲ ਐਂਡ ਮੈਲਿੰਡਾਗੇਟਸ ਫਾਊਂਡੇਸ਼ਨ ਨੇ ਮੈਨੂੰ ਅਮਰੀਕਾ ਦੇ ਸ਼ਹਿਰ ਸੀਟਲ ਬੁਲਾਇਆ। ਓਦੋਂ ਪਤਾ ਲੱਗਾ ਕਿ ਅਸੀਂ ਸੋਚ ਵਿਚ ਬਹੁਤ ਅੱਗੇ ਹਾਂ, ਪਰ ਜ਼ਰੂਰੀ

ਸਹੂਲਤਾਂ ਨਾ ਹੋਣ ਕਰਕੇ ਬਹੁਤ ਪਿੱਛੇ। ਇਸ ਤਜਰਬੇ ਨੇ ਮੇਰੇ ਅੰਦਰ ਹੋਰ ਜੋਸ਼ ਭਰ ਦਿੱਤਾ। ਇਸ ਸੋਚ ਨੂੰ ਹੁਣ ਮੈਂ ਆਪਣਾ ਮਿਸ਼ਨ ਬਣਾ ਲਿਆ ਹੈ।

**ਮਲਵਿੰਦਰ:** **ਲੇਖਕਾਂ/ਪਾਠਕਾਂ ਦਾ ਹੁੰਗਾਰਾ ਕਿਹੋ ਜਿਹਾ ਹੈ? ਹੋਰ ਸੰਸਥਾਵਾਂ ਦੇ ਲੋਕ ਵੀ ਸਹਿਯੋਗ ਕਰਦੇ ਹਨ?**

**ਪ੍ਰਭਜੋਤ ਸੰਧੂ:** ਲੇਖਕਾਂ ਦਾ ਲਾਇਬ੍ਰੇਰੀ ਨਾਲ ਜੁੜਨ ਦਾ ਵੀ ਦਿਲਚਸਪ ਵਾਕਿਆ ਹੈ। ਪੰਜਾਬੀ ਗਜ਼ਲ-ਗੋ ਸਰਬਜੀਤ ਸਿੰਘ ਸੰਧੂ ਪੰਜਾਬੀ ਗਜ਼ਲ ਸੰਗ੍ਰਹਿਆਂ ਦੀ ਬਿਬਲਿਉਗਰਾਫੀ ਤਿਆਰ ਕਰ ਰਹੇ ਸਨ। ਇਸ ਸਬੰਧ ਵਿਚ ਉਹ ਇਸ ਲਾਇਬ੍ਰੇਰੀ ਵੀ ਆਏ। ਮੈਂ ਉਨ੍ਹਾਂ ਨੂੰ ਉਲਾਮਾਂ ਦਿੱਤਾ ਕਿ ਸ਼ਹਿਰ ਦਾ ਕੋਈ ਵੀ ਲੇਖਕ ਇਸ ਲਾਇਬ੍ਰੇਰੀ ਦੀ ਸਾਰ ਨਹੀਂ ਲੈਂਦਾ। ਸੰਧੂ ਸਾਹਿਬ ਪੰਜਾਬੀ ਸਾਹਿਤ ਸੰਗਮ ਅੰਮ੍ਰਿਤਸਰ ਦੇ ਪ੍ਰਧਾਨ ਹਨ, ਤੁਸੀਂ ਜਨਰਲ ਸਕੱਤਰ ਹੋ। ਹੁਣ ਜਿਵੇਂ ਕਿ ਤੁਸੀਂ ਜਾਣਦੇ ਓ ਕਿ ਇਹ ਸੰਸਥਾ ਹਰ ਮਹੀਨੇ ਇਥੇ ਕਵੀ ਦਰਬਾਰ ਦਾ ਆਯੋਜਨ ਕਰਦੀ ਹੈ। ਹੋਰ ਲੇਖਕ ਦੋਸਤ ਆਉਂਦੇ ਹਨ। ਵੇਖਾ-ਵੇਖੀ ਹੋਰ ਸੰਸਥਾਵਾਂ ਵੀ ਆਉਣ ਲੱਗੀਆਂ ਹਨ। ਪਾਠਕਾਂ ਨੂੰ ਵੀ ਪ੍ਰੇਰਨਾ ਮਿਲੀ ਹੈ। ਉਨ੍ਹਾਂ ਦੀ ਗਿਣਤੀ ਵੀ ਵਧੀ ਹੈ।

**ਮਲਵਿੰਦਰ:** **ਭਵਿੱਖ ਵਿਚ ਤੁਹਾਡੀਆਂ ਕੀ ਯੋਜਨਾਵਾਂ ਹਨ?**

**ਪ੍ਰਭਜੋਤ ਸੰਧੂ:** ਪਬਲਿਕ ਲਾਇਬ੍ਰੇਰੀ ਇੱਕ ਮਹੱਤਵਪੂਰਨ ਸੰਸਥਾ ਹੈ। ਇਸ ਦਾ ਮੈਂਬਰ ਹੋਣਾ ਇੱਕ ਮਾਣ ਵਾਲੀ ਗੱਲ ਹੈ। ਬੁੱਧੀਜੀਵੀ ਹੋਣ ਦੀ ਨਿਸ਼ਾਨੀ ਹੈ। ਇਹ ਉਹ ਜਗ੍ਹਾ ਹੈ ਜਿੱਥੇ ਹਰ ਵਰਗ ਦੇ ਲੋਕ ਬਿਨ੍ਹਾਂ ਭੇਦ-ਭਾਵ ਦੇ ਇਕੋ ਸਥਾਨ 'ਤੇ 'ਕੱਠੇ ਬੈਠ ਕੇ ਹਰ ਤਰ੍ਹਾਂ ਦੀ ਜਾਣਕਾਰੀ ਪ੍ਰਾਪਤ ਕਰਦੇ ਹਨ। ਇਥੇ ਉਨ੍ਹਾਂ ਦੇ ਸੁਹਜ ਦੀ ਤ੍ਰਿਪਤੀ ਵੀ ਹੁੰਦੀ ਹੈ। ਇਹ ਇੱਕ ਸਾਹ ਲੈਂਦੀ ਸੰਸਥਾ ਹੈ। ਇਸ ਨੂੰ ਲੋਕਾਂ ਨਾਲ ਅਤੇ ਲੋਕਾਂ ਨੂੰ ਇਸ ਨਾਲ ਜੋੜਨਾ ਹੀ ਮੇਰੀ ਯੋਜਨਾ ਜਾਂ ਕਹਿ ਲਉ ਕਿ ਸੁਪਨਾ ਹੈ। ਪੁਸਤਕ ਸਭਿਆਚਾਰ ਪੈਦਾ ਕਰਨਾ, ਵਿਦਿਆਰਥੀਆਂ ਅੰਦਰ ਕਿਤਾਬਾਂ ਪੜ੍ਹਨ ਦੀ ਰੁਚੀ ਪੈਦਾ ਕਰਨਾ ਮੇਰੀ ਯੋਜਨਾ ਹੈ। ਜ਼ਿਲ੍ਹਾ ਪ੍ਰਸ਼ਾਸ਼ਨ ਨੇ ਜੇਲ੍ਹ ਵਿਚ ਲਾਇਬ੍ਰੇਰੀ ਖੋਲ੍ਹਣ ਲਈ ਜ਼ਿਲ੍ਹਾ ਲਾਇਬ੍ਰੇਰੀ ਕੋਲੋਂ ਸਹਿਯੋਗ ਮੰਗਿਆ। ਮੇਰੇ ਸੱਦੇ 'ਤੇ ਲੇਖਕਾਂ/ ਪਾਠਕਾਂ ਤੇ ਲਾਇਬ੍ਰੇਰੀ ਪ੍ਰੇਮੀਆਂ ਨੇ ਵੱਡੀ ਗਿਣਤੀ ਵਿਚ ਪੁਸਤਕਾਂ ਭੇਂਟ ਕੀਤੀਆਂ ਹਨ। ਮੈਨੂੰ ਖ਼ੁਸ਼ੀ ਹੋਈ ਕਿ ਲੋਕ ਲਾਇਬ੍ਰੇਰੀਆਂ ਪ੍ਰਤੀ ਜਾਗਰੂਕ ਹੋ ਰਹੇ ਹਨ।

**ਮਲਵਿੰਦਰ:** **ਤੁਹਾਨੂੰ ਤੁਹਾਡੇ ਕੰਮ ਬਦਲੇ ਕੋਈ ਮਾਣ-ਮਨਮਾਨ ਵੀ ਮਿਲੇ ਹਨ ?**

**ਪ੍ਰਭਜੋਤ ਸੰਧੂ:** ਜ਼ਿਲ੍ਹਾ ਲਾਇਬ੍ਰੇਰੀ ਅੰਮ੍ਰਿਤਸਰ ਨੂੰ ਆਟੋਮੈਟਿਡ ਕਰਨ ਲਈ ਪੰਜਾਬ ਕਾਲਜ ਲਾਇਬ੍ਰੇਰੀਅਨ ਐਸੋਸੀਏਸ਼ਨ ਵੱਲੋਂ ਸਨਮਾਨਿਤ ਕੀਤਾ ਗਿਆ। ਪੰਜਾਬੀ ਸੰਵਾਦ ਸੰਸਥਾ ਨੇ ਨਾਰੀ ਦਿਵਸ ਮੌਕੇ ਐਕਟਿਵ ਵੁਮੈਨ ਵਰਕਿੰਗ ਫਾਰ ਸੁਸਾਇਟੀ ਲਈ ਸਨਮਾਨਿਤ ਕੀਤਾ। ਨਾਰੀ ਚੇਤਨਾ ਮੰਚ ਅੰਮ੍ਰਿਤਸਰ ਵੱਲੋਂ ਸਨਮਾਨਤ ਕੀਤਾ ਗਿਆ। ਮਾਣ ਵਾਲੀ ਗੱਲ ਇਹ ਹੈ ਕਿ ਦੇਸ਼ ਵਿਚ ਪਹਿਲੀ ਵਾਰੀ ਇੱਕ ਪਬਲਿਕ ਲਾਇਬ੍ਰੇਰੀਅਨ ਨੂੰ ਪ੍ਰਸਿੱਧ ਬਿੱਲ ਐਂਡ ਮੈਲਿੰਡਾਗੇਟਸ ਫਾਊਂਡੇਸ਼ਨ ਨੇ ਆਪਣੇ ਖਰਚੇ 'ਤੇ ਬੁਲਾਇਆ ਅਤੇ ਮੇਰੀ ਸੋਚ ਨੂੰ ਹੋਰਾਂ ਨਾਲ ਸਾਂਝਾ ਕਰਨ ਦਾ ਮੌਕਾ ਤੇ ਮਾਣ ਦਿੱਤਾ।

**ਮਲਵਿੰਦਰ:** **ਤੁਸੀਂ ਆਪ ਕਿੰਨਾ ਕੁ ਪੜ੍ਹਦੇ ਹੋ ?**

**ਪ੍ਰਭਜੋਤ ਸੰਧੂ:** ਮੈਂ ਹਰ ਰੋਜ਼ ਪੜ੍ਹਦੀ ਜ਼ਰੂਰ ਹਾਂ ਭਾਵੇਂ ਇੱਕ ਘੰਟਾ ਹੀ ਪੜ੍ਹਾਂ। ਇਕੋ ਵਾਰ ਕਈ ਵਾਰ ਦੋ ਕਿਤਾਬਾਂ ਪੜ੍ਹ ਰਹੀ ਹੁੰਦੀ ਹਾਂ, ਇੱਕ ਲਾਇਬ੍ਰੇਰੀ ਵਿਚ ਤੇ ਇੱਕ ਘਰ। ਇੱਕ ਫ਼ਰਕ ਪਿਆ ਹੈ। ਪਹਿਲਾਂ ਕਿਤਾਬ ਘੰਟਿਆਂ ਵਿਚ ਖ਼ਤਮ ਹੋ ਜਾਂਦੀ ਸੀ ਹੁਣ ਹਫਤੇ ਲੱਗਦੇ ਹਨ।

**ਮਲਵਿੰਦਰ:** **ਪੁਸਤਕ ਸਭਿਆਚਾਰ ਪੈਦਾ ਕਰਨ ਲਈ ਕਿਹੋ ਜਿਹੇ ਉਪਰਾਲਿਆਂ ਦੀ ਲੋੜ ਹੈ ?**

**ਪ੍ਰਭਜੋਤ ਸੰਧੂ:** ਮਲਵਿੰਦਰ ਜੀ, ਇਹ ਬਹੁਤ ਮਹੱਤਵਪੂਰਨ ਪ੍ਰਸ਼ਨ ਹੈ ਅਤੇ ਬਹੁਤ ਜ਼ਰੂਰੀ ਵੀ। ਕੇਰਲਾ ਦੀ ਸਾਖ਼ਰਤਾ ਦਰ ਸੌ ਫੀਸਦ ਹੋਣ ਪਿੱਛੇ ਕਾਰਨ ਪੁਸਤਕ ਸਭਿਆਚਾਰ ਹੀ ਹੈ। ਪੀ.ਐਨ. ਪਾਨੀਕਰ ਜੀ ਨੇ 1940 ਤੋਂ 1970 ਤਕ ਪੁਸਤਕ ਪੜ੍ਹਨ ਦੀ ਪੈਰਵੀ ਕੇਰਲਾ ਵਿਚ ਕੀਤੀ। ਉਸ ਦੇ ਯਤਨਾਂ ਸਦਕਾ ਅੱਜ ਕੇਰਲਾ ਵਿਚ ਸੱਤ ਹਜ਼ਾਰ ਪਬਲਿਕ ਲਾਇਬ੍ਰੇਰੀਆਂ ਹਨ। ਪੀ.ਐਨ. ਪਨੀਕਰ ਫਾਊਂਡੇਸ਼ਨ ਪੂਰਾ ਇੱਕ ਮਹੀਨਾ ਰੀਡਿੰਗ ਨੂੰ ਸਮਰਪਿਤ ਕਰਦਾ ਹੈ। ਇਨ੍ਹਾਂ ਲਾਇਬ੍ਰੇਰੀਆਂ ਵਿਚ ਰੀਡਿੰਗ ਨੂੰ ਪ੍ਰੋਤਸਾਹਿਤ ਕਰਨ ਲਈ ਕਈ ਗਤੀਵਿਧੀਆਂ ਕੀਤੀਆਂ ਜਾਂਦੀਆਂ ਹਨ। ਇਹ ਮਹੀਨਾ ਪਨੀਕਰ ਨੂੰ ਸਮਰਪਿਤ ਕੀਤਾ ਜਾਂਦਾ ਹੈ। ਪਿਛਲੇ ਸਾਲ ਪ੍ਰਧਾਨ ਮੰਤਰੀ ਨੇ 19 ਜੂਨ ਨੂੰ ਨੈਸ਼ਨਲ ਰੀਡਿੰਗ ਡੇ ਐਲਾਨਿਆਂ ਹੈ। ਇਸ ਤਹਿਤ 2022 ਤਕ ਤਿੰਨ ਸੌ ਮਿਲੀਅਨ ਲੋਕਾਂ ਨੂੰ ਰੀਡਿੰਗ ਨਾਲ ਜੋੜਨ ਦਾ ਟੀਚਾ

ਪੀ.ਐਨ. ਪਨੀਕਰ ਫਾਊਂਡੇਸ਼ਨ ਨਾਲ ਮਿਲ ਕੇ ਮਿੱਥਿਆ ਹੈ। ਇਸ ਸਾਲ ਨੈਸ਼ਨਲ ਆਰਗੇਨਾਈਜ਼ਿੰਗ ਕਮੇਟੀ ਦੀ ਮੀਟਿੰਗ ਵਿਚ ਸ਼ਾਮਲ ਹੋਣ ਲਈ ਮੈਨੂੰ ਵੀ ਸੱਦਾ ਮਿਲਿਆ ਸੀ। ਇਸ ਮਿਸ਼ਨ ਨੂੰ ਪੂਰਾ ਕਰਨ ਲਈ ਸਾਰਿਆਂ ਦਾ ਸਹਿਯੋਗ ਜ਼ਰੂਰੀ ਹੈ। ਅੱਜ ਪੰਜਾਬ ਨੂੰ ਪੁਸਤਕ ਸਭਿਆਚਾਰ ਦੀ ਸਭ ਤੋਂ ਵੱਧ ਲੋੜ ਹੈ। ਇਸ ਨਾਲ ਹੀ ਮਨੁੱਖੀ ਵਿਕਾਸ ਸੰਭਵ ਹੈ। ਇਸ ਨਾਲ ਪੰਜਾਬ ਨੂੰ ਕਈ ਸਮਾਜਿਕ ਮਸਲਿਆਂ ਤੋਂ ਛੁਟਰਾਰਾ ਮਿਲ ਜਾਵੇਗਾ।

**ਮਲਵਿੰਦਰ: ਪਬਲਿਕ ਲਾਇਬ੍ਰੇਰੀਆਂ ਪ੍ਰਤੀ ਸਰਕਾਰਾਂ ਦਾ ਰਵੱਈਆ ਕਿਹੋ ਜਿਹਾ ਹੈ?**

**ਪ੍ਰਭਜੋਤ ਸੰਧੂ:** ਪਬਲਿਕ ਲਾਇਬ੍ਰੇਰੀ ਇੱਕ ਸਮਾਜਿਕ ਸੰਸਥਾ ਹੈ ਜੋ ਕਿ ਲੋਕ ਭਲਾਈ ਕਰਦੀ ਹੈ। ਲਾਜ਼ਮੀਂ ਹੈ ਅਜਿਹੀ ਸੰਸਥਾ ਲਈ ਵਿੱਤੀ ਸਰਮਾਇਆ ਵੀ ਲੱਗੇਗਾ ਤੇ ਹੋਰ ਸਾਧਨਾਂ ਦੀ ਵਰਤੋਂ ਵੀ ਹੋਵੇਗੀ। ਪਰ ਇਹ ਸੰਸਥਾ ਆਪਣੇ ਪੈਰਾਂ 'ਤੇ ਵੀ ਚੱਲ ਸਕਦੀ ਹੈ। ਇਸ ਲਈ ਵਿਯਨ ਹੈ। ਇਸ ਨੂੰ ਲਾਗੂ ਕਰਨ ਦੀ ਲੋੜ ਹੈ। ਇਹ ਤਾਂ ਹੀ ਸੰਭਵ ਹੈ ਜੇਕਰ ਲੋਕ ਇਸ ਦੀ ਅਹਿਮੀਅਤ ਨੂੰ ਸਮਝਣਗੇ। ਇਸ ਦੀ ਜ਼ਿੰਮੇਵਾਰੀ ਸਿਰਫ ਸਰਕਾਰ ਉੱਤੇ ਨਹੀਂ ਛੱਡੀ ਜਾ ਸਕਦੀ। ਪੁਣੇ ਮਰਾਠੀ ਗ੍ਰੰਥਾਲਏ ਪੂਣੇ ਵਿਚ ਪਿਛਲੇ ਸੱਤ ਦਹਾਕਿਆਂ ਤੋਂ ਐਨ.ਜੀ.ਓ. ਦੀ ਮਦਦ ਨਾਲ ਚੱਲ ਰਿਹਾ ਹੈ। ਇਹ ਲੋਕਾਂ ਦੀ ਪਹਿਲੀ ਪਸੰਦ ਹੈ। ਪੰਜਾਬ ਵਿਚ ਪਬਲਿਕ ਲਾਇਬ੍ਰੇਰੀਆਂ ਨੂੰ ਸਹੀ ਤਰੀਕੇ ਨਾਲ ਚਲਾਉਣ ਲਈ ਪੰਜਾਬ ਵਿਧਾਨਕ ਕਨੂੰਨ ਅਤੇ ਲੋਕਾਂ ਦੇ ਸਹਿਯੋਗ ਦੀ ਸਖ਼ਤ ਜ਼ਰੂਰਤ ਹੈ।

**ਮਲਵਿੰਦਰ:** ਇਹ ਲਾਇਬ੍ਰੇਰੀ ਕਾਮਰੇਡ ਸੋਹਣ ਸਿੰਘ ਜੋਸ਼ ਦੇ ਨਾਂ ਉਪਰ ਹੈ। ਇਸ ਵਿਚ ਕਾਮਰੇਡ ਹੋਰਾਂ ਬਾਰੇ ਜਾਂ ਉਹਨਾਂ ਦੁਆਰਾ ਲਿਖੀ ਕੋਈ ਕਿਤਾਬ ਵੀ ਹੈ? ਉਨ੍ਹਾਂ ਦੇ ਪਰਿਵਾਰ ਦਾ ਲਾਇਬ੍ਰੇਰੀ ਨੂੰ ਕੋਈ ਸਹਿਯੋਗ ਮਿਲਦਾ ਹੋਵੇ।

**ਪ੍ਰਭਜੋਤ ਸੰਧੂ:** ਸਾਡੇ ਕੋਲ ਲਾਇਬ੍ਰੇਰੀ ਵਿਚ ਚਾਰ ਕਿਤਾਬਾਂ ਹਨ। ਇੱਕ ਗੁਰਬਚਨ ਸਿੰਘ ਭੁੱਲਰ ਹੋਰਾਂ ਦੀ ਲਿਖੀ ਹੋਈ, ਇੱਕ ਹਿੰਮਤ ਸਿੰਘ ਸੋਢੀ ਹੋਰਾਂ ਦੀ ਲਿਖੀ ਜੀਵਨੀ। ਦੋ ਕਿਤਾਬਾਂ 'ਬਲਦੇ ਬੁਝਦੇ ਅੱਖਰ' ਅਤੇ 'ਅਕਾਲੀ ਮੋਰਚਿਆਂ ਦਾ ਇਤਿਹਾਸ' ਸੋਹਣ ਸਿੰਘ ਜੋਸ਼ ਹੋਰਾਂ ਦੀਆਂ ਲਿਖੀਆਂ ਕਿਤਾਬਾਂ ਹਨ। ਪਰਿਵਾਰ ਦਾ ਕੋਈ ਖ਼ਾਸ ਸਹਿਯੋਗ ਨਹੀਂ ਹੈ। ਬੱਸ ਲੇਖਕਾਂ ਅਤੇ ਪਾਠਕਾਂ ਤੋਂ ਆਸ ਹੈ ਕਿ ਉਹ ਇਸ ਦੀ

ਅਹਿਮੀਅਤ ਨੂੰ ਸਮਝਣਗੇ। ਮੈਂ ਇਸ ਲਾਇਬ੍ਰੇਰੀ ਨੂੰ ਸਮਰਪਤ ਹਾਂ ਅਤੇ ਆਪਣੀ ਸਮਰੱਥਾ ਅਨੁਸਾਰ ਜੋ ਵੀ ਕਰ ਸਕਦੀ ਹੋਈ ਕਰਾਂਗੀ। ਤੁਹਾਡੇ ਵਰਗੇ ਪੁਸਤਕ ਪ੍ਰੇਮੀਆਂ ਦਾ ਸਹਿਯੋਗ ਮੇਰਾ ਹੌਸਲਾ ਵਧਾਉਂਦਾ ਹੈ।

*ਸੰਪਰਕ– 98151-61491*

❑❑❑

# 'ਮੱਕੀ ਦਾ ਗੀਤ' ਵਾਲੇ ਗੁਰਦੇਵ ਚੌਹਾਨ ਦਾ ਕਲਮੀ ਗੁਲਾਬ

ਗੁਰਦੇਵ ਚੌਹਾਨ ਪਹਿਲੀ ਵਾਰ ਮੈਨੂੰ ਕੈਨੇਡਾ ਦੇ ਸ਼ਹਿਰ ਬਰੈਂਪਟਨ ਵਿਚ ਮਿਲਿਆ ਤੇ ਦੋਸਤ ਹੋ ਗਿਆ। ਇੱਕ ਸਾਹਿਤਕ ਸਮਾਗਮ ਦੌਰਾਨ ਮੈਂ ਪੰਜਾਬੀ ਯੂਨੀਵਰਸਿਟੀ ਪਟਿਆਲੇ ਤੋਂ ਆਏ ਵਿਦਵਾਨ ਡਾ. ਕੁਲਦੀਪ ਸਿੰਘ ਨਾਲ਼ ਚੌਹਾਨ ਦੀ ਜਾਣ-ਪਛਾਣ ਕਰਵਾਉਣ ਲੱਗਾ ਤਾਂ ਉਸ ਕਿਹਾ, "ਇਹਨਾਂ ਨੂੰ ਕੌਣ ਨਹੀਂ ਜਾਣਦਾ ਮੱਕੀ ਦਾ ਗੀਤ ਵਾਲਾ ਗੁਰਦੇਵ ਚੌਹਾਨ। " ਮੈਨੂੰ ਸਮਝ ਆ ਗਿਆ ਕਿ ਗੁਰਦੇਵ ਚੌਹਾਨ ਕਿਸੇ ਜਾਣ-ਪਛਾਣ ਦਾ ਮੁਥਾਜ ਨਹੀਂ। ਮੇਰਾ ਤਾਂ ਬਿਲਕੁਲ ਨਹੀਂ। ਗੁਰਦੇਵ ਚੌਹਾਨ ਮੁਢਲੇ ਤੌਰ 'ਤੇ ਕਵੀ ਹੈ। ਪਿਛਲੇ ਛੇ ਦਹਾਕਿਆਂ ਤੋਂ ਨਿਰੰਤਰ ਕਵਿਤਾ ਲਿਖ ਰਿਹਾ ਕਵੀ। ਉਸ ਦੇ ਛੇ ਕਾਵਿ-ਸੰਗ੍ਰਹਿ ਛਪ ਚੁੱਕੇ ਹਨ ਤੇ ਕਲਮੀ ਗੁਲਾਬ ਵਾਰਤਕ ਦੀ ਉਸ ਦੀ ਚੌਥੀ ਪੁਸਤਕ ਹੈ। ਇਸ ਪੁਸਤਕ ਵਿਚਲੀ ਵਾਰਤਕ ਨੂੰ ਉਸ ਚੋਣਵੀਂ ਵਾਰਤਕ ਕਿਹਾ ਹੈ। ਚੋਣਵੀਂ ਤੋਂ ਉਸ ਦਾ ਭਾਵ ਅਜਿਹੀ ਵਾਰਤਕ ਹੈ ਜੋ ਉਸ ਦੀ ਸੋਚ ਦਾ ਵੱਧ ਪੱਖ ਪੂਰਦੀ ਹੈ। ਉਹ ਜੀਵਨ ਦੇ ਅਜਿਹੇ ਵੇਰਵਿਆਂ ਨੂੰ ਲਿਖਦਾ ਹੈ ਜੋ ਪੰਜ ਛੇ ਦਹਾਕੇ ਪਹਿਲਾਂ ਵਾਪਰੇ ਹੋਣ ਦੇ ਬਾਵਜੂਦ ਉਸ ਦੇ ਲਿਖਣ ਛਿਣ ਵੇਲ਼ੇ ਤਾਲੂਏ ਕੋਲ਼ ਵਿਚਰਦੇ ਸ਼ਬਦਾਂ ਦੀ ਲਰਜ਼ ਵਾਂਗ ਬੀਤੇ ਕੱਲ੍ਹ ਜਿੰਨੇ ਨੇੜੇ ਹੋਣ। ਅਸੀਂ ਆਪਣੇ ਜੀਵਨ 'ਤੇ ਜਿੰਨੀ ਕੁ ਪਿਛਲ ਝਾਤ ਮਾਰ ਸਕਦੇ ਹਾਂ, ਜਿੰਨਾ ਕੁ ਸਾਡੇ ਚੇਤਿਆਂ 'ਚ ਸਾਂਭਿਆ ਹੈ, ਉਹ ਸਾਡਾ ਸਰਮਾਇਆ ਹੈ। ਇਸ ਸਰਮਾਏ ਦਾ ਇੱਕ ਲੇਖਕ ਹੀ ਸ਼ਬਦੀ ਰੂਪਾਂਤਰਨ ਕਰ ਸਕਦਾ ਹੈ। ਇਹੋ ਸਾਰਥਕ ਕਾਰਜ ਗੁਰਦੇਵ ਚੌਹਾਨ ਨੇ ਆਪਣੀ ਇਸ ਪੁਸਤਕ ਵਿਚ ਕੀਤਾ ਹੈ।

ਇਸ ਪੁਸਤਕ ਦੇ ਪਹਿਲੇ ਹਿੱਸੇ ਵਿਚ ਪੰਜਾਬੀ ਲੇਖਕਾਂ ਦੇ ਰੇਖਾ ਚਿੱਤਰ ਹਨ। ਇਹ ਲੇਖਕ ਪੰਜਾਬੀ ਸਾਹਿਤ ਦੇ ਵੱਡੇ ਨਾਂ ਹਨ। ਇਹਨਾਂ ਲੇਖਕਾਂ ਨਾਲ਼ ਚੌਹਾਨ ਦੀ ਨੇੜਤਾ ਅਤੇ ਦੋਸਤੀ ਨੇ ਹੀ ਉਸ ਕੋਲ਼ੋਂ ਇਹ ਭਾਵਪੂਰਤ ਨਿਬੰਧ ਲਿਖਵਾਏ ਹਨ। ਅੰਮ੍ਰਿਤਾ ਪ੍ਰੀਤਮ ਬਾਰੇ ਲਿਖਦਿਆਂ ਇਮਰੋਜ਼ ਦਾ ਜ਼ਿਕਰ ਤਾਂ ਹੋਣਾ ਹੀ ਸੀ, ਅੰਮ੍ਰਿਤਾ ਦੇ ਕਾਵਿਕ ਵਿਸਥਾਰ ਨਾਲ ਜੁੜੇ ਕੁਝ ਹੋਰ ਨਾਂ ਵੀ ਬਦੋਬਦੀ ਸ਼ਾਮਲ ਹੋ ਜਾਂਦੇ ਹਨ। ਹਰ ਲੇਖਕ ਬਾਰੇ ਲਿਖਦਿਆਂ ਉਸ ਦਾ ਥੋੜ੍ਹਾ ਕੁ ਨਿੱਜ ਤੇ ਬਹੁਤਾ ਸਾਹਿਤਕ ਹਿਤ ਪੜ੍ਹਨ ਨੂੰ ਮਿਲਦਾ ਹੈ। ਅੰਮ੍ਰਿਤਾ ਬਾਰੇ ਉਹ ਲਿਖਦਾ ਹੈ ਕਿ ਅੰਮ੍ਰਿਤਾ ਦਾ ਘਰ ਸਾਹਿਤ ਅਤੇ ਨਵੀਂ ਜੀਵਨ ਸ਼ੈਲੀ ਦਾ ਅੱਡਾ ਬਣ ਗਿਆ ਸੀ। ਤੇ ਹੋਰ ਕਿ ਅੰਮ੍ਰਿਤਾ

ਦਾ ਘਰ ਬਹੁਤ ਸਾਰੇ ਖ਼ੂਬਸੂਰਤ ਮੋੜਾਂ, ਸਬੱਬਾਂ ਅਤੇ ਮੌਕਾ-ਮੇਲਾਂ ਦਾ ਘਰ ਬਣ ਜਾਣ ਦੀ ਤੌਫ਼ੀਕ ਰੱਖਦਾ ਹੈ (ਸੀ)। ਅੰਮ੍ਰਿਤਾ ਨਾਲ਼, ਨਾਗਮਣੀ ਨਾਲ਼, ਨਾਗਮਣੀ ਵਿਚ ਛਪਦੇ ਕਾਲਮਾਂ ਦੇ ਚੇਤਿਆਂ ਨਾਲ ਅਤੇ ਇਸ ਸਾਰੇ ਵਿਚ ਚੌਹਾਨ ਦੀ ਭੂਮਿਕਾ ਬਾਰੇ ਪੜ੍ਹਦਿਆਂ ਇੱਕ ਯੁੱਗ ਸਾਕਾਰ ਹੋ ਜਾਂਦਾ ਹੈ। ਡਾ. ਹਰਿਭਜਨ ਸਿੰਘ ਦੀ ਗੱਲ ਉਸ ਦੀ ਕਵਿਤਾ ਦੇ ਹਵਾਲੇ ਨਾਲ਼ ਹੋਈ ਹੈ। ਇੰਝ ਹੀ ਨਵਤੇਜ ਭਾਰਤੀ, ਅਮਰਜੀਤ ਚੰਦਨ ਅਤੇ ਅਜਮੇਰ ਰੋਡੇ ਦਾ ਸ਼ਬਦ ਚਿੱਤਰਣ ਉਹਨਾਂ ਦੀ ਸਿਰਜਣਾ ਵਿਚੋਂ ਸਾਕਾਰ ਹੁੰਦੇ ਹਨ। ਹਰ ਲੇਖਕ ਦਾ ਵਿਅਕਤਿਤਵ ਉਸ ਦੀ ਸਿਰਜਣਾ ਵਿਚ ਪਿਆ ਹੁੰਦਾ ਹੈ। ਸਿਰਜਣਾ ਤੋਂ ਬਾਹਰ ਪਿਆ ਲੇਖਕ ਆਮ ਮਨੁੱਖ ਹੁੰਦਾ ਹੈ। ਉਸ ਮਨੁੱਖ ਦਾ ਸੁਭਾਅ, ਆਦਤਾਂ, ਕਮਜ਼ੋਰੀਆਂ ਅਤੇ ਅਮਾਨਵੀ ਕਿਰਦਾਰ ਨੂੰ ਸ਼ਬਦ ਚਿੱਤਰ ਦਾ ਹਿੱਸਾ ਬਣਾਉਣਾ ਸ਼ੋਭਦਾ ਨਹੀਂ। ਇਸ ਗੱਲ ਦਾ ਧਿਆਨ ਗੁਰਦੇਵ ਚੌਹਾਨ ਨੇ ਸੁਚੇਤ ਤੌਰ 'ਤੇ ਰੱਖਿਆ ਹੈ। ਡਾ. ਹਰਿਭਜਨ ਸਿੰਘ ਨੂੰ ਇੱਕ ਵਾਕ ਵਿਚ ਪਰਿਭਾਸ਼ਿਤ ਕਰਦਿਆਂ ਲਿਖਿਆ ਹੈ ਕਿ ਉਹ ਨਿਰਾ ਆਪਣੀ ਕਵਿਤਾ ਨਾਲ਼ ਹੀ ਨਹੀਂ ਸਗੋਂ ਇਸ ਦੇ ਨਾਲ਼ ਹੀ ਆਪਣੀ ਹੱਦ ਦਰਜੇ ਦੀ ਚਿੰਤਕੀ ਅਤੇ ਉਤਨੀ ਹੀ ਰੌਚਕ ਅਤੇ ਸ਼ਿੱਦਤ ਭਰੀ ਵਾਰਤਕ ਨਾਲ਼ ਵੀ ਪੂਰੀ ਸ਼ਿੱਦਤ ਨਾਲ਼ ਬੱਝਾ ਰਿਹਾ ਹੈ। ਭੂਸ਼ਨ ਧਿਆਨਪੁਰੀ ਨਾਲ਼ ਕਿਉਂਕਿ ਗੁਰਦੇਵ ਦਾ ਲੰਮਾ ਸਮਾਂ ਨੇੜ ਰਿਹਾ ਹੈ, ਇਸ ਲਈ ਉਸ ਦੀ ਸਿਰਜਣਾ ਦੇ ਨਾਲ਼ ਬਹੁਤ ਸਾਰੀਆਂ ਨਿੱਜ ਮੂਲਕ ਗੱਲਾਂ ਵੀ ਸ਼ਾਮਲ ਹੋ ਗਈਆਂ ਹਨ। ਇਹ ਨਿੱਜ ਭੂਸ਼ਨ ਦੇ ਵਿਅਕਤਿਤਵ ਨੂੰ ਦਿਲਚਸਪ ਵਿਸਥਾਰ ਦਿੰਦਾ ਹੈ। ਨਵਤੇਜ ਭਾਰਤੀ ਬਹੁਤਾ ਲੀਲ੍ਹਾ ਦੇ ਪਾਠ ਦੀ ਰੀਵਿਊਕਾਰੀ ਵਿਚੋਂ ਸਾਕਾਰ ਹੋਇਆ ਹੈ। ਹਾਂ ਨਵਤੇਜ ਭਾਰਤੀ ਬਾਰੇ ਪੜ੍ਹਦਿਆਂ ਕਵਿਤਾ ਦੀਆਂ ਮਹੀਨ ਤੰਦਾਂ ਦੀ ਸਮਝ ਪੈਂਦੀ ਹੈ। ਅਮਰਜੀਤ ਚੰਦਨ ਕਿਉਂਕਿ ਗੁੰਝਲਦਾਰ ਕਰੈਕਟਰ ਹੈ, ਇਸ ਲਈ ਉਸ ਬਾਰੇ ਲਿਖਦਿਆਂ ਉਸ ਦੀ ਸਿਰਜਣਾ ਤੋਂ ਪਾਰ ਜਾ ਕੇ ਵੀ ਬਹੁਤ ਸਾਰੇ ਸਵਾਲ ਪਿੱਛੇ ਰਹਿ ਜਾਂਦੇ ਹਨ। ਸ਼ਾਇਦ ਇਸੇ ਲਈ ਚੌਹਾਨ ਨੂੰ ਅਖੀਰ ਵਿਚ ਚੰਦਨ ਨਾਲ਼ ਸੰਵਾਦ ਰਚਾਉਣਾ ਪੈਂਦਾ ਹੈ। ਇਸ ਸੰਵਾਦ ਦੇ ਸਵਾਲ ਤਿੱਖੇ ਵੀ ਹਨ ਅਤੇ ਜਗਿਆਸਾ ਦੇ ਅਨੁਕੂਲ ਵੀ। ਅਜਮੇਰ ਰੋਡੇ ਦੀ ਸ਼ਬਦ ਯਾਤਰਾ ਕਰਦਿਆਂ ਗੁਰਦੇਵ ਨੇ ਰੋਡੇ ਬਾਰੇ ਬੜੀਆਂ ਗਹਿਰੀਆਂ ਗੱਲਾਂ ਕੀਤੀਆਂ ਹਨ। ਰੋਡੇ ਨਾਲ਼ ਚੌਹਾਨ ਦੀਆਂ ਮੁਲਾਕਾਤਾਂ ਵਿਚ ਹਰ ਵਾਰ ਕਵਿਤਾ ਵੀ ਸ਼ਾਮਲ ਹੁੰਦੀ ਰਹੀ ਹੈ। ਲਿਖਿਆ ਹੈ ਕਿ ਉਹ ਨਜ਼ਮ ਰਚਦਾ ਨਹੀਂ ਚੀਜ਼ਾਂ ਵਿਚੋਂ ਕੱਢਦਾ ਹੈ। ਤੇ ਹੋਰ ਕਿ ਅਜਮੇਰ ਰੋਡੇ ਕਾਵਿਕ ਸਥਿਤੀਆਂ ਦਾ ਜਾਦੂਗਰ ਹੈ। ਲਾਲੀ ਬਾਬੇ ਦਾ ਜ਼ਿਕਰ ਹਰ ਵਾਰ ਭੂਤਵਾੜੇ ਦੇ ਹਵਾਲੇ ਨਾਲ਼ ਪੜ੍ਹਨ ਨੂੰ ਮਿਲਦਾ ਹੈ। ਇਸ ਪੁਸਤਕ ਵਿਚ ਵੀ ਭੂਤਵਾੜਾ ਹੀ ਲਾਲੀ ਦੀ ਗੱਲ ਅਗਾਂਹ ਤੋਰਦਾ ਹੈ। ਲਾਲੀ ਬਾਬੇ ਬਾਰੇ ਇਹ ਟਿੱਪਣੀ ਬੜੀ ਸਾਰਥਕ ਹੈ ਕਿ ਲਾਲੀ ਮੌਖਿਕ ਪਰੰਪਰਾ ਦਾ ਆਖਰੀ ਚਿਰਾਗ ਸੀ। ਉਹ

ਪੰਜਾਬ ਦੇ ਅਤੇ ਪੰਜਾਬੀ ਦੇ ਹੀ ਨਹੀਂ ਸਾਰੇ ਪੱਛਮੀ ਅਤੇ ਪੂਰਬੀ ਸਾਹਿਤ ਅਤੇ ਲੋਕਧਾਰਾ ਦੇ ਸ਼ਹਿਰਯਾਦ ਸਨ। ਸੁਰਜਨ ਜ਼ੀਰਵੀ ਨੂੰ ਚੌਹਾਨ ਨੇ ਇੱਕੀਵੀਂ ਸਦੀ ਦਾ ਸ਼ਾਹਸਵਾਰ ਲਿਖਿਆ ਹੈ। ਸੁਰਜਨ ਜ਼ੀਰਵੀ ਵੱਡੇ ਕੱਦ ਵਾਲਾ ਪੱਤਰਕਾਰ ਤੇ ਲੇਖਕ ਸੀ। ਜ਼ੀਰਵੀ ਦੀ ਕਿਤਾਬ 'ਇਹ ਹੈ ਬਾਰਬੀ ਸੰਸਾਰ' ਦਾ ਜ਼ਿਕਰ ਅੱਜ ਵੀ ਹੁੰਦਾ ਹੈ। ਸੁਰਜਨ ਜ਼ੀਰਵੀ ਬਾਰੇ ਲਿਖਦਿਆਂ ਗੁਰਦੇਵ ਚੌਹਾਨ ਨੇ ਸਭ ਤੋਂ ਵੱਧ ਇਸ ਪੁਸਤਕ ਵਿਚ ਸ਼ਾਮਲ ਲੇਖਾਂ ਦੇ ਹਵਾਲੇ ਨਾਲ਼ ਹੀ ਗੱਲ ਕੀਤੀ ਹੈ। ਬਰੈਂਪਟਨ ਦੇ ਚੇਤਿਆਂ ਵਿਚ ਸੁਰਜਨ ਜ਼ੀਰਵੀ ਅੱਜ ਵੀ ਤਾਜ਼ੀਆਂ ਪ੍ਰਾਪਤੀਆਂ ਵਾਂਗ ਪਿਆ ਹੈ।

ਗੁਰਬਚਨ ਦੀ ਆਲੋਚਨਾ ਅਤੇ ਵਾਰਤਕੀ ਸ਼ੈਲੀ ਜਿਸ ਸਿਖ਼ਰ ਨੂੰ ਛੋਂਹਦੀ ਹੈ, ਉਸ ਦੀ ਗੱਲ ਕਰਨ ਲੱਗਿਆਂ ਤੁਹਾਡੇ ਅੰਦਰ ਪਏ ਸ਼ਬਦਕੋਸ਼ ਦੇ ਸ਼ਬਦ ਵੀ ਕੰਬ ਜਾਂਦੇ ਹਨ। ਗੁਰਦੇਵ ਚੌਹਾਨ ਨੇ ਜੇਕਰ ਗੁਰਬਚਨ ਬਾਰੇ ਲਿਖਣ ਦਾ ਹੀਆ ਕੀਤਾ ਹੈ ਤਾਂ ਉਸ ਲਈ ਇੱਕ ਨਵਾਂ ਸ਼ਬਦਕੋਸ਼, ਨਵੀਂ ਭਾਸ਼ਾ ਵੀ ਸਿਰਜੀ ਹੈ। ਗੁਰਬਚਨ ਦਾ ਰੇਖਾ ਚਿੱਤਰ 'ਪੰਜਾਬੀ ਸਾਹਿਤ ਦਾ ਸਕੰਦਰੀ ਪ੍ਰਵਚਨ' ਤਹੱਮਲ ਨਾਲ਼ ਪੜ੍ਹਨਾ ਪੈਂਦਾ ਹੈ। ਗੁਰਦੇਵ ਚੌਹਾਨ ਜੇਕਰ ਗੁਰਬਚਨ ਦੀ ਸ਼ੈਲੀ ਨੂੰ ਉਲੰਘਦਾ ਨਹੀਂ ਤਾਂ ਨਵੀਆਂ ਪੈੜਾਂ ਦੇ ਨਕਸ਼ਾਂ 'ਚ ਗੁਰਬਚਨ ਨੂੰ ਸਮੇਟਣ ਦਾ ਮਾਣਮੱਤਾ ਸਾਹਿਤਕ ਕਾਰਜ ਜ਼ਰੂਰ ਕਰਦਾ ਹੈ।

ਇਥੇ ਕੈਨੇਡਾ ਦੇ ਸ਼ਹਿਰ ਬਰੈਂਪਟਨ ਵਿਚ ਰਹਿੰਦਿਆਂ ਡਾ. ਨਾਹਰ ਸਿੰਘ, ਸੁਖਪਾਲ, ਜਸਵੰਤ ਆਰਟਿਸਟ ਤੇ ਬਲਰਾਜ ਚੀਮਾ ਚੌਹਾਨ ਦੇ ਨੇੜਲੇ ਮਿੱਤਰਾਂ ਵਿਚੋਂ ਹਨ। ਇਸ ਲਈ ਇਹਨਾਂ ਬਾਰੇ ਲਿਖਦਿਆਂ ਗੁਰਦੇਵ ਚੌਹਾਨ ਨੂੰ ਕੋਈ ਉਚੇਚ ਨਹੀਂ ਕਰਨਾ ਪਿਆ। ਡਾ. ਨਾਹਰ ਸਿੰਘ ਦੀ ਪੁਸਤਕ 'ਪੰਜਾਬੀਆਂ ਦਾ ਮੌਤ ਦਰਸ਼ਨ' ਅਤੇ ਸੁਖਪਾਲ ਦੀ ਪੁਸਤਕ 'ਚੁੱਪ ਚੁਪੀਤੇ ਚੇਤਰ ਚੜ੍ਹਿਆ' ਨੇ ਇਹ ਕੰਮ ਹੋਰ ਵੀ ਆਸਾਨ ਕਰ ਦਿੱਤਾ ਹੈ। ਜਸਵੰਤ ਦੇ ਆਰਟ ਦਾ ਉਹ ਪ੍ਰਸੰਸਕ ਹੈ। ਬਲਰਾਜ ਚੀਮੇ ਨਾਲ਼ ਉਸ ਦੀ ਸਾਂਝ ਚੁਬਾਰੇ ਵਿਚ ਪਈ ਪੌਣੀ ਬੋਤਲ ਵਰਗੀ ਹੈ। ਜਸਪਾਲ ਨਾਲ਼ ਉਸ ਦੀ ਮਿੱਤਰਤਾ ਜ਼ਿੰਦਗੀ ਵਿਚ ਵਾਪਰੀਆਂ ਸਾਹਿਤਕ ਘਟਨਾਵਾਂ ਵਰਗੀ ਹੈ। ਰਾਮ ਸਰੂਪ ਅਣਖੀ ਦੇ ਚਰਚਿਤ ਨਾਵਲ 'ਕੋਠੇ ਖੜਕ ਸਿੰਘ' ਨੇ ਚੌਹਾਨ ਕੋਲ਼ੋਂ ਅਣਖੀ ਦਾ ਸ਼ਬਦ ਚਿੱਤਰ ਲਿਖਵਾ ਦਿੱਤਾ। ਇਸ ਸ਼ਬਦ ਚਿੱਤਰ ਵਿਚ ਨਾਵਲ ਦੀ ਵਿਸਥਾਰਤ ਸਮੀਖਿਆ ਹੈ। ਇਸ ਸਮੀਖਿਆ ਨੂੰ ਪੜ੍ਹਦਿਆਂ ਚੌਹਾਨ ਦੀ ਨਾਵਲ ਨੂੰ ਜਾਚਣ, ਪਰਖਣ ਦੀ ਸੂਝ ਪਤਾ ਲੱਗਦੀ ਹੈ।

ਗੁਰਦੇਵ ਚੌਹਾਨ ਜਿਸ ਬਾਰੇ ਵੀ ਲਿਖਦਾ ਉਸ ਦੀਆਂ ਉਹ ਪਰਤਾਂ ਵੀ ਖੋਲ੍ਹ ਦਿੰਦਾ ਹੈ ਜਿਹੜੀਆਂ ਉਸ ਨੂੰ ਲਿਖਣ ਛਿਣ ਵੇਲੇ ਕਿਸੇ ਕਰਿਸ਼ਮੇ ਵਾਂਗ ਫੁਰੀਆਂ ਹੁੰਦੀਆਂ। ਅਜਿਹੇ ਫੁਰਨੇ ਉਸ ਦੀ ਵਾਰਤਕ ਨੂੰ ਤਲਿੱਸਮ ਨਾਲ਼ ਭਰ ਦਿੰਦੇ ਹਨ। ਅਗਲੇ ਵਾਕ ਦੀ ਬਣਤਰ ਕੀ ਹੋਵੇਗੀ ? ਇਹ ਸਵਾਲ ਪਾਠਕ ਅੰਦਰ ਜਗਿਆਸਾ

ਪੈਦਾ ਕਰ ਦਿੰਦਾ ਹੈ। ਪਾਠਕ ਦੀ ਜਗਿਆਸਾ ਲੇਖਕ ਦੀ ਵਡੱਤਣ ਹੁੰਦੀ ਹੈ। ਲੇਖਕ ਨੂੰ ਭੀੜ ਨਾਲੋਂ ਵੱਖ ਕਰਦੀ ਹੈ। ਉਸ ਦੀ ਵਾਰਤਕ ਵਿਚਲਾ ਵਿਅੰਗ ਸੂਖ਼ਮ ਹੁੰਦਾ, ਵਗਦੇ ਪਾਣੀਆਂ ਦੇ ਸੰਗੀਤ ਵਰਗਾ ਜੋ ਪਾਠਕ ਦੀ ਰੂਹ 'ਚ ਕੁਤਕੁਤਾੜੀਆਂ ਕੱਢਦਾ। ਚੌਹਾਨ ਦੀ ਵਾਰਤਕ ਪਾਠਕ ਨਾਲ਼ ਸਾਹਿਤਕ ਸੰਵਾਦ ਛੇੜਦੀ ਹੈ। ਗਵਾਹੀ ਵਜੋਂ ਉਸ ਦਾ ਆਪਣੇ ਬਾਪ ਬਾਰੇ ਲਿਖਿਆ ਰੇਖਾ ਚਿੱਤਰ ਮੇਰਾ ਪਿਓ ਉਰਫ਼ ਮੇਰਾ ਚਾਚਾ ਪੜ੍ਹ ਸਕਦੇ ਹਾਂ। ਇਸ ਲਿਖਤ ਦੀ ਭਾਸ਼ਾ ਰਹੱਸਮਈ ਹੈ ਤੇ ਵਿਚਾਰ ਦਾਰਸ਼ਨਿਕ। ਇਸ ਵਿਚ ਇੱਕ ਪਰੰਪਰਾ, ਇੱਕ ਉਮਰ, ਇੱਕ ਪਰਿਵਾਰ ਅਤੇ ਸਮਾਜ ਦੀ ਜਟਿਲ ਬਣਤਰ ਦਾ ਉੱਲੇਖ ਹੈ। ਪਿਓ ਬਾਰੇ ਲਿਖੇ ਇਸ ਲੇਖ ਵਿਚ ਮਾਂ ਬਾਰੇ ਵੀ ਬਹੁਤ ਕੁਝ ਤੁਹਾਡੀਆਂ ਸੰਵੇਦਨਾਵਾਂ ਨੂੰ ਝੰਜੋੜਦਾ ਪੜ੍ਹਨ ਨੂੰ ਮਿਲਦਾ ਹੈ। ਇਹ ਆਰਟੀਕਲ ਬੇਹਤਰੀਨ ਵਾਰਤਕ ਦਾ ਨਮੂਨਾ ਹੈ। ਇਹ ਸ਼ਬਦ ਚਿੱਤਰ ਚੌਹਾਨ ਦੇ ਅੰਦਰ ਪਏ ਪਿਓ, ਮਾਂ ਤੇ ਹੋਰ ਰਿਸ਼ਤਿਆਂ ਦਾ ਸੂਖ਼ਮ ਬਿਰਤਾਂਤ ਹੈ। ਅਰੁੰਧਤੀ ਰੌਏ ਦੀ ਸ਼ਖ਼ਸੀਅਤ ਦਾ ਮਿਆਰ 'ਅੱਗ ਦੀ ਪੁਤਲੀ' ਵਿਚ ਸਾਕਾਰ ਹੋਇਆ ਹੈ। 'ਪੰਜਾਬੀ ਸਾਹਿਤ ਦੀ ਖੜੋਤ ਨਾਲ਼ ਚਲਦਿਆਂ' ਇੱਕ ਹੋਰ ਦਿਲਚਸਪ ਅਤੇ ਭਾਵਪੂਰਤ ਨਿਬੰਧ ਹੈ ਜਿਸ ਵਿਚ ਕੁਝ ਵਿਦਵਾਨ ਦੋਸਤ ਝੀਲ ਦੇ ਕੰਢੇ ਤੁਰਦਿਆਂ ਸਾਹਿਤ ਦੀ ਚੀਰ-ਫਾੜ ਕਰਦੇ ਹਨ। ਦੋ ਲੇਖ ਹਾਇਕੂ ਬਾਰੇ ਹਨ। ਹਾਇਕੂ ਜਪਾਨੀ ਕਾਵਿ-ਵਿਧਾ ਹੈ ਜਿਸ ਨੂੰ ਹੁਣ ਦੁਨੀਆਂ ਦੀਆਂ ਬਹੁਤ ਸਾਰੀਆਂ ਭਾਸ਼ਾਵਾਂ ਨੇ ਅਪਣਾ ਲਿਆ ਹੈ। ਪਰ ਗੁਰਦੇਵ ਚੌਹਾਨ ਨੂੰ ਹਾਇਕੂ ਬਾਰੇ ਕਿਉਂ ਲਿਖਣਾ ਪੈ ਗਿਆ, ਸਮਝ ਨਹੀਂ ਆਈ। ਹਾਂ ਉਮਰ ਦੇ ਨਾਲ਼ ਤੁਹਾਡੇ ਅਨੁਭਵ ਤਬਦੀਲ ਹੁੰਦੇ ਹਨ ਅਤੇ ਇਸ ਦੀ ਗੱਲ ਕਰਨੀ ਵੀ ਬਣਦੀ ਹੈ। ਤਬਦੀਲੀ ਕੁਦਰਤ ਦਾ ਨੇਮ ਹੈ ਅਤੇ ਇਸ ਨੇਮ ਦਾ ਕਾਵਿਕ ਵਰਣਨ 'ਸੱਠ ਸਾਲ ਬਾਅਦ ਜ਼ਿੰਦਗੀ' ਵਿਚ ਪੜ੍ਹਨ ਨੂੰ ਮਿਲਦਾ ਹੈ। ਹੁਣ ਤਾਂ ਅੱਸੀ ਸਾਲ ਬਾਅਦ ਵਾਲੀ ਜ਼ਿੰਦਗੀ ਬਾਰੇ ਲਿਖਣਾ ਬਣਦਾ ਹੈ।

ਇਸ ਤੋਂ ਅਗਾਂਹ ਤੁਰਦੇ ਹਾਂ ਤਾਂ ਕੁਝ ਨਵੇਂ ਵਿਸ਼ੇ ਨਵੀਂ ਭਾਸ਼ਾ 'ਚ ਪਰੋਏ ਸਾਡੀਆਂ ਅੱਖਾਂ ਦਾ ਕੱਜਲ ਬਣਦੇ ਹਨ। ਇੱਕੀਵੀਂ ਸਦੀ ਨੂੰ ਉਸ 'ਖਿਚੜੀ ਯੁੱਗ' ਦਾ ਢੁਕਵਾਂ ਸਿਰਲੇਖ ਦਿੱਤਾ ਹੈ। ਸੰਤਾਲੀ ਦੀ ਵੰਡ ਦੀ ਗੱਲ ਜਦ ਵੀ ਤੁਰਦੀ ਹੈ ਅਜਾਂਈਂ ਡੁੱਲ੍ਹੇ ਖ਼ੂਨ ਅਤੇ ਜਜ਼ਬਾਤਾਂ ਦੇ ਘਾਣ ਵਿਚ ਦੀ ਗੱਲ ਬਣ ਜਾਂਦੀ ਹੈ। 'ਸਫ਼ਰਨਾਮਾ' ਦੇ ਬਹਾਨੇ ਪਹਿਲੀ ਵਾਰ ਸ਼੍ਰੀਮਤੀ ਚੌਹਾਨ ਦਾ ਜ਼ਿਕਰ ਪੜ੍ਹਨ ਨੂੰ ਮਿਲਦਾ ਹੈ। ਗੁਰਦੇਵ ਚੌਹਾਨ ਅੰਦਰਲਾ ਕਵੀ ਦੇਵਨੀਤ ਦੀ ਗੱਲ ਕਿੰਝ ਤੇ ਕਿਉਂ ਨਾ ਕਰੇ। ਗੱਲਾਂ ਤਾਂ ਗੁਰਪ੍ਰੀਤ ਨਾਲ਼ ਵੀ ਹੋਈਆਂ, ਸੁਰਜੀਤ ਨਾਲ਼ ਤੇ ਮੇਰੇ ਨਾਲ਼ ਵੀ। ਸਾਡੇ ਤਿੰਨਾਂ ਨਾਲ਼ ਹੋਈਆਂ ਮੁਲਾਕਾਤਾਂ ਇਸ ਪੁਸਤਕ ਵਿਚ ਛਪੀਆਂ ਵੇਖ ਕੇ ਮੈਨੂੰ ਤੇ ਖ਼ੁਸ਼ੀ ਹੋਈ ਹੈ ਤੇ ਦੂਜਿਆਂ ਨੂੰ ਵੀ ਬੁਰਾ ਨਹੀਂ ਲੱਗਿਆ ਹੋਣਾ। ਉਂਝ ਮੇਰੀ ਵੱਖਰੀ

ਰਾਏ ਇਹ ਵੀ ਹੈ ਕਿ ਇਨ੍ਹਾਂ ਮੁਲਾਕਾਤਾਂ ਨੂੰ ਇਸ ਕਿਤਾਬ ਦਾ ਹਿੱਸਾ ਬਣਾਉਣਾ ਜ਼ਰੂਰੀ ਨਹੀਂ ਸੀ। 'ਨਿੱਕੀਆਂ ਬੇੜੀਆਂ ਅਤੇ ਨਿੱਕੇ ਚੱਪੂ' ਕਾਵਿ-ਸੰਗ੍ਰਹਿ ਦੀ ਭੂਮਿਕਾ 'ਕਾਵਿ-ਸਿਰਜਣਾ: ਕੁਝ ਪ੍ਰਭਾਵ' ਵੀ ਪੁਸਤਕ ਵਿਚ ਸ਼ਾਮਲ ਕੀਤੀ ਗਈ ਹੈ। ਇਸ ਵਿਚ ਕਾਵਿ-ਸਿਰਜਣਾ ਦੇ ਮਹੀਨ ਨੁਕਤੇ ਤੇ ਸੂਖਮ ਦਾਰਸ਼ਨਿਕਤਾ ਪੇਸ਼ ਹੋਈ ਹੈ। ਇਸ ਤੋਂ ਅਗਲੇ ਪੰਨਿਆਂ 'ਤੇ ਵਾਰਤਕ ਦਾ ਨਵਾਂ ਮੁਹਾਂਦਰਾ ਪੜ੍ਹਨ ਨੂੰ ਮਿਲਦਾ ਹੈ। ਇਸ ਵਿਚ ਗੱਲਾਂ ਵਿਚੋਂ ਗੱਲ ਨਿਕਲਦੀ ਹੈ। ਵਿਚਾਰਾਂ ਵਿਚੋਂ ਵਿਚਾਰ ਫੁਰਦੇ ਹਨ। ਇਹ ਸਵੈ ਨਾਲ਼ ਸੰਵਾਦ ਦਾ ਬਿਰਤਾਂਤ ਹੈ। 'ਜ਼ਿੰਦਗੀ ਵਿੱਚ ਸਬੱਬ ਦੀ ਭੂਮਿਕਾ', 'ਵਿਚਾਰੀ ਨੀਂਦ', 'ਮੇਰੀ ਪਹਿਲੀ ਵਿਦੇਸ਼ ਯਾਤਰਾ ਅਤੇ ਇਸ ਬਾਰੇ ਕਵਿਤਾ', 'ਕਸ਼ਮੀਰ ਪੰਨੂੰ ਦਾ ਨੌਂਵਾਂ ਸੜਕ ਹਾਦਸਾ' ਤੇ ਬਰਫ਼ਨਾਮਾ ਆਦਿ ਲੇਖ ਸ਼ਾਮਲ ਹਨ। ਅਸਲ ਵਿਚ ਇਹ ਲਿਖਣ ਛਿਣ ਵੇਲ਼ੇ ਫੁਰੇ ਫੁਰਨਿਆਂ ਦਾ ਬਿਰਤਾਂਤ ਕਿਹਾ ਜਾ ਸਕਦਾ ਹੈ ਜਿਸ ਨੂੰ ਲਿਖਣ ਪਿੱਛੇ ਕੋਈ ਮਿਥੀ ਭਾਵਨਾ ਜਾਂ ਇਰਾਦਾ ਨਹੀਂ ਹੈ। 'ਪੇੜ, ਪੱਤੇ ਅਤੇ ਬਾਰਸ਼' ਵਿਚ ਵਿਪਾਸਨਾ ਕੋਰਸ ਦਾ ਜ਼ਿਕਰ ਹੈ। ਇਸ ਵਿਚ ਪੂਰੇ ਦਸ ਦਿਨ ਚੁੱਪ ਰਹਿਣਾ ਪੈਂਦਾ ਹੈ। ਖਾਣ-ਪੀਣ ਦੇ ਵਰਤ ਨਾਲੋਂ ਚੁੱਪ ਦਾ ਵਰਤ ਔਖਾ ਹੈ। ਚੁੱਪ ਮੈਡੀਟੇਸ਼ਨ ਵਿਚ ਇਸ ਦਾ ਖ਼ਾਸ ਮਹੱਤਵ ਹੈ। 'ਮੱਛੀ ਦੇ ਪਕੌੜੇ, ਸ਼ਰਾਬ ਅਤੇ ਹਾਈਡਰੋਜਨ' ਵਿਚ ਜਵਾਲ ਨੋਹਾ ਹਰਾਰੀ ਦੀਆਂ ਤਿੰਨ ਪੁਸਤਕਾਂ ਸੈਂਮਪੀਅਨਜ਼, ਹੋਮੋਡਿਆਸ ਅਤੇ ਇੱਕੀ ਲੈਸਨਜ਼ ਫਾਰ ਟਵੰਟੀਵੰਨ ਸੈਂਚਰੀ ਦਾ ਹਵਾਲਾ ਹੈ ਜਿਨ੍ਹਾਂ ਕਿਤਾਬਾਂ ਨੇ ਤਰਕਸ਼ੀਲ ਹਲਕਿਆਂ ਵਿਚ ਤਰਥੱਲੀ ਮਚਾ ਦਿੱਤੀ ਸੀ। 'ਕਰੋਨਾ ਦੇ ਢਿੱਡ ਵਿਚ ਛਾਲ਼' ਮਾਰ ਕੇ ਚੌਹਾਨ, ਗੁਰਦਿਆਲ ਬੱਲ ਅਤੇ ਦੀਦ ਨੇ ਕਰੋਨਾ ਦੇ ਕਠਿਨ ਵੇਲ਼ੇ ਦੀ ਇੱਕ ਯਾਦ ਨੂੰ ਸਾਂਝਾ ਕੀਤਾ ਹੈ।

ਅਗਲੇ ਪੰਨੇ ਪਲਟਦੇ ਹਾਂ ਤਾਂ 'ਨਵ-ਉਦਾਰਵਾਦ ਦਾ ਕੱਚਾ ਚਿੱਠਾ' ਪੜ੍ਹਨ ਨੂੰ ਮਿਲਦਾ ਹੈ। ਇਸ ਵਿਚ ਲੇਖਕ ਦੀ ਵਿਸ਼ਵਵਿਆਪੀ ਰਾਜਨੀਤਕ ਸਮਝ ਦਾ ਖੁਲਾਸਾ ਹੁੰਦਾ ਹੈ। ਗੱਲ ਦੂਜੇ ਸੰਸਾਰ ਯੁੱਧ ਤੋਂ ਸ਼ੁਰੂ ਹੋ ਕੇ ਹੁਣ ਦੇ ਸਮਿਆਂ ਨੂੰ ਆਪਣੇ ਕਲਾਵੇ ਵਿਚ ਲੈਂਦੀ ਹੈ। ਉਹ ਵਿਸ਼ਵ ਕਵਿਤਾ ਦੀ ਸੰਪਾਦਨਾ ਕਰਨ ਦਾ ਪੰਗਾ ਵੀ ਲੈਂਦਾ ਹੈ। ਇਸ ਪੁਸਤਕ ਦੀ ਭੂਮਿਕਾ 'ਕਵਿਤਾ ਅਤੇ ਵਿਸ਼ਵ-ਕਵਿਤਾ, ਇੱਕ ਨਜ਼ਰ' ਵੀ ਕਿਤਾਬ ਦਾ ਹਿੱਸਾ ਹੈ। ਇਸ ਵਿਚ ਪਾਠਕ ਨੂੰ ਇਹ ਦੱਸਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਕਵਿਤਾ ਕੀ ਹੁੰਦੀ ਹੈ ਅਤੇ ਕੀ ਨਹੀਂ ਹੁੰਦੀ। ਕਵਿਤਾ ਬਾਰੇ ਅਜਿਹੀਆਂ ਡੂੰਘੀਆਂ ਗੱਲਾਂ ਪਹਿਲੀ ਵਾਰ ਪੜ੍ਹਨ ਨੂੰ ਮਿਲਦੀਆਂ ਹਨ। 'ਵਾਇਆ ਬਠਿੰਡਾ' ਕੁਰਾਹੀਏ ਦੀ ਪੈੜ ਨੱਪਦਾ ਧਰਮ, ਰਾਜਨੀਤੀ, ਸਾਹਿਤ ਆਦਿ ਅੰਦਰ ਇਸ ਦੀ ਪਛਾਣ ਕਰਦਾ ਹੈ। ਕੁਰਾਹੀਆ ਹੋਣ, ਬਣਨ ਜਾਂ ਕਹੇ ਜਾਣ ਵਿਚ ਕਈ ਤਰ੍ਹਾਂ ਦੇ ਇਤਿਹਾਸਕ, ਕੌਮਾਂਤਰੀ, ਸਮਾਜਕ, ਆਰਥਕ, ਸਦਾਚਾਰਕ, ਘਰੋਗੀ, ਵਿਗਿਆਨੀ, ਧਾਰਮਕ ਅਤੇ ਰਵਾਇਤੀ ਕਿਸਮ ਦੇ ਵਰਤਾਰੇ ਹਿੱਸਾ

ਪਾਉਂਦੇ ਹਨ। ਮੋਟਲਨਾਮਾ ਨਾਲ਼ ਸਬੰਧਤ ਦੋ ਲੇਖ ਆਪਣੇ ਅੰਦਰ ਬੜਾ ਕੁਝ ਸਮਾਈ ਬੈਠੇ ਹਨ। ਕੈਨੇਡਾ ਦੇ ਸ਼ਹਿਰ ਟਰਾਂਟਨ ਵਿਚ ਸਥਿਤ ਪਾਰਕ ਮੋਟਲ ਵਿਚ ਲੇਖਕ ਨੇ ਅੱਠ ਸਾਲ ਕੱਟੇ ਹਨ। ਮੋਟਲ ਵਿਚ ਵੰਨ-ਸੁਵੰਨੇ ਲੋਕ ਆਉਂਦੇ ਸਨ। ਹਰ ਇੱਕ ਕੋਲ਼ ਆਪਣਾ ਸੁਭਾਅ, ਵਿਹਾਰ, ਦੰਭ, ਫਰੇਬ ਜਾਂ ਸ਼ਾਇਸਤਗੀ ਹੁੰਦੀ। ਉਹਨਾਂ ਨਾਲ ਵਿਚਰਦਿਆਂ ਗੁਰਦੇਵ ਚੌਹਾਨ ਨੂੰ ਕਈ ਸੁਖਾਵੇਂ ਤੇ ਕੁਝ ਕਠਿਨ ਤਜਰਬੇ ਹੋਏ। ਇਨ੍ਹਾਂ ਤਜਰਬਿਆਂ ਦਾ ਦਿਲਚਸਪ ਵਰਣਨ ਪਾਠਕ ਦੀ ਉਤਸੁਕਤਾ ਅਤੇ ਜਗਿਆਸਾ ਬਣਾਈ ਰੱਖਦੇ ਹਨ। ਝੀਲ ਕੰਢੇ ਵੱਸੇ ਟਰਾਂਟਨ ਸ਼ਹਿਰ ਦੀ ਇਤਿਹਾਸਕ ਮਹੱਤਤਾ ਦੀ ਆਪਣੀ ਖ਼ੂਬਸੂਰਤੀ ਹੈ। ਰਸੂਲ ਹਮਜ਼ਾਤੋਵ ਦਾ ਕਥਨ ਹੈ ਕਿ ਇਹ ਨਾ ਕਹੋ ਮੈਨੂੰ ਵਿਸ਼ਾ ਦੇਵੋ, ਇਹ ਕਹੋ ਕਿ ਮੈਨੂੰ ਅੱਖਾਂ ਦੇਵੋ। ਗੁਰਦੇਵ ਕੋਲ਼ ਉਹ ਅੱਖਾਂ ਹਨ ਜਿਹਨਾਂ ਵਿਚ ਸੁਪਨਿਆਂ ਵਰਗੇ ਵਿਸ਼ਿਆਂ ਦੀ ਭਰਮਾਰ ਹੈ। ਲੇਖਕ ਹਰ ਵਿਸ਼ੇ ਨਾਲ਼ ਨਿਆਂ ਕਰਦਾ ਹੈ।

ਗੁਰਦੇਵ ਚੌਹਾਨ ਚੁਸਤ ਵਾਰਤਕ ਲਿਖਦਾ ਹੈ। ਉਸ ਨੇ ਵਾਰਤਕ ਦਾ ਆਪਣਾ ਇੱਕ ਵੱਖਰਾ ਮੁਹਾਵਰਾ ਘੜ ਲਿਆ ਹੈ। ਇਸ ਮੁਹਾਵਰੇ ਕੋਲ਼ ਪਾਠਕ ਨੂੰ ਆਚੰਭਿਤ ਕਰਨ ਦਾ ਸੂਖ਼ਮ ਹੁਨਰ ਹੈ। ਜਿਵੇਂ ਡਾ. ਹਰਿਭਜਨ ਸਿੰਘ ਦੀ ਕਵਿਤਾ ਬਾਰੇ ਲਿਖਦਾ ਹੈ ਕਿ ਇਹ ਕਵਿਤਾ ਵਾਸਤਵਿਕਤਾ ਦੇ ਨਾਲ਼ ਨਾਲ਼ ਤੁਰਦੀ ਰਹੀ ਜਦੋਂ ਕਿ ਸ਼ਿਵ ਦੀ ਕਵਿਤਾ ਇੱਕ ਖ਼ਾਸ ਸਮੇਂ-ਸਥਾਨ ਅਤੇ ਛਿਣ ਨਾਲ਼ ਬੱਝੀ ਰਹੀ। ਅੱਗੇ ਹੋਰ ਲਿਖਦਾ ਹੈ ਕਿ ਉਸ ਦੀ ਕਵਿਤਾ ਕਦੇ ਵੀ ਭੀੜ ਦਾ ਹਿੱਸਾ ਨਹੀਂ ਬਣੀ। ਉਸ ਦੀ ਵਾਰਤਕ ਦੇ ਕੁਝ ਹੋਰ ਤਲਿੱਸਮੀ ਨਮੂਨੇ ਸ਼ਿਵ ਕੁਮਾਰ ਬਟਾਲਵੀ ਦੀਆਂ ਯਾਦਾਂ ਵਿਚੋਂ ਪੜ੍ਹ ਸਕਦੇ ਹਾਂ। ਬਿਰਹਾ ਇਵੇਂ ਉਪਜਦਾ ਹੈ ਜਿਵੇਂ ਕੋਈ ਰਾਹੀ ਆਪਣਾ ਪੰਧ ਮੁੱਕਣ 'ਤੇ ਆਪਣਾ ਪੱਲਾ ਝਾੜਦਾ ਹੈ। ਹੋਰ ਕਿ ਇਤਫ਼ਾਕ ਜ਼ਿੰਦਗੀ ਦੇ ਲਮ੍ਹਿਆਂ ਨੂੰ ਫੁੱਲ ਲਾ ਦਿੰਦਾ ਹੈ। ਅੱਗ ਇਸ਼ਕ ਦਾ ਮੈਟਾਫਰ ਬਣ ਗਈ। ਅਜਿਹੇ ਹਵਾਲੇ ਪੂਰੀ ਕਿਤਾਬ ਵਿਚ ਵੇਖੇ ਪੜ੍ਹੇ ਜਾ ਸਕਦੇ ਹਨ।

ਇਸ ਪੁਸਤਕ ਵਿਚਲੀ ਵਾਰਤਕ ਪੰਜਾਬੀ ਵਿਚ ਹੁਣ ਤੱਕ ਲਿਖੀ ਗਈ ਵਾਰਤਕ ਨਾਲ਼ ਖਲੋਂਦੀ ਹੈ। ਇਸ ਨੂੰ ਪੜ੍ਹਦਿਆਂ ਤੁਹਾਡੇ ਅੰਦਰ ਇੱਕ ਨਵੀਂ ਭਾਸ਼ਾ ਆਕਾਰ ਲੈਂਦੀ ਹੈ। ਕੋਈ ਨਵੀਂ ਕਵਿਤਾ ਵੀ ਦਸਤਕ ਦੇ ਸਕਦੀ ਹੈ। ਇਹ ਸਭ ਚੰਗੀ ਲਿਖਤ ਦੇ ਪਛਾਣ-ਚਿੰਨ੍ਹ ਹੁੰਦੇ ਹਨ। ਉਸ ਦੀਆਂ ਛੇ ਕਵਿਤਾ ਦੀਆਂ ਕਿਤਾਬਾਂ, ਚਾਰ ਵਾਰਤਕ ਦੀਆਂ, ਦੋ ਹਾਸ-ਵਿਅੰਗ ਅਤੇ ਇੱਕ ਬੁੱਧ ਦ੍ਰਿਸ਼ਟੀ ਦੀ ਕਿਤਾਬ ਛਪ ਚੁੱਕੀਆਂ ਹਨ। 'ਕਲਮੀ ਗੁਲਾਬ' ਦੀ ਖ਼ੂਬਸੂਰਤੀ ਅਤੇ ਖ਼ੁਸ਼ਬੋਅ ਦਾ ਪਾਠਕ ਜ਼ਰੂਰ ਆਨੰਦ ਮਾਣਨਗੇ। ਨੌਵੇਂ ਦਹਾਕੇ 'ਚ ਵਿਚਰ ਰਹੇ ਗੁਰਦੇਵ ਚੌਹਾਨ ਦੀ ਲੰਮੀ ਉਮਰ ਦੀ ਦੁਆ ਕਰੀਏ ਤਾਂ ਜੋ ਹੋਰ ਬੇਹਤਰ ਵਾਰਤਕ ਅਤੇ ਕਵਿਤਾ ਸਾਨੂੰ ਪੜ੍ਹਨ ਨੂੰ ਮਿਲ ਸਕੇ।

# ਮੀਡੀਆ ਆਲੋਚਕ ਪ੍ਰੋ. ਕੁਲਬੀਰ ਸਿੰਘ ਦੀ ਆਤਮ-ਕਥਾ ਪੜ੍ਹਦਿਆਂ

ਕੁਲਬੀਰ ਮੀਡੀਆ ਆਲੋਚਕ ਹੈ। ਚੀਜ਼ਾਂ, ਵਸਤਾਂ, ਵਰਤਾਰਿਆਂ ਨੂੰ ਵੇਖਣ, ਪਰਖਣ, ਸਮਝਣ ਦੀ ਆਲੋਚਨਾਤਮਿਕ ਦ੍ਰਿਸ਼ਟੀ ਹੋਣ ਕਰਕੇ ਉਸ ਦੇ ਸੁਭਾਅ ਅਤੇ ਵਿਹਾਰ 'ਚ ਆਲੋਚਨਾ ਪਈ ਹੈ। ਮੀਡੀਆ ਦਾ ਖੇਤਰ ਉਸ ਆਪ ਚੁਣਿਆ ਹੈ। ਪੰਜਾਬੀ ਵਿੱਚ ਇਹ ਖੇਤਰ ਅਣਛੋਹਿਆ ਪਿਆ ਸੀ। ਇਸ ਖੇਤਰ ਵਿੱਚ ਵਿਗਸਣ, ਫੈਲਣ, ਪਸਰਨ ਦੀਆਂ ਸੰਭਾਵਨਾਵਾਂ ਪਈਆਂ ਸਨ। ਪ੍ਰੋ. ਕੁਲਬੀਰ ਸਿੰਘ ਨੇ ਇਹਨਾਂ ਸੰਭਾਵਨਾਵਾਂ ਨੂੰ ਪਛਾਣਿਆਂ, ਵੇਖਿਆ, ਸਮਝਿਆ, ਪੜ੍ਹਿਆ, ਮਿਹਨਤ ਕੀਤੀ ਅਤੇ ਆਪਣੀ ਜੀਵਨ ਜਾਚ ਦਾ ਹਿੱਸਾ ਬਣਾ ਲਿਆ। ਸ਼ੁਰੂ ਵਿੱਚ ਜਲੰਧਰ ਦੂਰਦਰਸ਼ਨ ਤੋਂ ਪ੍ਰਸਾਰਤ ਹੁੰਦੇ ਪ੍ਰੋਗਰਾਮਾਂ ਵਿੱਚ ਵਰਤੀ ਜਾਂਦੀ ਗੈਰ–ਮਿਆਰੀ ਭਾਸ਼ਾ ਅਤੇ ਸਮੱਗਰੀ ਦੀ ਘਟੀਆ ਚੋਣ ਉੱਪਰ ਤਲਖ਼ ਟਿੱਪਣੀਆਂ ਨੇ ਉਸ ਨੂੰ ਮੀਡੀਆ ਨਾਲ਼ ਜੋੜ ਦਿੱਤਾ। ਫਿਰ ਜਲੰਧਰ ਤੋਂ ਛਪਦੇ ਇੱਕ ਪੰਜਾਬੀ ਅਖ਼ਬਾਰ ਵਿੱਚ ਟੈਲੀਵੀਜ਼ਨ ਸਮੀਖਿਆ ਕਰਦਾ ਹਫ਼ਤਾਵਾਰੀ ਕਾਲਮ ਸ਼ੁਰੂ ਕੀਤਾ ਜੋ ਚੌਂਤੀ ਵਰ੍ਹੇ ਨਿਰੰਤਰ ਚੱਲਿਆ। ਇਸ ਦੌਰਾਨ ਹੀ ਪਰਵਾਸੀ ਮੀਡੀਆ ਦੀ ਆਮਦ ਹੋਈ ਤਾਂ ਉਸ ਬਾਰੇ ਵੀ ਇੱਕ ਅਖ਼ਬਾਰ ਵਿਚ ਕਾਲਮ ਸ਼ੁਰੂ ਹੋਇਆ। ਪੰਜ ਵਿਸ਼ਵ ਪੰਜਾਬੀ ਮੀਡੀਆ ਕਾਨਫ਼ਰੰਸਾਂ ਕਰਵਾਈਆਂ। ਗਲੋਬਲ ਮੀਡੀਆ ਅਕੈਡਮੀ ਦੀ ਸਥਾਪਨਾ ਕੀਤੀ ਜਿਸ ਵਿੱਚ ਬਤੌਰ ਚੇਅਰਮੈਨ ਸੇਵਾਵਾਂ ਨਿਭਾਈਆਂ। ਇੰਡੀਅਨ ਟੈਲੀਵੀਜ਼ਨ ਅਕੈਡਮੀ, ਮੁੰਬਈ ਦਾ ਮੈਂਬਰ ਬਣਨ ਤੋਂ ਇਲਾਵਾ ਹੋਰ ਬਹੁਤ ਸਾਰੇ ਕਾਰਜ, ਜਿਨ੍ਹਾਂ ਵਿੱਚ ਐਵਾਰਡਜ਼ ਨਾਈਟ ਸਮਾਰੋਹ, ਮੀਡੀਆ ਸੈਮੀਨਾਰਾਂ ਦਾ ਆਯੋਜਨ ਕਰਨ ਸਮੇਤ ਮੀਡੀਆ ਨਾਲ਼ ਸਬੰਧਤ ਹੋਰ ਬਹੁਤ ਸਾਰੇ ਰੁਝੇਵਿਆਂ ਨੇ ਪ੍ਰੋ. ਕੁਲਬੀਰ ਸਿੰਘ ਦੀ ਸਮੁੱਚੀ ਜ਼ਿੰਦਗੀ ਨੂੰ ਮੀਡੀਆ ਦੇ ਵਿਸ਼ਵ ਵਿਆਪੀ ਵਰਤਾਰੇ ਦੇ ਵਿਸਥਾਰ ਅੰਦਰ ਆਪਣੇ ਯਤਨਾਂ, ਸੰਘਰਸ਼ਾਂ, ਪ੍ਰਾਪਤੀਆਂ ਦੇ ਲੇਖੇ ਲਾ ਦਿੱਤਾ। ਮੀਡੀਆ ਨਾਲ਼ ਸਬੰਧਤ ਪੰਜ ਕਿਤਾਬਾਂ ਅਤੇ ਦੋ ਸਫ਼ਰਨਾਮੇ ਛਪਵਾਉਣ ਤੋਂ ਬਾਅਦ ਆਪਣੀ ਆਤਮ–ਕਥਾ ਲਿਖਣ ਦਾ ਵਿਚਾਰ ਆਇਆ ਤਾਂ ਕਥਾ ਦਾ ਬਹੁਤਾ ਬਿਰਤਾਂਤ ਮੀਡੀਆ ਦੇ ਗਿਰਦ ਹੀ ਘੁੰਮਦਾ ਲੱਭਦਾ ਹੈ। ਇਸ ਲਈ ਪੁਸਤਕ ਦਾ ਸਿਰਲੇਖ ਵੀ ਮੀਡੀਆ ਆਲੋਚਕ ਦੀ ਆਤਮ-ਕਥਾ ਬਣਦਾ ਹੈ।

ਅਜੀਤ ਅਖ਼ਬਾਰ ਵਿੱਚ ਸ਼ੁਰੂ ਕੀਤੇ ਹਫ਼ਤਾਵਾਰੀ ਕਾਲਮ ਵਿਚਲੀ ਲਿਖਤ ਪੇਤਲੀ ਪੱਤਰਕਾਰੀ ਨਹੀਂ ਹੁੰਦੀ ਸੀ, ਸਗੋਂ ਸੰਜੀਦਗੀ, ਸੁਹਿਰਦਤਾ, ਨਿਰਪੱਖਤਾ ਅਤੇ ਪਰਪੱਕਤਾ ਵਰਗੇ ਗੁਣਾਂ ਨਾਲ਼ ਸਜੀ ਸੰਵਰੀ ਹੁੰਦੀ। ਸਾਹਿਤ ਦੀਆਂ ਵਿਭਿੰਨ ਵਿਧਾਵਾਂ, ਸੰਗੀਤ ਦੀ ਸਮਝ ਅਤੇ ਹੋਰ ਸੂਖ਼ਮ ਕਲਾਵਾਂ ਵਿਚ ਦਿਲਚਸਪੀ ਵੀ ਇਨ੍ਹਾਂ ਕਾਲਮਾਂ ਵਿਚ ਪੜ੍ਹਨ ਨੂੰ ਮਿਲਦੀ। ਇਨ੍ਹਾਂ ਕਾਰਨਾਂ ਜਾਂ ਗੁਣਾਂ ਕਰਕੇ ਹੀ ਕਾਲਮ ਵਿਚਲੀਆਂ ਇਹ ਸੰਖੇਪ ਪਰ ਭਾਵਪੂਰਤ ਟਿੱਪਣੀਆਂ ਬਾਅਦ ਵਾਲੇ ਸਾਲਾਂ ਵਿਚ ਕਿਤਾਬੀ ਰੂਪ ਵਿੱਚ ਛਪੀਆਂ ਅਤੇ ਸਲਾਹੀਆਂ ਗਈਆਂ। ਪੁਸਤਕਾਂ 'ਹੁਣ ਪਰਸਾਰਨ ਜਲੰਧਰ ਤੋਂ' ਅਤੇ 'ਦੂਰਦਰਸ਼ਨ ਜਲੰਧਰ– ਇਤਿਹਾਸ ਅਤੇ ਵਿਕਾਸ' ਇਸੇ ਕਾਲਮ ਦੀ ਦੇਣ ਹਨ।

ਪ੍ਰੋ. ਕੁਲਬੀਰ ਸਿੰਘ ਦੀ ਇਹ ਆਤਮ-ਕਥਾ ਆਮ ਸਵੈ-ਜੀਵਨੀਆਂ ਨਾਲ਼ੋਂ ਵੱਖਰੀ ਹੈ। ਇਸ ਪੁਸਤਕ ਵਿੱਚ ਜੀਵਨ ਦੀਆਂ ਯਾਦਾਂ-ਨੁਮਾ ਘਟਨਾਵਾਂ ਦੀ ਲੜੀ ਹੀ ਨਹੀਂ ਹੈ, ਹੰਢਾਏ, ਗ੍ਰਹਿਣ ਕੀਤੇ ਅਨੁਭਵਾਂ ਦਾ ਤਾਰਕਿਕ ਵਰਣਨ ਹੈ। ਸਵੈ-ਅਧਿਐਨ ਨਾਲ਼ ਸਮਝੇ, ਸਿੱਖੇ ਅਤੇ ਅਪਣਾਏ ਵਿਚਾਰਾਂ ਦੇ ਪ੍ਰਵਾਹ ਨੂੰ ਗਤੀ ਪ੍ਰਦਾਨ ਕਰਨ ਹਿਤ ਕੀਤੇ ਮੌਲਿਕ ਇੰਦਰਾਜ ਹਨ। ਅਨੁਸ਼ਾਸਨ ਵਿੱਚ ਰਹਿ ਕੇ ਸੰਤੁਲਤ ਜੀਵਨ ਬਤੀਤ ਕਰਦਿਆਂ ਇਹਨਾਂ ਅਨੁਭਵਾਂ, ਵਿਚਾਰਾਂ ਨੂੰ ਜੀਵਨ-ਜਾਚ ਅੰਦਰ ਢਾਲਣ ਦਾ ਪੱਕਾ ਇਰਾਦਾ ਨੁਮਾ ਸਤਰਾਂ ਪੜ੍ਹਨ ਨੂੰ ਮਿਲਦੀਆਂ ਹਨ। ਮੇਰਾ ਜੀਵਨ ਮੇਰਾ ਅਨੁਭਵ ਪਾਠ ਦੇ ਛੱਬੀ ਪੰਨੇ ਇਨ੍ਹਾਂ ਸਤਰਾਂ ਨਾਲ਼ ਭਰੇ ਹਨਃ

- ਸਾਡੀਆਂ ਆਦਤਾਂ ਹੀ ਸਾਡੇ ਜੀਵਨ ਨੂੰ ਪਰਿਭਾਸ਼ਿਤ ਕਰਦੀਆਂ ਹਨ।
- ਆਪਣੇ ਸਬਦਾਂ, ਆਪਣੇ ਵਿਹਾਰ 'ਤੇ ਧਿਆਨ ਦਿਓ, ਸੋਚਣ ਦਾ ਤਰੀਕਾ ਬਦਲ ਜਾਏਗਾ।
- ਸੰਵਾਦ ਦੌਰਾਨ ਸ਼ਬਦ-ਸੰਖਿਆ ਅਤੇ ਸ਼ਬਦ-ਚੋਣ ਦੋਵੇਂ ਮਹੱਤਵਪੂਰਨ ਹਨ।

ਅਜਿਹੇ ਹੋਰ ਵੀ ਬਹੁਤ ਸਾਰੇ ਹਵਾਲੇ ਦਿੱਤੇ ਜਾ ਸਕਦੇ ਹਨ। ਸਾਹਿਤ ਦੀ ਵਿਧਾ ਚਾਹੇ ਕੋਈ ਵੀ ਹੋਵੇ, ਵਰਤੀ ਗਈ ਭਾਸ਼ਾ ਅਤੇ ਦਿੱਤਾ ਗਿਆ ਸੰਦੇਸ਼ ਵਿਸ਼ੇਸ਼ ਮਹੱਤਵ ਰੱਖਦੇ ਹਨ। 'ਮੀਡੀਆ ਆਲੋਚਕ ਦੀ ਆਤਮ-ਕਥਾ' ਦੀ ਭਾਸ਼ਾ ਸਹਿਜ ਅਤੇ ਸਰਲ ਹੈ। ਇਹ ਭਾਸ਼ਾ ਪਾਠਕ ਨੂੰ ਉਲਝਣ ਵਿਚ ਨਹੀਂ ਪਾਉਂਦੀ। ਜਿੱਥੋਂ ਤੱਕ ਸੰਦੇਸ਼ ਦੀ ਗੱਲ ਹੈ, ਚੰਗਾ ਤੇ ਸਿਹਤਮੰਦ ਜੀਵਨ ਜਿਉਣ ਦੀਆਂ ਤੰਦਰੁਸਤ ਗੱਲਾਂ ਇਸ ਪੁਸਤਕ ਵਿਚ ਬਾਰ ਬਾਰ ਅਤੇ ਦ੍ਰਿੜਤਾ ਨਾਲ ਹੋਈਆਂ ਹਨ। ਆਪਣੀ ਮਾਨਸਿਕ ਅਵਸਥਾ ਦਾ ਸੰਤੁਲਨ ਬਣਾਈ ਰੱਖਣਾ ਅਤੇ ਤਣਾਅ-ਮੁਕਤ ਜੀਵਨ ਜਿਉਣ ਦੀਆਂ ਤਰਕ ਅਧਾਰਤ ਤਰਕੀਬਾਂ ਲੋਕ-ਕਹਾਵਤਾਂ ਵਰਗੀਆਂ ਹਨ। ਕਿਸੇ ਵੀ ਸਵੈ-ਜੀਵਨੀ ਨੁਮਾ ਲਿਖਤ ਵਿੱਚ ਬਚਪਨ, ਸਿਖਿਆ, ਖੇਡਾਂ, ਕਲਚਰਲ

ਗਤੀਵਿਧੀਆਂ ਅਤੇ ਹੋਰ ਕਲਾਵਾਂ ਵਿਚ ਦਿਲਚਸਪੀ ਅਤੇ ਇਹਨਾਂ ਖੇਤਰਾਂ ਵਿਚ ਪ੍ਰਾਪਤੀਆਂ ਦਾ ਜ਼ਿਕਰ ਭਾਸ਼ਾ ਨੂੰ ਦਿਲਚਸਪ ਬਣਾਈ ਰੱਖਦਾ ਹੈ। ਮੇਰੀ ਇਸ ਪੁਸਤਕ ਵਿਚ ਦਿਲਚਸਪੀ ਦੇ ਕਾਰਨ ਹੋਰ ਵੀ ਹਨ। ਬਚਪਨ ਵਿਚ ਇੱਕੋ ਪਿੰਡ ਦੀ ਇਕੋ ਗਲ਼ੀ ਵਿੱਚ ਰਹਿੰਦਿਆਂ ਅਤੇ ਇਕੋ ਸਕੂਲ ਵਿਚ ਪੜ੍ਹਦਿਆਂ, ਕੱਠੇ ਖੇਡਦਿਆਂ ਦੇ ਚੇਤੇ ਮੇਰੀ ਦਿਲਚਸਪੀ ਦੇ ਕਾਰਨ ਹਨ। ਫਿਰ ਬਾਅਦ ਵਾਲੇ ਸਾਲਾਂ ਦੌਰਾਨ ਜਦੋਂ ਉਹ ਮੋਦੀ ਕਾਲਜ ਪਟਿਆਲ਼ਾ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲ਼ਾ ਦਾ ਵਿਦਿਆਰਥੀ ਸੀ, ਓਦੋਂ ਵੀ ਖ਼ਤਾਂ ਰਾਹੀਂ ਤੇ ਕਦੀ-ਕਦਾਈਂ ਹੁੰਦੀਆਂ ਰਹੀਆਂ ਮੁਲਾਕਾਤਾਂ ਕਰਕੇ ਵੀ ਅਸੀਂ ਅੰਗ-ਸੰਗ ਸਾਂ। ਇਸ ਕਰਕੇ ਵੀ ਮੇਰਾ ਇਸ ਆਤਮ-ਕਥਾ ਨਾਲ਼ ਅਪਣੱਤ ਦਾ ਰਿਸ਼ਤਾ ਹੈ। ਇਹ ਤਾਂ ਮੇਰੇ ਨਿੱਜ ਨਾਲ਼ ਜੋੜ ਕੇ ਕੀਤੀ ਟਿੱਪਣੀ ਹੈ। ਮੇਰੇ ਨਿੱਜ ਤੋਂ ਬਾਹਰ ਪਾਠਕਾਂ ਦੇ ਵਿਸ਼ਾਲ ਸਮੂਹ ਲਈ ਵੀ ਬਹੁਤ ਸਾਰੇ ਕਾਰਨਾਂ ਕਰਕੇ ਇਹ ਪੁਸਤਕ ਮੁੱਲਵਾਨ ਅਤੇ ਦਿਲਚਸਪ ਹੈ।

'ਆਤਮ-ਕਥਾ ਵਿਚ ਪਰਿਵਾਰਕ ਸਹਿਯੋਗ' ਦੀ ਗੱਲ ਕਰਦਿਆਂ ਪ੍ਰੋ. ਕੁਲਬੀਰ ਸਿੰਘ ਨੇ ਆਪਣੀ ਹਮਸਫ਼ਰ ਪ੍ਰੋ. ਕਵਲਜੀਤ ਕੌਰ ਦਾ ਜ਼ਿਕਰ ਬੜੇ ਅਦਬ ਨਾਲ਼ ਵਿਸਥਾਰ ਵਿਚ ਕੀਤਾ ਹੈ। 'ਸ਼ਖ਼ਸੀਅਤ ਤੇ ਸਹਿਯੋਗ' ਸਿਰਲੇਖ ਵਾਲ਼ੇ ਇਸ ਚੈਪਟਰ ਵਿਚ ਸਮੁੱਚੇ ਪਰਿਵਾਰ, ਜਿਸ ਵਿਚ ਬੇਟਾ ਨਵਰੂਜ਼ ਅਤੇ ਬੇਟੀ ਸੁਮਾਲੀ ਸ਼ਾਮਲ ਹਨ, ਦੀ ਭੂਮਿਕਾ ਦੀ ਬਾਤ ਪਾਈ ਗਈ ਹੈ ਜੋ ਨਵੀਂ ਪੀੜ੍ਹੀ ਲਈ ਪ੍ਰੇਰਣਾਦਾਇਕ ਹੈ। ਇਸ ਪਾਠ ਵਿਚ ਪਰਿਵਾਰ ਦੇ ਉਨ੍ਹਾਂ ਸੰਘਰਸ਼ਾਂ ਦੀ ਗੱਲ ਵੀ ਹੋਈ ਜਿਸ ਵਿਚੋਂ ਪ੍ਰੋ. ਕੁਲਬੀਰ ਸਿੰਘ ਨੂੰ ਯੂਨੀਵਰਸਿਟੀ ਦੀ ਪੜ੍ਹਾਈ ਮੌਕੇ, ਨੌਕਰੀ ਲੱਭਣ ਵੇਲ਼ੇ, ਨਿਯੁਕਤੀ ਵੇਲ਼ੇ ਤੇ ਫਿਰ ਅਬੋਹਰ ਛੱਡ ਕੇ ਜਲੰਧਰ ਆਉਣ, ਕਵਲਜੀਤ ਦੀ ਨਵੀਂ ਨਿਯੁਕਤੀ ਅਤੇ ਪ੍ਰੋ. ਕੁਲਬੀਰ ਦੀ ਢੁਕਵੇਂ ਕਾਲਜ ਵਿਚ ਬਦਲੀ ਕਰਵਾਉਣ ਵੇਲ਼ੇ ਕਰਨੇ ਪਏ। 'ਟੈਲੀਵੀਜ਼ਨ ਸਮੀਖਿਆ ਦੇ ਚੌਂਤੀ ਵਰ੍ਹਿਆਂ ਦੌਰਾਨ ਹਫ਼ਤਾਵਾਰੀ ਕਾਲਮ ਲਿਖਦਿਆਂ ਆਈਆਂ ਦੁਸ਼ਵਾਰੀਆਂ, ਹੋਈਆਂ ਪ੍ਰਾਪਤੀਆਂ, ਮਿਲੀਆਂ ਹੱਲਾਸ਼ੇਰੀਆਂ ਤੇ ਨਰਾਜ਼ਗੀਆਂ ਦੀ ਗੱਲ ਖੁੱਲ੍ਹ ਕੇ ਹੋਈ ਹੈ। ਇਹ ਸੱਚ ਹੈ ਕਿ ਅੱਜ ਜੇਕਰ ਮੀਡੀਆ ਨਾਲ਼ ਸਬੰਧਤ ਕਿਤਾਬਾਂ ਮਿਲਦੀਆਂ ਹਨ ਤਾਂ ਇਹ ਪ੍ਰੋ. ਕੁਲਬੀਰ ਸਿੰਘ ਦੀ ਮਿਹਨਤ ਅਤੇ ਲਗਨ ਦਾ ਨਤੀਜਾ ਹੀ ਹਨ। ਇਸ ਕੀਤੇ ਕੰਮ ਕਾਰਨ ਹੀ ਅੱਜ ਕਾਲਜਾਂ, ਯੂਨੀਵਰਸਿਟੀਆਂ ਵਿੱਚ ਮੀਡੀਆ ਖੋਜ-ਪੱਤਰ ਲਿਖੇ ਜਾ ਰਹੇ ਹਨ। ਮੀਡੀਆ ਇੱਕ ਵਿਸ਼ੇ ਵਜੋਂ ਪ੍ਰਵਾਨਤ ਹੋ ਗਿਆ ਹੈ।

ਪਰਵਾਸੀ ਮੀਡੀਆ 'ਤੇ ਕੀਤੇ ਖੋਜ-ਕਾਰਜ ਦੀਆਂ ਦੋ ਪੁਸਤਕਾਂ 'ਪਰਵਾਸੀ ਪੰਜਾਬੀ ਮੀਡੀਆ' ਭਾਗ ਪਹਿਲਾ ਅਤੇ 'ਪਰਵਾਸੀ ਪੰਜਾਬੀ ਮੀਡੀਆ' ਭਾਗ ਦੂਜਾ ਬਾਰੇ ਪ੍ਰੋ. ਸ਼ਾਹਿਬ ਦਾ ਦਾਅਵਾ ਹੈ ਕਿ ਇਸ ਸਮੱਗਰੀ ਤੇ ਜਾਣਕਾਰੀ ਨਾਲ਼ ਕੋਈ ਵੀ ਖੋਜਾਰਥੀ ਇਸ ਵਿਸ਼ੇ 'ਤੇ ਪੀਐੱਚ.ਡੀ ਕਰ ਸਕਦਾ ਹੈ। ਵੱਖ-ਵੱਖ ਕਾਲਜਾਂ ਤੇ

ਯੂਨੀਵਰਸਿਟੀਆਂ ਵਿਚ ਲੈਕਚਰ ਕਰਨ ਤੇ ਖੋਜ-ਪੱਤਰ ਪੜ੍ਹਨ ਲਈ ਜਾਣਾ ਕੀਤੀ ਮਿਹਨਤ ਦੀਆਂ ਪ੍ਰਾਪਤੀਆਂ ਦੀ ਦੱਸ ਪਾਉਂਦੇ ਹਨ। ਦੋ ਹਜ਼ਾਰ ਤੋਂ ਵੱਧ ਆਰਟੀਕਲ ਲਿਖਣੇ ਵੀ ਇਸ ਖੇਤਰ ਵਿਚ ਕੀਤਾ ਗਿਆ ਮਾਣਯੋਗ ਕਾਰਜ ਹੈ। ਦੇਸ਼ਾਂ, ਵਿਦੇਸ਼ਾਂ ਵਿਚ ਘੁੰਮਣ ਫਿਰਨ ਦਾ ਸ਼ੌਂਕ ਤੇ ਸਫ਼ਰਨਾਮੇ ਲਿਖਣੇ ਵੀ ਆਤਮ-ਕਥਾ ਦੇ ਮਾਣਮੱਤੇ ਪੰਨੇ ਬਣਦੇ ਹਨ। ਦੋ ਸਫ਼ਰਨਾਮੇ 'ਲੰਡਨ ਦੂਰ ਨਹੀਂ', ਅਤੇ 'ਆਸਟਰੇਲੀਆ ਵਿਚ ਵੀਹ ਦਿਨ' ਦਿਲਚਸਪ ਸਮੱਗਰੀ ਸਮੇਟਦੀਆਂ ਦੋ ਖ਼ੂਬਸੂਰਤ ਕਿਤਾਬਾਂ ਹਨ। ਘੁੰਮਣ ਫਿਰਨ ਦਾ ਸ਼ੌਂਕ ਲੇਖਕ ਦੀ ਆਤਮ-ਕਥਾ ਵਿੱਚ ਤਣਾਅ ਮੁਕਤ ਕਰਦੇ, ਉਦਾਸ ਹਿਰਦੇ ਅੰਦਰ ਤਾਜ਼ਗੀ ਭਰਦੇ ਸਿਹਤਮੰਦ ਅਧਿਆਏ ਜੋੜਦਾ ਹੈ। ਅਕਾਸ਼ਵਾਣੀ ਨਾਲ਼ ਜੁੜੀਆਂ ਯਾਦਾਂ ਵੀ ਦਿਲਚਸਪ ਅਤੇ ਪ੍ਰੇਰਣਾਦਾਇਕ ਹਨ। ਇਹ ਵੇਰਵੇ ਤੁਹਾਡੀ ਸਿਰਜਣ ਸਮਰੱਥਾ ਨੂੰ ਊਰਜਾ ਅਤੇ ਉਤਸ਼ਾਹ ਨਾਲ਼ ਭਰਦੇ ਹਨ।

ਅਕਾਸ਼ਵਾਣੀ ਜਲੰਧਰ ਨਾਲ਼ ਜੁੜੀਆਂ ਯਾਦਾਂ ਦਾ ਇਸ ਪੁਸਤਕ ਵਿਚ ਵੱਖਰਾ ਮਹੱਤਵ ਹੈ। ਖ਼ਾਸ ਖ਼ਬਰ: ਇੱਕ ਨਜ਼ਰ ਡੀ.ਡੀ. ਪੰਜਾਬੀ 'ਤੇ ਪ੍ਰਸਾਰਤ ਹੋਣ ਵਾਲ਼ਾ ਚਰਚਿਤ ਪ੍ਰੋਗਰਾਮ ਸੀ। ਲੇਖਕ ਖ਼ੁਦ ਇਸ ਪ੍ਰੋਗਰਾਮ ਦਾ ਹਿੱਸਾ ਰਿਹਾ ਹੈ। ਇਸੇ ਕਾਰਨ ਇਸ ਦੇ ਵੇਰਵੇ ਬੜੀ ਬਾਰੀਕ ਬੀਨੀ ਨਾਲ਼ ਸਾਂਝੇ ਹੋਏ ਹਨ। ਡੀ.ਡੀ. ਪੰਜਾਬੀ ਦੇ ਡਾਇਰੈਕਟਰਾਂ ਦੇ ਮਹੀਨ ਵੇਰਵੇ, ਪ੍ਰੋਗਰਾਮਾਂ ਉੱਪਰ ਪਏ ਉਨ੍ਹਾਂ ਦੇ ਪ੍ਰਭਾਵ, ਟੀ.ਵੀ. ਐਂਕਰਾਂ ਦੀ ਭਾਸ਼ਾ, ਦਿੱਖ, ਪਹਿਰਾਵੇ ਅਤੇ ਪ੍ਰੋਗਰਾਮਾਂ ਉੱਪਰ ਉਨ੍ਹਾਂ ਦੀ ਪਕੜ ਬਾਰੇ ਜਿਵੇਂ ਨਿੱਠ ਕੇ ਗੱਲ ਹੋਈ ਹੈ, ਉਹ ਲੇਖਕ ਦੀ ਇਸ ਸਾਰੇ ਵਰਤਾਰੇ ਵਿਚ ਸ਼ਮੂਲੀਅਤ ਦੀ ਸੰਜੀਦਗੀ ਦੀ ਸੂਹ ਪਾਉਂਦੀ ਹੈ। ਮਾਣਕ, ਹੰਸ, ਦੀਪਕ ਨਾਲ਼ ਲੇਖਕ ਦੀ ਨੇੜਤਾ ਉਸ ਦੀ ਜੀਵਨੀ ਦੇ ਮਾਣਮੱਤੇ ਛਿਣ ਹਨ ਜਿਨ੍ਹਾਂ ਨੂੰ ਪਾਠਕਾਂ ਨਾਲ਼ ਸਾਂਝਾ ਕਰਨਾ ਆਤਮ-ਕਥਾ ਨੂੰ ਸਵਾਦਲਾ ਬਣਾਉਂਦਾ ਹੈ। ਖੁੱਲ੍ਹੇ-ਡੁੱਲ੍ਹੇ ਘਰ ਦੀ ਤਾਮੀਰ ਕਰਵਾਉਣੀ, ਮਨਪਸੰਦ ਕਾਰਾਂ ਦੇ ਮਾਡਲ ਰੱਖਣੇ, ਕੱਪੜਿਆਂ ਦੇ ਡਿਜ਼ਾਈਨ ਤੇ ਰੰਗਾਂ ਦੀ ਚੋਣ ਓਪਰੀ ਨਜ਼ਰੇ ਸੁਖ-ਸਹੂਲਤਾਂ ਮਾਣ ਰਹੇ ਮਨੁੱਖ ਦੇ ਸ਼ੌਂਕ ਵੀ ਲੱਗ ਸਕਦੇ ਹਨ, ਪਰ ਬਾਰੀਕੀ ਨਾਲ਼ ਵੇਖਿਆਂ ਇਸ ਵਿਚ ਕਲਾਤਮਿਕ ਸੁਹਜ ਦੀ ਸੋਝੀ ਵੀ ਲੱਭਦੀ ਹੈ। ਇਹ ਆਤਮ-ਕਥਾ ਹੋਏ, ਬੀਤੇ ਤੇ ਹੰਢਾਏ ਦਾ ਸਰਲ ਬਿਰਤਾਂਤ ਨਹੀਂ ਹੈ। ਇਸ ਵਿਚ ਨਵੇਂ ਅਨੁਭਵ, ਸੱਜਰੇ ਗਿਆਨ ਤੇ ਪ੍ਰਾਪਤ ਜਗਿਆਸਾ ਵੀ ਸ਼ਾਮਲ ਹੈ। ਸੁਖ-ਸਹੂਲਤਾਂ ਮਾਣ ਰਹੇ ਬੰਦੇ ਕੋਲ਼ ਵੀ ਤਲ਼ਖ਼ ਤਜਰਬੇ, ਉਦਾਸ ਛਿਣ, ਤਣਾਅ-ਯੁਕਤ ਮੌਕੇ ਆਉਂਦੇ ਹਨ। ਇਨ੍ਹਾਂ ਦਾ ਵਰਣਨ ਜੇਕਰ ਤੁਹਾਡੀ ਲਿਖਤ ਵਿਚ ਬਿਨਾਂ ਕਿਸੇ ਉਚੇਚ ਦੇ ਆਪ-ਮੁਹਾਰੇ ਹੁੰਦਾ ਹੈ ਤਾਂ ਇਹ ਵਰਣਨ ਤੁਹਾਡੀ ਸੋਚ ਨੂੰ ਝੰਜੋੜਦਾ ਪ੍ਰਵਚਨ ਬਣ ਜਾਂਦਾ ਹੈ। ਅਜਿਹਾ ਅਨੁਭਵ ਪਾਠਕ ਨੂੰ ਇਹ ਪੁਸਤਕ ਪੜ੍ਹਦਿਆਂ ਬਾਰ-ਬਾਰ ਹੁੰਦਾ ਹੈ।

'ਪੀਸ ਆਫ਼ ਮਾਈਂਡ' ਇਸ ਪੁਸਤਕ ਵਿਚ ਸ਼ਾਮਲ ਇੱਕ ਹੋਰ ਭਾਵਪੂਰਤ ਨਿਬੰਧ ਹੈ। 'ਆਪਣੇ ਵਿਚਾਰਾਂ ਨਾਲ਼ ਲੜਨਾ ਬੰਦ ਕਰ ਦਿਓ' ਕਿੰਨੀ ਗਹਿਰੀ ਗੱਲ ਹੈ। ਇਸ ਨੂੰ ਕਹਿਣ ਲਈ ਜਟਿਲ ਬਿੰਬਾਂ, ਪ੍ਰਤੀਕਾਂ ਅਤੇ ਬੌਧਿਕ ਭਾਸ਼ਾ ਦੀ ਲੋੜ ਨਹੀਂ ਪਈ। ਇਸੇ ਅਧਿਆਏ ਵਿਚ ਸ਼ਾਮਲ ਹੈ, "ਜੇ ਮੇਰਾ ਮਨ ਅਡੋਲ ਹੈ, ਮੈਂ ਮਨ ਤੋਂ ਸ਼ਾਂਤ ਹਾਂ ਤਾਂ ਸ਼ੋਰ-ਸ਼ਰਾਬੇ ਵਾਲ਼ੇ ਰੈਸਟੋਰੈਂਟ ਵਿਚ ਚਾਹ-ਕੌਫ਼ੀ ਦਾ ਮੱਗ ਪੀਂਦੇ ਹੋਏ ਵੀ ਮੈਂ ਸੁੰਦਰ ਕਵਿਤਾ ਲਿਖ ਸਕਦਾ ਹਾਂ। " ਸਮੀਖਿਆ ਕਰਨ ਵੇਲ਼ੇ ਮੈਂ ਬਹੁਤ ਸਾਰੇ ਅਧਿਆਇ ਛੱਡ ਰਿਹਾ ਹਾਂ। ਅਜਿਹਾ ਸਪੇਸ ਦੀ ਲੋੜ ਕਰਕੇ ਵੀ ਹੈ। ਉਂਝ ਮੈਂ ਇਹ ਪੂਰੀ ਪੁਸਤਕ ਦੂਜੀ ਵਾਰ ਪੜ੍ਹ ਰਿਹਾ ਹਾਂ। ਪੰਨੇ ਪਲਟਦਿਆਂ ਮੇਰੀ ਨਿਗ੍ਹਾ 'ਮੀਡੀਆ ਵਿਚ ਨਵੇਂ ਰੁਝਾਨ' ਚੈਪਟਰ 'ਤੇ ਪਈ ਤਾਂ ਮੈਨੂੰ ਲੱਗਿਆ ਮੀਡੀਆ ਆਲੋਚਕ ਆਪਣੀ ਆਤਮ-ਕਥਾ ਦੇ ਕੋਲ਼ ਪਰਤ ਆਇਆ ਹੈ। ਪਰੰਪਰਾਗਤ ਮੀਡੀਆ ਡਿਜੀਟਲ ਮੀਡੀਆ ਅੰਦਰ ਦਾਖ਼ਲ ਹੋ ਗਿਆ ਹੈ। ਪਿਛਲੇ ਕੁਝ ਦਹਾਕਿਆਂ ਦੌਰਾਨ ਮੀਡੀਆ ਦੇ ਖੇਤਰ ਵਿਚ ਤੇਜ਼ੀ ਨਾਲ ਤਬਦੀਲੀਆਂ ਵਾਪਰ ਰਹੀਆਂ ਹਨ ਕਿ ਮੀਡੀਆ ਨਾਲ਼ ਜੁੜੇ ਹਰ ਵਿਅਕਤੀ ਨੂੰ ਇਹਨਾਂ ਤਬਦੀਲੀਆਂ ਦੇ ਹਾਣ ਦਾ ਬਣਾਈ ਰੱਖਣ ਲਈ ਵਧੇਰੇ ਅਧਿਐਨ ਅਤੇ ਮਿਹਨਤ ਦੀ ਲੋੜ ਪੈ ਰਹੀ ਹੈ। ਮੀਡੀਆ ਆਲੋਚਕ ਲਈ, ਜਿਸ ਨੇ ਇਨ੍ਹਾਂ ਤਬਦੀਲੀਆਂ ਬਾਰੇ ਦਰਸ਼ਕਾਂ, ਪਾਠਕਾਂ ਨੂੰ ਜਾਣੂ ਕਰਵਾਉਣਾ ਹੈ, ਇਹ ਕਾਰਜ ਹੋਰ ਵੀ ਜ਼ਿੰਮੇਵਾਰੀ ਵਾਲਾ ਬਣ ਜਾਂਦਾ ਹੈ। ਦਿਨ ਦਾ ਬਹੁਤਾ ਸਮਾਂ ਸੋਸ਼ਲ ਮੀਡੀਆ ਨਾਲ਼ ਜੁੜੇ ਲੋਕਾਂ ਨੂੰ ਇਸ ਦੇ ਮਾਨਸਿਕ ਸਿਹਤ ਉੱਪਰ ਪੈ ਰਹੇ ਦੂਰ ਪ੍ਰਭਾਵਾਂ ਬਾਰੇ ਜਾਣੂ ਕਰਵਾਉਣਾ ਵੀ ਮੀਡੀਆ ਆਲੋਚਕ ਦੀ ਜ਼ਿੰਮੇਵਾਰੀ ਵਿਚ ਸ਼ਾਮਲ ਹੋ ਜਾਂਦਾ ਹੈ। ਫੇਸਬੁੱਕ ਵਰਤਣ ਵਾਲੇ ਤੇਜ਼ੀ ਨਾਲ਼ ਮਾਨਸਿਕ ਗੁੰਝਲਾਂ ਦੇ ਸ਼ਿਕਾਰ ਹੋ ਰਹੇ ਹਨ। ਇਸ ਸਬੰਧੀ ਹੋਈਆਂ ਖੋਜਾਂ ਦੇ ਹਵਾਲੇ ਦੇਣੇ ਵੀ ਬਹੁਤ ਜ਼ਰੂਰੀ ਹਨ। ਡਿਜੀਟਲ ਤਕਨੀਕ ਦੇ ਵਿਕਸਤ ਹੋਣ ਨਾਲ਼ ਪ੍ਰਿੰਟ ਮੀਡੀਆ ਦਾ ਭਵਿੱਖ ਵੀ ਡਾਵਾਂਡੋਲ ਹੋ ਗਿਆ ਹੈ। ਸੋਸ਼ਲ ਮੀਡੀਆ ਨੇ ਇੱਕ ਪਾਸੇ ਸਾਡੇ ਰਹਿਣ ਸਹਿਣ ਵਿਚ ਬਹੁਤ ਸਾਰੀਆਂ ਸੁਖ-ਸਹੂਲਤਾਂ ਪੈਦਾ ਕੀਤੀਆਂ ਹਨ ਉਥੇ ਹੀ ਨਵੀਆਂ ਜੀਵਨ ਗੁੰਝਲਾਂ ਵੀ ਪੈਦਾ ਕੀਤੀਆਂ ਹਨ। ਇਲੈਕਟ੍ਰਾਨਿਕ ਮੀਡੀਆ ਵਿਚ ਨਿੱਤ ਨਵੀਆਂ ਤਕਨੀਕਾਂ ਆ ਰਹੀਆਂ ਹਨ। ਚੀਨ ਵਾਲਿਆਂ ਨੇ ਨਕਲੀ ਨਿਊਜ਼ ਰੀਡਰ ਵੀ ਪੈਦਾ ਕਰ ਦਿੱਤਾ ਹੈ। ਅਲੈਕਸਾ ਨਾਂ ਦਾ ਯੰਤਰ, ਜਿਸ ਨੂੰ ਆਵਾਜ਼ ਰਾਹੀਂ ਹੁਕਮ ਦੇ ਕੇ ਦੁਨੀਆਂ ਭਰ ਦਾ ਕੋਈ ਵੀ ਰੇਡੀਉ, ਟੀ.ਵੀ. ਚੈਨਲ ਵੇਖ ਸੁਣ ਸਕਦੇ ਹੋ। ਡਿਜੀਟਲ ਮੀਡੀਆ ਨੇ ਬੜਾ ਕੁਝ ਬਦਲ ਦਿੱਤਾ ਹੈ ਜਿਸ ਦੇ ਹਾਣ ਦਾ ਹੋਣ ਦੀ ਅੱਜ ਸਾਨੂੰ ਲੋੜ ਹੈ। ਇਹ ਸਾਰੀਆਂ ਗੱਲਾਂ ਪ੍ਰੋ. ਕੁਲਬੀਰ ਸਿੰਘ ਨੇ ਆਪਣੀ ਆਤਮ-ਕਥਾ ਵਿੱਚ ਬੜੇ ਵਿਸਥਾਰ ਨਾਲ਼ ਸਾਂਝੀਆਂ ਕੀਤੀਆਂ ਹਨ।

ਮੀਡੀਆ ਨਾਲ਼ ਸਬੰਧਤ ਹੋਰ ਬਹੁਤ ਸਾਰੀਆਂ ਜਾਣਕਾਰੀਆਂ ਵੀ ਪੜ੍ਹਨ ਨੂੰ ਮਿਲਦੀਆਂ ਹਨ। ਟੈਲੀਵੀਜ਼ਨ ਅਤੇ ਸਾਹਿਤ, ਗੁਣਵਤਾ ਜਾਂ ਟੀ.ਆਰ.ਪੀ, ਡਿਸਕਵਰੀ ਚੈਨਲ, ਵਿਦੇਸ਼ਾਂ ਵਿਚ ਪੰਜਾਬੀ ਬੋਲੀ, ਪਰਵਾਸੀ ਪੰਜਾਬੀ ਮੀਡੀਆ, ਮੀਡੀਆ ਤੇ ਮੈਂ, ਗਲੋਬਲ ਮੀਡੀਆ ਅਕੈਡਮੀ ਪਾਠਾਂ ਦੇ ਅੰਤਰਗਤ ਮੀਡੀਆ ਨਾਲ਼ ਸਬੰਧਤ ਹੋਰ ਬਹੁਤ ਸਾਰੀ ਗਿਆਨਵਰਧਕ ਜਾਣਕਾਰੀ ਪੜ੍ਹਨ ਨੂੰ ਮਿਲਦੀ ਹੈ। ਸਿਹਤ ਨਾਲ਼ ਸਬੰਧਤ ਸਮੱਗਰੀ ਨੂੰ ਪੜ੍ਹਨਾ ਤੇ ਪਾਠਕਾਂ ਨਾਲ਼ ਸਾਂਝੀ ਕਰਨਾ ਪ੍ਰੋ. ਸਾਹਿਬ ਦੀ ਮਨਪਸੰਦੀ ਦਾ ਵਿਸ਼ਾ ਹੈ। ਅਸੀਂ ਹੁਣ ਡਿਜੀਟਲ ਲਾਈਫ਼ ਜੀ ਰਹੇ ਹਾਂ ਜਾਂ ਜਿਉਣ ਜਾ ਰਹੇ ਹਾਂ। ਅਜਿਹੇ ਵਿਚ ਮੋਬਾਇਲ ਦੀ ਗੁਲਾਮੀ, ਗੂਗਲ ਮੈਪਸ ਦੀ ਵਰਤੋਂ ਅਤੇ ਮਹੱਤਤਾ ਅਤੇ ਲੰਮੀ ਉਮਰ ਲਈ ਸਿਹਤਮੰਦ ਖ਼ੁਰਾਕ, ਸੈਰ, ਕਸਰਤ ਅਤੇ ਹੋਰ ਬਹੁਤ ਸਾਰੀਆਂ ਆਦਤਾਂ ਅਤੇ ਸ਼ੌਕ ਮੀਡੀਆ ਆਲੋਚਕ ਦੀ ਆਤਮ-ਕਥਾ ਦਾ ਹਿੱਸਾ ਬਣਦੇ ਹਨ। ਇੰਝ ਇਹ ਪੁਸਤਕ ਮਨੁੱਖੀ ਜੀਵਨ ਨਾਲ਼ ਜੁੜੇ ਬਹੁਤ ਸਾਰੇ ਮਹੱਤਵਪੂਰਨ ਮੁੱਦੇ ਬੜੇ ਤਰਕ ਨਾਲ਼ ਛੋਹਦੀ ਹੈ। ਇਸ ਪੁਸਤਕ ਨੂੰ ਪੜ੍ਹਦਿਆਂ ਜੇਕਰ ਤੁਹਾਡਾ ਲੇਖਕ ਨੂੰ ਮਿਲਣ ਦਾ ਮਨ ਕਰੇ ਤਾਂ ਸਮਝ ਲੈਣਾ ਚਾਹੀਦਾ ਹੈ ਕਿ ਲੇਖਕ ਦੀ ਸਿਰਜਣਾ ਨੇ ਆਪਣਾ ਮੁਕਾਮ ਹਾਸਲ ਕਰ ਲਿਆ ਹੈ।

ਮੀਡੀਆ ਤੋਂ ਬਿਨ੍ਹਾਂ ਵੀ ਇਸ ਪੁਸਤਕ ਵਿੱਚ ਜੀਵਨ ਨਾਲ਼ ਸਬੰਧਤ ਹੋਰ ਬਹੁਤ ਕੁਝ ਅਜਿਹਾ ਹੈ ਜੋ ਇਸ ਆਤਮ-ਕਥਾ ਨੂੰ ਬਾਕੀ ਸਵੈ-ਜੀਵਨੀਆਂ ਨਾਲੋਂ ਵੱਖ ਕਰਦਾ ਹੈ। ਮੈਨੂੰ ਇਹ ਇਸ ਕਿਰਤ ਦੀ ਵਡੱਤਣ ਲੱਗਦੀ ਹੈ। ਇਸ ਪੁਸਤਕ ਦੀ ਭਾਸ਼ਾ ਸਰਲ ਹੋਣ ਦੇ ਨਾਲ਼ ਨਾਲ਼ ਆਪਣਾ ਸਾਹਿਤਕ ਮੁਹਾਵਰਾ ਵੀ ਬਣਾਈ ਰੱਖਦੀ ਹੈ। ਸਿਹਤ ਮਨੁੱਖ ਦਾ ਵੱਡਾ ਸਰਮਾਇਆ ਹੁੰਦੀ ਹੈ। ਇਸ ਪੁਸਤਕ ਵਿੱਚ ਸਿਹਤ ਨੂੰ ਸਿਹਤਮੰਦ ਰੱਖਣ ਨਾਲ਼ ਸਬੰਧਤ ਬਹੁਤ ਸਾਰਾ ਬਿਰਤਾਂਤ ਪੜ੍ਹਨ ਨੂੰ ਮਿਲਦਾ ਹੈ। ਇੰਝ ਹੀ ਕਿਹੜਾ ਅਤੇ ਕਿੰਨਾ ਭੋਜਨ ਖਾਣਾ ਚਾਹੀਦਾ ਹੈ, ਸੈਰ, ਯੋਗਾ ਅਤੇ ਕਸਰਤ ਦੀਆਂ ਹੋਰ ਵਿਧੀਆਂ ਦਾ ਵਿਗਿਆਨਕ ਵਰਣਨ ਮਿਲਦਾ ਹੈ। ਚੰਗੀਆਂ ਕਿਤਾਬਾਂ ਪੜ੍ਹਨੀਆਂ, ਚੰਗੇ ਦੋਸਤ ਬਣਾਉਣੇ, ਚੰਗੇ ਵਿਚਾਰ ਰੱਖਣੇ ਅਤੇ ਘਰ ਪਰਿਵਾਰ ਨਾਲ਼ ਅਪਣੱਤ ਦਾ ਰਿਸ਼ਤਾ ਬਣਾਈ ਰੱਖਣ ਸਮੇਤ ਕਿਸੇ ਹੰਢੇ ਹੋਏ ਬਜ਼ੁਰਗ ਦੀਆਂ ਸਿਹਤਮੰਦ ਨਸੀਹਤਾਂ ਵਰਗਾ ਬਹੁਤ ਕੁਝ ਇਹ ਆਤਮ-ਕਥਾ ਵਿੱਚ ਸ਼ਾਮਲ ਹੈ। ਅਸਲ ਵਿੱਚ ਇਹ ਸਾਰਾ ਕੁਝ ਸੁਣੀਆਂ ਸੁਣਾਈਆਂ ਜਾਂ ਪੜ੍ਹੀਆਂ ਗੱਲਾਂ ਨਹੀਂ ਹਨ। ਇਹ ਪ੍ਰੋ. ਕੁਲਬੀਰ ਸਿੰਘ ਦੇ ਹੰਢਾਏ ਅਨੁਭਵ ਹਨ। ਇਹ ਉਸ ਦੀ ਜੀਵਨ ਜਾਚ ਹੈ ਜਿਸ ਨੂੰ ਕੁਲਬੀਰ ਨੇ ਵਰ੍ਹਿਆਂ ਦੇ ਅਨੁਭਵ ਨਾਲ਼ ਅਪਣਾਇਆ।

ਪੁਸਤਕ ਵਿੱਚ ਸਾਨੂੰ ਦਾਰਸ਼ਨਿਕ ਵਾਰਤਕ ਪੜ੍ਹਨ ਨੂੰ ਮਿਲਦੀ ਹੈ। ਇਸ ਵਿੱਚ ਬਹੁਤ ਸਾਰੇ ਕਹਾਵਤਾਂ ਵਰਗੇ ਵਾਕ ਹਨ ਜਿਨ੍ਹਾਂ ਨੂੰ ਵੱਖਰੇ ਕਰਕੇ ਵੀ

ਲਿਖਿਆ ਗਿਆ ਹੈ। ਬਹੁਤ ਸਾਰੀਆਂ ਤਸਵੀਰਾਂ ਇਸ ਪੁਸਤਕ ਦਾ ਹਿੱਸਾ ਹਨ। ਇਹਨਾਂ ਤਸਵੀਰਾਂ ਵਿੱਚ ਵੀ ਉਸ ਦੀ ਆਤਮ-ਕਥਾ ਪਈ ਹੈ। ਇਹ ਪੁਸਤਕ ਉਸ ਦੀ ਨਵੇਕਲੀ ਚੋਣ ਵਿਚਲੀਆਂ ਪ੍ਰਾਪਤੀਆਂ, ਦੁਸ਼ਵਾਰੀਆਂ ਅਤੇ ਦੇਸ ਵਿਦੇਸ਼ ਵਿੱਚ ਮਿਲੀ ਪ੍ਰਸਿੱਧੀ ਦਾ ਕਲਾਤਮਿਕ ਵਰਣਨ ਹੈ। ਇਹ ਉਸ ਦੀਆਂ ਹੁਣ ਤੱਕ ਮੀਡੀਆ ਨਾਲ਼ ਸਬੰਧਤ ਛਪੀਆਂ ਕਿਤਾਬਾਂ ਤੋਂ ਵੱਖਰੀ ਸਾਹਿਤਕ ਕਿਰਤ ਹੈ ਜਿਸ ਦਾ ਸਾਹਿਤਕ ਹਲਕਿਆਂ ਅੰਦਰ ਜ਼ਿਕਰ ਵਿਸ਼ੇਸ਼ ਹੋਵੇਗਾ। ਅਜਿਹਾ ਮੇਰਾ ਮੰਨਣਾ ਹੈ। ਉਹ ਹੋਰਾਂ ਨੂੰ ਇਹ ਜੀਵਨ ਜਾਚ ਅਪਨਾਉਣ ਲਈ ਕਹਿਣ ਦੇ ਕਾਬਲ ਹੋ ਸਕਿਆ ਹੈ। ਇਸ ਪੁਸਤਕ ਦੇ ਪੰਨਾ ਨੰ. 14 'ਤੇ 'ਮੇਰਾ ਜੀਵਨ ਮੇਰਾ ਅਨੁਭਵ' ਸਿਰਲੇਖ ਵਾਲ਼ਾ ਆਰਟੀਕਲ ਪ੍ਰੋ. ਕੁਲਬੀਰ ਸਿੰਘ ਆਪਣੇ ਸਮੁੱਚ ਸਮੇਤ ਪਿਆ ਹੈ। ਇਸ ਆਰਟੀਕਲ ਵਿੱਚ ਪ੍ਰੋ. ਸ਼ਾਹਿਬ ਦੇ ਸੰਘਰਸ਼, ਪ੍ਰਾਪਤੀਆਂ, ਦਾਰਸ਼ਨਿਕਤਾ, ਵਿਚਾਰਸ਼ੀਲਤਾ, ਰਹਿਣ-ਸਹਿਣ, ਖਾਣ-ਪੀਣ, ਸਿਹਤ ਪ੍ਰਤੀ ਅਪਣਾਇਆ ਸਿਹਤਮੰਦ ਵਿਹਾਰ, ਕੰਮ ਪ੍ਰਤੀ ਸੁਹਿਰਦਤਾ, ਇਮਾਨਦਾਰੀ, ਲਗਨ, ਕੋਸ਼ਿਸ਼, ਲਗਾਤਾਰਤਾ ਅਤੇ ਲੰਮੀ ਉਮਰ ਜਿਉਣ ਲਈ ਜੀਵਨ ਸ਼ੈਲੀ ਆਦਿ ਪੜ੍ਹਨ ਨੂੰ ਮਿਲਦੇ ਹਨ। ਇਹ ਆਰਟੀਕਲ ਕੁਲਬੀਰ ਸਿੰਘ ਦੇ ਅੰਤਰੀਵ 'ਚ ਪਿਆ ਆਤਮ-ਕਥਾ ਵਰਗਾ ਬਿਰਤਾਂਤ ਹੈ। ਇੰਝ ਇਸ ਪੁਸਤਕ ਨੂੰ ਪੜ੍ਹਦਿਆਂ ਅਤੇ ਇਸ ਬਾਰੇ ਲਿਖਦਿਆਂ ਇੱਕ ਤੋਂ ਬਾਅਦ ਦੂਜੀ ਤੰਦ ਹੱਥ ਲੱਗਦੀ ਜਾਂਦੀ ਹੈ। ਸਾਰੀ ਕਿਤਾਬ ਪੜ੍ਹ ਕੇ ਵੀ ਬਹੁਤ ਕੁਝ ਅਣ-ਪੜ੍ਹਿਆ ਰਹਿ ਗਿਆ ਲੱਗਦਾ ਹੈ। ਲੱਗਦਾ ਤਾਂ ਇਹ ਵੀ ਹੈ ਕਿ ਪ੍ਰੋ. ਕੁਲਬੀਰ ਸਿੰਘ ਦੀ ਜੀਵਨੀ ਨੁਮਾ ਆਤਮ-ਕਥਾ ਵਿਚ ਵੀ ਬਹੁਤ ਕੁਝ ਲਿਖਣਾ ਤੇ ਸਾਂਝਾ ਕਰਨਾ ਰਹਿ ਗਿਆ ਹੈ। ਇਸ ਆਸ ਨਾਲ਼ ਕਿ ਰਹਿ ਗਿਆ ਕਿਸੇ ਅਗਲੇ ਐਡੀਸ਼ਨ ਦਾ ਹਿੱਸਾ ਬਣੇਗਾ, ਅਸੀਂ ਇਸ ਸਾਹਿਤਕ ਉਪਰਾਲੇ ਲਈ ਪ੍ਰੋ. ਕੁਲਬੀਰ ਸਿੰਘ ਨੂੰ ਮੁਬਾਰਕਬਾਦ ਦਿੰਦੇ ਹਾਂ।

❑❑❑

# ਸ਼ਮੀਲ ਰਚਿਤ ਧੂਫ਼ ਦੀ ਖ਼ੁਸ਼ਬੋ 'ਚ ਰਚੀ ਕਵਿਤਾ ਦਾ ਜਲੌਅ

ਧੂਫ਼ ਸ਼ਮੀਲ ਰਚਿਤ ਕਾਵਿ-ਪੋਥੀ ਹੈ ਜਿਸ ਵਿਚ ਤਿੰਨ ਕਿਤਾਬਾਂ ਸਮਿਲਤ ਹਨ ਜਾਂ ਇੰਝ ਕਹਿ ਲਵੋ ਕਿ ਇਸ ਪੁਸਤਕ ਦੇ ਤਿੰਨ ਭਾਗ ਹਨ। ਹਰੇਕ ਭਾਗ ਦੀਆਂ ਕਵਿਤਾਵਾਂ ਵੱਖ-ਵੱਖ ਸਮੇਂ ਹੋਏ ਵੱਖਰੇ ਵੱਖਰੇ ਅਨੁਭਵ ਦੀਆਂ ਕਵਿਤਾਵਾਂ ਹਨ। ਮੈਂ ਸ਼ਮੀਲ ਨੂੰ ਪਹਿਲੀ ਵਾਰ ਪੜ੍ਹ ਰਿਹਾ ਹਾਂ। ਸ਼ਮੀਲ ਨੂੰ ਪੜ੍ਹਦਿਆਂ ਲੱਗਾ ਕਿ ਮੈਂ ਕਵਿਤਾ ਪੜ੍ਹ ਰਿਹਾ ਹਾਂ। ਅਜਿਹਾ ਬਹੁਤ ਘੱਟ ਵਾਰ ਹੁੰਦਾ ਹੈ। ਮੈਂ ਸੋਚਦਾ ਹਾਂ ਕਿ ਜਦੋਂ ਸਾਡੀ ਕਵਿਤਾ ਕਵਿਤਾ ਨਹੀਂ ਹੁੰਦੀ ਤਾਂ ਕੀ ਹੁੰਦੀ ਹੈ? ਇਹ ਸਵਾਲ ਜਿੰਨਾ ਸਧਾਰਣ ਲੱਗਦਾ ਹੈ, ਉਨਾ ਹੀ ਜਟਿਲ ਹੈ। ਸ਼ਮੀਲ ਦੀ ਕਵਿਤਾ ਕੋਲ਼ ਇਸ ਸਵਾਲ ਦਾ ਜਵਾਬ ਹੈ। ਜਿੱਥੇ ਵੀ ਇਸ ਸਵਾਲ ਦਾ ਜਵਾਬ ਪਿਆ ਹੈ, ਉਥੇ ਹੀ ਕਵਿਤਾ ਹੈ। ਸ਼ਮੀਲ ਕਹਿੰਦਾ ਹੈ 'ਤੈਨੂੰ ਮਿਲ ਕੇ ਇਸ ਤਰ੍ਹਾਂ ਲੱਗਦਾ ਜਿਵੇਂ ਸਟੇਸ਼ਨ ਆ ਗਿਆ ਹੋਵੇ'। ਸ਼ਮੀਲ ਦੀ ਕਵਿਤਾ ਪੜ੍ਹ ਕੇ ਵੀ ਪਾਠਕ ਨੂੰ ਲੱਗਦਾ ਜਿਵੇਂ ਮੁਕਾਮ ਆ ਗਿਆ ਹੋਵੇ, ਉਹ ਜਿਸ ਦੀ ਜਗਿਆਸਾ ਸੀ, ਪ੍ਰਾਪਤ ਹੋ ਗਿਆ ਹੋਵੇ। ਸ਼ਮੀਲ ਦੀ ਕਵਿਤਾ ਹਿੱਲਦੇ ਦ੍ਰਿਸ਼ਾਂ ਨੂੰ ਸਥਿਰ ਕਰਦੀ ਹੈ। ਇਹ ਸਥਿਰ ਕਰਨ ਦੀ ਕਲਾ ਇੱਕ ਠਹਿਰਾਅ ਹੈ, ਸਹਿਜ ਹੈ, ਕਵਿਤਾ ਹੈ। ਅਮਰਜੀਤ ਚੰਦਨ ਲਿਖਦਾ ਹੈ ਕਿ ਕਵਿਤਾ ਵਿਰੋਧਾਭਾਸ ਦਾ ਅਭਾਸ ਕਰਵਾਉਂਦੀ ਹੈ। ਅਸਲ ਵਿਚ ਵਿਰੋਧਾਭਾਸ ਇੱਕ ਕਾਵਿ-ਜੁਗਤ ਹੈ। ਇਹ ਜੁਗਤ ਇਥੇ ਕੈਨੇਡਾ ਵਿਚ ਮੈਂ ਗੁਰਦੇਵ ਚੌਹਾਨ ਦੀ ਕਵਿਤਾ ਵਿਚ ਵੀ ਵੇਖੀ ਹੈ। ਵਿਰੋਧਾਭਾਸ ਸਿਰਜਣ ਲਈ ਸਾਨੂੰ ਸਾਡੀ ਹੋਂਦ ਨਾਲ਼ ਜੁੜੀਆਂ ਆਵਾਜ਼ਾਂ ਸੁਣਨੀਆਂ ਪੈਂਦੀਆਂ ਹਨ। ਸਫ਼ਾ 20 'ਤੇ ਕਵਿਤਾ ਹੈ 'ਟਰੇਨ ਵਿਚ ਕਵਿਤਾ':

*ਕਵਿਤਾ ਲਿਖਣੀ ਜਿਵੇਂ ਟਰੇਨ ਵਿਚ*
*ਸੌਪਿੰਗ ਮੌਲ ਵਿਚ ਕਰਨੀ ਆਰਤੀ*
*ਫ਼ੈਸ਼ਨ ਸ਼ੋਅ ਵਿਚ ਜਾਣਾ ਬਿਨਾਂ ਮੇਕਅੱਪ ਦੇ*
*ਦੁਨੀਆਂ ਦੇਖਣੀ ਖੜਾਵਾਂ ਪਾ ਕੇ*
*ਵਾਈਟ ਹਾਊਸ ਵਿਚ ਜੋਤ ਬਾਲਣੀ .... (ਸਫ਼ਾ-20)*

ਇਸ ਕਵਿਤਾ ਵਿਚਲਾ ਵਿਰੋਧਾਭਾਸ ਪਾਰਦਰਸ਼ੀ ਹੈ। ਪਾਠਕ ਸਭ ਸਮਝਦਾ ਹੈ ਤੇ ਸਮਝ ਤੋਂ ਬਾਹਰ ਰਹਿ ਗਏ ਦੇ ਪਾਰ ਜਾਣ ਦੀ ਕੋਸ਼ਿਸ਼ ਵੀ ਕਰਦਾ ਹੈ। ਸ਼ਮੀਲ

ਦੀ ਕਵਿਤਾ ਕਿਸੇ ਵਿਚਾਰਧਾਰਕ ਪ੍ਰਤੀਬੱਧਤਾ ਦੀ ਵਲਗਣ ਅੰਦਰ ਨਹੀਂ ਵਿਚਰਦੀ। ਸੰਵੇਦਨਸ਼ੀਲਤਾ ਤੇ ਇਨਸਾਨੀ ਮੁਹੱਬਤ ਉਸ ਲਈ ਸ਼ੁਧ ਵਿਚਾਰਧਾਰਾ ਹੈ। ਇਹ ਖੁੱਲ੍ਹ ਉਸ ਨੂੰ ਕਵਿਤਾ ਤੱਕ ਲੈ ਕੇ ਜਾਂਦੀ ਹੈ। ਸ਼ੋਰ, ਹਿੰਸਾ, ਨਾਅਰਾ ਤੇ ਧੂ-ਘਸੀਟ ਕੇ ਲਿਆਂਦੀ ਵਿਚਾਰਧਾਰਾ ਕਵਿਤਾ ਤੋਂ ਬਾਹਰ ਰਹਿ ਜਾਂਦੀ ਹੈ। ਅੰਦਰ ਸਿਰਫ਼ ਕਵਿਤਾ ਹੈ। ਕਵਿਤਾ ਜੋ ਸਾਨੂੰ ਖ਼ੂਬਸੂਰਤ ਇਨਸਾਨ ਬਣਾਉਂਦੀ ਹੈ। ਅਜਿਹੀ ਸੋਚ ਕਵਿਤਾ ਨੂੰ ਬਚਾ ਕੇ ਰੱਖਣ ਦੀ ਜੱਦੋਜਹਿਦ ਹੈ।

**ਟਰੇਨ ਕਵਿਤਾ**: ਟਰੇਨ ਇੱਕ ਸਾਧਨ ਹੈ, ਸਹੂਲਤ ਹੈ। ਪਰ ਕਵੀ ਲਈ ਟਰੇਨ ਇੱਕ ਪ੍ਰਤੀਕ ਹੈ, ਬਿੰਬ ਹੈ। ਇਸ ਪ੍ਰਤੀਕ ਦਾ ਆਪਣਾ ਕਾਵਿਕ-ਪਸਾਰ ਹੈ। ਇਸ ਪਸਾਰ ਵਿਚ ਕੁਝ ਦ੍ਰਿਸ਼ ਹਨ, ਅਵਾਜ਼ਾਂ ਹਨ, ਚਿਹਰੇ ਹਨ, ਲੋਕ ਹਨ, ਮਖ਼ਮਲੀ ਖੰਭਾਂ ਵਰਗੇ ਅਹਿਸਾਸ ਹਨ, ਬਿਰਖ ਹਨ, ਯਾਦਾਂ ਹਨ, ਚੇਤੇ ਹਨ, ਰਿਸ਼ਤੇ ਹਨ। ਹਰ ਸ਼ੈ ਗਤੀ ਵਿਚ ਹੈ। ਗਤੀ ਵਿਕਾਸ ਦਾ ਪ੍ਰਤੀਕ ਵੀ ਹੁੰਦੀ ਹੈ ਤੇ ਹਿੰਸਾ ਦਾ ਵੀ। ਇਸ ਗਤੀ ਦੇ ਠਹਿਰਾਅ ਦਾ ਅਹਿਸਾਸ ਹੀ ਕਵਿਤਾ ਹੈ। ਇਸ ਠਹਿਰੇ ਹੋਏ ਪਲ ਅੰਦਰ ਬੜਾ ਕੁਝ ਲੁਪਤ ਹੈ,

*ਇਸ ਪਲ ਅੰਦਰ ਅਨੰਤ ਭਵਿੱਖ ਲੁਪਤ ਹੈ*
*ਜਿਵੇਂ ਸੰਸਾਰ ਦੇ ਅੰਦਰ ਰੱਬ ਲੁਪਤ ਹੈ* *(ਸਫ਼ਾ-19)*

ਟਰੇਨ ਕਵਿਤਾ ਲਿਖਣ ਦੀ ਥਾਂ ਨਹੀਂ ਹੁੰਦੀ। ਕਿਉਂਕਿ ਉਥੇ ਨਾ ਕੋਈ ਕੁਟੀਆ, ਨਾ ਦਰਗਾਹ, ਨਾ ਝੀਲ ਦਾ ਕਿਨਾਰਾ, ਨਾ ਪਹਾੜੀ ਕਿਨਾਰਾ ਕੋਈ, ਨਾ ਟਿੱਲਾ, ਨਾ ਬੇਲਾ, ਨਾ ਨਦੀ ਕੋਈ ਚੁੱਪ-ਚਾਪ ਵਗਦੀ। ਉਥੇ ਬੈਠਾ ਵੀ ਕਵੀ ਕਵਿਤਾ ਲਿਖਦਾ ਹੈ, ਟਰੇਨ-ਲੋਕ ਸਿਰਜਦਾ ਹੈ। ਇਹ ਟਰੇਨ ਪਲ ਹਨ। ਇਹਨਾਂ ਪਲਾਂ ਅੰਦਰ ਸੁਪਨੇ ਹਨ। ਹਰ ਸੁਪਨਾ ਟੁੱਟਣ ਤੋਂ ਪਹਿਲਾਂ ਸੁਪਨੇ ਅੰਦਰ ਸੁਪਨਾ ਹੋ ਜਾਂਦਾ ਹੈ, ਕਵਿਤਾ ਹੋ ਜਾਂਦਾ ਹੈ:

*ਅਚਾਨਕ ਝਟਕੇ ਨਾਲ ਅੱਖ ਖੁੱਲ੍ਹਦੀ ਹੈ*
*ਮੇਰਾ ਸਟੇਸ਼ਨ ਆ ਗਿਆ ਹੈ*
*ਜਿਸ ਨੂੰ ਮੈਂ ਜਾਗ ਸਮਝ ਰਿਹਾ ਸਾਂ, ਉਹ ਵੀ ਸੁਪਨਾ ਸੀ*

*(ਸਫ਼ਾ-37)*

ਟਰੇਨ ਕਵੀ ਦੇ ਅੰਦਰ ਬੈਠਾ ਅਹਿਸਾਸ ਹੈ। ਇਸ ਅਹਿਸਾਸ ਵਿਚੋਂ ਉਹ ਆਪਣੀ ਹੋਂਦ ਦੀ ਤਲਾਸ਼ ਕਰਦਾ ਹੈ। ਇਹ ਤਲਾਸ਼ ਉਸ ਨੂੰ ਦਾਰਸ਼ਨਿਕ ਬਣਾ ਦਿੰਦੀ ਹੈ। ਦਾਰਸ਼ਨਿਕਤਾ 'ਚੋਂ ਕਵਿਤਾ ਝਰਦੀ ਹੈ। ਇਹ ਕਵਿਤਾ ਮਾਤਰ ਚੁਫ਼ੇਰੇ ਦੇ ਦ੍ਰਿਸ਼ਾਂ ਦਾ ਸਰਲ ਬਿਰਤਾਂਤ ਨਹੀਂ ਹਨ। ਇਹਨਾਂ ਦ੍ਰਿਸ਼ਾਂ, ਅਵਾਜ਼ਾਂ ਤੋਂ ਪਾਰ ਵੇਖਦੀ ਨੀਝ, ਸੂਝ ਤੇ ਮਾਨਵੀ ਦ੍ਰਿਸ਼ਟੀ ਦਾ ਸਿਰਜਣਾਤਮਿਕ ਸੁਹਜ ਹੈ। ਇਸ ਸੁਹਜ ਵਿਚੋਂ ਹੀ ਟਰੇਨ ਦੀ ਹਰਕਤ ਜਿਸਮ ਵਿਚੋਂ ਮਨ ਵਿਚ ਉੱਤਰ ਕੇ ਸਹਿਜ ਹੋ ਜਾਦੀ ਹੈ,

ਸਥਿਰ ਹੋ ਜਾਂਦੀ ਹੈ, ਧਰਤੀ ਵਾਂਗ। ਚੱਲ ਰਹੀ ਟਰੇਨ ਵਿਚ ਉਹ ਰਿਸਤਿਆਂ ਨੂੰ ਵੱਖਰੀ ਤਰ੍ਹਾਂ ਪਰਿਭਾਸ਼ਤ ਕਰਦਾ ਹੈ। ਕਵਿਤਾ ਦੀਆਂ ਕੋਈ ਦੋ-ਚਾਰ ਸਤਰਾਂ ਕਵਿਤਾ ਅੰਦਰ ਇੱਕ ਨਵੀਂ ਕਵਿਤਾ ਸਿਰਜਦੀਆਂ ਹਨ:

*ਇੰਝ ਨਾ ਮਿਲ ਜਿਵੇਂ ਕਦੀ ਵਿਛੜਨਾ ਨਾ ਹੋਵੇ*
*ਆਖ਼ਰ ਟਰੇਨ ਦੇ ਮੁਸਾਫ਼ਰ ਹਾਂ (ਸਫ਼ਾ-53)*

*ਟਰੇਨਾਂ ਵੀ ਸਿਮਰਨ ਕਰਦੀਆਂ*
*ਮਣਕਾ ਮਣਕਾ, ਡੱਬਾ ਡੱਬਾ (ਸਫ਼ਾ-54)*

*ਅਵਾਜ਼ਾਂ ਦੇ ਸ਼ੋਰ 'ਚੋਂ, ਚੁੱਪ ਦੀ ਤਲਾਸ਼ ਕਰਨੀ*
*ਗ੍ਰਹਿਸਥ 'ਚੋਂ ਮਾਰਗ ਲੱਭਣਾ ਜਿਵੇਂ (ਸਫ਼ਾ-44)*

ਟਰੇਨ ਕਵਿਤਾਵਾਂ ਦਾ ਇੱਕ ਸੱਚ ਇਹ ਵੀ ਹੈ ਕਿ ਟਰੇਨ ਦਾ ਸਫ਼ਰ ਰੁਟੀਨ ਬਣ ਜਾਣ ਉਪਰੰਤ ਕਵਿਤਾ ਨੂੰ ਟਰੇਨ ਦੀ ਆਦਤ ਪੈ ਜਾਂਦੀ ਹੈ। ਇਸ ਆਦਤ 'ਚ ਗਤੀ ਭਾਈਵਾਲ ਹੈ। ਗਤੀ ਹੀ ਸੰਸਾਰ ਹੈ। ਮੁਹੱਬਤ ਕਾਇਨਾਤ ਦੀ ਲਿੰਕ ਭਾਸ਼ਾ ਹੈ। ਇਹ ਗਿਆਨ ਵੀ ਕਵੀ ਨੂੰ ਟਰੇਨ ਕੋਲੋਂ ਮਿਲਦਾ ਹੈ। ਟਰੇਨ ਕਵਿਤਾ ਦੇ ਨਕਸ਼ਾਂ ਦਾ ਵਿਸਥਾਰ ਹੈਰਾਨੀਜਨਕ ਲੱਭਤਾਂ ਦੀ ਸਿਰਜਣਾ ਕਰਦਾ ਹੈ। ਕਿਤੇ ਕਵਿਤਾ ਲਿਖਣ ਨਾਲ਼ ਟਰੇਨ ਚੱਲਦੀ ਹੈ, ਕਿਤੇ ਆਪਣੇ ਪੱਥ 'ਤੇ ਕੈਦ ਗ੍ਰਹਿ ਵਾਂਗ ਟਰੇਨ 'ਚ ਕੈਦ ਹੋ ਜਾਂਦਾ ਹੈ। ਬ੍ਰਹਿਮੰਡ ਦੇ ਬਹੁਤ ਸਾਰੇ ਵਰਤਾਰੇ ਟਰੇਨ ਦੀ ਗਤੀ ਵਿਚੋਂ ਆਪਣਾ ਆਕਾਰ ਗ੍ਰਹਿਣ ਕਰਦੇ ਹਨ। ਕਾਇਨਾਤ ਦੇ ਬਹੁਤ ਸਾਰੇ ਰਹੱਸ ਟਰੇਨ ਦੀ ਹੋਂਦ ਅੰਦਰ ਸਿਮਟ ਜਾਂਦੇ ਹਨ। ਟਰੇਨ ਆਪਣੀ ਇੱਕ ਭਾਸ਼ਾ ਵੀ ਸਿਰਜਦੀ ਹੈ। 'ਟਰੇਨਾਂ ਦੀ ਬੋਲੀ' ਕਵਿਤਾ ਪੜ੍ਹਦੇ ਹਾਂ:

*ਮਿਟ ਰਹੀ ਹੈ ਟਰੇਨਾਂ ਨਾਲ਼, ਕਨੇਡਾ ਨਾਲ਼, ਕਿਤਾਬਾਂ ਨਾਲ਼, ਗਿਆਨ ਨਾਲ਼*
*ਮਨ ਬਣਿਆ ਹੈ ਭਾਸ਼ਾ ਦਾ*
*ਮੈਂ ਵੀ ਕੀ ਹਾਂ ਭਾਸ਼ਾ ਤੋਂ ਬਿਨਾਂ, ਮਨ ਤੋਂ ਬਿਨਾਂ*
*ਮੇਰੇ ਅੰਦਰ ਚੱਲ ਰਿਹਾ ਭਾਸ਼ਾਵਾਂ ਦਾ ਯੁੱਧ*
*ਟਰੇਨ ਭਾਸ਼ਾ ਲੜ ਰਹੀ ਹੈ ਖੇਤਾਂ ਦੀ ਭਾਸ਼ਾ ਨਾਲ਼*
*ਪਿੰਡਾਂ ਦੀ ਬੋਲੀ ਨਾਲ਼ ਮੇਰੇ ਅੰਦਰ*
*ਮੈਂ ਆਪਣੇ ਆਪ ਨਾਲ ਲੜ ਰਿਹਾ ਹਾਂ*
*ਮੇਰੇ ਅੰਦਰ ਜੋ ਸੀ ਕਿਸਾਨਾਂ ਦੀ ਬੋਲੀ*
*ਖੇਤਾਂ ਦੀ, ਪਿੰਡਾਂ ਦੀ, ਮਿੱਟੀ ਦੀ, ਹੌਲ਼ੀ ਹੌਲ਼ੀ ਖੁਰ ਰਹੀ ਹੈ*
*(ਸਫ਼ਾ-87)*

**ਪਿਓ ਦੀਆਂ ਕਵਿਤਾਵਾਂ**: ਇਹ ਕਿਤਾਬ ਦਾ ਦੂਜਾ ਭਾਗ ਹੈ। ਇਸ ਭਾਗ ਵਿਚ ਦਾਖ਼ਲ ਹੁੰਦਿਆਂ ਇੰਝ ਨਹੀਂ ਲੱਗਦਾ ਜਿਵੇਂ ਚੱਲਦੀ ਟਰੇਨ ਵਿਚੋਂ ਛਾਲ ਮਾਰ ਕੇ ਉੱਤਰੇ ਹੋਈਏ। ਟਰੇਨ ਦੇ ਅਹਿਸਾਸ ਵਿਚੋਂ ਹੀ ਪਿਤਾ ਪਰਗਟ ਹੁੰਦਾ ਹੈ। ਕਈ ਥਾਈਂ ਤਾਂ ਪਿਤਾ ਟਰੇਨ ਵਿਚ ਬੈਠਾ ਹੋਇਆ ਵੀ ਮਿਲਦਾ ਹੈ। ਕਿਉਂਕਿ ਪਿਓ ਦੀਆਂ ਕਵਿਤਾਵਾਂ ਵੀ ਕਵਿਤਾਵਾਂ ਹੀ ਰਹਿੰਦੀਆਂ ਹਨ। ਸ਼ਮੀਲ ਦੀ ਕਾਵਿਕ ਸਮਰੱਥਾ ਦੇ ਹਾਣ ਦੀਆਂ ਕਵਿਤਾਵਾਂ। ਪਿਤਾ ਕਵੀ ਲਈ ਕਿਸੇ ਸਰੀਰਕ ਹੋਂਦ ਦਾ ਨਾਂ ਨਹੀਂ ਹੈ। ਪਿਤਾ ਦਿਸਦਾ ਨਹੀਂ ਹੈ, ਚੁੱਪਚਾਪ ਰਹਿੰਦਾ ਹੈ, ਦੀਵਾਰਾਂ ਨਾਲ਼, ਛੱਤਾਂ ‘ਤੇ, ਦਰਵਾਜ਼ਿਆਂ ਅੱਗੇ ਖੜ੍ਹਾ ਰਹਿੰਦਾ ਹੈ ਹਿਫ਼ਾਜ਼ਤ ਲਈ। ਕਿੰਨਾ ਪਿਆਰਾ ਅਹਿਸਾਸ ਹੈ ਪਿਤਾ ਦਾ ਇਸ ਅਹਿਸਾਸ ਦੇ ਅੰਗ-ਸੰਗ ਰਹਿੰਦਿਆਂ ਪਿਤਾ ਤੋਂ ਦੂਰ ਰਹਿੰਦਾ ਜਾਂ ਪਿਤਾ ਤੋਂ ਬਗੈਰ ਜ਼ਿੰਦਗੀ ਜਿਉਂਦਾ ਪੁੱਤ ਕਦੀ ਗੁਮਰਾਹ ਨਹੀਂ ਹੁੰਦਾ। ਸਿਰ ‘ਤੇ ਪਿਓ ਹੋਣ ਦਾ ਡਰ ਹਰ ਸਥਿਤੀ ਵਿਚ ਉਸ ਦੀ ਅਗਵਾਈ ਕਰਦਾ ਹੈ। ਰਸੂਲ ਹਮਜ਼ਾਤੋਵ ਦੀ ਇੱਕ ਕਵਿਤਾ ਹੈ ‘ਜੇ ਤੈਨੂੰ ਚਾਹੁਣ ਵਾਲੇ ਹਜ਼ਾਰ ਬੰਦੇ ਹੋਣ....

ਕਵਿਤਾ ਦੇ ਅਖ਼ੀਰ ਵਿਚ ਉਹ ਕਹਿੰਦਾ ਹੈ ਕਿ ਜੇ ਤੈਨੂੰ ਚਾਹੁਣ ਵਾਲ਼ਾ ਕੋਈ ਵੀ ਨਾ ਹੋਵੇ, ਤਾਂ ਇੱਕ ਜ਼ਰੂਰ ਹੋਵੇਗਾ ਕਬਰਾਂ ‘ਚ ਸੁੱਤਾ ਤੇਰਾ ਆਪਣਾ ਰਸੂਲ ਹਮਜ਼ਾਤੋਵ ..। ਪਿਓ ਜਦ ਕਿੱਧਰੇ ਵੀ ਨਹੀਂ ਹੁੰਦਾ ਤਾਂ ਵੀ ਹੁੰਦਾ ਹੈ:

*ਜੋ ਮਰ ਗਏ, ਉਹ ਅਸਮਾਨ ਵਿਚ ਬੈਠੇ ਬੱਚਿਆਂ ਦੀ ਫ਼ਿਕਰ ਕਰਦੇ*
*ਅੱਗੇ ਉਨ੍ਹਾਂ ਦੇ ਪਿਓ, ਉਨ੍ਹਾਂ ਤੋਂ ਅਗਲੇ ਪਿਓ, ਪਿਓਆਂ ਦੇ ਪਿਓ...*

*(ਸਫ਼ਾ-**93**)*

ਜਦ ਬਿਰਧ ਹੋ ਜਾਂਦਾ ਬਾਪ, ਲੱਗਦਾ ਕਾਇਨਾਤ ਵੀ ਬਿਰਧ ਹੋ ਗਈ। ਇਹ ਪਿਓ ਦੀ ਇਬਾਦਤ ਹੈ ਕਿ ਪੀ ਜਾਣਾ ਦੁੱਖ ਆਪਣਾ ਚੁੱਪ-ਚਾਪ ਤੇ ਖਿੱਚੀ ਜਾਣੀ ਘਰ ਦੀ ਗੱਡੀ। ਪਿਓ ਬਣਨਾ ਤੇ ਪਿਓ ਰਹਿਣਾ ਵੀ ਸਾਧਨਾ ਹੈ ਕੋਈ, ਗ੍ਰਹਿਸਥ-ਤਪ। ਇਹ ਸਾਰੇ ਅਹਿਸਾਸ ਬੰਦੇ ਅੰਦਰ ਰਾਤੋ-ਰਾਤ ਨਹੀਂ ਆ ਜਾਂਦੇ। ਇਹਨਾਂ ਦੇ ਬੀਜ ਦਹਾਕਿਆਂ ਤੋਂ ਅੰਦਰ ਪਏ ਰਹਿੰਦੇ ਬੀਜ ਦੀ ਤਰ੍ਹਾਂ। ਇਹਨਾਂ ਅਹਿਸਾਸਾਂ ਨੂੰ ਸਾਂਭ ਕੇ ਰੱਖਣਾ ਵਰ੍ਹਿਆਂ ਬੱਧੀ ਭਾਵ ਕਵਿਤਾ ਦੀ ਰੰਗਤ ਗੂੜ੍ਹੀ ਹੁੰਦੀ ਜਾਣੀ, ਕਵਿਤਾ ਅੰਦਰ ਦਾਰਸ਼ਨਿਕਤਾ ਗਹਿਰੀ ਹੁੰਦੀ ਜਾਣੀ। ਅਜਿਹੀ ਕਵਿਤਾ ਦੇ ਦੀਦਾਰ ਹੁੰਦੇ ਹਨ ਪਿਓ ਦੀਆਂ ਕਵਿਤਾਵਾਂ ਪੜ੍ਹਦਿਆਂ। ਪਿਓ ਜੋ ਸਾਡੇ ਥਮਲੇ ਹਨ:

*ਦੁਨੀਆਂ ਦੇ ਝੱਖੜ ਵਿਚ ਪਿਓ ਸਾਡੇ ਥਮਲੇ*
*ਥਮਲਿਆਂ ਨੂੰ ਪਕੜ ਕੇ ਝੱਖੜਾਂ ਤੋਂ ਬਚੇ ਹਾਂ ਅਸੀਂ*
*ਦੁਨੀਆ ਹਿੱਲ ਰਹੀ ਹੈ ਟੈਂਟ ਵਾਂਗ, ਸਾਨੂੰ ਥਮਲਿਆਂ ਦਾ ਸਹਾਰਾ*

*(ਸਫ਼ਾ-**106**)*

ਧੀਆਂ ਬੰਦੇ ਅੰਦਰ ਪਿਓ ਹੋਣ ਦਾ ਅਹਿਸਾਸ ਗੂੜ੍ਹਾ ਕਰਦੀਆਂ ਹਨ। ਪਿਤਾ ਨੂੰ ਲੱਗਦਾ ਹੈ ਕਿ ਸਭ ਧੀਆਂ ਹੀ ਤਾਂ ਹਨ, ਔਰਤ ਤਾਂ ਕੋਈ ਵੀ ਨਹੀਂ। ਧੀਆਂ ਨਾਲ਼ ਮੁੰਡਾ ਕੋਈ ਪਿਓ ਬਣਦਾ। ਧੀਆਂ ਕਵਿਤਾਵਾਂ ਬਣਦੀਆਂ ਤਾਂ ਬੰਦੇ ਦੇ ਦਿਲ ਅੰਦਰ ਕੁਝ ਵੱਡਾ ਹੁੰਦਾ ਹੌਲੀ ਹੌਲੀ। ਪਰ ਪਿਓ ਫ਼ਿਕਰਮੰਦ ਵੀ ਹੈ। ਉਸ ਨੂੰ ਡਰ ਲੱਗਦਾ ਕਿ ਬੱਚਿਆਂ ਦੀਆਂ ਆਦਤਾਂ ਵਿਗੜ ਨਾ ਜਾਣ:

*ਬੱਚੇ ਕੋਈ ਗੁੱਝਾ ਭੇਤ*
*ਇਹ ਕਿੱਥੇ ਹੁੰਦੇ ਹਨ ਜਨਮ ਤੋਂ ਪਹਿਲਾਂ*
*ਕਿਥੋਂ ਆਉਂਦੇ ਹਨ ਸਾਡੇ ਜੀਵਨ ਵਿਚ (ਸਫ਼ਾ-114)*

*ਹਰ ਜੰਗ ਟਾਲਣੀ ਹੈ ਇਨ੍ਹਾਂ ਬੱਚਿਆਂ ਖਾਤਰ*
*ਕਾਇਨਾਤ ਇਹ ਚੱਲਦੀ ਰੱਖਣੀ ਹੈ ਬੱਚਿਆਂ ਦੀ ਖ਼ਾਤਰ*
*(ਸਫ਼ਾ-116)*

ਇਹ ਕਵਿਤਾਵਾਂ ਪੜ੍ਹਦਿਆਂ ਸੋਚਦਾ ਹਾਂ ਕਿ ਕਦੋਂ ਕੋਈ ਅਹਿਸਾਸ ਕਵਿਤਾ ਬਣਦਾ ਹੈ। ਕਦੋਂ ਤੁਹਾਡੇ ਅੰਦਰ ਪਿਆ ਪਿਓ ਕਵਿਤਾਵਾਂ ਅੰਦਰ ਢਲਦਾ ਹੈ ? ਇਸ ਦਾ ਜਵਾਬ ਵੀ ਸ਼ਮੀਲ ਦੀ ਕਵਿਤਾ ਵਿਚ ਪਿਆ ਹੈ ਜਦੋਂ ਉਸ ਨੂੰ ਸਮੁੰਦਰ ਪਿਓ ਵਰਗਾ ਲੱਗਦਾ ਹੈ। ਜਿਵੇਂ ਸਮੁੰਦਰ ਆਪਣੇ ਅੰਦਰ ਲਹਿਰਾਂ, ਜਵਾਰਭਾਟੇ, ਨਦੀਆਂ ਤੇ ਜੰਗਾਂ ਸਾਂਭ ਰੱਖਦਾ ਹੈ, ਇਵੇਂ ਹੀ ਪਿਓ ਦਾ ਅਹਿਸਾਸ ਤੁਹਾਡੇ ਅੰਦਰ ਕਵਿਤਾਵਾਂ ਸਾਂਭ ਰੱਖਦਾ ਹੈ। ਧੂਫ਼ ਦੇ ਇਨ੍ਹਾਂ ਸਫ਼ਿਆਂ ਅੰਦਰ ਪਿਓ ਹੋਣਾ ਭਾਵ ਕਵਿਤਾ ਹੋਣਾ ਹੈ:

*ਛੋਟੇ, ਵੱਡੇ, ਜੁਆਨ, ਬੁੱਢੇ, ਸਭ ਬੱਚੇ ਹਨ*
*ਸੜਕਾਂ ਕਿਨਾਰੇ ਬੈਠੇ ਹੋਮਲੈੱਸ, ਜੇਲ੍ਹਾਂ ਵਿਚ ਰੁਲਦੇ ਕੈਦੀ*
*ਅੱਤਵਾਦੀ, ਸੱਤਵਾਦੀ ਸਭ ਬੱਚੇ ਹਨ ਧਿਆਨੀ, ਨਸ਼ੇੜੀ, ਰਾਹੀਏ, ਕੁਰਾਹੀਏ*
*ਸਭ ਬੱਚੇ ਕਿਸੇ ਦੇ, ਮਾਵਾਂ ਨੇ ਚਾਅ ਨਾਲ਼ ਜੰਮੇ, ਉਮੀਦਾਂ ਨਾਲ਼*
*ਹਰ ਜਿਸਮ, ਹਰ ਚਿਹਰੇ ਅੰਦਰ ਇੱਕ ਬੱਚਾ*
*ਇਸ ਬੱਚੇ ਨੂੰ ਵੇਖ ਕੇ ਮੈਂ ਪਿਓ ਬਣਦਾਂ*
*(ਸਫ਼ਾ-121, 122)*

ਇਹਨਾਂ ਕਵਿਤਾਵਾਂ ਦਾ ਸਿਖਰ ਹੈ ਕਿ 'ਦੁਨੀਆਂ ਨੂੰ ਦੇਖਣਾ ਮੁਹੱਬਤ ਨਾਲ਼ ਤੇ ਮਾਫ਼ ਕਰ ਦੇਣਾ'

ਜਿਵੇਂ ਮਾਂ ਦੇਖਦੀ ਹੈ, ਜਿਵੇਂ ਪਿਓ ਕਰਦਾ ਹੈ
(ਸਫ਼ਾ-126)

**ਧੂਫ਼:** ਇਹ ਪੁਸਤਕ ਦਾ ਤੀਜਾ ਭਾਗ ਹੈ। ਇਹ ਪੁਸਤਕ ਦਾ ਟਾਈਟਲ ਵੀ ਹੈ। ਇਸ ਸਿਰਲੇਖ ਦੇ ਨਾਂ ਵਾਲ਼ੀ ਕਵਿਤਾ ਉਨ੍ਹਾਂ ਸਥਾਨਾਂ, ਮੌਕਿਆਂ, ਵਰਤਾਰਿਆਂ

ਅਤੇ ਅਣਗੌਲ਼ੇ ਪਏ ਵਿਸ਼ਿਆਂ ਦੀ ਨਿਸ਼ਾਨਦੇਹੀ ਕਰਦੀ ਹੈ ਜੋ ਕਵਿਤਾ ਹਨ। ਇਸ ਕਵਿਤਾ ਦਾ ਕਲਾਵਾ ਵੱਡਾ ਹੈ, ਪੂਰੀ ਕਾਇਨਾਤ ਦੇ ਜਾਗਦੀ ਹੋਣ ਦੀ ਗਵਾਹੀ ਭਰਦਾ ਕਲਾਵਾ। ਇਹ ਕਵਿਤਾ ਅਗਲੇ ਪੰਨਿਆਂ 'ਤੇ ਪੜ੍ਹੀ ਜਾਣ ਵਾਲੀ ਕਵਿਤਾ ਦੀ ਸੂਹ ਵੀ ਦਿੰਦੀ ਹੈ। ਪਾਠਕ ਇਸ ਕਵਿਤਾ ਕੋਲ਼ ਰੁਕਦਾ ਹੈ, ਸੋਚਦਾ ਹੈ ਅਤੇ ਅਗਲੇ ਪੰਨਿਆਂ 'ਤੇ ਜਾਣ ਦਾ ਬੌਧਿਕ ਸਾਹਸ ਪੈਦਾ ਕਰਦਾ ਹੈ। ਪਰ ਅਗਲੇ ਹੀ ਪੰਨੇ 'ਤੇ ਉਸ ਦਾ ਇਹ ਫ਼ਿਕਰ ਕਿ ਕਵੀ ਬਹੁਤ ਥੋੜ੍ਹੇ ਬਚੇ ਹਨ ਹੁਣ, ਸਮਕਾਲੀ ਪੰਜਾਬੀ ਕਵਿਤਾ ਦਾ ਫ਼ਿਕਰ ਹੈ। ਪਰ ਸੋਸ਼ਲ ਮੀਡੀਆ 'ਤੇ ਕਵੀਆਂ ਦੀ ਭੀੜ ਸ਼ਮੀਲ ਲਈ ਦਵੰਦ ਪੈਦਾ ਕਰਦੀ ਹੈ। ਫਿਰ ਉਹ ਸ਼ਬਦਾਂ ਨਾਲ਼ ਕਵਿਤਾ ਸਿਰਜਦੇ ਕਵੀਆਂ ਤੋਂ ਥੋੜਾ ਪਾਸੇ ਹੋ ਕੇ ਗੱਲ ਕਰਦਾ ਹੈ। ਇਸ ਲਈ ਆਪਾਂ ਪੰਨਾ 131 'ਤੇ ਦਰਜ ਕਵਿਤਾ ਸੰਧੂਰ ਪੜ੍ਹਦੇ ਹਾਂ:

*ਉਹ ਖੀਰੇ ਕਟਦਾ ਹੈ ਗੋਲ਼ ਗੋਲ਼, ਟਮਾਟਰ, ਮੂਲੀਆਂ*
*ਤੇ ਸਲੀਕੇ ਨਾਲ਼ ਸਜਾਉਂਦਾ ਹੈ ਸਲਾਦ ਦੀ ਪਲੇਟ*
*ਔਰਤ ਕੋਈ ਰੋਟੀਆਂ ਬਣਾਉਂਦੀ ਗੋਲ਼ ਗੋਲ਼*
*ਕਾਪੀ ਦੇ ਪਹਿਲੇ ਪੰਨੇ 'ਤੇ ਲਿਖਿਆ 'ਵਾਹਿਗੁਰੂ'*
*ਨਵੀਂ ਖਰੀਦੀ ਕਾਰ 'ਤੇ ਬੰਨ੍ਹਿਆ ਲਾਲ ਰਿਬਨ*
*ਕਿਸੇ ਮੂਰਤੀ ਦੇ ਮੱਥੇ 'ਤੇ ਲਾਇਆ ਸੰਧੂਰ*
*ਭਜਨ ਗਾ ਰਹੀ ਕੋਈ ਬਿਰਧ ਮਾਤਾ*
*ਇਹ ਸਭ ਕਵੀ ਹਨ*

*(ਸਫ਼ਾ– 131)*

ਪਾਠਕ ਸਹਿਜੇ ਹੀ ਕਵੀ ਦੀ ਪਛਾਣ ਕਰਨ ਯੋਗ ਹੋ ਜਾਂਦਾ ਹੈ। ਅੰਬਾਂ ਦੇ ਫਲੇਵਰ, ਕੈਂਚੀ, ਸੁਗਾਤ, ਸਹੀ ਸਮਾਂ, ਹਵਾ ਪਕੜਨ ਦਾ ਅਭਿਆਸ, ਦੁੱਧ 'ਚ ਪੱਤੀ, ਤੁਰਨਾ, ਸੋਫ਼ੇ 'ਤੇ ਸੌਣਾ, ਲਿਵਿੰਗ ਰੂਮ, ਦਾਲ਼ ਰੋਟੀ, ਥੱਕੀਆਂ ਸਬਜ਼ੀਆਂ, ਔਰਗੈਨਿਕ ਬੰਦੇ ਆਦਿ ਅਨੇਕਾਂ ਕਵਿਤਾਵਾਂ ਹਨ ਇਸ ਕਿਤਾਬ ਵਿਚ ਜੋ ਕਵੀ ਦੀ ਕਾਵਿਕ ਦ੍ਰਿਸ਼ਟੀ ਦੀ ਗਵਾਹੀ ਭਰਦੀਆਂ ਹਨ। ਰਸੂਲ ਹਮਜ਼ਾਤੋਵ ਦਾ ਕਥਨ ਹੈ, 'ਇਹ ਨਾ ਕਹੋ ਮੈਨੂੰ ਵਿਸ਼ਾ ਦਿਉ, ਇਹ ਕਹੋ ਕਿ ਮੈਨੂੰ ਅੱਖਾਂ ਦਿਉ'। ਸ਼ਮੀਲ ਕੋਲ਼ ਅੱਖਾਂ ਹਨ। ਇਸੇ ਕਰਕੇ ਉਸ ਨੂੰ ਵਿਸ਼ਿਆਂ ਦੀ ਘਾਟ ਨਹੀਂ। ਕਵਿਤਾ ਲਿਖਣ ਲਈ ਉਸ ਨੂੰ ਕਿਸੇ ਵੱਡੇ ਦੁਖਾਂਤ ਦੇ ਵਾਪਰਨ ਦੀ ਉਡੀਕ ਨਹੀਂ ਕਰਨੀ ਪੈਂਦੀ। ਜੀਵਨ ਦੀ ਗਤੀ 'ਚ ਹਰ ਛਿਣ ਕੁਝ ਵਾਪਰ ਰਿਹਾ ਹੈ। ਇਸ ਵਾਪਰ ਰਹੇ ਦੀ ਕਵਿਤਾ ਹੈ ਧੂਫ਼। ਕਵਿਤਾ ਬੰਦੇ ਦੀ ਘਰ ਵਾਪਸੀ ਹੈ।

ਪੰਜ ਦਹਾਕੇ ਪਹਿਲਾਂ ਦਾ ਕਲਚਰ ਸਾਡੀ ਪੀੜ੍ਹੀ ਨੇ ਵੇਖਿਆ, ਹੰਢਾਇਆ ਹੈ। ਸ਼ਮੀਲ ਉਸ ਪੀੜ੍ਹੀ ਦਾ ਸ਼ਾਇਰ ਹੈ। ਇਸ ਲਈ ਉਸ ਦੀਆਂ ਕਵਿਤਾਵਾਂ ਪੰਜ

ਦਹਾਕੇ ਜਾਂ ਉਸ ਤੋਂ ਵੀ ਪਹਿਲਾਂ ਦੀ ਜੀਵਨ-ਜਾਚ ਨੂੰ ਪੇਸ਼ ਕਰਦੀਆਂ ਹਨ। ਔਰਗੈਨਿਕ ਸ਼ਬਦ, ਪੇਂਡੂ ਲੋਕ, ਤੇਲ ਦੀ ਹਮਕ, ਪਿੰਡ, ਅੰਬਾਂ ਦੇ ਫਲੇਵਰ ਆਦਿ ਅਜਿਹੀਆਂ ਕਵਿਤਾਵਾਂ ਹਨ। 'ਧਰਮਾਂ ਦੀ ਖੋਜ ਤੋਂ ਪਹਿਲਾਂ' ਕਵਿਤਾ ਵਿਚ ਪੰਜ-ਛੇ ਦਹਾਕੇ ਪਹਿਲਾਂ ਵਾਲ਼ੇ ਪਿੰਡ ਦਾ ਜ਼ਿਕਰ ਹੈ ਜਦੋਂ ਪਿੰਡਾਂ ਵਿਚ ਵੱਖ-ਵੱਖ ਕਿੱਤਿਆਂ ਨਾਲ਼ ਜੁੜੇ ਲੋਕ ਰਹਿੰਦੇ ਸਨ ਪਰ ਨਾ ਉਥੇ ਕੋਈ ਸਿੱਖ ਸੀ, ਨਾ ਹਿੰਦੂ, ਨਾ ਮੁਸਲਮਾਨ:

*ਪੜ੍ਹੇ ਲਿਖੇ ਲੋਕਾਂ ਦੀਆਂ ਕਾਢਾਂ ਤੋਂ ਪਹਿਲਾਂ*
*ਪਿੰਡ ਵਿਚ ਧਰਮ ਸੀ ਪਰ ਧਰਮ ਨਹੀਂ ਸਨ*

*(ਸਫ਼ਾ-146)*

ਇਸੇ ਤਰ੍ਹਾਂ ਦੀ ਕਵਿਤਾ ਹੈ 'ਮਾਂ ਦਾ ਧਰਮ'। ਮਿਲਣਾ-ਵਿਛੜਨਾ, ਸੁਗਾਤ, ਬਾਰਸ਼, ਇਹ ਸਤਰਾਂ, ਤੇਰੇ ਆਉਣ ਨਾਲ਼ ਵਰਗੀਆਂ ਕਵਿਤਾਵਾਂ ਪਾਠਕ ਦੇ ਮਨ ਨੂੰ ਦ੍ਰਵਿਤ ਕਰਦੀਆਂ ਹਨ। ਇਹ ਮੁਹੱਬਤ ਕਰਦੇ ਜੀਵਨ ਦਾ ਸਲੀਕਾ ਹੈ:

*ਮੁਹੱਬਤ ਨਾਲ਼ ਦੇਖਣਾ ਜੀਵਨ ਦੀ ਖੇਡ*
*ਕਿਸੇ ਦੀ ਫ਼ਿਕਰ ਕਰਨਾ, ਦੁਆ ਕਰਨਾ ਕਿਸੇ ਲਈ*
*ਕਵਿਤਾ ਲਿਖਣਾ ਤੇ ਤੁਰ ਜਾਣਾ ਚੁਪ-ਚਾਪ*

*(ਸਫ਼ਾ-192)*

'ਦਾਲ਼ ਰੋਟੀ' ਪਰਵਾਸ ਨਾਲ਼ ਸਬੰਧਤ ਭਾਵਪੂਰਤ ਨਜ਼ਮ ਹੈ। ਬੰਦਾ ਰੋਟੀ-ਰੋਜ਼ੀ ਦੀ ਭਾਲ ਵਿਚ ਚੰਗੇਰਾ ਜੀਵਨ ਜੀਣ ਲਈ ਆਪਣੀ ਜਨਮ ਭੋਇੰ ਛੱਡ ਪਰਦੇਸ ਵਿਚ ਵੱਸ ਜਾਂਦਾ ਹੈ। ਪਰ ਉਸ ਦੀਆਂ ਜੜ੍ਹਾਂ ਆਪਣੇ ਦੇਸ਼ ਵਿਚ ਹੀ ਰਹਿੰਦੀਆਂ ਹਨ। ਇਸ ਕਵਿਤਾ ਵਿਚ ਛੋਟੀ ਉਮਰ ਵਿਚ ਕੈਨੇਡਾ ਆਇਆ ਪ੍ਰੋਫੈਸਰ ਵਰਮਾ ਪੂਰੀ ਤਰ੍ਹਾਂ ਇਸ ਸਿਸਟਮ ਵਿਚ ਲੁਪਤ ਹੋਣ ਤੋਂ ਬਾਅਦ ਵੀ ਢਲਦੀ ਉਮਰੇ ਆਪਣੀ ਮਿੱਟੀ ਨਾਲ਼ ਜੁੜਦਾ ਹੈ। ਦਾਲ-ਰੋਟੀ ਖਾਂਦਾ ਤੇ ਗੁੜ ਦੀ ਚਾਹ ਪੀਂਦਾ ਹੈ। ਉਸ ਨੂੰ ਅਹਿਸਾਸ ਹੁੰਦਾ ਹੈ ਕਿ ਬੂਟਿਆਂ ਵਾਂਗ ਬੰਦੇ ਦੀਆਂ ਜੜ੍ਹਾਂ ਵੀ ਡੂੰਘੀਆਂ ਹੁੰਦੀਆਂ ਹਨ:

*ਮੈਂ ਵੀ ਬੂਟਾ ਪੁੱਟ ਲਿਆਇਆ ਆਪਣੇ ਆਪ ਨੂੰ*
*ਜੜ੍ਹਾਂ ਲਾ ਲਈਆਂ ਇਥੇ*
*ਪਰ ਮੇਰੀ ਕਿਸਮ ਨਹੀਂ ਬਦਲੀ*

*(ਸਫ਼ਾ-203)*

'ਥੱਕੀਆਂ ਸਬਜ਼ੀਆਂ', 'ਬਾਂਦਰਾਂ ਦਾ ਐਲਾਨਨਾਮਾ', 'ਸ਼ੌਪਿੰਗ ਸਾਧਨਾ', 'ਔਰਗੈਨਿਕ ਬੰਦੇ', 'ਬਾਦਸ਼ਾਹੀ', ਆਦਿ ਕਵਿਤਾਵਾਂ ਸਰਮਾਏਦਾਰੀ ਦੇ ਇਸ ਯੁੱਗ

ਵਿਚ ਕਾਰਪੋਰੇਟ ਘਰਾਣਿਆਂ ਦਾ ਮੰਡੀ ਉੱਪਰ ਕਬਜ਼ਾ ਹੋਣ ਉਪਰੰਤ ਮੁਨਾਫ਼ੇ ਦੀ ਨੀਤੀ ਵਾਲ਼ੇ ਹੋਂਦ ਵਿਚ ਆਏ ਬਾਜ਼ਾਰ ਦੇ ਨਵੇਂ ਰੂਪ ਦ੍ਰਿਸ਼ਟੀਗੋਚਰ ਹੁੰਦੇ ਹਨ। ਇਸ ਕਾਰਪੋਰੇਟੀ ਘਰਾਣਿਆਂ ਦੇ ਆਮ ਬੰਦੇ ਉੱਪਰ ਠੋਸੇ ਗਏ ਵਿਕਾਸ ਦੀ ਹਿੰਸਾ ਨੂੰ ਸ਼ਿਦਤ ਨਾਲ਼ ਮਹਿਸੂਸ ਕਰਦੀ ਨਜ਼ਮ ਨਾਲ਼ ਇਸ ਪੁਸਤਕ ਦਾ ਆਰੰਭ ਵਰਗਾ ਅੰਤ ਹੁੰਦਾ ਹੈ:

*ਗਰੀਬ ਬਚ ਜਾਣਗੇ ਤਰੱਕੀ ਤੋਂ ਸ਼ਾਇਦ*
*ਘੱਟ ਸੋਹਣੀ ਧੀ ਜਿਵੇਂ ਬਚ ਜਾਂਦੀ ਸੀ ਧਾੜਵੀਆਂ ਤੋਂ*
*ਬੱਕਰੀਆਂ ਚਾਰਦੇ, ਰਹਿੰਦੇ ਝੁੱਗੀਆਂ 'ਚ ਦੂਰ ਸਭਿਅਤਾ ਤੋਂ*
*ਸ਼ਾਇਦ ਬਚ ਜਾਣਗੇ*
*ਧਾੜਵੀਆਂ ਦੀ ਨਜ਼ਰ ਹਰ ਕੋਨੇ 'ਤੇ, ਆਉਂਦੇ ਰਿਜ਼ੋਰਟ ਬਣਾਉਣ*
*ਹੋਟਲ ਬਣਾਉਣ, ਬਿਲਡਿੰਗਾਂ ਉਸਾਰਨ, ਖਾਣਾਂ ਖੋਦਣ ਲਈ*
*ਧਾੜਵੀ ਪਹਾੜ ਖਰੀਦਦੇ, ਨਦੀਆਂ ਖਰੀਦਦੇ, ਤੇ ਹਵਾ ਵੀ*
*ਇਸ ਤੋਂ ਪਹਿਲਾਂ ਕਿ ਸਾਰਾ ਕੁਝ ਵਿਕ ਜਾਏ*
*ਤੇ ਮਿੱਟੀ ਸਾਰੀ ਜ਼ਹਿਰ ਹੋ ਜਾਏ, ਕੁਝ ਗਰੀਬ ਬਚ ਜਾਣਗੇ ਸ਼ਾਇਦ ਤਰੱਕੀ ਤੋ*
*ਇਨਸਾਨੀ ਨਸਲ ਦੇ ਸ਼ੁੱਧ ਬੀਜ ਅਗਲੇ ਯੁੱਗ ਲਈ .......*

*(ਸਫ਼ਾ-218)*

ਮੈਂ ਇਸ ਪੁਸਤਕ ਧੂਫ਼ ਨੂੰ ਪੜ੍ਹਿਆ ਤੇ ਮਾਣਿਆਂ ਹੈ। ਦੋਸਤੋ! ਤੁਹਾਡੇ ਵੀ ਜੇ ਕਿਤੇ ਹੱਥ ਲੱਗੇ ਤਾਂ ਜ਼ਰੂਰ ਪੜ੍ਹਨੀ। ਜਿਹੜੇ ਸਮਕਾਲੀ ਪੰਜਾਬੀ ਕਵਿਤਾ ਤੋਂ ਨਿਰਾਸ਼ ਹਨ, ਇਹ ਕਿਤਾਬ ਪੜ੍ਹ ਕੇ ਜ਼ਰੂਰ ਸਹਿਮਤ ਹੋਣਗੇ ਕਿ ਕਵਿਤਾ ਨੂੰ ਬਚਾਉਣ ਲਈ ਅਜੇ ਕੁਝ ਲੋਕ ਜੱਦੋਜਹਿਦ ਕਰ ਰਹੇ ਹਨ। ਸਾਨੂੰ ਅਜਿਹੇ ਲੋਕਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ। ਇਹ ਕਿਤਾਬ ਯੂਨੀਸਟਾਰ ਬੁੱਕਸ ਮੋਹਾਲੀ ਵੱਲੋਂ ਛਾਪੀ ਗਈ ਹੈ। ਇਸ ਦੇ ਪੰਨੇ 216 ਅਤੇ ਕੀਮਤ 200/ ਰੁਪਏ, ਕੈਨੇਡੀਅਨ 15 ਡਾਲਰ ਹੈ।

❑❑❑

# ਅਣ-ਫਿਰਿਆ ਮੱਕਾ ਵਿਚ ਰਮਿਆਂ ਉਂਕਾਰਪ੍ਰੀਤ

ਉਂਕਾਰਪ੍ਰੀਤ ਦੇ ਕਾਵਿ-ਸੰਗ੍ਰਹਿ 'ਅਣ-ਫਿਰਿਆ ਮੱਕਾ' ਦੀ ਚਰਚਾ ਸੋਸ਼ਲ ਮੀਡੀਆ 'ਤੇ ਪੜ੍ਹਦਾ ਸੁਣਦਾ ਰਿਹਾ ਹਾਂ। ਇਥੇ ਕਨੇਡਾ ਆਇਆ ਤਾਂ ਇੱਕ ਸਾਹਿਤਕ ਸਮਾਗਮ ਵਿਚ ਟੱਕਰੇ ਉਂਕਾਰ ਨੇ ਸਤਿਕਾਰ ਸਹਿਤ ਇਹ ਪੁਸਤਕ ਭੇਂਟ ਕਰ ਦਿੱਤੀ। ਹੁਣ ਜਦ ਇਸ ਨੂੰ ਪੜ੍ਹ ਰਿਹਾ ਹਾਂ ਤਾਂ ਲੱਗਾ ਕਿ ਇਹ ਵੱਖਰੀ ਤਰ੍ਹਾਂ ਦਾ ਕਾਵਿ ਹੈ। ਵੱਖਰਤਾ ਵਡਿਆਈ ਹੁੰਦੀ ਹੈ। ਵਡੱਤਣ ਹੁੰਦੀ ਹੈ। ਡਿਜੀਟਲ ਦੇ ਇਸ ਯੁੱਗ ਵਿਚ ਜਦ ਕਵਿਤਾ ਧੜਾ-ਧੜ ਛਪ ਰਹੀ ਹੈ, ਕੁਝ ਵੱਖਰਾ ਕਰਨ ਦੀ ਲੋੜ ਸਮਿਆਂ ਦੀ ਮੰਗ ਬਣ ਜਾਂਦੀ ਹੈ। ਵੱਖਰੇ ਹੋਵੋਗੇ ਤਾਂ ਤੁਹਾਡੀ ਗੱਲ ਹੋਵੇਗੀ, ਚਰਚਾ ਹੋਵੇਗੀ। ਵੱਖਰੇ ਹੋਵੋਗੇ ਤਾਂ ਪੜ੍ਹੇ ਜਾਉਗੇ। ਅਜੋਕੇ ਸਮਿਆਂ ਵਿਚ ਕਵਿਤਾ ਦਾ ਪੜ੍ਹੇ ਜਾਣਾ ਤੁਹਾਡੀ ਪ੍ਰਾਪਤੀ ਹੈ। ਮੈਂ ਉਂਕਾਰਪ੍ਰੀਤ ਨੂੰ ਪੜ੍ਹ ਰਿਹਾ ਹਾਂ। ਉਂਕਾਰਪ੍ਰੀਤ ਕਹਿੰਦਾ ਹੈ, 'ਅਣ-ਫਿਰਿਆ ਮੱਕਾ' ਦੀਆਂ ਸਾਰੀਆਂ ਕਵਿਤਾਵਾਂ ਅਜਿਹੇ ਅਣ-ਫਿਰੇ ਮੂੜ੍ਹ ਮਨ ਵਾਲਿਆਂ ਅਤੇ ਉਹਨਾਂ ਵਲੋਂ ਸਿੱਖੀ ਦੇ ਨਾਮ ਹੇਠ ਵਰਤਾਏ ਜਾ ਰਹੇ ਮਨਮੁਖੀ ਭਾਣਿਆਂ ਦੇ ਦਰਮਿਆਨ ਸਿੱਖ ਆਸ਼ੇ ਦੀ ਅਜੋਕੀ ਤਰਾਸਦੀ ਅਤੇ ਦਰਦ ਦਾ ਬਿਆਨ ਹਨ'। ਸਪਸ਼ਟ ਹੈ ਕਿ ਸ਼ਾਇਰ ਆਪਣੀ ਸਿਰਜਣਾ ਦੇ ਸਰੋਕਾਰਾਂ ਨੂੰ ਸਮਝਦਾ ਹੈ, ਆਪਣੀ ਕਵਿਤਾ ਦੇ ਮਨੋਰਥ ਨੂੰ ਜਾਣਦਾ ਹੈ। ਇਸ ਪੁਸਤਕ ਵਿਚਲੀਆਂ ਕਵਿਤਾਵਾਂ ਵੱਖ-ਵੱਖ ਸਮੇਂ ਫੁਰੇ ਫ਼ੁਰਨਿਆਂ ਦਾ ਸੰਗ੍ਰਹਿ ਨਹੀਂ ਹੈ। ਇਹ ਮਿਥ ਕੇ ਤੇ ਨਿੱਠ ਕੇ ਕੀਤਾ ਕਾਵਿਕ ਕਾਰਜ ਹੈ। ਇਹ ਸਿੱਖ ਇਤਿਹਾਸ ਦੇ ਪੰਨਿਆਂ ਦਾ ਪੁਨਰ ਉੱਥਾਨ ਜਾਂ ਮੁਲਾਂਕਣ ਵੀ ਨਹੀਂ ਹੈ। ਇਹ ਗੁਰੂ ਨਾਨਕ ਸਮੇਤ ਸਭ ਗੁਰੂਆਂ, ਭਗਤਾਂ ਦੇ ਖਿਆਲਾਂ, ਵਿਚਾਰਾਂ ਅਤੇ ਦਲੀਲਾਂ, ਜੋ ਸਾਡੇ ਮਨਾਂ 'ਚੋਂ ਖਾਰਜ ਹੋ ਚੁੱਕੇ ਹਨ, ਨੂੰ ਸਮਕਾਲ ਅੰਦਰ ਮੁੜ ਚੇਤੇ ਕਰਨ ਤੇ ਕਰਵਾਉਣ ਦਾ ਸੁਹਿਰਦ ਉਪਰਾਲਾ ਹੈ। ਇਸ ਪੁਸਤਕ ਦੀ ਭਾਸ਼ਾ ਇਸ ਵਿਚ ਸ਼ਾਮਲ ਕਾਵਿ ਦੇ ਹਾਣ ਦੀ ਹੈ। ਇਸ ਭਾਸ਼ਾ ਵਿਚ ਅਧਿਆਤਮ ਹੈ, ਲੈਅ ਹੈ, ਗੂੰਜ ਹੈ, ਸੁਰ ਹੈ ਤੇ ਸਭ ਤੋਂ ਮਹੱਤਵਪੂਰਨ ਸਾਦਗੀ ਹੈ, ਸਰਲਤਾ ਹੈ। ਅਜਿਹੀ ਕਵਿਤਾ ਸਿਰਜਣ ਲਈ ਕਵੀ ਮਨ ਨੂੰ ਜਿਹੜੀਆਂ ਤਹਿਆਂ ਫਰੋਲਣੀਆਂ ਪੈਂਦੀਆਂ ਹਨ, ਉਂਕਾਰ ਨੇ ਉਸ ਰੂਹਾਨੀ ਸਫ਼ਰ ਦੀਆਂ ਪੈੜਾਂ ਨੂੰ ਜ਼ਰੂਰ ਆਪਣੇ ਅੰਦਰ ਸਾਂਭਿਆ ਹੋਵੇਗਾ।

ਇਸ ਪੁਸਤਕ ਦੇ ਸ਼ੁਰੂ ਵਿਚ ਮੂਲ-ਮੰਤਰ ਦੇ ਅੰਗਾਂ (ਸ਼ਬਦਾਂ) ਨੂੰ ਕਵਿਤਾ ਅੰਦਰ ਢਾਲਿਆ ਹੈ। ਅਜਿਹਾ ਕਰਦਿਆਂ ਉਸ ਮੂਲ-ਮੰਤਰ ਦੀ ਵਿਆਖਿਆ ਨਹੀਂ ਕੀਤੀ। ਉਸ ਨੇ ਇਸ ਅੰਦਰ ਪਏ ਵਿਸਥਾਰਾਂ ਦੇ ਦਿਸਹੱਦਿਆਂ ਦੀ ਨਿਸ਼ਾਨਦੇਹੀ

ਕਰਦਿਆਂ ਸਮਕਾਲ ਨੂੰ ਝੰਜੋੜਨ ਦੀ ਕੋਸ਼ਿਸ਼ ਕੀਤੀ ਹੈ। ਇਕ ਓਅੰਕਾਰ ਵਿਚ ਇੱਕ ਦੀ ਹੋਂਦ ਨੂੰ ਦ੍ਰਿੜ੍ਹ ਕਰਦੀ ਨਾਨਕ ਦੀ ਸੋਚ ਨਾਲ਼ ਉਹ ਇੰਝ ਖਲੋਂਦਾ ਹੈ:

*ਇਕ ਵਿਚ ਜੋ, ਦੋ ਵਿਚ ਸੋ*
*ਪੰਜਾਂ ਵਿਚ ਇਕੋ, ਇਕ ਗਿਆਰੀਂ*
*ਅਰਬੀਂ ਖਰਬੀ ਇਕ ਬੇਸ਼ੁਮਾਰ*

..............................

*ਉਪਜੇ ਵਿਗਸੇ ਕਣ-ਕਣ, ਇਕ ਕਮਾਲ*
*ਬਿਨਸੇ ਬਿਖਰੇ ਕਣ-ਕਣ ਇਕ ਅਕਾਲ*
*ਇਕ ਨੇ ਪਾਈਆਂ ਬਾਤਾਂ ਗੁੱਝੀਆਂ*
*ਇਕ ਹੋਏ ਬਿਨ ਜਾਣ ਨਾ ਬੁੱਝੀਆਂ*

ਨਾਨਕ, ਬਾਬਰ ਦੇ ਯੁੱਗ ਤੋਂ ਸਾਢੇ ਪੰਜ ਸਦੀਆਂ ਬਾਅਦ ਜਿਨ੍ਹਾਂ ਸਮਿਆਂ ਅੰਦਰ ਅਸੀਂ ਜੀਅ ਰਹੇ ਹਾਂ, ਜਿਸ ਸਿਸਟਮ ਨੂੰ ਭੋਗ ਰਹੇ ਹਾਂ, ਉਸ ਵਿਚ ਸਤਿਨਾਮ ਰਟਣ ਹੋ ਗਿਆ ਹੈ, ਪੁਰਖ ਕਰਤਾ ਹੋ ਗਿਆ ਹੈ, ਹਰ ਥਾਂ ਡਰ ਦਾ ਬੋਲਬਾਲਾ ਹੋ ਗਿਆ ਹੈ, ਕਿੰਝ ਜੀਵੀਏ ਨਿਰਭਉ, ਕੋਈ ਨਿਰਵੈਰ ਨਹੀਂ, ਹਉਂ ਮੈਂ ਬਿਨ ਸਭ ਦੁਸ਼ਮਣ-ਗੈਰ ਹੋ ਗਏ ਹਨ। ਅਕਾਲ ਮੂਰਤ ਦੇ ਅਰਥ ਬਦਲ ਗਏ ਹਨ, ਜੂਨੀ ਤੋਂ ਅਜੂਨੀ ਦਾ ਮਹਾਂਸਫ਼ਰ ਅਮੁੱਕ ਹੋ ਗਿਆ ਹੈ ਤੇ ਅਸੰਭਵ ਹੋ ਗਿਆ ਹੈ ਸੈਭੰ ਹੋਣਾ। ਗੁਰ ਪ੍ਰਸਾਦ ਦੇ ਅਰਥ ਪੂੰਜੀਵਾਦ ਦੇ ਤਲਿੱਸਮ 'ਚ ਘੁਲ਼ ਗਏ ਹਨ। ਗੁਰ ਪ੍ਰਸਾਦ ਤਾਂ ਆਪਣਾ ਮੂਲ ਪਛਾਣਨ ਜਾਣਨ, ਅਨਿਕ ਨਾਲ਼ ਏਕਾ ਮਾਨਣ ਵਾਲਾ ਰਾਹ ਹੈ। ਇੰਝ ਇਹ ਕਵਿਤਾਵਾਂ ਸਮਿਆਂ ਦੇ ਬੇਤਰਤੀਬ ਹੋਏ ਵਰਤਾਰਿਆਂ ਨਾਲ਼ ਸੰਵਾਦ ਰਚਾਉਂਦੀਆਂ ਹਨ।

ਉਂਕਾਰਪ੍ਰੀਤ ਕੋਲ਼ ਸਿਰਜੇ ਜਾ ਰਹੇ ਕਾਵਿ ਦੀ ਢੁੱਕਵੀਂ ਕਾਵਿ-ਜੁਗਤ ਹੈ। ਨਾਨਕ ਨੂੰ ਪ੍ਰਭਾਸ਼ਿਤ ਕਰਦਿਆਂ ਉਸ ਦੀ ਕਵਿਤਾ ਮਹੀਨ, ਅਤਿ ਸੂਖ਼ਮ ਤ੍ਰੇਲ-ਤੁਪਕੇ ਅੰਦਰਲੀ ਪਾਰਦਰਸ਼ ਸਮਾਧੀ ਹੋ ਜਾਂਦੀ ਹੈ। ਨਾਨਕ ਦੀ ਆਮਦ ਨਾਲ਼ ਮੱਸਿਆ ਦਾ ਨੇਰ੍ਹ ਪੂਰਨਮਾਸ਼ੀ ਹੋ ਜਾਂਦਾ ਹੈ। ਨਾਨਕਸ਼ਾਹੀ ਦੇ ਸੱਚ ਦੀ ਸਚਾਈ ਬਿਆਨਦਿਆਂ ਉਹ ਭੇਖ ਬਣ ਚੁੱਕੇ ਖਾਲਸਾਈ ਰੂਪ ਦੀ ਗੱਲ ਬੜੀ ਨਿਡਰਤਾ ਤੇ ਦ੍ਰਿੜਤਾ ਨਾਲ਼ ਕਰਦਾ ਹੈ। ਰੂਹ ਦੀ ਰਬਾਬ ਛੇੜ ਉਹ ਕਹਿੰਦਾ ਹੈ:

*ਸਪਤ ਸੁਰੇ, ਨੌਂ ਸੁਰੇ*
*ਸੁਰ, ਤਾਲ, ਰਾਗ, ਨਾਦ*

*ਲੰਘ ਜਾਣ ਦੇ ਨਿਰਉਚੇਚ*
*ਜਿਉਂ ਵਾਅ ਲੰਘੇ ਰੁੱਖਾਂ 'ਚੋਂ*

'ਬਾਬੇ ਨੂੰ ਖ਼ਤ', 'ਬੱਚਾ ਤੇ ਧਰਮ', ਜੋਗਾ, ਖੰਡ ਪਾਠ, ਖੰਡ ਪਾਠ ਤੋਂ ਡਰਦੀ ਕਵਿਤਾ ਆਦਿ ਕਵਿਤਾਵਾਂ ਵਿਚ ਉਹ ਸਦੀ ਦੇ ਇਸ ਸਰਮਾਇਦਾਰੀ ਨਿਜ਼ਾਮ ਅੰਦਰ ਲਾਲੋਆਂ ਦੇ ਸਮਕਾਲੀ ਨਕਸ਼ਾਂ ਦੇ ਫੈਲਾਅ ਦਾ ਜ਼ਿਕਰ ਕਰਦਿਆਂ ਅੱਜ ਵੀ ਧੁਰ ਕੀ ਬਾਣੀ ਦੀ ਸਾਰਥਿਕਤਾ ਦੀ ਗੱਲ ਵੀ ਕਰਦਾ ਹੈ। ਪਰ ਧਰਮ ਵਿਚ ਪ੍ਰਵੇਸ਼ ਕਰ ਗਈ ਕੱਟੜਤਾ ਨੇ ਜਾਗਦੀ ਸੋਚ ਵਾਲੇ ਮੱਥਿਆਂ ਅੰਦਰ ਡਰ ਬਿਠਾ ਦਿੱਤਾ ਹੈ:

*ਸ੍ਰਿਸ਼ਟੀ ਦਾ ਬੀਜ-ਨੂਹ-ਮਹਾਂ ਆਤਮਾਂ*
*ਨਿਰਭਉ-ਨਿਰਵੈਰ 'ਆਖੰਡ ਕਵਿਤਾ'*
*ਡਰੀ ਡਰੀ ਸੋਚੇ ਜੇ ਖੰਡ ਪਾਠੀਆਂ*
*ਮੈਨੂੰ ਵੇਖ ਲਿਆ ਤਾਂ ਕੀ ਬਣੇਗਾ ? ?*

ਖ਼ਾਲਿਸਤਾਨ... ਬੜੀ ਭਾਵਪੂਰਤ ਨਜ਼ਮ ਹੈ। ਵਿਸ਼ਵ ਦੇ ਵੱਖ-ਵੱਖ ਖਿਤਿਆਂ ਵਿਚ ਕੁਝ ਕੌਮਾਂ ਆਪਣੇ ਲਈ ਵੱਖਰੇ ਘਰ ਦੀ ਮੰਗ ਕਰਦੀਆਂ ਹਨ। ਭਾਰਤ ਵਿਚ ਵੀ ਇਸ ਵੱਖਰੇ ਖਿਤੇ ਦੀ ਮੰਗ ਲਈ ਪੰਜਾਬ ਨੇ ਪਿਛਲੇ ਚਾਰ ਦਹਾਕਿਆਂ ਦੌਰਾਨ ਕਈ ਦੁਖਾਂਤ ਵੇਖੇ ਝੱਲੇ ਹਨ। ਪਰ ਇਸ ਵੱਖਰੇ ਖਿਤੇ ਦੀ ਮੰਗ ਕਰਦੇ ਬਹੁਤੇ ਲੋਕਾਂ ਨੂੰ ਸਪਸ਼ਟ ਨਹੀਂ ਕਿ ਇਹ ਹੋਂਦ ਵਿਚ ਆਉਣ ਵਾਲਾ ਵੱਖਰਾ ਦੇਸ਼ ਕਿਹੋ ਜਿਹਾ ਹੋਵੇਗਾ ਜਾਂ ਹੋਣਾ ਚਾਹੀਦਾ ਹੈ। ਕਦੀ ਭਗਤ ਰਵਿਦਾਸ ਜੀ ਮਹਾਰਾਜ ਨੇ ਕਿਹਾ ਸੀ:

*ਬੇਗਮਪੁਰਾ ਸਹਰ ਕਾ ਨਾਉ।*
*ਦੂਖ ਅੰਦੋਹ ਨਹੀ ਤਿਹਿ ਠਾਉ*
..............................
*ਕਹੁ ਰਵਿਦਾਸ ਖਲਾਸ ਚਮਾਰਾ*
*ਜੋ ਹਮ ਸਹਰੀ ਸੁ ਮੀਤੁ ਹਮਾਰਾ*

ਉਂਕਾਰਪ੍ਰੀਤ ਨੇ ਵੀ ਅਜਿਹੇ ਹੀ ਖਿਤੇ ਦਾ ਸੁਪਨਾ ਸਿਰਜਿਆ ਹੈ। ਚਹੁੰ ਪੰਨਿਆਂ 'ਤੇ ਫੈਲੀ ਇਸ ਨਜ਼ਮ ਦੀ ਹਰ ਸਤਰ 'ਚ ਇੱਕ ਸੁਪਨਾ ਹੈ। ਹਰ ਸੁਪਨਾ ਅਜਿਹਾ ਸਿਸਟਮ ਸਾਂਭੀ ਬੈਠਾ ਹੈ ਜਿਸ ਵਿਚ ਇਨਸਾਨ ਖੁੱਲ੍ਹ ਕੇ ਸਾਹ ਲੈ ਸਕੇ, ਦੂਜਿਆਂ ਦੇ ਦੁੱਖ ਦਰਦ ਸਮਝੇ ਤੇ ਵੰਡਾ ਸਕੇ। ਧਰਮ ਧਾਰਮਿਕ ਸਥਾਨਾਂ ਦੀ ਬਜਾਏ ਦਿਲਾਂ ਤੋਂ ਸ਼ੁਰੂ ਹੁੰਦਾ ਹੋਵੇ। ਇਸ ਨਜ਼ਮ ਦੀਆਂ ਆਖਰੀ ਸਤਰਾਂ ਸਾਂਝੀਆਂ ਕਰਦੇ ਹਾਂ-

*ਜਿਸਦਾ ਘੇਰਾ...ਪੂਰਾ ਵਿਸ਼ਵ ਹੋਵੇ*
*ਨਕਸ਼ਾ...ਪੂਰਾ ਬ੍ਰਹਿਮੰਡ*
*ਝੰਡਾ... .ਪਾਣੀ ਰੰਗਾ, ਨਿਰਮਲ ਤੇ ਸਵੱਛ*

*ਕੌਮੀ ਨਾਹਰਾ... .ਇਨਸਾਨੀਅਤ ਦਾ ਬੋਲਬਾਲਾ*
*ਕੌਮੀ ਤਰਾਨਾ 'ਗਗਨ ਮਹਿ ਥਾਲ' ਵਾਲਾ ਨਾਨਕ ਦਾ ਗੀਤ*

ਵਿਕਾਸ ਦੇ ਨਵ–ਉਦਾਰਵਾਦੀ ਯੁੱਗ 'ਚ ਸਿੱਖੀ ਸਿਧਾਂਤ 'ਚ ਮਾਰਕਸਵਾਦ ਦਾ ਸਿਧਾਂਤ ਲਾਗੂ ਹੁੰਦਾ ਲੱਗਦਾ ਹੈ। ਇਸ ਯੁੱਗ 'ਚ ਲਾਲੋਆਂ 'ਚ ਨਵੇਂ ਲਾਲੋਆਂ ਦੀ ਇੱਕ ਜਮਾਤ ਵਿਕਸਤ ਹੋ ਗਈ ਹੈ। ਨਵੇਂ ਜਲਾਦ ਹੋਂਦ ਵਿਚ ਆ ਗਏ ਹਨ। ਨਵੇਂ ਲਾਲੋ ਭਾਗੋ ਤੇ ਨਵੇਂ ਜੱਲਾਦ ਕਵਿਤਾਵਾਂ ਇਸੇ ਕਰਵਟ ਦਾ ਕਾਵਿ–ਚਿਤਰਣ ਹਨ। ਇਸੇ ਸਿਧਾਂਤ 'ਚ ਉਦੈ ਤੇ ਖ਼ਪਤ ਹੁੰਦੇ ਪ੍ਰੋਫ਼ੈਸਰ ਦਾ ਬਿਰਤਾਂਤ ਸਿਰਜਿਆ ਹੈ ਪ੍ਰੋਫ਼ੈਸਰ ਨਜ਼ਮ ਵਿਚ। ਇਹ ਕਵਿਤਾਵਾਂ ਸਿੱਖੀ ਸਿਧਾਂਤ ਦੇ ਹੱਕ 'ਚ ਨਿੱਤਰੀਆਂ ਕਾਵਿ–ਬਿਆਨੀਆਂ ਨਹੀਂ ਹਨ। ਇਹ ਤਾਂ ਗੁਰੂ ਅਤੇ ਗੁਰਬਾਣੀ ਪ੍ਰੰਪਰਾ ਅੰਦਰ ਪ੍ਰਵੇਸ਼ ਕਰ ਗਏ ਕਰਮਕਾਡਾਂ ਨੂੰ ਨਿੰਦਦੀਆਂ ਚੁਣੌਤੀਆਂ ਹਨ। ਅਜਿਹੇ ਬਿਰਤਾਂਤ ਸਿਰਜਣੇ ਧਾਰਮਿਕ ਪ੍ਰੰਪਰਾਵਾਂ ਨਾਲ਼ ਜੁੜੇ ਇੱਕ ਵਰਗ ਨਾਲ਼ ਦੁਸ਼ਮਣੀ ਲੈਣ ਦੇ ਬਰਾਬਰ ਹੁੰਦੇ ਹਨ। ਇਸ ਨਵੇਂ ਯੁੱਗ ਦੀ ਪਰਿਭਾਸ਼ਾ ਇਹ ਹੈ ਕਿ:

*ਬਾਬਾ ਹੁਣ ਨੇ ਨਵੇਂ ਜਮਾਨੇ*
*ਨਵੇਂ ਖ਼ਸਮ, ਨਵੇਂ ਖਸਮਾਨੇ*

ਵਿਕਾਸ ਦੇ ਸਮਕਾਲੀ ਨਕਸ਼ਾਂ ਦੇ ਵਿਗਾੜਾਂ ਨੂੰ ਸਦੀਆਂ ਪਹਿਲਾਂ ਹੋਏ ਵਾਪਰੇ ਮਾਣਮੱਤੇ ਛਿਣਾਂ ਦੇ ਸਨਮੁੱਖ ਖੜ੍ਹਾ ਕਰਨਾ ਤੇ ਮੌਜੂਦਾ ਸਿਸਟਮ ਨੂੰ ਵੰਗਾਰਨਾ ਇਸ ਕਾਵਿ ਦਾ ਜੁਅਰਤ ਵਾਲਾ ਕਾਰਜ ਹੈ। ਸ਼ਾਇਰ ਤੱਥਾਂ, ਮਿੱਥਾਂ ਨੂੰ ਤੋੜਦਾ, ਨਵੇਂ ਅਰਥ ਸਾਕਾਰ ਕਰਦਾ ਹੈ। ਅਰਥ ਜੋ ਸਾਡੇ ਸਮਿਆਂ ਦੇ ਹਾਣੀ ਹੋਣ। ਅਰਥ ਜੋ ਮਾਨਵਵਾਦੀ ਸੋਚ ਨੂੰ ਪ੍ਰਣਾਏ ਹੋਣ। ਜਦ ਵਿਰੋਧ ਵਾਲੀ ਧਿਰ ਧਰਮ ਹੋਵੇ ਤਾਂ ਹਰ ਕੋਈ ਬਚਣ ਦੀ ਕੋਸ਼ਿਸ਼ ਕਰਦਾ ਹੈ। ਪਰ ਉਂਕਾਰਪ੍ਰੀਤ ਇਸ ਕਰਮਕਾਂਡੀ ਵਿਵਸਥਾ ਖ਼ਿਲਾਫ਼ ਜੁਅਰਤ ਨਾਲ਼ ਖੜ੍ਹਾ ਨਜ਼ਰ ਆਉਂਦਾ ਹੈ। ਉਸ ਦੇ ਵਿਰੋਧ ਦੇ ਕਲਾਵੇ 'ਚ ਅੰਤਰਰਾਸ਼ਟਰੀ ਵਰਤਾਰੇ ਵੀ ਆ ਜਾਂਦੇ ਹਨ। ਗੁਰੂ ਗਰੰਥ ਜੀ, ਮਾਨਿਓ ਕਵਿਤਾ ਵਿਚਲਾ ਵਿਅੰਗ ਕਵੀ ਦੇ ਨਿਰਭਓ ਇਰਾਦਿਆਂ ਦੀ ਦੱਸ ਪਾਉਂਦਾ ਹੈ:

*ਉਹਨਾਂ ਦੀ ਮਰਿਯਾਦਾ*
*-ਜੋਤ ਜਗਾਉਣੀ*
*-ਧੂਫ਼ ਧੁਖਾਉਣੀ*
*-ਨਰੇਲ ਸਜਾਉਣੇ*
*-ਕੁੰਭ ਬਣਾਉਣੇ*
*ਗੁਰ–ਸ਼ਬਦ ਨੂੰ ਸੁੰਦਰ ਪੌਸ਼ਾਕੇ ਪਹਿਨਾਉਣ ਦੇ ਤਰੀਕੇ*
*ਚੌਰ ਕਰਨ ਦੀ ਕਲਾ, ਆਰਤੀ ਦੇ ਦੀਵਿਆਂ ਭਰੇ ਥਾਲ਼*

*ਘੁੰਮਾਉਣ ਵਿਚ ਪ੍ਰਬੀਨਤਾ, ਤੁਹਾਨੂੰ ਸੋਨ-ਪਲੰਘਾਂ 'ਤੇ*
*ਰੇਸ਼ਮੀਂ ਪਰਦਿਆਂ ਓਹਲੇ, ਸੁਖ-ਆਸਣ ਦੀ ਕੁਸ਼ਲਤਾ*

ਕਿਸੇ ਧਾਰਮਕ ਸਥਾਨ ਦੀ ਮਰਿਆਦਾ ਦੇ ਨਾਂ 'ਤੇ ਅਮਾਨਵੀ ਰਸਮਾਂ, ਰੀਤਾਂ, ਤੇ ਕਰਮਕਾਂਡਾਂ ਦਾ ਬੋਲਬਾਲਾ ਸੰਵੇਦਨਸ਼ੀਲ ਮਨਾਂ ਨੂੰ ਪ੍ਰੇਸ਼ਾਨ ਕਰਦਾ ਹੈ। ਉਹ ਸੋਚਦਾ ਹੈ ਕਿ ਅਖੌਤੀ ਸਿੱਖਾਂ 'ਚੋਂ ਹੁਣ ਨਾਨਕ ਵਾਲ਼ੀ ਸਿੱਖੀ ਗ਼ਾਇਬ ਹੋ ਗਈ ਹੈ। ਇਹ ਨਾਨਕ ਨੂੰ ਮੰਨਦੇ ਪਰ ਨਾਨਕ ਦੀ ਨਾ ਮੰਨਦੇ ਸਿੱਖਾਂ ਦੀ ਹੋਣੀ ਹੈ। ਅਜਿਹੇ ਸਮਿਆਂ 'ਚ ਸੁਨਹਿਰੀ ਮਿਆਨ ਵਾਲ਼ੀ ਤਲਵਾਰ ਭੈਭੀਤ ਹੈ। ਭੈਅ ਨਾਲ਼ ਕੰਬਦੀ ਹੈ। ਕਿਉਂਕਿ ਸਿੱਖਾਂ ਦੇ ਵਰਤਮਾਨ ਬਾਣੇ ਨੇ ਢਾਈ ਸਦੀਆਂ ਲਾ ਕੇ ਸਿਰਜੀ ਕਿਰਪਾਨ ਨੂੰ ਮੌਜੂਦਾ ਸਰੂਪ ਦਿੱਤਾ ਹੈ। 'ਦੇਹ ਧਾਰੀ ਪੁਸਤਕ' ਅਜਿਹੀ ਥੋਪੀ ਗਈ ਮਰਿਆਦਾ 'ਤੇ ਕਿੰਤੂ-ਪ੍ਰੰਤੂ ਕਰਦੀ ਨਜ਼ਮ ਹੈ:

*ਜਦੋਂ ਕੋਈ ਨੂਰੀ ਪੁਸਤਕ/ ਪੇਟਾਂ, ਗੋਲਕਾਂ ਦੇ ਵੱਸ*
*ਆਦਮ-ਦੇਹ ਬਣਦੀ ਹੈ*
*ਉਸ ਵਿਚਲਾ ਦਸ ਸੂਰਜੀ ਚਾਨਣ ਵੀ*
*ਰਹਿ ਜਾਂਦਾ ਬੱਸ ਦੇਹ ਦਾ ਪ੍ਰਛਾਵਾਂ*

ਇਹ ਸਾਡਾ ਕੌਣ ਹੈ, ਓੜਕ ਸੱਚ ਰਹੀ ਅਤੇ ਇਸ ਕਿਤਾਬ ਦੇ ਸਿਰਲੇਖ ਵਾਲੀ ਕਵਿਤਾ ਅਣ-ਫਿਰਿਆ ਮੱਕਾ ਇਸ ਪੁਸਤਕ ਦੇ ਅੰਤਿਮ ਅਤੇ ਪ੍ਰਭਾਵਸ਼ਾਲੀ ਪੰਨੇ ਬਣਦੇ ਹਨ। ਇੱਕ ਲੰਮੇ ਰੁਹਾਨੀ ਸਫ਼ਰ ਤੋਂ ਬਾਅਦ ਜਿਵੇਂ ਵਿਛੀ ਧੁੱਪ ਦਾ ਚਾਨਣ ਅਦਬ ਵਿਚ ਝੁਕਿਆ ਹੋਵੇ। ਇਸ ਪੁਸਤਕ ਵਿਚਲਾ ਕਾਵਿ ਪਾਪੂਲਰ ਕਾਵਿ ਨਹੀਂ ਹੈ। ਇਹ ਮਾਨਵਵਾਦੀ ਤੇ ਤਰਕਸ਼ੀਲ ਹਿਰਦਿਆਂ ਦੇ ਸੁਹਜ ਦੀ ਤ੍ਰਿਪਤੀ ਕਰਦੀ ਸ਼ਾਇਰੀ ਹੈ। ਇਸ ਦੇ ਪਾਠਕ ਥੋੜ੍ਹੇ ਪਰ ਸਿਆਣੇ ਹੋਣਗੇ। ਇਹ ਪੁਖ਼ਤਾ ਸੋਚ ਵਾਲੇ ਪਾਠਕਾਂ ਦੀ ਬੁੱਕ-ਸ਼ੈਲਫ਼ 'ਤੇ ਸਾਂਭਣ ਵਾਲੀ ਕਿਰਤ ਹੈ। ਇਸ ਤੋਂ ਪਹਿਲਾਂ ਉਸ ਦੇ ਤਿੰਨ ਨਾਟਕ ਅਤੇ ਦੋ ਗ਼ਜ਼ਲ ਸੰਗ੍ਰਹਿ ਛਪ ਚੁੱਕੇ ਹਨ। ਨਜ਼ਮਾਂ ਦੀ ਇਹ ਉਸ ਦੀ ਪਹਿਲੀ ਕਿਤਾਬ ਹੈ। ਅਸੀਂ ਇਸ ਪੁਸਤਕ ਦਾ ਸਵਾਗਤ ਕਰਦੇ ਹਾਂ।

❑❑❑

# ਅਮਰਜੀਤ ਕੌਰ ਪੰਛੀ ਦੀ ਪਰਵਾਜ਼ ਦਾ ਅੰਬਰ

ਪਹਿਲੀ ਵਾਰ ਮਿਲੀ ਤਾਂ ਮਰਦਾਵੀਂ ਹਉਂ ਜਿਹੀ ਸੀ। ਸੂਖ਼ਮਤਾ ਤੋਂ ਕੋਰੀ। ਸਿਸਟਮ, ਸਮਾਜ ਨਾਲ ਰੁੱਸੀ ਹੋਈ। ਓਦੋਂ ਅਜੇ ਉਸ ਆਪਣੀ ਸ਼ਾਇਰੀ ਨੂੰ ਤਰਤੀਬ ਨਹੀਂ ਸੀ ਦਿੱਤੀ। ਬੇਤਰਤੀਬ ਸ਼ਾਇਰੀ ਖਿਲਰੇ, ਖਿੰਡੇ ਵਿਚਾਰਾਂ ਵਰਗੀ ਹੁੰਦੀ। ਓਦੋਂ ਉਹ ਅਜੇ ਬੇਤਰਤੀਬੀ ਵਿਚੋਂ ਗੁਣ ਲੱਭ ਰਹੀ ਸੀ। ਇਹ ਉਸ ਦੀ ਸ਼ਾਇਰੀ ਦਾ ਪੁੱਠਾ ਪਾਸਾ ਸੀ। ਪੁੱਠੇ ਪਾਸੇ ਵਿਚ ਰਹੱਸ ਹੁੰਦਾ, ਸੰਦੇਹ ਹੁੰਦਾ। ਪੁੱਠੇ ਪਾਸੇ ਵਿਚ ਸ਼ਾਇਰੀ ਦੇ ਸਿੱਧੇ ਪਾਸੇ ਦਾ ਸੱਚ ਲੁਕਿਆ ਹੁੰਦਾ। ਇਸ ਸੱਚ ਨੂੰ ਉਸ ਨੇ ਪੰਛੀ ਦੀ ਪਰਵਾਜ਼ ਦਾ ਨਾਂ ਦਿੱਤਾ। ਜਦ ਅਗਲੀ ਵਾਰ ਮਿਲੀ ਤਾਂ ਉਹ ਅਰਸ਼ੋਂ ਉੱਤਰੀ ਹੂਰ ਜਿਹੀ ਸੀ। ਸੁਹਜ ਨਾਲ ਭਰੀ। ਪੁੱਠੇ ਪੈਰੀਂ ਤੁਰਦੀ ਚਾਲ ਦੇ ਸੁਹੱਪਣ ਵਰਗੀ। ਉਸ ਆਪਣੀਆਂ ਗਜ਼ਲ਼ਾਂ ਦੀ ਦਾਰਸ਼ਨਿਕਤਾ ਨੂੰ ਤਰਤੀਬ ਦੇ ਦਿੱਤੀ ਸੀ। ਇਸ ਤਰਤੀਬ ਵਿਚ ਪੰਛੀ ਸੀ, ਉਸ ਦੀ ਪਰਵਾਜ਼ ਸੀ ਤੇ ਵਿਰਸੇ ‘ਚ ਮਿਲੀ ਇਸ ਪਰਵਾਜ਼ ਦਾ ਪੰਛੀ ਉਸ ਦਾ ਆਪਣਾ ਸੀ। ਉਸ ਦੇ ਉਸਤਾਦ ਪਿਤਾ ਕਰਤਾਰ ਸਿੰਘ ਪੰਛੀ ਦਾ ਉਸ ਸਿਰਫ ਤਖ਼ੱਲਸ ਹੀ ਨਹੀਂ ਅਪਣਾਇਆ, ਉਸ ਦੀ ਸੂਝ, ਸਮਝ ਤੇ ਗਜ਼ਲ਼ਕਾਰੀ ਦੀਆਂ ਮਹੀਨ ਤਕਨੀਕਾਂ ਨੂੰ ਵੀ ਅਪਣਾਇਆ:

*ਮੈਂ ਆਪਣੀ ਮੁਸਕਾਨ ਦੇ ਪਿੱਛੇ ਆਪਣਾ ਦਰਦ ਲਕੋ ਲੈਂਦੀ ਹਾਂ*
*ਜਜ਼ਬੇ ਲਿਖ ਕੇ ਕਾਗਜ਼ ਉੱਤੇ ਸ਼ਬਦਾਂ ਵਿਚ ਪਰੋ ਲੈਂਦੀ ਹਾਂ*
*ਆਪਣੇ ਅਕਸ ਨੂੰ ਮੁੜ ਮੁੜ ਤੱਕਣਾ ਚੰਗਾ ਲੱਗਦਾ ਹੈ*
*ਸ਼ੀਸ਼ੇ ਦੀ ਤਹਿ ਤੀਕ ਉਤਰਨਾ ਚੰਗਾ ਲੱਗਦਾ ਹੈ*

ਮੁਹੱਬਤ ਅਤੇ ਅਪਣੱਤ ਦੇ ਅਹਿਸਾਸ ਅੰਦਰ ਸ਼ਾਇਰੀ ਦੇ ਵਿਆਪਕ ਪਾਸਾਰ ਦੀ ਸੰਭਾਵਨਾ ਹੁੰਦੀ ਹੈ। ਇਸ ਸੰਭਾਵਨਾ ਨੂੰ ਬਹਿਰ ਵਜ਼ਨ ਦਾ ਤਵਾਜ਼ਨ ਰੱਖਦਿਆਂ ਸ਼ਬਦਾਂ ਦੀ ਸਹੀ ਚੋਣ ਕਰਕੇ ਸ਼ੇਅਰ ਅੰਦਰ ਢਾਲਣਾ ਸ਼ਾਇਰ ਦੀ ਪ੍ਰਾਪਤੀ ਹੁੰਦੀ ਹੈ। ਮੁਹੱਬਤ ਦੀ ਗੱਲ ਉਸ ਲਈ ਰਾਹਤ ਦੀ ਗੱਲ ਹੈ। ਉਹ ਖ਼ਾਬਾਂ ਵਿਚ ਵੀ ਪਿਆਰੇ ਦੇ ਚਿੱਤਰ ਬਣਾਉਂਦੀ ਹੈ। ਜੁਦਾ ਹੋ ਕੇ ਵੀ ਪਿਆਰੇ ਨੂੰ ਮਿਲਣ ਦਾ ਅਹਿਸਾਸ ਜਦ ਹਵਾ ਵਿਚ ਘੁਲਦਾ ਹੈ ਤਾਂ ਚੌਗਿਰਦਾ ਮਹਿਕ ਉੱਠਦਾ ਹੈ। ਪਿਆਰੇ ਦੀਆਂ ਯਾਦਾਂ ਸੀਨੇ ਨਾਲ਼ ਲਾ ਕੇ ਗਜ਼ਲ਼ਾਂ ਗਾਉਣੀਆਂ ਮੁਹੱਬਤ ਦੇ ਅਹਿਸਾਸ ਦੀ ਇੰਤਿਹਾ ਹੈ। ਅਮਰਜੀਤ ਨੇ ਇਸ ਅਹਿਸਾਸ ਨੂੰ ਕਈ ਸ਼ੇਅਰਾਂ ਵਿਚ ਚਿਤਰਿਆ ਹੈ:

*ਉਸ ਨੂੰ ਦੇਖੇ ਭੁੱਖ ਜਨਮਾਂ ਦੀ ਲਹਿ ਜਾਵੇ*
*ਚੰਨ ਵੀ ਉਸ ਤੋਂ ਨੂਰ ਉਧਾਰਾ ਮੰਗਦਾ ਹੈ*
*ਮੈਂ ਇੱਕ ਨੂਰੀ ਰਿਸ਼ਮ ਚੁਰਾ ਕੇ*
*ਰੂਹ ਦੀ ਝੋਲੀ ਪਾ ਬੈਠੀ ਹਾਂ*
*ਵੱਢ ਵੱਢ ਖਾਂਦੇ ਦਰ ਦਰਵਾਜ਼ੇ ਖ਼ਾਲੀ ਘਰ*
*ਝੱਲਣ ਕਿੰਝ ਤਨਹਾਈਆਂ ਰਾਤਾਂ ਸਾਉਣ ਦੀਆਂ*

ਜੋਗੀ ਸਿਰਲੇਖ ਵਾਲੀਆਂ ਦੋ ਗਜ਼ਲ਼ਾਂ ਵਿਚ ਰਵਾਨੀ, ਸਾਦਗੀ ਤੇ ਨਿਰਉਚੇਚ ਪੇਸ਼ਕਾਰੀ ਪ੍ਰਭਾਵਤ ਕਰਦੀ ਹੈ। ਅਜਿਹਾ ਪ੍ਰਭਾਵ ਹੀ ਸੱਜਣਾ ਸਿਰਲੇਖ ਵਾਲੀਆਂ ਦੋ ਰਚਨਾਵਾਂ ਸਿਰਜਦੀਆਂ ਹਨ। ਜਾਨ ਦੇ ਦੁਸ਼ਮਣ ਸਿਰਲੇਖ ਹੇਠ ਵੀ ਸਫ਼ਾ 76–78 ਉੱਪਰ ਦੋ ਗਜ਼ਲ਼ਾਂ ਦਰਜ ਹਨ। ਇਹ ਵਰਤਾਰਾ ਵਿਚਾਰ ਦਾ ਵਿਸਥਾਰ ਹੀ ਹੁੰਦਾ ਹੈ। ਕੁਝ ਰਹਿ ਗਏ ਦੀ ਪੂਰਤੀ। ਇਹ ਰਚਨਾਵਾਂ ਤੇ ਕੁਝ ਹੋਰ ਛੋਟੀ ਬਹਿਰ ਦੀਆਂ ਗਜ਼ਲ਼ਾਂ ਹਨ। ਛੋਟੀ ਬਹਿਰ ਪਾਠਕ ਉੱਪਰ ਤੁਰੰਤ ਤੇ ਤਿੱਖਾ ਪ੍ਰਭਾਵ ਪਾਉਂਦੀਆਂ ਹਨ। ਇਹ ਥੋੜੇ ਸ਼ਬਦਾਂ ਵਿਚ ਵੱਡੀ ਗੱਲ ਕਹਿਣ ਦਾ ਹੁਨਰ ਵੀ ਹੁੰਦਾ ਹੈ:

*ਪਲ ਪਲ ਜਿੰਦੜੀ ਮੁੱਕਦੀ ਜਾਵੇ, ਬਹਿ ਜਾ ਦੋ ਪਲ ਕੋਲ਼ ਵੇ ਜੋਗੀ*
*ਅੱਡੀ ਨੂੰ ਕਿੰਝ ਰੋਕੇ ਕੋਈ, ਵੱਜਦੇ ਨੇ ਜਦ ਢੋਲ ਵੇ ਜੋਗੀ*
*ਝਾਂਜਰ ਦਾ ਬਣ ਬੋਰ ਵੇ ਜੋਗੀ, ਨੱਚਦਾ ਦਿਲ ਦਾ ਮੋਰ ਵੇ ਜੋਗੀ*

ਕੁੱਖ ਅੰਦਰ ਮਾਰੀਆਂ ਜਾਂਦੀਆਂ ਧੀਆਂ ਤੇ ਮੰਦਰਾਂ, ਹਸਪਤਾਲਾਂ ਤੇ ਵਿਦਿਅਕ ਅਦਾਰਿਆਂ ਅੰਦਰ ਹਵਸ ਦਾ ਸ਼ਿਕਾਰ ਹੁੰਦੀਆਂ ਧੀਆਂ ਲਈ ਬੜੇ ਭਾਵਪੂਰਤ ਸ਼ੇਅਰ ਪੜ੍ਹਨ ਨੂੰ ਮਿਲਦੇ ਹਨ। ਮਾਂ ਦੀ ਯਾਦ ਵਿਚ ਲਿਖੀ ਸੰਵੇਦਨਸ਼ੀਲ ਗਜ਼ਲ਼ ਤੋਂ ਅਮਰਜੀਤ ਪੰਛੀ ਦੀ ਗਹਿਰੀ ਸੰਵੇਦਨਾ ਦੀ ਥਾਹ ਪੈਂਦੀ ਹੈ। ਜਦ ਕਦੀ ਇਹਨਾਂ ਸ਼ੇਅਰਾਂ ਵਿਚ ਕੁਦਰਤ ਸ਼ਾਮਲ ਹੋ ਜਾਂਦੀ ਹੈ ਤਾਂ ਸ਼ੇਅਰ ਪਾਠਕ ਨਾਲ਼ ਹੋਰ ਵੀ ਗਹਿਰਾ ਅਪਣੱਤ ਵਾਲਾ ਰਿਸ਼ਤਾ ਬਣਾ ਲੈਂਦਾ ਹੈ:

ਧੁੱਪ, ਹਵਾ, ਪਾਣੀ, ਧਰਤੀ ਤੋਂ ਡੱਕੋ ਨਾ
ਪਿੰਜਰੇ ਵਿਚ ਨਾ ਪਾਵੋ ਕੁੜੀਆਂ ਚਿੜੀਆਂ ਨੂੰ
ਹਵਾਵਾਂ 'ਚੋਂ ਅਸੀਂ ਖੁਸ਼ਬੂ ਦੀਆਂ ਮੁੱਠਾਂ ਵੀ ਭਰਲਾਂਗੇ,
ਚਲੋ ਮਿਲ ਕੇ ਖਿੜੀ ਧੁੱਪ ਦੇ ਅਸੀਂ ਕੁਝ ਰੰਗ ਚੁਰਾਉਂਦੇ ਹਾਂ

ਅਮਰਜੀਤ ਕੌਰ ਪੰਛੀ ਨੇ ਰਾਜਨੀਤਕ ਵਿਗਾੜਾਂ ਦੀ ਬਾਤ ਵੀ ਪਾਈ ਹੈ। ਉਹ ਸੱਤਾ ਨੂੰ ਬੜੀ ਬੇਬਾਕੀ ਅਤੇ ਦਲੇਰੀ ਨਾਲ ਸਿੱਧਾ ਮੁਖ਼ਾਤਬ ਹੁੰਦੀ ਹੈ। ਵਿਅੰਗ ਉਸ ਦੀ ਸ਼ਾਇਰੀ ਨੂੰ ਲਲਕਾਰ ਵਿਚ ਬਦਲ ਦਿੰਦਾ ਹੈ। ਉਸ ਦੀ ਸੰਬੋਧਨੀ ਸੁਰ ਹੋਰ

ਵਧੇਰੇ ਤਿੱਖੀ ਹੋ ਜਾਂਦੀ ਹੈ। ਉਹ ਜਿਸ ਵੀ ਵਿਸ਼ੇ ਨੂੰ ਛੋਂਹਦੀ ਹੈ, ਸਪਸ਼ਟਤਾ ਤੇ ਸੁਹਿਰਦਤਾ ਦਾ ਪੱਲਾ ਨਹੀਂ ਛੱਡਦੀ। ਢੁੱਕਵੇਂ ਬਿੰਬ ਤੇ ਸ਼ਬਦ ਉਸ ਦੀ ਸ਼ਾਇਰੀ ਦਾ ਇੱਕ ਮਿਆਰ ਬਣਾਈ ਰੱਖਦੇ ਹਨ। ਉਸ ਦੇ ਸ਼ੇਅਰਾਂ ਵਿਚਲਾ ਭਾਵ-ਬੋਧ ਇਕਹਿਰਾ ਨਹੀਂ ਰਹਿੰਦਾ। ਉਸ ਦੇ ਹਰ ਸ਼ੇਅਰ ਵਿਚ ਇੱਕ ਨਜ਼ਮ ਸਾਕਾਰ ਹੁੰਦੀ ਹੈ:

*ਮੇਰੇ ਇਸ ਦੇਸ਼ ਦਾ ਹਾਕਮ ਹੈ ਅੰਨ੍ਹਾ ਵੀ ਤੇ ਬਹਿਰਾ ਵੀ*
*ਇਹ ਭੋਲ਼ੇ ਲੋਕ ਫਿਰ ਵੀ ਸੱਪ ਲਈ ਬੀਨਾਂ ਵਜਾਉਂਦੇ ਨੇ*
*ਮਰੇ ਜੇ ਧਰਤ ਦਾ ਪੁੱਤਰ ਤਾਂ ਉਸ ਨੂੰ ਕੌਣ ਪੁੱਛਦਾ ਹੈ*
*ਮਰੇ ਗਦਾਰ ਨੇਤਾ ਜੇ ਤਾਂ ਇਹ ਪਰਚਮ ਝੁਕਾਉਂਦੇ ਨੇ*

ਅਮਰਜੀਤ ਪੰਛੀ ਦੀ ਸ਼ਾਇਰੀ ਨੇ ਬਹੁਤ ਸਾਰੇ ਵਿਸ਼ਿਆਂ ਨੂੰ ਛੋਹਿਆ ਹੈ। ਉਹ ਸਮਾਜ ਵਿਚਲੀ ਕਾਣੀ ਵੰਡ ਦੀ ਗੱਲ ਵੀ ਕਰਦੀ ਹੈ ਜਦ ਉਹ ਕਹਿੰਦੀ ਹੈ ਕਿ ਦੀਵੇ ਦੇ ਚਾਨਣ ਵਿਚ ਉਮਰ ਲੰਘਾਉਂਦੇ ਜੋ ਉਹ ਦਗਦੇ ਸੂਰਜ ਨੂੰ ਕੀ ਜਾਣਨ। ਉਹ ਕਿਸਾਨੀ ਸੰਘਰਸ਼ ਵੇਲੇ ਰਾਹਾਂ ਵਿਚ ਗੱਡੇ ਕਿੱਲਾਂ ਦੀ ਥਾਂ ਉਗਾਏ ਫੁੱਲਾਂ ਦਾ ਜ਼ਿਕਰ ਕਰਦੀ ਹੈ। ਉਹ ਮਨੁੱਖ ਜਾਤੀ ਦੇ ਉਸ ਲੋਭ ਨੂੰ ਵੀ ਬਿਆਨ ਕਰਦੀ ਹੈ ਜੋ ਇਹ ਜਾਣਦਿਆਂ ਵੀ ਕਿ ਏਥੋਂ ਖ਼ਾਲੀ ਹੱਥ ਜਾਣਾ ਹੈ, ਰਾਵਣ ਵਰਗੀ ਭਾਵ ਸੋਨੇ ਦੀ ਲੰਕਾ ਚਾਹੁੰਦਾ ਹੈ। ਮਜ਼ਲੂਮ ਨੂੰ ਕਤਲ ਕਰਕੇ ਸਿਰ ਤਾਜ ਪਹਿਨਣ ਵਾਲੇ ਲੋਕਾਂ ਨੂੰ ਵੀ ਆਪਣੀ ਕਲਮ ਦੀ ਨੋਕ ਥੱਲੇ ਰੱਖਦੀ ਹੈ। ਹਿੰਮਤ ਦਾ ਜ਼ਿਕਰ ਵੀ ਉਹ ਆਪਣੇ ਸ਼ੇਅਰਾਂ ਵਿਚ ਕਰਦੀ ਹੈ। ਹਿੰਮਤੀ ਲੋਕ ਹੀ ਮੁਸ਼ਕਲਾਂ ਸਰ ਕਰਦੇ ਹਨ। ਘਰੋਂ ਨਿਕਲਣ ਵੇਲੇ ਮੌਸਮਾਂ ਦਾ ਹਾਲ ਪੁੱਛਣ ਵਾਲਿਆਂ ਕੋਲੋਂ ਕੀ ਆਸ ਰੱਖੀ ਜਾ ਸਕਦੀ ਹੈ। ਪੰਛੀ ਦੀ ਹਿੰਮਤ ਨੇ ਤਾਂ ਅਤੀਤ ਦੀਆਂ ਹਾਰਾਂ ਨੂੰ ਜਿੱਤਣਾ ਹੈ। ਮੈਂ ਬਹੁਤ ਸਾਰੇ ਹਵਾਲੇ ਨਹੀਂ ਦੇ ਰਿਹਾ। ਮੈਂ ਚਾਹੁੰਦਾ ਹਾਂ ਕਿ ਪਾਠਕ ਇਸ ਨੂੰ ਖ਼ੁਦ ਪੜ੍ਹਨ ਤੇ ਨਿਰਣਾ ਕਰਨ। ਕੁਝ ਸ਼ੇਅਰ ਪੜ੍ਹਦੇ ਹਾਂ”

*ਜੇਕਰ ਹਿੰਮਤ ਕੋਲ਼ ਹੈ ਉਸ ਦੇ ਫਿਰ ਕੀ ਭੰਵਰ, ਤੂਫ਼ਾਨ ਕਰਨਗੇ*
*ਆਖਿਰ ਬੰਦਾ ਤਰਦਾ ਤਰਦਾ, ਤਰਦਾ ਤਰਦਾ ਤਰ ਜਾਂਦਾ ਹੈ*
*ਉੱਠੋ, ਹਿੰਮਤ ਕਰੋ ਤੇ ਵਕਤ ਨੂੰ ਬਦਲ ਦਿਓ*
*ਆਪਣਾ ਸਮਾਂ ਨਾ ਗਾਲ਼ੋ ਹੁਣ ਲਾਚਾਰੀ ਵਿਚ*

‘ਪੰਛੀ ਦੀ ਪਰਵਾਜ਼’ ਅਮਰਜੀਤ ਕੌਰ ਪੰਛੀ ਦੀ ਪਲੇਠੀ ਪੁਸਤਕ ਹੈ। ਪਰ ਇਹ ਪੁਸਤਕ ਸ਼ਾਇਰੀ ਦਾ ਪ੍ਰੌੜ੍ਹ ਮੁਹਾਵਰਾ ਸਿਰਜਦੀ ਹੈ। ਇਸ ਦਾ ਕਾਰਨ ਜਿੱਥੇ ਵਿਰਸੇ ‘ਚ ਮਿਲੀ ਦਾਤ ਹੈ ਉਥੇ ਉਸ ਦਾ ਸਹਿਜ ਸਬਰ ਵੀ ਹੈ। ਉਸ ਪੁਸਤਕ ਛਪਵਾਉਣ ਦੀ ਕਾਹਲੀ ਨਹੀਂ ਕੀਤੀ। ਬਹੁਤ ਸਾਰੇ ਸ਼ਾਇਰਾਂ ਦੀਆਂ ਦਰਜਨ ਤੋਂ ਵੱਧ ਕਿਤਾਬਾਂ ਛਪ ਚੁੱਕੀਆਂ ਹਨ ਪਰ ਉਹਨਾਂ ਨੂੰ ਜਾਣਦਾ ਕੋਈ ਨਹੀਂ। ਪੰਛੀ ਆਪਣੀ ਪਹਿਲੀ ਹੀ ਪਰਵਾਜ਼ ਨਾਲ਼ ਜ਼ਿਕਰਯੋਗ ਸ਼ਾਇਰੀ ਦੀ ਉਡਾਣ ਭਰਦੀ ਹੈ।

ਸ਼ੀਸ਼ਾ ਸਾਨੂੰ ਸਾਡਾ ਚਿਹਰਾ ਦਿਖਾ ਦਿੰਦਾ ਹੈ। ਚਿਹਰਾ ਸਾਡੇ ਮਨ ਦਾ ਸ਼ੀਸ਼ਾ ਵੀ ਹੁੰਦਾ ਹੈ। ਸ਼ੀਸ਼ੇ ਨੂੰ ਸ਼ਾਇਰਾਂ ਨੇ ਕਈ ਰੂਪਾਂ ਵਿਚ ਵਰਤਿਆ ਹੈ। ਅਮਰਜੀਤ ਸ਼ੀਸ਼ੇ ਦੀ ਤਹਿ ਤੀਕ ਉਤਰਨਾ ਚਾਹੁੰਦੀ ਹੈ। ਉਸ ਦੀ ਸ਼ਾਇਰੀ ਵੀ ਸ਼ੀਸ਼ੇ ਦੀ ਤਹਿ ਤੀਕ ਥੱਲੇ ਉਤਰਦੀ ਹੈ। ਡਾ. ਜਗਤਾਰ ਦੀ ਇੱਕ ਗਜ਼ਲ਼ ਬੜੀ ਚਰਚਿਤ ਹੋਈ ਸੀ ਖ਼ਤ ਲਿਖੀਂ। ਅਮਰਜੀਤ ਕੌਰ ਪੰਛੀ ਨੇ ਵੀ ਲਿਖਿਆ ਹੈ:

*ਕੋਈ ਬੰਦਿਸ਼ ਨਹੀਂ ਜੇ ਦਿਲ ਕਰੇ ਤਾਂ ਖ਼ਤ ਲਿਖੀਂ*
*ਅਜੇ ਵੀ ਜ਼ਖ਼ਮ ਦਿਲ ਦੇ ਜੇ ਹਰੇ ਤਾਂ ਖ਼ਤ ਲਿਖੀਂ*
*ਦੋਸਤਾਂ ਦੀ ਮਹਿਫ਼ਲ ‘ਚ ਜੇਕਰ ਹੋਏਗੀ ਚਰਚਾ ਮੇਰੀ*
*ਸੁਣ ਕੇ ਕਿੱਸਾ ਆਪਣਾ ਜੇ ਮਨ ਭਰੇ ਤਾਂ ਖ਼ਤ ਲਿਖੀਂ*

ਮੈਂ ਇਹ ਪੁਸਤਕ ਪੜ੍ਹ ਕੇ ਖ਼ਤ ਲਿਖ ਦਿੱਤਾ ਹੈ। ਦੋਸਤੋ! ਜੇਕਰ ਕੋਈ ਸ਼ੇਅਰ ਤੁਹਾਡੀ ਜਗਿਆਸਾ ਦੀ ਹਾਮੀਂ ਭਰੇ ਤਾਂ ਖ਼ਤ ਲਿਖਿਉ। ਮੁਬਾਰਕਬਾਦ ਤਾਂ ਦੇਣੀ ਬਣਦੀ ਹੈ ਅਮਰਜੀਤ ਪੰਛੀ ਨੂੰ।

❑❑❑

# ਕੁਲਵਿੰਦਰ ਖਹਿਰਾ ਦੇ ਫ਼ਿਕਰ ਦੀ ਸ਼ਾਇਰੀ 'ਹਨੇਰੇ ਦੀ ਤਲ਼ੀ 'ਤੇ'

ਕੁਲਵਿੰਦਰ ਖਹਿਰਾ ਕੈਨੇਡਾ ਦੇ ਸ਼ਹਿਰ ਬਰੈਂਪਟਨ ਵਿਚ ਵੱਸਦਾ ਸ਼ਾਇਰ, ਨਾਟਕਕਾਰ ਤੇ ਚਿੰਤਕ ਹੈ। ਉਸ ਦੀਆਂ ਦੋ ਕਿਤਾਬਾਂ 'ਪੀੜ ਦੀ ਪਰਵਾਜ਼' ਕਾਵਿ-ਸੰਗ੍ਰਹਿ ਤੇ 'ਅੰਨ੍ਹੀਆਂ ਗਲ਼ੀਆਂ' ਨਾਟਕ ਪਹਿਲਾਂ ਛਪ ਚੁੱਕੀਆਂ ਹਨ। 'ਹਨੇਰੇ ਦੀ ਤਲ਼ੀ 'ਤੇ ਉਸ ਦਾ ਨਵਾਂ ਗ਼ਜ਼ਲ ਸੰਗ੍ਰਹਿ ਹੈ। ਕੁਲਵਿੰਦਰ ਵਿਚਾਰਧਾਰਕ ਪ੍ਰਤੀਬੱਧਤਾ ਦਾ ਸ਼ਾਇਰ ਲੇਖਕ ਹੈ। ਇਹ ਪ੍ਰਤੀਬੱਧਤਾ ਉਸ ਦੀ ਸੀਮਾ ਨਹੀਂ ਬਣਦੀ। ਉਹ ਮਾਨਵੀ ਵਿਵਹਾਰ ਵਿਚ ਹੋ ਵਾਪਰ ਰਹੀਆਂ ਬੇਤਰਤੀਬੀਆਂ ਨੂੰ ਮੁਖ਼ਾਤਬ ਹੁੰਦਾ ਹੈ। ਉਸ ਦਾ ਵਿਵਹਾਰ ਸੰਕੋਚੀ ਹੈ। ਉਹ ਸਾਹਿਤ ਸਭਾਵਾਂ ਦੀਆਂ ਮੀਟਿੰਗਾਂ ਵਿਚ ਜਾ ਕੇ ਕਵਿਤਾ ਪੜ੍ਹਨ ਲਈ ਤਰਲੋਮੱਛੀ ਨਹੀਂ ਹੁੰਦਾ। ਉਹ ਤਾਂ ਵਿਸ਼ਵ ਪੱਧਰ 'ਤੇ ਵਾਪਰਦੀਆਂ ਦੁਖਦਾਇਕ ਘਟਨਾਵਾਂ ਦੀ ਪੀੜ ਨੂੰ ਸ਼ਿੱਦਤ ਨਾਲ਼ ਮਹਿਸੂਸ ਕਰਦਾ ਤੇ ਆਪਣਾ ਫ਼ਿਕਰ ਜ਼ਾਹਰ ਕਰਦਾ ਹੈ। ਇਸੇ ਲਈ ਉਹ ਦਾਅਵਾ ਕਰਦਾ ਹੈ ਕਿ ਮੇਰੀ ਸ਼ਾਇਰੀ ਜ਼ਿਕਰ ਤੋਂ ਵੱਧ ਕੇ ਫ਼ਿਕਰ ਦੀ ਸ਼ਾਇਰੀ ਹੈ। ਉਹ ਜ਼ਮਾਨੇ ਦੇ ਦੁਖ ਸੁਖ ਤੇ ਮਸਲਿਆਂ ਨੂੰ ਆਪਣੀ ਸਿਰਜਣਾ ਦੇ ਕੇਂਦਰ ਵਿਚ ਰੱਖਦਾ ਹੈ:

*ਮੈਂ ਕੀ ਦੱਸਦਾ ਮੇਰੇ ਦਿਲ ਦਾ ਕੀ ਹਾਲ ਸੀ,*
*ਜੋ ਬਦਲਦਾ ਰਿਹਾ ਹਰ ਘੜੀ ਨਾਲ਼ ਸੀ,*
*ਪੀੜ ਵੱਧਦੀ ਗਈ, ਰੰਗ ਭਰਦੇ ਗਏ,*
*ਰੂਪ ਆਉਂਦਾ ਗਿਆ ਸੀ ਬੀਆਬਾਨ ਵਿਚ।*

ਧੀਮੀ ਗਤੀ ਵਿਚ ਸਿਰਜਣਾ ਕਰਦਾ ਉਹ ਆਪਣੀ ਸਿਰਜਣਾ ਦੇ ਹੱਕ ਵਿਚ ਖਲੋਂਦਾ ਵੀ ਨਜ਼ਰ ਆਉਂਦਾ ਹੈ। ਉਸ ਲਈ ਗ਼ਜ਼ਲ ਰੂਹ ਦੀ ਆਵਾਜ਼ ਹੈ ਜਿਸ ਨੂੰ ਉਹ ਅਣਕਹੇ ਬੋਲਾਂ ਨੂੰ ਕਹਿਣ ਦੀ ਜੁਗਤ ਵਜੋਂ ਵਰਤਦਾ ਹੈ। ਸ਼ਬਦ, ਸੱਚ, ਸੰਗੀਤ, ਸੁਰ, ਸੋਜ਼ ਤੇ ਹੁਸਨ ਵਰਗੇ ਸ਼ਬਦ ਉਸ ਦੀ ਸੂਖ਼ਮ ਸੋਚ ਦੀ ਦੱਸ ਪਾਉਂਦੇ ਹਨ। ਕਾਫ਼ੀਆ ਰਦੀਫ਼ ਨਿਭਾਉਂਦਿਆਂ ਉਹ ਬਹਿਰ ਦੀਆਂ ਬੰਦਸ਼ਾਂ ਤੋਂ ਵੀ ਵਾਕਫ਼ ਹੈ। ਇਹ ਬੰਦਸ਼ਾਂ ਸਮਕਾਲ ਦੇ ਜਟਿਲ ਵਰਤਾਰਿਆਂ ਦੀ ਪੇਸ਼ਕਾਰੀ ਸਮੇਂ ਵਿਚਾਰਾਂ ਨੂੰ ਖੰਡਿਤ ਵੀ ਕਰਦੀਆਂ ਹਨ ਤਾਂ ਹੀ ਉਹ ਲਿਖਦਾ ਹੈ ਕਿ

*ਖੰਡਤ ਹੈ ਸੋਚ ਹੋਈ, ਕੀਕਣ ਅਦੀਬ ਕੋਈ*
*ਹਾਸ਼ਮ, ਫਰੀਦ, ਨਾਨਕ, ਬੁੱਲਾ, ਕਬੀਰ ਨਿਕਲੇ*

ਇੰਝ ਗ਼ਜ਼ਲ ਲਿਖਣੀ ਕਈ ਮੁਹਾਜ਼ਾਂ 'ਤੇ ਲੜਨ ਵਰਗਾ ਕਾਰਜ ਹੈ। ਵਿਚਾਰ ਵੀ ਬਚਾਈ ਰੱਖਣਾ ਤੇ ਵਜ਼ਨ ਬਹਿਰ ਨਾਲ਼ ਵੀ ਇਨਸਾਫ ਕਰਨਾ ਜੇਕਰ ਸਹਿਜ ਵਰਤਾਰੇ 'ਚੋਂ ਨਿਕਲਿਆ ਹੋਵੇ ਤਾਂ ਹੀ ਗ਼ਜ਼ਲ ਦੀ ਕਾਵਿਕਤਾ ਬਣੀ ਰਹਿੰਦੀ ਹੈ। ਕਿਸੇ ਫਰੇਮ ਵਿਚ ਸ਼ਬਦ ਫਿੱਟ ਕਰਨ ਵਰਗਾ ਕਾਰਜ ਗ਼ਜ਼ਲ ਨਾਲੋਂ ਵੱਧ ਤੁਕਬੰਦੀ ਹੁੰਦਾ ਹੈ ਜਿਸ ਦਾ ਪ੍ਰਭਾਵ ਪੇਤਲਾ ਰਹਿ ਜਾਂਦਾ ਹੈ। ਕੁਲਵਿੰਦਰ ਕੋਲ਼ ਗ਼ਜ਼ਲ ਲਿਖਣ ਦੀ ਸੋਝੀ ਵੀ ਹੈ ਤੇ ਰਹਿਮਤ ਵਰਗੇ ਛਿਣਾਂ ਨੂੰ ਸਾਂਭਣ ਦਾ ਹੁਨਰ ਵੀ ਹੈ। ਇਸ ਕਾਰਜ ਨੂੰ ਸਫ਼ਲਤਾ ਨਾਲ਼ ਸਰ ਕਰਨਾ ਜਿਸ ਵਿਸ਼ਵਾਸ ਦੀ ਗਵਾਹੀ ਭਰਦਾ ਹੈ ਉਸ ਨੂੰ ਕੁਲਵਿੰਦਰ ਇੰਝ ਲਿਖਦਾ ਹੈ:

*ਬਹਿਰ ਪਾਉਂਦੀ ਬੇੜੀਆਂ ਪੈਰਾਂ 'ਚ ਪਰ, ਭਰ ਰਹੀ ਪਰਵਾਜ਼ ਹੈ, ਮੇਰੀ ਗ਼ਜ਼ਲ*

ਸਮਾਜ ਇੱਕ ਗੁੰਝਲਦਾਰ ਬਣਤਰ ਹੈ ਜਿਸ ਵਿਚ ਵਾਪਰ ਰਿਹਾ ਬਹੁਤ ਸਾਰਾ ਗ਼ਲਤ ਅਤੇ ਅਣਮਨੁੱਖੀ ਸਾਨੂੰ ਕਈ ਵਾਰ ਅਣਡਿੱਠ ਕਰਨਾ ਪੈਂਦਾ ਹੈ। ਸਿੱਖ ਧਰਮ ਦੀ ਅਰਦਾਸ ਵਿਚ ਵੀ ਵੇਖ ਕੇ ਅਣਡਿੱਠ ਕਰਨ ਦੀ ਗੱਲ ਹੁੰਦੀ ਹੈ। ਪਰ ਸਾਡੀ ਇਸ ਅਣਡਿੱਠ ਕਰਨ ਦੀ ਵਡਿਆਈ ਨੂੰ ਕਮਜ਼ੋਰੀ ਸਮਝ ਲਿਆ ਜਾਂਦਾ ਹੈ। ਸਮਾਜ ਵਿਚ ਕੁਝ ਲੋਕ ਧੰਨ ਦੌਲਤ ਨੂੰ ਇਕੱਤਰ ਕਰਨ ਦੀ ਪੂੰਜੀਵਾਦੀ ਹੋੜ ਹੇਠ ਆਪਣੇ ਗਿਰਦ ਇੱਕ ਸਲਤਨਤ ਉਸਾਰ ਲੈਂਦੇ ਹਨ ਜਿਸ ਦੀਆਂ ਵਧੀਕੀਆਂ ਦੇ ਖ਼ੌਫ਼ ਹੇਠ ਨਿਮਨ ਵਰਗ ਦੀ ਬੌਧਿਕਤਾ ਅਣ-ਵਿਕਸਤ ਰਹਿ ਜਾਂਦੀ ਹੈ। ਇਹਨਾਂ ਵੱਡੀਆਂ ਗੱਲਾਂ ਨੂੰ ਦੋ-ਸਤਰੀ ਸ਼ੇਅਰ 'ਚ ਕਹਿਣਾ ਗ਼ਜ਼ਲ ਦੀ ਪ੍ਰਾਪਤੀ ਹੁੰਦੀ ਹੈ:

*ਅਸੀਂ ਤਾਂ ਆਦਤਨ ਹੀ ਵੇਖ ਕੇ ਅਣਡਿੱਠ ਕਰਦੇ ਸਾਂ*
*ਭੁਲੇਖਾ ਖਾ ਲਿਆ ਉਹਨਾਂ, ਨਜ਼ਰ ਕਮਜ਼ੋਰ ਹੈ ਸਾਡੀ*
*ਕਦੀ ਨਾ ਸੋਚਿਆ ਇਸ ਹੇਠ ਬੂਟੇ ਬਿਰਖ ਨਾ ਬਣਦੇ*
*ਬੜਾ ਪਰ ਮਾਣ ਰੁੱਖਾਂ ਨੂੰ ਕਿ ਛਾਂ ਘਣਘੋਰ ਹੈ ਸਾਡੀ*

ਸਫ਼ਾ 25 ਉੱਪਰ ਅੰਕਿਤ ਗ਼ਜ਼ਲ 'ਸਾਡੇ ਉੱਤੇ ਜਦ ਆਉਣਾ ਸੀ' ਕੁਲਵਿੰਦਰ ਦੀ ਕਾਵਿ-ਸਮਰੱਥਾ ਨੂੰ ਦਰਸਾਉਂਦੀ ਹੈ। ਇਸ ਗ਼ਜ਼ਲ ਦਾ ਕਲਾਵਾ ਵੀ ਵੱਡਾ ਹੈ ਤੇ ਪੇਸ਼ਕਾਰੀ ਵੀ ਕਮਾਲ ਦੀ ਹੈ। ਇਸ ਗ਼ਜ਼ਲ ਦੇ ਸ਼ੇਅਰਾਂ ਵਿਚਲਾ ਵਿਅੰਗ ਤਿੱਖਾ ਹੋਣ ਦੇ ਨਾਲ ਨਾਲ ਸੂਖ਼ਮ ਬਿਰਤਾਂਤ ਵੀ ਸਿਰਜਦਾ ਹੈ। ਇਹ ਕਮਾਲ ਕੁਲਵਿੰਦਰ ਖਹਿਰਾ ਦੇ ਕਈ ਹੋਰ ਸ਼ੇਅਰਾਂ ਵਿਚ ਵੀ ਪੜ੍ਹਨ ਨੂੰ ਮਿਲਦਾ ਹੈ:

*ਰਹੋਗੇ ਚੁੱਪ ਕਿਵੇਂ, ਆਪਣੇ ਘਰਾਂ ਅੰਦਰ*
*ਕਿ ਲੰਘ ਆਈ ਬਦੀ ਹੁਣ ਤਾਂ, ਦਰਾਂ ਅੰਦਰ*
*ਸਾਡੇ ਉੱਤੇ ਆਉਣਾ ਸੀ, ਮੌਸਮ ਮਸਤ ਬਹਾਰਾਂ ਦਾ*
*ਵਿਹੜੇ ਦੇ ਵਿਚ ਉੱਗ ਆਇਆ ਤਦ, ਜੰਗਲ ਇੱਕ ਹਥਿਆਰਾਂ ਦਾ*

*ਧੋਤੇ ਪੋਚੇ ਬਾਣੇ ਥੱਲੇ, ਕੁਰਬਲ ਕੁਰਬਲ ਦਾਗਾਂ ਦੀ*
*ਕਿਹੜਾ ਕਿਹੜਾ ਰੰਗ ਵਿਖਾਵਾਂ, ਉਹਨਾਂ ਦੇ ਕਿਰਦਾਰਾਂ ਦੀ*

ਮੁਹੱਬਤ ਦੇ ਅਹਿਸਾਸ ਨੂੰ ਸੰਜੀਦਗੀ ਨਾਲ਼ ਚਿਤਰਦੇ ਉਸ ਦੇ ਸ਼ੇਅਰਾਂ ਵਿਚਲੀ ਤਰਲਤਾ ਪਾਠਕ ਨੂੰ ਆਪਣੇ ਨਾਲ਼ ਵਹਾ ਕੇ ਲੈ ਜਾਣ ਦੇ ਸਮਰੱਥ ਹੈ। ਮਾਂ-ਪੁੱਤ ਦੇ ਰਿਸ਼ਤੇ ਨੂੰ ਉਹ ਭਾਵਕ ਦ੍ਰਿਸ਼ਟੀ ਨਾਲ ਨਹੀਂ ਵੇਖਦਾ। ਹਰ ਰਿਸ਼ਤੇ ਦੇ ਸੱਚ ਵਿਚ ਹਕੀਕਤ ਭਿੰਨ ਹੁੰਦੀ ਹੈ। ਸਮਾਜਿਕਤਾ ਨਿਭਾਉਂਦਿਆਂ ਬੜਾ ਕੁਝ ਕੁਰਬਾਨ ਵੀ ਕਰਨਾ ਪੈਂਦਾ ਹੈ। ਸ਼ਾਇਰ ਦੀ ਵਡੱਤਣ ਇਹ ਹੈ ਕਿ ਉਹ ਇਸ ਸਹੇ, ਝੱਲੇ ਵਿਚ ਇਤਿਹਾਸ ਸਿਰਜਣ ਦੀ ਸੰਭਾਵਨਾ ਵੇਖਦਾ ਹੈ। ਅੰਧ ਵਿਸ਼ਵਾਸਾਂ ਵਿਚ ਡੁੱਬੇ ਲੋਕਾਂ ਨੂੰ ਸਿਸਟਮ ਦੇ ਜ਼ਹਿਰੀ ਨਾਗਾਂ ਨੇ ਡੱਸਦੇ ਰਹਿਣਾ ਹੈ। ਕੁਦਰਤ ਦੇ ਦਖ਼ਲ ਵਾਲੇ ਸ਼ੇਅਰਾਂ ਦੀ ਵਿਲੱਖਣ ਖ਼ੂਬਸੂਰਤੀ ਵੀ ਪੜ੍ਹਨਯੋਗ ਹੈ। ਨ੍ਹੇਰ ਚਾਨਣ ਦੇ ਬਿੰਬ ਭਾਵੇਂ ਅਨੇਕਾਂ ਵਾਰ ਵਰਤੇ ਗਏ ਹਨ, ਪਰ ਹੁਣ ਦੇ ਸਮਿਆਂ ਵਿਚ ਵੀ ਇਹ ਗੈਰ-ਪ੍ਰਸੰਗਕ ਨਹੀਂ ਹੋਏ। ਉਪਰੋਕਤ ਵਿਆਖਿਆ ਦੀ ਗਵਾਹੀ ਲਈ ਕੁਝ ਕੁ ਸ਼ੇਅਰ ਸਾਂਝੇ ਕੀਤੇ ਜਾ ਸਕਦੇ ਹਨ। ਬਾਕੀ ਤਾਂ ਪਾਠਕਾਂ ਨੂੰ ਆਪ ਪੜ੍ਹਨੇ ਪੈਣਗੇਃ

*ਸੀ ਸਵੇਰਾ ਜਿਸ ਲਈ, ਜਿਸ ਲਈ ਮੇਰੀ ਦੁਪਹਿਰ*
*ਉਹ ਮਿਲੀ ਹੀ ਤਾਂ ਮਿਲੀ ਸ਼ਾਮ ਦੀ ਦਹਿਲੀਜ਼ 'ਤੇ*
*ਉਹ ਤਾਂ ਮਮਤਾ ਮਰੀਆਂ ਐਵੇਂ, ਅਪਣਾ ਧਰਮ ਨਿਭਾਉਂਦੀਆਂ ਨੇ*
*ਪੁੱਤਰ ਸਮਝਣ ਕਿ ਉਹ ਹੋ ਗਏ, ਵੱਧ ਸਿਆਣੇ ਮਾਵਾਂ ਤੋਂ*
*ਪਸੀਨੇ ਡੁੱਬਿਆ ਜਦ ਖੇਤ ਅੰਦਰ ਜੂਝਦਾ ਮੱਥਾ*
*ਸੀ ਮਾਵਾਂ ਵਾਂਗ ਚੁੰਮਣ ਨੂੰ, ਹਵਾ ਫਿਰ ਰੁਮਕਦੀ ਆਈ*

ਕੁਲਵਿੰਦਰ ਖਹਿਰਾ ਦੀ ਸ਼ਾਇਰੀ ਦਾ ਬਰਸਣਾ ਤੇ ਕੜਕਣਾ ਅਣਗੌਲਿਆਂ ਕਰਨ ਵਾਲੀ ਸ਼ਾਇਰੀ ਨਹੀਂ ਹੈ। ਗ਼ਜ਼ਲ ਲਿਖਣ ਵੇਲ਼ੇ ਉਹ ਜਾਣਦਾ ਹੈ ਕਿ ਬਹਿਰਾਂ, ਰਦੀਫ਼ ਤੇ ਕਾਫੀਆ ਆਪਣੀ ਜਗ੍ਹਾ ਹੁੰਦਾ ਹੈ, ਪਰ ਖ਼ਿਆਲ ਦੀ ਮਿਸ਼ਰੀ ਬਿਨ੍ਹਾਂ ਗੱਲ ਨਹੀਂ ਬਣਦੀ। ਮੈਂ ਸ਼ੁਰੂ ਵਿਚ ਲਿਖਿਆ ਹੈ ਕਿ ਕੁਲਵਿੰਦਰ ਵਿਚਾਰਧਾਰਕ ਪ੍ਰਤੀਬੱਧਤਾ ਦਾ ਸ਼ਾਇਰ ਹੈ। ਪੂਰੀ ਕਿਤਾਬ ਪੜ੍ਹਦਿਆਂ ਕਿੱਧਰੇ ਵੀ ਵਿਚਾਰ ਨੂੰ ਠੋਸਿਆ ਨਹੀਂ ਗਿਆ। ਪ੍ਰਤੀਬੱਧਤਾ ਨੂੰ ਨਿਭਾਉਂਦਿਆਂ ਕੱਟੜਤਾ ਨੂੰ ਹਾਵੀ ਨਹੀਂ ਹੋਣ ਦਿੱਤਾ। ਸੋਚ, ਵਿਚਾਰ ਤੇ ਦ੍ਰਿਸ਼ਟੀਕੋਣ ਸਹਿਜ ਸੁਭਾ ਹੀ ਲਿਖਤ ਵਿਚ ਲੁਪਤ ਹੋਣ ਤਾਂ ਸੋਹਣੇ ਲੱਗਦੇ ਹਨ। 'ਹਨੇਰੇ ਦੀ ਤਲ਼ੀ 'ਤੇ' ਵਿਚ ਇੰਝ ਹੀ ਹੋਇਆ ਹੈ। ਕੁਲਵਿੰਦਰ ਖਹਿਰਾ ਨੂੰ ਇਸ ਪੁਸਤਕ ਲਈ ਮੁਬਾਰਕਾਂ!

❑❑❑

# ਮਲੂਕ ਸਿੰਘ ਦੀ ਗੁਹਾਰ: ਕੂਕ ਫ਼ਕੀਰਾ ਕੂਕ ਤੂੰ...

ਸਾਹਿਤ ਦੀਆਂ ਬਹੁਤ ਵਿਧਾਵਾਂ ਹਨ ਅਤੇ ਹਰ ਵਿਧਾ ਦੀ ਦ੍ਰਿਸ਼ਟੀ ਵਿਚ ਅਣਗਿਣਤ ਵਿਸ਼ੇ ਹਨ। ਵਿਧਾ ਤੇ ਵਿਸ਼ੇ ਦੀ ਚੋਣ ਲੇਖਕ ਦੀ ਆਪਣੀ ਹੁੰਦੀ ਹੈ। ਪਰ ਇਸ ਤੋਂ ਅਗਲੀ ਗੱਲ ਤੁਹਾਡੀ ਵਿਚਾਰਧਾਰਾ ਹੈ। ਚੀਜ਼ਾਂ, ਵਸਤਾਂ, ਵਰਤਾਰਿਆਂ ਨੂੰ ਵੇਖਣ ਦੀ ਤੁਹਾਡੀ ਦ੍ਰਿਸ਼ਟੀ। ਮਲੂਕ ਸਿੰਘ ਦੁਆਰਾ ਰਚਿਤ ਪੁਸਤਕ 'ਕੂਕ ਫ਼ਕੀਰਾ ਕੂਕ ਤੂੰ' ਦੀ ਵਿਧਾ ਕਵਿਤਾ ਹੈ। ਵਿਸ਼ਿਆਂ ਦੀ ਗੱਲ ਕਰੀਏ ਤਾਂ ਸੱਤਾ ਨੂੰ ਵੰਗਾਰਨਾ, ਅਵਾਮ ਦਾ ਸੱਤਾ ਖ਼ਿਲਾਫ਼ ਸਾਂਝਾ ਹੰਭਲਾ, ਗੁਰੂ ਬਾਣੀ ਦੇ ਅਰਥਾਂ, ਸੰਦੇਸ਼ਾਂ ਨੂੰ ਆਪਣੀ ਜੀਵਨ ਜਾਚ ਦਾ ਹਿੱਸਾ ਬਣਾਉਣਾ ਤੇ ਮਾਨਵਵਾਦੀ ਸੋਚ ਦਾ ਪ੍ਰਚਾਰ ਤੇ ਪਰਸਾਰ ਕਰਨਾ ਪ੍ਰਮੁੱਖ ਵਿਸ਼ੇ ਹਨ। ਜਿੱਥੋਂ ਤੱਕ ਵਿਚਾਰਧਾਰਾ ਦੀ ਗੱਲ ਹੈ, ਇਹ ਸਾਨੂੰ ਪਰਿਵਾਰ ਕੋਲੋਂ, ਸਕੂਲ, ਕਾਲਜ ਦੀ ਪੜ੍ਹਾਈ ਵੇਲੇ ਦੇ ਮਿੱਤਰ ਦਾਇਰੇ ਕੋਲੋਂ ਤੇ ਪੜ੍ਹੀਆਂ ਕਿਤਾਬਾਂ ਕੋਲੋਂ ਮਿਲਦੀ ਹੈ। ਮਲੂਕ ਸਿੰਘ ਦਾ ਬਚਪਨ, ਪਰਿਵਾਰ ਤੇ ਤੰਗੀਆਂ ਤੁਰਸ਼ੀਆਂ ਨਾਲ਼ ਜੂਝਣ ਦੇ ਮੌਕੇ ਉਸ ਦੀ ਵਿਚਾਰਧਾਰਾ ਨੂੰ ਆਕਾਰ ਦਿੰਦੇ ਹਨ। ਵਿਚਾਰਧਾਰਕ ਪ੍ਰਤੀਬੱਧਤਾ ਤਿਲਕਦੀਆਂ ਸੋਚਾਂ ਤੇ ਥਿੜਕਦੇ ਵਿਚਾਰਾਂ ਦੇ ਇਸ ਦੌਰ ਵਿਚ ਮਾਨਵੀ ਭੂਮਿਕਾ ਨਿਭਾਉਂਦੀ ਹੈ। ਇਸ ਪੁਸਤਕ ਵਿਚਲੀ ਸਾਰੀ ਕਵਿਤਾ ਇਸ ਮਾਨਵੀ ਵਿਚਾਰਧਾਰਾ ਦਾ ਇੱਕ ਤਰ੍ਹਾਂ ਨਾਲ਼ ਪ੍ਰਚਾਰ ਕਰਦੀ ਹੈ। ਸਿਹਤਮੰਦ ਵਿਚਾਰਾਂ ਦਾ ਪ੍ਰਚਾਰ ਕਰਨਾ ਹਰ ਵਾਰ ਸਲਾਹੁਣਯੋਗ ਹੁੰਦਾ ਹੈ। ਇਸ ਸ਼ਾਇਰੀ ਵਿਚ ਦੇਸ਼, ਪ੍ਰਾਂਤ ਤੇ ਅਵਾਮ ਦਾ ਫਿਕਰ ਤੇ ਜ਼ਿਕਰ ਹੈ। ਉਹ ਗੁਹਾਰ ਲਗਾਉਂਦਾ ਹੈ:

*ਵਕਤ ਨੇ ਗੁਹਾਰ ਲਗਾਈ ਏ*
*ਹੁਣ ਰੁੱਤ ਜਾਗਣ ਦੀ ਆਈ ਏ*
*ਜਾਗ ਜੁਆਨਾ, ਜਾਗ ਮਜ਼ਦੂਰਾ*
*ਭਗਤ ਬਣ ਜਾਂ ਬਣ ਜਾ ਸੂਰਾ*
*ਨੀਂਦ ਨਾਲ਼ ਯਾਰੀ ਕਿਉਂ ਪਾਈ ਏ*
*ਹੁਣ ਰੁੱਤ ਜਾਗਣ ਦੀ ਆਈ ਏ*

ਉਹ ਸਮੇਂ ਦੀ ਸਰਕਾਰ ਨੂੰ ਲਲਕਾਰਦਾ ਹੈ, 'ਸਾਡਾ ਰੋਹ ਤੈਨੂੰ ਲਲਕਾਰੇ ਨੀ! ਹਾਕਮਾਂ ਦੇ ਵੈਣ ਪਾਉਣ ਦੀ ਗੱਲ ਕਰਦਾ ਹੈ। ਇਸ ਹਾਕਮ ਤੇ ਸਿਸਟਮ

ਨਾਲ਼ ਟੱਕਰ ਲੈਣ ਲਈ ਪੱਕੇ ਇਰਾਦਿਆਂ ਦੀ ਲੋੜ ਹੈ। ਮੁਸ਼ਕਿਲਾਂ ਦੇ ਸਾਹਮਣੇ ਸੀਨਾ ਜੋ ਤਾਣਦੇ/ਬਣ ਜਾਣ ਸੁਪਨੇ ਉਹਨਾਂ ਦੇ ਹਾਣ ਦੇ। ਦਿੱਲੀ ਨੂੰ ਲਲਕਾਰਨਾ ਮਤਲਬ ਸੱਤਾ ਨੂੰ ਵੰਗਾਰਨਾ ਹੈ। ਕਿਸਾਨੀ ਸੰਕਟ ਨੂੰ ਸਮਝਦਾ ਹੈ। ਕਿਸਾਨੀ ਸੰਘਰਸ਼ ਦੀ ਬਾਤ ਵੀ ਪਾਉਂਦਾ ਹੈ। ਕਿਸਾਨਾਂ ਦੇ ਜਿਸ ਸਿਰੜ ਤੇ ਸਬਰ ਨੇ ਹਾਕਮ ਨੂੰ ਝੁਕਣ ਲਈ ਮਜਬੂਰ ਕੀਤਾ ਸੀ, ਉਸ ਸਿਰੜ ਦੀ ਬਾਤ ਪਾਉਣਾ ਵੀ ਨਹੀਂ ਭੁੱਲਦਾ:

*ਹਰ ਜ਼ਖਮੀ ਮੱਥਾ ਝੁਕਦਾ ਨਹੀਂ*
*ਬੰਨ੍ਹ ਲਾਇਆਂ ਹੜ੍ਹ ਕਦੀ ਰੁਕਦਾ ਨਹੀਂ*
*ਜੋ ਰੱਖੇ ਇਰਾਦਾ ਪੱਕੇ ਮਨ ਦਾ*
*ਉਹ ਮੰਜ਼ਲ ਤਕ ਕਿਤੇ ਖੜ੍ਹਦਾ ਨਹੀਂ*

ਮਲੂਕ ਸਿੰਘ ਦੀ ਸ਼ਾਇਰੀ ਦਾ ਇਹ ਜੁਝਾਰੂ ਰੰਗ ਹੈ। ਇਸ ਸ਼ਾਇਰੀ ਵਿਚ ਕਾਵਿਕਤਾ ਨਹੀਂ, ਵਿਚਾਰ ਭਾਰੂ ਹੁੰਦੇ ਹਨ। ਇਹ ਕਵਿਤਾ ਤੁਹਾਡੇ ਮਨ ਅੰਦਰ ਬੱਝੀਆਂ ਗੰਢਾਂ ਦੀ ਚੀਸ ਹੁੰਦੀ ਹੈ। ਇਹ ਲਾਊਡ ਵੀ ਹੁੰਦੀ ਹੈ ਤੇ ਕਿਤੇ ਕਿਤੇ ਸਤਰਾਂ ਨੂੰ ਬੇਤਰਤੀਬ ਵੀ ਕਰਦੀ ਹੈ। ਪਰ ਸ਼ਾਇਰ ਦੀ ਤਸੱਲੀ ਆਪਣੀ ਗੱਲ ਨਿਸੰਗ ਕਹਿਣ ਵਿਚ ਪਈ ਹੁੰਦੀ ਹੈ।

ਇਸ ਪੁਸਤਕ ਵਿਚ ਕੁਦਰਤ ਦੇ ਸੁਹਜ ਦੀ ਨਹੀਂ, ਉਸ ਨਾਲ਼ ਹੁੰਦੇ ਖਿਲਵਾੜ ਦੀ ਗੱਲ ਹੈ। ਮਾਂ ਦੇ ਲਾਡ, ਬਾਪੂ ਦੀਆਂ ਸਿਖਿਆਵਾਂ ਤੇ ਪਿੰਡ ਦੇ ਹੁਸੀਨ ਚੇਤੇ ਹਨ। ਉਹ ਆਪਣੇ ਬਾਪ ਨੂੰ ਯਾਦ ਕਰਦਾ ਹੈ, ਮਾਂ ਦੀ ਮਮਤਾ ਦੀ ਬਾਤ ਪਾਉਂਦਾ ਹੈ ਤੇ ਪਿੰਡ ਨੂੰ ਆਪਣੇ ਸ਼ਬਦਾਂ ਅੰਦਰ ਆਕਾਰ ਦਿੰਦਾ ਹੈ:

*ਬਾਪੂ ਤੇਰੇ ਰਾਹ ਦਾ ਪੱਲਾ ਫੜ ਨਾ ਸਕਿਆ*
*ਹੱਕ-ਸੱਚ ਇਨਸਾਫ ਦੀ ਖਾਤਰ ਲੜ ਨਾ ਸਕਿਆ*
*ਫ਼ਖ਼ਰ ਕਰਦਾ ਹਾਂ ਯਾਦ ਕਰ ਤੇਰੇ ਕਾਰਨਾਮਿਆਂ ਨੂੰ*
*ਕਸੌਟੀ ਅਮਲ ਦੀ ਆਈ ਮੈਂ ਚੜ੍ਹ ਨਾ ਸਕਿਆ*
*ਇੰਝ ਹੀ ਮਾਂ ਹੱਥੋਂ ਖਾਧੀਆਂ ਜੋ ਚੂਰੀਆਂ*
*ਭੈਣਾਂ ਦਾ ਲਾਡ, ਬਾਪ ਦੀਆਂ ਘੂਰੀਆਂ*
*ਮੇਰੇ ਰੱਬ ਵਰਗੇ ਉਥੇ ਨੇ ਭਰਾ*
*ਯਾਦ ਪਿੰਡ ਵਾਲੀ ਜਾਵੇ ਮੈਨੂੰ ਆ*

ਮਲੂਕ ਸਿੰਘ ਸਿੱਖ ਇਤਿਹਾਸ ਦੀਆਂ ਸਿਖਿਆਵਾਂ ਅਤੇ ਸਿਧਾਤਾਂ ਦੀ ਅਗਵਾਈ ਕਬੂਲਦਾ ਹੈ। ਗੁਰੂ ਗੋਬਿੰਦ ਸਿੰਘ ਨੂੰ ਯਾਦ ਕਰਦਿਆਂ, ਗੁਰੂ ਗ੍ਰੰਥ ਸਾਹਿਬ ਦੇ ਸਨਮੁੱਖ, ਵਿਸਾਖੀ ਦੇ ਦਿਨ, ਬਾਬੇ ਦੇ ਨਾਂ, ਸਿੱਖ ਆਦਿ ਕਵਿਤਾਵਾਂ

ਸਿੱਖ ਧਰਮ ਦੇ ਫ਼ਲਸਫ਼ੇ ਨੂੰ ਉਜਾਗਰ ਕਰਦੀਆਂ ਕਵਿਤਾਵਾਂ ਹਨ। ਗੁਰੂ ਗ੍ਰੰਥ ਸਾਹਿਬ ਦੇ ਸਨਮੁੱਖ ਇਸ ਸੰਗ੍ਰਹਿ ਦੀ ਬੇਹਤਰੀਨ ਕਵਿਤਾ ਹੈ:

*ਗੁਰੂ ਜੀ ਮੈਨੂੰ ਮੁਆਫ਼ ਕਰੀਂ ਮੈਂ ਮਨਮਤੀਆ ਹਾਂ*
*ਭਲਾ ਸਿੱਖ ਵੀ ਏਦਾਂ ਕਰਦੇ ਨੇ ?*
*ਦਰ ਤੇਰੇ 'ਤੇ ਆ ਕੇ ਕੇਵਲ ਸਿਰ ਹੀ ਝੁਕਾਇਆ ਹੈ*
*ਕਦੇ ਮਨ ਤਾਂ ਨਹੀਂ ਨਿਵਾਇਆ, ਮਨ ਤਾਂ ਨਹੀਂ ਟਿਕਾਇਆ*
*ਹੰਕਾਰੀ ਦਾ ਹੰਕਾਰ ਬਣ ਤੇਰੇ ਘਰੋਂ ਬਾਹਰ ਆਇਆ*
*ਗੁਰੂ ਜੀ ਮੈਨੂੰ ਮੁਆਫ਼ ਕਰੀਂ ਮੈਂ ਮਨਮਤੀਆ ਹਾਂ*

ਬਾਬੇ ਨਜਮੀ ਦੇ ਨਾਂ, ਵਿਕਾਸ ਮਾਡਲ, ਖੁਸ਼ਾਮਦੀ, ਚੌਂਕੀਦਾਰ ਤੇ ਚੋਰ, ਸੁਪਨੇ, ਮੁਸਕਰਾਓ ਦੋਸਤੋਂ, ਕੁਦਰਤ, ਸਰਮਾਏਦਾਰੀ ਆਦਿ ਕਵਿਤਾਵਾਂ ਪੜ੍ਹਨਯੋਗ ਹਨ। ਇਹ ਕਵਿਤਾਵਾਂ ਸਾਡੀ ਗੱਲ ਸਾਡੀ ਹੀ ਸਰਲ ਤੇ ਸਮਝ ਆਉਣ ਵਾਲੀ ਭਾਸ਼ਾ ਵਿਚ ਕਰਦੀਆਂ ਹਨ। ਇਹ ਕਵਿਤਾ ਕਿਰਤ ਕਰਦੇ ਲੋਕਾਂ ਦੀ ਦੁਰਦਸ਼ਾ, ਹਾਕਮਾਂ ਦੀਆਂ ਲੁੱਟਾਂ ਤੇ ਬੇਬੱਸ ਲੋਕਾਈ ਅੰਦਰ ਸੰਘਰਸ਼ ਕਰ ਰਹੀਆਂ ਧਿਰਾਂ ਨੂੰ ਆਪਣੇ ਕਲਾਵੇ ਵਿਚ ਲੈਂਦੀ ਹੈ। ਮਿਹਨਤਕਸ਼ ਦੀ ਦੁਰਦਸ਼ਾ ਬਿਆਨ ਕਰਦੀ ਇਸ ਪੁਸਤਕ ਲਈ ਮਲੂਕ ਸਿੰਘ ਹੋਰਾਂ ਦੀ ਪ੍ਰਸ਼ੰਸਾ ਕਰਨੀ ਬਣਦੀ ਹੈ:

*ਯੁੱਗਾਂ-ਯੁਗਾਂਤਰਾਂ ਤੋਂ ਆਈ ਗੱਲ ਤੁਰੀ*
*ਕਿਰਤੀ ਕਿਸਾਨ ਦੀ ਹੈ ਜੂਨ ਬੁਰੀ*
*ਅੰਨਦਾਤਾ ਤਾਂ ਹੈ ਵੈਸੇ ਹੀ ਕਹਿਣ ਨੂੰ*
*ਲਟਕਦੀ ਸਦਾ ਧੌਣ 'ਤੇ ਕਰਜ਼ ਛੁਰੀ*
*ਹਾਕਮ ਵੀ ਹੁਣ ਗੱਲ ਸੁਣਦਾ ਨਹੀਂ*
*ਖੋਲ੍ਹੇ ਕਿਸ ਸੰਗ ਇਹ ਵੇਖੋ ਜ਼ਹਿਰ ਪੁੜੀ*
*ਮਲੂਕ ਸਿੰਘ ਦੁਆਰਾ ਰਚਿਤ 'ਕੂਕ ਫਕੀਰਾ ਕੂਖ ਤੂੰ...ਦਾ ਸਵਾਗਤ ਹੈ।*

❑❑❑

# ਸੁਖਿੰਦਰ: ਜੰਗਬਾਜ਼ਾਂ ਦੇ ਖਿਲਾਫ਼

ਸੁਖਿੰਦਰ ਕੈਨੇਡਾ ਦੇ ਸ਼ਹਿਰ ਬਰੈਂਪਟਨ ਵਿਚ ਵੱਸਦਾ ਕੁਲ-ਵਕਤੀ ਲੇਖਕ ਹੈ। ਉਹ ਪਿਛਲੇ ਛੱਤੀ ਸਾਲਾਂ ਤੋਂ ਸੰਵਾਦ ਨਾਂ ਦੇ ਮੈਗਜ਼ੀਨ ਦੀ ਸੰਪਾਦਨਾ ਕਰ ਰਿਹਾ ਹੈ। ਸੁਖਿੰਦਰ ਮਾਨਵਵਾਦੀ ਸੋਚ ਨੂੰ ਪ੍ਰਣਾਇਆ ਲੇਖਕ ਹੈ। ਉਸ ਨੇ ਸੰਸਾਰ ਪੱਧਰ ਦਾ ਸਾਹਿਤ ਪੜ੍ਹਿਆ ਹੈ ਅਤੇ ਉਸ ਨੂੰ ਵਿਸ਼ਵ ਵਿਆਪੀ ਰਾਜਨੀਤਕ ਵਰਤਾਰਿਆਂ ਦੀ ਵੀ ਸੋਝੀ ਹੈ। ਉਸ ਦੁਆਰਾ ਲਿਖੀਆਂ ਗਈਆਂ ਕਿਤਾਬਾਂ ਦੀ ਸੂਚੀ ਲੰਮੀ ਹੈ। ਤਿੰਨ ਵਿਗਿਆਨ ਨਾਲ਼ ਸਬੰਧਤ ਪੁਸਤਕਾਂ, ਦੋ ਦਰਜਨ ਕਵਿਤਾ ਦੀਆਂ ਕਿਤਾਬਾਂ, ਚਾਰ ਆਲੋਚਨਾ ਤੇ ਪੰਜ ਵਾਰਤਕ ਦੀਆਂ ਕਿਤਾਬਾਂ ਛਪ ਚੁੱਕੀਆਂ ਹਨ। ਦੋ ਨਾਵਲ, ਇੱਕ ਬੱਚਿਆਂ ਲਈ ਕਿਤਾਬ ਤੇ ਇੱਕ ਅੰਗਰੇਜ਼ੀ ਵਿਚ ਛਪੀ ਹੈ। ਇਸ ਤੋਂ ਇਲਾਵਾ ਅੱਠ ਕਿਤਾਬਾਂ ਦੀ ਸੰਪਾਦਨਾ ਉਸ ਕੀਤੀ ਹੈ। ਇਸ ਸਾਲ ਛਪੀਆਂ ਚਾਰ ਕਿਤਾਬਾਂ ਵੱਖਰੀਆਂ ਹਨ। ਉਹਨਾਂ ਚਹੁੰ ਵਿਚ ਹੀ ਇਹ ਕਾਵਿ-ਸੰਗ੍ਰਹਿ 'ਜੰਗਬਾਜ਼ਾਂ ਦੇ ਖਿਲਾਫ਼ ਸ਼ਾਮਲ ਹੈ ਜਿਸ ਬਾਰੇ ਆਪਾਂ ਸੰਖੇਪ ਗੱਲ ਕਰਾਂਗੇ। ਇਸ ਪੁਸਤਕ ਵਿਚ ਚੌਂਤੀ ਕਵਿਤਾਵਾਂ ਸ਼ਾਮਲ ਹਨ। ਜੰਗਬਾਜ਼ਾਂ ਦੇ ਖਿਲਾਫ਼ ਲਿਖੀਆਂ ਇਹਨਾਂ ਕਵਿਤਾਵਾਂ ਵਿਚ ਪਿਛਲੇ 45 ਸਾਲਾਂ ਵਿਚ ਲਿਖੀਆਂ ਕਵਿਤਾਵਾਂ ਵੀ ਸ਼ਾਮਲ ਹਨ। ਇਸ ਦਾ ਭਾਵ ਕਿ ਸੁਖਿੰਦਰ ਵਰ੍ਹਿਆਂ ਤੋਂ ਜੰਗਬਾਜ਼ਾਂ ਦੇ ਖਿਲਾਫ਼ ਲਿਖਦਾ ਆ ਰਿਹਾ ਹੈ। ਇਹਨਾਂ ਜੰਗਬਾਜ਼ਾਂ ਦੀ ਪਹਿਚਾਣ ਕਰਦਿਆਂ ਉਹ ਆਪਣੀ ਭੂਮਿਕਾ ਵਿਚ ਲਿਖਦਾ ਹੈ ਕਿ 'ਉਹ ਲੋਕ ਵੀ ਜੰਗਬਾਜ਼ ਹਨ ਜੋ ਧਰਮਾਂ, ਰੰਗਾਂ, ਨਸਲਾਂ, ਜਾਤਾਂ, ਊਚ-ਨੀਚ ਦੇ ਨਾਂ ਉੱਤੇ ਸਮਾਜ ਵਿਚ ਨਫ਼ਰਤ ਫੈਲਾਉਂਦੇ ਹਨ। ਉਸ ਲਈ ਮੁਨਾਫ਼ਾ ਕਮਾਉਣ ਦੀ ਖਾਤਰ ਘਰ ਘਰ ਨਸ਼ੇ ਪਹੁੰਚਾਉਣ ਵਾਲੇ, ਦਰਿਆਵਾਂ ਵਿਚ ਆਪਣੀਆਂ ਫੈਕਟਰੀਆਂ ਦਾ ਜ਼ਹਿਰੀਲਾ ਪਾਣੀ ਸੁੱਟਣ ਵਾਲੇ, ਫਸਲਾਂ ਉੱਤੇ ਬੇਤਹਾਸ਼ਾ ਕੈਮੀਕਲ ਛਿੜਕ ਕੇ ਕੈਂਸਰ ਵਰਗੀਆਂ ਭਿਆਨਕ ਬਿਮਾਰੀਆਂ ਫੈਲਾਉਣ ਵਾਲੇ ਵੀ ਜੰਗਬਾਜ਼ ਹਨ'। ਉਹ ਅਜਿਹੇ ਜੰਗਬਾਜ਼ਾਂ ਨੂੰ ਲਾਹਨਤ ਭੇਜਦਾ ਹੈ:

*ਨਿਹੱਥੇ ਲੋਕਾਂ ਨੂੰ ਘਰਾਂ 'ਚ ਘੇਰ, ਉਨ੍ਹਾਂ ਉੱਤੇ ਬੰਬਾਂ ਦੀ ਵਰਖਾ ਕਰ*
*ਜੇਕਰ ਮਾਸੂਮਾਂ ਦਾ ਕਤਲ ਕਰਨ ਨੂੰ ਤੁਸੀਂ ਸੂਰਮਤਾਈ ਸਮਝਦੇ ਹੋ*
*ਤਾਂ ਤੁਹਾਡੇ ਲਈ ਇੱਕੋ ਹੀ ਸ਼ਬਦ ਬਚਿਆ ਹੈ ਮੇਰੇ ਕੋਲ਼*
*ਲਾਹਨਤ ਹੈ ਤੁਹਾਡੇ 'ਤੇ ਲਾਹਨਤ ਹੈ*

ਜੰਗ ਉਸ ਲਈ ਗਲੋਬਲ ਮੰਡੀਆਂ ‘ਤੇ ਕਬਜ਼ਾ ਕਰਨ, ਮਾਰੂ ਹਥਿਆਰ ਵੇਚਣ ਅਤੇ ਰਾਜਸਿੰਘਾਸਨ ‘ਤੇ ਕਬਜ਼ਾ ਕਰਨ ਦੀ ਹਵਸ ਹੈ। ਜੰਗਬਾਜ਼ਾਂ ਲਈ ਰਾਜਸਿੰਘਾਸਨ ਤੋਂ ਕੀਮਤੀ ਕੋਈ ਚੀਜ਼ ਨਹੀਂ ਹੁੰਦੀ। ਜੰਗਾਂ ਹਥਿਆਰਾਂ ਦੇ ਸਰਮਾਏਦਾਰ ਵਪਾਰੀ ਵੱਲੋਂ ਗੁੰਡਿਆਂ ਦੀ ਸਲਤਨਤ ਹੱਥੋਂ ਕਰਵਾਏ ਕਤਲ ਹਨ। ਧਰਤੀ ਦੇ ਚੱਪੇ ਚੱਪੇ ਉੱਤੇ ਜੰਗ ਦੇ ਭਾਂਬੜ ਬਾਲਣਾ ਉਨ੍ਹਾਂ ਦਾ ਧੰਦਾ ਹੈ। ਉਹ ਬਹੁਤ ਸਾਰੇ ਦੇਸ਼ਾਂ ਦੇ ਨਾਂ ਲੈ ਕੇ ਇਨ੍ਹਾਂ ਜੰਗਬਾਜ਼ਾਂ ਦੇ ਕਾਲੇ ਕਾਰਨਾਮਿਆਂ ਨੂੰ ਉਜਾਗਰ ਕਰਦਾ ਹੈ। ਫਲਸਤੀਨ ਉੱਤੇ ਇਜ਼ਰਾਈਲ ਦੇ ਹਮਲਿਆਂ ਦਾ ਜ਼ਿਕਰ, ਜਿਸ ਵਿਚ ਮਾਸੂਮ ਬੱਚੇ, ਔਰਤਾਂ ਅਤੇ ਨਿਹੱਥੇ ਲੋਕਾਂ ਉੱਪਰ ਬੰਬਾਂ ਦੀ ਵਰਖਾ ਕੀਤੀ ਜਾਂਦੀ ਹੈ, ਘਰਾਂ, ਸਕੂਲਾਂ, ਹਸਪਤਾਲਾਂ ਨੂੰ ਢਹਿ-ਢੇਰੀ ਕੀਤਾ ਜਾਂਦਾ ਹੈ, ਦਾ ਜ਼ਿਕਰ ਉਹ ਬਾਰ-ਬਾਰ ਕਰਦਾ ਹੈ। ਉਸ ਲਈ ਇਹ ਲੋਕ ਹਿਟਲਰ ਦੀ ਔਲਾਦ ਹਨ। ਉਹ ਜੰਗਬਾਜ਼ਾਂ ਦੇ ਦੋਗਲੇਪਣ ਦੀ ਗੱਲ ਵੀ ਕਰਦਾ ਹੈ। ਵੀਅਤਨਾਮ ਦੀ ਜੰਗ ਨੂੰ ਉਹ ਦੋ ਮੁੱਖ ਵਿਰੋਧੀ ਵਿਚਾਰਧਾਰਾਵਾਂ ਦੀ ਖ਼ੂਨੀ ਹਥਿਆਰਬੰਦ ਮੁੱਠ-ਭੇੜ ਕਹਿੰਦਾ ਹੈ:

*ਹੋ ਚੀ ਮਿੰਨ੍ਹ, ਕ੍ਰਾਂਤੀਕਾਰੀ ਯੋਧਾ, ਆਪਣੇ ਨਾਲ਼*
*ਲੱਖਾਂ ਵੀਅਤਨਾਮੀ ਯੋਧਿਆਂ ਨੂੰ ਲੈ*
*ਕਮਿਊਨਿਸਟ ਵਿਚਾਰਧਾਰਾ ਦਾ ਪ੍ਰਚਮ ਬੁਲੰਦ ਕਰ ਰਿਹਾ*
*ਕਿ ਮਜ਼ਦੂਰਾਂ ਕਿਸਾਨਾਂ ਦਾ*
*ਆਮ ਲੋਕਾਂ ਦਾ ਰਾਜ ਸਥਾਪਤ ਕਰਨ ਦਾ ਸੁਪਨਾ ਪੂਰਾ ਹੋ ਸਕੇ*
..............................
*ਪਰ ਅਮਰੀਕਾ ਤੇ ਉਸ ਦੀ ਜੁੰਡਲੀ ਦੇ*
*ਸਰਮਾਏਦਾਰ ਮੁਲਕਾਂ ਤੋਂ ਇਹ ਸਹਿਣ ਨਾ ਹੋਇਆ*

ਜੰਗ ਹਉਮੈਂ ਦੀ ਹੁੰਦੀ, ਮੰਡੀਆਂ ਦੀ ਹੁੰਦੀ ਨੇਤਾਗਿਰੀ ਦੀ ਹੁੰਦੀ, ਹਥਿਆਰਾਂ ਦੀ ਹੁੰਦੀ, ਚੌਧਰ ਦੀ ਹੁੰਦੀ, ਧੌਂਸ ਦੀ ਹੁੰਦੀ, ਵਿਚਾਰਧਾਰਾਵਾਂ ਦੀ ਹੁੰਦੀ, ਗਲਤਫਹਿਮੀਆਂ, ਧਰਮਾਂ ਤੇ ਸਭਿਆਚਾਰਾਂ ਤੇ ਬੋਲੀਆਂ ਦੀ ਹੁੰਦੀ। ਵੱਖ-ਵੱਖ ਕਵਿਤਾਵਾਂ ਵਿਚ ਇਹਨਾਂ ਸਭ ਕਾਰਨਾਂ ਦੀ ਤਫ਼ਸੀਲ ਪੜ੍ਹਨ ਨੂੰ ਮਿਲਦੀ ਹੈ। ਇਨ੍ਹਾਂ ਜੰਗਾਂ ਦੀ ਗੱਲ ਕਰਦਾ ਉਹ ਕੁਝ ਸਵਾਲ ਵੀ ਖੜ੍ਹੇ ਕਰਦਾ ਹੈ। ਵਪਾਰੀ ਜੰਗ ਤੇ ਮਜ਼ਦੂਰ ਸਦਾ ਅਮਨ ਕਿਉਂ ਮੰਗਦਾ ਹੈ ? ਬੱਚੇ ਆਪਣੀਆਂ ਮਾਵਾਂ ਨੂੰ ਪੁੱਛਦੇ ਹਨ ਕਿ ਜੰਗ ਵਿਚ ਕੌਣ ਜਿੱਤਦਾ ਤੇ ਕੌਣ ਹਾਰਦਾ ਹੈ ? ਇਨ੍ਹਾਂ ਜੰਗਾਂ ਦੌਰਾਨ ਪੂਰੀ ਦੁਨੀਆਂ ਵਿਚ ਵੱਸਦੇ ਆਮ ਲੋਕਾਂ ਦੀ ਬੇਵੱਸੀ ਦੀ ਹਾਲਤ ਵਿਚ ਹਮਦਰਦੀ ਪੀੜਤ ਮਾਵਾਂ ਨਾਲ਼ ਹੁੰਦੀ ਹੈ। ਯੂ.ਐੱਨ.ਓ. ਦੀ ਸਥਾਪਨਾ ਕਿਉਂ ਹੋਈ ਸੀ ਤੇ ਹੁਣ ਦੇ ਦੌਰ ‘ਚ ਉਸ ਦੀ ਕੀ ਭੂਮਿਕਾ ਹੈ, ਇਹ ਸਵਾਲ ਹਰ

ਸੋਚਵਾਨ ਵਿਅਕਤੀ ਨੂੰ ਪ੍ਰੇਸ਼ਾਨ ਕਰਦਾ ਹੈ। ਸੁਖਿੰਦਰ ਇਸ ਨੂੰ ਮਸਖਰਿਆਂ ਦਾ ਅਖਾੜਾ ਕਹਿੰਦਾ ਹੈ। ਉਸ ਅਨੁਸਾਰ ਯੂ.ਐੱਨ.ਓ. ਜੰਗਬਾਜ਼ਾਂ ਲਈ ਚਾਬੀ ਵਾਲਾ ਖਿਡਾਉਣਾ ਹੈ:

*ਜੰਗਬਾਜ਼, ਮਸਖਰਿਆਂ ਨੂੰ ਪਤਾ ਹੈ ਯੂ,ਐੱਨ.ਓ. ਤਾਂ*
*ਉਨ੍ਹਾਂ ਵੱਲੋਂ ਦਿੱਤੇ ਡਾਲਰਾਂ ਦੇ ਵੱਡੇ ਗੱਫਿਆਂ ਆਸਰੇ ਚੱਲਦੀ ਹੈ*

ਕਰੋਨਾ ਬਾਰੇ ਵੀ ਕਵਿਤਾਵਾਂ ਸ਼ਾਮਲ ਹਨ। ਕਰੋਨਾ ਨੂੰ ਉਹ ਤੀਸਰੇ ਮਹਾਂ-ਯੁੱਧ ਵਜੋਂ ਵੇਖਦਾ ਹੈ। ਉਸ ਅਨੁਸਾਰ ਨਵੇਂ ਸਮਿਆਂ ਵਿਚ ਯੁੱਧ ਲੜਨ ਦੇ ਤੌਰ-ਤਰੀਕੇ ਵੀ ਬਦਲ ਗਏ ਹਨ। ਇੱਕ ਵਾਇਰਸ ਦੇ ਹਵਾ ਵਿਚ ਛੱਡਣ ਨਾਲ਼ ਹੀ ਪੂਰੀ ਦੁਨੀਆਂ ਵਿਚ ਹਫੜਾ ਦਫੜੀ ਮੱਚ ਜਾਂਦੀ ਹੈ। ਇਹ ਹਫੜਾ ਦਫੜੀ ਮੱਚਦੀ ਅਸਾਂ ਵੇਖੀ ਵੀ ਹੈ ਤੇ ਹੰਢਾਈ ਵੀ ਹੈ। ਪੂਰੀ ਦੁਨੀਆਂ ਜਿਵੇਂ ਠਹਿਰ ਗਈ ਸੀ। ਇੱਕ ਨਿੱਕਾ ਜਿਹਾ ਕਿਟਾਣੂ ਹਵਾ ਵਿਚ ਛੱਡਿਆ ਤੇ:

*ਵੱਡੇ ਵੱਡੇ ਆਰਥਿਕ ਢਾਂਚੇ, ਸਮਾਜਿਕ ਤਾਣੇ ਬਾਣੇ, ਸੰਚਾਰ ਪ੍ਰਣਾਲੀਆਂ*
*ਹਵਾਈ, ਰੇਲਵੇ, ਬੱਸ ਸੇਵਾ ਸਿਸਟਮ ਕੱਖਾਂ ਕਾਨਿਆਂ ਦੀਆਂ*
*ਝੌਂਪੜੀਆਂ ਵਾਂਗ ਢਹਿ ਢੇਰੀ ਹੋ ਜਾਂਦੇ ਹਨ*

'ਜੰਗਬਾਜ਼ਾਂ ਦੇ ਅਨੇਕਾਂ ਚਿਹਰੇ' ਕਵਿਤਾ ਵਿਚ ਉਹ ਜੰਗਬਾਜ਼ਾਂ ਦੇ ਵੱਖ-ਵੱਖ ਰੂਪਾਂ ਬਾਰੇ ਦੱਸਦਾ ਹੈ:

*ਕਦੀ ਉਹ ਧਾਰਮਿਕ ਗ੍ਰੰਥਾਂ ਦੇ ਨਾਮ ਉੱਤੇ ਡੰਗ ਮਾਰਦੇ ਹਨ*
*ਕਦੀ ਉਹ ਜਾਤ-ਪਾਤ ਦੇ ਨਾਮ ਉੱਤੇ ਡੰਗ ਮਾਰਦੇ ਹਨ*

ਇੰਝ ਹੀ ਰੰਗ-ਭੇਤ, ਊਚ-ਨੀਚ, ਧਰਮ, ਬੋਲੀ ਆਦਿ ਰੂਪਾਂ ਦਾ ਜ਼ਿਕਰ ਕਰਦਾ ਹੈ। ਉਹ ਜੰਗ ਦਾ ਸੁਆਗਤ ਵੀ ਕਰਦਾ ਹੈ। ਉਹ ਕਿਹੜੀ ਜੰਗ ਹੈ ਜਿਸ ਦਾ ਕਵੀ ਸੁਆਗਤ ਕਰਦਾ ਹੈ। ਜੰਗ ਜਿਹੜੀ ਆਮ ਲੋਕਾਂ ਦੇ ਹੱਕਾਂ ਲਈ, ਜ਼ਿੰਦਗੀ ਦੀ ਬੇਹਤਰੀ ਲਈ, ਲੋਕਾਂ ਦੀ ਆਜ਼ਾਦੀ ਲਈ, ਜ਼ੁਲਮਾਂ ਨੂੰ ਰੋਕਣ ਲਈ ਲੜੀ ਜਾਂਦੀ ਹੈ, ਉਸ ਜੰਗ ਦਾ ਸੁਆਗਤ ਹੈ। ਉਹ ਜੰਗ ਦੇ ਵਣਜਾਰਿਆਂ ਨੂੰ ਭਾਵੁਕ ਅਪੀਲ ਵੀ ਕਰਦਾ ਹੈ ਕਿ ਬੱਚਿਆਂ ਲਈ, ਬਿਰਖਾਂ ਲਈ ਫਸਲਾਂ ਲਈ ਅਮਨ ਨੂੰ ਮੌਕਾ ਦਿਓ। ਅਮਨ ਅਤੇ ਜੰਗ ਕਵਿਤਾ ਵਿਚ ਅਮਨ ਅਤੇ ਜੰਗ ਦਾ ਤੁਲਨਾਤਮਕ ਵਿਸ਼ਲੇਸ਼ਣ ਵੀ ਕਰਦਾ ਹੈ:

*ਅਮਨ ਵਿਚ ਫੁੱਲ ਖਿੜਦੇ ਹਨ, ਤਿੱਤਲੀਆਂ ਉੱਡਦੀਆਂ ਹਨ*
*ਫਸਲਾਂ ਲਹਿਲਹਾਉਂਦੀਆਂ ਹਨ, ਲੋਕ ਮੁਸਕਰਾਉਂਦੇ ਹਨ*
*ਜੰਗ ਵਿਚ ਫਸਲਾਂ ਸੜਦੀਆਂ ਹਨ, ਲਾਸ਼ਾਂ ਦੇ ਅੰਬਾਰ ਲੱਗਦੇ ਹਨ*
*ਇਮਾਰਤਾਂ ਖੰਡਰ ਬਣਦੀਆਂ ਹਨ, ਘਰਾਂ ਦੇ ਚੁੱਲ੍ਹਿਆਂ ਵਿਚ ਸਵਾਹ ਉੱਡਦੀ ਹੈ*

ਸੁਖਿੰਦਰ ਕਵਿਤਾ ਲਿਖਦਿਆਂ ਕੋਈ ਗੱਲ ਅਣਕਹੀ ਨਹੀਂ ਛੱਡਦਾ। ਪਾਠਕ ਨੂੰ ਸਤਰਾਂ ਵਿਚੋਂ ਕੁਝ ਲੱਭਣਾ ਨਹੀਂ ਪੈਂਦਾ। ਸਭ ਕੁਝ ਸਫ਼ਿਆਂ 'ਤੇ ਨਿਸੰਗ ਪਿਆ ਹੁੰਦਾ ਹੈ। ਅਜਿਹਾ ਕਰਦਿਆਂ ਉਸ ਦੀ ਕਵਿਤਾ ਦੀ ਸੁਰ ਉੱਚੀ ਵੀ ਹੋ ਜਾਂਦੀ ਹੈ ਤੇ ਅਕਾਵਿਕ ਵੀ। ਪਰ ਉਸ ਨੂੰ ਇਹਨਾਂ ਗੱਲਾਂ ਨਾਲ਼ ਕੋਈ ਫ਼ਰਕ ਨਹੀਂ ਪੈਂਦਾ। ਵਿਸ਼ਵ ਦੇ ਸਮਾਜਿਕ ਤੇ ਰਾਜਨੀਤਕ ਵਰਤਾਰਿਆਂ ਵਿਚ ਜੋ ਵੀ ਗ਼ਲਤ ਪਿਆ ਹੈ ਅਤੇ ਉਸ ਨੂੰ ਪ੍ਰੇਸ਼ਾਨ ਕਰਦਾ ਹੈ, ਉਹ ਕਹਿ ਦਿੰਦਾ ਹੈ। ਇਹ ਉਸ ਦੀ ਸਾਹਿਤ ਪ੍ਰਤੀ ਸੁਹਿਰਦਤਾ ਹੈ। ਪੰਜਾਬੀ ਭਾਸ਼ਾ ਤੇ ਸਾਹਿਤ ਲਈ ਉਹ ਉਮਰ ਭਰ ਨੰਗੇ ਧੜ ਲੜਿਆ ਹੈ। ਉਸ ਦੀ ਇਹ ਜੰਗ ਨਿਰੰਤਰ ਜਾਰੀ ਹੈ। ਭਵਿੱਖ ਵਿਚ ਉਸ ਕੋਲੋਂ ਹੋਰ ਵੀ ਬਿਹਤਰ ਸਾਹਿਤ ਦੀ ਆਸ ਕੀਤੀ ਜਾ ਸਕਦੀ ਹੈ। ਇਸ ਪੁਸਤਕ ਲਈ ਸੁਖਿੰਦਰ ਨੂੰ ਮੁਬਾਰਕਾਂ।

❑❑❑

# ਚੁਣੌਤੀ-ਪੂਰਨ ਸਮਿਆਂ ਅੰਦਰ ਅੰਗੜਾਈ ਲੈਂਦੀ ਪ੍ਰੋ. ਕਵਲਜੀਤ ਮਹਿਰੋਕ ਦੀ ਕਵਿਤਾ: ਟਰਨਿੰਗ ਪੁਆਇੰਟ

'ਟਰਨਿੰਗ ਪੁਆਇੰਟ' ਪ੍ਰੋ. ਕਵਲਜੀਤ ਮਹਿਰੋਕ ਦਾ ਸੱਜਰਾ ਤੇ ਪਲੇਠਾ ਕਾਵਿ-ਸੰਗ੍ਰਹਿ ਹੈ। ਬੀਤੇ ਸਾਲਾਂ ਦੌਰਾਨ ਅਸੀਂ ਦੋ ਵੱਡੀਆਂ ਚੁਣੌਤੀਆਂ ਦਾ ਸਾਹਮਣਾ ਕੀਤਾ ਹੈ। ਇਨ੍ਹਾਂ ਸਮਿਆਂ ਅੰਦਰ ਜੇਕਰ ਕੋਈ ਮਨ ਦ੍ਰਵਿਤ ਨਹੀਂ ਹੋਇਆ, ਤਾਂ ਉਹ ਕਠੋਰ ਮਨ ਕਿਸੇ ਸੂਖਮ ਕਲਾ ਦੀ ਸਿਰਜਣਾ ਵੀ ਨਹੀਂ ਕਰ ਸਕਿਆ। ਚੁਣੌਤੀਪੂਰਨ ਸਮਿਆਂ ਅੰਦਰ ਹੀ ਸੂਖ਼ਮ ਕਲਾਵਾਂ ਦੀ ਸਿਰਜਣਾ ਆਕਾਰ ਗ੍ਰਹਿਣ ਕਰਦੀ ਹੈ। ਸੁਖ-ਸਾਂਦ ਦੇ ਦਿਨ ਜਸ਼ਨ ਦੇ ਸ਼ੋਰ 'ਚ ਡੁੱਬੇ ਰਹਿੰਦੇ ਹਨ। ਜਸ਼ਨ ਸਿਰਜਣਾ ਦਾ ਵਿਰੋਧੀ ਤਾਂ ਨਹੀਂ ਹੁੰਦਾ ਪਰ ਸਿਰਜਣਾ ਲਈ ਜਿਹੜਾ ਸੇਕ ਦਰਕਾਰ ਹੁੰਦਾ ਹੈ ਉਹ ਮੱਠਾ ਰਹਿੰਦਾ ਹੈ। ਸੰਵੇਦਨਸ਼ੀਲ ਮਨੁੱਖੀ ਮਨ ਆਲੇ-ਦੁਆਲੇ ਹੋ ਵਾਪਰ ਰਹੀਆਂ ਬੇਤਰਤੀਬੀਆਂ ਨਾਲ ਪੀੜਤ ਹੁੰਦਾ ਹੈ। ਪੀੜਤ ਮਨ ਅੰਦਰ ਸੁੱਤੀ ਕਵਿਤਾ ਅੰਗੜਾਈ ਲੈਂਦੀ ਹੈ। ਕਵਲਜੀਤ ਮਹਿਰੋਕ ਦੇ ਅੰਦਰ ਸੁਰੱਖਿਅਤ ਪਈ ਕਵਿਤਾ ਦੇ ਜਾਗਣ ਦਾ ਇਹ ਟਰਨਿੰਗ ਪੁਆਇੰਟ ਹੈ। ਇਸ ਕਵਿਤਾ ਦੇ ਕੇਂਦਰ ਵਿੱਚ ਕੁਦਰਤ ਹੈ। ਕੁਦਰਤ ਜੋ ਹਰ ਬਾਹਰੀ ਵਰਤਾਰੇ ਨਾਲ ਪ੍ਰਭਾਵਿਤ ਹੁੰਦੀ ਹੈ। ਕੁਦਰਤ ਦਾ ਸਬਕ, ਕਿਹੋ ਜਿਹਾ ਹੈ ਮੌਸਮ ਇਹ, ਮਹਾਂਮਾਰੀ ਦਾ ਟੰਟਾ, ਕੁਦਰਤ ਰੌਂ ਬਦਲ ਰਹੀ ਹੈ, ਲਾਕਡੌਨ ਹੀ ਸੇਫ਼ ਏ ਸਮੇਤ ਅਨੇਕ ਕਵਿਤਾਵਾਂ ਵਿੱਚ ਸਿੱਧੇ ਅਸਿੱਧੇ ਤਰੀਕੇ ਨਾਲ ਕੁਦਰਤ ਦਾ ਜ਼ਿਕਰ ਹੈ। ਕੁਦਰਤ ਆਪਣੇ ਢੰਗ ਨਾਲ ਮਨੁੱਖ ਨੂੰ ਸਬਕ ਵੀ ਦਿੰਦੀ ਹੈ:

*ਕਰੋਨਾ ਸਿਰਫ਼ ਇੱਕ ਡਰ ਇਕ ਵਬਾਅ ਹੀ ਨਹੀਂ*
*ਇੱਕ ਸਬਕ ਹੈ, ਇੱਕ ਸੰਦੇਸ਼ ਹੈ*
*ਸੋਚਣ, ਸਮਝਣ, ਸਿੱਖਣ ਤੇ ਸੰਭਾਲਣ ਦਾ*

ਕਵਿਤਾ ਹਾਜ਼ਰਾ ਹਜ਼ੂਰ ਵਿੱਚ ਕੁਦਰਤ ਦੇ ਅੰਗ-ਸੰਗ ਵਿਚਰਦਿਆਂ ਮਨੁੱਖੀ ਮਨ ਵਿੱਚ ਕੁਝ ਸਵਾਲ ਸਿਰ ਚੁੱਕਦੇ ਹਨ ਕਿ ਕਾਦਰ ਦੇ ਹੁੰਦਿਆਂ ਵਰਗ ਵੰਡ, ਤਸ਼ੱਦਦ, ਝਗੜੇ, ਬਲਾਤਕਾਰ, ਗਰੀਬੀ, ਭੁੱਖ ਮਰੀ, ਮਾਰਾਮਾਰੀ, ਲਾਚਾਰੀ ਕਿਉਂ ਹੈ। ਫਿਰ ਆਪੇ ਹੀ ਜਵਾਬ ਬਹੁੜਦਾ ਹੈ ਕਿ ਜਿਉਣ ਦਾ ਵੱਧਦਾ ਲੋਭ ਲਾਲਚ ਅਤੇ

ਹੰਕਾਰ ਇਨ੍ਹਾਂ ਝਮੇਲਿਆਂ ਦੇ ਕਾਰਨ ਹਨ। ਇਸ ਕਵਿਤਾ ਵਿੱਚ ਕੁਦਰਤ ਦੇ ਮਹੀਨ ਤੇ ਸੂਖ਼ਮ ਵੇਰਵੇ ਪ੍ਰਭਾਵਿਤ ਕਰਦੇ ਹਨ।

ਕਰੋਨਾ ਕਾਲ ਅਜਿਹਾ ਸਮਾਂ ਸੀ ਜਦ ਬੇਵਿਸ਼ਵਾਸੀ ਨੇ ਮਨੁੱਖੀ ਮਨ ਨੂੰ ਮੱਲ ਲਿਆ। ਰਿਸ਼ਤਿਆਂ ਨਾਲੋਂ ਜੀਵਨ ਦੀ ਸੁਰੱਖਿਆ ਵਧੇਰੇ ਜ਼ਰੂਰੀ ਜਾਪਣ ਲੱਗ ਪਈ। ਬੰਦਾ ਬੰਦੇ ਕੋਲੋਂ ਡਰਨ ਲੱਗ ਪਿਆ। ਡਰ, ਖ਼ੌਫ਼, ਸਹਿਮ ਵਰਗੇ ਸ਼ਬਦ ਗੂੜ੍ਹੇ ਹੋ ਗਏ। ਸਹਿਮਿਆਂ ਮਨੁੱਖ ਬੇਬਸੀ ਦੇ ਆਲਮ ਵਿੱਚ ਕਾਦਰ ਨੂੰ ਅਰਜ਼ੋਈ ਕਰਨ ਲੱਗ ਪਿਆ। ਅਜਿਹੇ ਵੇਲਿਆਂ ਦੀ ਕਵਿਤਾ ਕੋਈ ਹੋਰ ਬਾਤ ਕਿੰਝ ਪਾ ਸਕਦੀ ਹੈ:

*ਨ਼ਫਰਤਾਂ, ਈਰਖਾ, ਵਿਤਕਰੇ ਇਸ ਫ਼ਿਜ਼ਾ 'ਚ ਨੇ*
*ਮੇਰੇ ਮਾਲਕ, ਮੇਰੇ ਮੌਲਾ ਇੱਕ ਛਿੱਟ ਚਾਨਣ ਦੀ ਪਾ*
*ਬੰਦੇ ਤੋਂ ਬੰਦਾ ਹੀ ਫਿਰਦਾ ਸਹਿਮਿਆਂ*
*ਦੇਰ ਨਾ ਕਰ, ਭਰੋਸਿਆਂ ਦੀ ਚਿਣਗ ਜਗਾ*

ਇਕਾਂਤਵਾਸ ਇੱਕ ਨਵਾਂ ਸ਼ਬਦ, ਵਿਹਾਰ ਤੇ ਵਰਤਾਰਾ ਸੀ ਜੋ ਲੋਕਾਂ ਨੇ ਸੁਣਿਆਂ, ਪਰਖਿਆ ਤੇ ਹੰਢਾਇਆ। ਕਵਲਜੀਤ ਨੇ ਇਸ ਸ਼ਬਦ ਦੇ ਕਲਾਵੇ 'ਚ ਆਏ ਸਥਿਤੀ ਦੀ ਪੂਰਨ ਵਿਆਖਿਆ ਕਰਦੇ ਹੋਰ ਸ਼ਬਦਾਂ ਨੂੰ ਵੀ ਆਪਣੀ ਕਵਿਤਾ ਦਾ ਹਿੱਸਾ ਬਣਾਇਆ ਹੈ। ਇਹ ਸ਼ਬਦ ਸਾਨੂੰ ਪ੍ਰੇਸ਼ਾਨ ਕਰਦੇ ਹਨ। ਇਹ ਸ਼ਬਦ ਸ਼ਬਦ ਨਹੀਂ ਹਨ, ਦਰਪੇਸ਼ ਚੁਣੌਤੀ ਦੇ ਨਕਸ਼ ਅਤੇ ਆਕਾਰ ਘੜਦੇ ਘਿਨਾਉਣੇ ਵਰਤਾਰੇ ਹਨ। ਹਰ ਸ਼ਬਦ ਇੱਕ ਵੱਖਰੀ ਸਥਿਤੀ ਦਾ ਬਿਰਤਾਂਤ ਸਿਰਜਦਾ ਹੈ। ਇਹ ਕਵੀ ਦੀ ਅਤੇ ਕਵਿਤਾ ਦੀ ਸਮਰੱਥਾ ਹੁੰਦੀ ਹੈ ਕਿ ਉਹ ਅਜਿਹਾ ਬਿਰਤਾਂਤ ਸਿਰਜਦਿਆਂ ਕਵਿਤਾ ਦੇ ਸੁਹਜ ਨੂੰ ਕਿੰਨਾ ਕੁ ਬਣਾਈ ਰੱਖਦੇ ਹਨ। ਕਵਲਜੀਤ ਕੋਲ ਸ਼ਬਦਾਂ ਦੀ ਸਹੀ ਵਰਤੋਂ ਕਰਨ ਦਾ ਹੁਨਰ ਹੈ:

*ਲਾਕਡਾਊਨ, ਕਰਫਿਊ, ਕੁਆਂਰਨਟਾਈਨ*
*ਹੌਟ ਸਪੌਟ, ਰੈੱਡ ਜ਼ੋਨ, ਗ੍ਰੀਨ ਜ਼ੋਨ*
*ਪੌਜ਼ਿਟਿਵ, ਨੈਗੇਟਿਵ, ਸਟੇਅ ਹੋਮ, ਸਟੇਅ ਸੇਫ਼*
*ਕਿੰਨੇ ਹੀ ਸ਼ਬਦ ਸੁਣ ਸੁਣ ਕੇ ਅੱਕ ਗਏ ਹਾਂ*

ਸਾਲ ਭਰ ਚੱਲੇ ਕਿਸਾਨੀ ਸੰਘਰਸ਼ ਦੌਰਾਨ ਸਮਾਜ ਦੇ ਹਰ ਵਰਗ ਨੇ ਆਪਣਾ ਬਣਦਾ ਹਿੱਸਾ ਪਾਇਆ ਹੈ। ਕਵੀਆਂ ਨੇ ਕਵਿਤਾ ਲਿਖੀ ਤੇ ਖ਼ੂਬ ਲਿਖੀ। ਇਸ ਸੰਘਰਸ਼ ਨੇ ਬਹੁਤ ਸਾਰੇ ਨਵੇਂ ਕਵੀ ਵੀ ਸਾਨੂੰ ਦਿੱਤੇ ਹਨ। ਨਿਰੋਲ ਕਿਸਾਨੀ ਸੰਘਰਸ਼ ਉੱਪਰ ਲਿਖੀਆਂ ਕਵਿਤਾਵਾਂ ਦੇ ਸੰਗ੍ਰਹਿ ਛਪੇ ਹਨ। ਕਵਲਜੀਤ ਮਹਿਰੋਕ ਨੇ ਵੀ ਸੰਘਰਸ਼ ਦੇ ਅਰਥਾਂ ਨੂੰ ਸਮਝਦਿਆਂ ਇਸ ਦੇ ਇਤਿਹਾਸਕ ਪ੍ਰਸੰਗ ਨੂੰ ਮਹਿਸੂਸ ਕਰਦਿਆਂ ਬਹੁਤ ਸਾਰੀਆਂ ਕਵਿਤਾਵਾਂ

ਲਿਖੀਆਂ। ਕੁਰਕਸ਼ੇਤਰ ਤੋਂ ਪਾਰ, ਕਾਫ਼ਲਿਆਂ ਦਾ ਹੜ੍ਹ, ਖੇਤਾਂ ਦੀ ਉਲਝੀ ਤਾਣੀ, ਜੁਗਨੂੰ ਵੀ ਕਾਫ਼ੀ ਹੁੰਦਾ, ਖੇਤਾਂ ਦਾ ਰਾਖਾ ਸੜਕਾਂ 'ਤੇ ਹੈ, ਬਚਾ ਲੈ ਆਪਣੀ ਕਿਰਤ, ਮੈਂ ਖੇਤ ਹਾਂ, ਡਰ ਲੱਗਦਾ ਹੈ ਬਾਡਰਾਂ ਤੋਂ, ਰੋਏ ਅਸੀਂ ਵੀ ਹਾਂ ਨਾਲ-ਨਾਲ, ਕਵਿਤਾਵਾਂ ਕਿਸਾਨੀ ਸੰਘਰਸ਼ ਨੂੰ ਸਮਰਪਤ ਉਹ ਖ਼ਿਆਲ ਹਨ ਜਿਨ੍ਹਾਂ ਨੂੰ ਲਿਖਦਿਆਂ ਕਵਿਤਰੀ ਮਾਨਸਿਕ ਤੌਰ 'ਤੇ ਸੰਘਰਸ਼ ਦੇ ਅੰਗ-ਸੰਗ ਵਿਚਰਦੀ ਹੈ। ਇਸੇ ਲਈ ਇਹ ਕਵਿਤਾਵਾਂ ਨਿਰ-ਉਚੇਚ ਭਾਸ਼ਾ ਵਿੱਚ ਲਿਖੀਆਂ ਹਨ:

*ਖੇਤ ਹਾਂ ਮੈਂ ਅੰਨ ਦਾਤੇ ਦਾ*
*ਟੁਕੜਾ ਨਹੀਂ ਮਹਿਜ਼ ਧਰਤੀ ਦਾ*
*ਮੇਰਾ ਮਾਲਕ ਪਲੋਸਦਾ ਹੈ, ਪਿਆਰਦਾ ਹੈ ਮੇਰੀ ਮਿੱਟੀ*
*ਮੇਰੀ ਨਮੀਂ, ਮੇਰੇ ਵੱਤਰ, ਸੋਕੇ, ਸਭ ਕੁਝ ਤੋਂ ਵਾਕਫ਼ ਹੈ ਉਹ*

.................................................

*ਮੇਰਾ ਮਾਲਕ ਹੀ ਨਹੀਂ ਮੈਂ ਵੀ ਨਾਬਰ ਆਂ*
*ਮੰਨਣ ਤੋਂ ਕਾਲੇ ਕਨੂੰਨ*

ਖੇਤ ਮਾਲਕ ਦੇ ਨਾਲ ਖਲੋਤੀ ਸੋਚ ਦੀ ਕਵਿਤਾ ਹੈ ਇਹ। ਇਸ ਵਿੱਚ ਕਾਲ ਮਨਫ਼ੀ ਹੋ ਜਾਂਦਾ ਹੈ। ਸੰਘਰਸ਼ ਕਿਉਂਕਿ ਸੱਤਾ ਦੇ ਖ਼ਿਲਾਫ਼ ਹੁੰਦਾ ਹੈ। ਇਸ ਲਈ ਅਜਿਹੇ ਸਮਿਆਂ 'ਚ ਰਚਿਆ ਸਾਹਿਤ ਸੱਤਾ ਦੇ ਵਿਰੋਧ ਵਿੱਚ ਭੁਗਤਦਾ ਦਸਤਾਵੇਜ਼ ਹੁੰਦਾ ਹੈ। ਕਿਸਾਨੀ ਸੰਘਰਸ਼ ਨੂੰ ਮੁਖ਼ਾਤਬ ਹੋ ਕੇ ਲਿਖੀ ਕਵਿਤਾ ਵਿੱਚ ਹੋ ਵਾਪਰ ਰਹੇ ਦੇ ਨਾਲ-ਨਾਲ ਸਾਡੇ ਚੇਤਿਆਂ 'ਚ ਬੈਠੇ ਕਿਸਾਨੀ ਨਾਲ ਜੁੜੇ ਛਿਣ ਵੀ ਸਾਕਾਰ ਹੋ ਜਾਦੇ ਹਨ। ਮਿੱਟੀ ਨਾਲ ਮਿੱਟੀ ਹੁੰਦੇ ਰਹੇ ਪੁਰਖਿਆਂ ਦਾ ਆਪਣੇ ਖੇਤਾਂ ਨਾਲ ਰਿਸ਼ਤਾ ਅਤੇ ਆਪਣੇ ਹੱਕਾਂ ਲਈ ਲੜ ਰਹੇ ਸਮਕਾਲ ਨਾਲ ਸਾਡੀ ਵਚਨਬੱਧਤਾ ਹੋਰ ਵੀ ਦ੍ਰਿੜ੍ਹ ਹੋ ਜਾਂਦੀ ਹੈ:

*ਕਿਸਾਨ ਤੇ ਖੇਤ ਦਾ ਰਿਸ਼ਤਾ ਡਾਹਡਾ ਗੂਹੜਾ*
*ਕਿਸਾਨ ਖੇਤ 'ਚ ਹੀ ਜੱਚਦਾ, ਫੱਬਦਾ*
*ਸਿਰਜਣਾ ਦਾ ਧਰਮ ਰਹੇ ਸਦਾ ਨਿਭਾਉਂਦਾ*

................................................

*ਹਾੜ ਸਿਆਲ, ਧੁੱਪਾਂ, ਛਾਵਾਂ, ਕੱਕਰ ਕੋਹਰੇ, ਮੀਂਹ ਹਨੇਰੀ*
*ਸਭ ਪਿੰਡੇ 'ਤੇ ਜਰਦਾ ਤੇ ਮਿੱਟੀ ਨਾਲ ਸਦਾ ਮਿੱਟੀ*
*ਹੁੰਦਾ ਰਿਹਾ ਹੈ ਅੰਨਦਾਤਾ, ਸੱਪਾਂ ਦੀਆਂ ਸਿਰੀਆਂ ਮਿੱਧਦਾ*

ਕਵਿਤਰੀ ਮਹਿਰੋਕ ਜਦ ਕਰੋਨਾ, ਕਿਸਾਨੀ ਤੋਂ ਤਿਲਕ ਦੂਜੇ ਵਿਸ਼ਿਆਂ ਵੱਲ ਆਉਂਦੀ ਹੈ ਤਾਂ ਉਸ ਦੀ ਕਵਿਤਾ ਦੀ ਨੁਹਾਰ ਬਦਲ ਜਾਂਦੀ ਹੈ। ਸਮਿਆਂ ਦੀ ਚੁਣੌਤੀ ਕਾਰਨ ਉਪ-ਭਾਵੁਕ ਹੋਇਆ ਮਨ ਥੋੜ੍ਹਾ ਧਰਵਾਸ ਫੜਦਾ ਹੈ। ਜੀਵਨ

ਦੀਆਂ ਖ਼ੁਸ਼ਹਾਲੀਆਂ, ਦੁਸ਼ਵਾਰੀਆਂ, ਵਰਤਾਰਿਆਂ ਬਾਰੇ ਆਪਣੀ ਮੌਲਿਕ ਸੂਝ ਅਤੇ ਰਿਸ਼ਤਿਆਂ ਲਈ ਦ੍ਰਵਿਤ ਹੋਇਆ ਮਨ ਵੀ ਕਵਿਤਾ ਵਿੱਚ ਲੁਪਤ ਰਹਿੰਦਾ ਹੈ। ਧੀਆਂ ਤੇ ਨੀਹਾਂ, ਚੁੱਪ ਦੀਆਂ ਵਿਰਲਾਂ, ਕੱਚੇ ਰੰਗ ਕਸੁੰਭੜੇ ਦੇ, ਅੱਖਰਾਂ ਦੇ ਅੰਗ-ਸੰਗ, ਵਜੂਦ, ਇੱਕ ਨਜ਼ਮ, ਵੱਡੀ ਰਾਸ, ਬੁੱਢਾ ਪਿੱਪਲ, ਰੀਝ, ਅਨਜਾਣ ਜਿਹੀ, ਪਿੰਜਰੇ ਪਿਆ ਤੋਤਾ, ਬੁੱਤ ਤਰਾਸ਼, ਸੋਚਾ ਦੀਆਂ ਡਾਰਾਂ, ਸ਼ਬਦ ਦੀ ਤਾਕਤ, ਚੱਲ ਕਿਤੇ ਚੱਲੀਏ, ਕਵਿਤਾ ਨਿੱਤ ਪਾਸ਼ ਨਹੀਂ ਜਣਦੀ, ਬੁਣਤੀ, ਸ਼ੁਧੀਕਰਣ ਜਾਰੀ ਹੈ, ਇੱਕ ਖ਼ਤ ਧੀ ਦੇ ਨਾਂ ਵਰਗੀਆਂ ਕਵਿਤਾਵਾਂ ਦੀ ਆਮਦ ਹੁੰਦੀ ਹੈ। ਸੋਚਾਂ ਦੀਆਂ ਡਾਰਾਂ ਅਤੇ ਸ਼ਬਦ ਦੀ ਤਾਕਤ ਕਵਿਤਾ ਦੀ ਸਿਰਜਣ ਪ੍ਰਕਿਰਿਆ ਨੂੰ ਦਰਸਾਉਂਦੀਆਂ ਕਵਿਤਾਵਾਂ ਹਨ। ਕਵਿਤਾ ਨਿੱਤ ਪਾਸ਼ ਨਹੀਂ ਜਣਦੀ ਕਵਿਤਾ ਪਾਸ਼ ਦੇ ਬਹਾਨੇ ਕਵਿਤਾ ਨੂੰ ਸਹੀ ਅਰਥਾਂ ਵਿੱਚ ਪ੍ਰਭਾਸ਼ਿਤ ਕਰਦੀ ਹੈ:

*ਪਾਸ਼ ਨੂੰ ਰਹਿਣ ਦਿਓ ਕਵਿਤਾ 'ਚ ਬਲਦੇ ਚਿਰਾਗ ਵਾਂਗ*
*ਜਾਗਣ,ਜਗੌਣ ਦਿਓ ਸੋਚਾਂ ਕਿਉਂਕਿ*
*ਕਵਿਤਾ ਰੋਜ਼ ਰੋਜ਼ ਪਾਸ਼ ਨਹੀਂ ਜਣਦੀ*

ਜੇਕਰ ਵਿਸ਼ੇ ਦੀ ਗੱਲ ਕਰਨੀ ਹੋਵੇ ਤਾਂ ਵੱਡੇ ਹਾਦਸੇ ਹੀ ਨਹੀਂ ਉਡੀਕਦੀ ਕਵਿਤਾ ਹਰ ਵੇਲੇ। ਕੁਝ ਨਾ ਕੁਝ ਵਾਪਰਦਾ ਹੀ ਰਹਿੰਦਾ ਹੈ ਨਿੱਕਾ ਨਿੱਕਾ ਤੁਹਾਡੇ ਅੰਦਰ, ਆਲੇ-ਦੁਆਲੇ, ਬੂਟਿਆਂ 'ਚ, ਪੌਦਿਆਂ 'ਚ, ਮੌਸਮਾਂ 'ਚ, ਰੁੱਤਾਂ 'ਚ,। ਬਦਲਦਾ ਰਹਿੰਦਾ ਵਿਹਾਰ। ਕਈ ਕੁਝ ਚੰਗਾ ਵਾਪਰਦਾ, ਕਈ ਕੁਝ ਪ੍ਰੇਸ਼ਾਨ ਕਰਦਾ ਵੀ। ਅਜਿਹੇ ਚੁੱਪ-ਚਾਪ ਵਾਪਰ ਰਹੇ ਵਿਚੋਂ ਵੀ ਕਵਿਤਾ ਫੁੱਟਦੀ ਹੈ। ਕਵਲਜੀਤ ਮਹਿਰੋਕ ਦੇ ਟਰਨਿੰਗ ਪੁਆਇੰਟ 'ਚ ਅਜਿਹੇ ਬਹੁਤ ਸਾਰੇ ਵਿਸਮਾਦੀ ਪਲ ਕਵਿਤਾ ਬਣੇ ਹਨ। ਆਲ੍ਹਣਾ ਤੇ ਰੁੱਖ, ਉਮਰ ਦੇ ਆਖਰੀ ਵਰ੍ਹੇ, ਰਿਸ਼ਤਿਆਂ ਦੀ ਇਬਾਰਤ, ਘਰ ਦੀ ਸੁਖ-ਸਾਂਦ, ਚੱਲ ਮਨਾਂ, ਚੈਰੀ ਬਲੌਜ਼ਮ ਦੀ ਪੋਟਾ ਕੁ ਛਾਂ, ਕਿਉਂ ਨਾ ਬੁਣਾ ਸੁਪਨੇ ਮੈਂ, ਛਾਂਗ ਛਗਾਈ, ਵਿਸਮਾਦੀ ਪਲ ਅਜਿਹੀਆਂ ਹੀ ਕਵਿਤਾਵਾਂ ਹਨ। ਸਾਨੂੰ ਪ੍ਰਾਪਤ ਸਿਸਟਮ ਬਹੁਤੀ ਵਾਰ ਸਾਡੇ ਹਾਣ ਦਾ ਨਹੀਂ ਹੁੰਦਾ। ਆਪਣੇ ਹਾਣ ਦਾ ਸਮਾਜ ਸਿਰਜਣ ਲਈ ਹੀ ਅਸੀਂ ਸਾਹਿਤ ਰਚਦੇ ਹਾਂ। ਸਾਡੀ ਸਿਰਜਣਾ ਵਿੱਚ ਵੀ ਸਾਡੀ ਬੇਵੱਸੀ ਤੇ ਉਦਾਸੀ ਭਾਰੂ ਹੁੰਦੇ ਹਨ। ਕਵਲਜੀਤ ਦੀ ਕਵਿਤਾ ਵਿੱਚ ਆਸ ਉਮੀਦ ਵੀ ਬਣੀ ਰਹਿੰਦੀ ਹੈ। ਇਹ ਆਸ ਉਮੀਦ ਟਿਕੇ ਹੋਏ ਵਿਸਮਾਦੀ ਪਲ ਹਨ:

*ਟਿਕੀ ਹੋਈ ਰਾਤ 'ਚ ਬਹੁਤ ਖੁਬਸੂਰਤ ਲੱਗਦੇ ਨੇ*
*ਟਹਿਕਦੇ ਤਾਰੇ, ਚੰਨ ਕਿਤੇ ਵਧੇਰੇ ਚਮਕਦਾ*

.............................................

*ਜੀਵਨ ਦੇ ਸਭ ਤੋਂ ਕੀਮਤੀ ਤੇ ਹੁਸੀਨ ਹੁੰਦੇ ਨੇ*
*ਟਿਕੇ ਹੋਏ ਵਿਸਮਾਦੀ ਪਲ*

ਇਸ ਪਲੇਠੇ ਕਾਵਿ-ਸੰਗ੍ਰਹਿ ਵਿੱਚ ਜ਼ਿੰਦਗੀ ਦੇ ਪ੍ਰੌੜ ਅਨੁਭਵ ਨੂੰ ਕੁਦਰਤ ਦੇ ਵਰਤਾਰਿਆਂ ਦੀ ਸੁਹਜਮਈ ਬਿੰਬਕਾਰੀ ਨਾਲ ਸਿਰਜਦੀਆਂ ਇਹ ਕਵਿਤਾਵਾਂ ਮਹੀਨ ਤੇ ਸੂਖ਼ਮ ਅਰਥਾਂ ਨਾਲ ਪਾਠਕ ਨੂੰ ਸ਼ਰਸਾਰ ਕਰਦੀਆਂ ਹਨ। ਜੀਵਨ ਭਰ ਪੰਜਾਬੀ ਸਾਹਿਤ ਪੜ੍ਹਦਿਆਂ-ਪੜ੍ਹਾਉਂਦਿਆਂ ਸ਼ਾਇਰਾ ਨੇ ਜਿਸ ਭਾਸ਼ਾ ਨੂੰ ਗ੍ਰਹਿਣ ਕੀਤਾ, ਕਮਾਇਆ, ਉਹ ਭਾਸ਼ਾ ਇਨ੍ਹਾਂ ਕਵਿਤਾਵਾਂ ਦੀ ਵਡੱਤਣ ਬਣਦੀ ਹੈ। ਇਹ ਕਵਿਤਾਵਾਂ ਮਨੁੱਖ ਨੂੰ ਆਸ਼ਾਵਾਦੀ ਦ੍ਰਿਸ਼ਟੀਕੋਣ ਅਪਨਾਉਣ ਅਤੇ ਜ਼ਿੰਦਗੀ ਨੂੰ ਸਹਿਜਤਾ ਨਾਲ ਜਿਉਣ ਦਾ ਢੰਗ ਦੱਸਦੀਆਂ ਹਨ। ਕਰੋਨਾ ਕਾਲ, ਕਿਸਾਨੀ ਸੰਘਰਸ਼ ਅਤੇ ਮਨੁੱਖੀ ਹੋਂਦ ਦੇ ਰਹੱਸਾਂ ਦੀ ਬਾਤ ਪਾਉਂਦੀਆਂ ਇਹ ਕਵਿਤਾਵਾਂ ਸਹਿਜੇ ਹੀ ਪਾਠਕ ਨਾਲ ਅਪਣੱਤ ਦਾ ਰਿਸ਼ਤਾ ਸਿਰਜ ਲੈਣ ਦੀ ਸਮਰੱਥਾ ਰੱਖਦੀਆਂ ਹਨ। ਕਲਾਤਮਕ ਛੋਹਾਂ ਨਾਲ ਵੱਖਰੇ ਤੇ ਖ਼ੂਬਸੂਰਤ ਫੌਂਟ ਵਿੱਚ ਬੜੇ ਚਾਅ ਨਾਲ ਛਪਵਾਈ ਇਸ ਕਿਤਾਬ ਕੋਲ ਪਾਠਕ ਨਾਲ ਨੇੜਤਾ ਕਰਨ ਦੇ ਕਈ ਸਬੱਬ ਬਣਦੇ ਹਨ। ਸੂਖ਼ਮਤਾ, ਸਹਿਜਤਾ, ਸੁਹਜ, ਸਰਲਤਾ ਅਤੇ ਸੰਜੀਦਗੀ ਇਨ੍ਹਾਂ ਕਵਿਤਾਵਾਂ ਨੂੰ ਪੜ੍ਹਨਯੋਗ ਬਣਾਉਂਦੇ ਹਨ। ਪ੍ਰੋ. ਕਵਲਜੀਤ ਮਹਿਰੋਕ ਨੂੰ ਇਸ ਪਲੇਠੇ ਯਤਨ ਲਈ ਮੁਬਾਰਕਾਂ!

❑❑❑

# ਰਮਿੰਦਰ ਰਮੀ (ਰੰਮੀ) ਕਾਵਿ ਨੂੰ ਪੜ੍ਹਦਿਆਂ

ਕਿਸ ਨੂੰ ਆਖਾਂ: ਰਮਿੰਦਰ ਰਮੀ ਕੈਨੇਡਾ ਦੇ ਸ਼ਹਿਰ ਬਰੈਂਪਟਨ ਵਿੱਚ ਵੱਸਦੀ ਕਵਿਤਰੀ ਹੈ। ਇਥੋਂ ਦੀਆਂ ਸਾਹਿਤ ਸਭਾਵਾਂ ਵਿਚ ਉਹ ਤਿੱਤਲੀ ਵਾਂਗੂੰ ਮੰਡਰਾਉਂਦੀ ਨਜ਼ਰ ਆਉਂਦੀ ਹੈ। ਮੇਰੇ ਸ਼ਹਿਰ ਗੁਰੂ ਦੀ ਨਗਰੀ ਅੰਮ੍ਰਿਤਸਰ ਦੀ ਜੰਮਪਲ ਉਹ ਕਈ ਵਰ੍ਹੇ ਚੰਡੀਗੜ੍ਹ ਦੀਆਂ ਧਾਰਮਕ ਸਰਗਰਮੀਆਂ ਦਾ ਹਿੱਸਾ ਵੀ ਰਹੀ। ਜ਼ਿੰਦਗੀ ਦੀਆਂ ਬਹੁਤ ਸਾਰੀਆਂ ਦੁਸ਼ਵਾਰੀਆਂ ਅਤੇ ਸਰੀਰਕ ਕਸ਼ਟਾਂ ਦੇ ਦਰਦ ਨਾਲ ਜੂਝਦੀ ਨੂੰ ਪਤਾ ਹੀ ਨਾ ਲੱਗਾ ਕਿਹੜੇ ਵੇਲ਼ੇ ਕਵਿਤਾ ਨੇ ਉਸ ਦੇ ਕੋਮਲ ਹਿਰਦੇ ਵਿਚ ਆ ਦਸਤਕ ਦਿੱਤੀ ਤੇ ਉਸ ਪਹਿਲੀ ਕਵਿਤਾ ਅਹਿਸਾਸ ਲਿਖ ਦਿੱਤੀ ਜਿਹੜੀ ਉਸ ਦੀ ਪਹਿਲੀ ਪੋਥੀ 'ਕਿਸ ਨੂੰ ਆਖਾਂ' ਦੀ ਪਹਿਲੀ ਨਜ਼ਮ ਬਣੀ:

*ਕੀ ਹੋਇਆ ਜੇ ਤੂੰ ਮੈਨੂੰ ਭੁਲਾ ਦਿੱਤਾ*
*ਪਰ ਮੈਂ ਤੇ ਤੈਨੂੰ ਨਹੀਂ ਭੁਲਾਇਆ*
*ਤੂੰ ਤੇ ਅਜੇ ਵੀ ਮੇਰੇ ਅੰਦਰ ਹੈਂ*
*ਮੇਰੇ ਸਾਹਾਂ ਵਿਚ ਮੇਰੇ ਖ਼ੁਆਬਾਂ ਵਿਚ*
*ਮੈਂ ਤੈਨੂੰ ਨਹੀਂ ਭੁਲਾਇਆ*

ਕਵਿਤਾ ਤਾਂ ਸ਼ਾਇਦ ਸਾਡੇ ਅੰਦਰ ਹੀ ਪਈ ਹੁੰਦੀ ਹੈ। ਕੋਈ ਸਬੱਬ ਬਣਦਾ ਹੈ ਤੇ ਬੰਦਾ ਕਵੀ ਹੋ ਜਾਂਦਾ ਹੈ। ਅਜਿਹਾ ਹੀ ਸਬੱਬ ਬਣਿਆਂ ਹੋਵੇਗਾ ਰਮੀ ਨਾਲ਼ ਤੇ ਕਵਿਤਾਵਾਂ ਮੀਂਹ ਵਾਂਗ ਵਰ੍ਹਨ ਲੱਗ ਪਈਆਂ। ਰੋਜ਼ ਰਾਤ ਨੂੰ ਉਸ ਕੋਲ਼ ਇੱਕ ਕਵਿਤਾ ਆਉਂਦੀ ਜੋ ਅਗਲੀ ਸਵੇਰ ਸੋਸ਼ਲ ਮੀਡੀਆ 'ਤੇ ਲੋਕਾਂ ਦੀ ਪ੍ਰਸੰਸਾ ਬਟੋਰ ਰਹੀ ਹੁੰਦੀ। ਕਵਿਤਾ ਦੀ ਪਹਿਲੀ ਆਮਦ ਵੇਲ਼ੇ ਉਸ ਅੰਦਰ ਸਾਢੇ ਛੇ ਦਹਾਕਿਆਂ ਦੇ ਜੋੜ ਘਟਾਉ, ਗੁਣਾ ਤਕਸੀਮ ਦੀਆਂ ਗੁੰਝਲਾਂ ਪਈਆਂ ਸਨ। ਇਹ ਗੁੰਝਲਾਂ ਕਵਿਤਾ ਬਣ ਬਣ ਖੁੱਲ੍ਹਦੀਆਂ ਰਹੀਆਂ। ਆਪ ਮੁਹਾਰੇ ਆ ਰਹੀ ਕਵਿਤਾ ਦੇ ਵਹਾਅ 'ਚ ਉਸ ਨੂੰ ਲੱਗਾ ਕਿ ਕਵਿਤਾ ਲਿਖਣ ਵੇਲ਼ੇ ਕੋਈ ਖ਼ਾਸ ਤਿਆਰੀ ਨਹੀਂ ਕਰਨੀ ਪੈਂਦੀ। ਕਵਿਤਾ ਤਾਂ ਹਰ ਵੇਲੇ ਮੇਰੇ ਆਸ ਪਾਸ ਤੇ ਮੇਰੇ ਖਿਆਲਾਂ ਵਿਚ ਹੁੰਦੀ ਹੈ। ਜੋ ਦੇਖਦੀ ਤੇ ਮਹਿਸੂਸ ਕਰਦੀ, ਲਿਖ ਦਿੰਦੀ ਹਾਂ। ਵੇਖੇ, ਮਹਿਸੂਸ ਕੀਤੇ ਨੂੰ ਲਿਖ ਦੇਣ ਦੀ ਪ੍ਰਕਿਰਿਆ ਨੂੰ ਕਵਿਤਾ ਸਿਰਜਣ ਦਾ ਸਰਲ ਮੁਹਾਵਰਾ ਵੀ ਕਿਹਾ ਜਾ ਸਕਦਾ ਹੈ। ਕੁਝ ਵੀ ਹੋਵੇ ਕਵਿਤਾ ਦੀ ਇਸ ਬੇਪ੍ਰਵਾਹ ਆਮਦ ਨੇ ਪਹਿਲੀ ਪੋਥੀ "ਕਿਸ ਨੂੰ ਆਖਾਂ' ਨੂੰ ਜੀ ਆਇਆਂ ਕਿਹਾ। ਇਸ ਪੋਥੀ ਦੇ ਆਰੰਭ ਵਿਚ ਚੌਦਾਂ

ਵਿਦਵਾਨਾਂ, ਸ਼ਾਇਰਾਂ ਦੀਆਂ ਪ੍ਰਸੰਸਾ ਮਈ ਟਿੱਪਣੀਆਂ ਦਰਜ ਹਨ। ਪਾਤਰ ਨੇ ਲਿਖਿਆ, 'ਇਨ੍ਹਾਂ ਕਵਿਤਾਵਾਂ ਦੀ ਰਚਨਾ ਤੋਂ ਬਾਅਦ ਉਸ ਕੋਲ ਇੱਕ ਖੁੱਲ੍ਹੀ ਕਿਤਾਬ ਹੈ ਜਿਸ ਵਿਚ ਉਸ ਦੇ ਦੁੱਖ ਭਰੇ ਆਪੇ ਦਾ ਪ੍ਰਗਟਾ ਹੈ'। ਸਰਬਜੀਤ ਸੋਹਲ ਦੀ ਮੰਨੀਏਂ ਤਾਂ ਇਹ ਚੇਤਨਾ ਤੇ ਚਿੰਤਨ ਭਰਪੂਰ ਕਵਿਤਾਵਾਂ ਹਨ। ਡਾ. ਗੁਰਚਰਨ ਕੌਰ ਕੋਚਰ ਨੂੰ ਰਮੀ ਸਾਹਿਤ ਪ੍ਰੇਮਣ, ਸਮਾਜ ਸੇਵਿਕਾ ਅਤੇ ਨੇਕ ਇਨਸਾਨ ਹੋਣ ਦੀ ਤ੍ਰਿਵੇਣੀ ਜਾਪਦੀ ਹੈ। ਇੰਝ ਹੀ ਬਾਕੀ ਵਿਦਵਾਨਾਂ ਦੇ ਵਿਚਾਰ ਰਮੀ ਦੀ ਇਸ ਪਲੇਠੀ ਪੁਸਤਕ ਨੂੰ ਮਾਣਯੋਗ ਪ੍ਰਾਪਤੀ ਮੰਨਦੇ ਹਨ। ਇਹ ਟਿੱਪਣੀਆਂ ਕਿਸੇ ਵੀ ਸ਼ਾਇਰ ਦੀ ਪਿੱਠ ਥਾਪੜ ਸਕਦੀਆਂ ਹਨ। ਇੰਝ ਕਾਵਿ ਸਿਰਜਣਾ ਦਾ ਇਹ ਆਪ-ਮੁਹਾਰਾ ਵੇਗ ਨਿਰੰਤਰ ਚੱਲਦਾ ਰਹਿੰਦਾ ਹੈ:

*ਆਉ ਸਾਰੇ ਮਿਲ ਕੇ ਮੋਹ ਦੇ ਦੀਵੇ ਜਗਾਈਏ*
*ਈਰਖਾ, ਨ਼ਫਰਤ ਸਾੜਾ ਨੂੰ ਅਗਨੀ ਵਿਚ ਬਾਲ਼ ਕੇ*
*ਵਿਚ ਤੇਲ ਮੁਹੱਬਤ ਤੇ ਵਿਸ਼ਵਾਸ ਦਾ ਪਾਈਏ*

ਜਿਵੇਂ ਪਹਿਲਾਂ ਲਿਖਿਆ ਕਿ ਕਵਿਤਾ ਬੰਦੇ ਦੇ ਅੰਦਰ ਹੀ ਪਈ ਹੁੰਦੀ ਹੈ। ਰਮਿੰਦਰ ਰਮੀ ਦੇ ਅੰਦਰ ਸੱਜਣ, ਮੁਹੱਬਤ, ਦੋਸਤੀ, ਰੱਬ, ਮਾਂ, ਗੁਰੂ ਨਾਨਕ, ਪੀੜਾਂ, ਚੁੱਪ, ਜ਼ਖ਼ਮੀ ਔਰਤ, ਅਣਜੰਮੀ ਧੀ, ਮੌਤ, ਇਨਸਾਨੀ ਬਘਿਆੜ ਤੇ ਹੋਰ ਵੀ ਬਹੁਤ ਕੁਝ ਪਿਆ ਹੈ ਜਿਹਨਾਂ ਨਾਲ ਉਹ ਗੱਲਾਂ ਕਰਦੀ ਹੈ, ਸੰਵਾਦ ਰਚਾਉਂਦੀ ਹੈ, ਸਮਾਜ ਵਿਚਲੀਆਂ ਬੇਤਰਤੀਬੀਆਂ 'ਤੇ ਉਂਗਲ ਧਰਦੀ ਹੈ ਤੇ ਲਿਖਦੀ ਹੈ:

ਹੁਣ ਮੈਂ ਲਿਖਾਂਗੀ ਆਪਣੇ ਖ਼ਿਆਲਾਂ ਨੂੰ
ਜਜ਼ਬਾਤਾਂ ਨੂੰ, ਸੋਚਾਂ ਨੂੰ, ਆਪਣੀ ਪੀੜਾ ਨੂੰ
ਆਪਣੇ ਅਹਿਸਾਸਾਂ ਨੂੰ ਕਲਮ ਵਿਚ ਪਰੋ ਕੇ
ਕਾਗਜ਼ 'ਤੇ ਉਲੀਕਾਂਗੀ ਹੁਣ ਮੈਂ ਲਿਖਾਂਗੀ
ਤੇ ਹੋਰ ਲਿਖਦੀ ਹੈ ਕਿ
ਦਿਲ ਵਿਚ ਕਿਸੇ ਲਈ ਮੁਹੱਬਤ ਹੋਵੇ, ਜੁਦਾਈ ਦਾ ਦਰਦ ਹੋਵੇ
ਪਿਆਰੇ ਨੂੰ ਮਿਲਣ ਦੀ ਤੜਪ ਹੋਵੇ, ਕਿਸੇ ਦੀ ਬੇਵਫਾਈ ਹੋਵੇ
ਦਿਲ ਵਿਚ ਅਸਹਿ ਦਰਦ ਹੋਵੇ, ਆਪ ਮੁਹਾਰੇ ਲਿਖੀ ਜਾਂਦੀ ਹੈ ਕਵਿਤਾ...

ਰਮਿੰਦਰ ਰਮੀ ਦੀ ਕਵਿਤਾ ਵਿਚ ਦੋ ਵਿਪਰੀਤ ਸਿਖਰ ਹਨ। ਜੇ ਉਹ ਸੱਜਣ, ਪ੍ਰੀਤਮ, ਇਥੋਂ ਤੱਕ ਕਿ ਰੱਬ ਨੂੰ ਸਮਰਪਿਤ ਹੁੰਦੀ ਹੈ ਤਾਂ ਪੂਰੀ ਦੀ ਪੂਰੀ। ਮਿਲਣ ਦੀ ਤਾਂਘ ਵਿਚ ਉਹ ਹਰ ਪਲ ਹੰਝੂਆਂ ਦੇ ਘੁੱਟ ਪੀ ਰਹੀ ਹੁੰਦੀ ਹੈ। ਪ੍ਰੀਤਮ ਉਸ ਦੇ ਰੋਮ ਰੋਮ ਵਿਚ ਸਮਾ ਜਾਂਦਾ ਹੈ। ਉਸ ਦਾ ਇੱਕ ਇੱਕ ਪਲ ਯੁੱਗਾਂ ਜਿੱਡਾ ਹੋ ਜਾਂਦਾ ਹੈ। ਪ੍ਰੀਤਮ ਦੀ ਯਾਦ ਉਸ ਦਾ ਲੂੰ ਲੂੰ ਰੁਸ਼ਨਾ ਜਾਂਦੀ ਹੈ। ਦੂਜੇ

ਸਿਖਰ ‘ਤੇ ਮਰਦ ਪ੍ਰਤੀ ਨਫ਼ਰਤ ਦਾ ਵਰਣਨ ਪੜ੍ਹਨ ਨੂੰ ਮਿਲਦਾ ਹੈ। ਉਸ ਨੂੰ ਲੱਗਦਾ ਹੈ ਕਿ ਜੇ ਇਨਸਾਨੀ ਬਘਿਆੜ ਔਰਤ ਦੀ ਜ਼ਿੰਦਗੀ ਵਿਚ ਨਾ ਹੁੰਦੇ ਤਾਂ ਜ਼ਿੰਦਗੀ ਹੁਸੀਨ ਤੇ ਖ਼ੁਸ਼ਹਾਲ ਹੋਣੀ ਸੀ। ‘ਕਿੰਨਾ ਔਖਾ ਹੁੰਦਾ ਹੈ’ ਕਵਿਤਾ ਵਿਚ ਉਸ ਦਾ ਅੰਤਰੀਵ ਨਾਲ਼ ਸੰਵਾਦ ਗਹਿਰਾ ਹੈ। ਇਹ ਕਵਿਤਾ ਹਾਇਕੂ-ਦਰ-ਹਾਇਕੂ ਦੀ ਵਿਧੀ ਨਾਲ ਅੱਗੇ ਵੱਧਦੀ ਹੈ:

*ਕਿੰਨਾ ਔਖਾ ਹੁੰਦਾ ਹੈ, ਜਿਸ ਨੇ ਹਰੇਕ ਸਾਹਮਣੇ*
*ਬੇਇਜ਼ਤ ਕੀਤਾ ਹੋਏ, ਉਸ ਅਪਮਾਨ ਨੂੰ ਸਹਿਣਾ*
*ਕਿੰਨਾ ਔਖਾ ਹੁੰਦਾ ਹੈ, ਜਦ ਭੁੱਬੀਂ ਰੋਣ ਤੇ ਜੀਅ ਕਰੇ*
*ਤੇ ਜਬਰਦਸਤੀ ਦਾ ਮੁਸਕਰਾਉਣਾ*
*ਕਿੰਨਾ ਔਖਾ ਹੁੰਦਾ ਹੈ, ਆਪਣੇ ਹਾਰ ਸ਼ਿੰਗਾਰ ਤੇ*
*ਡਿਜ਼ਾਈਨਰ ਸੂਟਾਂ ਪਿੱਛੇ, ਆਪਣੇ ਦਰਦ ਨੂੰ ਛੁਪਾਉਣਾ*
*ਕਿੰਨਾ ਔਖਾ ਹੁੰਦਾ ਹੈ, ਦਿਲ ਵਿਚ ਹਜ਼ਾਰਾਂ ਗੱਲਾਂ ਹੋਣ*
*ਪਰ ਉਨ੍ਹਾਂ ਨੂੰ ਸਾਂਝਾ ਕਰਨ ਵਾਲਾ ਕੋਈ ਨਾ ਹੋਵੇ*
*ਕਿੰਨਾ ਔਖਾ ਹੁੰਦਾ ਹੈ, ਜਦ ਉਹ ਉੱਡਣਾ ਤਾਂ ਚਾਹੁੰਦਾ ਹੈ ਪਰ*
*ਉਸ ਦੇ ਪਰ ਕੱਟੇ ਹੋਏ ਹੁੰਦੇ ਹਨ*
*ਕਿੰਨਾ ਔਖਾ ਹੁੰਦਾ ਹੈ, ਜਦ ਇਨਸਾਨ ਮਰਨਾ ਚਾਹ ਕੇ*
*ਵੀ ਮਰ ਨਾ ਸਕੇ, ਉਫ਼ ਕਿੰਨਾ ਔਖਾ ਹੁੰਦਾ ਹੈ*

‘ਕਿਸ ਨੂੰ ਆਖਾਂ’ ਪੁਸਤਕ ਵਿਚ ਔਰਤ ਦੀ ਤ੍ਰਾਸਦੀ ਦੀਆਂ ਬਹੁਤ ਸਾਰੀਆਂ ਕਵਿਤਾਵਾਂ ਹਨ। ਇਹਨਾਂ ਕਵਿਤਾਵਾਂ ਵਿਚ ਰਮੀ ਦੀ ਆਪਣੀ ਤ੍ਰਾਸਦੀ ਦਾ ਹੱਡੀਂ ਹੰਢਾਇਆ ਦਰਦ ਵੀ ਸ਼ਾਮਲ ਲੱਗਦਾ ਹੈ। ਸੋ ਕਿਉ ਮੰਦਾ ਆਖੀਐ, ਸੁਣ ਔਰਤ, ਕਿੰਨਾ ਔਖਾ ਹੁੰਦਾ ਹੈ, ਔਰਤ ਦੀ ਤ੍ਰਾਸਦੀ, ਜ਼ਖ਼ਮੀ ਔਰਤ, ਅਕਸ, ਅਣਜੰਮੀ ਧੀ ਦੀ ਪੁਕਾਰ ਆਦਿ ਕਵਿਤਾਵਾਂ ਔਰਤ ਦੀ ਹੋਣੀ ਦੀ ਬਾਤ ਪਾਉਂਦੀਆਂ ਹਨ।

ਤੇਰੀ ਚਾਹਤ: ਦੋ ਸਾਲ ਬਾਅਦ ਰਮਿੰਦਰ ਦੀ ਦੂਜੀ ਕਾਵਿ-ਪੁਸਤਕ ਛਪਦੀ ਹੈ। ਇਸ ਦੀ ਭੂਮਿਕਾ ਡਾ. ਵਨੀਤਾ ਤੇ ਪ੍ਰੋ. ਰਵੇਲ ਸਿੰਘ ਨੇ ਲਿਖੀ ਹੈ। ਡਾ. ਵਨੀਤਾ ਅਨੁਸਾਰ ਤੇਰੀ ਚਾਹਤ ਸਾਨੂੰ ਪਿਆਰ, ਰੁਮਾਂਸ ਤੇ ਔਰਤ ਵੱਲੋਂ ਇਸ ਦੇ ਵਲਵਲਿਆਂ ਨੂੰ ਕਾਵਿ ਮੈਂ ਵਿਚ ਪ੍ਰਗਟਾਉਂਦਾ ਹੈ। ਇਸ ਪੁਸਤਕ ਦੀਆਂ ਬਹੁਤੀਆਂ ਕਵਿਤਾਵਾਂ ਪਿਆਰ ਦੀ ਗੱਲ ਕਰਦੀਆਂ ਹਨ, ਮੁਹੱਬਤ ਦੀ ਗੱਲ ਕਰਦੀਆਂ ਹਨ। ਮੈਨੂੰ ਮੁਹੱਬਤ ਹੈ ਕਵਿਤਾ ਵਿਚ ਉਸ ਨੂੰ ਆਪਣੀ ਹੋਂਦ ਨਾਲ਼ ਜੁੜੇ ਸਾਰੇ ਮਾਨਵੀ ਵਰਤਾਰਿਆਂ ਨਾਲ ਮੁਹੱਬਤ ਹੈ। ਮੁਹੱਬਤ ਨੂੰ ਪਰਿਭਾਸ਼ਤ ਕਰਦੀ ਉਹ ਇੱਕ ਵਿਸਥਾਰ ਸਿਰਜਦੀ ਹੈ ਜਿਸ ਦੇ ਕਲਾਵੇ ਵਿਚ ਉਹ ਸਭ ਕੁਝ

ਹੈ ਜੋ ਕਿਸੇ ਵੀ ਸਵਾਲ ਦਾ ਜਵਾਬ ਬਣ ਸਕੇ। ਅਜਿਹੀ ਮੁਹੱਬਤ ਰੂਹ ਦੇ ਰਿਸ਼ਤੇ ਸਿਰਜਦੀ ਹੈ:

*ਸ਼ਾਇਦ ਕੋਈ ਐਸਾ ਸ਼ਖਸ ਕਦੀ ਮਿਲਿਆ ਹੀ ਨਹੀਂ*
*ਮੁਹੱਬਤ ਮੇਰੇ ਲਈ ਰੱਬ ਹੈ ਜਾਂ ਰੱਬ ਮੇਰੇ ਲਈ ਮੁਹੱਬਤ*
*ਜ਼ਿੰਦਗੀ 'ਚ ਕੁਝ ਲੋਕ ਅਜਿਹੇ ਹੁੰਦੇ ਨੇ*
*ਜਿਹਨਾਂ ਨੂੰ ਪਾਉਣ ਤੇ ਨਹੀਂ ਚਾਹੁਣ ਤੇ ਦਿਲ ਕਰਦੈ*
*ਸ਼ਾਇਦ ਇਹੀ ਰੂਹ ਦੇ ਰਿਸ਼ਤੇ ਹੁੰਦੇ ਹਨ*

ਪਰ ਇਸ ਤੋਂ ਅਗਾਂਹ ਤੈਨੂੰ ਪਤਾ, ਯਾਦ ਤੇਰੀ, ਕੋਈ ਹੈ, ਆਦਿ ਕਵਿਤਾਵਾਂ ਕਿਸੇ ਅੱਲ੍ਹੜ ਕੁੜੀ ਦੇ ਜਜ਼ਬਾਤ ਲੱਗਦੇ ਹਨ। ਸਿੱਲ-ਪੱਥਰ ਔਰਤ ਦੀ ਹੋਣੀ ਦਾ ਯਥਾਰਥਕ ਵਰਣਨ ਹੈ:

*ਅੱਜ ਦੀ ਔਰਤ ਬੇਸ਼ਕ ਗਿਆਨਵਾਨ ਤੇ ਸੂਝਵਾਨ ਹੈ*
*ਪਰ ਉਸ ਨੂੰ ਅਗਰ ਮਰਦ ਗੁੱਸੇ ਵਿਚ ਬੋਲ-ਕਬੋਲ ਬੋਲਦਾ ਹੈ*
*ਤਾਹਨੇ-ਮਿਹਣੇ ਦਿੰਦਾ ਹੈ, ਉਹ ਔਰਤ ਇਹ ਤਿੱਖੇ ਸ਼ਬਦ-ਬਾਣ*
*ਨਾ ਸਹਾਰਦੀ ਹੋਈ ਸਦਾ ਲਈ ਖ਼ਾਮੋਸ਼ ਹੋ ਜਾਂਦੀ ਹੈ......*

ਚੁੱਪ ਬਾਰੇ ਦੋ ਕਵਿਤਾਵਾਂ ਹਨ। ਚੁੱਪ ਦੀਆਂ ਬਹੁਤ ਸਾਰੀਆਂ ਪਰਤਾਂ ਹਨ। ਰਿਸ਼ਤਿਆਂ ਵਿਚਲੀ ਚੁੱਪ ਜ਼ਹਿਰ ਹੁੰਦੀ ਹੈ। ਭਾਈ ਵੀਰ ਸਿੰਘ ਦੀ ਕਵਿਤਾ ਸੁਪਨੇ ਵਿਚ ਤੁਸੀਂ ਮਿਲੇ ਅਸਾਨੂੰ, ਅਸਾਂ ਧਾਹ ਗਲਵੱਕੜੀ ਪਾਈ ਨੂੰ ਰਮੀ ਨੇ ਨੂਰੀ ਝਲਕ ਵਿਚ ਪੁਨਰ ਸਿਰਜਤ ਕੀਤਾ ਹੈ। ਤੇ ਉਹ ਝੱਲੀ ਹੋ ਗਈ ਅਤੇ ਤੇ ਝੱਲੀ ਮਰ ਗਈ ਫਿਲਮੀ ਸਟਾਈਲ ਵਿਚ ਉਪਭਾਵੁਕ ਦ੍ਰਿਸ਼ ਚਿੱਤਰਦੀਆਂ ਕਵਿਤਾਵਾਂ ਹਨ। ਤੇਰੀ ਚਾਹਤ ਵਿਚ ਚਾਹਤ ਦੀ ਤ੍ਰੇਹ ਅਤੇ ਤਲਾਸ਼ ਦਾ ਜ਼ਿਕਰ ਬਾਰ-ਬਾਰ ਆਉਂਦਾ ਹੈ। ਅਸਲ ਵਿਚ ਉਸ ਦੀ ਬਹੁਤੀ ਕਵਿਤਾ ਸਵੈ ਨਾਲ ਸੰਵਾਦ ਹੈ। ਇਸ ਸੰਵਾਦ ਵਿਚ ਸ਼ਿਕਵਾ, ਰੋਸੇ, ਹੇਰਵੇ, ਦੁੱਖ-ਸੰਤਾਪ, ਰੁਦਨ, ਬਿਰਹਾ ਤੇ ਸਮਾਜਿਕ ਮਾਹੌਲ ਵਿਚਲੀ ਤਲਖੀ ਮਿਲਦੇ ਹਨ। ਪਿਆਰ ਦਾ ਇਜ਼ਹਾਰ ਕਿਸੇ ਮੁਟਿਆਰ ਦੀ ਭਾਵੁਕ ਉਮਰ ਦਾ ਹਾਣੀ ਲੱਗਦਾ ਹੈ। ਮੇਰੇ ਸੱਜਣਾ, ਮੇਰੇ ਗੁਰੂਦੇਵ, ਤੁਸੀਂ ਰੁੱਸ ਗਏ ਅਸੀਂ ਟੁੱਟ ਗਏ, ਹੋਇਆ ਕੀ ਕਸੂਰ ਅਸਾਥੋਂ, ਸਹਿਕਦੇ ਪਲ, ਕੋਈ ਐਸਾ ਸ਼ਖਸ ਮਿਲੇ, ਸੁਣ ਸੱਜਣਾ ਆਦਿ ਕਵਿਤਾਵਾਂ ਵਿਚ ਸੱਜਣ ਨੂੰ ਮਿਲਣ ਦੀ ਤਾਂਘ, ਸਮਰਪਣ ਤੇ ਚਾਹਤ ਦਾ ਸਿੱਧਾ ਸਰਲ ਵਰਣਨ ਹਨ। ਉਂਝ ਤਾਂ ਸੱਜਣ ਦੀ ਚਾਹਤ ਉਮਰ ਦੀ ਮੁਥਾਜ ਨਹੀਂ ਹੁੰਦੀ। ਪਰ ਵਡੇਰੀ ਉਮਰ ਵਿਚ ਜਜ਼ਬਾਤਾਂ ਦੀ ਰੰਗਤ ਕੁਝ ਵੱਖਰੀ ਹੋਣੀ ਚਾਹੀਦੀ ਹੈ। ਇਹ ਵੱਖਰਾਪਣ ਕਵਿਤਾ ਦੇ ਪਾਠ ਵਿਚ ਪਿਆ ਹੋਣਾ ਚਾਹੀਦਾ ਹੈ:

*ਕਿਵੇਂ ਜੀਅ ਸਕਾਂਗੀ ਮੈਂ ਤੇਰੇ ਬਿਨਾਂ*
*ਹਾਂ ਇੱਕ ਦਿਨ ਤੇਰੀ ਖਾਮੋਸ਼ੀ ਨੂੰ*
*ਮੈਂ ਤੋੜ ਕੇ ਰਹਾਂਗੀ ਤੇ ਪੁੱਛਾਂਗੀ*
*ਐਸਾ ਕੀ ਗੁਨਾਹ ਹੋ ਗਿਆ ਅਸਾਥੋਂ ਕਿ*
*ਇੱਕ ਝਟਕੇ ਵਿਚ ਹੀ ਵਿਸਾਰ ਦਿੱਤਾ ਤੂੰ*
*ਇਹ ਨਾ ਸੋਚਿਆ ਕੀ ਬਣੂ ਤੇਰੀ ਇਸ ਕਮਲੀ ਦਾ*
*ਜੋ ਤੇਰੀ ਮੁਹੱਬਤ ਨੂੰ ਹਿੱਕ ਨਾਲ ਲਾਈ ਬੈਠੀ ਹੈ*

ਤੇਰੀ ਚਾਹਤ ਦੀਆਂ ਕਵਿਤਾਵਾਂ ਪੜ੍ਹਦਿਆਂ ਇੱਕ ਗੱਲ ਜ਼ਰੂਰ ਜ਼ਿਹਨ 'ਚ ਆਉਂਦੀ ਹੈ ਕਿ ਜੇਕਰ ਪਹਿਲੇ ਸੰਗ੍ਰਹਿ ਕਿਸ ਨੂੰ ਆਖਾਂ ਦੇ ਸ਼ੁਰੂ ਵਿਚ ਵੱਖ-ਵੱਖ ਵਿਦਵਾਨਾਂ, ਸ਼ਾਇਰਾਂ ਵੱਲੋਂ ਲਿਖੀਆਂ ਮੋਲਾਇਮ ਟਿੱਪਣੀਆਂ ਜੇਕਰ ਥੋੜ੍ਹਾ ਖੁਰਦਰੀਆਂ ਹੁੰਦੀਆਂ ਤਾਂ ਇਸ ਸੰਗ੍ਰਹਿ ਤੇਰੀ ਚਾਹਤ ਤੱਕ ਪਹੁੰਚਦਿਆਂ ਰਮਿੰਦਰ ਰੰਮੀ ਦੀ ਕਵਿਤਾ ਕਿਸੇ ਅਗਲੇ ਪੜਾਅ 'ਤੇ ਖਲੋਤੀ ਨਜ਼ਰ ਆਉਂਦੀ। ਕਵਿਤਰੀ ਕੋਲ ਜਜ਼ਬਾਤ ਹਨ, ਵਿਚਾਰ ਹਨ, ਭਾਸ਼ਾ ਹੈ ਤੇ ਸਭ ਤੋਂ ਵੱਧ ਕਵਿਤਾ ਲਿਖਣ ਦੀ ਜ਼ਿੱਦ ਹੈ, ਹਰ ਗੱਲ ਤੇ ਹਰ ਛਿਣ ਨੂੰ ਕਵਿਤਾ ਬਣਾਉਣ ਦੀ ਅੱਥਰੀ ਚਾਹਤ ਹੈ, ਕਿਸੇ ਸਿਆਣੇ ਬੰਦੇ ਦੀ ਨੇਕ ਸਲਾਹ ਜ਼ਰੂਰ ਉਸ ਨੂੰ ਬਿਹਤਰ ਕਵਿਤਾ ਤੱਕ ਲੈ ਜਾਵੇਗੀ। ਪਹਿਲੇ ਦੋ ਸੰਗ੍ਰਹਿਆਂ ਦਾ ਸਵਾਗਤ ਇਸ ਆਸ ਨਾਲ ਕਰਦਾ ਹਾਂ ਕਿ ਉਹ ਕਾਹਲ ਨੂੰ ਸਿਰਜਣਾ ਦੇ ਸਹਿਜ ਤੱਕ ਲੈ ਕੇ ਜਾਣ ਦੀ ਸੁਹਿਰਦ ਕੋਸ਼ਿਸ਼ ਕਰੇਗੀ।

❑❑❑

# ਸੁਰਜੀਤ ਦੀ ਕਵਿਤਾ ਦੇ ਸੰਗ-ਸਾਥ 'ਚ

'ਸ਼ਿਕਸਤ ਰੰਗ', 'ਹੇ ਸਖੀ', 'ਵਿਸਮਾਦ' ਸੁਰਜੀਤ ਦੀਆਂ ਹੁਣ ਤਕ ਛਪੀਆਂ ਕਿਤਾਬਾਂ ਦੇ ਨਾਂ ਹਨ। ਕਵਿਤਾ ਦੀਆਂ ਇਹ ਤਿੰਨੇ ਪੁਸਤਕਾਂ ਅੰਮ੍ਰਿਤਸਰ ਵੀ ਮੇਰੇ ਕੋਲ ਸਨ। ਪੜ੍ਹੀਆਂ ਵੀ ਸਨ। ਇਥੇ ਕੈਨੇਡਾ ਆ ਕੇ ਇਹ ਦੁਬਾਰਾ ਪੜ੍ਹੀਆਂ ਹਨ। ਕਵਿਤਾ ਦੇ ਅਰਥ ਬਦਲ ਗਏ ਹਨ। ਹੈਰਾਨੀ ਹੋਈ ਹੈ। ਸਥਾਨ ਤੇ ਸਥਿਤੀਆਂ ਬਦਲਣ ਨਾਲ ਕਵਿਤਾ ਦੇ ਅਰਥ ਵੀ ਬਦਲ ਜਾਂਦੇ ਹਨ, ਇਹ ਅਹਿਸਾਸ ਪਹਿਲੀ ਵਾਰ ਹੋਇਆ ਹੈ। ਸ਼ਾਇਦ ਇਹ ਸਮਝ ਦੀ ਸੀਮਾ ਦਾ ਵਿਸਥਾਰ ਹੈ। ਸਮਝ ਦਾ ਹਰ ਪੱਧਰ ਤੁਹਾਨੂੰ ਕਵਿਤਾ ਦੇ ਵੱਖਰੇ ਅਰਥਾਂ ਤਕ ਲੈ ਕੇ ਜਾਂਦਾ ਹੈ। ਤਿੱਖੀ ਹੁੰਦੀ ਸੂਝ ਨਾਲ ਸ਼ਬਦਾਂ ਦੇ ਅਰਥ ਅਹਿਸਾਸਾਂ ਦੀ ਗਹਿਰਾਈ ਨੂੰ ਸਾਕਾਰ ਕਰਨ ਲੱਗਦੇ ਹਨ ਸ਼ਾਇਦ। ਪਰ ਇਹ ਤਾਂ ਹੀ ਸੰਭਵ ਹੈ ਜੇਕਰ ਕਵਿਤਾ ਬਹੁ-ਪਰਤੀ ਭਾਵਾਂ ਵਾਲੀ ਹੋਵੇ। ਸੁਰਜੀਤ ਦੀ ਕਵਿਤਾ ਕੋਲ ਇਹ ਗੁਣ ਹੈ। ਉਸ ਦੀ ਹਰ ਕਵਿਤਾ ਅੰਦਰ ਹੋਰ ਕਵਿਤਾਵਾਂ ਵੀ ਹਨ। ਇਹ ਚੰਗੀ ਕਵਿਤਾ ਦੀ ਪਛਾਣ ਹੁੰਦੀ ਹੈ:

*ਆਪਣੇ ਹੀ ਅੰਦਰ ਕੈਦ ਹਾਂ ਧੁਰ ਤੋਂ*
*ਇਸ ਕੈਦ ਦੀ ਕੋਈ ਬਾਰੀ ਬਾਹਰ ਨਹੀਂ ਖੁੱਲ੍ਹਦੀ*
*ਹਰ ਪਲ਼ ਹਰ ਸਾਹ*
*ਜਿਵੇਂ ਹੋਂਦ ਦੀ ਕਬਰ 'ਤੇ ਦੀਵਾ ਬਲਦੈ*
*ਬਾਹਾਂ ਇੰਝ ਫੈਲਾਉ ਕਿ*
*ਚਾਰੇ ਦਿਸ਼ਾਵਾਂ ਕਲਾਵੇ 'ਚ ਆ ਗਈਆਂ ਲੱਗਣ*

ਇੰਝ ਦੀਆਂ ਹੋਰ ਵੀ ਬਹੁਤ ਸਾਰੀਆਂ ਉਦਾਹਰਣਾਂ ਦਿੱਤੀਆਂ ਜਾ ਸਕਦੀਆਂ ਹਨ। ਭਾਸ਼ਾ ਦੀ ਸਾਹਿਤ ਵਿੱਚ, ਖ਼ਾਸ ਕਰਕੇ ਕਵਿਤਾ ਵਿੱਚ, ਬਹੁਤ ਵੱਡੀ ਭੂਮਿਕਾ ਹੁੰਦੀ ਹੈ। ਪੰਜਾਬੀ ਵਿੱਚ ਲਿਖੀ ਜਾ ਰਹੀ ਬਹੁਤ ਸਾਰੀ ਕਵਿਤਾ ਆਪਣੀ ਰੁੱਖੀ ਭਾਸ਼ਾ ਕਾਰਨ ਪਾਠਕਾਂ ਨਾਲ ਅਪਣੱਤ ਦਾ ਰਿਸ਼ਤਾ ਨਹੀਂ ਬਣਾ ਪਾਉਂਦੀ। ਸੁਰਜੀਤ ਕੋਲ ਬਹੁਤ ਹੀ ਸੂਖ਼ਮ ਭਾਸ਼ਾ ਹੈ। ਇਹ ਭਾਸ਼ਾ ਸਤਰਾਂ 'ਚ ਕਾਵਿਕਤਾ ਦੀ ਧੁੰਨੀ ਪੈਦਾ ਕਰਦੀ ਹੈ।

*ਮਿਕਨਾਤੀਸੀ ਸੁਪਨੇ*
*ਮੁਹੱਬਤ ਦੇ ਰੰਗਾਂ ਨਾਲ ਨਗੰਦ*
*ਇਸ ਸੰਦੂਕ ਵਿਚ ਮੈਂ ਰੱਖੇ ਸਨ*

*ਇਤਿਹਾਸ ਕਦੇ ਖਲੋਇਆ ਨਹੀਂ ਕਰਦੇ*
*ਇਤਮਾਦ ਕਦੇ ਮੋਇਆ ਨਹੀਂ ਕਰਦੇ*

ਭਾਸ਼ਾ ਦੇ ਨਾਲ ਸੁਰਜੀਤ ਕੋਲ ਵਿਚਾਰ ਵੀ ਹਨ, ਬਹੁਤ ਗਹਿਰੇ ਵਿਚਾਰ, ਜ਼ਿੰਦਗੀ ਦੇ ਹੰਢਾਏ ਪਲ਼ਾਂ ਵਰਗੇ ਵਿਚਾਰ ਜਿਨ੍ਹਾਂ ਨੂੰ ਪੇਸ਼ ਕਰਦਿਆਂ ਉਹ ਸ਼ਬਦਾਂ ਦਾ ਤਲਿੱਸਮ ਪੈਦਾ ਕਰਦੀ ਹੈ। ਪਾਠਕ ਉਸ ਤਲਿੱਸਮ ਕੋਲ ਰੁਕ ਜਾਂਦਾ ਹੈ, ਸਤਰਾਂ ਨੂੰ ਦੁਬਾਰਾ ਪੜ੍ਹਦਾ ਹੈ, ਵਿਚਾਰ ਨੂੰ ਆਪਣੇ ਅੰਦਰ ਜਜ਼ਬ ਕਰਦਾ ਹੈ ਤੇ ਫਿਰ ਅਗਾਂਹ ਤੁਰਦਾ ਹੈ। ਇਸ ਤਲਿੱਸਮ 'ਚ ਕੁਦਰਤ 'ਚੋਂ ਲਏ ਬਿੰਬਾਂ, ਪ੍ਰਤੀਕਾਂ ਦੀ ਬਹੁਤ ਵੱਡੀ ਭੂਮਿਕਾ ਹੈ। ਇਹ ਬਿੰਬ ਉਸ ਦੀ ਕਵਿਤਾ ਨੂੰ ਸਹਿਜ ਦਿੰਦੇ ਹਨ, ਠਰੰਮਾ ਦਿੰਦੇ ਹਨ ਅਤੇ ਗਹਿਰਾਈ ਵੀ ਦਿੰਦੇ ਹਨ। ਉਹ ਆਪਣੇ ਵਿਚਾਰਾਂ ਨੂੰ ਪਾਠਕ ਉੱਪਰ ਠੋਸਦੀ ਨਹੀਂ ਬਲਕਿ ਉਹ ਆਪਣੇ ਵਿਚਾਰਾਂ ਨੂੰ ਰੱਦ ਕਰਨ ਦੀ ਸਮਰੱਥਾ ਵੀ ਰੱਖਦੀ ਹੈ।

*ਪਰ ਹੁਣ ਤਾਂ ਇੰਝ ਜਾਪਦੈ*
*ਜ਼ਿੰਦਗੀ ਬਹੁਤ ਮੌਸਮ ਬਦਲ ਚੁੱਕੀ ਹੈ*
*ਇਸ ਲਈ ਹਾਦਸੇ ਹੁਣ ਮੌਸਮ ਵੀ ਨਹੀਂ ਲੱਗਦੇ!!!*

ਸੁਰਜੀਤ ਆਪਣੀ ਪਹਿਲੀ ਪੁਸਤਕ 'ਸ਼ਿਕਸਤ ਰੰਗ' ਵਿੱਚ ਪਰਵਾਸ ਦੇ ਹੰਢਾਏ ਅਨੁਭਵਾਂ ਦਾ ਚਿੱਤਰਣ ਬਾਖ਼ੂਬੀ ਕਰਦੀ ਹੈ। ਉਹ ਪੂੰਜੀ ਦੀਆਂ ਅਲਾਮਤਾਂ ਦੇ ਸਮਾਜਿਕ ਜੀਵਨ ਅਤੇ ਰਿਸ਼ਤਿਆਂ ਉੱਪਰ ਪੈਂਦੇ ਪ੍ਰਭਾਵਾਂ ਨੂੰ ਭਾਵਪੂਰਤ ਢੰਗ ਨਾਲ ਪੇਸ਼ ਕਰਦੀ ਹੈ। ਨਾਰੀ ਦੇ ਅਸਤਿਤਵ ਬਾਰੇ ਉਸ ਦੀਆਂ ਕਵਿਤਾਵਾਂ ਵਿੱਚ ਆਰਥਿਕ ਆਜ਼ਾਦੀ ਦੇ ਨਾਂ ਹੇਠ ਦੂਹਰੇ ਤੀਹਰੇ ਜੰਜਾਲਾਂ 'ਚ ਫਸੀ ਔਰਤ ਦੀ ਹੋਣੀ ਨੂੰ ਪੇਸ਼ ਕਰਦਿਆਂ ਭਾਵੁਕ ਨਹੀਂ ਹੁੰਦੀ ਸਗੋਂ ਇੱਕ ਸੰਤੁਲਨ ਬਣਾਈ ਰੱਖਦੀ ਹੈ। ਕੁਝ ਬਹੁਤ ਆਪਣਿਆਂ ਦੇ ਜਹਾਨੋਂ ਤੁਰ ਜਾਣ ਦਾ ਦਰਦ ਬਿਆਨਦਿਆਂ ਉਹ ਜ਼ਰੂਰ ਭਾਵੁਕ ਹੁੰਦੀ ਹੈ ਜੋ ਸੁਭਾਵਿਕ ਵੀ ਹੈ। ਸੁਰਜੀਤ ਆਪਣੇ ਪਹਿਲੇ ਕਾਵਿ-ਸੰਗ੍ਰਹਿ ਤੋਂ ਹੀ ਦਾਰਸ਼ਨਿਕ ਨੁਹਾਰ ਵਾਲੀ, ਅਧਿਆਤਮ ਅਤੇ ਅੰਤਰ ਮਨ ਦੀਆਂ ਬਾਤਾਂ ਪਾਉਣ ਵਾਲੀ ਕਵਿਤਾ ਲਿਖਣ ਵੱਲ ਰੁਚਿਤ ਹੈ:

*ਸਾਹਾਂ ਦੇ ਬੂਹੇ 'ਤੇ ਖੜ੍ਹੀ ਕਾਇਆ*
*ਕਾਲ ਦਾ ਕਾਸਾ ਲੈ*
*ਮੁਕਤੀ ਦਾ ਦਾਨ ਮੰਗਦੀ ਹੈ*
*ਮੇਰੇ ਅੰਦਰ ਵਿਸ਼ਵਾਸ ਦੀ ਇੱਕ ਨਦੀ ਵਗਦੀ ਹੈ*
*ਮੇਰੀ ਸੁਰਤ ਉਸ ਸਦੀਵੀ ਸੱਚ ਨੂੰ ਲੱਭਦੀ ਹੈ*

ਬਾਅਦ ਵਾਲੀਆਂ ਪੁਸਤਕਾਂ ਵਿੱਚ ਇਹ ਰੰਗ ਵਧੇਰੇ ਸ਼ਿੱਦਤ ਨਾਲ ਨਜ਼ਰ ਆਉਂਦਾ ਹੈ। ਉਸ ਦੀ ਦੂਜੀ ਪੁਸਤਕ 'ਹੇ ਸਖੀ ' ਵਿਚਲੀ ਕਵਿਤਾ ਨੂੰ ਸਮਝਣ ਲਈ ਪਹਿਲਾਂ ਪਾਠਕ ਨੂੰ ਆਪਣੇ ਅੰਦਰ ਉਹ ਜਗਿਆਸਾ ਪੈਦਾ ਕਰਨੀ ਪੈਂਦੀ ਹੈ ਜਿਹੜੀ ਇਹ ਕਵਿਤਾ ਲਿਖਣ ਵੇਲੇ ਕਵਿਤਰੀ ਦੇ ਅੰਦਰ ਸੀ। ਉਨ੍ਹਾਂ ਸਾਰੇ ਸਵਾਲਾਂ ਦੇ ਰੂਬਰੂ ਹੋਣਾ ਪੈਂਦਾ ਹੈ ਜਿਹੜੇ ਕਵਿਤਰੀ ਨੂੰ ਪ੍ਰੇਸ਼ਾਨ ਕਰਦੇ ਰਹੇ ਹਨ, ਜਿਨ੍ਹਾਂ ਸਵਾਲਾਂ ਨੇ ਉਸ ਨੂੰ ਇਹ ਲੰਬੀ ਕਵਿਤਾ ਲਿਖਣ ਦੇ ਰਾਹ ਤੋਰਿਆ। ਦਾਰਸ਼ਨਿਕਤਾ ਦੀਆਂ ਉਨ੍ਹਾਂ ਉਚਾਈਆਂ ਜਾਂ ਗਹਿਰਾਈਆਂ ਨੂੰ ਆਪਣੀ ਸੋਝੀ ਦੇ ਹਾਣ ਦਾ ਬਣਾਉਣਾ ਪੈਂਦਾ। ਇਹ ਆਤਮ ਸੰਵਾਦ ਰਚਾਉਂਦੀ, ਆਤਮ ਚਿੰਤਨ ਕਰਦੀ ਕਵਿਤਾ ਹੈ। ਲੰਬੀ ਕਵਿਤਾ ਲਿਖਣੀ ਆਪਣੇ ਆਪ 'ਚ ਹੀ ਇੱਕ ਪ੍ਰਾਪਤੀ ਹੁੰਦੀ ਹੈ। ਇਸ ਕਵਿਤਾ ਨੂੰ ਪੜ੍ਹਨ ਲਈ ਇੱਕ ਵੱਖਰੀ ਮਾਨਸਿਕਤਾ ਦੀ ਲੋੜ ਪੈਂਦੀ ਹੈ। ਇਹ ਕਵਿਤਾ ਸਾਡੇ ਮਨਾਂ ਅੰਦਰ ਪੈਦਾ ਹੁੰਦੇ ਬਹੁਤ ਸਾਰੇ ਸਵਾਲਾਂ ਦਾ ਜਵਾਬ ਹੈ। ਇਹ ਕਵਿਤਾ ਹੇ ਸਖੀ ਅਤੇ ਹਾਂ ਸਖੀ ਦੇ ਸਵਾਲਾਂ ਜਵਾਬਾਂ ਦੀ ਵਿਧੀ ਨਾਲ ਅੱਗੇ ਵੱਧਦੀ ਹੈ। ਹੇ ਸਖੀ ਕੋਲ ਇੱਕ ਜਗਿਆਸਾ ਹੈ, ਹਾਂ ਸਖੀ ਉਸ ਜਗਿਆਸਾ ਦਾ ਸਮਾਧਾਨ ਕਰਨ ਦੀ ਕੋਸ਼ਿਸ਼ ਕਰਦੀ ਹੈ:

*ਹੇ ਸਖੀ ! ਸਰਦਲ ਦੇ ਆਰ ਤੜਪ ਰਹੇ ਕਈ ਸਵਾਲ*
*ਸਰਦਲ ਦੇ ਪਾਰ ਉਡੀਕਦੇ ਜਿਨ੍ਹਾਂ ਦੇ ਜਿਨ੍ਹਾਂ ਦੇ ਜਵਾਬ*
*ਹਾਂ ਸਖੀ ! ਲ਼ੋੜ ਹੈ ਬੱਸ ਇਕ ਦਸਤਕ ਦੇਣ ਦੀ*
*ਪਰ ਜਾਚ ਨਹੀਂ ਦੇਹਲੀ ਪੈਰ ਧਰਨ ਦੀ*

ਤੜਪ ਰਹੇ ਸਵਾਲਾਂ ਵਿੱਚ ਸਵੈ ਨੂੰ ਜਾਣ ਲੈਣ ਦੀ ਅਭਿਲਾਸ਼ਾ ਹੈ। ਇਹ ਕਵਿਤਾ ਇੱਕ ਤਲਾਸ਼ ਹੈ, ਇੱਕ ਮੰਜ਼ਿਲ ਦੀ ਤਲਾਸ਼। ਮੰਜ਼ਿਲ ਜਿੱਥੇ ਪਹੁੰਚਦਿਆਂ ਹੀ ਸਾਰੇ ਭੇਤ ਖੁੱਲ੍ਹ ਜਾਂਦੇ, ਸਾਰਾ ਆਲਮ ਇੱਕ ਹੋ ਜਾਂਦਾ, ਹਰ ਜ਼ੱਰਾ ਆਪਣੀ ਹਸਤੀ ਦਾ ਰਹੱਸ ਹੋ ਜਾਂਦਾ। ਪਰ ਮੰਜ਼ਿਲ ਤੋਂ ਪਹਿਲਾਂ ਮਨ ਨੂੰ ਲੱਭਣਾ ਪੈਣਾ। ਮਨ ਦਾ ਕੋਈ ਸਰੂਪ ਨਹੀਂ ਹੁੰਦਾ। ਇਸ ਲਈ ਆਪਣੀ ਚੇਤਨਾ ਨੂੰ ਜਗਾਉਣਾ ਪੈਣਾ। ਚੇਤਨਾ ਸਾਡੇ ਅੰਦਰ ਫੈਲਿਆ ਆਕਾਸ਼ ਹੁੰਦੀ। ਪਰ ਜਗਿਆਸਾ ਹੈ ਕਿ ਹਰ ਛਿਣ ਨਵੇਂ ਸਵਾਲ ਦੇ ਰੂਬਰੂ ਕਰਦੀ ਰਹਿੰਦੀ ਹੈ। ਅਗਲਾ ਸਵਾਲ ਐ ਕਿ ਜੇ ਚੇਤਨਾ ਹੀ ਸਭ ਕੁਝ ਹੈ ਤਾਂ ਫਿਰ ਇਹ ਕਾਇਆ ਕੀ ਹੋਈ ? ਜਵਾਬ ਹੈ ਕਿ ਸਾਡੀ ਕਾਇਆ ਸਦੈਵ ਨਾ ਰਹਿੰਦੀ। ਇਸ ਨੂੰ ਵਸਤੂ ਵਾਂਗ ਜੇ ਨਾ ਹੰਢਾਈਏ ਤਾਂ ਬ੍ਰਹਿਮੰਡੀ ਊਰਜਾ ਨਾਲ ਸਰਸ਼ਾਰ ਹੋ ਜਾਈਏ। ਫਿਰ ਗੱਲ ਜੀਵਨ ਦੀ ਤੁਰਦੀ, ਇਛਾਵਾਂ ਦੀ ਤੁਰਦੀ। ਪਰ ਇਥੇ ਪਹੁੰਚ ਕੇ ਫ਼ਲਸਫ਼ਿਆਂ ਦੇ ਦਵੰਦ 'ਚ ਜ਼ਿੰਦਗੀ ਦੇ ਅਰਥ ਲੱਭਣੇ ਕਠਿਨ ਹੋ ਜਾਂਦੇ ਹਨ। ਸੰਵਾਦ ਚਲਦਾ ਰਹਿੰਦਾ ਹੈ। ਪਾਠਕ ਦੀ ਉਤਸੁਕਤਾ ਬਣੀ ਰਹਿੰਦੀ ਹੈ। ਸੋਚਾਂ, ਊਰਜਾ, ਸੱਚ, ਸਮਾਂ, ਰਿਸ਼ਤੇ, ਸ਼ਬਦ,

ਸੁੰਦਰਤਾ, ਜਗਿਆਸਾ ਦੇ ਸਫ਼ਰ ਦੀਆਂ ਪੈੜਾਂ ਬਣਦੇ ਹਨ। ਗੱਲ ਅੱਗੇ ਤੁਰਦੀ ਹੈ। ਕਵਿਤਾ ਸਿਰਜਤ ਹੁੰਦੀ ਹੈ। ਨਵੇਂ ਨਵੇਂ ਰਹੱਸ ਖੁੱਲ੍ਹਦੇ ਹਨ। ਸ਼ਬਦ ਬਾਰੇ ਬੜੇ ਅਦਭੁਤ ਵਰਣਨ ਪੜ੍ਹਨ ਨੂੰ ਮਿਲਦੇ ਹਨ:

*ਸ਼ਬਦ ਬ੍ਰਹਮ ਹੈ*
*ਸ਼ਬਦ ਨਾਦ ਹੈ*
*ਸ਼ਬਦ ਕੀਰਤਨ ਹੈ, ਭਗਤੀ ਸੰਗੀਤ ਹੈ*
*ਸ਼ਬਦ ਲੋਅ ਹੈ, ਲੈਅ ਹੈ,*
*ਮੰਤਰ ਹੈ ਸ਼ਬਦ ਗਿਆਨ ਹੈ,*
*ਸੰਗੀਤ ਹੈ, ਰਿਸ਼ਤਾ ਹੈ, ਊਰਜਾ ਹੈ*

ਅਖੀਰ ਸੰਵਾਦ ਹੁਣ ਦੇ ਛਿਣ 'ਤੇ ਪਹੁੰਚਦਾ ਹੈ। ਪਰ ਹੁਣ ਦੇ ਛਿਣ 'ਚ ਪਹੁੰਚਿਆ ਸੰਵਾਦ ਵੀ ਮੰਜ਼ਿਲ ਨਹੀਂ ਬਣਦਾ। ਅੰਤਿਕਾ ਵਿਚ ਇੱਕ ਅਰਜੋਈ ਫਿਰ ਕਰਨੀ ਪੈਂਦੀ ਹੈ। ਇਹੀ ਜਗਿਆਸਾ ਦੇ ਸਫ਼ਰ ਦਾ ਸੱਚ ਹੁੰਦਾ। ਅਧੂਰਾ ਸਫ਼ਰ ਹੀ ਕਿਸੇ ਹੋਰ ਜਗਿਆਸਾ ਦਾ ਸਫ਼ਰ ਬਣਨ ਦੀ ਆਸ ਬਣਦਾ ਹੈ। ਇਹ ਇਸ ਲੰਬੀ ਕਵਿਤਾ ਦੀ ਪ੍ਰਾਪਤੀ ਹੈ। ਇਹ ਕਵਿਤਾ ਹੁਣ ਦੇ ਛਿਣ 'ਚ ਪਈ ਊਰਜਾ ਨੂੰ ਮਹਿਸੂਸ ਕਰਨ ਦਾ ਅਧਿਆਤਮਿਕ ਸੰਵਾਦ ਸਿਰਜਦੀ ਹੈ। ਪੂਰੀ ਪੜ੍ਹਤ ਦੌਰਾਨ ਇਹ ਸੰਵਾਦ ਬਣਿਆਂ ਰਹਿੰਦਾ ਹੈ, ਕਿਧਰੇ ਵੀ ਪ੍ਰਵਚਨ ਬਣਨ ਵੱਲ ਰੁਚਿਤ ਨਹੀਂ ਹੁੰਦਾ। ਸੰਵਾਦ ਵਿਚ ਕਈ ਸੰਸੇ ਉਪਜਦੇ ਹਨ, ਉਨ੍ਹਾਂ ਸੰਸਿਆਂ ਨੂੰ ਨਵਿਰਤ ਕਰਨ ਦੇ ਯਤਨ ਵੀ ਉਸਰਦੇ ਹਨ। ਸੰਸਿਆਂ ਤੋਂ ਨਵਿਰਤ ਕਵਿਤਰੀ ਦਾ ਅਨੁਭਵ ਪੜ੍ਹਨਾ ਬਣਦਾ ਹੈ:

*ਚਾਨਣ ਦੀ ਕੋਈ ਰਿਸ਼ਮ*
*ਹਨੇਰੀਆਂ ਗ਼ੁਫ਼ਾਵਾਂ ਨੂੰ ਚੀਰ*
*ਮੇਰੇ ਮਸਤਕ ਇੰਝ ਆਣ ਢੁੱਕੀ ਹੈ*
*ਕਿ ਮਨ ਅੰਬਰ ਹੋ ਗਿਆ*
*ਅੰਤਹ-ਕਰਣ ਵਿਚ*
*ਕੋਈ ਸ਼ਹਿਨਾਈ ਗੂੰਜ ਉੱਠੀ ਹੈ*
*ਖੇੜਾ ਹੀ ਖੇੜਾ ਹੈ ਤੇ ਮੇਰੀ ਚੇਤਨਾ*
*ਚਾਨਣ ਦੀਆਂ ਪੰਜੇਬਾਂ ਪਾ*
*ਬਰੇਤਿਆਂ 'ਚ ਨੱਚ ਰਹੀ ਹੈ*

ਬਰੇਤਿਆਂ 'ਚ ਨੱਚ ਰਹੀ ਇਸ ਚੇਤਨਾ ਨਾ ਸਫ਼ਰ ਤੀਜੀ ਪੁਸਤਕ 'ਵਿਸਮਾਦ' ਵਿਚ ਵੀ ਜਾਰੀ ਰਹਿੰਦਾ ਹੈ। ਹਾਲਾਂਕਿ ਇਸ ਸੰਗ੍ਰਹਿ ਦੀਆਂ ਬਹੁਤੀਆਂ ਕਵਿਤਾਵਾਂ ਵੱਖਰੀ ਨੁਹਾਰ ਵਾਲੀਆਂ ਹਨ। ਇਸ ਗੱਲ ਨੂੰ ਸੁਰਜੀਤ ਨੇ ਵੀ ਆਪਣੀ ਭੂਮਿਕਾ

ਵਿਚ ਸਵੀਕਾਰ ਕੀਤਾ ਹੈ। ਆਪਣੇ ਅੰਤਰ ਮਨ ਨਾਲ ਸੰਵਾਦ ਰਚਾਉਣ ਵਾਲੀਆਂ ਕਵਿਤਾਵਾਂ ਵਿਚ ਚੇਤਨਾ ਤੇ ਸਮੁੰਦਰ, ਆਖਰੀ ਸ਼ਬਦ, ਅਮੂਰਤ, ਸੁਰੰਗ ਅੰਦਰ, ਤਸਵੀਰ ਸਾਹਵੇਂ ਬੈਠੇ, ਮੈਂ ਮੁਕਤ ਹਾਂ, ਤੂੰ ਮੈਨੂੰ ਆਵਾਜ਼ ਦੇਹ, ਲਫ਼ਜ਼ ਚਿਹਰੇ ਰਸਮਾਂ, ਤੇਰੀ ਲੋਅ ਆਦਿ ਵਰਣਨਯੋਗ ਕਵਿਤਾਵਾਂ ਹਨ। ਇਨ੍ਹਾਂ ਕਵਿਤਾਵਾਂ ਵਿਚ ਵੀ ਉਸ ਦੀ ਜਗਿਆਸਾ ਦਾ ਸਫ਼ਰ ਜਾਰੀ ਰਹਿੰਦਾ ਹੈ। ਕਵਿਤਰੀ ਨੂੰ ਕਿਸੇ ਉਸ ਦੀ ਤਲਾਸ਼ ਹੈ ਜੋ ਅਛੋਪਲੇ ਜਿਹੇ ਆ ਕੇ ਫੁੱਲਾਂ 'ਚ ਖ਼ੁਸ਼ਬੂ, ਚਾਨਣੀ 'ਚ ਸੀਤਲਤਾ, ਕੋਰੇ ਵਰਕਿਆਂ 'ਤੇ ਕਵਿਤਾ ਅਤੇ ਦੀਵੇ ਦੀ ਲੋਅ 'ਚ ਦਿੱਬਤਾ ਭਰ ਦਿੰਦੈ। ਉਸ ਨੂੰ ਲੱਗਦਾ ਹੈ ਕਿ ਜੋ ਦਿਸਦਾ ਹੈ, ਉਸ ਦੇ ਪਾਰ ਕੁਝ ਹੋਰ ਹੈ। ਅਜੀਬ ਅਹਿਸਾਸ ਹੈ ਇਹ ਅਤੇ ਅਜੀਬ ਹੈ ਇਸ ਅਹਿਸਾਸ ਦਾ ਪਿੱਛਾ ਕਰਨਾ। ਇਹ ਅਹਿਸਾਸ ਸ਼ਬਦਾਂ 'ਚ ਢਲ ਕੇ ਦਾਰਸ਼ਨਿਕ ਨੁਹਾਰ ਵਾਲੀ ਕਵਿਤਾ ਬਣਦਾ ਹੈ:

*ਡੂੰਘੀ ਸੁਰੰਗ 'ਚ*
*ਮੈਂ ਤੇ ਮੇਰੀ ਚੇਤਨਾ*
*ਤੁਰ ਰਹੇ ਹਾਂ ਬਸ ਇਕੱਲੇ*

ਉਸ ਦਾ ਇਹ ਵਿਸ਼ਵਾਸ ਕਿ 'ਤੇਰਾ ਪ੍ਰਣਾਮ ਤਾਂ ਹੈ ਉਸ ਲਈ/ਜੋ ਥਿਰ ਹੈ ਤੇਰੇ ਅੰਦਰ ਹੀ 'ਵੀ ਉਸ ਦੀ ਤਲਾਸ਼ ਦੇ ਮੁਕੰਮਲ ਹੋਣ ਦਾ ਅਹਿਸਾਸ ਨਹੀਂ ਬਣਦਾ। ਉਹ ਲਿਖਦੀ ਹੈ,

*ਅਧੂਰਾ ਹੈ ਅਜੇ ਤਲਾਸ਼ ਦਾ ਸਫ਼ਰ*
*ਅਜੇ ਮੇਰਾ ਚਿੰਤਨ ਅਧੂਰਾ, ਅਧੂਰੀਆਂ ਨਜ਼ਮਾਂ*
*ਅਧੂਰੀ ਜ਼ਿੰਦਗੀ ਦੀ ਪਰਿਭਾਸ਼ਾ*

ਇਸੇ ਅਧੂਰੇਪਣ 'ਚ ਹੀ ਉਸ ਦੀ ਸਿਰਜਣਾ ਦਾ ਦੀਵਾ ਬਲ਼ ਰਿਹਾ ਹੈ। ਇਸ ਦੀਵੇ ਦੀ ਰੋਸ਼ਨੀ ਵਿਚ ਬਹੁਤ ਸਾਰੀ ਕੁਦਰਤ ਪਈ ਹੈ। ਕੁਦਰਤ ਉਸ ਨਾਲ ਸੰਵਾਦ ਰਚਾਉਂਦੀ ਹੈ ਅਤੇ ਉਹ ਉਤਸਵ ਵਰਗੀ ਕਵਿਤਾ ਲਿਖਦੀ ਹੈ। ਇਹ ਕਵਿਤਾ ਉਸ ਦੇ ਅਠਾਨਵੇਂ ਵਰ੍ਹਿਆਂ ਦੇ ਪਿਤਾ ਬਾਰੇ ਹੈ। ਇਸੇ ਹੀ ਸਮੇਂ ਉਹ ਇੱਕ ਗੱਭਰੂ ਪੁੱਤ ਦੀ ਮਾਂ ਵੀ ਹੈ ਜਿਹੜਾ ਉਸ ਨਾਲ ਮਾਂ ਵਾਂਗ ਪੇਸ਼ ਆਉਂਦਾ ਹੈ ਤੇ ਉਹ ਕਵਿਤਾ ਲਿਖਦੀ ਹੈ 'ਵਿਸਮਾਦ'। ਇਹ ਦੋਵੇਂ ਕਵਿਤਾਵਾਂ ਉਸ ਦੇ ਨਿੱਜ 'ਚੋਂ ਬਾਹਰ ਨਿਕਲ ਸਮੂਹ ਦੀਆਂ ਭਾਵਨਾਵਾਂ ਦੀ ਤਰਜਮਾਨੀ ਕਰਦੀਆਂ ਹਨ। ਉਹ ਜਦ ਵਾਹਗਿਉਂ ਪਾਰ ਵਾਲੀ ਸਹੇਲੀ ਨਾਲ ਦਿਨ ਬਿਤਾਉਂਦੀ ਹੈ ਤਾਂ ਦੋਹਾਂ ਪੰਜਾਬਾਂ ਦੀ ਸਾਂਝੀ ਲੋਕਧਾਰਾ ਦਾ ਰੰਗ ਉਸ ਦੀ ਕਵਿਤਾ 'ਚ ਉੱਘੜਵੇਂ ਰੂਪ 'ਚ ਸ਼ਾਮਲ ਹੋ ਜਾਂਦਾ ਹੈ। ਇੰਝ ਉਸ ਦੀ ਕਵਿਤਾ ਕਿਸੇ ਇਲਾਕੇ ਵਿਸ਼ੇਸ਼ ਦੀਆਂ ਸਰਹੱਦਾਂ ਨੂੰ ਉਲੰਘਦੀ ਵਿਸ਼ਵ-ਵਿਆਪੀ ਵਰਤਾਰਿਆਂ ਨੂੰ ਮੁਖ਼ਾਤਬ ਹੁੰਦੀ ਹੈ।

ਸੁਰਜੀਤ ਵਰ੍ਹਿਆਂ ਤੋਂ ਪਰਵਾਸ ਹੰਢਾ ਰਹੀ ਹੈ ਜਾਂ ਇੰਝ ਕਹਿਣਾ ਚਾਹੀਦਾ ਕਿ ਮਾਣ ਰਹੀ ਹੈ। ਅਰਸੇ ਤੋਂ ਇਥੇ ਵੱਸਦੇ ਪੰਜਾਬੀ ਭਾਈਚਾਰੇ ਨੇ ਆਪਣੇ ਅੰਦਰ ਵੱਸਦੇ ਪੰਜਾਬ ਨੂੰ ਵੀ ਸਾਂਭ ਰੱਖਿਆ ਹੈ ਤੇ ਇਥੋਂ ਦੀਆਂ ਕਦਰਾਂ-ਕੀਮਤਾਂ ਨੂੰ ਵੀ ਸਮਝ ਲਿਆ ਹੈ। ਇਥੋਂ ਦੀ ਤਰਜ਼ੇ-ਜ਼ਿੰਦਗੀ ਨੂੰ ਜਾਣਦਿਆਂ ਹੁਣ ਉਹ ਪਰਵਾਸ ਨੂੰ ਮਾਣ ਰਹੇ ਹਨ। ਉਨ੍ਹਾਂ ਕੋਲ ਹਰ ਤਰ੍ਹਾਂ ਦੀਆਂ ਸੁਖ-ਸਹੂਲਤਾਂ ਵੀ ਹਨ। ਅਜਿਹੇ 'ਚ ਸਾਹਿਤ ਨਾਲ ਜੁੜੇ ਲੋਕਾਂ ਲਈ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਉਨ੍ਹਾਂ ਦੀਆਂ ਲਿਖਤਾਂ 'ਚ ਇਥੋਂ ਦੀ ਜ਼ਿੰਦਗੀ ਦੀਆਂ ਗੁੱਝੀਆਂ ਪਰਤਾਂ ਸੂਖ਼ਮਤਾ ਨਾਲ ਪੇਸ਼ ਹੋਣ। ਸੁਰਜੀਤ ਆਪਣੀਆਂ ਕਵਿਤਾਵਾਂ ਵਿਚ ਇਥੋਂ ਦੀ ਸੰਸਕ੍ਰਿਤੀ ਨੂੰ ਫੜਨ ਵਿਚ ਕਾਫੀ ਹੱਦ ਤੱਕ ਕਾਮਯਾਬ ਹੋਈ ਹੈ। ਇਹ ਕੁੜੀਆਂ, ਸਿੰਗਲ ਮਦਰ, ਕੋਈ ਹੋਰ ਨਾਂ ਦਿਓ, ਡੈਂਡਲਾਇਅਨ, ਮਨੁੱਖ, ਮਹਾਂਸਾਗਰ ਤੇ ਬੱਤਖ, ਮੈਂ ਇੰਤਜ਼ਾਰ ਕਰਾਂਗੀ, ਵਰਜਿਤ ਆਦਿ ਕਵਿਤਾਵਾਂ ਇਸ ਨਵੇਂ ਮੁਹਾਂਦਰੇ ਵਾਲੀਆਂ ਹਨ। ਇਹ ਕਵਿਤਾਵਾਂ ਇਥੋਂ ਦੇ ਰਸਮਾਂ-ਰਿਵਾਜਾਂ, ਰਿਸ਼ਤਿਆਂ ਅਤੇ ਜੀਵਨ ਸ਼ੈਲੀ ਨੂੰ ਸਮਝ ਕੇ ਹੀ ਨਹੀਂ ਸਗੋਂ ਮਹਿਸੂਸ ਕਰਕੇ ਲਿਖੀਆਂ ਕਵਿਤਾਵਾਂ ਹਨ। ਉਦਾਹਰਣ ਵਜੋਂ ਇਹ ਕੁੜੀਆਂ ਕਵਿਤਾ ਪੜ੍ਹਦੇ ਹਾਂ:

*ਇੱਧਰ ਕੁੜੀਆਂ ਬਾਰਬੀ ਡੌਲਾਂ ਨੂੰ ਬਜ਼ਾਰੀ ਵਸਤਰਾਂ ਨਾਲ ਸਜਾਉਂਦੀਆਂ*
*ਦਿਲ ਭਰ ਜਾਏ ਤਾਂ ਵਗਾਹ ਕੇ ਮਾਰਦੀਆਂ*
*ਬੇਪ੍ਰਵਾਹ, ਬਿਊਟੀ ਐਂਡ ਬੀਸਟ, ਐਲਿਸ ਇਨ ਵੰਡਰਲੈਂਡ*
*ਵਰਗੀਆਂ ਫਿਲਮਾਂ ਵੇਖਦੀਆਂ*
*ਇਹਨਾਂ ਦੇ ਬਚਪਨ ਵਿਚ ਉਤੇਜਨਾ*
*ਜੀਵਨ ਵਿਚ ਚੇਤਨਾ*
*ਆਪਣੀਆਂ ਸ਼ਰਤਾਂ 'ਤੇ ਜਿਊਂਦੀਆਂ ਇਹ ਕੁੜੀਆਂ!*

ਸੁਰਜੀਤ ਆਪਣੇ ਸਮੁੱਚੇ ਕਾਵਿ ਵਿਚ ਨਾਰੀ ਚੇਤਨਾ ਨਾਲ ਜੁੜੀਆਂ ਸਥਿਤੀਆਂ ਦੇ ਜਟਿਲ ਅਹਿਸਾਸਾਂ ਨੂੰ ਬੜੀ ਸ਼ਿੱਦਤ ਨਾਲ ਪੇਸ਼ ਕੀਤਾ ਹੈ। ਅਗਨ ਪ੍ਰੀਖਿਆ, ਸਾਡੀ ਪ੍ਰਯੋਗਸ਼ਾਲਾ, ਸੁਹਣੀਆਂ ਕੁੜੀਆਂ, ਧੀ ਤੋਂ ਮਾਂ ਬਣਨ ਤਕ, ਮਾਡਲ ਕੁੜੀ, ਪੰਜਾਬੀ ਗੀਤਾਂ ਦੀ ਨਾਇਕਾ, ਦੁਆ, ਨੀ ਕੁੜੀਏ, ਆਦਿ ਅਜਿਹੀਆਂ ਕਵਿਤਾਵਾਂ ਹਨ। ਔਰਤ ਦੀ ਹੋਂਦ ਨਾਲ ਜੁੜੇ ਸਮਾਜਿਕ ਸਰੋਕਾਰਾਂ ਵਿਚ ਔਰਤ ਦੇ ਸੰਸਿਆਂ ਨੂੰ ਨਵਿਰਤ ਕਰਦੀ ਸ਼ਾਇਰਾ ਜਿੱਥੇ ਔਰਤ ਨੂੰ ਵਿਸ਼ਵ ਵਿਆਪੀ ਦ੍ਰਿਸ਼ਟੀਕੋਣ ਅਪਨਾਉਣ ਦੀ ਸਲਾਹ ਦਿੰਦੀ ਹੈ ਉਥੇ ਮਰਦਾਂ ਨੂੰ ਵੀ ਔਰਤ ਦੀ ਝੂਠੀ ਤਾਰੀਫ਼ 'ਚ ਗੀਤ ਗਾਉਣ ਤੋਂ ਵਰਜਦੀ ਹੈ। ਇਹ ਵਰਜਣ ਅਪਨਾਉਣ ਦੀ ਉਸ ਦੀ ਚਾਹਤ ਕਾਵਿਕਤਾ ਨੂੰ ਦਾਅ 'ਤੇ ਨਹੀਂ ਲਾਉਂਦੀ। ਉਹ ਹਰ ਸਤਰ 'ਚ ਕਾਵਿਕਤਾ ਨੂੰ ਬਚਾਉਣ ਦਾ ਸੁਹਿਰਦ ਉਪਰਾਲਾ ਕਰਦੀ ਹੈ।

ਵਸਤੂ ਬਣਾ ਦਿੱਤੀ ਗਈ ਔਰਤ ਨੂੰ ਅਧੀਨ ਰੱਖਣ ਲਈ ਜ਼ਿੰਮੇਵਾਰ ਹਾਲਤਾਂ ਨੂੰ ਉਹ ਆਪਣੀ ਕਵਿਤਾ ਦੇ ਕੇਂਦਰ ਵਿਚ ਰੱਖਦੀ ਹੈ:

*ਉਨ੍ਹਾਂ ਨੂੰ ਵਸਤੂ ਨਾ ਸਮਝਿਆ ਕਰੋ*
*ਜੇ ਤੁਸੀਂ ਗਾਉਣੇ ਈ ਨੇ ਤਾਂ*
*ਉਸ ਦੀ ਸਿਰਜਨਾ ਤੇ ਸਾਧਨਾ ਦੇ ਗੀਤ ਗਾਇਆ ਕਰੋ*

ਮੋਮਬੱਤੀਆਂ, ਰਿਸ਼ਤਾ, ਪੱਤਾ, ਰੁੱਸੀਆਂ ਨਜ਼ਮਾਂ ਆਦਿ ਕੁਝ ਖ਼ੂਬਸੂਰਤ ਕਵਿਤਾਵਾਂ ਹਨ ਜਿਨ੍ਹਾਂ ਦਾ ਜ਼ਿਕਰ ਹੋਣੋ ਰਹਿ ਗਿਆ ਹੈ। ਪਾਠਕ ਇਨ੍ਹਾਂ ਕਵਿਤਾਵਾਂ ਨੂੰ ਜ਼ਰੂਰ ਹੀ ਉਚੇਚ ਨਾਲ ਪੜ੍ਹਨਗੇ। ਵਰਜਿਤ ਇੱਕ ਲੰਬੀ ਨਜ਼ਮ ਹੈ ਜਿਸ ਵਿਚ ਵਿਆਹੋਂ ਬਾਹਰੇ ਸਬੰਧਾਂ ਦਾ ਜ਼ਿਕਰ ਹੈ। ਇਸ ਕਵਿਤਾ ਵਿਚ ਜਿਥੇ ਮਰਦ ਵਲੋਂ ਅਜਿਹੇ ਰਿਸ਼ਤੇ ਨੂੰ ਜਾਇਜ਼ ਠਹਿਰਾਇਆ ਗਿਆ ਹੈ ਉਥੇ ਇਹ ਵੀ ਜ਼ਿਕਰ ਹੈ ਕਿ ਪੱਛਮ ਦੇ ਲੋਕ ਅਜਿਹੇ ਰਿਸ਼ਤੇ ਨਹੀਂ ਪਾਲਦੇ। ਮੈਨੂੰ ਇਸ ਬਾਰੇ ਬਹੁਤਾ ਪਤਾ ਨਹੀਂ। ਪਰ ਇਸ ਕਵਿਤਾ ਦੀਆਂ ਕੁਝ ਸਤਰਾਂ ਜ਼ਰੂਰ ਤੁਹਾਡੇ ਨਾਲ ਸਾਂਝੀਆਂ ਕਰਦਾ ਹਾਂ:

*'ਵੈਸਟ' ਦੇ ਲੋਕ ਖ਼ੂਬ ਸਮਝਦੇ*
*ਵਰਜਿਤ ਰਿਸ਼ਤੇ ਪਾਲ ਪਾਲ ਕੇ*
*ਨਾ ਖਿਝਦੇ ਨਾ ਖਿਝਾਉਂਦੇ*
*ਨਾ ਆਪ ਰੋਂਦੇ ਨਾ ਕਿਸੇ ਨੂੰ ਰੁਆਉਂਦੇ!*

ਸੁਰਜੀਤ ਦੀ ਸਮੁੱਚੀ ਕਵਿਤਾ ਦੀ ਗੱਲ ਕਰਨ ਲਈ ਜਿਸ ਵਿਦਵਤਾ ਭਰਪੂਰ ਬੌਧਿਕ ਪੱਧਰ ਦੀ ਲੋੜ ਹੈ, ਉਹ ਮੇਰੇ ਕੋਲ ਨਹੀਂ ਹੈ। ਮੈਂ ਤਾਂ ਇੱਕ ਪਾਠਕ ਵਾਂਗ ਹੀ ਇਨ੍ਹਾਂ ਕਵਿਤਾਵਾਂ ਨੂੰ ਪੜ੍ਹਿਆ ਹੈ। ਇਸ ਕਵਿਤਾ ਦੀ ਨਿੱਠ ਕੇ ਗੱਲ ਵਿਦਵਾਨ ਪਹਿਲਾਂ ਵੀ ਕਰਦੇ ਰਹੇ ਹਨ ਤੇ ਅੱਗੋਂ ਵੀ ਕਰਨਗੇ। ਸੁਰਜੀਤ ਨੇ ਕਹਾਣੀਆਂ ਵੀ ਲਿਖੀਆਂ ਹਨ। ਅਜੇ ਪੁਸਤਕ ਰੂਪ ਵਿਚ ਨਹੀਂ ਛਪਵਾਈਆਂ। ਉਸ ਦੀ ਕਹਾਣੀ ਵੀ ਕਵਿਤਾ ਵਾਂਗ ਸੂਖ਼ਮ ਤੇ ਗਹਿਰੀ ਹੋਵੇਗੀ, ਇਹ ਮੇਰਾ ਵਿਸ਼ਵਾਸ ਹੈ।

❑❑❑

# ਅਰਤਿੰਦਰ ਦੇ 'ਘਰ ਘਰ ਤੇ ਘਰ' ਵਿਚ ਘਰ ਦੀ ਤਲਾਸ਼

ਅਰਤਿੰਦਰ ਸੰਧੂ ਦੀ ਨਵੀਂ ਪੁਸਤਕ 'ਘਰ ਘਰ ਤੇ ਘਰ',ਦੀ ਇਹ ਚਰਚਾ ਕਰਨ ਨਾਲੋਂ ਕਿ ਇਹ ਕਿੰਨਵੀਂ ਪੁਸਤਕ ਹੈ, ਇਹ ਗੱਲ ਵਧੇਰੇ ਮਹੱਤਵਪੂਰਨ ਹੈ ਕਿ ਇੱਕ ਸੌ ਬਾਈ ਪੰਨਿਆਂ 'ਤੇ ਫੈਲੇ ਇਸ ਸੰਗ੍ਰਹਿ ਵਿਚ ਘਰ ਦੇ ਕਿਹੜੇ ਕਿਹੜੇ ਰੂਪ ਸਾਡੇ ਸਾਹਮਣੇ ਸਾਕਾਰ ਹੁੰਦੇ ਹਨ। ਅਸੀਂ ਬਚਪਨ ਤੋਂ ਜਿਸ ਚਾਰਦਿਵਾਰੀ ਨੂੰ ਘਰ ਸਮਝਦੇ ਆ ਰਹੇ ਹਾਂ, ਉਹ ਇੱਕ ਸ਼ਾਇਰਾ ਦੀ ਨਜ਼ਰ ਵਿਚ ਅਸਲ ਵਿਚ ਕੀ ਹੈ। ਘਰ ਦੀ ਲੋੜ, ਹੋਂਦ ਵਿਚ ਆਉਣ ਦੇ ਸਬੱਬ, ਘਰ ਅੰਦਰ ਜਗਦੇ ਬੁੱਝਦੇ ਅਹਿਸਾਸ, ਘਰ ਅਤੇ ਰਿਸ਼ਤਿਆਂ ਦਾ ਦੁਵੱਲਾ ਸਬੰਧ ਸਮੇਤ ਅਨੇਕ ਅਨੇਕ ਰਹੱਸ ਇਸ ਕਵਿਤਾ ਵਿਚ ਦ੍ਰਿਸ਼ਟੀਗੋਚਰ ਹੁੰਦੇ ਹਨ:

*ਘਰਾਂ ਨੂੰ ਉਸਾਰਨ ਵਾਲੀ ਮਿੱਟੀ ਦੇ ਕਣ ਕਣ ਵਿਚ*
*ਰਚਦਾ ਰਹਿੰਦਾ ਧਰਤੀ ਦਾ ਡੀ.ਐੱਨ.ਏ.*

*ਅਤੇ ਘਰਾਂ ਵਿਚ ਵੱਸਣ ਵਾਲਿਆਂ ਅੰਦਰ*
*ਉਨ੍ਹਾਂ ਦੀਆਂ ਸੋਚਾਂ, ਜ਼ਿੰਦਗੀਆਂ ਵਿਚ*
*ਰਚਦਾ ਰਹਿੰਦਾ ਉਨ੍ਹਾਂ ਦੀ ਜ਼ਿੰਦਗੀ ਦਾ ਡੀ.ਐੱਨ.ਏ. ਬਣ ਕੇ*

ਇਸ ਕਾਵਿ-ਸੰਗ੍ਰਹਿ ਵਿਚ ਉਸ ਨੇ ਘਰ ਦੇ ਸੰਕਲਪ ਨੂੰ ਧਰਤੀ ਦੇ ਹੋਂਦ ਵਿਚ ਆਉਣ ਤੋਂ ਆਰੰਭ ਕੀਤਾ ਹੈ। ਇਸ ਤੋਂ ਵੀ ਅਗਾਂਹ ਦੀ ਗੱਲ ਕਰਦਿਆਂ ਉਹ ਭੂਮਿਕਾ ਵਿਚ ਲਿਖਦੀ ਹੈ, 'ਘਰ ਦੇ ਸੰਕਲਪ ਦੀ ਬ੍ਰਹਿਮੰਡੀ ਹੋਂਦ ਨਾਲ ਜੁੜੇ ਵਿਚਾਰਾਂ ਦਾ ਤਾਂ ਕੋਈ ਵੀ ਅੰਤ ਨਹੀਂ ਹੈ। ਘਰ ਬਣਾ ਕੇ ਉਸ ਵਿਚ ਰਹਿਣ ਲੱਗ ਪੈਣਾ ਮਨੁੱਖ ਦੇ ਦਿਮਾਗ਼ ਦੀ ਹੀ ਕਾਢ ਨਹੀਂ ਸੀ। ਧਰਤੀ ਉੱਤੇ ਘਰ ਤਾਂ ਮਨੁੱਖ ਦੇ ਇਥੇ ਪੈਦਾ ਹੋਣ ਤੋਂ ਵੀ ਪਹਿਲਾਂ ਤੋਂ ਬਣ ਰਹੇ ਸਨ। ਮਨੁੱਖ ਤਾਂ ਇਨ੍ਹਾਂ ਵਰਤਾਰਿਆਂ ਵਿਚ ਆਪਣੇ ਢੰਗ ਨਾਲ ਸ਼ਾਮਲ ਹੀ ਹੋਇਆ ਹੈ'। ਇਸ ਬਿਰਤਾਂਤ ਤੋਂ ਪਤਾ ਲੱਗਦਾ ਹੈ ਕਿ ਅਰਤਿੰਦਰ ਸੰਧੂ ਨੇ ਘਰ ਸਬੰਧੀ ਆਪਣੀ ਜਗਿਆਸਾ ਦਾ ਅੰਤਰ ਮਨ ਦੀਆਂ ਗਹਿਰਾਈਆਂ ਤੀਕ ਪਿੱਛਾ ਕੀਤਾ ਹੈ। ਇਹ ਜਗਿਆਸਾ ਸਵਾਲਾਂ ਦੇ ਰੂਪ ਵਿਚ ਸ਼ਾਇਰਾ ਦੇ ਮਨ ਵਿਚ ਪੈਦਾ ਹੁੰਦੀ ਹੈ ਜੋ ਉਸ ਨੂੰ ਘਰ ਦੀ ਤਲਾਸ਼ ਲਈ ਇੱਕ ਖੋਜ ਕਾਰਜ ਨਾਲ ਜੋੜਦੀ ਹੈ:

*ਜਦ ਵੀ ਸੋਚਾਂ... ਕਿੱਥੋਂ ਆਇਆ ਘਰ*
*ਦੂਰ ਤਕ ਪਿਛਾਂਹ ਤੱਕਦਿਆਂ ਚਿਤਵਦੀ ਹਾਂ*
*ਨਿੰਮਣਾ ਇਸ ਦਾ ਤੇ ਜੰਮਣਾ ਫਿਰ ਇਸ ਦਾ*
*ਆਪਣੇ ਅਜ਼ਬ...ਗਜ਼ਬ...ਅਨੇਕ ਧਾਰਾਈ*
*ਨਵੇਕਲੇ ਸੰਕਲਪਾਂ ਸਮੇਤ...*

ਇੰਝ ਧਰਤੀ ਦੀ ਹੋਂਦ ਦਾ ਵਿਗਿਆਨਕ ਸੱਚ ਅਰਤਿੰਦਰ ਸੰਧੂ ਲਈ ਘਰ ਦੀ ਤਲਾਸ਼ ਦਾ ਕਾਵਿਕ ਸਫ਼ਰ ਬਣ ਜਾਂਦਾ ਹੈ। ਵਿਗਿਆਨਕ ਤੱਥਾਂ ਨੂੰ ਕਾਵਿਕ ਵਿਧਾ ਵਿਚ ਢਾਲਿਆਂ ਬਹੁਤ ਸਾਰੀ ਕਲਪਨਾ ਦਾ ਅਤੇ ਬਿੰਬਾਂ ਪ੍ਰਤੀਕਾਂ ਦਾ ਸਹਾਰਾ ਲੈਣਾ ਪੈਂਦਾ ਹੈ। ਇਹ ਸਹਾਰਾ ਜੇਕਰ ਸਿਰਜਣਾਤਮਕ ਸੁਹਜ 'ਚੋਂ ਆਵੇ ਤਾਂ ਕਾਵਿਕ ਨੁਹਾਰ ਵਾਲਾ ਹੋਵੇਗਾ। ਨਹੀਂ ਤਾਂ ਸਾਇੰਸ ਨਾਲ ਸਬੰਧਤ ਸ਼ਬਦਾਂ ਦੁਆਰਾ ਸੂਚਨਾ ਨੁਮਾ ਅਕੇਵੀਂ ਵਾਰਤਕ ਹੀ ਸਾਹਮਣੇ ਆਵੇਗੀ। ਅਰਤਿੰਦਰ ਸੰਧੂ ਦੀ ਇਸ ਕਿਤਾਬ ਵਿਚ ਬਹੁਤ ਸਾਰੀ ਕਵਿਤਾ ਪੜ੍ਹਨ ਨੂੰ ਮਿਲਦੀ ਹੈ। ਇਸ ਵਿਚ ਧਰਤੀ ਹੇਠ ਘਰ ਵਿਚ ਜੀਣ ਦਾ ਮੂਲ ਮੰਤਰ ਵੀ ਸਮਝ ਵਿਚ ਆਉਂਦਾ ਹੈ। ਇਸ ਮੂਲ ਮੰਤਰ ਵਿਚ ਧਰਤੀ 'ਤੇ ਘਰ ਵਰਗੀ ਸੰਸਥਾ ਦੀ ਸਥਾਪਨਾ ਦਾ ਵਿਗਿਆਨਕ ਆਧਾਰ ਲੱਭਦਾ ਹੈ ਜਿਸ ਵਿਚ ਵਿਪਰੀਤ ਵਰਤਾਰਿਆਂ ਅਤੇ ਸੋਚਾਂ ਨੂੰ ਇੱਕ ਕੁਟੰਬ ਵਿਚ ਜੁੜਨ ਦਾ ਸਬੱਬ ਸਮਝ ਆਉਂਦਾ ਹੈ। ਧਰਤੀ 'ਤੇ ਘਰ ਬਣ ਜਾਣ ਤਕ ਦਾ ਸਫ਼ਰ ਕੋਈ ਇੱਕ ਛਿਣ ਦਾ ਆਵੇਸ਼ ਨਹੀਂ ਸੀ। ਇਸ ਵਿਚ ਕੁਦਰਤ ਦੀ ਸਿਰਜਣਾ ਅਤੇ ਸਿਲਸਿਲਿਆਂ ਦੀ ਸਾਧਨਾ ਦਾ ਇੱਕ ਇਤਿਹਾਸ ਸੀ। ਇਸ ਸਫ਼ਰ ਦੇ ਇੱਕ ਪੜਾਅ ਦੀ ਕਾਵਿਕ ਦ੍ਰਿਸ਼ਕਾਰੀ ਨੂੰ ਜ਼ਰੂਰ ਪੜ੍ਹਨਾ ਚਾਹੀਦਾ ਹੈ:

*ਅੰਬਰ ਨਾਲ ਗੱਲਾਂ ਕਰਦੀ*
*ਹਵਾਵਾਂ ਨਾਲ ਲਹਿਰਦੀ, ਝੂਮਦੀ*
*ਪਾਣੀਆਂ ਨਾਲ ਭਿੱਜਦੀ, ਸਿਜਦੀ*
*ਧੁੱਪਾਂ ਨਾਲ ਖੇਡਦੀ ਧਰਤੀ*
*ਕਰਨ ਲੱਗੀ ਖ਼ੂਬਸੂਰਤ ਸ਼ਾਇਰੀ*
*ਲਿਖਣ ਲੱਗੀ ਮੌਸਮ ਦੇ ਸੁਰੀਲੇ ਗੀਤ*
*ਭਰਨ ਲੱਗੀ ਕਵਿਤਾ ਦੀ ਨਵੀਂ ਉਡਾਣ... .*

ਮਨੁੱਖ ਦੀ ਸੋਝੀ ਵਿਚ ਜਦ ਘਰ ਦੀ ਲੋੜ ਮਹਿਸੂਸ ਹੋਈ ਤਾਂ ਘਰ ਸਮੁੱਚੀ ਜ਼ਿੰਦਗੀ ਦੇ ਮਨ, ਸਾਹਾਂ ਅਤੇ ਸੋਚਾਂ 'ਤੇ ਛਾ ਗਿਆ। ਇੰਝ ਘਰ ਦਾ ਮੁੱਢ ਬੱਝਾ ਜਿਹੜਾ ਜ਼ਿੰਦਗੀ ਲਈ ਇੱਕ ਨਵੀਂ ਲਹਿਰ ਦਾ ਜਨਮ ਸੀ। ਇਹ ਘਰ ਮਨੁੱਖ ਦਾ ਇੱਕ ਸੁਹਿਰਦ ਦੋਸਤ, ਇੱਕ ਸਮਰੱਥ ਅਧਿਆਪਕ ਹੋ ਨਿਬੜਿਆ। ਘਰ ਅਤੇ ਮਨੁੱਖ ਵਿਚਕਾਰ ਇੱਕ ਭਾਸ਼ਾ ਉੱਸਰ ਆਈ ਜੋ ਇਸ ਨਵੇਂ ਰਿਸ਼ਤੇ ਦੀ ਰੇਸ਼ਮੀ ਡੋਰ

ਬਣ ਜਾਂਦੀ ਹੈ। ਸਫ਼ਰ 'ਤੇ ਗਏ ਮਨੁੱਖ ਦੀ ਘਰ ਨੂੰ ਉਡੀਕ ਹੁੰਦੀ। ਇੰਝ ਅਰਤਿੰਦਰ ਸੰਧੂ ਮਨੁੱਖ ਅਤੇ ਘਰ ਦਾ ਇੱਕ ਰਿਸ਼ਤਾ ਸਥਾਪਤ ਕਰ ਦਿੰਦੀ ਹੈ। ਪਰ ਉਹ ਇਸ ਰਿਸ਼ਤੇ ਦੀਆਂ ਗੁੰਝਲਾਂ ਦੀ ਅਣਦੇਖੀ ਵੀ ਨਹੀਂ ਕਰਦੀ। ਘਰ ਨਾਲ ਸਾਡੇ ਰਿਸ਼ਤੇ ਦੀ ਜਟਿਲਤਾ ਨੂੰ ਉਸ ਨੇ ਧਰਤੀ ਦੇ ਵਿਕਾਸ ਦੀ ਵਿਗਿਆਨਕ ਮਾਨਤਾ ਦੇ ਆਧਾਰ 'ਤੇ ਪਰਿਭਾਸ਼ਿਤ ਕਰਨ ਦਾ ਜਤਨ ਵੀ ਕੀਤਾ ਹੈ। ਜਿੱਥੇ ਰਿਸ਼ਤੇ ਦੀ ਗੱਲ ਹੋਵੇਗੀ, ਉਥੇ ਟੁੱਟ-ਭੱਜ ਦੀ ਸੰਭਾਵਨਾ ਵੀ ਬਣੀ ਰਹਿੰਦੀ ਹੈ। 'ਤੰਦਾਂ ਘਰ ਦੀਆਂ' ਸਿਰਲੇਖ ਵਾਲੀ ਕਵਿਤਾ ਉਪਰੋਕਤ ਵਿਚਾਰ ਦੀ ਪ੍ਰੋੜ੍ਹਤਾ ਕਰਦੀ ਹੈ। ਘਰ ਹਰ ਵਾਰ ਮਨੁੱਖੀ ਸੋਚ ਦਾ ਹਾਣੀ ਨਹੀਂ ਹੁੰਦਾ। ਘਰ ਹੋਣ ਲਈ ਜਿਸ ਅਹਿਸਾਸ ਦੀ ਲੋੜ ਹੈ, ਉਹ ਹੇਠਾਂ ਅੰਕਿਤ ਕਵਿਤਾ ਵਿਚ ਪੜ੍ਹਦੇ ਹਾਂ:

*ਤਦ ਹੀ ਤਾਂ ਕਈ ਵਾਰ*
*ਚਾਰ ਡੰਡੇ ਤੇ ਇੱਕ ਟੋਟਾ ਤਰਪਾਲ*
*ਘਰ ਦਾ ਪੂਰਾ ਸੁਖ ਬਣ ਜਾਂਦਾ*
*ਤੇ ਕਈ ਵਾਰ......*
*ਸੰਗਮਰਮਰੀ ਮਹਿਲ ਵੀ*
*ਘਰ ਦੇ ਅਹਿਸਾਸ ਤੋਂ ਸੱਖਣੇ ਰਹਿ ਜਾਂਦੇ*

ਬਹੁਤ ਸਾਰੀਆਂ ਕਵਿਤਾਵਾਂ ਵਿਚ ਕਵਿਤਰੀ ਦੀ ਆਪਣੇ ਘਰ ਨਾਲ ਸਾਂਝ ਦੀ ਸੰਵੇਦਨਾ ਪੜ੍ਹਨ ਨੂੰ ਮਿਲਦੀ ਹੈ। ਇਨ੍ਹਾਂ ਕਵਿਤਾਵਾਂ ਵਿਚ ਕਾਵਿਕਤਾ ਵਧੇਰੇ ਪੁਖ਼ਤਗੀ ਨਾਲ ਪ੍ਰਗਟ ਹੁੰਦੀ ਹੈ। ਇਨ੍ਹਾਂ ਕਵਿਤਾਵਾਂ ਵਿਚ ਘਰ ਨਾਲ ਸਾਡੇ ਰਿਸ਼ਤੇ ਦਾ ਯਥਾਰਥਕ ਪੱਖ ਪੇਸ਼ ਹੋਇਆ ਹੈ।

*ਜਿੱਥੇ ਘਰ ਦੀ ਤੇ ਮੇਰੀ*
*ਸਾਰੇ ਹਾਸਿਆਂ, ਹੌਕਿਆਂ ਸਮੇਤ*
*ਘਰ ਦੀ ਹਰੇਕ ਵਸਤੂ ਤੇ ਵਰਤਾਰਾ*
*ਜਾਣਦੇ ਨੇ ਮੈਨੂੰ ਤੇ ਉਨ੍ਹਾਂ ਨੂੰ ਮੈਂ*
*ਤਦ ਹੀ ਤਾਂ ਬੁਲਾਉਂਦਾ ਹੈ ਘਰ*
*ਤੇ ਖਿੱਚੀ ਜਾਂਦੀ ਹਾਂ ਸਦਾ ਉਸ ਵੱਲ*

ਇਸ ਸੰਗ੍ਰਹਿ ਤੋਂ ਪਹਿਲਾਂ ਘਰ ਬਾਰੇ ਇੱਕ ਲੰਮੀ ਕਵਿਤਾ ਦੀ ਪੁਸਤਕ 'ਘਰ ਘਰ' ਛਪ ਚੁੱਕੀ ਹੈ। ਇਸ ਤੋਂ ਹੋਰ ਕਿਤਾਬਾਂ 'ਕਿੱਥੋਂ ਆਉਂਦੀ ਕਵਿਤਾ', 'ਕਦੇ ਕਦਾਈਂ', 'ਕਦੇ ਤਾਂ ਮਿਲ ਜ਼ਿੰਦਗੀ' ਅਤੇ 'ਵਿਚਲਾ ਮੌਸਮ' ਪੁਸਤਕਾਂ ਵਿਚ ਵੀ ਘਰ ਨਾਲ ਸਬੰਧਤ ਕਵਿਤਾਵਾਂ ਹਨ। ਹਥਲੇ ਸੰਗ੍ਰਹਿ ਵਿਚ ਘਰ ਨਾਲ ਸਬੰਧਤ ਸਮੁੱਚੀਆਂ ਕਵਿਤਾਵਾਂ ਨੂੰ ਇੱਕ ਥਾਂ ਛਾਪਿਆ ਗਿਆ ਹੈ। ਅਰਤਿੰਦਰ ਸੰਧੂ ਦੇ ਕਾਵਿ-ਸਫ਼ਰ 'ਤੇ ਝਾਤ ਮਾਰਿਆਂ ਉਸ ਦੇ ਕਾਵਿ-ਵਿਕਾਸ ਦੀ ਥਾਹ ਪੈਂਦੀ ਹੈ।

ਇਸ ਵਿਕਾਸ ਪਿੱਛੇ ਉਸ ਦੀ ਲਗਨ, ਅਧਿਐਨ, ਅਤੇ ਨਿਰੰਤਰਤਾ ਸਪਸ਼ਟ ਨਜ਼ਰ ਆਉਂਦੇ ਹਨ। ਉਸ ਨੇ ਕਵਿਤਾ ਦੇ ਨੇੜੇ ਜਾਣ ਲਈ, ਕਵਿਤਾ ਨੂੰ ਸਮਝਣ ਲਈ ਅਤੇ ਆਪਣੇ ਅੰਦਰ ਕਾਵਿਕ-ਸੂਝ ਪੈਦਾ ਕਰਨ ਲਈ ਨਿੱਠ ਕੇ ਪੜ੍ਹਿਆ ਹੈ। ਸਾਹਿਤਕ ਏਕਮ ਦੀ ਸੰਪਾਦਨਾ ਵੀ ਉਸ ਦੀ ਕਵਿਤਾ ਨਾਲ ਸਾਂਝ ਦਾ ਪ੍ਰਤੀਕ ਹੈ। ਸਮਕਾਲੀ ਸ਼ਾਇਰਾਂ ਦੀ ਸ਼ਾਇਰੀ ਉੱਪਰ ਉਸ ਦੀਆਂ ਪੁਖ਼ਤਾ ਟਿੱਪਣੀਆਂ ਉਸ ਦੀ ਕਾਵਿਕ ਸੂਝ ਦਾ ਪ੍ਰਗਟਾਅ ਕਰਦੀਆਂ ਹਨ। ਨਿਰੰਤਰ ਮਿਹਨਤ ਅਤੇ ਲਗਨ ਨਾਲ ਸਿਰਜਣਾ ਦੀ ਨੁਹਾਰ ਬਦਲਣ ਦਾ ਹੁਨਰ ਅਰਤਿੰਦਰ ਸੰਧੂ ਕੋਲ ਹੈ। ਘਰ ਬਾਰੇ ਉਸ ਦੀਆਂ ਕਵਿਤਾਵਾਂ ਕਿਸੇ ਖੋਜ ਦਾ ਨਤੀਜਾ ਨਹੀਂ ਹਨ। ਇਹ ਉਸ ਦੀ ਜਗਿਆਸੇ 'ਚੋਂ ਸਾਕਾਰ ਹੋਈ ਕਾਵਿਕ ਤਰਲਤਾ ਦਾ ਆਪ-ਮੁਹਾਰਾ ਵਹਾਅ ਹੈ। ਇਸੇ ਕਰਕੇ ਇਨ੍ਹਾਂ ਕਵਿਤਾਵਾਂ ਕੋਲ ਕਾਵਿਕਤਾ ਹੈ, ਸੁਹਜ ਹੈ, ਲੈਆਤਮਕਤਾ ਹੈ। ਇਹ ਕਵਿਤਾਵਾਂ ਪਾਠਕ ਨਾਲ ਆਪਣੀ ਨੇੜਤਾ ਸਥਾਪਤ ਕਰਨ ਦੀ ਸਮਰੱਥਾ ਰੱਖਦੀਆਂ ਹਨ। 'ਘਰ ਘਰ ਤੇ ਘਰ' ਪੁਸਤਕ ਨੂੰ ਜੀ-ਆਇਆਂ ਕਹਿੰਦਿਆਂ ਮੈਂ ਕਵਿਤਾ ਨੂੰ ਮੁਹੱਬਤ ਕਰਨ ਵਾਲਿਆਂ ਨੂੰ ਇਹ ਪੁਸਤਕ ਪੜ੍ਹਨ ਦੀ ਸਲਾਹ ਜ਼ਰੂਰ ਦੇਵਾਂਗਾ। ਅਰਤਿੰਦਰ ਹੋਰਾਂ ਨੂੰ ਮੁਬਾਰਕਾਂ!

❑❑❑

# ਗਲੋਬਲੀ ਸਰੋਕਾਰਾਂ ਦੀ ਬਾਤ ਪਾਉਂਦਾ ਸੁਰਜੀਤ ਦਾ ਕਹਾਣੀ ਸੰਗ੍ਰਹਿ 'ਪਾਰਲੇ ਪੁਲ਼'

'ਪਾਰਲੇ ਪੁਲ਼' ਸੁਰਜੀਤ ਦੀ ਕਹਾਣੀਆਂ ਦੀ ਪਲੇਠੀ ਪੁਸਤਕ ਹੈ। ਪਹਿਲਾਂ ਸੁਰਜੀਤ ਕਵਿਤਰੀ ਸੀ। ਹੁਣ ਵੀ ਹੈ। ਤਿੰਨ ਕਿਤਾਬਾਂ ਵੀ ਛਪੀਆਂ ਹਨ। ਫਿਰ ਵਾਰਤਕ ਲਿਖਣ ਵੱਲ ਰੁਚਿਤ ਹੋਈ ਤੇ ਹੁਣ ਕਹਾਣੀਆਂ। ਸੁਰਜੀਤ ਦੀ ਹਰ ਕਹਾਣੀ ਅੰਦਰ ਕਈ ਕਈ ਕਹਾਣੀਆਂ ਹਨ। ਕਹਾਣੀ ਆਪਣੇ ਵਾਪਰਨ ਵਾਲੇ ਸੰਸਾਰ ਤੀਕ ਸੀਮਤ ਨਹੀਂ ਰਹਿੰਦੀ। ਇਹ ਵਿਸ਼ਵ ਵਿਆਪੀ ਸੰਸਾਰ ਨੂੰ ਆਪਣੇ ਕਲਾਵੇ ਵਿੱਚ ਲੈਂਦੀ ਹੈ। ਕਹਾਣੀ ਵਿਚਲਾ ਦੁਖਾਂਤ ਕਿਸੇ ਇਲਾਕੇ ਦਾ ਦੁਖਾਂਤ ਨਾ ਰਹਿ ਕੇ ਪੂਰੀ ਦੁਨੀਆਂ ਦਾ ਦਰਦ ਬਣ ਜਾਂਦਾ ਹੈ। ਆਪਣੀਆਂ ਭੂਗੋਲਿਕ ਹੱਦਾਂ ਉਲੰਘਦੀ ਕਹਾਣੀ ਦੀ ਰਵਾਨਗੀ ਕਿਤੇ ਵੀ ਲੜਖੜਾਉਂਦੀ ਨਹੀਂ। ਹੋਰ ਗੱਲਾਂ ਇਸ ਸੰਗ੍ਰਹਿ ਦੀ ਪਹਿਲੀ ਕਹਾਣੀ 'ਪਾਰਲੇ ਪੁਲ਼' ਦੇ ਹਵਾਲੇ ਨਾਲ ਕਰਦੇ ਹਾਂ। ਇਸ ਕਹਾਣੀ ਦੀ 'ਮੈਂ' ਪਾਤਰ ਸ਼ੀਤਲ ਕਹਾਣੀ ਬਿਆਨ ਕਰਨੀ ਸ਼ੁਰੂ ਕਰਦੀ ਹੈ। ਵਰ੍ਹਦੇ ਮੀਂਹ 'ਚ ਘਰ ਨੂੰ ਜਾ ਰਹੀ ਸ਼ੀਤਲ ਦੇ ਰਸਤੇ 'ਚ ਇੱਕ ਪੁਲ਼ ਆਉਂਦਾ ਹੈ। ਪੁਲ਼ ਤੋਂ ਲੰਘਦਿਆਂ ਕਿੰਨੀ ਤਰ੍ਹਾਂ ਦੇ ਅਹਿਸਾਸ ਚੇਤਿਆਂ 'ਚ ਉੱਭਰਦੇ ਹਨ। ਖ਼ੂਬਸੂਰਤ, ਸੁਖਾਵੇਂ ਜਿਹੇ। ਤੇ ਫਿਰ ਫੁੱਲਾਂ ਵਿਚ ਸਹਿਮਿਆਂ ਬੈਠਾ ਇੱਕ ਕਤੂਰਾ ਨਜ਼ਰ ਆਉਂਦਾ ਹੈ। ਠੰਡ ਨਾਲ ਕੰਬ ਰਿਹਾ। ਛਿਣ ਪਹਿਲਾਂ ਵਾਲੇ ਸੁਖਾਵੇਂ ਅਨੁਭਵ ਨੁਕੀਲੇ ਸਵਾਲਾਂ ਨਾਲ ਭਰ ਜਾਂਦੇ ਹਨ। ਦੁਬਿਧਾ 'ਚੋਂ ਨਿਕਲਣ ਲਈ ਦਲੀਲਾਂ ਮਨਬੱਚਨੀ ਕਰਦੀਆਂ ਹਨ। ਕਹਾਣੀ ਫਿਰ ਕਰਵਟ ਲੈਂਦੀ ਹੈ। ਕੁਝ ਦਿਨ ਪਹਿਲਾਂ ਢਹਿ-ਢੇਰੀ ਹੋਈਆਂ ਵਰਲਡ ਟਰੇਡ ਸੈਂਟਰ ਦੀਆਂ ਇਮਾਰਤਾਂ ਦੀ ਗਰਾਊਂਡ ਜ਼ੀਰੋ ਦੀਆਂ ਖ਼ੌਫ਼ਨਾਕ ਤਸਵੀਰਾਂ ਅੱਥਰੂ ਬਣ ਪਾਠਕ ਦੀਆਂ ਅੱਖਾਂ 'ਚੋਂ ਟਪਕਣ ਲੱਗਦੀਆਂ ਹਨ। ਕਹਾਣੀ ਦੀ ਦੂਜੀ ਪਾਤਰ ਚਿੰਤਨ ਕਹਾਣੀ ਅੰਦਰ ਮੋਬਾਇਲ ਰਾਹੀਂ ਪ੍ਰਵੇਸ਼ ਕਰਦੀ ਹੈ। ਕਹਾਣੀ ਹੌਲੀ ਜਿਹੀ ਸਰਕਦੀ ਮਨੁੱਖਾਂ ਤੇ ਜਾਨਵਰਾਂ ਦੇ ਰਿਸ਼ਤਿਆਂ ਦੀ ਬਾਤ ਪਾਉਣ ਲੱਗਦੀ ਹੈ। ਮੀਡੀਆ ਵੀ ਪੈੱਟ-ਫੂਡ ਦੀ ਗੱਲ ਕਰ ਰਿਹਾ ਹੈ। ਪੁਲ਼ 'ਤੇ ਠੰਡ ਨਾਲ ਕੰਬ ਰਿਹਾ ਕਤੂਰਾ ਫਿਰ ਚੇਤਿਆਂ 'ਚ ਦਸਤਕ ਦੇਣ ਲੱਗਦਾ ਹੈ। ਜਾਨਵਰਾਂ ਦਾ ਵਿਵਹਾਰ ਅਤੇ ਸੰਵੇਦਸ਼ੀਲਤਾ ਹੈਰਾਨ ਕਰਦੇ ਹਨ। ਡੈਬੀ, ਮਿਸਿਜ਼ ਰੰਧਾਵਾ, ਬਲਬੀਰ ਨਵੇਂ ਪਾਤਰ ਕਹਾਣੀ ਦਾ ਹਿੱਸਾ ਬਣਦੇ ਹਨ। ਜਾਨਵਰਾਂ ਦੀ ਗੱਲ ਕਰਦੀ ਕਹਾਣੀ ਫਿਰ ਵਰਲਡ ਟਰੇਡ ਸੈਂਟਰ ਦੇ ਦੁਖਾਂਤ ਦੀ

ਕਿਸੇ ਦੂਜੇ ਦ੍ਰਿਸ਼ਟੀਕੋਣ ਤੋਂ ਸਮੀਖਿਆ ਕਰਨ ਲੱਗਦੀ ਹੈ। ਖ਼ਤਮ ਹੋਣ ਤੋਂ ਪਹਿਲਾਂ ਕਹਾਣੀ ਓਦੋਂ ਸੁਖਾਂਤਕ ਹੋ ਜਾਂਦੀ ਹੈ ਜਦੋਂ ਸ਼ੀਤਲ ਨੂੰ ਪਤਾ ਲੱਗਦਾ ਹੈ ਕਿ ਮਿਸਿਜ਼ ਰੰਧਾਵਾ ਦਾ ਬੇਟਾ 'ਸ਼ੌਂਕ' ਪੁਲ਼ ਵਾਲੇ ਕਤੂਰੇ ਨੂੰ ਘਰ ਲੈ ਆਇਆ ਹੈ।

ਪੁਸਤਕ ਦਾ ਪੰਨਾ ਪਲਟਦਿਆਂ ਇੰਝ ਲੱਗਦਾ ਜਿਵੇਂ ਸ਼ੀਤਲ ਤੇ ਚਿੰਤਨ ਨਵੇਂ ਨਾਵਾਂ ਨਾਲ ਨਵੀਂ ਕਹਾਣੀ 'ਆਇਲਨ ਤੇ ਐਵਨ' ਸਿਰਜਣ ਲੱਗ ਪਈਆਂ ਹੋਣ। ਗਈਆਂ ਤਾਂ ਕਪਿਲ ਸ਼ਰਮਾ ਦਾ ਸ਼ੋਅ ਵੇਖਣ, ਪਰ ਸੋਚਾਂ ਵਿਸ਼ਵ ਵਿਆਪੀ ਆਤੰਕ ਨਾਲ ਪੀੜਤ। ਦੁਨੀਆਂ ਭਰ 'ਚ ਫੈਲੇ ਆਤੰਕ, ਸੀਰੀਆ ਦੀ ਤਬਾਹੀ ਦੀਆਂ ਖ਼ਬਰਾਂ, ਕਦੇ ਅਮਰੀਕਾ 'ਚ ਕਿਸੇ ਸਿਰ ਫਿਰੇ ਨੇ ਲੋਕਾਂ ਦੇ ਇਕੱਠ 'ਤੇ ਅੰਨ੍ਹੇਵਾਹ ਗੋਲੀਆਂ ਚਲਾ ਦਿੱਤੀਆਂ, ਕਦੇ ਫਰਾਂਸ, ਕੈਨੇਡਾ ਵਿਚ ਤੁਰੇ ਫਿਰਦੇ ਲੋਕਾਂ ਉੱਪਰ ਟਰੱਕ ਚੜ੍ਹਾ ਦਿੱਤੇ। ਇਸ ਆਤੰਕ ਦੇ ਖ਼ੌਫ਼ ਦਾ ਪਰ੍ਹਛਾਵਾਂ ਕਪਿਲ ਸ਼ਰਮਾ ਦੇ ਸ਼ੋਅ ਵਾਲੇ ਹਾਲ 'ਚ ਵੀ ਨਾਲ ਨਾਲ ਤੁਰਦਾ। ਫਿਰ 'ਮੈਂ' ਪਾਤਰ ਨਾਲ ਹਾਦਸਾ ਵਾਪਰਦਾ। ਜਸ਼ਨ ਦਾ ਮਾਹੌਲ ਮਨਫੀ ਹੋ ਜਾਂਦਾ। ਪਲੱਸਤਰ ਲੱਗੀ ਬਾਂਹ ਨਾਲ ਘਰ ਪਹੁੰਚੀ 'ਮੈਂ' ਪਾਤਰ ਨਾਲ ਦੂਜੀ ਪਾਤਰ ਪਿੰਕੀ ਵੀ ਨਾਲ ਆ ਜਾਂਦੀ ਹੈ। ਦੋਹਾਂ ਦੀ ਕਹਾਣੀ ਸਾਂਝੀ ਹੈ। ਸਟੂਡੈਂਟ ਵੀਜ਼ੇ ਨਾਲ ਕੈਨੇਡਾ ਪਹੁੰਚੀਆਂ ਇੱਕੋ ਕਾਲਜ ਤੋਂ ਡਿਪਲੋਮੇ ਕਰਕੇ ਵੱਖ ਵੱਖ ਸ਼ਹਿਰਾਂ ਵਿਚ ਨੌਕਰੀਆਂ ਕਰਨ ਲੱਗੀਆਂ। ਪੜ੍ਹਾਈ, ਵਰਕ ਪਰਮਿਟ, ਪੱਕੀ ਨੌਕਰੀ ਤੇ ਪੀ.ਆਰ. ਇਹ ਸਟੂਡੈਂਟ ਵੀਜ਼ੇ 'ਤੇ ਕੈਨੇਡਾ ਆਏ ਹਰ ਆਦਮੀ ਦੀ ਕਹਾਣੀ ਹੈ। ਇਸੇ ਸੰਘਰਸ਼ ਵਿਚ ਵਿਆਹ ਕਰਵਾਉਣ ਦੀ ਉਮਰ ਵੀ ਬੀਤ ਜਾਂਦੀ ਹੈ। ਉਪਰੋਂ ਸੰਵੇਦਨਸ਼ੀਲ ਹਿਰਦਿਆਂ ਦੀ ਤ੍ਰਾਸਦੀ ਕਿ ਸੋਸ਼ਲ ਮੀਡੀਆ 'ਤੇ ਵਿਖਾਏ ਜਾ ਰਹੇ ਬੰਬਾਂ ਨਾਲ ਉੱਡਦੇ ਘੁੱਗ ਵੱਸਦੇ ਸ਼ਹਿਰ ਤੇ ਬੀਆਬਾਨ ਥਾਵਾਂ 'ਤੇ ਭਟਕਦੇ ਲੋਕ ਜਿਊਣ ਨਾ ਦਿੰਦੇ। ਇਸੇ ਸੋਸ਼ਲ ਮੀਡੀਆ 'ਤੇ ਵੇਖੀ ਤਿੰਨ ਸਾਲ ਦੇ ਬੱਚੇ ਆਇਲਨ ਕੁਰਡੀ ਦੀ ਸਮੁੰਦਰੀ ਤਟ 'ਤੇ ਪਈ ਲਾਸ਼ ਦੀ ਤਸਵੀਰ। ਇਹ ਤਸਵੀਰ ਇੱਕ ਹੋਰ ਕਹਾਣੀ ਬਿਆਨ ਕਰਦੀ ਹੈ। ਸੀਰੀਆ ਵਿਚ ਹੋ ਰਹੀ ਸਿਵਲ ਵਾਰ ਦੇ ਆਤੰਕ ਦੀ ਕਹਾਣੀ। ਆਪਣੀ ਜਾਨ ਬਚਾਉਂਦੇ ਕਿਸ਼ਤੀ ਰਾਹੀਂ ਕਿਸੇ ਦੂਜੇ ਮੁਲਕ ਜਾਣ ਦੀ ਕੋਸ਼ਿਸ਼ ਵਿਚ ਸਮੁੰਦਰੀ ਕਰੋਪੀ ਦਾ ਸ਼ਿਕਾਰ ਹੋਏ ਲੋਕ। ਇਹ ਬੱਚਾ ਵੀ ਉਨ੍ਹਾਂ ਲੋਕਾਂ ਵਿਚ ਸੀ। ਲੋਕਾਂ ਦੀਆਂ ਮੀਲਾਂ ਲੰਬੀਆਂ ਕਤਾਰਾਂ ਯੂਰਪ ਦਾ ਬਾਰਡਰ ਖੁੱਲ੍ਹਣ ਦੀ ਉਡੀਕ ਕਰ ਰਹੀਆਂ ਹਨ। ਆਇਲਨ ਇਨ੍ਹਾਂ ਸ਼ਰਨਾਰਥੀਆਂ ਦੀ ਪੀੜ ਦਾ ਚਿੰਨ੍ਹ ਬਣ ਚੁੱਕਾ ਹੈ। ਇਹ ਪੀੜ ਲੇਖਿਕਾ ਦੇ ਨਾਲ ਪਾਠਕ ਵੀ ਮਹਿਸੂਸ ਕਰਦਾ ਹੈ। ਕਹਾਣੀ ਹੌਲੀ ਜਿਹੀ ਸੇਂਟ ਜੌਰਜ ਟਾਊਨ ਵੱਲ ਮੁੜ ਜਾਂਦੀ ਹੈ। ਦਰਖਤਾਂ 'ਤੇ ਲੱਗੀਆਂ ਰੰਗ-ਬਰੰਗੀਆਂ ਬੱਤੀਆਂ, ਬੂਹਿਆਂ ਅੱਗੇ ਲੱਗੇ ਰਬੜ ਦੇ ਵੱਡੇ ਵੱਡੇ ਸੈਂਟਾ ਕਲਾਜ਼, ਮਸਨੂਈ ਬਰਫ ਦੇ ਤੋਦੇ ਅਤੇ ਕ੍ਰਿਸਮਸ ਦੀ ਸਜਾਵਟ ਨਾਲ ਭਰੀਆਂ ਹੋਈਆਂ ਦੁਕਾਨਾਂ। ਅਕਤੂਬਰ ਦੇ ਮਹੀਨੇ ਇਹ ਨਜ਼ਾਰਾ

ਆਚੰਭਿਤ ਕਰਦਾ ਹੈ। ਕਹਾਣੀਕਾਰ ਕੋਲ ਜਗਿਆਸਾ ਹੈ। ਪੁੱਛਣ 'ਤੇ ਪਤਾ ਲੱਗਦਾ ਹੈ ਕਿ ਸ਼ਹਿਰ ਦਾ ਪੰਜ ਸਾਲ ਦਾ ਬੱਚਾ ਐਵਨ ਕੈਂਸਰ ਨਾਲ ਜੂਝ ਰਿਹਾ ਹੈ। ਡਾਕਟਰਾਂ ਮੁਤਾਬਕ ਉਹ ਇਸ ਵਾਰ ਦੀ ਕ੍ਰਿਸਮਸ ਤਕ ਜਿਉਂਦਾ ਨਹੀਂ ਰਹੇਗਾ। ਉਸ ਦੇ ਮਾਪਿਆਂ ਸਲਾਹ ਕੀਤੀ ਕਿ ਕਿਉਂ ਨਾ ਐਵਨ ਨੂੰ ਕ੍ਰਿਸਮਸ ਮਨਾ ਕੇ ਹੀ ਵਿਦਾ ਕੀਤਾ ਜਾਏ! ਸਾਰਾ ਟਾਊਨ ਇਸ ਸਲਾਹ ਵਿਚ ਸ਼ਾਮਲ ਹੋ ਗਿਆ। ਇਕੱਤੀ ਅਕਤੂਬਰ ਜਿਸ ਦਿਨ ਸਾਂਟਾ ਪਰੇਡ ਨਿੱਕਲਣੀ ਸੀ, ਦੋਵੇਂ ਸਹੇਲੀਆਂ ਵੀ ਪਹੁੰਚ ਗਈਆਂ। 'ਮੈਰੀ ਕ੍ਰਿਸਮਸ ਐਵਨ' ਦੀਆਂ ਆਵਾਜ਼ਾਂ ਅਤੇ ਕ੍ਰਿਸਮਸ ਦੇ ਗੀਤ ਗਾਉਂਦੇ ਲੋਕਾਂ ਦੀ ਮੁਹੱਬਤ ਦਾ ਅਦਭੁੱਤ ਇਜ਼ਹਾਰ ਇਸ ਦਰਦ ਨੂੰ ਸੁਖਦ ਅਹਿਸਾਸ ਦੇ ਰਿਹਾ ਸੀ। ਕਹਾਣੀ ਖ਼ਤਮ ਹੋਣ ਤੋਂ ਪਹਿਲਾਂ ਕੈਨੇਡਾ ਵਿਚ ਨਵੀਂ ਸਰਕਾਰ ਚੁਣੀ ਜਾਂਦੀ ਹੈ। ਵਾਅਦੇ ਮੁਤਾਬਕ ਸੀਰੀਆ ਤੋਂ ਸ਼ਰਨਾਰਥੀ ਕੈਨੇਡਾ ਆਉਣੇ ਸ਼ੁਰੂ ਹੋ ਜਾਂਦੇ ਹਨ। ਏਅਰਪੋਰਟ 'ਤੇ ਸ਼ਰਨਾਰਥੀਆਂ ਦਾ ਸਵਾਗਤ ਕਰਦੇ ਕੈਨੇਡੀਅਨ ਲੋਕ ਸੰਸਾਰ ਨੂੰ ਇੱਕ ਚੰਗਾ ਤੇ ਭਾਈਚਾਰਕ ਸਾਂਝ ਦਾ ਸੁਨੇਹਾ ਦਿੰਦੇ ਲੱਗਦੇ ਹਨ।

ਪਰ 'ਐਮਰਜੈਂਸੀ ਰੂਮ' ਜਾਣ ਵੇਲੇ 'ਮੈਂ" ਕੱਲੀ ਰਹਿ ਜਾਂਦੀ ਹੈ। ਸਹੇਲੀ ਤਾਂ ਹੈ ਗੁੰਜਨ, ਬਹਾਨਾ ਲਾ ਦਿੰਦੀ ਹੈ। ਕਹਾਣੀ ਕਹਿਣ ਦਾ ਅੰਦਾਜ਼ ਏਨਾ ਪਿਆਰਾ ਹੈ ਕਿ ਪਾਠਕ ਕਹਾਣੀ ਵਿਚਲਾ ਕੋਈ ਪਾਤਰ ਬਣ ਕੇ ਰਹਿ ਜਾਂਦਾ ਹੈ। ਐਮਰਜੈਂਸੀ ਵਾਰਡ ਵਿਚ ਆਏ ਬੈਠੇ ਵੱਖ ਵੱਖ ਲੋਕਾਂ ਦੇ ਮਹੀਨ ਵੇਰਵੇ ਦ੍ਰਿਸ਼ ਸਾਕਾਰ ਕਰੀ ਜਾਂਦੇ ਹਨ। ਮਲਟੀਕਲਚਰਡ ਸਿਸਟਮ ਵਿੱਚ ਪੰਜਾਬੀਆਂ ਦਾ ਬਦਲਦਾ ਵਿਵਹਾਰ, ਸਮੱਸਿਆਵਾਂ, ਦਿੱਕਤਾਂ ਸਮੇਤ ਰਿਸ਼ਤਿਆਂ ਦੀ ਗੱਲ ਵੀ ਹੋਈ ਜਾਂਦੀ ਹੈ। ਅਕਾ ਦੇਣ ਵਾਲੀ ਲੰਮੀ ਉਡੀਕ ਵਿਚ ਪਲ ਪਲ ਦ੍ਰਿਸ਼ ਬਦਲਦੇ ਹਨ, ਸੋਚ ਬਦਲਦੀ ਹੈ। ਕਿਤੇ ਸੁਖ ਦਾ ਸਾਹ ਆਉਂਦਾ ਹੈ ਤੇ ਕਦੀ ਮਨ ਦਰਦ ਨਾਲ ਭਰ ਜਾਂਦਾ ਹੈ। ਅਖੀਰ ਵਿਚ ਜਦੋਂ ਡਾਕਟਰ 'ਮੈਂ' ਨੂੰ ਠੀਕ ਹੋਣ ਬਾਰੇ ਦੱਸਦਾ ਹੈ ਅਤੇ ਕੋਈ ਦਵਾਈ ਨਾ ਖਾਣ ਬਾਰੇ ਕਹਿੰਦਾ ਹੈ ਤਾਂ ਕਹਾਣੀ ਬਹੁਤ ਸਾਰੀਆਂ ਬਾਤਾਂ ਪਾ ਕੇ ਵੀ ਖ਼ਤਮ ਨਹੀਂ ਹੁੰਦੀ, 'ਸੁਰਖ਼ ਸਵੇਰ' ਬਣ ਅਗਾਂਹ ਤੁਰਦੀ ਹੈ। ਆਪਣੇ ਆਪ ਨਾਲ ਗੱਲਾਂ ਕਰਦੀ ਸਿਮੋਨ ਜਿਸ ਨੂੰ ਡਾਕਟਰ ਨੇ ਪਾਰਕਿਨਸਨ ਦੀ ਬੀਮਾਰੀ ਦੱਸੀ ਹੈ। ਹਾਲਾਤ ਮਨੁੱਖ ਨੂੰ ਦੁਬਿਧਾ-ਗ੍ਰਸਤ ਕਰ ਦਿੰਦੇ ਹਨ। ਵਿਸ਼ਵਾਸ ਡੋਲਣ ਲੱਗਦਾ ਹੈ। ਪਲ ਵਿਚ ਤੋਲਾ ਪਲ ਵਿਚ ਮਾਸਾ ਵਾਲਾ ਹਾਲ ਹੋ ਜਾਂਦਾ ਹੈ। ਕੁਝ ਅਜਿਹੀ ਹੀ ਸਥਿਤੀ ਹੈ ਇਸ ਕਹਾਣੀ ਦੀ ਮੁੱਖ ਪਾਤਰ ਸਿਮੋਨ ਉਰਫ ਸਿਮਰਜੀਤ ਕੌਰ ਵਿਰਦੀ ਦੀ। ਇਹ ਦਿੱਲੀ ਵੱਸਦੇ ਇੱਕ ਖੁਸ਼ਹਾਲ ਪਰਿਵਾਰ ਦੀ ਕਹਾਣੀ ਹੈ ਜੋ ਪਰਵਾਸ ਕਰਕੇ ਅਮਰੀਕਾ ਦੇ ਸ਼ਹਿਰ ਕੈਲੇਫੋਰਨੀਆ ਵਿਚ ਰਹਿਣ ਲੱਗਦੇ ਹਨ। ਪਰਵਾਸ ਆਦਮੀ ਕੋਲੋਂ ਕੀ ਕੁਝ ਖੋਹ ਲੈਂਦੀ ਹੈ, ਇਸ ਦੀ ਗੱਲ ਇਸ ਕਹਾਣੀ ਵਿੱਚ ਬੜੇ

ਸਹਿਜ ਅਤੇ ਕਲਾਤਮਿਕ ਤਰੀਕੇ ਨਾਲ ਹੋਈ ਹੈ। ਆਦਮੀ ਦੀ ਆਪਣੀ ਪਹਿਚਾਣ, ਆਪਣਾ ਨਾਂ ਵੀ ਗੁਆਚ ਜਾਂਦਾ ਹੈ। ਆਪਣਿਆਂ ਦੀ ਅਪਣੱਤ, ਤੇ ਫਿਰ ਸਿਹਤ ਵੀ ਸਾਥ ਛੱਡ ਜਾਂਦੀ ਹੈ। ਜਿਊਣ ਦੇ ਜਿਵੇਂ ਸਾਰੇ ਸਬੱਬ ਮੁੱਕ ਗਏ ਹੋਣ। ਪਰ ਜਿਊਣਾ ਤਾਂ ਪੈਣਾ। ਸੋਚ ਕਰਵਟ ਲੈਂਦੀ ਹੈ। ਅਗਲਾ ਦਿਨ ਬੜੇ ਹੁਲਾਸ ਨਾਲ ਚੜ੍ਹਦਾ ਹੈ। 'ਮੈਂ ਫਿਰ ਸਕੂਲ ਜਾਵਾਂਗੀ, ਆਪਣੇ ਲਈ ਜੀਵਾਂਗੀ' ਕਹਾਣੀ ਦਾ ਅੰਤ ਸੁਰਖ਼ ਸਵੇਰ ਨਾਲ ਚਮਕ ਉੱਠਦਾ ਹੈ।

ਸਿਮੋਨ ਦੀ ਕਹਾਣੀ ਤੁਸੀਂ ਸੁਣੀ। ਕਿਵੇਂ ਦੀ ਲੱਗੀ ? ਹੁਣ ਰੋਜ਼ੀ ਦੀ ਕਹਾਣੀ ਸੁਣਦੇ ਹਾਂ। ਪਰਵਾਸ, ਸਿਸਟਮ ਅਤੇ ਰਿਸ਼ਤਿਆਂ ਦੀ ਬੇਰੁਖੀ ਦੀ ਭੰਨੀ ਰੋਜ਼ੀ, ਜਿਸ ਦਾ ਪਤੀ ਉਸ ਨੂੰ ਦੋ ਬੱਚਿਆਂ ਸਮੇਤ ਅਮਰੀਕਾ ਦੇ ਸ਼ਹਿਰ ਕੈਲੇਫੋਰਨੀਆਂ ਵਿਚ ਛੱਡ ਜਾਂਦਾ ਹੈ ਤੇ ਆਪ ਅਫਰੀਕਾ ਵਿਚ ਇਕੱਲਾ ਦੋਸਤਾਂ ਦੀਆਂ ਦਾਅਵਤਾਂ ਕਰਦਾ ਅਯਾਸ਼ੀ ਦੀ ਜ਼ਿੰਦਗੀ ਜੀਅ ਰਿਹਾ ਹੈ। ਜਦ ਸਭ ਹੀਲੇ ਮੁੱਕ ਜਾਣ ਤਾਂ ਵੀ ਕੋਈ ਇੱਕ ਹੀਲਾ ਤਾਂ ਬਚਦਾ ਹੀ ਹੁੰਦਾ। ਰੋਜ਼ੀ ਮਿਊਜ਼ਿਕ ਦੀ ਐਮ.ਏ. ਪਾਸ ਸੁਰੀਲੀ ਆਵਾਜ਼ ਦੀ ਮਾਲਕ ਕਿਸੇ ਸਹੇਲੀ ਦੇ ਕਹਿਣ 'ਤੇ ਰੈਸਟੋਰੈਂਟਾਂ ਵਿਚ ਗਾਉਣ ਦੀ ਜੌਬ ਕਰ ਲੈਂਦੀ ਹੈ। ਸੰਘਰਸ਼ ਕਰਦੀ, ਨਵੀਆਂ ਰਾਹਾਂ ਦੀ ਤਲਾਸ਼ ਕਰਦੀ ਆਸ ਨਾਲ ਭਰੀ ਔਰਤ ਦੀ ਕਹਾਣੀ ਹੈ 'ਵੈਲਨਟਾਈਨਜ਼ ਡੇ' ਕਹਾਣੀ। ਇਸ ਤਰ੍ਹਾਂ ਦੀਆਂ ਔਰਤਾਂ ਦੀ ਤਲਾਸ਼ ਵਿਚ ਰਹਿੰਦੀ ਹੈ ਕਹਾਣੀਕਾਰਾ ਸੁਰਜੀਤ। ਉਸ ਦੀ ਅਗਲੀ ਖੋਜ ਲਵੀਨ ਨਾਂ ਦੀ ਖ਼ੂਬਸੂਰਤ ਤੇ ਸਲੀਕੇ ਵਾਲੀ ਕੁੜੀ ਹੈ। ਲਵੀਨ ਅਮਰ ਕਰਮਾ ਡੋਨੇਸ਼ਨ ਸੁਸਾਇਟੀ ਦੀ ਫਾਊਂਡਰ ਅਤੇ ਐਂਬੈਸਡਰ ਹੈ। ਇਹ ਸੁਸਾਇਟੀ ਲੋਕਾਂ ਨੂੰ ਅੰਗ ਦਾਨ ਕਰਨ ਲਈ ਪ੍ਰੇਰਿਤ ਕਰਦੀ ਹੈ। ਅਜੇ ਥੋੜੇ ਲੋਕ ਹਨ। ਪਰ ਹੋਰ ਜੁੜ ਰਹੇ ਹਨ, ਜਾਗ ਰਹੇ ਹਨ, ਸਮਝ ਰਹੇ ਹਨ। 'ਜਗਦੀਆਂ ਅੱਖਾਂ ਦਾ ਤਲਿੱਸਮ' ਚੁਫੇਰੇ ਫੈਲ ਰਿਹਾ ਹੈ। ਪ੍ਰਭਾਵਤ ਕਰਦਾ ਹੈ ਲਵੀਨ ਦਾ ਛੋਟੀ ਉਮਰ ਵਿਚ ਇਸ ਵੱਡੇ ਕਾਰਜ ਨੂੰ ਸਮਰਪਤ ਹੋਣਾ। ਬੜਾ ਸਾਰਥਕ ਸੁਨੇਹਾ ਦਿੰਦੀ ਹੈ ਇਹ ਕਹਾਣੀ।

ਸੋਸ਼ਲ ਮੀਡੀਆ ਦਾ ਜਾਦੂ ਖ਼ਾਸ ਕਰਕੇ ਫੇਸਬੁੱਕ ਨੇ ਕਮਲੇ ਕੀਤੇ ਹਨ ਲੋਕ। ਇਸ ਤਲਿੱਸਮੀ ਸੰਸਾਰ ਵਿਚ ਇੱਕ ਜੁਗਨੂੰ ਦਾ ਚਾਨਣ ਲੱਖਾਂ ਲੋਕਾਂ ਦੇ ਹਿਰਦਿਆਂ ਅੰਦਰ ਰੋਸ਼ਨੀ ਦਾ ਭਰਮ ਫੈਲਾਉਂਦਾ, ਇੱਕ ਦਿਨ ਅਚਾਨਕ ਹਨੇਰੀ ਗੁਫ਼ਾ 'ਚ ਸੁੱਟ ਜਾਂਦਾ ਹੈ। ਇਹ ਕਹਾਣੀ ਹੈ ਜੁਗਨੂੰ ਨਾਂ ਦੀ ਫੇਕ ਆਈ.ਡੀ. ਦੀ। ਲੱਗਦਾ ਨਹੀਂ ਕਹਾਣੀ ਪੜ੍ਹ ਕੇ ਫੇਸਬੁੱਕ ਪ੍ਰਤੀ ਲੋਕਾਂ ਦੀ ਸੋਚ ਵਿਚ ਕੋਈ ਤਬਦੀਲੀ ਆਵੇਗੀ। ਸੁਚੇਤ ਤਾਂ ਕਰਦੀ ਹੈ ਕਹਾਣੀ। ਅਗਲੀ ਕਹਾਣੀ ਦੀ ਗੱਲ ਕਰਦੇ ਹਾਂ। ਆਪਣੇ ਬਾਪ ਦੀ ਕਹਾਣੀ ਲਿਖਦਿਆਂ ਸੁਰਜੀਤ ਚੇਤਿਆਂ ਨੂੰ ਸ਼ਬਦਾਂ 'ਚ ਮੋਤੀਆਂ ਵਾਂਗ ਪਰੋਈ ਜਾਂਦੀ ਹੈ। ਪੇਕਾ ਘਰ ਤੇ ਮਾਪੇ ਧੀਆਂ ਦੇ ਚੇਤਿਆਂ 'ਚੋਂ ਕਦੀ ਨਹੀਂ

ਵਿਸਰਦੇ। ਇੱਕ ਭਾਵੁਕ ਸਾਂਝ ਹੁੰਦੀ ਹੈ ਹਰ ਧੀ ਦੀ ਆਪਣੇ ਪਿੰਡ, ਘਰ ਤੇ ਘਰ ਅੰਦਰਲੇ ਰਿਸ਼ਤਿਆਂ ਨਾਲ। ਇਨ੍ਹਾਂ ਚੇਤਿਆਂ ਨੂੰ ਬੜੀ ਖ਼ੂਬਸੂਰਤੀ ਨਾਲ ਚਿਤਰਿਆ ਹੈ ਸੁਰਜੀਤ ਨੇ। ਸੱਚਮੁੱਚ 'ਲੋਹ-ਪੁਰਸ਼' ਹੈ ਇਸ ਕਹਾਣੀ ਦਾ ਨਾਇਕ। ਪਰ ਹੁਣ ਪੰਜਾਬ ਦੀ ਰਹਿਤਲ 'ਚੋਂ ਵਿਸਰ ਰਹੇ ਹਨ ਅਜਿਹੇ ਨਾਇਕ। 'ਤੂੰ ਭਰੀਂ ਹੁੰਗਾਰਾ' ਸੰਗ੍ਰਹਿ ਦੀ ਅਗਲੀ ਕਹਾਣੀ ਹੈ। ਆਪਣੇ ਘਰ ਦੇ ਵਿਹੜੇ ਵਿਚ ਲੱਗੇ ਬੂਟਿਆਂ ਨਾਲ ਗੱਲਾਂ ਕਰਦੀ ਲੇਖਿਕਾ ਕਵਿਤਾ ਦੇ ਪੂਰਨੇ ਪਾ ਰਹੀ ਲੱਗਦੀ ਹੈ। ਇਸ ਕੁਦਰਤ ਪ੍ਰੇਮ ਦੀਆਂ ਜੜ੍ਹਾਂ ਪੰਜਾਬ ਦੇ ਪ੍ਰਦੂਸ਼ਤ ਹੋ ਗਏ ਵਾਤਾਵਰਣ ਅਤੇ ਪਲੀਤ ਹੋ ਗਏ ਪਾਣੀਆਂ ਤਕ ਜਾਂਦੀਆਂ ਹਨ। ਪਰਵਾਸ ਕਰਕੇ ਨਵੀਂ ਥਾਂ ਆਪਣੀਆਂ ਜੜ੍ਹਾਂ ਲਾਉਣੀਆਂ ਤੇ ਕਾਮਯਾਬ ਹੋਣਾ ਇਸ ਕਹਾਣੀ ਦਾ ਲੁਕਵਾਂ ਸੰਦੇਸ਼ ਹੈ।

ਸੁਰਜੀਤ ਪਾਤਰ ਦਾ ਇੱਕ ਸ਼ੇਅਰ ਹੈ, ਐਸਾ ਤਾਂ ਕੋਈ ਨਿਜ਼ਾਮ ਨਹੀਂ ਯਾਰੋ, ਜਿਸ ਵਿਚ ਸੂਲੀ ਦਾ ਇੰਤਜ਼ਾਮ ਨਾ ਹੋਵੇ। ਅਸੀਂ ਅੱਖਾਂ 'ਚ ਕੈਨੇਡਾ, ਅਮਰੀਕਾ ਦੇ ਸੁਪਨੇ ਸਜਾਈ ਜਿਸ ਸਿਸਟਮ ਦੇ ਸੋਹਲੇ ਗਾਉਂਦੇ ਨਹੀਂ ਥੱਕਦੇ, ਉਸ ਦਾ ਹਿੱਸਾ ਬਣ ਕੇ, ਉਸ ਦੇ ਅੰਦਰ ਤਕ ਨੀਝ ਨਾਲ ਵੇਖਣ, ਘੋਖਣ 'ਤੇ ਪਤਾ ਲੱਗਦਾ ਹੈ ਕਿ ਇਹ ਸਿਸਟਮ ਵੀ ਡਿਸਏਬਲ ਹੋ ਚੁੱਕਾ ਹੈ। ਇਸ ਸਿਸਟਮ ਵਿਚ ਰਿਸ਼ਤੇ ਵੀ ਡਿਸਏਬਲ ਹੋ ਚੁੱਕੇ ਹਨ। ਮੀਰਾਂ ਦੇ ਸੰਘਰਸ਼ ਦੀ ਕਹਾਣੀ ਵੀ ਇਸ ਡਿਸਏਬਲ ਹੋ ਚੁੱਕੇ ਵਰਤਾਰੇ ਦੀ ਕਹਾਣੀ ਹੈ। 'ਪਾਰਲੇ ਪੁਲ਼' ਵਿਚਲੀਆਂ ਕਹਾਣੀਆਂ ਪੜ੍ਹਦਿਆਂ ਅਹਿਸਾਸ ਹੁੰਦਾ ਹੈ ਕਿ ਸੁਰਜੀਤ ਆਪਣੇ ਸਿਰਜੇ ਪਾਤਰਾਂ ਉੱਪਰ ਕੋਈ ਵਿਚਾਰਧਾਰਾ ਨਹੀਂ ਥੋਪਦੀ। ਸਭ ਪਾਤਰ ਆਪਣੇ ਸਹਿਜ ਸੁਭਾਅ ਅਨੁਸਾਰ ਵਿਚਰਦੇ ਪ੍ਰਤੀਤ ਹੁੰਦੇ ਹਨ। ਹਰ ਪਾਤਰ ਆਪੋ-ਆਪਣੀ ਦ੍ਰਿਸ਼ਟੀ ਨਾਲ ਘਟਨਾਵਾਂ ਅਤੇ ਵਰਤਾਰਿਆਂ ਨੂੰ ਵੇਖਦਾ ਹੈ। ਬਹੁਤ ਸਾਰੀਆਂ ਕਹਾਣੀਆਂ ਵਿਚ ਉਹ ਆਪ ਇੱਕ ਪਾਤਰ ਵਜੋਂ ਵਿਚਰਦੀ ਪ੍ਰਤੀਤ ਹੁੰਦੀ ਹੈ। ਹੰਢਾਏ ਹੋਏ ਅਹਿਸਾਸਾਂ ਵਾਲੀਆਂ ਇਨ੍ਹਾਂ ਕਹਾਣੀਆਂ ਵਿਚਲਾ ਸਹਿਜ ਤੇ ਯਥਾਰਥ ਇਨ੍ਹਾਂ ਦੀ ਵਡੱਤਣ ਬਣਦਾ ਹੈ। ਸ਼ਾਇਰੀ ਤੋਂ ਕਹਾਣੀ ਵੱਲ ਆਈ ਸੁਰਜੀਤ ਦੀ ਇਸ ਸਿਰਜਣਸ਼ੀਲਤਾ ਦੀ ਨਿਰੰਤਰਤਾ ਲਈ ਸਾਡੀਆਂ ਸ਼ੁਭ ਇਛਾਵਾਂ।

❑❑❑

# ਪੱਤੇ ਤੇ ਪ੍ਰਛਾਵੇਂ: (ਚੌਹਾਨ ਤੋਂ ਬਰੈਂਪਟਨ) ਪੜ੍ਹਦਿਆਂ

**ਝੰਡ ਦਾ ਬਚਪਨ ਤੇ ਸਿਖਿਆ** : 'ਪੱਤੇ ਤੇ ਪ੍ਰਛਾਵੇਂ' ਸੁਖਦੇਵ ਸਿੰਘ ਝੰਡ ਦਾ ਜੀਵਨੀ ਮੂਲਕ ਯਾਦਾਂ ਦਾ ਸੰਗ੍ਰਹਿ ਹੈ। ਇਸ ਪੁਸਤਕ ਦੇ ਨਾਮਕਰਣ ਦੀ ਵਿਆਖਿਆ ਵੀ ਝੰਡ ਸਾਹਿਬ ਬੜੇ ਦਾਰਸ਼ਨਿਕ ਤਰੀਕੇ ਨਾਲ ਕਰਦੇ ਹਨ, 'ਪੱਤਾ ਮੇਰਾ ਜੀਵਨ ਹੈ ਤੇ ਮੇਰੇ ਜੀਵਨ ਦੀ ਕਾਰਗੁਜ਼ਾਰੀ ਇਸ ਦੇ ਪ੍ਰਛਾਵੇਂ ਹਨ'। ਇਸ ਜੀਵਨੀ ਦਾ ਆਰੰਭ ਉਹ 1955 ਵਿਚ ਆਏ ਵੱਡੇ ਹੜ੍ਹਾਂ ਨਾਲ ਕਰਦੇ ਹਨ ਅਤੇ ਨਾਲ ਹੀ 'ਬਾਰਾਂ' ਦੇ ਵੱਸਣ ਅਤੇ 1947 ਵਿਚ ਉਥੋਂ ਉਜੜਨ ਦਾ ਬਿਰਤਾਂਤ ਵੀ ਇਸੇ ਆਰੰਭ ਦਾ ਹਿੱਸਾ ਬਣਦਾ ਹੈ। ਪ੍ਰਾਇਮਰੀ ਸਕਲੂ 'ਚ ਦਾਖਲਾ ਤੇ ਫਿਰ ਹਾਈ ਸਕੂਲ ਦੀ ਪੜ੍ਹਾਈ ਦਾ ਜ਼ਿਕਰ ਪੜ੍ਹਦਿਆਂ ਇਸ ਪੁਸਤਕ ਨਾਲ ਮੇਰਾ ਅਪਣੱਤ ਦਾ ਰਿਸ਼ਤਾ ਬਣ ਜਾਂਦਾ ਹੈ। ਚੌਹਾਨ ਮੇਰੇ ਪਿੰਡ ਛੱਜਲਵੱਡੀ ਦਾ ਗਵਾਂਢੀ ਪਿੰਡ ਹੈ ਅਤੇ ਪਿੰਡ ਦਾ ਹਾਈ ਸਕੂਲ ਉਹੀ ਹੈ ਜਿੱਥੇ ਮੈਂ ਵੀ ਦਸਵੀਂ ਤਕ ਪੜ੍ਹਿਆ ਹਾਂ। ਕੁਝ ਅਧਿਆਪਕ , ਜਿੰਨ੍ਹਾਂ ਦਾ ਜ਼ਿਕਰ ਝੰਡ ਹੋਰਾਂ ਕੀਤਾ ਹੈ, ਮੇਰੇ ਵੀ ਅਧਿਆਪਕ ਰਹੇ ਹਨ। ਮਾਸਟਰ ਆਤਮਾ ਰਾਮ, ਸੇਵਾ ਸਿੰਘ ਕੌੜਾ, ਗਿਆਨੀ ਚੰਨਣ ਸਿੰਘ ਦਿਲਗੀਰ, ਪੀ.ਟੀ ਹਰਬੰਸ ਸਿੰਘ 1973-74 ਤਕ , ਜਦ ਮੈਂ ਦਸਵੀਂ ਪਾਸ ਕੀਤੀ, ਇਥੇ ਹੀ ਪੜ੍ਹਾ ਰਹੇ ਸਨ। ਇੰਝ ਥੋੜ੍ਹੀ ਬਹੁਤੀ ਸਥਿਤੀ ਪ੍ਰਵਰਤਨ ਤੋਂ ਇਲਾਵਾ ਇਹ ਘਟਨਾਵਾਂ ਮੇਰੇ ਜੀਵਨ ਦੇ ਵੀ ਨੇੜੇ ਤੇੜੇ ਹੀ ਹਨ। ਆਰਥਿਕ ਹਾਲਤ ਵੀ ਓਦੋਂ ਸਭ ਪਰਿਵਾਰਾਂ ਦੀ ਡਾਵਾਂਡੋਲ ਹੀ ਹੁੰਦੀ ਸੀ। ਫਰਕ ਸਿਰਫ ਏਨਾ ਹੈ ਕਿ ਮੇਰੇ ਪਿਤਾ ਜੀ ਮਜ਼ਦੂਰ ਸਨ ਤੇ ਝੰਡ ਸਾਹਿਬ ਦੇ ਪਿਤਾ ਜੀ ਸਰਕਾਰੀ ਸਕੂਲ ਦੇ ਅਧਿਆਪਕ। ਮੇਰੇ ਪਿੰਡ ਦੇ ਸਕੂਲ ਵਿਚ ਉਹ ਬਤੌਰ ਸਾਇੰਸ ਮਾਸਟਰ ਵੀ ਪੜ੍ਹਾਉਂਦੇ ਰਹੇ ਤੇ ਮੁੱਖ-ਅਧਿਆਪਕ ਵਜੋਂ ਵੀ ਸੇਵਾਵਾਂ ਨਿਭਾਈਆਂ। ਮੈਨੂੰ ਉਨ੍ਹਾਂ ਦਾ ਵਿਦਿਆਰਥੀ ਹੋਣ ਜਾਂ ਕੁਲੀਗ ਹੋਣ ਦਾ ਮਾਣ ਨਾ ਮਿਲ ਸਕਿਆ ਪਰ ਹੈਡਮਾਸਟਰ ਵਰਿਆਮ ਸਿੰਘ ਇੱਕ ਸਾਊ ਇਨਸਾਨ ਸੀ ਜਿਸਦੀ ਇਲਾਕੇ ਦੇ ਲੋਕ ਇਜ਼ਤ ਕਰਦੇ ਸਨ। ਮੈਨੂੰ ਉਸ ਸਕੂਲ ਵਿਚ ਕੁਝ ਸਾਲ ਬਤੌਰ ਪੰਜਾਬੀ ਲੈਕਚਰਾਰ ਪੜ੍ਹਾਉਣ ਦਾ ਮੌਕਾ ਮਿਲਿਆ। ਉਨ੍ਹਾਂ ਦਿਨਾਂ ਦੌਰਾਨ ਇੱਕ ਦਿਨ ਵਰਿਆਮ ਸਿੰਘ ਹੋਰੀਂ ਸਕੂਲ ਆਏ ਤੇ ਵਿਸ਼ੇਸ਼ ਤੌਰ 'ਤੇ ਆਪਣੇ ਵੇਲੇ ਬਣਵਾਏ ਲੱਕੜ ਦੇ ਮਜ਼ਬੂਤ ਡੈਸਕ ਵੇਖੇ ਜੋ ਥੋੜੀ ਬਹੁਤੀ ਮੁਰੰਮਤ ਨਾਲ ਵਰਤਣਯੋਗ ਹਾਲਤ ਵਿਚ ਸਨ। ਮੈਂ ਪ੍ਰਿਸੀਪਲ ਦੀ ਸਹਿਮਤੀ ਨਾਲ ਉਨ੍ਹਾਂ ਡੈਸਕਾਂ ਦੀ ਮੁਰੰਮਤ ਕਰਵਾਈ। ਅਜਿਹੇ ਇਨਸਾਨ ਦੇ ਬੇਟੇ ਸੁਖਦੇਵ ਸਿੰਘ ਝੰਡ ਦੀ ਜੀਵਨੀ ਉਪਰ ਉਨ੍ਹਾਂ ਦਾ ਬਹੁਤ

ਪ੍ਰਭਾਵ ਹੈ। ਅਜਿਹਾ ਉਨ੍ਹਾਂ ਦੇ ਅਗਲੇ ਚੈਪਟਰ 'ਮੇਰਾ ਘਰ ਪਰਿਵਾਰ'ਵਿਚ ਵੇਖਿਆ ਹੀ ਨਹੀਂ, ਮਹਿਸੂਸ ਵੀ ਕੀਤਾ ਜਾ ਸਕਦਾ ਹੈ। ਇਸੇ ਪ੍ਰਭਾਵ ਸਦਕਾ ਹੀ ਝੰਡ ਹੋਰਾਂ ਆਪਣੀਆਂ ਯਾਦਾਂ ਵਿਚ ਉਨ੍ਹਾਂ ਘਟਨਾਵਾਂ ਜਾਂ ਪਰਿਵਾਰਾਂ ਦਾ ਜ਼ਿਕਰ ਕਰਨਾ ਜ਼ਰੂਰੀ ਨਹੀਂ ਸਮਝਿਆ ਜਿਹੜੀਆਂ ਕਿਸੇ ਵਿਵਾਦ ਦਾ ਕਾਰਣ ਬਣ ਸਕਦੀਆਂ ਸਨ। ਉਨ੍ਹਾਂ ਆਪਣੇ ਚੇਤਿਆਂ ਦੇ ਉਹੋ ਨਕਸ਼ ਹੀ ਉਜਾਗਰ ਕੀਤੇ ਹਨ ਜਿਹੜੇ ਪਿੰਡ ਦਾ ਮਾਣ ਬਣਦੇ ਹਨ। ਪਿੰਡ ਦੇ ਸਰਪੰਚ, ਨੰਬਰਦਾਰ ਤੇ ਹੋਰ ਅਹਿਮ ਵਿਅਕਤੀਆਂ ਦਾ ਜ਼ਿਕਰ ਇਸਦੀ ਮਿਸਾਲ ਹਨ। ਪਿੰਡ ਦੀ ਨੌਜਵਾਨ ਸਭਾ ਵੱਲੋਂ ਕੀਤੇ ਕੰਮ ਵੀ ਪਿੰਡ ਦੇ ਮਾਣਮੱਤੇ ਛਿਣਾਂ ਦਾ ਚੇਤਾ ਹਨ। ਸਕੂਲ ਦੀ ਲਾਇਬ੍ਰੇਰੀ ਦਾ ਜ਼ਿਕਰ ਅਤੇ ਆਪਣੀਆਂ ਕਿਤਾਬਾਂ, 'ਪੰਜਾਬ ਦੇ ਲੋਕ-ਰੁੱਖ', 'ਸਾਡੇ ਰੁੱਖ', 'ਉੱਤਰੀ ਅਮਰੀਕਨ ਰੁੱਖ' ਅਤੇ ਕਵਿਤਾ ਦੀ ਕਿਤਾਬ, 'ਕਦੋਂ' ਦੀ ਗੱਲ ਕਰਦਿਆਂ ਉਹ ਆਪਣੇ ਸਕੂਲ, ਪਰਿਵਾਰ ਅਤੇ ਸਾਹਿਤਕ ਮਿੱਤਰਾਂ ਵੱਲੋਂ ਮਿਲੇ ਮਾਣ ਦੀ ਗੱਲ ਹੀ ਕਰ ਰਹੇ ਹਨ। ਇਸ ਉਸਾਰੂ ਸੋਚ ਪੂਰੀ ਪੁਸਤਕ ਵਿਚ ਵੇਖੀ ਜਾ ਸਕਦੀ ਹੈ। ਉਹ ਕਿਸੇ ਵੱਲੋਂ ਮਿਲੇ ਮਾਣ ਨੂੰ ਵਧਾਕੇ ਪੇਸ਼ ਕਰਦੇ ਹਨ ਅਤੇ ਹੋਈ ਅਣਦੇਖੀ ਦੀ ਬਹੁਤ ਜਲਦੀ ਅਣਦੇਖੀ ਕਰ ਦਿੰਦੇ ਹਨ। ਕਾਲਜ ਦੇ ਦਿਨਾਂ ਦੀ ਗੱਲ ਛੋਹਦਿਆਂ ਹੀ ਉਹ ਮੈਨੂੰ ਉਂਗਲ ਲਾ ਨਾਲ ਤੋਰ ਲੈਂਦੇ ਹਨ। ਮੈਂ ਵੀ ਦਸਵੀਂ ਤੋਂ ਬਾਅਦ ਡੀ.ਏ.ਵੀ.ਕਾਲਜ ਅੰਮ੍ਰਿਤਸਰ ਵਿਚ ਨਾਨ-ਮੈਡੀਕਲ ਵਿਚ ਦਾਖਲਾ ਲੈ ਲਿਆ ਸੀ। ਉਸ ਕਾਲਜ ਵਿਚ ਜਿਸ ਬੇਗਾਨਗੀ ਦਾ ਅਹਿਸਾਸ ਝੰਡ ਸਾਹਿਬ ਨੇ ਹੰਢਾਇਆ, ਉਹ ਮੈਨੂੰ ਵੀ ਹੰਢਾਉਣਾ ਪਿਆ। ਫਰਕ ਇਹ ਰਿਹਾ ਕਿ ਝੰਡ ਸਾਹਿਬ ਨੇ ਕਾਲਜ ਬਦਲ ਲਿਆ ਪਰ ਮੈਨੂੰ ਆਪਣੀ ਬੀ.ਐਸ.ਸੀ. ਉਥੋਂ ਹੀ ਕਰਨੀ ਪਈ। ਝੰਡ ਸਾਹਿਬ ਨੂੰ ਖਾਲਸਾ ਕਾਲਜ ਵਿਚ ਮਿਲਿਆ ਵਧੀਆ ਮਹੌਲ ਤੇ ਪਿਆਰ ਲੱਖਾਂ ਵਿਦਿਆਰਥੀਆਂ ਦੇ ਚੇਤਿਆਂ ਸਾਂਭਿਆ ਮਾਣ ਹੈ। ਖਾਲਸਾ ਕਾਲਜ ਤੋਂ ਬਾਅਦ ਅਗਲੇਰੀ ਪੜ੍ਹਾਈ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਜਾਣਾ ਸੁਖਦੇਵ ਸਿੰਘ ਝੰਡ ਦੇ ਜੀਵਨ ਦਾ ਇੱਕ ਹੋਰ ਮਾਣਮੱਤਾ ਸਫ਼ਰ ਹੈ। ਉਸ ਯੂਨੀਵਰਸਿਟੀ ਵਿਚ ਡਾ.ਐਮ.ਐਸ.ਰੰਧਾਵਾ ਦੇ ਬਤੌਰ ਵਾਈਸ ਚਾਂਸਲਰ ਕੀਤੇ ਮਾਣਮੱਤੇ ਕੰਮਾਂ ਦਾ ਜ਼ਿਕਰ, ਡਾ.ਐਮ.ਐਸ. ਰੰਧਾਵਾ ਲਾਇਬ੍ਰੇਰੀ ਦਾ ਨਿਰਮਾਣ ਅਤੇ ਇਸ ਬਹਾਨੇ ਭਾਰਤ-ਪਾਕਿ ਵੰਡ ਤੋਂ ਬਾਅਦ ਸ਼ਰਨਾਰਥੀਆਂ ਦੇ ਮੁੜ-ਵਸੇਬੇ ਵੇਲੇ ਡਾ. ਰੰਧਾਵਾ ਵੱਲੋਂ ਕੀਤੇ ਸ਼ਲਾਘਾਯੋਗ ਕੰਮ ਦਾ ਜ਼ਿਕਰ ਇਸ ਪੁਸਤਕ ਦਾ ਮਹੱਤਵਪੂਰਣ ਅਧਿਆਇ ਹੈ। ਇਸੇ ਅਧਿਆਇ ਵਿਚ ਲੇਖਕ ਦੀ ਸਿਰਮੌਰ ਕਵੀ ਪ੍ਰੋ. ਮੋਹਨ ਸਿੰਘ ਅਤੇ ਸੁਰਜੀਤ ਪਾਤਰ ਨਾਲ ਮੁਲਾਕਾਤ ਦਾ ਵਿਸ਼ੇਸ਼ ਮਹੱਤਵ ਹੈ। ਅਜਿਹੀਆਂ ਮਿਲਣੀਆਂ ਦਾ ਜ਼ਿਕਰ ਲੇਖਕ ਅੰਦਰ ਪਨਪ ਰਹੀ ਸਾਹਿਤ ਦੀ ਰੁਚੀ ਦੀ ਗਵਾਹੀ ਭਰਦਾ ਹੈ। ਮੋਗਾ ਗੋਲੀ ਕਾਂਡ ਪੰਜਾਬ ਵਿਚ

ਵਿਦਿਆਰਥੀ ਸ਼ੰਘਰਸ਼ਾਂ ਨਾਲ ਜੁੜਿਆ ਇਕ ਮਹੱਤਵਪੂਰਨ ਕਾਂਡ ਹੈ ਜਿਸ ਵਿਚ ਲੇਖਕ ਵੀ ਸ਼ਾਮਲ ਰਿਹਾ ਹੈ। ਇਸ ਕਾਂਡ ਦਾ ਜ਼ਿਕਰ ਪੜ੍ਹਨਾ ਪਾਠਕ ਲਈ ਦਿਲਚਸਪੀ ਵਾਲੀ ਗੱਲ ਹੋਵੇਗੀ।

**ਨੌਕਰੀ ਲਈ ਸੰਘਰਸ਼** : ਨੌਕਰੀ ਲਈ ਸ਼ੰਘਰਸ਼ ਪੜ੍ਹਦਿਆਂ ਸਮਝ ਆਉਂਦੀ ਹੈ ਕਿ ਬੇਰੁਜ਼ਗਾਰੀ ਉਨ੍ਹਾਂ ਸਮਿਆਂ ਵਿਚ ਵੀ ਸੀ। ਐਮ.ਐਸ.ਸੀ. ਕਰਨ ਤੋਂ ਬਾਅਦ ਵੀ ਆਪਣੀ ਕੁਆਲੀਫੀਕੇਸ਼ਨ ਤੋਂ ਵੀ ਹੇਠਲੀ ਪੋਸਟ ਲਈ ਜਦੋਜਹਿਦ ਕਰਨੀ, ਕੋਈ ਸ਼ਿਫਾਰਸ਼ ਨਾ ਹੋਣੀ ਜਾਂ ਰਿਸ਼ਵਤ ਨਾ ਦੇ ਸਕਣੀ ਹੇਠਲੀ ਮੱਧਸ਼੍ਰੇਣੀ ਦੇ ਬੱਚਿਆਂ ਦਾ ਦੁਖਾਂਤ ਰਿਹਾ ਹੈ ਜਿਸ ਦੀ ਪੀੜਾ ਹੁਣ ਦੀ ਪੀੜ੍ਹੀ ਵੀ ਹੰਢਾ ਰਹੀ ਹੈ। ਅਜਿਹੇ ਸਿਸਟਮ ਤੋਂ ਪੀੜਤ ਬੱਚੇ ਹੀ ਮੋਟੀਆਂ ਰਕਮਾਂ ਖ਼ਰਚ ਕਰਕੇ ਕੈਨੇਡਾ, ਆਸਟ੍ਰੇਲੀਆ ਅਤੇ ਹੋਰ ਦੇਸ਼ਾਂ ਵੱਲ ਵਹੀਰਾਂ ਘੱਤ ਰਹੇ ਹਨ। ਇਸੇ ਬੇਰੁਜ਼ਗਾਰੀ ਦਾ ਝੰਬਿਆ ਲੇਖਕ ਲਾਇਬ੍ਰੇਰੀ ਸਾਇੰਸ ਦਾ ਕੋਰਸ ਕਰਨ ਵੱਲ ਅਹੁਲਦਾ ਹੈ। ਖੈਰ !ਤਸੱਲੀ ਵਾਲੀ ਗੱਲ ਇਹ ਹੈ ਕਿ ਇਸ ਖੇਤਰ ਦੇ ਡਿਪਲੋਮੇ, ਡਿਗਰੀਆਂ ਕਰ ਲੈਣ ਤੋਂ ਬਾਅਦ ਲੇਖਕ ਦੇ ਸੰਘਰਸ਼ ਦਾ ਸਿੱਟਾ ਸੁਖਮਈ ਨਿਕਲਦਾ ਹੈ। ਖਾਸ ਕਰਕੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਲਾਇਬ੍ਰੇਰੀ ਵਿਚ ਨੌਕਰੀ ਕਰਨੀ ਜਿਸ ਦੌਰਾਨ ਪਹਿਲਾਂ ਐੱਮ.ਐੱਲ.ਆਈ.ਐੱਸ.ਦੀ ਡਿਗਰੀ ਕਰਨੀ ਤੇ ਫਿਰ ਪੀ.ਐੱਚ ਡੀ.ਦਾ ਖੋਜ ਕਾਰਜ ਨੇਪਰੇ ਚਾੜ੍ਹਨਾ ਯੂਨਵਿਰਸਿਟੀ ਵਿਚ ਰਹਿੰਦਿਆਂ ਹੀ ਸੰਭਵ ਹੋ ਸਕਣਾ ਸੀ। ਬਾਕੀ ਝੰਡ ਸਾਹਿਬ ਦੀ ਮਿਹਨਤ ‘ਤੇ ਵੀ ਮਾਣ ਕਰਨ ਨੂੰ ਜੀਅ ਕਰਦਾ ਹੈ। ਝੰਡ ਸਾਹਿਬ ਨੇ ਆਪਣੀ ਜੀਵਨੀ ਲਿਖਦਿਆਂ ਯਾਦਾਂ ਦੇ ਜਿੰਨ੍ਹੇ ਸੂਖ਼ਮ ਵੇਰਵੇ ਦਿੱਤੇ ਹਨ, ਪੜ੍ਹ ਕੇ ਹੈਰਾਨੀ ਹੁੰਦੀ ਹੈ। ਆਪਣੇ ਨਾਲ ਪੜ੍ਹਦੇ ਦੋਸਤਾਂ ਨੇ ਨਾਂ, ਅਧਿਆਪਕਾਂ ਦੇ ਨਾਂ ਅਤੇ ਘਟਨਾਵਾਂ ਦੇ ਮਹੀਨ ਵੇਰਵੇ ਦੱਸਦੇ ਹਨ ਕਿ ਜਾਂ ਤਾਂ ਝੰਡ ਸਾਹਿਬ ਦੀ ਯਾਦਆਸਤ ਕਮਾਲ ਦੀ ਐ ਜਾਂ ਫਿਰ ਰੋਜ਼ਾਨਾ ਡਾਇਰੀ ਲਿਖਦੇ ਰਹੇ ਹਨ। ਜੋ ਵੀ ਹੈ ਇਸ ਕਲਾ ਨੇ ਪੁਸਤਕ ਵਿਚਲੀ ਵਾਰਤਕ ਨੂੰ ਦਿਲਚਸਪ ਅਤੇ ਜਾਣਕਾਰੀ ਭਰਪੂਰ ਬਣਾ ਦਿੱਤਾ ਹੈ। ਇਹ ਵੇਰਵੇ ਨਿਰੇ ਝੰਡ ਦੀ ਜ਼ਿੰਦਗੀ ਦਾ ਬਿਰਤਾਂਤ ਨਹੀਂ ਰਹਿੰਦੇ ਸਗੋਂ ਸਮੁੱਚੇ ਸਿਸਟਮ ਵਿਚਲੇ ਵਿਗਾੜਾਂ ਦੇ ਪਰਦੇ ਫਰੋਲਦੇ ਹਨ ਅਤੇ ਮਨੁੱਖੀ ਸੰਘਰਸ਼ ਦੇ ਸਹਿਜ ਨਕਸ਼ਾਂ ਨੂੰ ਵੀ ਉਜਾਗਰ ਕਰਦੇ ਹਨ। ਇਹ ਸੰਘਰਸ਼ ਅਜਿਹੀ ਨਿੱਜੀ ਜੰਗ ਹੈ ਜਿਹੜੀ ਮੱਧ-ਸ਼੍ਰੇਣੀ ਦਾ ਹਰ ਵਿਅਕਤੀ ਲੜ ਰਿਹਾ ਹੈ ਅਤੇ ਵਿਰੋਧ ਵੀ ਆਪਣੀ ਹੀ ਸ਼੍ਰੇਣੀ ਦੇ ਸਿਸਟਮ ਵਿਚੋਂ ਪੈਦਾ ਹੋ ਰਿਹਾ ਹੈ। ਇਸ ਵਾਰਤਕ ਦੀ ਦੂਜੀ ਵੱਡੀ ਖ਼ੂਬੀ ਇਹ ਹੈ ਕਿ ਇਹ ਨਿਰਉਚੇਚ ਲਿਖੀ ਵਾਰਤਕ ਹੈ ਅਤੇ ਘਟਨਾਵਾਂ ਦੇ ਸਹਿਜ ਵਰਣਨ ਦੇ ਧੁਰ ਅੰਦਰ ਕਿਤੇ ਕਾਰਣਾਂ ਦੇ ਸਬੱਬ ਸ਼ੋਰ ਰਹਿਤ ਸ਼ਬਦਾਂ ਅੰਦਰ ਪਏ ਹਨ।

**ਕੈਨੇਡਾ ਦਾ ਤਲਿੱਸਮ** : ਪੰਜਾਬੀਆਂ ਅੰਦਰ ਕੈਨੇਡਾ ਪਹੁੰਚਣ ਦੀ ਹੋੜ ਅੱਜ-ਕੱਲ ਸਿਖ਼ਰਾਂ ‘ਤੇ ਹੈ। ਇਕੱਵੀਂ ਸਦੀ ਦੇ ਆਰੰਭਲੇ ਵਰ੍ਹੇ ਝੰਡ ਪਰਿਵਾਰ ਅੰਦਰ ਵੀ

ਇਸ ਦੌੜ 'ਚ ਸ਼ਾਮਲ ਹੋ ਕੇ ਕੈਨੇਡਾ ਪਹੁੰਚਦਾ ਹੈ। ਇੰਝ ਮੇਰੇ ਗਵਾਂਢੀ ਪਿੰਡ ਚੌਹਾਨ ਤੋਂ ਬਰੈਂਪਟਨ ਪਹੁੰਚੇ ਝੰਡ ਦੀ ਜ਼ਿੰਦਗੀ ਦਾ ਨਵਾਂ ਅਧਿਆਇ ਸ਼ੁਰੂ ਹੁੰਦਾ ਹੈ। ਇਮੀਗਰੇਸ਼ਨ ਅਪਲਾਈ ਕਰਨ ਤੋਂ ਲੈ ਕੇ ਬਰੈਂਪਟਨ ਪਹੁੰਚਣ ਤੇ ਫਿਰ ਜੌਬ ਹਾਸਲ ਕਰਨ ਲਈ ਝੰਡ ਦੇ ਸੁਭਾਅ ਵਾਂਗ ਨਾ ਮਹੀਨ ਵੇਰਵੇ ਸਾਥ ਛੱਡਦੇ ਹਨ ਨਾ ਸ਼ੰਘਰਸ਼। ਪੀ.ਐੱਚ.ਡੀ. ਹੋਲਡਰ ਆਦਮੀ ਜਿਹੜਾ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਲਾਇਬ੍ਰੇਰੀ ਵਿਚ ਸਤਿਕਾਰਤ ਅਹੁਦੇ ਦਾ ਮੁਲਾਜ਼ਮ ਹੋਵੇ, ਨੂੰ ਕੈਨੇਡਾ ਦੇ ਵੇਅਰ ਹਾਊਸ ਵਿਚ  ਲੇਬਰ ਦੀ ਜੌਬ ਕਰਨੀ ਪਵੇ ਤਾਂ ਸਾਡੇ ਮਨਾਂ 'ਚ ਪਾਲੇ ਬਹੁਤ ਸਾਰੇ ਭਰਮ ਭੁਲੇਖੇ ਦੂਰ ਹੋ ਜਾਣੇ ਚਾਹੀਦੇ ਸਨ। ਇਸ ਪੁਸਤਕ ਨੂੰ ਪੜ੍ਹਦਿਆਂ ਪੰਜਾਬੀ ਮਨਾਂ 'ਚ ਪਾਲੇ ਸੁਪਨੇ ਅਤੇ ਸਵਰਗ ਦਾ ਭਰਮ ਪਾਰਦਰਸ਼ੀ ਜਰੂਰ ਹੁੰਦੇ ਹਨ, ਤਲਿਸਮ ਨਹੀਂ ਘਟਦਾ। ਅੱਜ ਵੀ ਸਟੱਡੀ ਦੇ ਬਹਾਨੇ ਕੈਨੇਡਾ ਵੱਲ ਜਾਂਦੇ ਜਹਾਜ ਪੰਜਾਬੀ ਪਾੜ੍ਹਿਆਂ ਨਾਲ ਭਰੇ ਜਾਂਦੇ ਹਨ।

**ਅਮਰੀਕਾ ਨਾਲ ਕੁੜਮਾਚਾਰੀ** : ਝੰਡ ਸਾਹਿਬ ਦੀ ਬੇਟੀ ਦੀ ਸ਼ਾਦੀ ਅਮਰੀਕਾ ਵੱਸੇ ਲੜਕੇ ਨਾਲ ਹੋਣ ਕਾਰਣ ਝੰਡ ਦੀ ਸਵੈ-ਜੀਵਨੀ ਵਿਚ ਇੱਕ ਹੋਰ ਅਧਿਆਇ ਜੁੜ ਜਾਂਦਾ ਹੈ। ਇਸ ਸਬੱਬ ਅਮਰੀਕਾ ਦੀ ਫੇਰੀ ਤੇ ਓਥੋਂ ਦੇ ਵੱਖ ਵੱਖ ਸ਼ਹਿਰਾਂ ਵਿਚ ਵੇਖਣਯੋਗ ਥਾਵਾਂ ਦੇ ਦਿਲਚਸਪ ਵੇਰਵੇ ਪੁਸਤਕ ਦੇ ਅਗਲੇ ਪੰਨਿਆਂ ਦੀ ਸ਼ੋਭਾ ਬਣਦੇ ਹਨ। ਸਮੁੰਦਰ ਦੇ ਕੰਢੇ ਵੱਸਿਆ ਸ਼ਹਿਰ ਬੋਮੌਂਟ, ਜੂਏ ਦਾ ਸ਼ਹਿਰ ਲੇਕ ਚਾਰਲਸ, ਟੈੱਕਸਾਸ ਦੇ ਸ਼ਹਿਰ ਗੈਲਵੈੱਸਟਨ ਤੇ ਹੂਸਟਨ, ਸੈਲਾਨੀਆਂ ਦੇ ਸ਼ਹਿਰ ਸੈਨ ਐਨਟੋਨੀਓ, ਰਿਵਰ ਵਾਕ, ਐਲਮੋ ਮਿਊਜ਼ੀਅਮ, ਕੋਮਲ ਕਾਉਂਟੀ ਗੁਫ਼ਾ ਅਤੇ ਅਮਰੀਕਾ ਦਾ ਜੌਹਨਸਨ ਸਪੇਸ ਸੈਂਟਰ 'ਨਾਸਾ' ਸਮੇਤ ਕੁਝ ਹੋਰ ਸ਼ਹਿਰਾਂ ਅਤੇ ਥਾਵਾਂ ਦੀ ਗੇੜੀ ਦਾ ਜਿਕਰ ਇੱਕ ਦਿਲਚਸਪ ਯਾਤਰਾ ਪ੍ਰਸੰਗ ਸਿਰਜਦਾ ਹੈ। ਲੇਖਕ ਇਨ੍ਹਾਂ ਥਾਵਾਂ ਦੀ ਮਹੱਤਤਾ ਦੇ ਵੱਖ ਵੱਖ ਕਾਰਣ ਦਰਜ ਕਰਦਿਆਂ ਆਪਣੀ ਭਾਸ਼ਾ ਨੂੰ ਕਿਤੇ ਵੀ ਅਕਾਊ ਨਹੀਂ ਹੋਣ ਦਿੰਦਾ। ਅਮਰੀਕਾ ਦੀਆਂ ਅਗਲੀਆਂ ਫੇਰੀਆਂ ਦੌਰਾਨ ਝੰਡ ਸਾਹਿਬ ਜਿੰਨ੍ਹਾਂ ਸ਼ਹਿਰਾਂ, ਥਾਵਾਂ ਦੀ ਯਾਤਰਾ ਕਰਦੇ ਹਨ ਉਨ੍ਹਾਂ ਵਿੱਚ ਲਾਸ ਵੇਗਾਸ ਜਿਸ ਨੂੰ ਉਹ ਰੌਸ਼ਨੀਆਂ ਅਤੇ ਕੈਸੀਨੋਆਂ ਦਾ ਸ਼ਹਿਰ ਲਿਖਦੇ ਹਨ, ਦਾ ਵਿਸ਼ੇਸ਼ ਤੌਰ 'ਤੇ ਜ਼ਿਕਰ ਹੈ।

**ਮੁਹੰਮਦ ਅਨਵਰ ਤੇ ਜ਼ਹੂਰ ਹੁਸੈਨ** :  ਸੰਤਾਲੀ ਦੀ ਵੰਡ ਵੇਲੇ ਪਾਕਿਸਤਾਨ ਤੋਂ ਉੱਜੜ ਕੇ ਆਏ ਲੋਕਾਂ ਦੀ ਆਪਣੀ ਪਿੱਛੇ ਰਹਿ ਗਈ ਭੂਮੀ ਤੇ ਦੋਸਤੀ ਨਾਲ ਭਾਵੁਕ ਸਾਂਝ ਹੈ। ਪਾਕਿਸਤਾਨ ਤੋਂ ਪੁਰਾਣੇ ਪਿੰਡ ਚੱਕ ਨੰਬਰ 202 ਦੇ ਦੋ ਮਹਿਮਾਨ ਦੋਸਤਾਂ ਦੀ ਫੇਰੀ ਇਸ ਪੁਸਤਕ ਦਾ ਇੱਕ ਮਹੱਤਵਪੂਰਣ ਅਧਿਆਇ ਬਣਦਾ ਹੈ। ਜਿੱਥੇ ਝੰਡ ਦੇ ਪਿਤਾ ਜੀ ਆਪਣੇ ਪੁਰਾਣੇ ਪਿੰਡ ਤੋਂ ਆਏ ਦੋਸਤਾਂ ਨੂੰ ਮਿਲ ਕੇ ਖ਼ੁਸ਼ ਹੁੰਦੇ ਹਨ ਉਥੇ ਮੁਹੰਮਦ ਅਨਵਰ ਦੀ ਤਬੀਅਤ ਅਚਾਨਕ ਖਰਾਬ ਹੋਣਾ ਤੇ ਫਿਰ ਇੰਤਕਾਲ ਹੋ ਜਾਣ

ਵਰਗੀ ਉਦਾਸ ਘਟਨਾ ਵੀ ਵਾਪਰਦੀ ਹੈ। ਵਿਛੋੜਾ ਦੇ ਗਏ ਮੁਹੰਮਦ ਅਨਵਰ ਦੇ ਆਖਰੀ ਸਫ਼ਰ ਦੀ ਤਿਆਰੀ ਦਾ ਬਿਰਤਾਂਤ ਮਨੁੱਖਤਾ ਅੰਦਰ ਬਚੀ ਸੰਵੇਦਨਸ਼ੀਲਤਾ ਦੀ ਮਿਸਾਲ ਹੈ। ਵਿਸੜੇ ਸਾਥੀ ਦੀ ਦੇਹ ਨੂੰ ਪਾਕਿਸਤਾਨ ਦੀ ਧਰਤੀ ਦੇ ਸਪੁਰਦ ਕਰਨ ਦੀ ਸਮੁੱਚੀ ਪ੍ਰਕਿਰਿਆ ਨੂੰ ਜਿਸ ਦ੍ਰਵਿਤ ਭਾਸ਼ਾ 'ਚ ਪੇਸ਼ ਕੀਤਾ ਗਿਆ ਹੈ, ਉਸ ਨੂੰ ਪੜ੍ਹਦਿਆਂ ਪਾਠਕ ਦੀਆਂ ਅੱਖਾਂ ਬਾਰ ਬਾਰ ਨਮ ਹੁੰਦੀਆਂ ਹਨ। ਇੰਝ ਹੀ ਝੰਡ ਦੇ ਮਾਤਾ-ਪਿਤਾ ਦਾ ਵਿਛੋੜਾ ਪੜ੍ਹਦਿਆਂ ਲੇਖਕ ਨਾਲੋਂ ਪਾਠਕ ਵੱਧ ਭਾਵੁਕ ਹੁੰਦੇ ਹਨ। ਲੇਖਕ ਤਾਂ ਆਪਣੀ ਭਾਵੁਕਤਾ ਕਵਿਤਾਵਾਂ ਲਿਖ ਕੇ ਜ਼ਾਹਰ ਕਰਦਾ ਹੈ। ਕਵਿਤਾ ਕਵੀ ਕੋਲ ਇੱਕ ਹਥਿਆਰ ਹੁੰਦਾ ਹੈ ਜਿਸ ਨੂੰ ਉਹ ਦੁੱਖ ਦੀ ਘੜੀ, ਮੁਹੱਬਤ ਦੇ ਛਿਣਾਂ 'ਚ ਤੇ ਇਕੱਲਤਾ ਹੰਡਾਉਂਦਿਆਂ ਵਰਤਦਾ ਹੈ। ਕਵਿਤਾ ਕਵੀ ਦੀ ਨਿੱਜੀ ਜ਼ਿੰਦਗੀ ਦੇ ਬਹੁਤ ਸਾਰੇ ਓਹਲੇ ਵੀ ਸਾਕਾਰ ਕਰਦੀ ਹੈ। ਇਸ ਪੁਸਤਕ ਵਿਚ ਸ਼ਾਮਲ ਕਵਿਤਾਵਾਂ ਝੰਡ ਦੇ ਨਿੱਜੀ ਰਿਸ਼ਤਿਆਂ ਪ੍ਰਤੀ ਸਨੇਹ ਨੂੰ ਸਾਕਾਰ ਕਰਦੇ ਸੂਖ਼ਮ ਅਹਿਸਾਸ ਹਨ।

**ਪੱਤਰਕਾਰੀ ਤੇ ਝੰਡ** : ਕੈਨੇਡਾ ਵਿਚ ਛਪਦੇ ਸਪਤਾਹਿਕ ਅਖਬਾਰਾਂ ਵਿਚ ਇੱਕ 'ਸਿੱਖ ਸਪੋਕਸਮੈਨ' ਨਾਲ ਸੁਖਦੇਵ ਸਿੰਘ ਝੰਡ ਪੱਕੇ ਤੌਰ 'ਤੇ ਜੁੜੇ ਹਨ। ਇਸ ਅਖਬਾਰ ਨਾਲ ਜੁੜਨ ਦਾ ਸਬੱਬ ਵੀ ਉਨ੍ਹਾਂ ਬੜੇ ਵਿਸਥਾਰ 'ਚ ਦੱਸਿਆ ਹੈ। ਇਸ ਤੋਂ ਬਿਨ੍ਹਾਂ ਉਨ੍ਹਾਂ ਬਰੈਂਪਟਨ ਵਿਚ ਰਹਿੰਦੇ ਕੁਝ ਹੋਰ ਸਾਹਿਤਕ ਦੋਸਤਾਂ ਨਾਲ ਮਿਲ ਕੇ 'ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ' ਨਾਂ ਦੀ ਇੱਕ ਸੰਸਥਾ ਬਣਾਈ ਹੈ ਜਿਹੜੀ ਪਿੱਛਲੇ ਅੱਠ ਕੁ ਸਾਲਾਂ ਤੋਂ ਬਕਾਇਦਗੀ ਨਾਲ ਆਪਣੀਆਂ ਸਰਗਰਮੀਆਂ ਕਰ ਰਹੀ ਹੈ। ਪੰਜਾਬੀ ਸਾਹਿਤ ਦੇ ਬਹੁਤ ਸਾਰੇ ਜਾਣੇ ਪਛਾਣੇ ਨਾਂ ਇਸ ਸੰਸਥਾ ਦੇ ਅਹੁਦੇਦਾਰ ਹਨ। ਝੰਡ ਹੋਰਾਂ ਕੋਲ ਸੰਸਥਾ ਦੀਆਂ ਹੋਰ ਜੁਮੇਵਾਰੀਆਂ ਤੋਂ ਇਲਾਵਾ 'ਸਿੱਖ ਸਪੋਕਸਮੈਨ' ਨਾਲ ਜੁੜੇ ਹੋਣ ਕਾਰਣ ਸਮਾਗਮਾਂ ਦੇ ਵਿਸਥਾਰ ਵਿਚ ਪਰੈੱਸ-ਨੋਟ ਤਿਆਰ ਕਰਕੇ ਛਪਵਾਉਣੇ ਵੀ ਉਨ੍ਹਾਂ ਦੀਆਂ ਜੁਮੇਵਾਰੀਆਂ ਦਾ ਹੀ ਹਿੱਸਾ ਹਨ। ਇਸ ਸੰਸਥਾ ਤੋਂ ਇਲਾਵਾ ਬਰੈਂਪਟਨ ਵਿਚ 'ਪੰਜਾਬੀ ਕਲਮਾਂ ਦਾ ਕਾਫ਼ਲਾ', 'ਕਲਮ ਫਾਊਡੇਸ਼ਨ', 'ਗ਼ਜ਼ਲ, ਗੀਤ ਸ਼ਾਇਰੀ', 'ਰਾਮਗੜੀਆ ਸਾਹਿਤ ਸਭਾ', 'ਪੰਜਾਬੀ ਸਭਿਆਚਾਰਕ ਮੰਚ' ਸਮੇਤ ਕੁਝ ਹੋਰ ਸੰਸਥਾਵਾਂ ਵੀ ਸਰਗਰਮ ਹਨ। ਸੁਖਦੇਵ ਸਿੰਘ ਝੰਡ ਇਨ੍ਹਾਂ ਸਾਰੀਆਂ ਸੰਸਥਾਵਾਂ ਨਾਲ ਜੁੜਿਆ ਹੈ। ਇਨ੍ਹਾਂ ਸਮਾਗਮਾਂ ਵਿਚ ਵਰਿਆਮ ਸਿੰਘ ਸੰਧੂ, ਪ੍ਰਿ. ਸਰਵਣ ਸਿੰਘ, ਪੂਰਨ ਸਿੰਘ ਪਾਂਧੀ, ਕ੍ਰਿਪਾਲ ਸਿੰਘ ਪੰਨੂ, ਸੁਰਜਣ ਸਿੰਘ ਜ਼ੀਰਵੀ, ਨਵਤੇਜ ਭਾਰਤੀ, ਬਲਰਾਜ ਚੀਮਾ, ਸੁਰਜੀਤ, ਜਗੀਰ ਸਿੰਘ ਕਾਹਲੋਂ, ਪ੍ਰਮਜੀਤ ਦਿਓਲ ਸਮੇਤ ਬਹੁਤ ਸਾਰੇ ਦੋਸਤਾਂ ਨੂੰ ਮਿਲਣ ਦਾ ਮੌਕਾ ਮਿਲਦਾ ਰਹਿੰਦਾ ਹੈ। ਇਨ੍ਹਾਂ ਸਾਹਿਤਕ ਮਹਿਫ਼ਲਾਂ ਦੀ ਰੌਣਕ ਦਾ ਆਨੰਦ ਮਾਣ ਰਹੇ ਝੰਡ ਨੂੰ ਹੁਣ ਕੈਨੇਡਾ ਅਪਣੱਤ ਨਾਲ ਮਿਲਦਾ ਹੈ। ਇਹ ਉਸਦੀ ਚੌਹਾਨ ਤੋਂ ਬਰੈਂਪਟਨ ਤਕ ਦੀਆਂ ਯਾਦਾਂ ਦਾ ਨਿੱਘਾ ਅਨੁਭਵ ਹੈ। ਪੱਤਰਕਾਰੀ ਨਾਲ

ਨੇੜਿਉਂ ਜੁੜਿਆ ਹੋਣ ਕਾਰਣ ਉਹ ਨਿੱਤ ਕੋਈ ਨਵਾਂ ਚੇਤਾ, ਤਜ਼ਰਬਾ, ਅਨੁਭਵ ਕਾਗਜ਼ਾਂ ਦੇ ਹਵਾਲੇ ਕਰਦਾ ਰਹਿੰਦਾ ਹੈ। 'ਪੱਤੇ ਤੇ ਪਰਛਾਵੇਂ' ਲਈ ਮੁਬਾਰਕਬਾਦ ਦਿੰਦਿਆਂ ਸਾਨੂੰ ਉਸ ਕੋਲੋਂ ਹੋਰ ਬਿਹਤਰ ਲਿਖਤਾਂ ਦੀ ਆਸ ਬਣਾਈ ਰੱਖਣੀ ਚਾਹੀਦੀ ਹੈ।

❑❑❑

# ਡਾ. ਸੁਖਦੇਵ ਸਿੰਘ ਝੰਡ ਦੇ ਸਫ਼ਰਨਾਮੇ ‘ਪੁਰਖ਼ਿਆ ਦਾ ਦੇਸ’ ਸੰਗ ਸਫ਼ਰ ਕਰਦਿਆਂ

ਸੁਖਦੇਵ ਸਿੰਘ ਝੰਡ ਕੈਨੇਡਾ ਦੇ ਸ਼ਹਿਰ ਬਰੈਂਪਟਨ ਵਿੱਚ ਵੱਸਦਾ ਸੁਹਿਰਦ ਇਨਸਾਨ ਹੈ ਜੋ ਪੰਜਾਬੀ ਸਾਹਿਤ ਨੂੰ ਸਮਰਪਿਤ ਲੇਖਕ ਹੈ। ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੀ ਲਾਇਬ੍ਰੇਰੀ ਵਿੱਚ ਨੌਕਰੀ ਕਰਦਿਆਂ ਉਸਦਾ ਕਿਤਾਬਾਂ ਨਾਲ਼ ਅਟੁੱਟ ਰਿਸ਼ਤਾ ਬਣ ਗਿਆ ਜੋ ਹੁਣ ਤੱਕ ਨਿਰੰਤਰ ਬਣਿਆ ਹੋਇਆ ਹੈ। ਉਹ ਜੀਵਨ ਦੇ ਵੱਖ-ਵੱਖ ਅਨੁਭਵਾਂ ਨੂੰ ਸ਼ਬਦਾਂ’ਚ ਸਾਂਭਦਾ ਹੈ, ਪੁਸਤਕਾਂ ਛਪਵਾਉਂਦਾ ਹੈ ਅਤੇ ਦੋਸਤਾਂ ਦੀਆਂ ਕਿਤਾਬਾਂ ਪੜ੍ਹਦਾ ਤੇ ਸਾਰਥਿਕ ਟਿੱਪਣੀਆਂ ਕਰਦਾ ਹੈ। ਇਹ ਉਸਦਾ ਜੀਵਨ ਵਿਹਾਰ ਹੈ। ਸਾਹਿਤਕ ਸਮਾਗਮਾਂ ਦੀ ਵਿਸਥਾਰਤ ਰਿਪੋਰਟ ਲਿਖਣੀ ਤੇ ਵੱਖ-ਵੱਖ ਅਖ਼ਬਾਰਾਂ ਵਿੱਚ ਛਪਵਾਉਣੀ ਉਸਦਾ ਇੱਕ ਹੋਰ ਸਾਹਿਤਕ ਰੁਝੇਵਾਂ ਹੈ। ਉਸਦੀ ਸਵੈ-ਜੀਵਨੀ ‘ਪੱਤੇ ਤੇ ਪ੍ਰਛਾਵੇਂ’ ਅਤੇ ਵਾਰਤਕ ਦੀ ਪੁਸਤਕ ‘ਸਰੋਕਾਰ ਤੇ ਸ਼ਖ਼ਸੀਅਤਾਂ’ ਚਰਚਿਤ ਪੁਸਤਕਾਂ ਹਨ।

ਝੰਡ ਦੀ ਸਵੈ-ਜੀਵਨੀ ਤੋਂ ਬਾਅਦ ਦੀ ਜੀਵਨੀ ਵਿੱਚ ਵੀ ਬੜਾ ਕੁਝ ਸਾਂਭਣਯੋਗ ਵਾਪਰਦਾ ਰਹਿੰਦਾ ਹੈ। ਅਜਿਹਾ ਹੀ ਇੱਕ ਸਬੱਬ ਬਣਦਾ ਹੈ ਜਦ ਉਹ ਪਰਿਵਾਰ ਸਮੇਤ ਦੋ ਹਫ਼ਤਿਆਂ ਦੀ ਪਾਕਿਸਤਾਨ ਦੀ ਯਾਤਰਾ ‘ਤੇ ਜਾਂਦਾ ਹੈ। ਪਾਕਿਸਤਾਨ ਉਸਦੇ ਪੁਰਖਿਆਂ ਦਾ ਦੇਸ ਹੈ। ਇਥੋਂ ਦੀ ਯਾਤਰਾ ਕਰਨੀ ਉਸਦੇ ਜੀਵਨ ਦੀ ਵੱਡੀ ਪ੍ਰਾਪਤੀ ਹੈ। ਦੋ ਹਫ਼ਤਿਆਂ ਦੀ ਇਸ ਯਾਤਰਾ ਦੇ ਅਨੁਭਵ ਉਸਦਾ ਸਫ਼ਰਨਾਮਾ ਪੁਰਖ਼ਿਆਂ ਦਾ ਦੇਸ ਵਿੱਚ ਸਾਂਭੇ ਜਾਂਦੇ ਹਨ। ਇਸ ਪੁਸਤਕ ਨੂੰ ਵਰਿਆਮ ਸਿੰਘ ਸੰਧੂ ਨੇ ਪਥਰਾਏ ਮਨਾਂ ਨੂੰ ਪਿਘਲਾਉਣ ਵਾਲ਼ੀ ਲਿਖਤ ਕਿਹਾ ਹੈ। ਇਹ ਵੰਡ ਦਾ ਦਰਦ ਸਾਂਭੀ ਬੈਠੇ ਲੋਕਾਂ ਦੇ ਹਿਰਦੇ ਦੀ ਚੀਸ ਨੂੰ ਦਰਸਾਉਂਦਾ ਸਫ਼ਰਨਾਮਾ ਹੈ। ਪ੍ਰਿੰ. ਸ਼ਰਵਣ ਸਿੰਘ ਨੇ ਡਾ. ਝੰਡ ਦੀ ਇਸ ਵਾਰਤਕ ਸ਼ੈਲੀ ਨੂੰ ਸਰਲ ਅਤੇ ਵੇਗਮਤੀ ਕਿਹਾ ਹੈ। ਪ੍ਰਿੰ. ਸ਼ਰਵਣ ਸਿੰਘ ਮੁਤਾਬਕ ਝੰਡ ਆਪਣੀ ਭਾਸ਼ਾ ਨੂੰ ਤੜਕਾ ਨਹੀਂ ਲਾਉਂਦਾ। ਇਸ ਸਫ਼ਰਨਾਮੇ ਨੇ ਡਾ. ਝੰਡ ਦੀ ਸੰਵੇਦਨਸ਼ੀਲਤਾ ਨੂੰ ਝੰਜੋੜਿਆ ਹੈ ਅਤੇ ਉਸਨੇ ਸਰਹੱਦ ਦੇ ਦੋਵੇਂ ਪਾਸੇ ਵੱਸਦੇ ਸਾਂਝੀ ਬੋਲੀ ਅਤੇ ਸਾਂਝੇ ਸਭਿਆਚਾਰ ਦੇ ਅਵਾਮ ਨੂੰ ਅਮਨ ਨਾਲ਼ ਰਹਿਣ ਦਾ ਹੋਕਾ ਦਿੱਤਾ ਹੈ।

ਦੋ ਹਫ਼ਤਿਆਂ ਦੇ ਇਸ ਸਫ਼ਰਨਾਮੇ ਨੂੰ ਡਾ. ਝੰਡ ਨੇ ਦਿਨਾਂ ਦੇ ਹਿਸਾਬ ਨਾਲ਼ ਅੰਕਿਤ ਕੀਤਾ ਹੈ। ਹਰ ਦਿਨ ਦੀਆਂ ਸਰਗਰਮੀਆਂ ਦਾ ਵਿਸਥਾਰਤ ਜ਼ਿਕਰ ਹੈ।

ਮਿਲੇ ਲੋਕਾਂ, ਦੋਸਤਾਂ, ਲੇਖਕਾਂ ਨਾਲ਼ ਬਿਤਾਏ ਛਿਣਾਂ ਦਾ ਸਾਹਿਤਕ ਤੇ ਮਾਨਵੀ ਬਿਰਤਾਂਤ ਹੈ। ਕੋਸ਼ਿਸ਼ ਕੀਤੀ ਗਈ ਹੈ ਕਿ ਕੋਈ ਗੱਲ ਰਹਿ ਨਾ ਜਾਵੇ, ਕੋਈ ਛਿਣ ਛੁੱਟ ਨਾ ਜਾਵੇ। ਇਹ ਪੁਰਖਿਆ ਦਾ ਦੇਸ ਹੈ। ਇਥੋਂ ਦੀ ਜ਼ਿਆਰਤ ਕਰਦਿਆਂ ਪੁਰਖਿਆਂ ਦੀਆਂ ਪੈੜਾਂ ਵੀ ਨਾਲ਼ ਤੁਰਦੀਆਂ ਹਨ। ਵਡੇਰੀ ਉਮਰ ਦੇ ਨਕਸ਼ਾਂ ਵਿੱਚ ਆਪਣੇ ਪੁਰਖਿਆਂ ਦਾ ਝਾਉਲਾ ਪੈਂਦਾ ਹੈ। ਗੁਰੂ ਘਰ ਤਾਂ ਸਾਡੇ ਅੰਦਰ ਵੱਸਦੇ ਅਹਿਸਾਸ ਹਨ। ਪਾਕਿਸਤਾਨ ਵਿਚਲੇ ਇਹਨਾਂ ਧਾਰਮਿਕ ਸਥਾਨਾਂ ਦੀ ਜ਼ਿਆਰਤ ਕਰਦਿਆਂ ਸਾਡੀ ਅਰਦਾਸ ਸਾਕਾਰ ਹੁੰਦੀ ਜਾਪਦੀ ਹੈ। ਇਨ੍ਹਾਂ ਸਥਾਨਾਂ ਦੀ ਇਤਿਹਾਸਕ ਮਹੱਤਤਾ ਦਾ ਜ਼ਿਕਰ ਡਾ. ਝੰਡ ਹੋਰਾਂ ਬੜੇ ਵਿਸਥਾਰ ਅਤੇ ਸ਼ਰਧਾ ਨਾਲ਼ ਕੀਤਾ ਹੈ।

ਡਾ. ਸੁਖਦੇਵ ਸਿੰਘ ਝੰਡ ਦਾ ਇਹ ਸਫ਼ਰਨਾਮਾ ਖੋਜ-ਕਾਰਜ ਵਰਗਾ ਕੰਮ ਹੈ। ਥਾਵਾਂ ਦੇ ਨਾਂ, ਇਤਿਹਾਸਕ ਮਹੱਤਵ ਦੀ ਪਰਖ ਪੜਚੋਲ ਕਰਕੇ ਤਰਕ ਨਾਲ਼ ਪ੍ਰਾਪਤ ਸੱਚ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਜਿਵੇ ਸ਼ਾਦਮਨ ਚੌਕ ਬਾਰੇ ਲਿਖਿਆ ਹੈ ਕਿ ਇਹ ਫ਼ਾਰਸੀ ਭਾਸ਼ਾ ਦਾ ਸ਼ਬਦ ਹੈ ਅਤੇ ਇਸਦਾ ਮਤਲਬ ਹੈ 'ਖ਼ੁਸ਼ੀਆਂ ਨਾਲ਼ ਭਰਪੂਰ'। ਭਗਤ ਸਿੰਘ ਦੇ ਪੂਰੋਕਾਰਾਂ ਲਈ ਇਹ ਖ਼ੁਸ਼ੀਆਂ ਵਾਲ਼ੀ ਥਾਂ ਨਹੀਂ ਹੈ। ਇਸ ਲਈ ਚੌਕ ਦਾ ਨਾਂ ਬਦਲ ਕੇ ਭਗਤ ਸਿੰਘ ਚੌਕ ਰੱਖਣ ਦੀ ਮੰਗ ਉੱਠ ਰਹੀ ਹੈ। ਇਸੇ ਤਰ੍ਹਾਂ ਕਸੂਰ ਸ਼ਹਿਰ ਦੇ ਨਾਂ ਕਸੂਰ ਦਾ ਸਬੰਧ ਅਰਬੀ ਫ਼ਾਰਸੀ ਨਾਲ਼ ਜਿਸ ਦੇ ਅਰਥ ਮਹੱਲ ਜਾਂ ਕਿਲ੍ਹਾ ਹਨ। ਸ਼ਾਲੀਮਾਰ ਬਾਗ ਬਾਰੇ ਲਿਖਿਆ ਹੈ ਕਿ ਇਹ ਬਾਗ ਮੁਗਲ ਬਾਦਸ਼ਾਹ ਸ਼ਾਹ ਜਹਾਨ ਵੱਲੋਂ ਤਿਆਰ ਕਰਵਾਇਆ ਗਿਆ। ਇਸ ਦੀ ਉਸਾਰੀ 1641 ਵਿੱਚ ਆਰੰਭ ਹੋਈ ਅਤੇ ਇਹ 1642 ਵਿੱਚ ਪੂਰੀ ਹੋਈ। ਗੁਰਦੁਆਰਾ ਨਨਕਾਣਾ ਸਾਹਿਬ ਦੇ ਬਾਹਰ ਸਥਿਤ ਇਤਿਹਾਸਕ ਜੰਡ ਬਾਰੇ ਲਿਖਿਆ ਹੈ ਕਿ ਇਥੇ 20 ਫਰਵਰੀ 1921 ਨੂੰ ਹੋਏ ਦਰਦਨਾਕ ਖ਼ੂਨੀ ਸਾਕੇ ਵਿੱਚ 150 ਸਿੰਘਾਂ ਨੂੰ ਗੋਲੀਆਂ, ਤਲਵਾਰਾਂ, ਟੋਕਿਆਂ ਤੇ ਟਕੂਇਆਂ ਨਾਲ਼ ਸ਼ਹੀਦ ਕੀਤਾ ਗਿਆ ਸੀ ਅਤੇ ਜੱਥੇ ਦੇ ਮੁਖੀ ਲਛਮਣ ਸਿੰਘ ਧਾਰੋਵਾਲੀ ਸਮੇਤ ਕਈਆਂ ਨੂੰ ਜੰਡ ਨਾਲ਼ ਬੰਨ੍ਹ ਕੇ ਜਿਉਂਦੇ ਸਾੜਿਆ ਗਿਆ ਸੀ। ਤਕਸ਼ਿਲਾ ਸ਼ਹਿਰ ਘੁੰਮਦਿਆਂ ਕਾਂਡ ਵਿੱਚ 'ਤਕਸ਼ਿਲਾ' ਤੇ 'ਤਕਸ਼ਸ਼ਿਲਾ' ਦਾ ਨਿਖੇੜਾ ਕਰਦਿਆਂ ਲਿਖਿਆ ਹੈ ਕਿ ਤਕਸ਼ਿਲਾ ਨੂੰ ਪੰਜਾਬੀ, ਹਿੰਦੀ, ਸੰਸਕ੍ਰਿਤ ਤੇ ਉਰਦੂ ਵਿੱਚ ਤਕਸ਼ਸ਼ਿਲਾ ਕਿਹਾ ਜਾਂਦਾ ਹੈ। ਇਹ ਪਾਲੀ ਦਾ ਸ਼ਬਦ ਹੈ ਅਤੇ ਹੌਲੀ ਹੌਲੀ ਇਹ ਹੋਰ ਭਾਸ਼ਾਵਾਂ ਵਿੱਚ ਵੀ ਪ੍ਰਚਲਿਤ ਹੋ ਗਿਆ। ਰਮਾਇਣ ਵਿੱਚ ਦਰਜ ਇੱਕ ਹਵਾਲੇ ਅਨੁਸਾਰ ਇਹ ਸ਼ਹਿਰ ਭਗਵਾਨ ਰਾਮ ਦੇ ਛੋਟੇ ਭਰਾ ਭਰਤ ਵੱਲੋਂ ਵਸਾਇਆ ਗਿਆ ਦੀ ਅਤੇ ਇਸ ਦਾ ਨਾਂ ਉਸ ਦੇ ਪੁੱਤਰ ਤਕਸ਼ ਦੇ ਨਾਂ 'ਤੇ ਰੱਖਿਆ ਗਿਆ ਸੀ। ਤਕਸ਼ਸ਼ਿਲਾ ਪੁਰਾਤਨ ਭਾਰਤ ਵਿੱਚ ਗੰਧਾਰ ਦੇਸ਼ ਦੀ

ਰਾਜਧਾਨੀ ਸੀ ਅਤੇ ਓਦੋਂ ਇਹ ਵਿੱਦਿਆ ਦਾ ਮੁੱਖ-ਕੇਂਦਰ ਸੀ। ਇਸ ਤਰ੍ਹਾਂ ਦੇ ਹੋਰ ਵੀ ਬਹੁਤ ਸਾਰੇ ਹਵਾਲੇ ਮਿਲਦੇ ਹਨ।

ਇਸ ਸਫ਼ਰਨਾਮੇ ਨੂੰ ਪੜ੍ਹਦਿਆਂ ਪਤਾ ਲੱਗਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਦੀ ਪੋਤੀ ਅਤੇ ਮਹਾਰਾਜਾ ਦਲੀਪ ਸਿੰਘ ਦੀ ਵੱਡੀ ਬੇਟੀ ਬੰਬਾ ਸੂਦਰਲੈਂਡ, ਜੋ ਉਮਰ ਦੇ ਆਖਰੀ ਕੁਝ ਵਰ੍ਹੇ ਲਾਹੌਰ ਵਿੱਚ ਰਹੀ, ਦੀ ਕਬਰ ਵੀ ਲਾਹੌਰ ਵਿੱਚ ਹੈ। ਪੁਸਤਕ ਵਿਚੋਂ ਮਿਲ਼ੀ ਜਾਣਕਾਰੀ ਮੁਤਾਬਕ ਮੁਹੰਮਦ ਅਨਵਰ ਹੋਰੀਂ ਜ਼ਹੂਰ ਹੁਸੈਨ ਨਾਲ਼ ਦੋ ਹਫ਼ਤਿਆਂ ਲਈ ਝੰਡ ਹੋਰਾਂ ਦੇ ਪਿੰਡ ਚੋਹਾਨ ਆਏ ਸਨ ਜਿੱਥੇ ਤਬੀਅਤ ਖ਼ਰਾਬ ਹੋਣ ਕਾਰਣ ਉਨ੍ਹਾਂ ਦੀ ਮੌਤ ਹੋ ਗਈ ਸੀ। ਇਸ ਸਫ਼ਰਨਾਮੇ ਦੌਰਾਨ ਬਹੁਤ ਸਾਰੇ ਅਦੀਬਾਂ ਨੇ ਝੰਡ ਪਰਿਵਾਰ ਦਾ ਨਿੱਘਾ ਸੁਆਗਤ ਕੀਤਾ। ਅਹਿਮਦ ਰਜ਼ਾ ਪੰਜਾਬੀ ਦੇ ਨਾਲ਼ ਬਾਬਾ ਨਜਮੀ, ਦੀਪ ਸਈਦਾ, ਤਾਰਿਕ ਜਵਾਲਾ, ਅਫ਼ਜਲ ਸਾਹਿਰ, ਇਕਬਾਲ ਕੈਸਰ, ਏਹਸਾਨ ਬਾਜਵਾ, ਅੰਜੁਮ ਗਿੱਲ ਨਾਵਾਂ ਦਾ ਜ਼ਿਕਰ ਕਰਨਾ ਬਣਦਾ ਹੈ ਜੋ ਪਾਕਿਸਤਾਨ ਵਿੱਚ ਪੰਜਾਬੀ ਬੋਲੀ ਨੂੰ ਬਣਦਾ ਮਾਣ ਸਤਿਕਾਰ ਸਿਵਾਉਣ ਲਈ ਲਗਾਤਾਰ ਸੰਘਰਸ਼ ਕਰ ਰਹੇ ਹਨ ਅਤੇ ਕਾਫੀ ਹੱਦ ਤੱਲ ਕਾਮਯਾਬ ਵੀ ਹੋਏ ਹਨ।

ਅਸੀਂ ਜੋ ਆਪਣੇ ਪੁਰਖਿਆਂ ਦੇ ਦੇਸ ਨਹੀਂ ਜਾ ਸਕੇ, ਇਸ ਪੁਸਤਕ ਨੂੰ ਪੜ੍ਹਦਿਆਂ ਜੇਕਰ ਸਾਰਾ ਪਾਕਿਸਤਾਨ ਨਹੀਂ ਤਾਂ ਘੱਟੋ-ਘੱਟ ਸਾਡੀ ਸਿਮਰਤੀ ‘ਚ ਵੱਸੇ ਥਾਵਾਂ ਦੇ ਦਰਸ਼ਣ ਜਰੂਰ ਕਰ ਲੈਂਦੇ ਹਾਂ। ਵਾਹਗਾ ਬਾਰਡਰ ਤੋਂ ਸ਼ੁਰੂ ਹੋ ਕੇ ਬੁੱਲੇ ਸ਼ਾਹ ਦੀ ਦਰਗਾਹ, ਬੁੱਲੇ ਸ਼ਾਹ ਜਿਸਦੀ ਸ਼ਾਇਰੀ ਸਾਡੇ ਸਿਰ ਚੜ੍ਹ ਬੋਲਦੀ ਹੈ, ਲਾਇਲਪੁਰ ਦਾ ਘੰਟਾ ਘਰ, ਗੁਰੂ ਨਾਨਕ ਦਾ ਜਨਮ ਅਸਥਾਨ ਰਾਇ ਭੋਇ ਦੀ ਤਲਵੰਡੀ (ਹੁਣ ਨਨਕਾਣਾ ਸਾਹਿਬ) ਅਤੇ ਉਥੋਂ ਦੇ ਹੋਰ ਗੁਰਦੁਆਰੇ, ਸ਼ੇਖ਼ੂਪੁਰਾ, ਫਾਰੂਕਾਬਾਦ, ਸੱਚਾ ਸੌਦਾ, ਬਸਤੀ ਦਾਨਿਸ਼ਮੰਦਾਂ, ਪੰਜਾ ਸਾਹਿਬ, ਇਸਲਾਮਾਬਾਦ, ਰਾਵਲਪਿੰਡੀ, ਕਰਤਾਰਪੁਰ ਸਾਹਿਬ, ਲਾਹੌਰ ਦਾ ਸ਼ਾਹੀ ਕਿਲ੍ਹਾ, ਸ਼ਾਲੀਮਾਰ ਬਾਗ, ਮਹਾਰਾਜਾ ਰਣਜੀਤ ਸਿੰਘ ਦੀ ਸਮਾਧ, ਭਗਤ ਸਿੰਘ ਵਾਲ਼ਾ ਸਾਦਮਾਨ ਚੌਕ....। ਸ਼ਾਇਦ ਮੇਰੇ ਕੋਲੋਂ ਕੁਝ ਥਾਵਾਂ ਲਿਖਣੋ ਰਹਿ ਗਈਆਂ ਹੋਣ। ਡਾ ਝੰਡ ਹੋਰਾਂ ਨੇ ਦੋ ਹਫ਼ਤਿਆਂ ਅੰਦਰ ਪੁਰਖਿਆਂ ਦੇ ਦੇਸ ਦਾ ਚੱਪਾ-ਚੱਪਾ ਗਾਹੁਣ ਵੱਲੋਂ ਕੋਈ ਕਸਰ ਨਹੀਂ ਛੱਡੀ। ਉਹਨਾਂ ਨੇ ਉਥੇ ਰੁਕਣ ਵਾਲ਼ੇ ਦਿਨਾਂ ਦੇ ਹਰ ਪਲ ਨੂੰ, ਆਪਣੇ ਪੁਰਖਿਆਂ ਦੇ ਦੇਸ ਨੂੰ ਪੂਰੀ ਰੂਹ ਨਾਲ਼ ਨਿਹਾਰਨ ਅਤੇ ਉਸਦੇ ਅਹਿਸਾਸ ਨੂੰ ਆਪਣੇ ਅੰਦਰ ਜ਼ੀਰਨ ਦਾ ਯਤਨ ਕੀਤਾ ਹੈ। ਇਹਨਾਂ ਵੇਖੀਆਂ ਥਾਵਾਂ, ਦ੍ਰਿਸ਼ਾਂ ਦੇ ਭੁੱਲ-ਵਿਸਰ ਰਹੇ ਇਤਿਹਾਸਕ ਮਹੱਤਵ ਨੂੰ ਸਾਂਭਿਆ ਗਿਆ ਹੈ। ਠਹਿਰ ਦੇ ਇਹਨਾਂ ਦਿਨਾਂ ਦਾ ਵੱਧ ਤੋਂ ਵੱਧ ਲਾਹਾ ਲੈਣ ਲਈ ਉਹਨਾਂ ਕਿੱਧਰੇ ਵੀ ਵਕਤ ਨੂੰ ਬੇਲੋੜੇ ਰੁਝੇਵਿਆਂ ਅੰਦਰ ਖਪਤ ਨਹੀਂ ਕੀਤਾ। ਵੱਖ-ਵੱਖ ਥਾਵਾਂ ਨੂੰ ਸ਼ਬਦਾਂ ਦੇ ਨਾਲ਼-ਨਾਲ਼

ਤਸਵੀਰਾਂ ਅੰਦਰ ਵੀ ਸਾਂਭਿਆ ਹੈ। ਪੁਸਤਕ ਦੇ ਬੱਤੀ ਪੰਨੇ ਸਾਂਭੀ ਬੈਠੀਆਂ ਇਹਨਾਂ ਰੰਗਦਾਰ ਤਸਵੀਰਾਂ ਦਾ ਆਪਣਾ ਮਹੱਤਵ ਹੈ। ਹਾਲਾਂਕਿ ਪੁਸਤਕ ਵਿੱਚ ਏਨੀਆਂ ਰੰਗਦਾਰ ਤਸਵੀਰਾਂ ਛਪਵਾਉਣੀਆਂ ਮਹਿੰਗਾ ਸੌਦਾ ਹੈ। ਪਰ ਇਹ ਪੁਰਖਿਆਂ ਦੇ ਦੇਸ ਦੀਆਂ ਯਾਦਾਂ ਹਨ। ਉਹਨਾਂ ਦੇ ਪਿੰਡ ਚੱਕ ਨੰਬਰ 202 ਗੱਟੀ ਤਲਾਵਾਂ ਦੇ ਚੇਤੇ ਹਨ।

ਇਸ ਪੁਸਤਕ ਵਿੱਚ ਪਰਿਵਾਰ ਦਾ ਇਕੱਠਿਆਂ ਘੁੰਮਣ ਜਾਣ ਦਾ ਵੱਖਰਾ ਆਨੰਦ ਵੀ ਪੜ੍ਹਨ ਨੂੰ ਮਿਲਦਾ ਹੈ। ਰੁਝੇਂਵਿਆਂ ਭਰੀ ਇਸ ਜ਼ਿੰਦਗੀ ਵਿੱਚ ਪਰਿਵਾਰਾਂ ਦਾ ਕੱਠਿਆਂ ਮਿਲ ਬੈਠਣਾ, ਘੁੰਮਣ ਜਾਣਾ, ਕੁਝ ਦਿਨ ਤੇ ਰਾਤਾਂ ਕੱਠਿਆਂ ਬਿਤਾਉਣੀਆਂ ਵੀ ਇੱਕ ਪ੍ਰਾਪਤੀ ਹੈ। ਇਸ ਸਫ਼ਰਨਾਮੇ ਦਾ ਅਹਿਸਾਸ ਇਨ੍ਹਾਂ ਗੱਲਾਂ ਕਰਕੇ ਵੀ ਝੰਡ ਪਰਿਵਾਰ ਤੇ ਹੋਰ ਦੋਸਤਾਂ ਦੇ ਚੇਤਿਆਂ ਵਿੱਚ ਚਿਰ ਤੱਕ ਬਣਿਆਂ ਰਹੇਗਾ। ਇਹ ਪੁਸਤਕ ਦੋ ਮੁਲਕਾਂ ਦੀਆਂ ਸਰਕਾਰਾਂ ਨੂੰ ਕੁੜੱਤਣ ਵਿਸਾਰ ਕੇ ਸਾਂਝ ਦੇ ਮਾਨਵੀ ਉਪਰਾਲੇ ਕਰਨ ਦਾ ਸੰਦੇਸ਼ ਦਿੰਦੀ ਹੈ। ਇਸ ਪੁਸਤਕ ਨੂੰ ਪੜ੍ਹਨਾ ਵੀ ਬਣਦਾ ਹੈ ਅਤੇ ਆਪਣਾ ਵਿਹਾਰ ਬਣਾਉਣ ਦੀ ਵੀ ਲੋੜ ਹੈ। ਡਾ. ਸੁਖਦੇਵ ਸਿੰਘ ਝੰਡ ਹੋਰਾਂ ਨੂੰ ਇਸ ਕਿਰਤ ਲਈ ਮੁਬਾਰਕਾਂ!

❑❑❑

# ਡਾ. ਰਵਿੰਦਰ ਦੀ ਕਵਿਤਾ ਦਾ ਅਗਲਾ ਪੜਾਅ 'ਅੰਦਰ ਖੁੱਲ੍ਹਦੀ ਖਿੜਕੀ'

ਡਾ. ਰਵਿੰਦਰ ਜ਼ਿੰਦਗੀ ਅਤੇ ਕਵਿਤਾ ਵਿੱਚ ਸੰਤੁਲਨ ਬਣਾ ਕੇ ਰੱਖਣ ਵਾਲ਼ਾ ਸ਼ਾਇਰ ਹੈ। ਉਸ ਦੀ ਕਵਿਤਾ ਉਮਰ ਨਾਲ਼ ਹੀ ਪ੍ਰੌਢ ਅਤੇ ਸਿਆਣੀ ਹੋਈ ਜਾ ਰਹੀ ਹੈ। ਉਮਰ ਦੇ ਅਗਲੇ ਪੜਾਅ ਦਾ ਅਨੁਭਵ ਉਸ ਦੀ ਕਵਿਤਾ ਦਾ ਅਗਲਾ ਪੜਾਅ ਬਣਦਾ ਹੈ। ਉਸ ਦੀ ਕਵਿਤਾ ਦਾ ਜਦੋਂ ਵੀ ਅਤੇ ਜਿੰਨਾ ਵੀ ਜ਼ਿਕਰ ਹੋਇਆ ਹੈ, ਉਸ ਲਈ ਡਾ. ਰਵਿੰਦਰ ਨੂੰ ਕੋਈ ਉਚੇਚ, ਯਤਨ ਜਾਂ ਉਪਰਾਲਾ ਨਹੀਂ ਕਰਨਾ ਪਿਆ। ਉਸ ਦੀ ਸਿਰਜਣਾ ਦਾ ਸੇਕ ਹੀ ਉਸ ਦੀ ਕਵਿਤਾ ਨੂੰ ਵਿਦਵਾਨਾਂ, ਆਲੋਚਕਾਂ ਕੋਲ਼ ਲੈ ਗਿਆ ਹੈ। ਉਸ ਲਈ ਕਵਿਤਾ ਲਿਖਣਾ ਸ਼ੁਗਲ ਨਹੀਂ ਹੈ। ਉਹ ਕਵਿਤਾ ਦੀ ਸਮਰੱਥਾ ਨੂੰ ਵੀ ਸਮਝਦਾ ਹੈ ਅਤੇ ਰਾਜਨੀਤਕ, ਸਮਾਜਿਕ ਵਰਤਾਰਿਆਂ ਵਿਚ ਕਵਿਤਾ ਦੀ ਭੂਮਿਕਾ ਤੋਂ ਵੀ ਜਾਣੂ ਹੈ। ਰਵਿੰਦਰ ਉਨ੍ਹਾਂ ਸ਼ਾਇਰਾਂ ਵਿਚੋਂ ਹੈ ਜਿਹੜੇ ਇਸ ਸਵਾਲ ਦੇ ਰੂਬਰੂ ਹੁੰਦੇ ਹਨ ਕਿ ਮੈਂ ਕਵਿਤਾ ਕਿਉਂ ਲਿਖਦਾ ਹਾਂ। ਇਹ ਵੱਡਾ ਸਵਾਲ ਦਾਰਸ਼ਿਕਤਾ ਨਾਲ਼ ਰਮਿਆਂ ਵਾਕ ਹੈ। ਬਹੁਤੇ ਕਵੀ ਇਸ ਸਵਾਲ ਬਾਰੇ ਚੁੱਪ ਹਨ। ਇਸ ਸਵਾਲ ਦਾ ਸਾਹਮਣਾ ਕਰਦਿਆਂ ਕਵੀ ਨੂੰ ਆਪਣੀ ਸਿਰਜਣਾ ਦੇ ਸਬੱਬ ਦੀ ਤਲਖ਼ ਹਕੀਕਤ ਬਿਆਨ ਕਰਨੀ ਪੈਂਦੀ ਹੈ। ਡਾ. ਰਵਿੰਦਰ ਨੂੰ ਕਵਿਤਾ ਕੋਲ਼ੋਂ ਕਿਸੇ ਵੱਡੀ ਤਬਦੀਲੀ ਦੀ ਆਸ ਨਹੀਂ ਹੈ। ਕਵਿਤਾ ਉਸ ਦਾ ਆਪਣੇ ਨਾਲ਼ ਸੰਵਾਦ ਰਚਾਉਣ ਦਾ ਜ਼ਰੀਆ ਹੈ। ਉਹ ਜਾਣਦਾ ਹੈ ਕਿ ਕਵਿਤਾ ਦੀ ਪਰਵਾਜ਼ ਵਿਸ਼ਾਲ ਹੈ ਜਦ ਕਿ ਕਵੀ ਦੀ ਸਮਰੱਥਾ ਇੱਕ ਦਾਇਰੇ ਅੰਦਰ ਸੀਮਤ ਹੈ। ਕਵਿਤਾ ਉਸ ਲਈ ਸਮਝਣ ਵਾਲ਼ੀ ਨਹੀਂ, ਮਹਿਸੂਸ ਕਰਨ ਵਾਲ਼ੀ ਸ਼ੈਅ ਹੈ। ਉਸ ਦੀ ਸੋਚ ਵਿਚ ਬੱਦਲ, ਮੁਹੱਬਤ ਤੇ ਕਵਿਤ ਵਰ੍ਹ ਜਾਣ ਦੀ ਸਾਂਝੀ ਲੋੜ ਦੇ ਰਿਸ਼ਤੇ ਨਾਲ਼ ਬੱਝੇ ਹਨ। ਉਸ ਦੀ ਕਵਿਤਾ ਸ਼ਾਇਰੀ ਦਾ ਸੱਚ ਬਿਆਨਦੀ ਹੈ। ਇਤਿਹਾਸ ਦੇ ਕਿਸੇ ਛਿਣ ਨੂੰ ਤਾਰਕਿਕ ਵਿਸਥਾਰ ਦੇਣ ਦੀ ਸਮਰੱਥਾ ਹੈ ਉਸ ਦੀ ਕਵਿਤਾ ਕੋਲ਼। 'ਅੰਦਰ ਖੁੱਲ੍ਹਦੀ ਖਿੜਕੀ' ਦੀ ਪਹਿਲੀ ਕਵਿਤਾ ਇਸ ਸਵਾਲ ਦਾ ਜਵਾਬ ਬਣਦੀ ਹੈ:

*ਇਸ ਲਈ ਨਹੀਂ ਲਿਖਦਾ ਮੈਂ ਕਵਿਤਾ*
*ਇਸ ਨਾਲ਼ ਆਇਗਾ ਕੋਈ ਵੱਡਾ ਬਦਲਾਅ*
*ਕਿਸੇ ਦਾ ਦੁੱਖ ਘਟੇਗਾ, ਜੀਣ ਦਾ ਰਾਹ ਦਿੱਸੇਗਾ*

*ਕਿਸੇ ਲਈ ਰੌਸ਼ਨੀ ਦੀ ਕਿਰਨ ਵੀ ਨਹੀਂ ਮੇਰੀ ਕਵਿਤਾ*
*ਕਵਿਤਾ ਲਿਖਦਾ ਹਾਂ ਇਸ ਲਈ*
*ਮੈਨੂੰ ਆਪਣੇ ਕੋਲ਼ ਜਾਣ ਦਾ, ਨੇੜੇ ਬਹਿਣ ਦਾ*
*ਆਪਣੀ ਗੱਲ ਆਪ ਸੁਣਨ ਦਾ*
*ਆਪਣੀ ਗੱਲ ਆਪ ਸੁਣਨ ਦਾ*
*ਆਪਣੀ ਗੱਲ ਆਪਣੇ ਨਾਲ਼ ਕਰਨ ਦਾਹੌਸਲਾ ਮਿਲੇ*
*ਅੰਦਰ ਨੂੰ ਖੁੱਲਦੀ ਖਿੜਕੀ ਬਣਨਾ ਚਾਹੁੰਦਾ ਹਾਂ ਮੈਂ*

--------------------------------

*ਬੜੀ ਦੇਰ ਤੱਕ ਯਾਦ ਰਹੇਂਗਾ ਤੂੰ ਲੋਕਾਂ ਨੂੰ*
*ਇਹ ਵੀ ਤੇਰਾ ਵਹਿਮ ਹੈ ਹੋਰ ਕੁਝ ਨਹੀਂ*

ਮਨੁੱਖ ਆਪਣੇ ਪੁਰਖਿਆਂ ਦਾ ਗੁਣਗਾਨ ਕਰਦਿਆਂ ਜ਼ਿੰਦਗੀ ਬਤੀਤ ਕਰਦਾ ਹੈ। ਉਹ ਆਪਣੇ ਕੀਤੇ ਕੰਮਾਂ ਦਾ ਲੇਖਾ-ਜੋਖਾ ਨਹੀਂ ਕਰਦਾ। ਉਹ ਅਣਖਰਚਿਆ ਹੀ ਇਸ ਜਹਾਨ ਤੋਂ ਤੁਰ ਜਾਂਦਾ ਹੈ। ਚੌਖਟੇ ਦੇ ਅੰਦਰ ਹਰ ਮਨੁੱਖ ਅੰਦਰ ਖੁੱਲ੍ਹਦੀ ਖਿੜਕੀ ਦੇ ਅਹਿਸਾਸ ਨਾਲ਼ ਭਰਿਆ ਰਹਿੰਦਾ ਹੈ। ਇਸ ਤੋਂ ਬਾਹਰ ਆਨੰਤ ਹੈ, ਫ਼ਲਾਅ ਹੈ। ਲੋੜ ਸਾਨੂੰ ਆਪਣੀ ਔਕਾਤ ਦੇ ਮਾਪਦੰਡ ਪਰਖਣ ਦੀ ਹੁੰਦੀ ਹੈ। ਕੱਪੜਿਆਂ ਦੇ ਬਰਾਂਡ ਤੇ ਘਰ ਵਿਚ ਵਰਤੀ ਜਾਂਦੀ ਕਰਾਕਰੀ ਬੰਦੇ ਦੀ ਔਕਾਤ ਦੇ ਮਾਪਦੰਡ ਨਹੀਂ ਹੁੰਦੇ। ਔਕਾਤ ਤਾਂ ਬੰਦੇ ਅੰਦਰਲੀ ਸੰਵੇਦਨਸ਼ੀਲਤਾ ਹੁੰਦੀ ਹੈ। ਫ਼ੈਜ਼ ਅਹਿਮਦ ਫ਼ੈਜ਼ ਦੇ ਨਾਂ ਇੱਕ ਕਵਿਤਾ ਹੈ, 'ਕਿਹੜਾ ਕਿਹੜਾ ਧੂੰਆਂ' ਇਹ ਧੀਮੀ ਸੁਰ ਵਾਲ਼ੀ ਰਾਜਨੀਤਕ ਕਵਿਤਾ ਹੈ:

*ਕਿੱਥੋਂ ਕਿੱਥੋਂ ਉੱਠਦਾ ਧੂੰਆਂ / ਪਤਾ ਨਾ ਲੱਗਦਾ*
*ਨਾ ਸ਼ਹਿਰੀ ਨਾ ਸ਼ਾਇਰ ਨਾ ਸਰਕਾਰ ਨੂੰ*
*ਕਿਹੜਾ ਧੂੰਆਂ ਕਿੰਨਾ ਦੋਸ਼ੀ, ਕਿੰਨਾ ਮਾਰੂ ਪਤਾ ਨਾ ਲੱਗਦਾ*

ਰਾਮ ਬਨਾਮ ਰਾਮ, ਪੰਜਾ ਤੇ ਪਹਾੜ, ਅੱਧ ਭਰਿਆ, ਅੱਧ ਖ਼ਾਲੀ, ਯੁੱਧ ਤੇ ਮਹਾਂਮਾਰੀ, ਬੰਦਾ ਮਰਦਾ ਨਹੀਂ, ਕਿਤਾ, ਹਥਿਆਰ ਤੇ ਵਿਚਾਰ, ਟਾਈਮ ਕੈਪਸੂਲ ਆਦਿ ਹੋਰ ਕਵਿਤਾਵਾਂ ਆਦਿ ਹੋਰ ਚੰਗੀਆਂ ਕਵਿਤਾਵਾਂ ਹਨ। ਉਸ ਦੀ ਕਵਿਤਾ ਦਿਲ ਜਿੱਤਣ ਦਾ ਉਪਰਾਲਾ ਹੈ। ਫੁੱਲ, ਪੱਤੇ, ਨਦੀ, ਪਹਾੜ, ਹਵਾ, ਬੱਦਲ, ਕਣੀਆਂ, ਚਿੜੀਆਂ, ਕੋਇਲਾਂ, ਮੋਰ, ਮਹਿਕ, ਨਜ਼ਾਰੇ ਮੌਸਮ ਉਸ ਦੀਆਂ ਕਵਿਤਾਵਾਂ ਨੂੰ ਹਰਿਆਵਲ ਦਿੰਦੇ ਹਨ। ਕੁੱਲ ਮਿਲਾ ਕੇ ਡਾ. ਰਵਿੰਦਰ ਦੀ ਇਹ ਨਵੀਂ ਪੁਸਤਕ 'ਅੰਦਰ ਖੁੱਲ੍ਹਦੀ ਖਿੜਕੀ' ਪੜ੍ਹਨਯੋਗ ਹੈ। ਇਸ ਪੁਸਤਕ ਰਾਹੀਂ ਡਾ. ਰਵਿੰਦਰ ਦੀ ਕਵਿਤਾ ਪ੍ਰਤੀ ਸੁਹਿਰਦਤਾ ਹੋਰ ਜ਼ਿਆਦਾ ਪ੍ਰਮਾਣਿਤ ਹੁੰਦੀ ਹੈ।

# ਜੰਗਲ ਦੀ ਵਕਾਲਤ ਕਰਦੀ ਬਲਵਿੰਦਰ ਸੰਧੂ ਦੀ ਮਧੂਕਰੀ

ਬਲਵਿੰਦਰ ਸੰਧੂ ਦੀ ਕਵਿਤਾ ਕੋਲ ਨਾਥਾਂ-ਜੋਗੀਆਂ, ਗੁਰੂਆਂ, ਪੀਰਾਂ-ਫ਼ਕੀਰਾਂ, ਕਿੱਸਾਕਾਰਾਂ, ਆਧੁਨਿਕਕਾਰਾਂ ਤੋਂ ਹੁੰਦੀ ਹੋਈ ਇੱਕੀਵੀਂ ਸਦੀ 'ਚ ਪੈਰ ਧਰਦੀ ਸਮਕਾਲੀ ਕਵਿਤਾ ਦੀ ਗਵਾਹੀ ਹੈ। ਕਵਿਤਾ ਉਸ ਲਈ ਮਧੂਕਰੀ ਹੈ, ਪੂਰੀ ਕਾਇਨਾਤ 'ਚੋਂ ਇਕੱਤਰ ਕੀਤੇ ਤਲਿੱਸਮੀ ਛਿਣਾਂ ਦਾ ਸਮੂਹ। ਇਸੇ ਲਈ ਉਸ ਦੀ ਕਵਿਤਾ ਕੋਲ ਕਈ ਰੰਗ ਹਨ। ਉਸ ਕੋਲ ਕਵਿਤਾ ਤੋਂ ਪਹਿਲਾਂ ਰਿਦਮ ਆਉਂਦਾ ਹੈ। ਇਸ ਰਿਦਮ 'ਚ ਉਹ ਸ਼ਬਦਾਂ ਨੂੰ ਜੜ੍ਹਦਾ ਇੱਕ ਦ੍ਰਿਸ਼ ਸਾਕਾਰ ਕਰਦਾ ਹੈ। ਉਹ ਜਾਣਦਾ ਹੈ ਕਿ ਰਿਦਮ (ਲੈਅ) ਬਿਨ੍ਹਾਂ ਗੀਤ ਗੂੰਗੇ ਹੋ ਜਾਂਦੇ ਹਨ:

*ਲੈਅ ਬਿਨ ਜੀਣਾ ਕਾਹਦਾ ਜੀਣਾ*
*ਲੈਅ ਬਿਨ ਬਿਰਥਾ ਸਗਲ ਵਿਹਾਰ*

ਉਸ ਦੀ ਪੁਸਤਕ ਦੇ ਨਾਮਕਰਣ ਵਿੱਚ ਵੀ ਕਵਿਤਾ ਹੁੰਦੀ ਹੈ, ਭੂਮਿਕਾ ਵਿੱਚ ਵੀ। ਦੋਸਤਾਂ ਨਾਲ ਕਵਿਤਾ ਦੀ ਸਾਂਝ ਪਾਉਣ ਲਈ ਉਹ ਸੈਂਕੜੇ ਮੀਲਾਂ ਦਾ ਸਫ਼ਰ ਵੀ ਤੈਅ ਕਰ ਸਕਦਾ ਹੈ। ਪਰ ਉਹ ਕਵਿਤਾ ਨਾਲ ਹਰ ਵੇਲੇ ਆਫ਼ਰਿਆ ਨਹੀਂ ਰਹਿੰਦਾ। ਉਹ ਕਦੀ ਵੀ ਕਵਿਤਾ ਲਈ ਤਰਲੋਮੱਛੀ ਨਹੀਂ ਹੁੰਦਾ। ਕਵਿਤਾ ਉਸ ਦੇ ਸਹਿਜ 'ਚ ਪਈ ਏਕਮ ਓਂਕਾਰ ਦੀ ਧੁੰਨੀ ਹੈ। ਉਹ ਸਮਕਾਲੀ ਦੋਸਤਾਂ ਦੀ ਕਵਿਤਾ ਦਾ ਮੁਹਾਂਦਰਾ ਵੀ ਪਛਾਣਦਾ ਤੇ ਆਪਣੀ ਕਵਿਤਾ ਦੇ ਨਵੇਕਲੀ ਹੋਣ ਦਾ ਸਵੈ-ਮਾਣ ਵੀ ਹੰਢਾਉਂਦਾ ਹੈ। ਉਸ ਦੀ ਕਵਿਤਾ ਮਟਕ ਤੋਰ ਤੁਰਦੀ। ਹਰ ਅਗਲਾ ਕਦਮ ਅਗਲੇਰੇ ਕਦਮ ਲਈ ਰਾਹ ਬਣਦਾ। ਪੌੜੀ ਦੇ ਡੰਡੇ ਚੜ੍ਹਨ ਵਾਂਗ ਉਸ ਦੀ ਕਵਿਤਾ ਦਾ ਉਸਾਰ ਹੁੰਦਾ। ਉਸ ਦੀ ਕਵਿਤਾ ਦੀ ਗੱਲ ਕਰਦਿਆਂ ਸਤਰਾਂ ਆਪ-ਮੁਹਾਰੇ ਕਾਗ਼ਜ਼ 'ਤੇ ਵਿਛਦੀਆਂ ਜਾਂਦੀਆਂ।

ਬਲਵਿੰਦਰ ਸੰਧੂ ਦੀ ਕਵਿਤਾ ਦਾ ਵਿਸ਼ਾ ਜਾਣਿਆਂ ਪਛਾਣਿਆਂ ਹੋ ਸਕਦਾ, ਕਵਿਤਾ ਕਹਿਣ ਦਾ ਅੰਦਾਜ਼ ਨਵੇਕਲਾ ਹੁੰਦਾ। ਉਸ ਨੂੰ ਕਵਿਤਾ ਦੀ ਸੂਝ ਹੈ, ਇਸ ਗੱਲ ਦੀ ਗਵਾਹੀ ਉਸ ਦੀ ਹਰ ਕਵਿਤਾ ਭਰਦੀ। ਪਤਾ ਨਹੀਂ ਵਿਦਵਾਨ ਉਸ ਦੀ ਕਵਿਤਾ ਵਿੱਚ ਕਿਵੇਂ ਪ੍ਰਵੇਸ਼ ਕਰਨ, ਸਧਾਰਨ ਪਾਠਕ ਤਾਂ ਉਸ ਦੀ ਕਵਿਤਾ ਦੀ ਇੱਕ ਝਲਕ ਮਾਤਰ ਨਾਲ ਹੀ ਕਾਵਿਕ ਹੋ ਜਾਂਦਾ। ਉਸ ਅੰਦਰ ਸੁੱਤੀ ਕਵਿਤਾ

ਜਾਗ ਪੈਂਦੀ। ਪਹਿਲੀ ਵਾਰ ਉਸ ਅੰਦਰ ਕਵੀ ਹੋਣ ਦਾ ਅਹਿਸਾਸ ਜਾਗਦਾ। ਬਲਵਿੰਦਰ ਕੋਲ 'ਕੱਲੇ 'ਕੱਲੇ ਸ਼ਬਦ 'ਚ ਕਾਵਿਕਤਾ ਭਰਨ ਦਾ ਹੁਨਰ ਹੈ। ਉਸ ਨੇ ਵੀਹਵੀਂ ਸਦੀ ਦੀ ਕਵਿਤਾ ਨੂੰ ਹੰਢਾਇਆ ਹੈ, ਮਹਿਸੂਸ ਕੀਤਾ ਹੈ, ਆਪਣੇ ਅੰਦਰ ਜਜ਼ਬ ਕੀਤਾ ਹੈ। ਉਸ ਦੀ ਕਵਿਤਾ ਇੱਕੀਵੀਂ ਸਦੀ ਦੇ ਹਾਣ ਦੀ ਕਵਿਤਾ ਹੈ। ਉਸ ਕੋਲ ਆਪਣੀ ਕਵਿਤਾ ਦੇ ਬਹੁਤ ਵੱਡੇ ਦਾਅਵੇ ਨਹੀਂ ਹਨ। ਆਪਣੀ ਕਵਿਤਾ ਦੀ ਚਰਚਾ ਕਰਵਾਉਣ ਲਈ ਉਹ ਕੋਈ ਉਚੇਚ ਨਹੀਂ ਕਰਦਾ। ਉਚੇਚ ਕਰਕੇ ਸਨਮਾਨ ਪ੍ਰਾਪਤ ਕਰਨ ਵਾਲਿਆਂ ਨਾਲ ਵੀ ਉਸ ਨੂੰ ਕੋਈ ਗਿਲਾ ਨਹੀਂ ਹੈ। ਉਹ ਕਵਿਤਾ ਸਿਰਫ ਲਿਖਦਾ ਹੀ ਨਹੀਂ, ਕਵਿਤਾ ਦੇ ਮਨੋਰਥ ਨੂੰ ਉਹਦੇ ਮਕਸਦ ਤਕ ਪਹੁੰਚਾਉਣ ਦਾ ਹੀਲਾ ਵੀ ਕਰਦਾ ਹੈ:

*ਅੱਜ-ਕੱਲ੍ਹ ਮੈਂ ਕਵਿਤਾ ਹੀ ਨਹੀਂ ਲਿਖਦਾ*
*ਧਰਤ ਦੀ ਹਿਫਾਜ਼ਤ ਲਈ ਜੰਗਲ ਦੀ ਵਕਾਲਤ ਵੀ ਕਰਦਾਂ*

ਉਸ ਲਈ ਕੁਦਰਤ ਦਾ ਹਰ ਵਰਤਾਰਾ ਲੈਅ ਵਿੱਚ ਹੈ। ਕੁਦਰਤ ਦੇ ਸਹਿਜ ਵਰਤਾਰੇ ਵਿੱਚ ਵਿਘਨ ਪਾਉਣਾ ਉਸ ਲਈ ਅੱਤ ਦੀ ਹਿੰਸਾ ਹੈ:

ਲੈਅ ਵਿਚ ਸੂਰਜ,ਲੈਅ ਵਿਚ ਚੰਨ, ਲੈਅ ਵਿਚ ਪਵਨੋ ਵਗਣੇ ਹਾਰ
ਲੈਅ ਵਿਚ ਪਾਣੀ, ਲੈਅ ਵਿਚ ਬਾਣੀ, ਲੈ ਵਿਚ ਧਰਤੀ ਕਰੇ ਸ਼ਿੰਗਾਰ
ਲੈ ਵਿਚ ਰੁੱਤਾਂ, ਲੈ ਵਿਚ ਤਿੱਥਾਂ, ਲੈਅ ਵਿਚ ਵਦੀ ਸੁਦੀ ਦਿਨਵਾਰ
ਲੈਅ ਵਿਚ ਖੰਡਾ, ਲੈਅ ਵਿਚ ਝੰਡਾ, ਲੈਅ ਵਿਚ ਹੁੰਦਾ ਘੋੜ ਸਵਾਰ
ਲੈਅ ਵਿਚ ਨੱਚਣ, ਗਾਵਣ, ਹੱਸਣ, ਲੈਅ ਵਿਚ ਪੀਂਘ ਝੁਟੇਂਦੀ ਨਾਰ
ਲੈਅ ਵਿਚ ਘੁੰਗਰੂ, ਲੈਅ ਵਿਚ ਡੰਮਰੂ, ਲੈਅ ਵਿਚ ਵੱਜੇ ਤੂੰਬੀ ਤਾਰ
ਲੈਅ ਵਿਚ ਕੈਂਚੀ, ਲੈਅ ਵਿਚ ਸੂਈ, ਲੈਅ ਵਿਚ ਬਣਦੇ ਮੋਤੀ ਹਾਰ
ਲੈਅ ਵਿਚ ਖੰਡ, ਮੰਡਲ, ਬ੍ਰਹਿਮੰਡ, ਲੈਅ ਵਿਚ ਵਿਗਸੈ ਇਹ ਸੰਸਾਰ
ਲੈਅ ਬਿਨ੍ਹ ਜੀਣਾ ਕਾਹਦਾ ਯਾਰਾ, ਲੈਅ ਬਿਨ ਬਿਰਥਾ ਸਗਲ ਵਿਹਾਰ

ਬਲਵਿੰਦਰ ਸੰਧੂ ਦੀ ਕਵਿਤਾ ਮਾਨਵੀ ਵਿਵਹਾਰ ਦਾ ਕਾਇਨਾਤੀਕਰਨ ਕਰਦੀ ਹੈ। ਪਤਾ ਨਹੀਂ ਇਹ ਸ਼ਬਦ ਸਹੀ ਹੈ ਜਾਂ ਨਹੀਂ ਪਰ ਤੁਸੀਂ ਮੇਰੀ ਗੱਲ ਜ਼ਰੂਰ ਸਮਝ ਗਏ ਹੋਵੋਗੇ। ਉਸ ਦੀ ਕਵਿਤਾ ਏਨੀਂ ਮਹੀਨ ਤੇ ਕੱਪੜ ਛਾਣ ਹੁੰਦੀ ਹੈ ਕਿ ਵੇਰਵਿਆਂ ਅੰਦਰ ਵੇਰਵੇ ਕਲੀਆਂ ਵਾਂਗ ਫੁੱਟਦੇ ਹਨ। ਹਰ ਕਵਿਤਾ ਅੰਦਰ ਕਵੀ ਦੀ ਨਿੱਖਰਦੀ ਸੂਝ ਦੇ ਦੀਦਾਰ ਹੁੰਦੇ ਹਨ। ਬਲਵਿੰਦਰ ਨੂੰ ਕਵਿਤਾ ਲਿਖਣ ਲਈ ਸ਼ਬਦਾਂ ਦੇ ਆਡੰਬਰ ਨਹੀਂ ਰਚਣੇ ਪੈਂਦੇ। ਉਸ ਦੀ ਕਵਿਤਾ ਮਨੁੱਖੀ ਔਕਾਤ ਦੇ ਨਗਨ ਦਰਸ਼ਨ ਵੀ ਕਰਵਾਉਂਦੀ ਹੈ। ਉਸ ਦੀ ਹਰ ਕਵਿਤਾ ਅੰਦਰ ਇੱਕ ਸੁਨੇਹਾ ਹੈ, ਸ਼ਬਦੀ ਸੁਹਜ 'ਚ ਲਪੇਟਿਆ ਸੁਨੇਹਾ। ਉਸ ਦੀ ਕਵਿਤਾ ਪੂੰਜੀ ਦੇ ਵਰਤਾਰੇ ਤੋਂ ਨਿਰਲੇਪ ਰਹਿ ਕੇ ਸਾਂਝੀਵਾਲਤਾ ਦਾ ਪੈਗ਼ਾਮ ਦਿੰਦੀ ਹੈ। ਇਸ

ਕਵਿਤਾ ਦੀ ਗੱਲ ਕਰਨ ਲਈ ਜਿਸ ਸਮਝ, ਸੂਝ, ਆਲੋਚਨਾਤਮਿਕ ਅਤੇ ਸਿਰਜਣਾਤਮਿਕ ਦ੍ਰਿਸ਼ਟੀ ਦੀ ਲੋੜ ਹੈ ਉਹ ਮੇਰੇ ਕੋਲ ਨਹੀਂ ਹੈ। ਵਿਦਵਾਨ ਦੋਸਤ ਇਸ ਬਾਰੇ ਵਿਸਥਾਰ 'ਚ ਗੱਲ ਕਰਨਗੇ। ਅਸੀਂ ਬਲਵਿੰਦਰ ਸੰਧੂ ਦੀ ਮਧੂਕਰੀ ਦਾ ਸਵਾਗਤ ਕਰਦਿਆਂ ਉਸ ਨੂੰ ਮੁਬਾਰਕਬਾਦ ਦਿੰਦੇ ਹਾਂ। ਚੇਤਨਾ ਪ੍ਰਕਾਸ਼ਨ ਵੱਲੋਂ ਛਾਪੀ ਇਸ 112 ਪੰਨਿਆਂ ਵਾਲੀ ਪੋਥੀ ਦੀ ਕੀਮਤ 180/ ਰੁਪਏ ਹੈ।

❑❑❑

# ਮਹੀਨ ਸੂਝ ਦੀ ਸ਼ਾਇਰੀ:
# ਤੀਲਾ-ਤੀਲਾ, ਧਾਗਾ-ਧਾਗਾ: ਬਲਵਿੰਦਰ ਸੰਧੂ

ਮਹੀਨ ਸੂਝ ਦੀ ਸ਼ਾਇਰੀ: ਤੀਲਾ–ਤੀਲਾ, ਧਾਗਾ–ਧਾਗਾ ਬਲਵਿੰਦਰ ਸੰਧੂ ਅਗਲੀ ਗੱਲ ਕਰਨ ਤੋਂ ਪਹਿਲਾਂ ਕਵਿਤਾ ਦੀ ਸਿਰਜਣਾ ਦਾ ਰਹੱਸ ਜਾਣਨ ਦੀ ਕੋਸ਼ਿਸ਼ ਕਰਦੇ ਹਾਂ; ਰੂਹ ਦੀ ਪਾਕੀਜ਼ਗੀ, ਭਾਸ਼ਾ ਦੀ ਸੰਜੀਦਗੀ, ਕਰਤੇ ਦਾ ਹੁਨਰ, ਸ਼ਬਦ ਦਾ ਤਲਿੱਸਮ ਤੇ ਹੋਰ ਦਮਖਮ ਕਵਿਤਾ 'ਚ ਹਾਜ਼ਰ ਹੁੰਦਾ.... ਮਹਿਜ਼ ਫੁਰਨਾ ਜਾਂ ਖ਼ਿਆਲ ਹੀ ਕਵਿਤਾ ਨਾ ਹੋ ਜਾਂਦਾ। ਅਸੀਂ ਜਿਹਨਾਂ ਨੇ ਪੰਜਾਬੀ ਕਵਿਤਾ ਨੂੰ ਏਨਾ ਸਹਿਜ ਤੇ ਸਰਲ ਬਣਾ ਲਿਆ ਹੈ, ਸਿਰਜਣਾ ਦੇ ਉਪਰੋਕਤ ਰਹੱਸਮਈ ਕਥਨ ਨੂੰ ਸਮਝ ਸਮਝਣ ਦੇ ਨਾਲ–ਨਾਲ ਆਪਣੇ ਅੰਦਰ ਵਸਾਉਣ ਦਾ ਹੀਲਾ ਵੀ ਕਰਨਾ ਪੈਣਾ ਹੈ। ਇਹ ਪੰਜ ਤੱਤ ਜੇ ਸਾਡੀ ਕਾਵਿ ਸਿਰਜਣਾ ਵਿੱਚ ਸ਼ਾਮਲ ਨਹੀਂ ਤਾਂ ਸਮਝ ਲੈਣਾ ਚਾਹੀਦਾ ਹੈ ਕਿ ਸਾਡੀ ਕਵਿਤਾ ਚੰਗੀ ਕਵਿਤਾ ਨਹੀਂ ਹੈ। ਚੰਗੀ ਕਵਿਤਾ ਲਈ ਸਾਨੂੰ ਵੱਖਰੇ ਰਾਹ ਬਣਾਉਣੇ ਪੈਣੇ ਹਨ, ਵੱਖਰੀ ਨੁਹਾਰ, ਨਕਸ ਤੇ ਮੁਹਾਂਦਰਾ ਸਿਰਜਣਾ ਪੈਣਾ ਹੈ। ਪਹਿਲਾਂ ਪਈਆਂ ਪੈੜਾਂ 'ਤੇ ਤੁਰਦਿਆਂ ਕੁਝ ਨਵਾਂ ਨਹੀਂ ਸਿਰਜਿਆ ਜਾਣਾ। ਨਵੇਂ ਵਿੱਚ ਵੱਖਰਤਾ ਹੁੰਦੀ, ਵੱਖਰਤਾ ਵਡੱਤਣ ਹੁੰਦੀ, ਕਾਵਿ ਨੂੰ ਸਦੀਵੀ ਉਮਰ ਦਾ ਵਰ ਦਿੰਦੀ। ਲਿਖੀ, ਛਪੀ, ਸਲਾਹੀ ਤੇ ਵਿਸਰ ਗਈ, ਇਹ ਕਵਿਤਾ ਦਾ ਸਮਕਾਲੀ ਮੁਹਾਵਰਾ ਹੈ। ਅਸੀਂ ਸਮਕਾਲ ਤੋਂ ਅਗਾਂਹ ਤੁਰਨਾ ਹੈ। ਕਵਿਤਾ ਦੇ ਇਤਿਹਾਸ ਦੀਆਂ ਸਦੀਆਂ ਨੂੰ ਆਪਣੇ ਚੇਤਿਆਂ ਵਿੱਚ ਵਸਾਉਣਾ ਹੈ। ਸੁਲਤਾਨ ਬਾਹੂ, ਸ਼ਾਹ ਹੁਸੈਨ, ਬੁੱਲ੍ਹੇ ਸ਼ਾਹ, ਵਾਰਸ ਸ਼ਾਹ ਤੋਂ ਚੱਲ ਕੇ ਬਲਵਿੰਦਰ ਤੱਕ ਆਉਣਾ ਹੈ। ਬਲਵਿੰਦਰ ਨੇ ਕਵਿਤਾ ਦਾ ਬਿਲਕੁਲ ਨਵਾਂ ਮੁਹਾਂਦਰਾ ਸਿਰਜਿਆ ਹੈ। ਇਸ ਮੁਹਾਂਦਰੇ ਵਿੱਚ ਬਲਵਿੰਦਰ ਦਾ ਮੁਹਾਂਦਰਾ ਲੁਪਤ ਹੈ। ਕਵਿਤਾ ਤੇ ਸੰਧੂ ਇੱਕ ਹੋ ਗਏ ਹਨ। ਕਵਿਤਾ ਨਾਲ ਇਕਸੁਰਤਾ ਦੀ ਇਹ ਸਾਂਝ ਸਥਾਪਤ ਕਰਨ ਲਈ ਜਿਸ ਬੌਧਿਕ ਤਰੱਦਦ ਦੀ ਲੋੜ ਹੁੰਦੀ ਹੈ, ਉਹ ਲੋੜ ਭਾਸ਼ਾ ਵਿਚਲਾ ਸ਼ਬਦ ਭੰਡਾਰ ਕਰਦਾ ਹੈ। ਬਲਵਿੰਦਰ ਦੀ ਭਾਸ਼ਾ ਦਾ ਸ਼ਬਦ ਭੰਡਾਰ ਪਾਠਕ ਨੂੰ ਅਚੰਭਿਤ ਕਰਦਾ ਹੈ: ਸ਼ਬਦ ਕੁਝ ਸੁਹੰਦੜੇ, ਕਵਿਤਾ ਦੇ ਹਮਸਾਏ ਨਵੇਂ ਵਸਾਏ ਘਰ ਮੇਰੇ, ਨਾਲ ਮੇਰੇ ਨਾ ਆਏ.. ਬੁੰਬਲ ਖੱਬਲ ਗੰਦਲ ਕੌਂਪਲ, ਆਥਣ ਉੱਗਣ ਚੇਤਰ ਫੱਗਣ ਘਾਹ ਤਿੜਾਂ ’ਚ ਅੜੇ ਰਹੇ, ਚਰਵਾਹਿਆਂ ਨੇ ਹਥਿਆ ਲਏ... ਬਲਵਿੰਦਰ ਦੀ ਕਵਿਤਾ ਸਮਾਜਿਕ ਅਤੇ ਕੁਦਰਤੀ ਵਰਤਾਰਿਆਂ ਦੇ ਨਿਰੰਤਰ ਪ੍ਰਵਾਹ ਦੇ ਵੱਖ–ਵੱਖ ਪੜਾਵਾਂ

ਨੂੰ ਲੈਆਤਮਿਕਤਾ ਦੇ ਵਹਾਅ ਅੰਦਰ ਚਿਤਰਦੀ ਹੈ। ਇਸ ਚਿਤਰਣ ਵਿੱਚ ਵਿਗਿਆਨਕ ਤਰਕ ਵੀ ਸ਼ਾਮਲ ਹੈ ਅਤੇ ਮਹੀਨ ਸੂਝ ਵੀ। ਇਨ੍ਹਾਂ ਕਵਿਤਾਵਾਂ ਕੋਲ਼ ਕਵੀ ਦੇ ਅੰਦਰ ਪਏ ਸ਼ਬਦਕੋਸ਼ ਦਾ ਸ਼ਾਬਦਿਕ ਵਿਸਥਾਰ ਵੀ ਪਿਆ ਹੈ। ਬਲਵਿੰਦਰ ਕੋਲ਼ ਵਿਸ਼ੇ ਪਤਾ ਨਹੀਂ ਕਿੰਝ ਆਉਂਦੇ ਹਨ। ਪਰ ਜਦ ਆ ਜਾਂਦੇ ਹਨ ਤਾਂ ਫਿਰ ਕਵੀ ਦੀ ਸਿਰਜਣਾਤਮਿਕ ਊਰਜਾ ਦੀ ਪਕੜ ਵਿੱਚ ਆ ਜਾਂਦੇ ਹਨ। ਕਵੀ ਸ਼ਬਦਾਂ ਦੀਆਂ ਗੀਟੀਆਂ ਨਾਲ਼ ਕਵਿਤਾ ਕਵਿਤਾ ਖੇਡਦਾ ਹੈ। ਵਿਸ਼ਾ ਇਸ ਖੇਡ ਵਿਚੋਂ ਆਕਾਰ ਗ੍ਰਹਿਣ ਕਰਦਾ ਹੈ: ਅਥਾਹ ਅਸਗਾਹ, ਪਾਣੀਆਂ ਦੇ ਸੁਦਾਗਰ ਉਸ ਮਹਾਂ ਸਾਗਰ ਨੂੰ, ਮਟਕੇ 'ਚੋਂ ਇੱਕ ਲੱਪ ਜਲ ਕੀ ਪਿਆਇਆ, ਕਿ ਉਹ ਕੁਲ ਜੀਅ-ਜੰਤ ਸਮੇਤ ਮੇਰੇ ਮਾਰੂਥਲ ਤੱਕ ਚੱਲ ਆਇਆ... ਬਲਵਿੰਦਰ ਦੀ ਕਾਵਿ ਸਿਰਜਣ ਪ੍ਰਕਿਰਿਆ ਵਿੱਚ ਰੂਹ ਦਾ ਆਨੰਦ ਵੀ ਸ਼ਾਮਲ ਹੁੰਦਾ ਹੈ ਤੇ ਪਾਠਕ ਦੀ ਕਵਿਤਾ ਨਾਲ਼ ਅਪਣੱਤ ਵੀ ਦ੍ਰਿਸ਼ਟੀਮਾਨ ਹੁੰਦੀ ਹੈ। ਉਸ ਦੀ ਕਾਵਿ ਸਿਰਜਣਾ ਵਿਚੋਂ ਰੇਸ਼ਾ ਰੇਸ਼ਾ ਬਿਰਖ ਵਿਗਸਦਾ ਹੈ ਤੇ ਬਿਰਖ ਬਿਰਖ ਵਣ ਹੋ ਜਾਂਦਾ ਹੈ। ਕੁਦਰਤੀ ਵਹਿਣ ਦੀ ਤਰਤੀਬ ਨੂੰ ਉਹ ਤੋੜਦਾ ਨਹੀਂ। ਅਖ਼ਬਾਰ, ਘਰ, ਤਨ, ਮਿਲਖ, ਮੀਂਹ, ਧੁੱਪ, ਪਹਾੜ, ਸਮੁੰਦ, ਧਰਤ, ਉਮਰ ਤੇ ਯੁੱਗ ਜੀਵ - ਵਿਕਾਸ ਦਾ ਪਾਲਣ ਕਰਦਿਆਂ ਹੀ ਹੋਂਦ ਗ੍ਰਹਿਣ ਕਰਦੇ ਹਨ। ਇਹ ਕਵੀ ਦੀ ਮਹੀਨ ਸੂਝ ਹੈ। ਇਹ ਉਸ ਦੇ ਅੰਦਰ ਪਈ ਜਗਿਆਸਾ ਦਾ ਤਾਰਕਿਕ ਸ਼ਬਦ ਉਸਾਰ ਹੈ। ਪੰਨਾ ਨੰਬਰ 49 'ਤੇ ਮਿੱਟੀ ਦੀ ਯਾਤਰਾ ਦਾ ਪਾਠ ਕਰਦੇ ਹਾਂ: ਖੇਤ ਵਿਚ ਹੋਵਾਂ, ਜ਼ਿਮੀਂ ਕਾਗਜ਼ ਤੇ ਕਲਮ ਕਹੀ ਹੋ ਜਾਂਦੀ, ਪਸੀਨੇ 'ਚੋਂ ਸਿਆਹੀ ਦੀ ਖੁਸ਼ਬੂ ਉੱਠਦੀ ਕਲਪਨਾ ਦੁਮੇਲ ਤੱਕ ਫੈਲਦੀ ਮਿੱਟੀ ਚੋਂ ਆਉਂਦੀ ਸੁਗੰਧ ਸ਼ਬਦਾਂ ਨੂੰ ਜੀਵੰਤ ਤੱਤ ਦਿੰਦੀ। ਮੈਂ ਇਉਂ ਹੁੰਦਾ ਜਿਉਂ ਰਿਸ਼ੀਵਰ ਕੋਈ ਸਿਰਜਣਾ 'ਚ ਵਿਲੀਨ ਹੁੰਦਾ। ਬਲਵਿੰਦਰ ਕੋਲ਼ ਆਪਣੇ ਬਜ਼ੁਰਗ, ਬਿਰਖ, ਰੁੱਤਾਂ, ਖੇਡਾਂ, ਰੀਤੀ-ਰਿਵਾਜ ਤੇ ਮਾਨਵੀ ਸਮਾਜਿਕ ਵਿਹਾਰ ਕੱਲ੍ਹ ਵਾਂਗ ਪਏ ਹਨ। ਇਨ੍ਹਾਂ ਦੇ ਹਵਾਲਿਆਂ, ਪ੍ਰਭਾਵਾਂ 'ਚੋਂ ਉਹ ਭਲੇ ਵੇਲਿਆਂ ਦਾ ਸਹਿਜ ਚਿਤਰਨ ਕਰਦਿਆਂ ਗਹਿਰ ਗੰਭੀਰ ਕਾਵਿ ਦੀ ਸਿਰਜਣਾ ਕਰਦਾ ਹੈ। ਇਹ ਸਾਡੀ ਸਭਿਅਤਾ ਦੇ ਸਿਹਤਮੰਦ ਚਿੰਨ੍ਹ ਹਨ। ਉਹ ਇਨ੍ਹਾਂ ਦੇ ਹੇਰਵੇ ਦਾ ਭਾਵਕ ਚਿਤਰਨ ਨਹੀਂ ਕਰਦਾ ਸਗੋਂ ਚਿੰਤਨਮਈ ਕਾਵਿ ਸਿਰਜਣਾ ਕਰਦਿਆਂ ਕਵਿਤਾ ਦੀ ਕਾਵਿਕਤਾ ਨੂੰ ਉਜਾਗਰ ਕਰਦਾ ਹੈ। ਮਨੁੱਖੀ ਵਿਹਾਰ ਵਿੱਚ ਪਈਆਂ ਬੇਤਰਤੀਬੀਆਂ ਉਸ ਦੀ ਕਵਿਤਾ ਦੀ ਬੇਤਰਤੀਬੀ ਨਹੀਂ ਬਣਦੀਆਂ, ਸੁਹਜ ਤੇ ਸਹਿਜ ਦਾ ਕਲਾਤਮਿਕ ਦ੍ਰਿਸ਼ ਚਿਤਰਦੀ ਧੀਮੀ ਸੁਰ ਵਿੱਚ ਵੱਡਾ ਸੁਨੇਹਾ ਦਿੰਦੀ ਹੈ: ਦੇਖਦਾਂ ਕਿ ਮੇਰੇ ਸਰਵਰਾਂ 'ਚ ਓਨਾ ਜਲ ਨਹੀਂ ਬਚਿਆ ਜਿੰਨਾ ਮੇਰੇ ਇਤਿਹਾਸ ਦੇ ਵਰਕਿਆਂ 'ਚ ਲਹੂ ਡੁੱਲ੍ਹਿਆ... ਕਦੇ ਕਦੇ ਆਪਣੀ ਸਰ ਜ਼ਮੀਨ ਦਾ ਇਤਿਹਾਸ ਪੜ੍ਹਦਾਂ ਤਾਂ ਅਕਸਰ ਹਤਾਸ਼ ਹੋ ਜਾਨਾਂ....! ਉਹ ਆਪਣੀ ਮਿੱਟੀ ਨੂੰ ਮਾਂ ਜਿੰਨਾ ਮੋਹ

ਕਰਦਾ ਹੈ। ਮਾਂ ਮਿੱਟੀਏ, ਮਿੱਟੀ ਦੀ ਯਾਤਰਾ, ਭੂਚਾਲ, ਏਹ ਧਰਤੀ ਏਹ ਰੋਟੀ, ਅੰਨ, ਕੁੜਤਾ, ਵੱਡਿਆਂ ਸਿਓ, ਮੀਂਹ ਕਣੀ ਦੇ ਦਿਨੀਂ ਆਦਿ ਕਵਿਤਾਵਾਂ ਮਿੱਟੀ ਦੇ ਮੋਹ – 'ਚੋਂ ਨਿਕਲੀਆਂ ਹਨ। ਆਪਣੀ ਭੋਇੰ ਤੇ ਆਪਣੀ ਲੁਕਾਈ ਮੈਨੂੰ ਖ਼ੁਦਾਈ ਤੋਂ ਵੱਧ ਪਿਆਰੀ ਬਾਬਾ ਆਖੇ ਭਾਗੋਆ ਸਾਡੀ ਲਾਲੋਆਂ ਸੰਗ ਯਾਰੀ.....! ਦੇਸ਼ ਦੀ ਵੰਡ ਨਾਲ ਸਬੰਧਤ ਬਹੁਤ ਸਾਰਾ ਸਾਹਿਤ ਰਚਿਆ ਗਿਆ ਹੈ। ਬਲਵਿੰਦਰ ਇਸ ਦੁਖਾਂਤ ਨੂੰ ਪਤੀਲੀ ਵਰਗੇ ਸੁਖਾਂਤਕ ਬਿੰਬ ਨਾਲ ਲਿਖਦਾ ਹੈ। ਪਤੀਲੀ ਵਿੱਚ ਬਣ ਰਹੀ ਗੁੜ ਦੀ ਚਾਹ ਦੇ ਸਵਾਦ ਵਿੱਚ ਰਲਿਆ ਇਹ ਦੁਖਾਂਤ ਬਿਨਾਂ ਸ਼ੋਰ ਕੀਤਿਆਂ ਅੰਦਰ ਵਿੰਨ੍ਹ ਜਾਂਦਾ ਹੈ। ਅਣਗੌਲੇ ਵਿਸ਼ਿਆਂ ਨੂੰ ਗੌਲਣਯੋਗ ਨਕਸ਼ ਨੁਹਾਰ ਦੇਣ ਦਾ ਗੁਰ ਵੀ ਇਹਨਾਂ ਕਵਿਤਾਵਾਂ ਕੋਲ਼ ਹੈ। ਕਵਿਤਾਵਾਂ ਪੜ੍ਹਦਿਆਂ ਪਤਾ ਨਹੀਂ ਲੱਗਦਾ ਕਦ ਕਿਸ ਸਤਰ ਨੇ ਤੁਹਾਨੂੰ ਇਤਿਹਾਸ ਦੇ ਕਿਸ ਛਿਣ ਕੋਲ ਲੈ ਜਾਣਾ ਹੈ, ਸਮਾਜ ਦਾ ਕਿਹੜਾ ਵਰਤਾਰਾ ਸਾਕਾਰ ਹੋ ਜਾਣਾ ਹੈ। ਹਰ ਕਵਿਤਾ ਆਪਣੇ ਹਾਣ ਦੀ ਭਾਸ਼ਾ ਸਿਰਜ ਲੈਂਦੀ ਹੈ, ਬਿੰਬ ਪ੍ਰਤੀਕ ਘੜ ਲੈਂਦੀ ਹੈ। ਕਵਿਤਾ ਵਿਚੋਂ ਛੋਹੇ ਵਿਸ਼ੇ ਦੀ ਸੁਗੰਧ ਅੰਦਰ ਲਹਿ ਜਾਂਦੀ ਹੈ। ਕਵਿਤਾ ਆਪਣੇ ਬਚਨ ਬਿਲਾਸ ਤੋਂ ਕਈ ਕੁਝ ਵੱਧ ਕਹਿ ਜਾਂਦੀ ਹੈ। ਸਿੰਘੂ ਤੋਂ ਜਦ ਸ਼ੰਭੂ ਬੈਠੀ ਮਾਂ ਪੰਜਾਬ ਕੁਰ ਨੂੰ ਸ਼ਾਇਰ ਮੁਖਾਤਬ ਹੁੰਦਾ ਹੈ ਤਾਂ ਕਿਸਾਨੀ ਸੰਘਰਸ਼ ਦਾ ਹਰ ਛਿਣ ਪਾਠਕ ਦੀਆਂ ਅੱਖਾਂ ਵਿੱਚ ਮੱਚਦਾ ਮਘਦਾ ਪੋਥੀਆਂ ਦੀ ਕਥਾ ਨੂੰ ਇੱਕ ਕਵਿਤਾ ਵਿੱਚ ਕਹਿ ਧਰਦਾ ਹੈ। ਕਵਿਤਾਵਾਂ ਵਿਚਲਾ ਸ਼ਬਦਾਂ ਦਾ ਇਹ ਵਿਸਥਾਰ ਸਾਡੀ ਰਹਿਤਲ ਵਿਚੋਂ ਆਇਆ ਹੈ। ਬਹੁਤ ਸਾਰਾ ਸ਼ਬਦ ਕਿਸਾਨੀ, ਕਿਰਤੀ ਕਿੱਤੇ ਵਿਚੋਂ ਆਏ ਹਨ। ਇਸੇ ਲਈ ਇਹ ਕਵਿਤਾਵਾਂ ਅਵਾਮ ਦੇ ਵੱਡੇ ਸਮੂਹ ਤੱਕ ਦਸਤਕ ਦੇਣ ਦੇ ਸਮਰੱਥ ਹਨ। ਇਸ ਡਿਜੀਟਲ ਯੁੱਗ ਅੰਦਰ ਬਹੁਤ ਸਾਰੇ ਸ਼ਬਦ ਅਗਲੇਰੀਆਂ ਪੀੜ੍ਹੀਆਂ ਲਈ ਬੇਗਾਨੇ ਹੋ ਜਾਣਗੇ। ਤੀਲਾ–ਤੀਲਾ ਧਾਗਾ–ਧਾਗਾ ਪੁਸਤਕ ਨਿਰ ਉਚੇਚ ਇਨ੍ਹਾਂ ਸ਼ਬਦਾਂ ਨੂੰ ਸਾਂਭਣ ਦਾ ਸਿਹਤਮੰਦ ਉਪਰਾਲਾ ਵੀ ਹੈ। ਦਿਲ ਤਾਂ ਕਰਦਾ ਇਸ ਸੰਗ੍ਰਹਿ ਦੀ ਹਰ ਕਵਿਤਾ ਦੀ ਗੱਲ ਕਰੀਏ, ਪਰ ਕੁਝ ਗੱਲਾਂ ਤੁਸੀਂ ਵੀ ਤਾਂ ਕਰਨੀਆਂ ਹਨ ਪਿਆਰੇ ਪਾਠਕ ਜਨ। ਇਨ੍ਹਾਂ ਕਵਿਤਾਵਾਂ ਨੇ ਖੁੱਲ੍ਹੀ ਕਵਿਤਾ ਦਾ ਮਾਣ ਸਤਿਕਾਰ ਵਧਾਇਆ ਹੈ। ਖੁੱਲ੍ਹੀ ਕਵਿਤਾ ਕਿਹੋ ਜਿਹੀ ਹੋਣੀ ਚਾਹੀਦੀ ਹੈ., ਇਹ ਸੰਦੇਸ਼ ਵੀ ਕਵੀਆਂ ਤੱਕ ਲੈ ਕੇ ਜਾਂਦੀ ਹੈ ਇਹ ਪੁਸਤਕ। ਵਿਦਾ ਲੈਣ ਤੋਂ ਪਹਿਲਾਂ ਬਲਵਿੰਦਰ ਨੂੰ ਵਧਾਈ ਤਾਂ ਦੇਣੀ ਬਣਦੀ ਹੈ।

❑❑❑

# ਬਿਰਹਾ ਕੱਤਦੀ ਰਿਸ਼ਮ
# ਪਰਮਜੀਤ ਦਿਓਲ ਦਾ ਕਾਵਿ

ਪਰਮਜੀਤ ਦਿਓਲ ਕਵਿਤਾ ਕੋਲ਼ ਆ ਕੇ ਦਿਓਲ ਪਰਮਜੀਤ ਹੋ ਜਾਂਦੀ ਹੈ। ਉਂਝ ਉਹ ਜਦੋਂ ਵੀ ਮਿਲਦੀ ਹੈ, ਛੋਟੀ ਭੈਣ ਨੂੰ ਮਿਲਣ ਵਰਗਾ ਅਹਿਸਾਸ ਹੁੰਦਾ ਹੈ। ਉਹ ਕਵਿਤਰੀ ਤਾਂ ਹੈ ਈ, ਕਲਾਕਾਰ ਵੀ ਹੈ। ਨਾਟਕਾਂ 'ਚ ਆਪਣੇ ਸੁਭਾਅ ਵਰਗੀ ਭੂਮਿਕਾ ਨਿਭਾਉਂਦੀ ਕੁਝ ਪੰਜਾਬੀ ਫਿਲਮਾਂ ਵਿਚ ਵੀ ਦਿਖਾਈ ਦਿੱਤੀ ਹੈ। ਬੱਚੇ ਵੀ ਕਲਾਕਾਰ ਹਨ। ਘਰ ਦਾ ਮਾਹੌਲ ਕਾਵਿਕ ਹੈ। ਰੰਗਮੰਚ ਨਾਲ਼ ਜੁੜੀ ਉਹ ਨਾਟਕਕਾਰਾਂ ਦਾ ਸਤਿਕਾਰ ਤੇ ਸਨਮਾਨ ਕਰਨਾ ਵੀ ਜਾਣਦੀ ਹੈ। ਪੰਜਾਬ ਤੋਂ ਬਰੈਂਪਟਨ ਆਏ ਨਾਟਕਕਾਰਾਂ ਦਾ ਸਵਾਗਤ ਉਹ ਅੱਗਲ਼ਵਾਂਢੇ ਹੋ ਕੇ ਕਰਦੀ ਹੈ। ਕਵਿਤਰੀ ਤਾਂ ਉਹ ਹੈ ਈ, ਕਾਵਿ ਸੰਸਾਰ ਨਾਲ਼ ਸਾਂਝ ਗੰਢਣੀ ਵੀ ਜਾਣਦੀ ਹੈ। ਉਂਝ ਇਹ ਹੁਨਰ ਕਈ ਹੋਰਾਂ ਕੋਲ਼ ਵੀ ਹੈ, ਪਰ ਉਨ੍ਹਾਂ ਕੋਲ਼ ਕਵਿਤਾ ਨਹੀਂ ਹੈ। ਇਥੇ ਬਰੈਂਪਟਨ (ਕੈਨੇਡਾ) ਵਿਚ ਅਪਣੀ ਹੋਂਦ ਦੀ ਪਛਾਣ ਬਣਾਈ ਰੱਖਣ ਲਈ ਇੱਕ ਪੰਜਾਬੀ ਲੇਖਕ ਨੂੰ ਤਰੱਦਦ ਕਰਨਾ ਪੈਂਦਾ ਹੈ। ਪਰਮਜੀਤ ਨੇ ਅਪਣੀ ਪਛਾਣ ਬਣਾਈ ਹੈ ਤੇ ਉਸ ਦੀ ਕਵਿਤਾ ਨੇ ਵੀ। ਉਸ ਦੀ ਪਹਿਲੀ ਕਾਵਿ-ਪੋਥੀ ਸਾਹਾਂ ਦੀ ਪੱਤਰੀ ਤੋਂ ਬਾਅਦ 'ਮੈਂ ਇੱਕ ਰਿਸ਼ਮ' ਸੰਨ 2015 ਵਿਚ ਛਪਦੀ ਹੈ। ਛੋਟੀਆਂ ਕਵਿਤਾਵਾਂ ਵਾਲੀ ਇਸ ਪੁਸਤਕ ਵਿੱਚ ਵੱਡੇ ਤੇ ਗਹਿਰੇ ਖ਼ਿਆਲ ਹਨ। ਇਨ੍ਹਾਂ ਕਵਿਤਾਵਾਂ ਵਿਚ ਕਣ ਹੈ, ਦਾਰਸ਼ਨਿਕਤਾ ਹੈ, ਭਾਵ ਹੈ ਤੇ ਸਰਲ ਭਾਸ਼ਾ 'ਚ ਗਹਿਰੇ ਵਿਚਾਰ ਹਨ। ਇਹ ਕਵਿਤਾਵਾਂ ਪਾਠਕ ਨੂੰ ਆਪਣੇ ਕੋਲ਼ ਰੋਕਦੀਆਂ ਹਨ, ਸੰਵਾਦ ਰਚਾਉਂਦੀਆਂ ਹਨ ਤੇ ਪਾਠਕ ਦੇ ਮੂੰਹੋਂ ਆਪ-ਮੁਹਾਰੇ ਵਾਹ ਨਿਕਲਦੀ ਹੈ। ਉਹ ਆਪਣੇ ਆਪ ਨਾਲ਼ ਸੰਵਾਦ ਰਚਾਉਂਦੀ ਅਪਣੀ ਮੈਂ ਤੋਂ ਮੁਕਤ ਹੋਣਾ ਲੋਚਦੀ ਹੈ:

*ਮੈਂ ਕੁਝ ਵੀ ਨਹੀਂ ਹਾਂ/ ਬੱਸ ਖੌਲਦੇ ਸਮੁੰਦਰ*
*ਦੇ ਪਾਣੀਆਂ 'ਚ ਨਿੱਕੀ ਜਿਹੀ ਮੱਛਲੀ ਹਾਂ*
*ਮੈਂ 'ਮੈਂ' ਤੋਂ ਮੁਕਤ ਹੋਣਾ ਲੋਚਦੀ....*

ਕਵਿਤਾ ਦੀ ਸਿਰਜਣਾ ਉਸ ਲਈ ਨਵ-ਜਨਮਿਆਂ ਬਾਲ ਹੈ ਜਿਸ ਦਾ ਅਹਿਸਾਸ ਉਸ ਨੂੰ ਮਾਂ ਬਣੀ ਔਰਤ ਦੇ ਅਹਿਸਾਸ ਤੱਕ ਲੈ ਜਾਂਦਾ ਹੈ। 'ਕੁੱਖ ਹਰੀ ਹੁੰਦੀ ਤਾਂ ਕਿੰਨਾ ਚਾਅ ਹੁੰਦਾ ਮਾਂ....ਨੂੰ'। ਉਸ ਦੀਆਂ ਕਵਿਤਾਵਾਂ ਮਹਿਬੂਬ ਦੀ ਯਾਦ ਦੇ ਮੱਠੇ ਮੱਠੇ ਸੇਕ 'ਤੇ ਪੱਕਦੀਆਂ ਹਨ। ਇਹਨਾਂ ਕਵਿਤਾਵਾਂ ਵਿਚਲੀ ਵਿਚਾਰ-

ਸ਼ੀਲਤਾ ਬਹੁ-ਪਰਤੀ ਹੈ। ਉਸ ਦੀ ਕਵਿਤਾ ਅੰਬਰ ਤੇ ਧਰਤ ਦੀ ਬੁੱਕਲ ਵਿਚ ਬੈਠੀ ਤਰਲਤਾ ਹੈ। ਮੁਹੱਬਤ ਦਾ ਅਹਿਸਾਸ ਉਸ ਕੋਲ਼ ਸੂਖ਼ਮ ਬਿੰਬਾਂ 'ਚ ਪਰੋਇਆ ਮਹੀਨ ਕਾਵਿ ਬਣ ਆਉਂਦਾ ਹੈ:

*ਤੇਰੀਆਂ ਲਹਿਰਾਂ ਨੇ ਛੋਹ ਲਿਆ*
*ਕਿਨਾਰਿਆਂ 'ਤੇ ਵਿਛੀ ਰੇਤ ਨੂੰ*
*ਤੇ ਮੈਂ ਜਿਉਣ ਜੋਗੀ ਹੋ ਗਈ*

ਮੁਹੱਬਤ ਦੇ ਅਹਿਸਾਸ ਨੂੰ ਸਿਰਜਦੀਆਂ ਬਹੁਤ ਸਾਰੀਆਂ ਨਜ਼ਮਾਂ ਹਨ ਇਸ ਪੁਸਤਕ ਵਿਚ। ਪਰ ਹਰ ਨਜ਼ਮ ਵੱਖਰਾ ਦ੍ਰਿਸ਼ ਸਿਰਜਦੀ ਹੈ, ਵੱਖਰੇ ਅਨੁਭਵ ਦੀ ਬਾਤ ਪਾਉਂਦੀ, ਅਸਲੋਂ ਵੱਖਰੀਆਂ ਪੈੜਾਂ ਦੇ ਨਕਸ਼ ਉਲੀਕਦੀ ਹੈ। ਇਹ ਕਵਿਤਾਵਾਂ ਫੁਰਨਿਆਂ ਵਰਗੀਆਂ ਹਨ, ਜ਼ਿੰਦਗੀ ਦੇ ਕਿਸੇ ਵੀ ਛਿਣ ਹੋਏ ਇਲਹਾਮ ਨੂੰ ਸ਼ਬਦਾਂ ਵਿਚ ਸਾਂਭਿਆ ਖ਼ਿਆਲ। ਇਹ ਨਜ਼ਮਾਂ ਘੜੀਆਂ ਨਹੀਂ ਗਈਆਂ, ਸਿਰਜੀਆਂ ਗਈਆਂ ਹਨ। ਕਵਿਤਾ, ਤਰਲਤਾ, ਜੀਵਨ, ਝੌਂਲ਼ਾ, ਖਿੱਚ, ਬਦਲਾਵ, ਯਾਦ, ਆਹਟ, ਇੰਤਜ਼ਾਰ, ਭੇਦ, ਝੀਲ ਵਰਗੀ, ਚੁੱਪ, ਰੰਗ ਆਦਿ ਇਸ ਅਨੁਭਵ ਦੀਆਂ ਕਵਿਤਾਵਾਂ ਹਨ। ਕੁਝ ਕਵਿਤਾਵਾਂ ਵਿਚ ਸਦੀਵੀ ਸੱਚ ਸਿਰਜਦੀਆਂ ਸਤਰਾਂ ਵੀ ਪੜ੍ਹਨ ਨੂੰ ਮਿਲਦੀਆਂ ਹਨ:

*ਢਲਦੇ ਸੂਰਜ ਨੂੰ ਸਿਰ ਨਿਵਾਇਆ*
*ਉਸ ਚੜ੍ਹਦੇ ਸੂਰਜ ਵਰਗੀ ਅਸੀਸ ਦਿੱਤੀ*
*ਪੈਰ ਦੀ ਜੁੱਤੀ ਦੀ ਆਪਣੀ ਸਪੇਸ ਹੁੰਦੀ*
*ਤੂੰ ਮੁਸਾਫ਼ਰ ਤਾਂ ਬਣ, ਮੈਂ ਰਸਤਾ ਬਣ ਜਾਵਾਂਗੀ*
*ਮੈਂ ਅੱਜ ਵੀ ਉਹਦੇ ਬੁੱਲ੍ਹਾਂ 'ਚੋਂ ਕਿਰਦੀ ਨਜ਼ਮ ਦੀ ਉਡੀਕ 'ਚ ਹਾਂ*

ਮਾਂ, ਝਰੋਖਾ, ਰੀਝ, ਮਾਂ ਬਾਰੇ ਕਵਿਤਾਵਾਂ ਹਨ। ਇਹਨਾਂ ਕਵਿਤਾਵਾਂ ਵਿਚ ਮਾਂ ਸਾਹਮਣੇ ਚੌਂਕੇ 'ਚ ਬੈਠੀ ਹੈ ਤੇ ਚੌਂਕਾ ਕਵੀ ਦੇ ਅੰਦਰ। ਇਸੇ ਕਰਕੇ ਇਹ ਦੁਨੀਆਂ ਦੀ ਹਰ ਮਾਂ ਦੀ ਗੱਲ ਕਰਦੀਆਂ ਕਵਿਤਾਵਾਂ ਹਨ। ਇਸ ਕਿਤਾਬ ਦੇ ਟਾਈਟਲ ਵਾਲ਼ੀ ਕਵਿਤਾ 'ਮੈਂ ਇੱਕ ਰਿਸ਼ਮ' ਅਤੇ ਇਸ ਤੋਂ ਬਾਅਦ ਵਾਲੀਆਂ ਕਵਿਤਾਵਾਂ ਦੀ ਸੁਰ ਵੱਖਰੀ ਹੈ। ਇਹ ਪ੍ਰਗਤੀਵਾਦੀ ਦੌਰ ਦੀਆਂ ਕਵਿਤਾਵਾਂ ਦੇ ਨੇੜੇ ਜਾ ਖਲੋਂਦੀਆਂ ਹਨ। ਮੈਂ ਇੱਕ ਰਿਸ਼ਮ ਕਵਿਤਾ ਦੀ ਪਹਿਲੀ ਸਤਰ ਕਿ ਮੈਂ ਬਹੁਤ ਕੁਝ ਕਰ ਸਕਦੀ ਹਾਂ, ਸੱਤਾ ਨਾਲ਼ ਟਕਰਾਉਂਦੇ ਇਰਾਦੇ ਦੀ ਦੱਸ ਪਾਉਂਦੀ ਹੈ। ਸਵੈ ਸੰਵਾਦ ਜਿਨ੍ਹਾਂ ਦੋ ਪਾਤਰਾਂ ਵਿਚਕਾਰ ਹੈ, ਉਹ ਇਕੋ ਪਾਤਰ ਦੇ ਅੰਦਰ ਤੇ ਬਾਹਰ ਨਾਲ਼ ਸੰਵਾਦ ਹੈ। ਖ਼ੈਰ ਮਾਹੀ ਕਵਿਤਾ ਵਿਚ ਉਡਦੇ ਬਾਜ਼ਾਂ ਦਾ ਜ਼ਿਕਰ ਪਾਸ਼ ਕਾਵਿ ਤੱਕ ਜਾਂਦਾ ਹੈ। ਰਾਜੇ ਸ਼ੀਂਹ, ਜ਼ਰੂਰੀ ਨਹੀਂ ਹੁੰਦਾ, ਜ਼ੁਲਮ, ਸੱਚ-ਝੂਠ, ਤਾਂਘ, ਲਾ-ਪਤਾ, ਪਰਛਾਵੇਂ ਆਦਿ ਕਵਿਤਾਵਾਂ ਇਸੇ ਸੁਰ ਦੀਆਂ ਹਨ। ਜਿੱਥੋਂ ਤੱਕ

ਪਰਮਜੀਤ ਦਿਓਲ ਦੀ ਸਿਰਜਣ ਪ੍ਰਕਿਰਿਆ ਦਾ ਸਬੰਧ ਹੈ, ਉਸ ਦੀ ਗੱਲ 'ਭਾਲ' ਕਵਿਤਾ ਖੁੱਲ੍ਹ ਕੇ ਕਰਦੀ ਹੈ:

*ਮੇਰੇ ਕੋਲ਼ ਖ਼ਿਆਲ ਹੈ ਤੇ ਅੱਖਰ ਉਸ ਨੂੰ ਲਿਖ ਦਿੰਦੇ*
*ਮੈਂ ਕਵਿਤਾ ਨਹੀਂ ਲਿਖਦੀ, ਮੈਂ ਤਾਂ ਸ਼ਬਦਾਂ ਨੂੰ*
*ਕੁੱਛੜ ਚੁੱਕ ਖਿਡਾਉਂਦੀ ਫਿਰਦੀ ਹਾਂ*

ਤੇ ਜੇ ਦਿਓਲ ਦੀ ਸਿਰਜਣਾ ਬਾਰੇ ਹੋਰ ਗੱਲ ਕਰਨੀ ਹੋਵੇ ਤਾਂ ਇਸ ਸੰਗ੍ਰਹਿ ਦੀ ਆਖ਼ਰੀ ਨਜ਼ਮ ਪੜ੍ਹ ਸਕਦੇ ਹਾਂ:

*ਆਹ ਲੈ ਫੜ ਮੇਰੀਆਂ ਨਜ਼ਮਾਂ*
*ਐਵੇਂ ਨਾ ਖ਼ਰਲ-ਖੂੰਜੇ ਸੁੱਟੀਂ*
*ਕਿਤੇ ਸਲਾਭਿਆਂ ਦੀ ਮਾਰ ਨਾਲ਼ ਗਲ਼ ਸੜ ਜਾਣ*
*ਜਾਂ ਅਲਮਾਰੀਆਂ 'ਚ ਪਈਆਂ ਦੰਮ ਤੋੜ ਜਾਣ*
*ਨਜ਼ਮਾਂ ਸੰਵਾਦ ਰਚਾਉਣਾ ਹੈ ਤੇਰੇ ਨਾਲ਼*

ਇਸ ਪੁਸਤਕ ਵਿਚ ਕੁਝ ਹੋਰ ਜ਼ਿਕਰਯੋਗ ਕਵਿਤਾਵਾਂ ਵੀ ਹਨ ਜਿਨ੍ਹਾਂ ਵਿਚ ਮਾਨਵੀ ਕਦਰਾਂ ਕੀਮਤਾਂ ਦੀ ਗੱਲ ਕਰਦੇ ਹੋਰ ਵੀ ਬਹੁਤ ਸਾਰੇ ਵਿਸ਼ੇ ਛੋਹੇ ਗਏ ਹਨ। ਸਮਿਆਂ ਦੇ ਹਾਣੀ, ਵੰਗਾਂ, ਰਜਾਈ, ਆਵਾਗਮਨ, ਪਲ, ਡਰ, ਚੰਗਿਆੜੀ, ਘਰ, ਚਿੜੀ, ਲੂਣ, ਬੂਹੇ, ਉਡਾਣ, ਸ਼ਬਦ, ਕਿਰਸਾਣੀ, ਧੂੰਆਂ, ਭਰਮ, ਕੁਦਰਤ, ਜੰਗਲ, ਦੇਵਦਾਸੀ, ਦਸਤੂਰ, ਕੁੜੀ, ਕੰਧਾਂ, ਸਮਾਧੀ, ਚਾਨਣ, ਚੁੱਪ, ਆਵਾਜ਼ਾਂ, ਰਿਜਕ, ਸਿਰਜਣਾ ਨਜ਼ਰੀਆ, ਸੰਪੂਰਣਤਾ ਆਦਿ ਕਵਿਤਾਵਾਂ ਸ਼ਾਮਲ ਹਨ। ਇੰਝ ਅਸੀਂ ਕਹਿ ਸਕਦੇ ਹਾਂ ਕਿ ਮੈਂ ਇੱਕ ਰਿਸ਼ਮ ਦੇ ਕਲਾਵੇ ਵਿਚ ਵਿਸ਼ਿਆਂ ਦੀ ਭਰਮਾਰ ਹੈ। ਮੈਂ ਇੱਕ ਰਿਸ਼ਮ ਵਿਚਲੀਆਂ ਖੁੱਲ੍ਹੀਆਂ ਕਵਿਤਾਵਾਂ ਵਿਚਲੇ ਖੁੱਲ੍ਹੇ ਵਿਚਾਰਾਂ ਦੀ ਕਾਵਿਕਾਰੀ ਤੋਂ ਬਾਅਦ ਪਰਮਜੀਤ ਦਿਓਲ ਛੰਦਬੱਧ ਕਵਿਤਾ ਲਿਖਣ ਵੱਲ ਰੁਚਿਤ ਹੁੰਦੀ ਹੈ ਤੇ ਉਸ ਦੀ ਅਗਲੀ ਕਿਤਾਬ 'ਤੂੰ ਕੱਤ ਬਿਰਹਾ' ਹੋਂਦ ਵਿਚ ਆਉਂਦੀ ਹੈ।

**ਤੂੰ ਕੱਤ ਬਿਰਹਾ:** ਤੂੰ ਕੱਤ ਬਿਰਹਾ ਸੰਗ੍ਰਹਿ ਵਿਚ ਗੀਤ, ਗਜ਼ਲਾਂ ਅਤੇ ਕਵਿਤਾਵਾਂ ਸ਼ਾਮਲ ਹਨ। ਇਸ ਸੰਗ੍ਰਹਿ ਦੀਆਂ ਬਹੁਤ ਸਾਰੀਆਂ ਕਵਿਤਾਵਾਂ ਪਰਮਜੀਤ ਦਿਓਲ ਨੂੰ ਜ਼ਬਾਨੀ ਯਾਦ ਹਨ। ਪੰਜਾਬੀ ਵਿਚ ਕਵਿਤਾ ਲਿਖਣ ਵਾਲੇ ਅਜਿਹੇ ਉਂਗਲਾਂ 'ਤੇ ਗਿਣਨ ਜੋਗੇ ਲੋਕ ਹਨ ਜਿਹਨਾਂ ਨੂੰ ਆਪਣੀਆਂ ਕਵਿਤਾਵਾਂ ਜ਼ਬਾਨੀ ਯਾਦ ਹਨ। ਮੈਨੂੰ ਲੱਗਦਾ ਹੁੰਦਾ ਕਿ ਕਵਿਤਾਵਾਂ ਇਨ੍ਹਾਂ ਦੇ ਅੰਦਰ ਵੱਸਦੀਆਂ ਹਨ, ਇਨ੍ਹਾਂ ਦੇ ਸਾਹਾਂ ਵਿਚ ਸ਼ਾਮਲ ਹਨ। ਇਹ ਲੋਕ ਹਰ ਛਿਣ ਅਪਣੀ ਕਵਿਤਾ ਜਿਉਂਦੇ ਹਨ। ਇਹ ਕਵੀ ਤੇ ਕਵਿਤਾ ਦੋਹਾਂ ਦੀ ਵਡੱਤਣ ਹੈ। 'ਤੂੰ ਕੱਤ ਬਿਰਹਾ' ਵਿਚ ਸੂਫ਼ੀ ਕਾਵਿ ਦਾ ਝਲਕਾਰਾ ਹੈ। ਸ਼ਿਵ ਕੁਮਾਰ ਬਟਾਲਵੀ ਨੂੰ ਬਿਰਹਾ ਦਾ

ਸੁਲਤਾਨ ਕਿਹਾ ਗਿਆ ਹੈ। ਸ਼ੇਖ ਫਰੀਦ ਨੇ ਕਿਹਾ ਸੀ 'ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨ'। ਪਰਮਜੀਤ ਦਿਓਲ ਲਿਖਦੀ ਹੈ 'ਬਿਰਹਾ ਕਿਹੜਾ ਸੌਖਿਆਂ ਕੱਤਿਆ ਜਾਂਦਾ। ਰੀਝਾਂ ਦੀ ਬੋਲੀ ਲਾਈ ਜਾਂਦੀ ਤੇ ਚਾਵਾਂ ਨੂੰ ਗਹਿਣੇ ਧਰਿਆ ਜਾਂਦੈ'। ਇਹ ਔਰਤ ਦੀ ਹੋਣੀ ਵੱਲ ਸੰਕੇਤ ਹੈ। ਇਸ ਹੋਣੀ ਨੂੰ ਕਵਿਤਾ ਅੰਦਰ ਅਨੁਵਾਦ ਕਰਦਿਆਂ ਕਵਿਤਰੀ ਦਾ ਮਨ ਲੋਕ ਮਨ ਦੇ ਨੇੜੇ ਜਾ ਢੁੱਕਦਾ ਹੈ ਅਤੇ ਉਸ ਦੇ ਕਾਵਿਕ ਬੋਲਾਂ 'ਚ ਲੋਕ ਗੀਤਾਂ ਦੀ ਰੂਹ ਸਾਹ ਲੈਂਦੀ ਜਾਪਦੀ ਹੈ:

*ਲਾਹ ਲਾਹ ਗਲੋਟੇ ਪੱਛੀ ਧਰ ਲਏ*
*ਗੁੱਛੇ ਕਰਕੇ ਸੰਦੂਕੀ ਧਰ ਲਏ*
*ਹੁਣ ਆਵੇ ਨਾ ਸੰਦੂਕੜੀ ਨੂੰ ਸਾਹ*
*ਨੀ ਤੂੰ ਕੱਤ ਬਿਰਹਾ ਤੈਨੂੰ ਬਿਰਹਾ...*

ਇਹਨਾਂ ਕਵਿਤਾਵਾਂ ਵਿਚ ਪੰਜਾਬ ਦੇ ਪੇਂਡੂ ਕਲਚਰ ਵਿਚਲੇ ਠੇਠ ਸ਼ਬਦਾਂ ਦੀ ਵਰਤੋਂ ਇਹਨਾਂ ਨੂੰ ਹੋਰ ਵੀ ਭਾਵਪੂਰਤ ਬਣਾਉਂਦੀ ਹੈ। ਇਹ ਉਹ ਸ਼ਬਦ ਹਨ ਜਿਹੜੇ ਹੌਲੀ-ਹੌਲੀ ਸਾਡੇ ਸ਼ਬਦਕੋਸ਼ ਵਿਚੋਂ ਅਲੋਪ ਹੋ ਰਹੇ ਹਨ। ਅਜਿਹੇ ਬਹੁਤ ਸਾਰੇ ਸ਼ਬਦਾਂ ਦਾ ਹਵਾਲਾ ਦਿੱਤਾ ਜਾ ਸਕਦਾ ਹੈ। ਕੁਝ ਸ਼ਬਦ ਪੜ੍ਹਦੇ ਹਾਂ ਜਿਵੇਂ ਗਲੋਟੇ, ਪੱਛੀ, ਗੁੱਛੇ, ਸੰਦੂਕੜੀ, ਬੱਤੀ, ਕੰਧਾਂ-ਕੌਲਿਆਂ, ਚਿਤਵਣੀ, ਬੋਹਲ, ਲਿਪਣਾ, ਦਸੂਤੀ, ਕੂਚੀ, ਕਾਹੀ ਆਦਿ:

*ਵਿੱਚ ਤ੍ਰਿੰਝਣਾਂ ਕੱਢਾਂ ਦਸੂਤੀ*
*ਪੰਜਾਂ ਨੂੰ ਫੜ ਲਾਹ ਦਾਂ ਕੂਚੀ*
*ਜੋ ਪਾ ਬੈਠੇ ਗਾਹ*
*ਨੀ ਮੈਨੂੰ ਪੀਆ ਮਿਲਣ ਦਾ ਚਾਅ/ ਪੀਆ..*

ਇਹ ਮੁਹੱਬਤ ਦੇ ਗੀਤ ਨਹੀਂ ਹਨ। ਇਹ ਇੱਕ ਪੰਜਾਬੀ ਨਾਰ ਦੇ ਜਜ਼ਬਾਤ ਹਨ। ਉਸ ਦੀਆਂ ਭਾਵਨਾਵਾਂ ਦਾ ਕਾਵਿਕ ਇਜ਼ਹਾਰ ਹੈ। ਇਹ ਉਹ ਗੀਤ ਹਨ ਜੋ ਘਰ ਦੇ ਕੰਮਾਂਕਾਰਾਂ ਵਿਚ ਰੁੱਝੀ ਮੁਟਿਆਰ ਦਿਆਂ ਫੁਰਨਿਆਂ ਵਿਚ ਅੰਗੜਾਈਆਂ ਲੈਂਦੇ ਰਹਿੰਦੇ ਹਨ। ਜਦ ਇਹ ਅੰਗੜਾਈਆਂ ਵਰਕਿਆਂ 'ਤੇ ਆਕਾਰ ਗ੍ਰਹਿਣ ਕਰਦੀਆਂ ਹਨ ਤਾਂ ਗੀਤ ਦਾ ਜਨਮ ਹੁੰਦਾ ਹੈ। ਗੀਤ, ਨਜ਼ਮ, ਗਜ਼ਲ਼ ਕਿਸ ਵਿਧਾ ਦਾ ਸਰੂਪ ਸਿਰਜਿਆ ਜਾਣਾ ਹੈ, ਇਹ ਫੁਰਨਾ ਆਪਣੇ ਨਾਲ਼ ਲੈ ਕੇ ਆਉਂਦਾ ਹੈ। ਇਹ ਗੀਤ ਸੁੱਤੇ-ਸਿਧ ਹੀ ਸਮਾਜਕ, ਰਾਜਨੀਤਕ ਅਤੇ ਭੂਗੋਲਿਕ ਸਰੋਕਾਰਾਂ ਨੂੰ ਮੁਖ਼ਾਤਬ ਹੋ ਜਾਂਦੇ ਹਨ:

*ਧਰਮ ਦੇ ਨਾਂ 'ਤੇ ਵਧਦਾ ਪਾੜਾ/ ਦੇਖਿਆ ਮੈਂ ਅਖ਼ਬਾਰਾਂ 'ਤੇ*
*ਸ਼ਰਮ ਹਯਾ ਤੇ ਕੂਚੀ ਫੇਰੀ/ ਨਾਲ਼ ਬਣੇ ਸੰਸਕਾਰਾਂ ਦੇ*
*ਉਹੀ ਘੜੇ ਅੱਜ ਡੁੱਲ੍ਹਦੇ ਵੇਖੇ/ ਜੋ ਸੰਸਕਾਰਾਂ ਨਾਲ਼ ਭਰੇ*

*ਮੈਂ ਉਸ ਗਰੀਬ ਦਾ ਵਿਰਸਾ/ ਜਿਹਦੇ ਗਲ਼ ਪੈਂਦੀ ਫਾਹੀ*
*ਮੈਂ ਧਰਤੀ ਪੰਜ ਦਰਿਆਵਾਂ ਦੀ/ ਜੋ ਮੁੱਦਤਾਂ ਤੋਂ ਤ੍ਰਿਹਾਈ*

'ਤੂੰ ਕੱਤ ਬਿਰਹਾ' ਵਿਚਲੀਆਂ ਰਚਨਾਵਾਂ ਉਹਨਾਂ ਚੁੱਲ੍ਹਿਆਂ ਦੀ ਗੱਲ ਵੀ ਕਰਦੀਆਂ ਹਨ ਜਿਨ੍ਹਾਂ ਵਿਚ ਘਾਹ ਉੱਗ ਆਉਂਦਾ ਹੈ। ਘਾਹ ਉਨ੍ਹਾਂ ਘਰਾਂ ਦੇ ਚੁੱਲ੍ਹਿਆਂ ਵਿਚ ਹੀ ਉੱਗਦਾ ਹੈ ਜਿਨ੍ਹਾਂ ਦੇ ਆਟੇ ਵਾਲੇ ਪੀਪੇ ਖ਼ਾਲੀ ਹੁੰਦੇ ਹਨ। ਇਹਨਾਂ ਰਚਨਾਵਾਂ ਕੋਲ਼ ਦੂਸ਼ਿਤ ਹਵਾ ਦਾ ਫਿਕਰ ਵੀ ਹੈ ਤੇ ਨਸ਼ਿਆਂ ਲੇਖੇ ਲੱਗ ਰਹੀ ਜਵਾਨੀ ਦਾ ਵੀ। ਮੁਰਝਾਈਆਂ ਰੁੱਤਾਂ ਦਾ ਸੱਚ ਵੀ ਤੇ ਖੂਹ ਵਿਚੋਂ ਖ਼ਾਲੀ ਮੁੜੀਆਂ ਟਿੰਡਾਂ ਦਾ ਵੀ। ਦਿਓਲ ਆਪਣੀ ਸ਼ਾਇਰੀ ਵਿਚ ਕੁਦਰਤ ਦੇ ਬਿੰਬਾਂ ਦੀ ਵਰਤੋਂ ਬੜੇ ਸਲੀਕੇ ਨਾਲ਼ ਕਰਦੀ ਹੈ। ਪੰਛੀ ਆਪਣੇ ਗਰਾਂ ਨੂੰ ਮੁੜ ਗਏ, ਮੋਰ ਪਰਖਦੇ ਘਟਾ ਅਦਾਵਾਂ, ਤੋਤੇ ਅੰਬੀਆਂ ਟੁੱਕਣ ਲੱਗੇ, ਕੋਇਲ ਦਾ ਸਿਰਨਾਵਾਂ ਲੱਭਦੇ ਆਦਿ ਬਹੁਤ ਸਾਰੇ ਹਵਾਲੇ ਦਿੱਤੇ ਜਾ ਸਕਦੇ ਹਨ। ਉਹ ਵਿਹੜੇ ਦੇ ਰੁੱਖ ਨਾਲ਼ ਵੀ ਸੰਵਾਦ ਰਚਾਉਂਦੀ ਹੈ। ਪਰਵਾਸੀ ਜੀਵਨ ਹੰਢਾ ਰਹੀ ਉਹ ਵਤਨਾਂ ਨੂੰ ਜਾਣ ਵਾਲ਼ੇ ਦੇ ਹੱਥ ਮਾਂ-ਬਾਪ, ਵੀਰ ਤੇ ਭਾਬੀ ਲਈ ਸੁਨੇਹਾ ਭੇਜਦੀ ਹੈ:

*ਵਤਨਾਂ ਨੂੰ ਜਾਣ ਵਾਲਿਆ*
*ਲੈ ਜਾ ਇੱਕ ਸੁਨੇਹਾ ਮੇਰਾ*
*ਮਾਂ ਦੀਆਂ ਅੱਖੀਆਂ ਵਿਚੋਂ ਵੇਖੀਂ ਜਾ ਮੇਰਾ ਚਿਹਰਾ*
*ਫੋਨ 'ਤੇ ਮਾਂ ਦੱਸਦੀ ਸੀ*
*ਗੋਡਿਆਂ 'ਚ ਦਰਦ ਬੜਾ ਏ*
*ਬਾਪੂ ਵੀ ਦੱਸਦਾ ਸੀਗਾ*
*ਨਿਗ੍ਹਾ ਹੁਣ ਘੱਟਗੀ ਮੇਰੀ*

ਗਿੱਧੇ ਵਿਚ, ਸੁਣ ਵੇ ਰੁੱਖਾ, ਖਿੱਲਰੇ ਹੋਏ ਹਉਕੇ, ਬਲਦੀ ਸ਼ਮਾਂ, ਚਾਨਣੀ ਵਿਚ, ਰੁੱਤ ਬਸੰਤੀ, ਰੰਗ ਸਰਾਪੇ, ਰੀਝਾਂ, ਪੀੜ ਮੇਰੀ ਇੱਕ ਕਹਾਣੀ, ਸਾਹਾਂ ਦੀ ਚੋਰੀ ਤੇ ਚੁੱਪ ਅਜਿਹੀਆਂ ਰਚਨਾਵਾਂ ਹਨ ਜਿਹਨਾਂ ਨੂੰ ਅਣਗੌਲਿਆਂ ਨਹੀਂ ਕਰ ਸਕਦੇ। ਜਿਵੇਂ ਪਹਿਲਾਂ ਵੀ ਜ਼ਿਕਰ ਕੀਤਾ ਕਿ ਇਹ ਰਚਨਾਵਾਂ ਪੇਤਲੇ ਜਿਹੇ ਇਸ਼ਕ ਦੀ ਤਰਜਮਾਨੀ ਕਰਦੀਆਂ ਚਿਪਚਿਪੀਆਂ ਕਵਿਤਾਵਾਂ ਨਹੀਂ ਹਨ। ਇਹ ਇੱਕ ਮੁਟਿਆਰ ਦੀਆਂ ਭਾਵਨਾਵਾਂ, ਖ਼ਾਹਿਸ਼ਾਂ, ਇਛਾਵਾਂ ਅਤੇ ਜਜ਼ਬਾਤਾਂ ਦੀ ਸੂਖ਼ਮ ਪੇਸ਼ਕਾਰੀ ਹਨ। ਇਹਨਾਂ ਵਿਚ ਕਵਿਤਰੀ ਦੇ ਹੰਢੇ ਵਰਤੇ ਅਨੁਭਵ ਦੀ ਝਲਕ ਪੈਂਦੀ ਹੈ। ਪਰਮਜੀਤ ਦਿਓਲ ਦੀ ਇਹ ਕਾਵਿ-ਸਾਧਨਾ ਉਸ ਦੀ ਸਿਰਜਣਾ ਨੂੰ ਅਗਲੇ ਪੜਾਅ 'ਤੇ ਲੈ ਕੇ ਜਾਣ ਦੀ ਦੱਸ ਪਾਉਂਦੀ ਹੈ। ਅਗਲੀ ਕਿਸੇ ਕਾਵਿ-ਪੋਥੀ ਦੀ ਉਡੀਕ ਕਰਦੇ ਅਸੀਂ ਦਿਓਲ ਨੂੰ ਹੁਣ ਤੱਕ ਕੀਤੇ ਕਾਰਜ ਲਈ ਸ਼ਾਬਾਸ਼ ਦਿੰਦੇ ਹਾਂ।

❑❑❑